# ਪਛੜੇ ਵਰਗ ਦੀ ਮੁਕਤੀ ਕਿਵੇਂ?

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ.**

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

# ਪਛੜੇ ਵਰਗ ਦੀ ਮੁਕਤੀ ਕਿਵੇਂ

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

ਬੀਬੀ ਵਾਲਾ ਰੋਡ, ਗਲੀ ਨੰਬਰ 6, ਬਠਿੰਡਾ।

ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2011

© ਲੇਖਕ

**ਪ੍ਰਕਾਸ਼ਕ :**

*ਤਰਕਭਾਰਤੀ ਪ੍ਰਕਾਸ਼ਨ,*

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫ਼ੋਨ : 01679-241744, 233244 ਫ਼ੈਕਸ : 241744

e-mail : tarksheel@gmail.com

www.tarksheel.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** **100/-**

*© 2011 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
   ਭਾਗ-1
   ਭਾਗ-2
   ਭਾਗ-3
   ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਤੰਦਰੁਸਤੀ ਇੱਕ ਨਿਆਮਤ ਹੈ
15. ਮੌਜੂਦਾ ਵਿਕਾਸ ਬਨਾਮ ਮੇਹਨਤਕਸ਼
16. ਪੂੰਜੀਵਾਦ ਦਾ ਵਿਨਾਸ਼ ਜਰੂਰੀ
17. ਕਟਹਿਰੇ 'ਚ ਰਾਜਨੀਤੀ
18. ਦਾਗੀ ਰਾਜਨੀਤੀ ਦੇ ਨਾਇਕ
19. ਆਲਮੀ ਤਪਸ਼ ਤੇ ਮਹਿੰਗਾਈ
20. ਸ਼ੀਸ਼ਾ ਬੋਲਦਾ ਹੈ
21. ਸ਼ਬਦ ਬੂੰਦ
22. ਨੰਗੇ ਹਰਫ਼
23. ਭ੍ਰਿਸ਼ਟਾਚਾਰ ਦਾ ਖਾਤਮਾ ਕਿਵੇਂ?
24. ਪਛੜੇ ਵਰਗ ਦੀ ਮੁਕਤੀ ਕਿਵੇਂ?
25. ਕੌਮਾਂਤਰੀ ਸਮੱਸਿਆਵਾਂ
26. ਔਰਤਾਂ ਦੀ ਦਸ਼ਾ ਤੇ ਦਿਸ਼ਾ

# ਤਤਕਰਾ


1. ਕੀ ਹੈ ਮੰਡਲ ਕਮਿਸ਼ਨ ਦੀ ਰਿਪੋਰਟ ਦਾ ਮਹੱਤਵ? 5
2. ਕੀ ਹੈ ਮੰਡਲ ਕਮਿਸ਼ਨ ਦੀ ਰਿਪੋਰਟ ਦਾ ਸਾਰ-ਤੱਤ? 9
3. ਕੀ ਹੈ ਅੰਬੇਦਕਰ ਦੇ ਲੇਖਾਂ ਤੇ ਅੰਦੋਲਨਾਂ ਦਾ ਮੁਲਅੰਕਣ? 17
4. ਪਿਛੜਿਆਂ ਦਾ ਰਾਜਸੀ ਸਮਾਜਕ ਸੰਘਰਸ਼ ਕੈਸਾ ਹੋਵੇ? 28
5. ਕੀ ਹਨ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ? 51
6. ਕੀ ਅਬਾਦੀ ਇਕ ਸਮੱਸਿਆ ਹੈ? 61
7. ਛੂਤ ਛਾਤ ਸਬੰਧੀ ਰਾਧਾਕ੍ਰਿਸ਼ਣਨ ਦੇ ਕੀ ਸਨ ਵਿਚਾਰ? 72
8. ਛੂਤਛਾਤ ਦੇ ਹਿੰਦੂ ਸੁਧਾਰਕਾਂ ਨੇ ਕੀ ਕੀਤਾ 76
9. ਪਿਛੜਾ ਵਰਗ ਤੇ ਲੋਕਰਾਜੀ ਸਿਆਸੀ ਪ੍ਰਣਾਲੀ 81
10. ਸ਼ਤਰਪਤੀ ਸ਼ਾਹੂ ਜੀ ਮਹਾਰਾਜ ਦੇ ਵਿਚਾਰ ਪਿਛੜਿਆਂ ਲਈ 50 ਫੀਸਦੀ ਰਾਖਵਾਂਕਰਨ ਕਿਉਂ? 85
11. ਪਿਛੜਾ ਵਰਗ ਗੁਲਾਮ ਕਿਉਂ ਬਣਿਆ? 90
12. ਸਿਖਿਆ 'ਚ ਦਲਿਤਾਂ ਦੀ ਸਮੂਲੀਅਤ ਕਿੰਨੀ ਕੁ? 96
13. ਕੀ ਮੁੱਦਾ ਮੁਕਤੀ ਦਾ ਹੈ ਰਾਖਵੇਕਰਨ ਦਾ ਨਹੀਂ? 100
14. ਰਿਜਰਵੇਸ਼ਨ ਅਤੇ ਮੈਰਿਟ ਮਿੱਥ 102
15. ਦੱਬੇ ਕੁਚਲਿਆਂ ਦੀ ਦੁਨੀਆਂ ਤੇ ਨਿੱਜੀਕਰਨ 106
16. ਸ਼ਤਰਪਤੀ ਸ਼ਾਹੂ ਜੀ ਮਹਾਰਾਜ ਬਰਾਬਰੀ ਤੇ ਸਿਖਿਆ ਕ੍ਰਾਂਤੀ ਦੇ ਸੂਤਰਪਾਤ 110
17. ਕੀ ਜਾਇਦਾਦ ਸਬੰਧੀ ਗਾਂਧੀ ਤੇ ਅੰਬੇਦਕਰ 'ਚ ਕੋਈ ਫਰਕ ਹੈ? 113
18. ਜਨਗਣਨਾ 'ਚ ਓ ਬੀ ਸੀ ਦੀ ਗਿਣਤੀ ਕਿਉਂ ਨਹੀਂ ਹੁੰਦੀ 118
19. ਕੀ ਸਨ ਛਤਰਪਤੀ ਸ਼ਾਹੂ ਜੀ ਦੇ ਸਮਾਜਕ ਸੁਧਾਰ? 122
20. ਦਲਿਤਾਂ 'ਚ ਅਣਪੜ੍ਹਤਾ ਕਿੰਨੀ ਕੁ ਜਾਇਜ਼? 126
21. ਛੂਤਛਾਤ ਦੇ ਹਿੰਦੂ-ਸੁਧਾਰਕਾਂ ਨੇ ਕੀਤਾ ਕੀ? 130
22. ਕੀ ਹੈ ਹਿਸਾਬ ਕਿਤਾਬ ਰਾਖਵੇਂਕਰਨ ਦਾ? 132
23. ਉਚ ਸਿਖਿਆ ਅਤੇ ਦਲਿਤ ਦੀ ਦਸ਼ਾ 136
24. ਨਿਜ਼ਾਮਾ ਬਦਲੇ ਬਿਨਾ ਦੀ ਦਲਿਤ ਸਿਖਿਆ ਦਾ ਹੈ ਕੋਈ ਮਤਲਬ? 139
25. ਛਤਰਪਤੀ ਸ਼ਾਹੂ ਜੀ ਮਹਾਰਾਜ ਦੇ ਵਿਚਾਰਾਂ ਅਨੁਸਾਰ ਸਤਾ 'ਚ ਭਾਗੀਦਾਰੀ ਲਈ ਵਕਾਲਤ 142
26. ਕੀ ਅੰਬੇਦਕਰ ਦਾ ਪ੍ਰੋਗ੍ਰਾਮ ਕਿਰਤੀਆਂ ਲਈ ਸੇਧ ਦਿੰਦਾ ਹੈ? 143
27. ਸਮਾਜਕ ਨਾ ਬਰਾਬਰੀ ਬਨਾਮ ਸਾਮਰਾਜਵਾਦ-II 146
28. ਸਮਾਜਕ ਨਾਬਰਾਬਰੀ ਬਨਾਮ ਸਾਮਰਾਜਵਾਦ-III 151
29. ਕੀ ਹਨ ਸਭਿਆਚਾਰਕ ਭੇਦ-ਭਾਵ ਦੇ ਬੁਰੇ ਅਸਰ? 154
30. ਕੀ ਹਨ ਸਮਾਜੀ ਭੇਦਭਾਵ ਦੇ ਮਾੜੇ ਅਸਰ? 156
31. ਗਰੀਬੀ ਦੇ ਸਮੁੰਦਰ 'ਚ ਅਮੀਰੀ ਦੇ ਟਾਪੂ 158

# ਕੀ ਹੈ ਮੰਡਲ ਕਮਿਸ਼ਨ ਦੀ ਰਿਪੋਰਟ ਦਾ ਮਹੱਤਵ?

ਮੰਡਲ ਕਮਿਸ਼ਨ ਦੀ ਰਿਪੋਰਟ ਪਿਛਲੇ ਤਿੰਨ ਦਹਾਕਿਆਂ ਤੋਂ ਚਰਚਾ ਦਾ ਵਿਸ਼ਾ ਬਣੀ ਆ ਰਹੀ ਹੈ। ਇਸ ਵਿਸ਼ੇ 'ਤੇ ਦੇਸ਼ 'ਚ ਜਿੰਨੀ ਉਲਟੀ ਪੁਲਟੀ ਚਰਚਾ ਹੋਈ ਹੈ, ਉਨੀ ਸ਼ਾਇਦ ਹੀ ਕਿਸੇ ਵਿਸ਼ੇ 'ਤੇ ਹੋਈ ਹੋਵੇ। ਸੰਨ 1980 'ਚ ਪੇਸ਼ ਹੋਈ ਇਹ ਰਿਪੋਰਟ ਭਾਰਤ ਸਰਕਾਰ ਵਲੋਂ ਥੋੜ੍ਹੇ ਸਮੇਂ ਲਈ ਲੋਕਾਂ ਨੂੰ ਮੁਹੱਈਆ ਤਾਂ ਕਰਵਾਈ ਗਈ ਪਰ ਉਸ ਪਿੱਛੋਂ ਉਸ ਨੂੰ ਹਮੇਸ਼ਾ ਲਈ ਗਾਇਬ ਕਰ ਦਿੱਤਾ ਗਿਆ। ਇਸ ਦੀਆਂ ਕਾਪੀਆਂ ਫਿਲਹਾਲ ਕਿਧਰੇ ਵੀ ਨਹੀਂ ਮਿਲਦੀਆਂ ਅਤੇ ਵਿਰੋਧੀਆਂ ਵਲੋਂ ਇਸ ਰਿਪੋਰਟ ਬਾਰੇ ਬੇਹੱਦ ਝੂਠਾ ਤੇ ਜ਼ਹਿਰੀਲਾ ਪ੍ਰਚਾਰ ਕੀਤਾ ਜਾ ਰਿਹਾ ਹੈ। ਦੇਸ਼ ਦਾ ਮੀਡੀਆ ਵੀ ਉਚੀ ਜਾਤੀ ਦੇ ਲੋਕਾਂ ਦੇ ਹੱਥ ਵਿਚ ਹੋਣ ਕਰਕੇ ਮੰਡਲ ਸਬੰਧੀ ਕਈ ਤਰ੍ਹਾਂ ਦੇ ਭਰਮ ਭੁਲੇਖੇ ਫੈਲਾਅ ਰਿਹਾ ਹੈ। ਸੁਪਰੀਮ ਕੋਰਟ ਵਲੋਂ ਇਸ ਵਹਿਮ ਨੂੰ ਖੁਰਾਕ ਦੇਣ ਦਾ ਕੰਮ ਕੀਤਾ ਗਿਆ ਹੈ। ਅਜਿਹੇ ਸਮੇਂ 'ਚ ਮੂਲ ਰਿਪੋਰਟ ਨੂੰ ਗੰਭੀਰਤਾ ਨਾਲ ਪੜ੍ਹ ਕੇ ਉਸ ਦੁਆਲੇ ਜਨਤਕ ਲਾਮਬੰਦੀ ਕਰਨ ਦੀ ਲੋੜ ਹੈ।

ਅਬਾਦੀ ਦੇ ਜਿਹਨਾਂ ਅੰਕੜਿਆਂ ਨੂੰ ਮੰਡਲ ਨੇ ਅਧਾਰ ਬਣਾਇਆ ਹੈ ਉਹ ਸੰਨ 1931 'ਚ ਜਾਤੀ ਅਧਾਰਤ ਆਖ਼ਰੀ ਜਨਗਣਨਾ ਹੋਈ ਸੀ ਉਸ ਪਿੱਛੋਂ ਜਾਤੀ ਅਧਾਰਤ ਜਨਗਣਨਾ ਸਰਕਾਰ ਨੇ ਬੰਦ ਕਰ ਦਿੱਤੀ ਇਸ ਵਿਚ ਹੋਰ ਪਛੜੇ ਵਰਗ ਦੇ ਲੋਕਾਂ ਦਾ ਕੀ ਦੋਸ਼ ਹੈ। ਸੰਨ 1931 ਦੇ ਹੋਣ ਕਰਕੇ ਪੁਰਾਣੇ ਹੋਣ ਦੀ ਗੱਲ ਸੁਪਰੀਮ ਕੋਰਟ ਨੇ ਕਹੀ ਹੈ। ਸੁਪਰੀਮ ਕੋਰਟ ਦੀ ਇਹ ਦਲੀਲ ਹੇਠ ਲਿਖੀ ਦਲੀਲ ਨਾਲ ਪਤਲੀ ਪਾਈ ਜਾ ਸਕਦੀ ਹੈ। 1931 ਤੋਂ ਲੈ ਕੇ ਹੁਣ ਤੱਕ ਇਥੇ ਨਹਿਰੂ, ਇੰਦਰਾਗਾਂਧੀ, ਨਰਸਿੰਮਾ ਰਾਓ, ਅਟਲ ਬਿਹਾਰੀ ਵਰਗੇ ਬ੍ਰਾਹਮਣ ਦਾ ਰਾਜ ਸੀ ਉਹ ਇਸ ਲਈ ਜ਼ਿੰਮੇਵਾਰ ਹਨ। ਮੰਡਲ ਕਮਿਸ਼ਨ ਨੂੰ 16 ਨਵੰਬਰ 1992 ਨੂੰ ਸੁਪਰੀਮ ਕੋਰਟ ਦੇ ਨੌਂ ਜੱਜਾਂ ਦੇ ਬੈਂਚ ਨੇ ਮਾਨਤਾ ਦਿੱਤੀ ਹੈ। ਉਸ ਸਮੇਂ ਨਿਆਂ ਪਾਲਿਕਾ ਨੇ ਇਹਨਾਂ ਅੰਕੜਿਆਂ ਨੂੰ ਹੀ ਅਧਾਰ ਬਣਾਇਆ ਸੀ, ਹੁਣ ਉਸ ਨੂੰ ਨਾ ਮੰਨਣ ਦਾ ਕੀ ਕਾਰਨ ਹੋਇਆ? ਹੋਰ ਪਛੜੇ ਵਰਗਾਂ ਦਾ ਜਨਗਣਨਾ 'ਚ ਅਜ਼ਾਦ ਤੌਰ 'ਤੇ ਜ਼ਿਕਰ ਕੀਤਾ ਜਾਵੇ ਅਜਿਹੀ ਸਭ ਰਾਖਵੇਂਕਰਨ ਹਮਾਇਤੀਆਂ ਦੀ ਪਿਛਲੇ 60 ਸਾਲਾਂ ਤੋਂ ਮੰਗ ਹੈ ਇਸ ਨਾਲ ਹਰ ਦਸ ਸਾਲ ਬਾਅਦ ਤਾਜ਼ਾ ਅੰਕੜੇ ਮਿਲ ਸਕਣਗੇ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਅਜਿਹਾ ਕਰਨ ਦਾ ਹੁਕਮ ਦੇਣਾ ਚਾਹੀਦਾ ਸੀ। ਮੁੱਖ ਤੌਰ 'ਤੇ ਰਾਖਵੇਂਕਰਨ ਵਿਰੋਧੀਆਂ ਦਾ ਤਾਂ ਸਮਾਜਕ ਨਿਆਂ ਨਾਲ ਹੀ ਵਿਰੋਧ ਹੈ। ਅੰਕੜੇ ਤਾਂ ਸਿਰਫ ਬਹਾਨਾ ਹਨ। ਮੰਨ ਲਓ ਕਲ ਤਾਜ਼ੇ ਅੰਕੜੇ ਦਿਤੇ ਗਏ ਤਾਂ ਕੀ ਰਾਖਵਾਂਕਰਨ ਵਿਰੋਧੀ ਲੋਗ ਰਾਖਵੇਂਕਰਨ ਦੇ ਸਿਧਾਂਤ ਨੂੰ ਖੁੱਲੇ ਦਿਲ ਨਾਲ ਹਮਾਇਤ ਕਰਨ ਵਾਲੇ ਹਨ। ਨੈਸ਼ਨਲ ਸੈਂਪਲ ਸਰਵੇ ਇਸ ਭਾਰਤ ਸਰਕਾਰ ਦੀ ਸੰਸਥਾ ਨੇ ਪਿਛਲੇ ਦਹਾਕੇ ਹੋਰ ਪਿਛੜੇ ਵਰਗ ਦੇ ਲੋਕਾਂ ਦਾ ਨੁਮਾਇੰਦਾ ਸਰਵੇ ਕਰਕੇ ਦੇਸ਼ 'ਚ ਓ ਬੀ ਸੀ ਦੀ ਗਿਣਤੀ 34.5 ਫੀਸਦੀ ਹੋਣ ਦੀ ਰਿਪੋਰਟ ਪੇਸ਼ ਕੀਤੀ ਸੀ ਪਰ ਇਹ ਅੰਕੜੇ ਸਹੀ ਨਹੀਂ ਹਨ। 1931 'ਚ ਜੋ ਗਿਣਤੀ 52 ਫੀਸਦੀ ਸੀ। ਉਹਨਾਂ ਓ ਬੀ ਸੀ ਲੋਕਾਂ ਦੀ ਗਿਣਤੀ 52 ਤੋਂ ਘਟ ਕੇ 34.5 ਫੀਸਦੀ ਤਕ ਘੱਟ ਹੋਣ ਦਾ ਕੋਈ ਕਾਰਨ ਨਹੀਂ ਹੈ। ਫਿਰ ਵੀ ਜੇ ਸੁਪਰੀਮ ਕੋਰਟ ਨੂੰ ਅੰਕੜਾ ਹੀ ਚਾਹੀਦਾ ਸੀ। ਸੁਪਰੀਮ ਕੋਰਟ ਐਨ ਐਸ ਐਸ ਵਲੋਂ ਪ੍ਰਮਾਣਿਤ 34.5

ਫੀਸਦੀ ਅੰਕੜਾ ਪ੍ਰਮਾਣਿਤ ਮੰਨਿਆ ਜਾ ਸਕਦਾ ਸੀ। ਜੇ ਮੰਡਲ ਕਮਿਸ਼ਨ ਨੇ 1931 ਦੀ ਅਬਾਦੀ ਅਨੁਸਾਰ ਓ ਬੀ ਸੀ ਦੀ ਗਿਣਤੀ 52 ਫੀਸਦੀ ਮੰਨੀ ਤਾਂ ਫਿਰ ਵੀ ਰਾਖਵਾਂਕਰਨ 27 ਫੀਸਦੀ ਹੀ ਰਹਿ ਗਿਆ ਤੇ ਨੈਸ਼ਨਲ ਸੈਂਪਲ ਸਰਵੇ ਦੇ ਅੰਕੜੇ 27 ਫੀਸਦੀ ਤੋਂ ਵਧ ਹੀ ਹਨ। ਇਸ ਲਈ ਇਸ ਰਾਖਵੇਂਕਰਨ ’ਚ ਕਟੌਤੀ ਕਰਨ ਦਾ ਕੋਈ ਮਾਮਲਾ ਹੀ ਨਾ ਹੋਣ ਕਰਕੇ ਸੁਪਰੀਮ ਕੋਰਟ ਨੂੰ ਸਹੀ ਅੰਕੜਿਆਂ ਦਾ ਕਾਰਨ ਸਾਹਮਣੇ ਰਖ ਕੇ ‘ਸਟੇਅ’ ਦੇਣ ਦੀ ਲੋੜ ਕੋਈ ਨਹੀਂ ਸੀ। ਸੁਪਰੀਮ ਕੋਰਟ ਦਾ ਦੂਜਾ ਇਤਰਾਜ਼ ਇਹ ਹੈ ਕਿ ਓ ਬੀ ਸੀ ਨੂੰ ਰਾਖਵਾਂਕਰਨ ਦੇਣ ਦੀ ਸਰਕਾਰ ਨੂੰ ਕਿਹੜੀ ਜਲਦਬਾਜ਼ੀ ਹੈ? ਸੁਪਰੀਮ ਕੋਰਟ ਦੀ ਇਹ ਟਿੱਪਣੀ ਓ ਬੀ ਸੀ ਦੇ ਜ਼ਖ਼ਮਾਂ ਤੇ ਨਮਕ ਛਿੜਕਣ ਵਾਲੀ ਹੈ। 26 ਜਨਵਰੀ 1950 ਨੂੰ ਭਾਰਤੀ ਸੰਵਿਧਾਨ ਦੀ ਧਾਰਾ 340 ਅਨੁਸਾਰ ਅੰਬੇਦਕਰ ਨੇ ਹੋਰ ਪਿਛੜੇ ਵਰਗਾਂ ਨੂੰ ਰਾਖਵਾਂਕਰਨ ਦਿੱਤਾ ਸੀ। ਸੰਵਿਧਾਨ ਦੀ ਧਾਰਾ 340 ਇਸ ਪ੍ਰਕਾਰ ਹੈ (1) ਭਾਰਤੀ ਸੰਘਰਾਜ ’ਚ ਸਮਾਜਕ ਤੇ ਸਿੱਖਿਅਕ ਨਜ਼ਰੀਏ ਤੋਂ ਪਿਛੜੇ ਵਰਗ ਦੀ ਸਥਿਤੀ ਦਾ ਅਤੇ ਉਹਨਾਂ ਨੂੰ ਜੋ ਤਕਲੀਫਾਂ ਸਹਿਣੀਆਂ ਪੈਂਦੀਆਂ ਹਨ। ਉਸ ਦਾ ਹੱਲ ਕਰਨ ਲਈ ਰਾਜ ਨੂੰ ਕਿਹੜੇ ਉਪਾਅ ਕਰਨੇ ਚਾਹੀਦੇ ਹਨ ਤੇ ਕਿਹੜੀਆਂ ਸ਼ਰਤਾਂ ਦੇ ਆਧਾਰ ’ਤੇ ਇਹ ਅਨੁਦਾਨ ਦੇਣਾ ਚਾਹੀਦਾ ਹੈ। ਇਸ ਸਬੰਧ ’ਚ ਅਤੇ ਇਸ ਪ੍ਰਯੋਜਨ ਲਈ ਸੰਘਰਸ਼ਾਂ ਨੇ ਜਾਂ ਕਿਸੇ ਵੀ ਰਾਜ ਨੂੰ ਕਿਹੜੇ ਉਪਾਅ ਕਰਨੇ ਚਾਹੀਦੇ ਹਨ ਅਤੇ ਅਨੁਦਾਨ ਕਿੰਨਾ ਸ਼ਰਤਾਂ ’ਤੇ ਦੇਣਾ ਚਾਹੀਦਾ ਹੈ। ਇਸ ਸਬੰਧੀ ਸਿਫ਼ਾਰਸ਼ਾਂ ਕਰਨ ਹਿੱਤ ਰਾਸ਼ਟਰਪਤੀ ਨੂੰ ਯੋਗ ਲੱਗੇ ਤਾਂ ਅਜਿਹੇ ਲੋਕਾਂ ਨੂੰ ਮਿਲ ਕੇ ਬਣਾਇਆ ਕਮਿਸ਼ਨ ਹੁਕਮ ਰਾਹੀਂ ਗਠਿਤ ਕਰਨ ਦਾ ਅਧਿਕਾਰ ਹੈ ਅਤੇ ਇਹ ਕਮਿਸ਼ਨ ਗਠਿਤ ਕਰਨ ਦੇ ਹੁਕਮ ਰਾਹੀਂ ਕਮਿਸ਼ਨ ਨੂੰ ਅਨੁਸਰਨ ਕਰਨ ਦੀ ਕਾਰਜ ਪ੍ਰਣਾਲੀ ਨਿਰਧਾਰਿਤ ਕੀਤੀ ਜਾਵੇਗੀ।(2) ਇਸ ਤਰ੍ਹਾਂ ਗਠਿਤ ਕੀਤਾ ਗਿਆ ਕਮਿਸ਼ਨ ਉਸ ਨੂੰ ਨਿਰਦੇਸ਼ਿਤ ਕੀਤੀ ਗੱਲਾਂ ਦਾ ਵਿਸਲੇਸ਼ਣ ਕਰੇਗਾ ਅਤੇ ਉਸੇ ਅਨੁਭਵ ਹੋਵੇਗੀ ਅਜਿਹੀ ਸਚਾਈ ਰੱਖਣ ਵਾਲਾ ਤੇ ਉਸ ਨੂੰ ਸਹੀ ਲਗਣਗੀਆਂ ਅਜਿਹੀਆਂ ਸਿਫਰਾਸ਼ਾਂ ਕਰਨ ਵਾਲੀ ਰਿਪੋਰਟ ਰਾਸ਼ਟਰਪਤੀ ਨੂੰ ਪੇਸ਼ ਕਰੇਗਾ। (3) ਰਾਸ਼ਟਰਪਤੀ ਇਸ ਪ੍ਰਕਾਰ ਪੇਸ਼ ਕੀਤੀ ਰਿਪੋਰਟ ਦੀ ਕਾਪੀ ’ਤੇ ਕੀਤੀ ਕਾਰਵਾਈ ਦਾ ਸਪਸ਼ਟੀਕਰਨ ਕਰਨ ਵਾਲੀ ਅਪੀਲ ਦੇ ਨਾਲ ਸੰਸਦ ਦੇ ਹਰੇਕ ਸੈਸ਼ਨ ਸਾਹਮਣੇ ਰੱਖਣਗੇ।

1950 ’ਚ ਅਜੇ ਕਮਿਸ਼ਨ ਤੁਰੰਤ ਗਠਿਤ ਕੀਤਾ ਜਾਵੇ ਇਸ ਲਈ ਡਾ. ਅੰਬੇਦਕਰ ਨੇ ਮੰਤਰੀ ਮੰਡਲ ਨੂੰ ਵਾਰ–ਵਾਰ ਅਪੀਲ ਕੀਤੀ। ਨਹਿਰੂ ਓ ਬੀ ਸੀ ਵਿਰੋਧੀ ਹੋਣ ਕਰਕੇ ਉਹਨਾਂ ਨੂੰ ਜਾਣ ਬੁਝ ਕੇ ਅਜਿਹਾ ਕਮਿਸ਼ਨ ਗਠਿਤ ਕਰਨ ਨੂੰ ਟਾਲਦਾ ਰਿਹਾ। ਆਖਰ ਜਦ ਦੋ ਸਾਲ ਪੂਰੇ ਹੋਣ ਲੱਗੇ ਤਦ ਨਹਿਰੂ ਦੇ ਇਸ ਰੁਝਾਣ ਦੇ ਵਿਰੋਧ ’ਚ ਅੰਬੇਦਕਰ ਨੇ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ। ਸੰਨ 1992 ’ਚ ਆਮ ਚੋਣਾਂ ’ਚ ਡਾ. ਅੰਬੇਦਕਰ ਵਲੋਂ ਇਹ ਮੁੱਦਾ ਫੇਰ ਜ਼ੋਰਦਾਰ ਢੰਗ ਨਾਲ ਉਠਾਉਣ ਕਰਕੇ ਮਜ਼ਬੂਰੀ ਵਸ ਨਹਿਰੂ ਨੇ 21 ਜਨਵਰੀ 1953 ਨੂੰ ਕਾਲੇਲਗਰ ਕਮਿਸ਼ਨ ਗਠਿਤ ਕੀਤਾ। ਇਸ ਕਮਿਸ਼ਨ ਨੇ 30 ਮਾਰਚ 1955 ਨੂੰ ਆਪਣੀ ਰਿਪੋਰਟ ਪੇਸ਼ ਕੀਤੀ। ਕਮਿਸ਼ਨ ਨੇ ਬਹੁਮਤ ਨਾਲ ਓ ਬੀ ਸੀ ਨੂੰ ਰਾਖਵਾਂਕਰਨ ਦੇਣ ਦੀ ਸਿਫਾਰਸ਼ ਕੀਤੀ ਸੀ ਪਰ ਗਾਂਧੀਵਾਦੀ ਰਹੇ ਕਮਿਸ਼ਨ ਦੇ ਪ੍ਰਧਾਨ ਕਾਕਾ ਸਾਹਿਬ ਕਾਲੇਲਕਰ ਨੇ ਹੀ ਇਸ ਰਿਪੋਰਟ ਦੇ ਵਿਰੋਧ ’ਚ ਰਾਸ਼ਟਰਪਤੀ ਨੂੰ ਇਕ ਚਿੱਠੀ ਲਿਖ ਕੇ ਇਹ ਰਿਪੋਰਟ ਨਾ ਮੰਜੂਰ ਕਰਨ

ਦੀ ਸਿਫਾਰਸ਼ ਕੀਤੀ। ਨਹਿਰੂ ਦਾ 'ਲੋਕ ਰਾਜ ਪ੍ਰੇਮ' ਏਨਾ ਸਾਫ ਸੀ ਕਿ ਉਹਨਾਂ ਨੇ ਬਹੁਮਤ ਨਾ ਪੇਸ਼ ਰਿਪੋਰਟ ਨੂੰ ਨਾ ਮੰਜੂਰ ਕਰਦਿਆਂ ਕਾਲੇਲਕਰ ਦੀ ਇਕੱਲੇ ਦੀ ਰਾਇ ਨੂੰ ਵਜਨ ਦਿੱਤਾ। ਨਹਿਰੂ ਨੇ ਡੇਢ ਸਾਲ ਬਾਅਦ ਇਹ ਰਿਪੋਰਟ ਸੰਸਦ ਦੀ ਮੇਜ਼ ਤੇ ਰੱਖੀ ਪਰ ਰਿਪੋਰਟ 'ਤੇ ਚਰਚਾ ਬਿਲਕੁਲ ਨਹੀਂ ਹੋਣ ਦਿੱਤੀ। ਉਲਟਾ ਓ ਬੀ ਸੀ ਨੂੰ ਰਾਜਾਂ 'ਚ ਵੀ ਰਾਖਵਾਂਕਰਨ ਨਹੀਂ ਦੇਣਾ ਚਾਹੀਦਾ ਇਹ ਧਮਕੀ ਭਰਿਆ ਖ਼ਤ ਉਹਨਾਂ ਨੇ ਸਭ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਲਿਖਿਆ। ਕਾਲੇਲਕਰ ਨੇ ਰਾਸ਼ਟਰਪਤੀ ਨੂੰ ਲਿਖੇ ਖਤ 'ਚ ਕਿਹਾ ਸੀ ਕਿ ਹੋਰ ਪਿਛੜੇ ਵਰਗਾਂ ਦੀ ਅਗਿਆਨਤਾ ਲਈ ਉਚੀ ਜਾਤੀ ਦੇ ਲੋਕ ਜਿੰਮੇਵਾਰ ਨਹੀਂ ਹਨ। ਓ ਬੀ ਸੀ ਦੇ ਲੋਕਾਂ ਨੇ ਖੁਦ ਹੀ ਸਿੱਖਿਆ ਹਾਸਲ ਨਹੀਂ ਕੀਤੀ। ਨੌਕਰੀਆਂ ਨੌਕਰਾਂ ਲਈ ਨਹੀਂ ਹੁੰਦੀਆਂ ਬਲਕਿ ਮਾਲਕਾਂ ਲਈ ਹੁੰਦੀਆਂ ਹਨ ਓ ਬੀ ਸੀ ਨੌਕਰ ਹੋਣ ਦੇ ਲਾਇਕ ਵੀ ਨਹੀਂ ਹਨ। ਪਿਛੜੇ ਵਰਗਾਂ ਦੇ ਲੋਕਾਂ ਨੂੰ ਉਚੀ ਜਾਤੀ ਦੇ ਲੋਕਾਂ ਦੀ ਦਇਆ 'ਤੇ ਹੀ ਜਿਉਣਾ ਚਾਹੀਦਾ ਹੈ, ਇਸ 'ਚ ਉਹਨਾਂ ਦਾ ਫਾਇਦਾ ਹੈ। ਕਾਲੇਲਕਰ ਕਮਿਸ਼ਨ ਦੀ ਰਿਪੋਰਟ ਸਮਾਜਕ ਨਿਆਂ ਦੇ ਪੱਖ 'ਚ ਨਹੀਂ ਆ ਸਕੀ। ਨਹਿਰੂ ਦੀ ਬੇਟੀ ਇੰਦਰਾ ਗਾਂਧੀ ਜਦ ਤਕ ਹਕੂਮਤ 'ਚ ਰਹੀ ਓ ਬੀ ਸੀ ਨੂੰ ਨਿਆਂ ਮਿਲਣ ਦੀ ਸੰਭਾਵਨਾ ਹੀ ਨਹੀਂ ਸੀ। ਜਨਤਾ ਪਾਰਟੀ ਦੇ ਚੁਣਾਵੀ ਏਜੰਡੇ 'ਚ (ਓ ਬੀ ਸੀ) ਹੋਰ ਪਿਛੜੇ ਵਰਗ ਨੂੰ ਰਾਖਵਾਂਕਰਨ ਦੇਣ ਦਾ ਐਲਾਨ ਕੀਤਾ ਗਿਆ ਸੀ ਪਰ ਸੱਤਾ 'ਚ ਆਉਣ ਪਿੱਛੋਂ ਮੁਖਰਜੀ ਦੇਸਾਈ ਨੇ ਨਵਾਂ ਦਾਅ ਪੇਚ ਖੇਡਦਿਆਂ ਇਕ ਨਵਾਂ ਕਮਿਸ਼ਨ ਗਠਿਤ ਕੀਤਾ। ਬਿੰਦੇਸ਼ਵਰੀ ਪ੍ਰਸ਼ਾਦ ਮੰਡਲ ਨਾਮਕ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਰਹੇ ਆਦਮੀ ਦੀ ਪ੍ਰਧਾਨਗੀ 'ਚ ਦੇਸਾਈ ਨੇ 1 ਜਨਵਰੀ 1979 ਨੂੰ ਦੂਜਾ ਪਿਛੜਾ ਕਮਿਸ਼ਨ ਗਠਿਤ ਕੀਤਾ। ਕਮਿਸ਼ਨ ਨੇ ਆਪਣੀ ਰਿਪੋਰਟ 31 ਦਸੰਬਰ 1980 ਨੂੰ ਪੇਸ਼ ਕੀਤੀ। ਇਸ ਦੌਰਾਨ ਇੰਦਰਾਗਾਂਧੀ ਫੇਰ ਸੱਤਾ 'ਚ ਆ ਗਈ ਸੀ। ਇੰਦਰਾ ਗਾਂਧੀ ਨੇ ਪਹਿਲਾਂ ਵਾਂਗੂੰ ਓ ਬੀ ਸੀ ਵਿਰੋਧੀ ਨੀਤੀ ਅਪਣਾ ਕੇ ਰਿਪੋਰਟ ਨੂੰ ਹਨੇਰੇ 'ਚ ਰੱਖਿਆ। ਵੀ ਪੀ ਸਿੰਘ ਦੀ ਸਰਕਾਰ ਆਉਣ ਪਿੱਛੋਂ 7 ਅਗਸਤ 1990 ਨੂੰ ਮੰਡਲ ਕਮਿਸ਼ਨ ਦੀ ਰਿਪੋਰਟ ਸਰਕਾਰ ਨੇ ਮੰਜੂਰ ਕੀਤੀ। ਉਸ ਖਿਲਾਫ਼ ਕਾਫ਼ੀ ਹੰਗਾਮਾ ਕੀਤਾ ਗਿਆ। ਸੈਂਕੜੇ ਲੋਕ ਅਦਾਲਤ 'ਚ ਗਏ। ਸੁਪਰੀਮ ਕੋਰਟ ਨੇ 16 ਨਵੰਬਰ 1992 ਨੂੰ ਮੰਡਲ ਕਮਿਸ਼ਨ ਨੂੰ ਮਾਨਤਾ ਦਿੱਤੀ ਪਰ ਇਸ ਦੇ ਨਾਲ ਸੁਪਰੀਮ ਕੋਰਟ ਨੇ ਇਕ ਨਵਾਂ ਹੱਥ ਕੰਡਾ ਅਪਣਾਇਆ। ਸੰਵਿਧਾਨ 'ਚ ਸਮਾਜਕ ਤੇ ਸਿਖਿਅਕ ਤੌਰ 'ਤੇ ਪਿਛੜੇ ਵਰਗ ਲਈ ਰਾਖਵੇਂਕਰਨ ਦੀ ਵਿਵਸਥਾ ਹੁੰਦੇ ਹੋਇਆਂ ਵੀ ਸੁਪਰੀਮ ਕੋਰਟ ਨੇ ਕ੍ਰੀਮੀਲੇਅਰ ਦਾ ਨਵਾਂ ਮਾਮਲਾ ਕੱਢਿਆ ਤੇ ਉਸ ਨੂੰ ਲਾਗੂ ਕੀਤਾ। 1993 'ਚ ਮੰਡਲ ਕਮਿਸ਼ਨ 'ਤੇ ਅੰਸ਼ਿਕ ਰੂਪ 'ਚ ਅਮਲ ਹੋਇਆ। ਪਰ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਉੱਚ ਸਿਖਿਆ 'ਚ ਰਾਖਵਾਂਕਰਨ, ਜ਼ਮੀਨ ਦਾ ਬਟਵਾਰਾ, ਨਿਜੀ ਖੇਤਰ 'ਚ ਰਾਖਵਾਂਕਰਨ, ਓ ਬੀ ਸੀ ਦਾ ਅਜਾਦਾਨਾ ਜਨਗਣਨਾ, ਓ ਬੀ ਸੀ ਅਜ਼ਾਦ ਮੰਤਰਾਲਾ, ਓ ਬੀ ਸੀ ਦੀ ਜਨਸੰਖਿਆ ਦੇ ਅਨੁਪਾਤ 'ਚ ਬਜਟ 'ਚ ਓ ਬੀ ਸੀ, ਲਈ ਵਿਵਸਥਾ ਕਰਨੀ ਇਸ ਤਰ੍ਹਾਂ ਦੀਆਂ ਸਿਫਾਰਸ਼ਾਂ 'ਤੇ ਅਜੇ ਤੱਕ ਅਮਲ ਨਹੀਂ ਕੀਤਾ ਗਿਆ। ਦੁਨੀਆਂ 'ਚ ਜਾਤੀ ਵਿਵਸਥਾ ਸਿਰਫ਼ ਭਾਰਤ ਵਿਚ ਹੀ ਹੈ। ਹੋਰਾਂ ਦੇਸ਼ਾਂ 'ਚ ਏਨੇ ਜਾਤੀ ਮੱਤਭੇਦ ਨਹੀਂ ਹਨ ਪਰ ਦੁਨੀਆਂ ਦੇ ਕਈ ਦੇਸ਼ਾਂ 'ਚ ਵੰਸ਼ਭੇਦ ਹਨ। ਕ੍ਰੀਮੀ ਲੇਅਰ ਲਾਉਣ ਦੀ ਸਲਾਹ ਸੁਪਰੀਮ ਕੋਰਟ ਨੇ ਕੇਂਦਰ ਨੂੰ

ਦਿੱਤੀ ਹੈ। ਸੰਵਿਧਾਨਕ ਦਾਇਰੇ ਤੋਂ ਬਾਹਰ ਜਾ ਕੇ ਸੁਪਰੀਮ ਕੋਰਟ ਨੇ ਇਹ ਕਰਾਮਾਤ ਕੀਤੀ ਹੈ। ਕ੍ਰੀਮੀਲੇਅਰ ਲੱਗਣ ਨਾਲ ਚਪੜਾਸੀ ਦੀ ਤਨਖਾਹ ਵਾਲੇ ਆਦਮੀ ਦੇ ਬੱਚਿਆਂ ਨੂੰ ਵੀ ਰਾਖਵਾਂਕਰਨ ਨਹੀਂ ਮਿਲਣਾ। ਇਹ ਅਨਿਆਂ ਹੈ। ਕ੍ਰੀਮੀਲੇਅਰ ਦਾ ਸਿਧਾਂਤ ਹੀ ਗਲਤ ਹੈ ਸਮਾਜ 'ਚ ਕ੍ਰੀਮੀ ਲੇਅਰ ਵਾਲਾ ਵਰਗ ਹੀ ਲੜਨ ਵਾਲਾ ਹੁੰਦਾ ਹੈ। ਬਾਕੀਆਂ ਨੂੰ ਤਾਂ ਪਿਛੜੇਪਣ ਕਰਕੇ ਗਿਆਨ ਵੀ ਨਹੀਂ ਹੁੰਦਾ। ਇਸ ਲਈ ਉਹ ਲਾਭ ਲੈਣ ਲਈ ਅੱਗੇ ਨਹੀਂ ਆ ਸਕਦੇ। ਇਸ ਸਾਜਿਸ਼ ਦਾ ਮਤਲਬ ਹੈ ਜੋ ਲਾਇਕ ਹੈ, ਉਸ ਨੂੰ ਕ੍ਰੀਮੀਲੇਅਰ ਅਧੀਨ ਲਿਆ ਕੇ ਰਾਖਵੇਂਕਰਨ ਤੋਂ ਵਾਂਝਾ ਕਰਨਾ ਤੇ ਜੋ ਪੜ੍ਹ ਨਹੀਂ ਸਕੇ ਉਹਨਾਂ ਲਈ ਰਾਖਵਾਂਕਰਨ ਰੱਖਣਾ। ਯੋਗ ਉਮੀਦਵਾਰ ਮੁਹੱਈਆ ਨਹੀਂ ਹਨ, ਇਹ ਕਹਿ ਕੇ ਸੀਟਾਂ ਖਾਲੀ ਰੱਖਣੀਆਂ ਤੇ ਉਹਨਾਂ ਨੂੰ ਜਨਰਲ ਵਰਗ ਦੇ ਸਪੁਰਦ ਕਰ ਦੇਣਾ। ਇਹ ਇਕ ਸਾਜਿਸ਼ ਹੈ। ਓ ਬੀ ਸੀ ਨੂੰ ਇਸ ਵਿਰੁੱਧ ਲਾਮਬੰਦ ਹੋਣਾ ਚਾਹੀਦਾ ਹੈ। ਕ੍ਰੀਮੀ ਲੇਅਰ ਤਾਂ ਜਨਰਲ ਕੈਟਾਗਿਰੀ 'ਤੇ ਲਾਉਣੀ ਚਾਹੀਦੀ ਹੈ ਤਾਂ ਹੀ ਸੀਟਾਂ ਪਿਛੜੇ ਵਰਗਾਂ ਨੂੰ ਮਿਲਣਗੀਆਂ। ਨਿਆਂ ਪਾਲਿਕਾ ਨਿਆਂ ਦੇਣ ਲਈ ਹੈ ਜੇ ਉਹ ਅਨਿਆ ਕਰਨ ਲੱਗੇ ਤਾਂ ਫਿਰ ਨਿਆਂ ਦੇਊ ਕੌਣ? ਸੁਪਰੀਮ ਕੋਰਟ ਦਾ ਇਹ ਕਹਿਣਾ ਕਿ ਰਾਖਵਾਂਕਰਨ ਦੇਣ ਨਾਲ ਦੇਸ਼ ਟੁੱਟਦਾ ਹੈ ਇਹ ਸਰਾਸਰ ਗ਼ਲਤ ਹੈ।

# ਕੀ ਹੈ ਮੰਡਲ ਕਮਿਸ਼ਨ ਦੀ ਰਿਪੋਰਟ ਦਾ ਸਾਰ-ਤੱਤ?

**ਅਧਿਆਇ** (1) **ਪਹਿਲਾ ਪਿਛੜਾ ਵਰਗ ਕਮਿਸ਼ਨ** - ਪਹਿਲਾਂ ਪਿਛੜਾ ਵਰਗ ਕਮਿਸ਼ਨ 29 ਜਨਵਰੀ 1953 ਨੂੰ ਸਥਾਪਤ ਕੀਤਾ ਗਿਆ ਸੀ ਜਿਸ ਨੇ ਆਪਣੀ ਰਿਪੋਰਟ 31 ਮਾਰਚ 1955 ਨੂੰ ਪੇਸ਼ ਕੀਤੀ ਸੀ। ਇਸ ਵਲੋਂ ਬਣਾਏ ਗਏ ਮਾਪਦੰਡਾਂ ਦੇ ਅਧਾਰ 'ਤੇ ਕਮਿਸ਼ਨ ਨੇ 2399 ਜਾਤੀਆਂ ਦੀ ਸਮਾਜਕ ਤੇ ਸਿਖਿਅਕ ਨਜ਼ਰੀਏ ਤੋਂ ਪਿਛੜੇ ਹੋਣ ਵਜੋਂ ਪਹਿਚਾਣ ਕੀਤੀ ਸੀ। ਇਸ ਨੇ ਕਈ ਕਲਿਆਣਕਾਰੀ ਉਪਾਵਾਂ ਦੀ ਸਿਫਾਰਸ਼ ਕੀਤੀ ਸੀ। ਜਿਹਨਾਂ ਵਿਚ ਹੋਰ ਪਿਛੜੇ ਵਰਗ ਲਈ ਸਰਕਾਰੀ ਨੌਕਰੀਆਂ ਤੇ ਸਿਖਿਆ ਅਦਾਰਿਆਂ 'ਚ ਰਾਖਵਾਂਕਰਨ ਕਰਨਾ ਵੀ ਸ਼ਾਮਲ ਸੀ। ਕੇਂਦਰੀ ਸਰਕਾਰ ਨੇ ਕਮਿਸ਼ਨ ਦੀ ਸਿਫਾਰਸ਼ ਨੂੰ ਇਸ ਕਾਰਨ ਕਰਕੇ ਨਹੀਂ ਸੀ ਮੰਨਿਆ ਕਿਉਂਕਿ ਪਿਛੜੇ ਵਰਗਾਂ ਦੀ ਪਹਿਚਾਣ ਕਰਨ ਵਿਚ ਇਸ ਨੇ ਕਿਸੇ ਜਾਂਚ ਜਾਂ ਮਾਪਦੰਡ ਦੀ ਵਰਤੋਂ ਨਹੀਂ ਕੀਤੀ ਸੀ। ਕਮਿਸ਼ਨ ਦੇ 11 ਮੈਂਬਰਾਂ 'ਚੋਂ ਪੰਜ ਨੇ ਅਸਹਿਮਤੀ ਟਿੱਪਣੀਆਂ ਵੀ ਦਿੱਤੀਆਂ ਸਨ। ਸਰਕਾਰ ਨੇ ਇਹ ਮਹਿਸੂਸ ਕੀਤਾ ਸੀ ਕਿ ਕਮਿਸ਼ਨ ਨੇ ਅਬਾਦੀ ਦੇ ਬਹੁਤ ਵੱਡੇ ਹਿੱਸੇ ਨੂੰ ਪਿਛੜੇ ਵਜੋਂ ਵਰਗੀਕ੍ਰਿਤ ਕੀਤਾ ਸੀ ਤੇ ਇਹਨਾਂ ਸਾਰਿਆਂ ਨੂੰ ਜੇ ਵਿਸ਼ੇਸ਼ ਸਹਾਇਤਾ ਦਿੱਤੀ ਗਈ ਤਾਂ, 'ਅਸਲ 'ਚ ਲੋੜਵੰਦ ਵਿਅਕਤੀ ਬਹੁਗਿਣਤੀ ਦੇ ਕਾਰਨ ਨਜ਼ਰਅੰਦਾਜ਼ ਹੋ ਜਾਣਗੇ।' ਸਰਕਾਰ ਨੇ ਪਿਛੜੇਪਣ ਲਈ ਮਾਪਦੰਡ ਵਜੋਂ ਜਾਤੀ ਨੂੰ ਮੰਨੇ ਜਾਣ ਦਾ ਵੀ ਵਿਰੋਧ ਕੀਤਾ ਅਤੇ ਆਰਥਕ ਸਬੂਤਾਂ ਨੂੰ ਲਾਗੂ ਕੀਤੇ ਜਾਣ ਨੂੰ ਪਸੰਦ ਕੀਤਾ ਜਿਵੇਂ ਕਿ ਸੰਵਿਧਾਨ ਦੇ ਅਨੁਛੇਦ 340 ਵਿਚ "ਸਮਾਜਕ ਤੇ ਸਿਖਿਆ ਦੀ ਦ੍ਰਿਸ਼ਟੀਕੋਣ ਤੋਂ ਪਿਛੜੇ" ਨੂੰ ਦੱਸਿਆ ਗਿਆ ਹੈ ਕਿ ਉਹਨਾਂ ਦੇ ਵਰਗੀਕਰਨ ਲਈ ਆਰਥਕ ਪ੍ਰੀਖਣਾਂ ਨੂੰ ਵਰਤੋਂ 'ਚ ਲਿਆਉਣਾ ਗਲਤ ਮਹਿਸੂਸ ਨਹੀਂ ਹੁੰਦਾ।

(2) ਲਗਭਗ 100 ਸਾਲਾਂ ਤੋਂ ਭਾਰਤ ਵਿਚ ਸੂਬਾਈ ਸਰਕਾਰਾਂ ਦਲਿਤ ਤੇ ਪਿਛੜੇ ਵਰਗਾਂ ਦੇ ਕਲਿਆਨ ਲਈ ਵਿਸ਼ੇਸ਼ ਪ੍ਰੋਗ੍ਰਾਮ ਲਾਗੂ ਕਰਦੀਆਂ ਰਹੀਆਂ ਹਨ। ਮਦਰਾਸ ਸਰਕਾਰ (ਤਾਮਿਲਨਾਡੂ) ਨੇ ਸਿਖਿਆ ਸੰਸਥਾਵਾਂ 'ਚ ਪਿਛੜੇ ਵਰਗਾਂ ਲਈ ਵਿਦਿਆਰਥੀਆਂ ਨੂੰ ਵਿਤੀ ਸਹਾਇਤਾ ਲਈ 1885 'ਚ ਅਨੁਦਾਨ ਸਹਾਇਤਾ ਕੋਡ ਬਣਾਉਣ 'ਚ ਪਹਿਲ ਕੀਤੀ ਸੀ। ਮੈਸੂਰ ਸੂਬਾ ਅਜਿਹਾ ਕਰਨ ਵਾਲਾ ਦੂਜਾ ਸੂਬਾ ਸੀ ਅਤੇ ਹੁਣ ਸਾਰੇ ਦੱਖਣੀ ਰਾਜ ਹੋਰ ਪਿਛੜੇ ਵਰਗਾਂ ਲਈ ਭਲੀਭਾਂਤ ਵਿਆਪਕ ਪ੍ਰੋਗ੍ਰਾਮ ਲਾਗੂ ਕਰ ਰਹੇ ਹਨ। ਹੁਣ ਤਕ 16 ਰਾਜ ਤੇ 2 ਕੇਂਦਰੀ ਸਾਸ਼ਿਤ ਪ੍ਰਦੇਸ਼ ਹੋਰ ਪਿਛੜੇ ਵਰਗਾਂ ਨੂੰ ਵੱਖ-ਵੱਖ ਮਾਤਰਾ 'ਚ ਵਿਸ਼ੇਸ਼ ਸਹਾਇਤਾ ਮੁਹਈਆ ਕਰ ਰਹੇ ਹਨ। ਦਸ ਰਾਜ ਸਰਕਾਰਾਂ ਅਜਿਹਾ ਉਹਨਾਂ ਵਲੋਂ ਵਿਸ਼ੇਸ਼ ਤੌਰ 'ਤੇ ਇਸ ਸੰਬੰਧੀ ਗਠਿਤ ਕੀਤੇ ਗਏ ਪਿਛੜੇ ਵਰਗ ਕਮਿਸ਼ਨਾਂ ਦੀਆਂ ਸਿਫਾਰਸ਼ਾਂ ਦੇ ਅਧਾਰ 'ਤੇ ਕਰ ਰਹੀਆਂ ਹਨ ਅਤੇ ਹੋਰ ਤਦਰਥ ਰੂਪ 'ਚ ਕਰ ਰਹੇ ਹਨ। ਸਰਕਾਰੀ ਰੁਜ਼ਗਾਰ ਤੇ ਸਿਖਿਆ ਸੰਸਥਾਵਾਂ 'ਚ ਸੀਟਾਂ ਦਾ ਰਾਖਵਾਂਕਰਨ, ਸਿਖਿਆ ਸਹੂਲਤਾਂ, ਵਿਤੀ ਸਹਾਇਤਾ ਆਦਿ ਸਹਾਇਕ ਸਿਖਿਆ ਸਹੂਲਤਾਂ ਵਰਗੀਆਂ ਵਿਸ਼ੇਸ਼ ਰਿਆਇਤਾਂ ਹੋਰ ਪਿਛੜੇ ਵਰਗਾਂ ਨੂੰ ਅਨੇਕ ਰਾਜ ਸਰਕਾਰਾਂ ਵਲੋਂ ਦਿੱਤੀਆਂ ਜਾ ਰਹੀਆਂ ਹਨ। ਇਸ ਸਬੰਧੀ ਦੇਸ਼ ਦੇ ਬਾਕੀ ਭਾਗ ਦੀ ਤੁਲਨਾ ਵਿਚ ਦੱਖਣੀ ਰਾਜਾਂ ਨੇ ਬਹੁਤ ਜ਼ਿਆਦਾ ਕੰਮ ਕੀਤਾ ਹੈ। ਕਰਨਾਟਕ ਨੇ ਅਨਸੂਚਿਤ ਜਾਤੀਆਂ ਤੇ ਅਨਸੂਚਿਤ ਜਨਜਾਤੀਆਂ ਲਈ 18% ਰਾਖਵੇਂਕਰਨ ਤੋਂ

ਇਲਾਵਾ ਸਭ ਸਰਕਾਰੀ ਨੌਕਰੀਆਂ ਵਿਚ ਹੋਰ ਪਿਛੜੇ ਵਰਗ ਦੇ ਉਮੀਦਵਾਰਾਂ ਲਈ 48% ਦਾ ਰਾਖਵਾਂਕਰਨ ਕੀਤਾ ਹੈ। ਤਾਮਿਲਨਾਡੂ ਸੰਬੰਧੀ ਇਹ ਅੰਕੜੇ 18% ਤੇ 50 ਫੀਸਦੀ ਹਨ।

**ਅਧਿਆਇ** (3) **ਵਰਗੀਕਰਨ ਤੇ ਅੰਕੜਾ ਅਧਾਰ** - ਇਕ ਗੰਭੀਰ ਖਾਮੀ ਜੋ ਸਰਕਾਰ ਨੇ ਪਹਿਲੇ ਪਿਛੜਾ ਵਰਗ ਕਮਿਸ਼ਨ 'ਚ ਪਾਈ ਸੀ, ਉਹ ਇਹ ਸੀ ਕਿ ਹੋਰ ਪਿਛੜੇ ਵਰਗਾਂ ਦੇ ਵਰਗੀਕਰਨ ਲਈ ਇਸ ਨੇ ਕੋਈ ਮਾਪਦੰਡ ਦਾ ਪ੍ਰੀਖਣ ਤਿਆਰ ਨਹੀਂ ਕੀਤਾ ਸੀ। ਕਈ ਕੇਸਾਂ 'ਚ ਸੁਪਰੀਮ ਕੋਰਟ ਨੇ ਵੀ ਖੇਤਰੀ ਸਰਵੇਖਣ ਤੇ ਵਿਸ਼ੇਪਰਕ ਮਾਪਦੰਡ ਤਿਆਰ ਕਰਨ ਦੀ ਲੋੜ 'ਤੇ ਵਾਰ ਵਾਰ ਜ਼ੋਰ ਦਿੱਤਾ ਹੈ। ਇਸ ਗੱਲ ਨੂੰ ਧਿਆਨ 'ਚ ਰੱਖਦਿਆਂ ਕਮਿਸ਼ਨ ਨੇ ਮੂਲ ਅੰਕੜੇ ਇਕੱਠੇ ਕਰਨ ਲਈ ਅਨੇਕਾਂ ਅਜ਼ਾਦ ਸਾਧਨਾਂ ਦੀ ਵਰਤੋਂ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਇਸ ਸਬੰਧੀ ਸਮਾਜ ਸਾਸ਼ਤਰੀਆਂ ਦੀਆਂ ਗੋਸ਼ਟੀਆਂ, ਰਾਜ ਸਰਕਾਰਾਂ, ਕੇਂਦਰ ਸਰਕਾਰ ਤੇ ਲੋਕਾਂ ਲਈ ਪ੍ਰਸ਼ਨਾਵਲੀਆਂ ਦੇ ਤਿੰਨ ਸੈਟਾਂ ਦਾ ਜਾਰੀ ਕਰਨਾ, ਕਮਿਸ਼ਨ ਵਲੋਂ ਸਮੁੱਚੇ ਦੇਸ਼ ਦਾ ਵਿਆਪਕ ਦੌਰਾ, ਵਿਧਾਇਕਾਂ, ਪ੍ਰਸਿੱਧ ਲੋਕ ਨੇਤਾਵਾਂ ਤੇ ਸਮਾਜ ਸਾਸ਼ਤਰੀਆਂ ਆਦਿ ਦੀਆਂ ਇੰਟਰਵਿਊ ਲੈਣੀਆਂ, ਦੇਸ਼ ਵਿਆਪੀ-ਸਮਾਜਕ ਸਮਾਜਕ-ਸਿਖਿਅਕ ਸਰਵੇਖਣ ਕਰਨਾ, ਕੁਝ ਮਹੱਤਵਪੂਰਨ ਏਜੰਸੀਆਂ ਰਾਹੀਂ ਕੁਝ ਮਹੱਤਵਪੂਰਨ ਮਾਮਲਿਆਂ ਸਬੰਧੀ ਵਿਸ਼ੇਸ਼ ਰਿਪੋਰਟਾਂ ਤਿਆਰ ਕੀਤੇ ਜਾਣਾ, ਅਬਾਦੀ ਅੰਕੜਿਆਂ ਆਦਿ ਦਾ ਵਿਸ਼ਲੇਸ਼ਣ ਆਦਿ। ਇਸ ਤਰ੍ਹਾਂ ਦਾ ਬਹੁਮੁਖੀ ਪ੍ਰੋਗ੍ਰਾਮ ਅਪਣਾ ਕੇ ਕਮਿਸ਼ਨ ਦੂਰ ਦਰਾਜ ਖੇਤਰਾਂ ਤੱਕ ਆਪਣਾ ਜਾਲ ਵਿਛਾ ਸਕਿਆ ਸੀ ਅਤੇ ਆਪਣੀ ਰਿਪੋਰਟ ਲਈ ਬਹੁਤ ਹੀ ਠੋਸ ਤੇ ਵਿਸਵਾਸ਼ਯੋਗ ਅੰਕੜਾ ਅਧਾਰ ਤਿਆਰ ਕੀਤਾ ਸੀ।

**ਅਧਿਆਇ** (4) **ਸਮਾਜਕ ਪਿਛੜਾਪਣ ਅਤੇ ਜਾਤੀ** - ਜਾਤੀ ਹਿੰਦੂ ਸਮਾਜਕ ਢਾਂਚੇ ਦੀਆਂ ਇੱਟਾਂ ਹਨ। ਇਹਨਾਂ ਨੇ ਹਿੰਦੂ ਸਮਾਜ ਨੂੰ ਸਦੀਆਂ ਤੋਂ ਇਕ ਧਰਮ ਤੰਤਰੀ ਰਵਾਇਤ 'ਚ ਵੰਡ ਰੱਖਿਆ ਹੈ। ਇਸ ਦੇ ਸਿੱਟੇ ਵਜੋਂ ਇਕ ਬੰਦੇ ਦੀ ਜਾਤੀ ਸਥਿਤੀ ਅਤੇ ਉਸ ਦੀ ਸਮਾਜਕ, ਸਿਖਿਅਕ ਤੇ ਆਰਥਕ ਸਥਿਤੀ ਵਿਚਾਲੇ ਗੂੜਾ ਸਬੰਧ ਸਥਾਪਤ ਹੋ ਗਿਆ ਹੈ। ਸਮਾਜ ਦੀ ਇਸ ਕਿਸਮ ਦੀ ਵੰਡ ਨੇ ਉਚ ਜਾਤੀਆਂ ਦੇ ਸੁਆਰਥਾਂ ਕਾਰਨ ਇਸ ਪ੍ਰਣਾਲੀ ਨੂੰ ਸਥਾਈ ਰੂਪ ਦੇਣ 'ਚ ਸਹਾਇਤਾ ਕੀਤੀ। ਪੁਰੋਹਿਤੀ ਜਾਤੀਆਂ ਨੇ ਅਨੇਕਾਂ ਕਥਾਵਾਂ ਤੇ ਕੁਝ ਯੋਜਨਾਵਾਂ ਨੂੰ ਬਣਾਇਆ ਤੇ ਆਪਣਾ ਸਥਾਈ ਦਾਬਾ ਬਣਾਈ ਰੱਖਣ ਤੇ ਸਥਾਈ ਅਧਿਕਾਰ ਲਈ ਨਿਮਨ ਜਾਤੀਆਂ ਨੂੰ ਗੁਲਾਮ ਬਣਾਈ ਰੱਖਿਆ। ਸਾਡੇ ਜ਼ਿਆਦਾਤਰ ਸਾਸ਼ਤਰ ਚਾਰ ਵਰਣਾ ਵਾਲੀ ਪ੍ਰਣਾਲੀ ਦੀ ਹਮਾਇਤ ਕਰਦੇ ਹਨ ਅਤੇ ਇਸ ਧਾਰਮਿਕ ਮੰਜੂਰੀ ਕਾਰਨ ਜਾਤੀ ਪ੍ਰਥਾ, ਨਾ-ਬਰਾਬਰੀ ਤੇ ਪੱਖਪਾਤ 'ਤੇ ਅਧਾਰਤ ਜ਼ਿਆਦਾਤਰ ਹੋਰ ਸਮਾਜਕ ਸੰਸਥਾਵਾਂ ਦੀ ਤੁਲਨਾ 'ਚ ਸਮਾਪਤ ਨਹੀਂ ਹੋ ਸਕੀ ਹੈ। ਧਰਮਤੰਤਰੀ ਜਾਤੀ ਪ੍ਰਥਾ 'ਚ ਸਮਾਜ ਦੇ ਸਥਾਈ ਪੱਧਰ ਨੂੰ ਧਿਆਨ 'ਚ ਰੱਖਦਿਆਂ ਹੋਇਆ, ਨਿਮਨ ਜਾਤੀਆਂ ਦੇ ਮੈਂਬਰ ਹਮੇਸ਼ਾ ਜੀਵਨ ਦੇ ਸਾਰੇ ਪਹਿਲੂਆਂ 'ਚ ਮਤਭੇਦ ਸਹਿਣ ਕਰਦੇ ਆਏ ਹਨ ਅਤੇ ਸਿੱਟੇ ਵਜੋਂ ਉਹ ਸਮਾਜਕ, ਸਿਖਿਅਕ ਤੇ ਆਰਥਕ ਦ੍ਰਿਸ਼ਟੀ ਤੋਂ ਪਿਛੜੇ ਹੋਏ ਹਨ। ਭਾਰਤ 'ਚ ਕਿਸੇ ਬੰਦੇ ਦੀ ਧਰਮ ਵਿਧੀ ਅਨੁਸਾਰ ਨੀਵੀ ਜਾਤੀ ਪੱਧਰ ਉਸ ਦੇ ਸਮਾਜਕ ਪਿਛੜੇਪਣ 'ਤੇ ਸਿੱਧਾ ਪ੍ਰਭਾਵ ਪਾਉਂਦਾ ਹੈ।

ਅਧਿਆਇ (5) ਜਾਤੀ ਪ੍ਰਥਾ ਆਪਣੇ ਲਚੀਲੇਪਣ ਤੇ ਸਦਾ ਪ੍ਰੀਵਰਤਨਸ਼ੀਲ ਸਮਾਜਕ ਅਸਲੀਅਤ ਦੇ ਨਾਲ ਜੋੜਮੇਲ ਕਰਨ ਦੀ ਆਪਣੀ ਯੋਗਤਾ ਕਾਰਨ ਕਈ ਸਦੀਆਂ ਤਕ ਜੀਵਤ ਰਹੀ ਹੈ। ਜਾਤੀ-ਪ੍ਰਥਾ ਦਾ ਰਵਾਇਤੀ ਦ੍ਰਿਸ਼ਟੀ ਕੋਣ, ਸਮਾਜਕ ਅਸਲੀਅਤ ਦੇ ਅਸਲੀ ਅਧਿਐਨ ਦੀ ਬਜਾਏ ਹਿੰਦੂ ਗ੍ਰੰਥਾਂ 'ਤੇ ਵਧ ਅਧਾਰਿਤ ਹੈ। ਭਾਵੇਂ ਅੰਗਰੇਜ਼ੀ ਵਲੋਂ ਲਾਗੂ ਕੀਤੇ ਕਨੂੰਨਾਂ, ਸ਼ਹਿਰੀਕਰਨ, ਸਨਅਤੀਕਰਨ, ਜਨ ਸਿਖਿਆ ਦਾ ਪਸਾਰ ਅਤੇ ਇਹਨਾਂ ਸਾਰਿਆਂ ਤੋਂ ਵੀ ਵੱਧ 1947 ਪਿੱਛੋਂ ਬਾਲਗ ਵੋਟ ਅਧਿਕਾਰ ਦੇ ਲਾਗੂ ਕੀਤੇ ਜਾਣ ਨਾਲ ਜਾਤੀ ਪ੍ਰਬੰਦ ਕਾਫੀ ਹੱਦ ਤੱਕ ਢਿੱਲੇ ਪੈ ਗਏ ਹਨ। ਪਰ ਉਕਤ ਸਾਰੀਆਂ ਤਬਦੀਲੀਆਂ ਸਿਰਫ ਪ੍ਰਭਾਵ 'ਚ ਆਈ ਤਬਦੀਲੀ ਦਰਸਾਉਂਦੀਆਂ ਹਨ ਅਤੇ ਨਾ ਕਿ ਜਾਤੀ ਦੇ ਮੂਲ ਢਾਂਚੇ 'ਚ ਆਏ ਕਿਸੇ ਪ੍ਰੀਵਰਤਨ ਨੂੰ। ਆਮ ਤੌਰ 'ਤੇ ਇਸ ਗੱਲ 'ਤੇ ਸਹਿਮਤੀ ਹੈ ਕਿ ਇਥੇ ਲੋੜੀਂਦੇ ਪ੍ਰੀਵਰਤਨਾਂ ਕਰਕੇ ਕੁਝ ਜਾਤੀ ਵਖਰੇਵੇਂ ਕਮਜ਼ੋਰ ਪਏ ਹਨ, ਉਥੇ ਭਾਰਤੀ ਰਾਜਨੀਤੀ 'ਚ "ਜਾਤੀਵਾਦ ਦਾ ਮਹੱਤਵ ਵਧਿਆ ਹੈ। ਸ਼ਾਇਦ ਅਜਿਹਾ ਹੋਣਾ ਲਾਜ਼ਮੀ ਸੀ। ਜਾਤੀ ਪ੍ਰਥਾ ਨਾਲ ਰਾਜਸੀ ਅਗਵਾਈ ਨੂੰ ਸੰਚਾਰ ਤੇ ਗਤੀਸ਼ੀਲਤਾ ਦੇ ਸੌਖੇ ਰਸਤੇ ਮੁਹਈਆ ਹੁੰਦੇ ਹਨ ਇਸ ਲਈ ਭਾਰਤੀ ਰਾਜਨੀਤੀ 'ਚ ਜਾਤੀ ਦੇ ਮਹੱਤਵ ਦਾ ਵਧਣਾ ਲਾਜ਼ਮੀ ਸੀ। ਜਿਵੇਂ ਕਿ ਰਜਨੀ ਕੋਠਾਰੀ ਨੇ ਕਿਹਾ ਹੈ ਕਿ ਭਾਰਤ 'ਚ ਉਹ ਲੋਕ ਜੋ ਰਾਜਨੀਤੀ 'ਚ ਜਾਤੀਵਾਦ ਦੀ ਸ਼ਕਾਇਤ ਕਰਦੇ ਹਨ। ਉਹ ਅਸਲ 'ਚ ਉਸ ਪ੍ਰਕਾਰ ਦੀ ਰਾਜਨੀਤੀ ਦੀ ਭਾਲ 'ਚ ਹਨ ਜਿਸ ਦਾ ਸਮਾਜ 'ਚ ਕੋਈ ਅਧਾਰ ਨਹੀਂ ਹੈ।"

ਇਸ 'ਚ ਕੋਈ ਸੰਦੇਹ ਨਹੀਂ ਹੈ ਕਿ ਸਮਾਜਕ ਗਤੀਸ਼ੀਲਤਾ ਦਾ ਅਰਸਾ ਵਧਦਾ ਜਾ ਰਿਹਾ ਹੈ ਅਤੇ ਜਾਤੀ ਪ੍ਰਥਾ ਦੇ ਕੁਝ ਰਵਾਇਤੀ ਲੱਛਣ ਲਾਜ਼ਮੀ ਕਮਜ਼ੋਰ ਪੈ ਗਏ ਹਨ। ਪਰ ਜਾਤੀ ਨੇ ਧਰਮ ਵਿਧੀ ਮੋਰਚੇ 'ਚ ਜੋ ਗੁਆਇਆ ਹੈ। ਇਸ ਤੋਂ ਕਿਤੇ ਵਧ ਇਸ ਨੇ ਰਾਜਸੀ ਮੋਰਚੇ 'ਚ ਹਾਸਲ ਕੀਤਾ ਹੈ। ਇਸ ਨੂੰ ਵੇਖਦਿਆਂ ਇਹ ਮੰਨ ਲੈਣਾ ਲਾਜ਼ਮੀ ਨਹੀਂ ਹੋਵੇਗਾ ਕਿ ਭਵਿੱਖ 'ਚ ਜਾਤੀ ਪ੍ਰਥਾ ਸਿਥਲ ਪੈ ਜਾਵੇਗੀ।

**ਅਧਿਆਇ (6) ਸਮਾਜਕ ਨਿਆਂ, ਯੋਗਤਾ ਤੇ ਵਿਸ਼ੇਸ਼ ਅਧਿਕਾਰ** - ਕਨੂੰਨ ਦੇ ਸਾਹਮਣੇ ਬਰਾਬਰਤਾ ਇਕ ਮੌਲਿਕ ਅਧਿਕਾਰ ਹੈ। ਜਿਸ ਦੀ ਗਰੰਟੀ ਸੰਵਿਧਾਨ ਦੇ ਅਨੁਛੇਦ-14 ਤਹਿਤ ਦਿੱਤੀ ਗਈ ਹੈ ਪਰ 'ਬਰਾਬਰਤਾ' ਦਾ ਸਿਧਾਂਤ ਇਕ ਦੋ ਧਾਰ ਵਾਲਾ ਹਥਿਆਰ ਹੈ। ਇਹ ਅਸਲੀ ਜੀਵਨ ਦੀ ਧਾਰਾ 'ਚ ਇਕ ਹੀ ਥਾਂ 'ਤੇ ਮਜ਼ਬੂਤ ਵੀ ਅਤੇ ਕੰਮਜ਼ੋਰ ਅਪਾਹਜ ਤੇ ਘੱਟ ਪ੍ਰਤਿਭਾਸ਼ਾਲੀ ਮੈਂਬਰਾਂ ਨੂੰ ਕਿੰਨਾ ਕੁ ਸੁਰੱਖਿਆ ਦੇ ਸਕਦਾ ਹੈ। ਅਕਸਰ ਹੀ ਬਰਾਬਰੀ ਤੇ ਵਿਹਾਰ ਦੀ 'ਬਰਾਬਰਤਾ' ਦੋਨੋਂ ਕਮਜ਼ੋਰ 'ਤੇ ਮਜ਼ਬੂਤ ਇਕ ਹੀ ਥਾਂ 'ਤੇ ਖੜ੍ਹਾ ਕਰ ਦਿੰਦੇ ਹਨ ਅਤੇ ਉਸ ਸੀਮਾ ਤਕ ਇਸ ਦਾ ਮਤਲਬ ਹੈ ਕਿ ਸਮਾਜਕ ਨਿਆਂ ਨੂੰ ਨਿਕਾਰਨਾ। ਅਸਲ 'ਚ ਇਹ ਸਬੂਤਾਂ ਦੀ 'ਬਰਾਬਰੀ' ਹੀ ਹੈ। ਜੋ ਕਿਸੇ ਸਮਾਜ ਦੇ ਸਮਾਨਤਾਵਾਦੀ ਦਾਅਵੇ ਦੀ ਕਸੌਟੀ ਹੈ। ਸਾਡੇ ਵਰਗੇ ਵੱਧ ਨਾ-ਬਰਾਬਰੀ ਵਾਲੇ ਸਮਾਜ ਦੇ ਲੁੱਟੇ ਜਾਂਦੇ ਵਰਗ ਨੂੰ ਵੱਧ ਰੱਖਿਆ ਤੇ ਰਿਆਇਤਾਂ ਦੇ ਕੇ ਹੀ ਅਸੀਂ ਕਮਜ਼ੋਰ ਨੂੰ ਬਲਵਾਨ ਵਲੋਂ ਲੁੱਟ ਕੀਤੇ ਜਾਣ ਵਿਰੁੱਧ ਲੜਨਯੋਗ ਬਣਾ ਸਕਦੇ ਹਾਂ।

ਇਹਨਾਂ ਧਾਰਨਾਵਾਂ ਕਾਰਨ ਅਨਸੂਚਿਤ ਜਾਤੀਆਂ ਤੇ ਅਨਸੂਚਿਤ ਜਨਜਾਤੀਆਂ ਤੇ ਹੋਰ ਪਿਛੜੇ ਵਰਗਾਂ ਦੀ ਸੁਰਖਿਆ ਲਈ ਸਾਡੇ ਸੰਵਿਧਾਨ ਦੇ ਅਨੁਛੇਦ

15 (4) 16 (4) ਤੇ 43 ਆਦਿ ’ਚ ਵਿਸ਼ੇਸ਼ ਵਿਵਸਥਾ ਕੀਤੀ ਗਈ ਸੀ। ਕੁਝ ਲੋਕ ਪਿਛੜੇ ਵਰਗਾਂ ਆਦਿ ਲਈ ਅਹੁਦਿਆਂ ’ਚ ਰਾਖਵਾਂਕਰਨ ਵਰਗੀ ਵਿਵਸਥਾ ਨੂੰ ਆਪਣੇ ਮੌਲਿਕ ਅਧਿਕਾਰਾਂ ਦੇ ਉਲੰਘਣ ਵਜੋਂ ਮੰਨਦੇ ਹਨ ਅਤੇ ਕਿਸੇ ਯੋਗ ਵਿਅਕਤੀ ਨੂੰ ਉਸ ਦੇ ਹੱਕ ਤੋਂ ਵੰਚਿਤ ਕਰਨਾ ਮੰਨਦੇ ਹਨ। ਅਸਲ ’ਚ ਯੋਗਤਾ ਖੁਦ ਮੋਟੇ ਤੌਰ ’ਤੇ ਅਨਕੂਲ ਵਾਤਾਵਰਣ ਸਬੰਧੀ ਰਿਆਇਤਾਂ ਦਾ ਸਿੱਟਾ ਹੈ ਅਤੇ ਕਿਸੇ ਪ੍ਰੀਖਿਆ ’ਚ ਉਚ ਦਰਜਾ ਨਿਸ਼ਚਤ ਤੌਰ ’ਤੇ ਕਿਸੇ ਉਮੀਦਵਾਰ ਦੀ ਉਚ ਪ੍ਰਤਿਭਾ ’ਤੇ ਪਾਬੰਦੀ ਨਹੀਂ ਲਾਉਂਦਾ ਹੈ। ਪੇਂਡੂ ਪਿਛੋਕੜ ਵਾਲੇ ਸਮਾਜਕ ਤੇ ਸਿਖਿਆ ਦੀ ਦ੍ਰਿਸ਼ਟੀ ਤੋਂ ਪਿਛੜੇ ਹੋਏ ਮਾਪਿਆਂ ਦੇ ਬੱਚੇ ਖੁਸ਼ਹਾਲ ਪ੍ਰੀਵਾਰਾਂ ਦੇ ਬੱਚਿਆਂ ਦਾ ਮੁਕਾਬਲਾ ਨਹੀਂ ਕਰ ਸਕਦੇ ਹਨ। ਇਸ ਨੂੰ ਧਿਆਨ ’ਚ ਰਖਦਿਆਂ ‘ਯੋਗਤਾ’ ਤੇ ‘ਬਰਾਬਰੀ’ ’ਤੇ ਸਹੀ ਪ੍ਰਸੰਗ ’ਚ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਸਹੂਲਤ ਦੀ ਗੱਲ ਨੂੰ ਸਮੁਚੇ ਰੂਪ ’ਚ ਮੰਨਿਆ ਜਾਣਾ ਚਾਹੀਦਾ ਹੈ ਅਤੇ ਜਦ ‘ਨਾਬਰਾਬਰ’ ਨੂੰ ਆਮ ਦੌੜ ’ਚ ਭੇਜਿਆ ਜਾਵੇ ਤਾਂ ਉਹਨਾਂ ਨੂੰ ਰਿਆਇਤ ਦਿੱਤੀ ਜਾਣੀ ਚਾਹੀਦੀ ਹੈ।

**ਅਧਿਆਇ** (7) **ਸਮਾਜਕ ਨਿਆਂ, ਸੰਵਿਧਾਨ ਤੇ ਕਨੂੰਨ** - ਮੂਲ ਅਧਿਕਾਰਾਂ ਤੇ ਸਰਕਾਰੀ ਨੀਤੀ ਦੇ ਨਿਸ਼ੇਦਕ ਸਿਧਾਂਤਾਂ ਵਿਚਕਾਰ ਝਮੇਲਾ ਤੱਤ ਅਨੇਕਾਂ ਸੰਸਦੀ ਬਹਿਸਾਂ ਤੇ ਨਿਆਇਕ ਫੈਸਲਿਆਂ ਦਾ ਵਿਸ਼ਾ ਵਸਤੂ ਰਿਹਾ ਹੈ। ਅਨੁਛੇਦ 15 (4) 16 (4) ਦੀ ਪਾਲਣਾ ਕਰਦਿਆਂ ਕਈ ਸਰਕਾਰਾਂ ਨੇ ਸਰਕਾਰੀ ਸੇਵਾਵਾਂ ਤੇ ਸਿਖਿਆ ਸੰਸਥਾਵਾਂ ’ਚ ਹੋਰ ਪਿਛੜੇ ਵਰਗਾਂ ਲਈ ਰਾਖਵੇਂਕਰਨ ਦੀ ਵਿਵਸਥਾ ਕੀਤੀ ਹੈ ਅਤੇ ਅਜਿਹੇ ਹੁਕਮਾਂ ਵਿਰੁੱਧ ਹਾਈਕੋਰਟ ਤੇ ਸੁਪਰੀਮ ਕੋਰਟ ’ਚ ਅਨੇਕਾਂ ਅਪੀਲਾਂ ਦਾਇਰ ਕੀਤੀਆਂ ਗਈਆਂ ਹਨ। ਹੌਲੀ-ਹੌਲੀ ਇਸ ਵਿਸ਼ੇ ’ਚ ਇਕ ਅੱਛੀ ਖਾਸੀ ਫੈਸਲਾ ਪ੍ਰਣਾਲੀ ਬਣ ਰਹੀ ਹੈ ਜਿਸ ਦਾ ਸਾਰਾਂਸ ਹੇਠਾਂ ਦਿੱਤਾ ਗਿਆ ਹੈ। ਹਿੰਦੂ ਫਿਰਕਿਆਂ ਦਰਮਿਆਨ ਹੋਰ ਪਿਛੜੇ ਵਰਗ ਨੂੰ ਪਹਿਚਾਨਣ ਵਿਚ ਜਾਤੀ ਇਕ ਮਹੱਤਵਪੂਰਨ ਤੱਤ ਹੈ। ਪਿਛੜਾਪਣ ਸਮਾਜਕ ਤੇ ਸਿਖਿਅਕ ਦੋਨੋਂ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਅਤੇ ਨਾ ਕਿ ਸਮਾਜਕ ਜਾਂ ਸਿਖਿਅਕ। ਜਾਤੀ ਨਾਗਰਿਕਾਂ ਦਾ ਇਕ ਵਰਗ ਵੀ ਹੈ ਅਤੇ ਜੇ ਕੋਈ ਜਾਤੀ ਪੂਰੀ ਤਰ੍ਹਾਂ ਸਮਾਜਕ ਤੇ ਸਿਖਿਆ ਪੱਖੋਂ ਪਿਛੜੀ ਹੋਈ ਹੈ ਤਾਂ ਐਸੀ ਜਾਤੀ ਦੇ ਪੱਖ ’ਚ ਰਾਖਵਾਂਕਰਨ ਇਸ ਅਧਾਰ ’ਤੇ ਕੀਤਾ ਜਾ ਸਕਦਾ ਹੈ ਕਿ ਅਨੁਛੇਦ 15 (4) ਦੇ ਤਹਿਤ ਇਹ ਸਮਾਜਕ ਤੇ ਸਿੱਖਿਆ ਦੀ ਦ੍ਰਿਸ਼ਟੀ ਤੋਂ ਪਿਛੜੇ ਹੋਏ ਨਾਗਰਿਕਾਂ ਦਾ ਇਕ ਵਰਗ ਹੈ। ਪਿਛੜੇ ਵਰਗਾਂ ਦੀ ‘ਪਿਛੜਾ ਵਰਗ’ ’ਚ ਅੱਗੇ ਵੰਡ ਅਨੁਛੇਦ 15 (4) ਦੇ ਅਨੁਸਾਰ ਨਹੀਂ ਹੈ। ਅਨੁਛੇਦ 15 (4) ਦੇ ਅਧੀਨ ਅਹੁਦਿਆਂ ਦਾ ਕੁਝ ਰਾਖਵਾਂਕਰਨ 50 ਫੀਸਦੀ ਤੋਂ ਘੱਟ ਹੋਣਾ ਚਾਹੀਦਾ ਹੈ।

**ਅਧਿਆਇ** (8) **ਉਤਰ ਤੇ ਦੱਖਣ ’ਚ ਹੋਰ ਪਿਛੜੇ ਵਰਗਾਂ ਦੇ ਕਲਿਆਣ ਕਾਰਜਾਂ ਦੀ ਤੁਲਨਾ** - ਉਤਰੀ ਰਾਜਾਂ ਦੀ ਤੁਲਨਾ ’ਚ ਹੋਰ ਪਿਛੜੇ ਵਰਗਾਂ ਦੇ ਕਲਿਆਣ ਦੀ ਦਿਸ਼ਾ ਵਿਚ ਦੱਖਣੀ ਰਾਜਾਂ ਨੇ ਵੱਧ ਕੰਮ ਕੀਤਾ ਹੈ। ਇਸ ਤੋਂ ਇਲਾਵਾ, ਦੱਖਣ ਵਿਚ ਇਹ ਸਾਰੀ ਕਾਰਵਾਈ ਸ਼ਾਂਤੀਪੂਰਨ ਕੀਤੀ ਗਈ ਜਦ ਕਿ ਉਤਰ ਵਿਚ ਹੋਰ ਪਿਛੜੇ ਵਰਗਾਂ ਲਈ ਕੀਤੇ ਗਏ ਸਾਧਾਰਨ ਕਲਿਆਣਕਾਰੀ ਉਪਾਵਾਂ ਦਾ ਵੀ ਤਿੱਖਾ ਵਿਰੋਧ ਕੀਤਾ ਗਿਆ ਹੈ। ਕਮਿਸ਼ਨ ਨੇ ਚਾਰ ਰਾਜਾਂ ਭਾਵ ਕਰਨਾਟਕਾ, ਤਮਿਲਨਾਡੂ, ਬਿਹਾਰ ਤੇ ਉਤਰਪ੍ਰਦੇਸ਼ ਦਾ ਤੁਲਨਾਤਮਕ ਅਧਿਐਨ ਕਰਨ ਲਈ ਟਾਟਾ ਸਮਾਜ

ਵਿਗਿਆਨ ਸੰਸਥਾ, ਮੁੰਬਈ ਨਾਲ ਸੰਪਰਕ ਕੀਤਾ ਗਿਆ ਸੀ ਤਾਂ ਕਿ ਇਸ ਤੱਥ 'ਤੇ ਅੱਛਾ ਮੁਲਅੰਕਣ ਹਾਸਲ ਕੀਤਾ ਜਾ ਸਕੇ। ਟਾਟਾ ਸੰਸਥਾ ਅਧਿਐਨ ਨੇ ਇਸ ਸਬੰਧੀ ਕੁਝ ਪ੍ਰੀਕਲਪਨਾਵਾਂ ਤਿਆਰ ਕੀਤੀਆਂ ਹਨ। ਉਹ ਇਸ ਪ੍ਰਕਾਰ ਹਨ : ਰਾਖਵਾਂਕਰਨ ਯੋਜਨਾ ਦਾ ਦੱਖਣ 'ਚ ਕਾਫੀ ਜ਼ਿਆਦਾ ਵਿਸਥਾਰਿਤ ਇਤਿਹਾਸ ਹੈ। ਦੱਖਣ 'ਚ ਉੱਨਤ ਜਾਤੀਆਂ ਖੁਦ ਵੱਧ ਵੰਡੀਆਂ ਹੋਈਆਂ ਸਨ। ਉੱਤਰ 'ਚ ਹੋਰ ਪਿਛੜਾ ਵਰਗ ਅਨਸੂਚਿਤ ਜਾਤੀਆਂ ਅਨਸੂਚਿਤ ਜਨ ਜਾਤੀਆਂ ਦੇ ਨਾਲ ਬਹੁਤ ਜ਼ਿਆਦਾ ਸਹਿਯੋਗ ਨਹੀਂ ਕਰ ਰਹੇ ਸਨ ਤੇ ਇਸ ਲਈ ਪਿਛੜਾ ਵਰਗ ਅੰਦੋਲਨ ਫੁਟ ਦਾ ਸ਼ਿਕਾਰ ਹੋ ਗਿਆ। ਦੱਖਣ 'ਚ ਪਿਛੜਿਆ ਵਰਗ ਵੱਧ ਰਾਜਨੀਤਕਵਾਦੀ ਸੀ। ਰਾਖਵੇਂਕਰਨ ਯੋਜਨਾ ਨੂੰ ਉੱਤਰ 'ਚ ਅਚਾਨਕ ਹੀ ਲਾਗੂ ਕਰ ਦਿੱਤਾ ਗਿਆ ਸੀ। ਪਿਛੜੇ ਵਰਗਾਂ ਦੀ ਵਿਰੋਧਤਾ ਕਰਨ ਦੀ ਸਮਰਥਾ ਉਹਨਾਂ ਦੀ ਗਿਣਤੀ, ਰਾਜਸੀ ਚੇਤੰਨਤਾ, ਦਾਬਾ ਤੇ ਬਦਲਵੇਂ ਮੌਕਿਆਂ ਲਈ ਸਮਝ ਦੀ ਘਾਟ 'ਤੇ ਨਿਰਭਰ ਕਰਦੀ ਹੈ। ਤੀਜੇ ਖੇਤਰ ਦੇ ਅਤੀ ਤੇਜ਼ ਵਿਕਾਸ ਨਾਲ ਦੱਖਣ 'ਚ ਸੰਪਰਕ ਜਾਤੀਆਂ ਨੂੰ ਬਦਲ ਮਿਲ ਗਿਆ ਜੋ ਕਿ ਉਤਰ 'ਚ ਉਸੇ ਮਾਤਰਾ 'ਚ ਮੁਹੱਈਆ ਨਹੀਂ ਸੀ। ਟਾਟਾ ਅਦਾਰੇ ਨੇ ਅਧਿਐਨ 'ਚ ਸਹੀ ਪ੍ਰੀਕਲਪਨਾਵਾਂ 'ਤੇ ਕਈ ਮਿਸਾਲਾਂ ਦੇ ਕੇ ਅਤੇ ਵਿਚਾਰਧੀਨ ਚਾਰ ਰਾਜਾਂ 'ਚ ਹੋਈਆਂ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਕਰਕੇ ਰੋਸ਼ਨੀ ਪਾਈ ਹੈ।

**ਅਧਿਆਇ (9) ਕੇਂਦਰੀ ਤੇ ਰਾਜ ਸਰਕਾਰਾਂ ਦੇ ਰੂ-ਬ-ਰੂ** - ਸਾਡੀ ਜਾਂਚ ਦੇ ਵੱਖ-ਵੱਖ ਪਹਿਲੂਆਂ ਦੀ ਜਾਣਕਾਰੀ ਹਾਸਲ ਕਰਨ ਲਈ ਸਭ ਰਾਜ ਸਰਕਾਰਾਂ ਸੰਘ ਸਾਸ਼ਿਤ ਰਾਜਾਂ ਤੇ ਮੰਤਰਾਲਿਆਂ ਤੇ ਕੇਂਦਰ ਸਰਕਾਰ ਦੇ ਵਿਭਾਗਾਂ ਨੂੰ ਪ੍ਰਸ਼ਨਾਵਲੀਆਂ ਦੇ ਦੋ ਸੈਟ ਭੇਜੇ ਗਏ ਸਨ। ਇਹ ਪ੍ਰਸ਼ਨਾਵਲੀਆਂ ਵੱਖ-ਵੱਖ ਰਾਜਾਂ 'ਚ ਪਿਛੜੇ ਵਰਗ ਦੀ ਸਥਿਤੀ ਦਾ ਤੁਲਨਾਤਮਕ ਅਧਿਐਨ ਕਰਨ, ਉਹਨਾਂ ਦੇ ਕਲਿਆਣ ਦੇ ਲਈ ਕੀਤੇ ਗਏ ਉਪਾਅ ਸਮਾਜਕ ਦੇ ਸਿਖਿਆ ਤੇ ਖੇਤਰ ਦੇ ਪਿਛੜੇਪਣ ਦੇ ਸੁਆਲ 'ਤੇ ਵੱਖ ਵੱਖ ਸਰਕਾਰੀ ਏਜੰਸੀਆਂ ਦੇ ਵਿਚਾਰ ਜਾਨਣ ਅਤੇ ਆਯੋਗ ਦੇ ਵਿਚਾਰਧੀਨ ਵਿਸ਼ਿਆਂ ਸਬੰਧੀ ਉਪਯੋਗੀ ਸੁਝਾਅ ਹਾਸਲ ਕਰਨ ਦੇ ਉਦੇਸ਼ ਨਾਲ ਬਣਾਈਆਂ ਗਈਆਂ ਸਨ। ਜ਼ਿਆਦਾਤਰ ਰਾਜ ਸਰਕਾਰਾਂ ਨੇ ਸਮਾਜਕ ਤੇ ਸਿਖਿਅਕ ਪਿਛੜੇਪਣ ਦੇ ਹੱਲ ਹੀ ਜਾਤੀ ਨੂੰ ਹੀ ਮੁੱਖ ਮਾਪਦੰਡ ਮੰਨਣ ਲਈ ਕਿਹਾ ਗਿਆ ਹੈ। ਕੁਝ ਰਾਜਾਂ ਨੇ ਆਰਥਕ ਮਾਪਦੰਡ ਨੂੰ ਅਤੇ ਕੁਝ ਨੇ ਜਾਤੀ ਤੇ ਆਮਦਨ ਜਾਂਚ ਦੇ ਕਲਿਆਣ ਲਈ ਵਿਸ਼ੇਸ਼ ਕਦਮ ਚੁੱਕੇ ਹਾਲਾਂ ਕਿ ਉਹਨਾਂ ਵਲੋਂ ਦਿੱਤੀ ਗਈ ਸਹਾਇਤਾ ਦੀ ਮਾਤਰਾ 'ਚ ਕਾਫੀ ਫਰਕ ਹੈ। ਮਿਸਾਲ ਵਜੋਂ ਸਰਕਾਰੀ ਸੇਵਾਵਾਂ 'ਚ ਹੋਰ ਪਿਛੜੇ ਵਰਗ ਲਈ ਰਾਖਵੇਂਕਰਨ ਦਾ ਵਰਗੀਕਰਨ ਤਾਮਿਲਨਾਡੂ ਤੇ ਕਰਨਾਟਕ 'ਚ 50 ਫੀਸਦੀ, ਪੰਜਾਬ 'ਚ 5 ਫੀਸਦੀ ਅਤੇ ਰਾਜਸਥਾਨ, ਦਿੱਲੀ, ਉੜੀਸਾ ਆਦਿ 'ਚ ਜੀਰੋ ਹੈ। ਹੋਰ ਪਿਛੜੇ ਵਰਗ ਦੇ ਨਾਲ ਅਜੇ ਵੀ ਸਮਾਜਕ ਭੇਦਭਾਵ ਦੇਖਣ ਨੂੰ ਮਿਲਦਾ ਹੈ ਅਤੇ ਕਈ ਜਾਤੀਆਂ ਤੇ ਫਿਰਕੇ ਐਸੇ ਹਨ ਜਿਹਨਾਂ ਨੂੰ ਅਛੂਤ ਮੰਨਿਆ ਜਾਂਦਾ ਹੈ ਹਾਲਾਂਕਿ ਇਹਨਾਂ ਨੂੰ ਅਨੁਸੂਚਿਤ ਜਾਤੀ 'ਚ ਸ਼ਾਮਲ ਨਹੀਂ ਕੀਤਾ ਗਿਆ ਹੈ। ਅਜੇ ਰਾਜ ਸਰਕਾਰਾਂ ਵਲੋਂ, ਜਿਹਨਾਂ ਨੇ ਪਿਛੜੇ ਵਰਗ ਦੇ ਕਲਿਆਣ ਲਈ ਪ੍ਰੋਗ੍ਰਾਮ ਸ਼ੁਰੂ ਕੀਤੇ ਹਨ, ਆਪਣੇ ਸਾਧਨਾਂ ਨਾਲ ਉਹਨਾਂ ਨੂੰ ਚਲਾਉਣਾ ਪੈਂਦਾ ਸੀ ਕਿਉਂਕਿ ਇਸ ਲਈ ਕੇਂਦਰ ਵਲੋਂ ਕੋਈ ਵੱਖਰੀ ਯੋਜਨਾ ਅਲਾਟ ਨਹੀਂ ਕੀਤੀ ਗਈ ਹੈ। ਬਹੁਤੇ ਰਾਜਾਂ ਨੇ ਸੂਚਿਤ ਕੀਤਾ ਹੈ ਕਿ ਮਸ਼ੀਨਾਂ ਦੀ

ਸ਼ੁਰੂਆਤ ਤੇ ਖਪਤ ਰੁਝਾਨ ’ਚ ਤਬਦੀਲੀ ਹੋਣ ਕਰਕੇ ਪੇਂਡੂ ਕਾਰੀਗਰਾਂ ਦੇ ਰੁਜ਼ਗਾਰ ’ਚ ਕਮੀ ਆਈ ਹੈ। ਕੇਂਦਰੀ ਸਰਕਾਰ ਦੇ ਮੰਤਰਾਲਿਆਂ ਤੇ ਵਿਭਾਗਾਂ ਵਲੋਂ ਭੇਜੀ ਗਈ ਸੂਚਨਾ ਤੋਂ ਪਤਾ ਲਗਦਾ ਹੈ ਕਿ ਹੋਰ ਪਿਛੜੇ ਵਰਗ ਕੁਲ ਸਰਕਾਰੀ ਕਰਮਚਾਰੀਆਂ ਦੀ ਗਿਣਤੀ ਦਾ 12.55 ਫੀਸਦੀ ਹੈ। ਜਦ ਕਿ ਉਹਨਾਂ ਦੀ ਕੁਲ ਗਿਣਤੀ 52 ਫੀਸਦੀ ਹੈ। ਕੁਲ ਅਬਾਦੀ ਦੇ ਅਨੁਪਾਤ ਦਾ 1/10 ਹਿੱਸੇ ਤੋਂ ਵੀ ਘੱਟ ਹੈ।

**ਅਧਿਆਇ** (10) **ਲੋਕਾਂ ਦੀਆਂ ਇੰਟਰਵਿਊ** - ਆਮ ਲੋਕਾਂ ਤੋਂ ਹਾਸਲ ਪ੍ਰਸ਼ਨਾਵਲੀਆਂ ਅਨੁਸਾਰ ਦੋ-ਤਿਹਾਈ ਉਤਰਦਾਈਆਂ ਨੇ ਕਿਹਾ ਹੈ ਕਿ 1947 ਤੋਂ ਪਿੱਛੋਂ ਦੇਸ਼ ਦੇ ਜਾਤੀ ਢਾਂਚੇ ’ਚ ਕੋਈ ਮਹੱਤਵਪੂਰਨ ਤਬਦੀਲੀ ਨਹੀਂ ਹੋਈ ਹੈ। ਪਿਛੜੇਪਣ ਦੀ ਪਹਿਚਾਣ ਲਈ ਮਾਪਦੰਡ ਨਿਰਧਾਰਿਤ ਕਰਨ ਬਾਰੇ ਲਗਭਗ ਤਿੰਨ ਚੌਥਾਈ ਉਤਰ ਦਾਤਾ ਜਾਤੀ ਦੇ ਪੱਖ ’ਚ ਹਨ, ਜਿਹਨਾਂ ਰਾਜਾਂ ਨੇ ਹੋਰ ਪਿਛੜੇ ਵਰਗ ਦੀ ਤਰੱਕੀ ਲਈ ਉਪਾਅ ਕੀਤੇ ਹਨ, ਉਹਨਾਂ ਦੇ ਉਤਰਾਂ ਤੋਂ ਪਤਾ ਲਗਦਾ ਹੈ ਕਿ ਬਹੁਤਿਆਂ ਨੂੰ ਉਕਤ ਉਪਾਵਾਂ ਦੀ ਜਾਣਕਾਰੀ ਹੈ ਪਰ ਉਹਨਾਂ ਉਪਾਵਾਂ ਦੀ ਪ੍ਰਾਪਤੀ ਤੋਂ ਸੰਤੁਸ਼ਟ ਨਹੀਂ ਹਨ। ਲਗਭਗ ਤਿੰਨ ਚੌਥਾਈ ਤੋਂ ਵੱਧ ਉਤਰ ਦਾਤਿਆਂ ਨੇ ਪਿਛੜੇ ਵਰਗ ਵਲੋਂ ਭੇਜੀਆਂ ਗਈਆਂ ਵੱਖ-ਵੱਖ ਕਠਨਾਈਆਂ ਗੱਲ ਕਹੀ ਹੈ ਅਤੇ ਕਈਆਂ ਨੇ ਕਿਹਾ ਹੈ ਕਿ ਇਸ ਨੂੰ ਦੂਰ ਕਰਨ ਲਈ ਕੋਈ ਕਾਰਗਰ ਉਪਾਅ ਨਹੀਂ ਕੀਤੇ ਗਏ ਹਨ। ਉਹ ਚਾਹੁੰਦੇ ਸਨ ਕਿ ਸੇਵਾਵਾਂ ’ਚ ਰਾਖਵੇਂਕਰਨ ਦਾ ਕੋਟਾ ਵਧਾਇਆ ਜਾਵੇ ਤੇ ਹੋਰ ਪਿਛੜੇ ਵਰਗ ਦੇ ਬੱਚਿਆਂ ਨੂੰ ਵੱਧ ਰਿਆਇਤਾਂ ਦਿੱਤੀਆਂ ਜਾਣ। ਹੋਰ ਪਿਛੜੇ ਵਰਗੇ ਲਈ ਸੁਝਾਏ ਗਏ ਉਪਾਅ ਸਨ : ਸਰਕਾਰੀ ਸੰਸਥਾਵਾਂ ਤੇ ਸਰਕਾਰੀ ਰੁਜ਼ਗਾਰ ’ਚ ਰਾਖਵਾਂਕਰਨ, ਵਿਆਜ ਰਹਿਤ ਕਰਜੇ ਦੇਣਾ, ਖੇਤੀ ਯੋਗ ਜ਼ਮੀਨ ਤੇ ਮਕਾਨ ਲਈ ਭੂਮੀ ਦੀ ਮੁਫਤ ਅਲਾਟਮੈਂਟ ਆਦਿ। ਕਮਿਸ਼ਨ ਮੂਹਰੇ ਆਪਣੀਆਂ ਇੰਟਰਵਿਊਆਂ ’ਚ ਛੇਵੀਂ ਤੇ ਸੱਤਵੀਂ ਲੋਕ ਸਭਾ ਦੇ ਮੈਂਬਰਾਂ ਨੇ ਵੀ ਜੋ ਵਿਚਾਰ ਪ੍ਰਗਟ ਕੀਤੇ ਉਹ ਵੀ ਉਹਨਾਂ ਵਿਚਾਰ ਬਰਾਬਰ ਸਨ, ਜਿਹਨਾਂ ਦਾ ਸਾਰੰਸ਼ ਉਪਰ ਦਿੱਤਾ ਗਿਆ ਹੈ। ਉਹਨਾਂ ’ਚ ਬਹੁਤੇ ਸਮਾਜਕ ਤੇ ਸਿਖਿਅਕ ਪਿਛੜੇਪਣ ਦਾ ਮਾਪਦੰਡ ਜਾਤੀ ਮੰਨਣ, ਹੋਰ ਪਿਛੜੇ ਵਰਗਾਂ ਲਈ ਸਰਕਾਰੀ ਸੇਵਾਵਾਂ ਸਰਕਾਰੀ ਅਦਾਰਿਆਂ ’ਚ ਹੋਰ ਪਿਛੜੇ ਵਰਗਾਂ ਹਿੱਤ ਅਤੇ ਰਾਖਵਾਂਕਰਨ ਕੋਟਾ, ਆਰਥਕ ਸਹਾਇਤਾ ਦੇਣ ਆਦਿ ਦੇ ਪੱਖ ਵਿਚ ਸਨ। ਕੁਝ ਸੰਸਦ ਮੈਂਬਰਾਂ ਨੇ ਕਿਹਾ ਕਿ ਕੁਝ ਬੇਹੱਦ ਸੁਆਰਥੀਆਂ ਵਲੋਂ ਹੋਰ ਪਿਛੜੇ ਵਰਗ ਅਤੇ ਅਨਸੂਚਿਤ ਜਾਤੀ ਤੇ ਅਨਸੂਚਿਤ ਜਨਜਾਤੀ ਵਿਚਕਾਰ ਦੋਸ਼ਪੂਰਨ ਪ੍ਰਚਾਰ ਤੇ ਮੱਤਭੇਦ ਪੈਦਾ ਕੀਤੇ ਜਾ ਰਹੇ ਹਨ। ਇਸ ਲਈ ਸਾਵਧਾਨ ਰਹਿਣ ਦੀ ਲੋੜ ਹੈ। ਕੁਝ ਨੇ ਕਿਹਾ ਕਿ ਕਮਿਸ਼ਨ ਦੇ ਪਿਛੜੇਪਣ ਦੇ ਨਿਰਧਾਰਨ ਲਈ ਉਹਨਾਂ ਮਾਪਦੰਡਾਂ ਨੂੰ ਮੰਜੂਰ ਕਰਨਾ ਚਾਹੀਦੈ ਜਿਹਨਾਂ ਨੂੰ ਅਦਾਲਤਾਂ ਵੱਲੋਂ ਖਰਚਿਆ ਜਾ ਚੁੱਕਿਆ ਹੈ। ਉਹਨਾਂ ਨੇ ਇਹ ਵੀ ਸੁਝਾਅ ਦਿੱਤਾ ਕਿ ਰਾਜ ਸਰਕਾਰਾਂ ਹੋਰ ਪਿਛੜੇ ਵਰਗ ਦੀਆਂ ਤਿਆਰ ਕੀਤੀਆਂ ਗਈਆਂ ਸੂਚੀਆਂ ਨੂੰ, ਜਿਨ੍ਹਾਂ ਨੂੰ ਅਦਾਲਤਾਂ ਵਲੋਂ ਖਰਚਿਆ ਜਾ ਚੁੱਕਿਆ ਹੈ, ਨੂੰ ਲਿਆ ਜਾਣਾ ਚਾਹੀਦਾ ਹੈ।

ਕਮਿਸ਼ਨ ਵਲੋਂ ਵੱਖ-ਵੱਖ ਰਾਜਾਂ ਦੇ ਦੌਰੇ ਸਮੇਂ, ਕੁਝ ਉਚ ਜਾਤੀਆਂ ਨੂੰ ਹੋਰ ਪਿਛੜੇ ਵਰਗਾਂ ਦੀ ਸੂਚੀ ’ਚ ਸ਼ਾਮਲ ਕਰਨ ਲਈ ਕਾਫੀ ਗਿਣਤੀ ’ਚ ਕਾਫੀ ਅਰਜ਼ੀਆਂ ਮਿਲੀਆਂ ਹਨ। ਹੋਰ ਉਤਰਦਾਤਿਆਂ ਨੇ ਵੀ ਪਿਛੜੇ ਵਰਗ ਦੀ ਪਹਿਚਾਣ ਲਈ ਮਾਪਦੰਡ

ਤੇ ਉਹਨਾਂ ਦੀ ਤਰੱਕੀ ਦੇ ਉਪਾਵਾਂ ’ਤੇ ਇਕੋ ਜਿਹੇ ਵਿਚਾਰ ਜਾਹਰ ਕੀਤੇ ਗਏ ਹਨ।

**ਅਧਿਆਇ** (11) **ਸਮਾਜਕ, ਸਿਖਿਅਕ ਖੇਤਰ ਸਰਵੇਖਣ-ਪਿਛੜੇਪਣ ਲਈ ਮਾਪਦੰਡ** - ਫਰਵਰੀ ਤੋਂ ਜੂਨ 1980 ਤਕ 407 ਜ਼ਿਲ੍ਹਿਆਂ ਵਿਚੋਂ 405 ਦਾ ਇਕ ਦੇਸ ਵਿਆਪੀ ਸਮਾਜਕ ਸਿਖਿਅਕ ਸਰਵੇਖਣ ਵੱਖ-ਵੱਖ ਰਾਜਾਂ ਦੇ ਆਰਥਕ ਤੇ ਅੰਕੜਾ ਬਿਉਰੋ ਦੇ ਸਹਿਯੋਗ ਨਾਲ ਕੀਤਾ ਗਿਆ। ਸਰਵੇਖਣ ਰਾਹੀਂ ਹਾਸਲ ਵਿਸਥਾਰਿਤ ਅੰਕੜਿਆਂ ਨੂੰ ਸੂਚੀਬੱਧ ਕੀਤਾ ਗਿਆ ਅਤੇ ਇਹਨਾਂ ਅੰਕੜਿਆਂ ਤੋਂ ਹਰੇਕ ਸੂਬੇ ਤੇ ਕੇਂਦਰ ਸਾਸ਼ਿਤ ਪ੍ਰਦੇਸ਼ ਲਈ 31 ਮੁਢਲੀਆਂ ਸਾਰਣੀਆਂ ਬਣਾਈਆਂ ਗਈਆਂ। ਇਹਨਾਂ ਸਾਰਣੀਆਂ ਦੇ ਅਧਾਰ ’ਤੇ ਸਮਾਜਕ ਤੇ ਸਿਖਿਅਕ ਪਿਛੜੇਪਣ ਲਈ 11 ਸੂਚਕ ਜਾਂ ਮਾਪਦੰਡ ਅਪਣਾਏ ਗਏ ਤੇ ਉਹਨਾਂ ਨੇ ਤਿੰਨ ਵਿਸਥਾਰਿਤ ਸੁਰਖੀਆਂ ਦੇ ਤਹਿਤ ਰੱਖਿਆ ਗਿਆ ਭਾਵ ਸਮਾਜਕ, ਸਿਖਿਅਕ ਤੇ ਆਰਥਕ। ਇਹਨਾਂ ਦੇ ਮਹੱਤਵ ਨੂੰ ਧਿਆਨ ’ਚ ਰੱਖਦੇ ਹੋਏ ਸਮਾਜਕ ਸੂਚਕਾਂ ਵਿਚੋਂ ਹਰੇਕ ਨੂੰ 3 ਅੰਕ ਸਿਖਿਆ ਸੂਚਕਾਂ ਨੂੰ ਦੋ ਅੰਕ ਅਤੇ ਆਰਥਕ ਸੂਚਕ ਨੂੰ ਇਕ ਅੰਕ ਦਿੱਤਾ ਗਿਆ। ਇਸ ਤਰ੍ਹਾਂ ਇਹਨਾਂ ਦੀ ਕੁਲ ਗਿਣਤੀ 22,32 ਤੱਕ ਪਹੁੰਚ ਗਈ। ਇਹਨਾਂ ਸਾਰੇ 11 ਸੂਚਕਾਂ ਨੂੰ ਸੰਗਣ ਰਾਹੀਂ ਹਰੇਕ ਸੂਬੇ ਲਈ ਬਣਾਈ ਗਈ ਸੂਚੀਬੱਧ ਜਾਤੀ ਲਈ ਲਾਗੂ ਕੀਤਾ ਗਿਆ। ਜਿਹਨਾਂ ਜਾਤੀਆਂ ਨੂੰ ਇਸ ਮਾਪਕ ਦੇ ਅਧਾਰ ’ਤੇ ਘੱਟੋ ਘੱਟ ਅੰਕ ਮਿਲੇ ਉਹਨਾਂ ਨੂੰ ਸਮਾਜਕ ਤੇ ਸਿਖਿਅਕ ਤੌਰ ’ਤੇ ਪਿਛੜੇ ਹੋਏ ਸੂਚੀਬੱਧ ਕੀਤਾ ਗਿਆ।

**ਅਧਿਆਇ** (12) **ਹੋਰ ਪਿਛੜੇ ਵਰਗਾਂ ਦੀ ਪਹਿਚਾਣ** - ਹਰੇਕ ਸੂਬੇ ’ਚ ਸਮਾਜਕ, ਸਿਖਿਅਕ ਸਰਵੇਖਣ ਦੇ ਸਿੱਟੇ ਵਜੋਂ ਅਨੇਕਾਂ ਜਾਤੀਆਂ ਦੀ ਪਹਿਚਾਣ ਕੀਤੀ ਗਈ ਹੈ ਕਿਉਂਕਿ ਇਸ ਸਰਵੇਖਣ ਦੇ ਘੇਰੇ ਵਿਚ ਨਾ ਸਿਰਫ ਦੋ ਪਿੰਡਾਂ ਤੇ ਇਕ ਸ਼ਹਿਰੀ ਡਵੀਜਨ ਨੂੰ ਲਿਆ ਗਿਆ ਸੀ ਤਾਂ ਇਹ ਸੁਭਾਵਿਕ ਸੀ ਕਿ ਕਾਫੀ ਜਾਤੀਆਂ ਇਸ ਵਿਚੋਂ ਰਹਿ ਗਈਆਂ, ਕੁਝ ਕੇਸਾਂ ’ਚ ਨਮੂਨੇ ਦਾ ਆਕਾਰ ਏਨਾ ਛੋਟਾ ਸੀ ਕਿ ਸਿੱਟੇ ਵਿਸ਼ਵਾਸਯੋਗ ਨਹੀਂ ਸਨ। ਪਹਿਲਾਂ ਭਾਰਤ ਦੇ ਮਹਾਂਪੰਜਕੀਆ ਦੇ 1961 ਦੇ ਸੰਕਲਨ ’ਚ ਸ਼ਾਮਲ ਆਦਿਮ ਜਨਜਾਤੀਆਂ, ਬ੍ਰਹਾ ਜਨਜਾਤੀਆਂ, ਅਪਰਾਧਿਕ ਜਾਤੀਆਂ ਆਦਿ ਦੇ 11 ਗਰੁੱਪਾਂ ਦੀ ਸੂਬਾਵਾਰ ਸੂਚੀ ਨੂੰ ਲਿਆ ਗਿਆ ਅਤੇ ਕਮਿਸ਼ਨ ਨੂੰ ਹੋਰ ਪਿਛੜੇ ਵਰਗਾਂ ਦੀਆਂ ਸੂਚੀਆਂ ’ਚ ਸ਼ਾਮਲ ਕੀਤਾ ਗਿਆ। ਅਜਿਹਾ ਇਸ ਲਈ ਕੀਤਾ ਗਿਆ ਸੀ ਕਿਉਂਕਿ ਇਹਨਾਂ ਜਨਜਾਤੀਆਂ ਦੇ ਸਮੂਹਾਂ ਦਾ ਸਮਾਜਕ ਤੇ ਸਿਖਿਅਕ ਪੱਧਰ ਕਰੀਬ ਕਰੀਬ ਅਨਸੂਚਿਤ ਜਾਤੀਆਂ ਤੇ ਅਨਸੂਚਿਤ ਜਨਜਾਤੀਆਂ ਦੇ ਬਰਾਬਰ ਸੀ ਦੂਜਾ ਲੋਕ ਰੂ-ਬ-ਰੂ ਤੇ ਕਮਿਸ਼ਨ ਦੇ ਮੈਂਬਰਾਂ ਦੀ ਨਿਜੀ ਜਾਣਕਾਰੀ ’ਤੇ ਅਧਾਰਤ, ਉਹਨਾਂ ਹੋਰ ਪਿਛੜੇ ਵਰਗਾਂ ਦੀ ਰਾਜਵਾਰ ਸੂਚੀ ਬਣਾਈ ਗਈ ਸੀ ਜੋ ਸਮਾਜਕ, ਸਿਖਿਅਕ ਸਰਵੇਖਣ ’ਚ ਸ਼ਾਮਲ ਨਹੀਂ ਕੀਤੇ ਜਾ ਸਕੇ ਸਨ।

ਇਹ ਵਿਮੁਖੀ ਦ੍ਰਿਸ਼ਟੀਕੋਣ ਦੇ ਸਿੱਟੇ ਵਜੋਂ ਹੋਰ ਪਿਛੜੇ ਵਰਗਾਂ ਦੀਆਂ ਸੂਬਾ ਸੂਚੀਆਂ ਤਿਆਰ ਕੀਤੀਆਂ ਗਈਆਂ ਸਨ। ਖੇਤਰ ਦੇ ਸਿੱਟਿਆਂ ’ਚ ਇਹ ਵੇਖਿਆ ਗਿਆ ਹੈ ਕਿ ਕੁਝ ਜਾਣੂ ਹੋਰ ਪਿਛੜੇ ਵਰਗਾਂ ਨੂੰ, ਜਿਹਨਾਂ ਨੇ ਵੱਖ-ਵੱਖ ਰਾਜ ਸਰਕਾਰਾਂ ਵਲੋਂ ਅਨਸੂਚਿਤ ਪਿਛੜੇ ਵਰਗਾਂ ਦੀਆਂ ਸੂਚੀਆਂ ’ਚ ਸ਼ਾਮਲ ਕੀਤਾ ਗਿਆ ਸੀ, ਸਰਵੇਖਣ ’ਚ “ਪਿਛੜਿਆਂ ਦੇ” ਦੇ ਰੂਪ ’ਚ ਨਹੀਂ ਰੱਖਿਆ ਗਿਆ ਹੈ। ਇਹ ਅੰਕੜਾ ਪ੍ਰਣਾਲੀ ’ਤੇ ਅਧਾਰਤ ਕਿਸੇ ਸਮਾਜਕ ਸਰਵੇਖਣ ’ਚ ਲਾਜ਼ਮੀ ਹੈ। ਅਜਿਹੀਆਂ ਤਰੁਟੀਆਂ

ਨੂੰ ਕਮਿਸ਼ਨ ਕੋਲ ਉਪਲੱਭਦ ਉਪਯੁਕਤ ਇੰਟਰਵਿਊ (ਤੱਥ) ਦੇ ਅਧਾਰ ’ਤੇ ਠੀਕ ਕੀਤਾ ਗਿਆ। ਗਿਆਰਾਂ ਸੂਚਕਾਂ ਦੇ ਮਾਪਦੰਡ ਨੂੰ, ਜਾਤੀ ਅਧਾਰਤ ਹੋਣ ਦੇ ਨਾਤੇ ਗੈਰ ਹਿੰਦੂ ’ਤੇ ਲਾਗੂ ਨਹੀਂ ਕੀਤਾ ਜਾ ਸਕਿਆ। ਇਸ ਨੂੰ ਧਿਆਨ ’ਚ ਰੱਖਦਿਆਂ ਗੈਰ ਹਿੰਦੂ ਪਿਛੜੇ ਫਿਰਕਿਆਂ ਦੀ ਪਹਿਚਾਣ ਕਰਨ ਲਈ ਤਿੰਨ ਮਾਪਦੰਡ ਦਾ ਅਲੱਗ ਟੈਸਟ ਤਿਆਰ ਕੀਤਾ ਗਿਆ ਸੀ। ਉਪਲੱਬਧ ਜਨਗਣਨਾ ਅੰਕੜਿਆਂ ਦੇ ਅਧਾਰ ’ਤੇ ਹਿੰਦੂ ਤੇ ਗੈਰ ਹਿੰਦੂ ਪਿਛੜੇ ਵਰਗਾਂ ਦੀ ਗਿਣਤੀ (ਅਬਾਦੀ) ਦਾ ਅਨੁਮਾਨ ਭਾਰਤ ਦੀ ਕੁਲ ਅਬਾਦੀ ਦਾ 52 ਫੀਸਦੀ ਲਾਇਆ ਗਿਆ ਸੀ। ਇਹ ਅਨਸੂਚਿਤ ਜਾਤੀ ਤੇ ਅਨਸੂਚਿਤ ਜਨਜਾਤੀ ਦੀ ਅਬਾਦੀ ਤੋਂ ਇਲਾਵਾ ਹੈ ਜੋ 22.5 ਫੀਸਦੀ ਹੈ।

# ਕੀ ਹੈ ਅੰਬੇਦਕਰ ਦੇ ਲੇਖਾਂ ਤੇ ਅੰਦੋਲਨਾਂ ਦਾ ਮੁਲਅੰਕਣ?

ਇਹ ਸਮਝਣਾ ਬੇਹੱਦ ਜ਼ਰੂਰੀ ਹੈ ਕਿ ਅੰਬੇਦਕਰ ਦੇ ਲੇਖਾਂ ਤੇ ਅੰਦੋਲਨਾਂ ਦੇ ਸਕਾਰਤਮਕ ਤੇ ਨਾਕਾਰਤਮਕ ਪਹਿਲੂ ਕਿਹੜੇ ਕਿਹੜੇ ਹਨ? ਦਲਿਤਾਂ ਦੀਆਂ ਸਮੱਸਿਆਵਾਂ ਤੇ ਜਾਤੀ ਸੁਆਲ ਬਾਰੇ ਕੀ ਗ੍ਰਹਿਣ ਕਰਨਾ ਚਾਹੀਦੈ ਅਤੇ ਕੀ ਛੱਡ ਦੇਣਾ ਚਾਹੀਦਾ ਹੈ?

* ਅੰਬੇਦਕਰ ਨੇ ਦੇਸ਼ ਦੇ ਸਾਰੇ ਲੋਕਾਂ ਨੂੰ ਛੂਆ-ਛੂਤ ਦੀ ਸਮੱਸਿਆ ਤੋਂ ਜਾਣੂ ਕਰਵਾਇਆ। ਉਹਨਾਂ ਨੇ ਇਸ ਦੁਰਾਚਰਣ ਵਿਰੁੱਧ ਸੰਘਰਸ਼ ਨੂੰ ਰਾਜਸੀ ਅਧਿਕਾਰਾਂ ਦੀ ਲੜਾਈ ਦਾ ਰੂਪ ਦਿੱਤਾ।

* ਭਾਵੇਂ ਕਿ ਰਾਖਵੇਂਕਰਨ ਸਬੰਧੀ ਅੰਦੋਲਨ ਅੰਬੇਦਕਰਨ ਤੋਂ ਪਹਿਲਾਂ ਹੀ ਸ਼ੁਰੂ ਹੋ ਗਿਆ ਸੀ, ਉਹਨਾਂ ਨੇ ਉਸ ਸੰਘਰਸ਼ ਨੂੰ ਉਦੋਂ ਤੱਕ ਜਾਰੀ ਰੱਖਿਆ ਜਦੋਂ ਤਕ ਰਾਖਵਾਂਕਰਨ ਹਾਸਲ ਨਹੀਂ ਹੋ ਗਿਆ। ਰਾਖਵੇਂਕਰਨ ਦੇ ਚੱਲਦਿਆਂ ਹੀ ਇਹ ਸੰਭਵ ਹੋ ਸਕਿਆ ਕਿ ਨਿਮਨ ਜਾਤੀ ਦੀ ਘੱਟੋ ਘੱਟ ਕੁਝ ਅਬਾਦੀ ਲਈ ਉਚ ਸਿਖਿਆ ਤੇ ਸਰਕਾਰੀ ਨੌਕਰੀਆਂ 'ਚ ਉਚ ਅਹੁਦੇ ਮਿਲਣੇ ਸੌਖੇ ਹੋ ਗਏ।

* ਛੂਆ-ਛੂਤ ਦੇ ਸੁਆਲ 'ਤੇ ਅੰਬੇਦਕਰ ਨੇ ਕਾਂਗਰਸ ਤੇ ਗਾਂਧੀ ਨੂੰ ਨੰਗਿਆਂ ਕੀਤਾ। ਜੇ ਅੰਬੇਦਕਰਨ ਨੇ ਉਹਨਾਂ ਦਾ ਪਰਦਾਫਾਸ਼ ਨਾ ਕੀਤਾ ਹੁੰਦਾ ਤਾਂ ਸਭ ਲੋਕ ਹੁਣ ਵੀ ਇਹੀ ਸਮਝਦੇ ਰਹਿੰਦੇ ਕਿ ਗਾਂਧੀ ਨੂੰ ਛੂਆ-ਛੂਤ ਦੀ ਕਿੰਨੀ ਚਿੰਤਾ ਸੀ। ਹੁਣ ਘੱਟੋ ਘੱਟ ਕੁਝ ਲੋਕ ਤਾਂ ਗਾਂਧੀ ਦੀ ਸੱਚਾਈ ਜਾਣ ਚੁੱਕੇ ਹਨ।

* ਅੰਬੇਦਕਰ ਨੇ ਨਾ ਸਿਰਫ ਛੂਆ-ਛੂਤ ਵਿਰੁੱਧ ਪ੍ਰਚੰਡ ਵਿਰੋਧ ਜਾਹਿਰ ਕੀਤਾ ਬਲਕਿ ਪੂਰੀ ਜਾਤੀ ਪ੍ਰਣਾਲੀ ਵਿਰੁੱਧ ਉਹਨਾਂ ਨੇ ਜੰਗ ਛੇੜ ਦਿੱਤੀ।

* ਉਹਨਾਂ ਨੇ ਲੋਕਾਂ ਨੂੰ ਹਿੰਦੂ ਧਰਮ ਛੱਡਣ ਦਾ ਸੁਝਾਅ ਦਿੱਤਾ ਜਿਸ ਵਿਚ ਕਿ ਹੁਣ ਵੀ ਜਾਤੀ ਵਖਰੇਵੇਂ ਮੌਜੂਦ ਹਨ। ਉਹਨਾਂ ਨੇ ਖੁਦ ਵੀ ਇਸ ਧਰਮ ਨੂੰ ਛੱਡਿਆ ਕਿਉਂਕਿ ਇਹ ਸਭ ਦ੍ਰਿਸ਼ਟੀ ਕੋਣ ਨਿਮਨ ਜਾਤੀਆਂ ਦੀ ਬੇਹਤਰੀ ਲਈ ਹਨ, ਸਾਨੂੰ ਨਿਸ਼ਚੈ ਹੀ ਇਹ ਮੰਨਣਾ ਚਾਹੀਦਾ ਹੈ ਅਤੇ ਇਸ ਦੀ ਪ੍ਰਸੰਸ਼ਾ ਕਰਨੀ ਚਾਹੀਦੀ ਹੈ। ਫਿਰ ਵੀ ਇਹਨਾਂ ਦ੍ਰਿਸ਼ਟੀਕੋਣਾਂ ਦੇ ਨਾਲ ਨਾਲ ਕਈ ਅਜੇ ਦ੍ਰਿਸ਼ਟੀਕੋਣ ਹਨ ਜੋ ਨਿਮਨ ਜਾਤੀਆਂ ਨੂੰ ਬਹੁਤ ਨੁਕਸਾਨ ਪਹੁੰਚਾਉਂਦੇ ਹਨ ਤੇ ਇਸ ਲਈ ਇਹਨਾਂ ਨੂੰ ਪੂਰੀ ਤਰ੍ਹਾਂ ਛੱਡ ਦੇਣਾ ਹੋਵੇਗਾ। ਇਹ ਅੰਬੇਦਕਰ ਦੀ ਸਖ਼ਸ਼ੀਅਤਾਂ ਦਾ ਅੰਤਰ ਵਿਰੋਧ ਹਨ। ਇਹੀ ਭਿਆਨਕ ਟ੍ਰੈਜਡੀ ਹੈ। ਅੰਬੇਦਕਰ ਨੇ ਕੱਟੜ-ਪੰਥੀਆਂ ਤੋਂ ਵੀ ਵੱਧ ਧਾਰਮਿਕ ਆਸਥਾਵਾਂ ਦਾ ਬਚਾਅ ਕੀਤਾ ਪਰ 'ਤਰਕਸ਼ੀਲਤਾ' ਦੇ ਨਾਂ ਹੇਠ ਉਹਨਾਂ ਨੂੰ ਬੁੱਧ ਧਰਮ 'ਚ ਕੋਈ ਵਿਵੇਕਸ਼ੀਲ ਪੱਖ ਨਹੀਂ ਮਿਲਿਆ। ਬੁੱਧ ਧਰਮ ਦੀ ਵਿਆਖਿਆ ਉਹਨਾਂ ਨੇ ਆਪਣੇ ਢੰਗ ਨਾਲ ਕੀਤੀ ਅਤੇ ਜੋ ਵੀ ਵਰਨਣ ਕੀਤਾ ਉਸ 'ਚ ਦੂਜੇ ਧਰਮਾਂ ਵਾਂਗੂੰ ਹੀ ਅੰਧਵਿਸ਼ਵਾਸੀ ਧਾਰਨਾਵਾਂ ਦੀ ਭਰਮਾਰ ਹੈ। ਇਸ ਤਰ੍ਹਾਂ ਉਹਨਾਂ ਦਾ ਅਰਥਸਾਸ਼ਤਰ ਵੀ ਉਹੀ ਹੈ ਜੋ ਲੁਟੇਰੀ ਆਮਦਨੀ ਤੇ ਸੋਸ਼ਣਕਾਰੀ ਜਾਇਦਾਦ ਅਧਿਕਾਰਾਂ ਦੀ ਹਮਾਇਤ ਕਰਦਾ ਹੈ। ਉਹਨਾਂ ਦਾ ਦਰਸ਼ਨ ਉਹਨਾਂ ਦੀ ਰਾਜਨੀਤੀ ਤੇ ਸਭ ਕੁਝ ਲੁੱਟ ਦੇ ਸੰਬੰਧਾਂ ਅਨੁਸਾਰ ਹੈ। ਜਦ ਕੋਈ ਇਸ ਸੱਚਾਈ ਤੋਂ ਮੂੰਹ ਫੇਰ ਲੈਂਦਾ ਹੈ ਕਿ ਕਿਰਤ ਹੀ ਉਹ ਚੀਜ਼ ਹੈ ਜੋ ਇਨਸਾਨਾਂ ਤੇ ਜਾਨਵਰਾਂ 'ਚ ਫਰਕ ਕਰਦੀ ਹੈ ਅਤੇ ਇਹ ਕਿ ਮਨੁੱਖੀ

ਸਮਾਜ ਕਿਰਤ ਸੰਬੰਧਾਂ ਦਾ ਕੁਲ ਜੋੜ ਹੁੰਦਾ ਹੈ ਤਦ ਉਹ ਕਿਸੇ ਵੀ ਮੁੱਦੇ ਨੂੰ ਸਤਹੀ ਤੌਰ 'ਤੇ ਹੀ ਸਮਝ ਸਕਦਾ ਹੈ ਅਤੇ ਉਸ ਲਈ ਇਸ ਤੋਂ ਸਿਵਾਏ ਕੋਈ ਹੋਰ ਰਾਹ ਨਹੀਂ ਬਚਿਆ ਰਹਿੰਦਾ। ਜੋ ਲੋਕ ਕਿਰਤ ਸੰਬੰਧਾਂ ਵੱਲ ਅੱਖਾਂ ਮੀਟ ਲੈਂਦੇ ਹਨ, ਉਹ ਅਜਿਹਾ ਹੀ ਕਰਦੇ ਹਨ, ਇਹੀ ਅੰਬੇਦਕਰ ਨੇ ਵੀ ਕੀਤਾ। ਡਾ. ਬੀ ਆਰ ਅੰਬੇਦਕਰ ਨੇ ਜਿਸ ਬੁੱਧੀ ਤੇ ਤਰਕਸ਼ੀਲਤਾ ਨੂੰ ਜਾਤੀ ਮੱਤਭੇਦਾਂ ਸਬੰਧੀ ਲਾਗੂ ਕੀਤਾ। ਉਸ ਦਾ ਥੋੜ੍ਹਾ ਜਿੰਨਾ ਹਿੱਸਾ ਵੀ ਉਹਨਾਂ ਨੇ ਜਾਇਦਾਦ ਅਧਿਕਾਰਾਂ ਬਾਰੇ ਲਾਗੂ ਨਹੀਂ ਕੀਤਾ। ਅੰਬੇਦਕਰ ਵੀ ਉਹਨਾਂ ਦੋਸ਼ੀਆਂ 'ਚ ਸ਼ਾਮਲ ਹੋ ਗਏ ਜੋ ਲੁਟੇਰੇ ਸਬੰਧਾਂ ਦੀ ਹਮਾਇਤ ਕਰਦੇ ਹਨ। ਉਹ ਅਣਗਿਣਤ ਵਿਰੋਧਾਂ 'ਚ ਫਸ ਚੁੱਕੇ ਸਨ। ਜਦ ਅੰਬੇਦਕਰ ਨੇ ਆਪਣਾ ਲਿਖਣਾ ਸ਼ੁਰੂ ਕੀਤਾ ਤਾਂ ਉਸੇ ਪਲ ਤੋਂ ਹੀ ਉਹਨਾਂ 'ਚ ਇਹ ਅਧਾਰਹੀਣ ਵਿਸ਼ਵਾਸ ਘਰ ਕਰ ਗਿਆ ਸੀ ਕਿ ਉਹ ਇਕ ਮਹਾਨ ਬੁੱਧੀਜੀਵੀ ਹਨ। ਇਸ ਨਾਲ ਇਕ ਤਰ੍ਹਾਂ ਦੇ ਗ਼ਲਤ ਤਰਕ ਸਾਸ਼ਤਰ ਦਾ ਜਨਮ ਹੋਇਆ ਭਾਵ ਕਿ ਮੈਂ ਜੋ ਲਿਖਿਆ ਉਹੀ ਤਰਕ ਸ਼ਾਸ਼ਤਰ ਹੈ। ਅੰਬੇਦਕਰ ਜਦ ਵੀ ਕਿਸੇ ਸਮੱਸਿਆ ਦਾ ਅਧਿਐਨ ਕਰ ਲੈਂਦੇ ਸਨ ਤਾਂ ਹਰ ਪਲ ਇਹ ਜਤਾਉਂਦੇ ਸਨ ਕਿ ਕਿਸੇ ਨੂੰ ਵੀ ਇਸ ਸੱਮਸਿਆ ਦਾ ਕਾਰਨ ਨਹੀਂ ਮਿਲ ਸਕਿਆ ਸੀ ਤੇ ਸਿਰਫ ਮੈਂ ਹੀ ਉਸ ਨੂੰ ਖੋਜਿਆ ਹੈ। ਪਰ ਉਸ ਦੇ 1916 ਦੇ ਲੇਖ 'ਭਾਰਤ 'ਚ ਜਾਤੀ ਪ੍ਰਥਾ' ਤੋਂ ਲੈ ਕੇ 1956 ਦੇ ਲੇਖ 'ਬੁੱਧ ਜਾਂ ਕਾਰਲ ਮਾਰਕਸ' ਤਕ ਉਹਨਾਂ ਦੀ ਕੋਈ ਵੀ ਰਚਨਾ ਨਾ ਤਾਂ ਤਰਕ-ਯੁਕਤ ਰਹੀ ਤੇ ਨਾ ਹੀ ਸੱਚਵਾਦੀ ਇਹਨਾਂ ਲੇਖਾਂ 'ਚ ਪਾਠਕਾਂ ਨੂੰ ਅਣਗਿਣਤ ਭੇੜ ਦੇਖਣ ਨੂੰ ਮਿਲਦੇ ਹਨ। ਅੰਬੇਦਕਰ ਦੀ ਖੋਜ ਨਾਲ ਕਿਸੇ ਸਮੱਸਿਆ ਦਾ ਮੂਲ ਕਾਰਨ ਹੀ ਪੇਸ਼ ਹੋਇਆ? ਜੇ ਆਪਾਂ ਉਹਨਾਂ ਦੀਆਂ ਰਚਨਾਵਾਂ ਨੂੰ ਕ੍ਰਮਬੱਧ ਤਰੀਕੇ ਨਾਲ ਯਾਦ ਕਰੀਏ ਤਾਂ ਗੱਲ ਸਾਫ ਹੋ ਜਾਵੇਗੀ। ਉਹਨਾਂ ਨੇ ਆਪਣੇ ਲਖੇ 'ਚ ਜਾਤੀਆਂ ਦੀ ਉਤਪਤੀ ਦਾ ਕੀ ਕਾਰਨ ਦੱਸਿਆ? ਉਨ੍ਹਾਂ ਦਾ ਕਹਿਣਾ ਸੀ ਕਿ ਜਾਤੀਆਂ ਦੀ ਉਤਪਤੀ ਸਜਾਤੀ ਵਿਆਹ ਦੇ ਕਾਰਨ ਹੋਈ ਅਤੇ ਬ੍ਰਾਹਮਣਾਂ ਨੇ ਆਪਣੇ ਦਾਬਾ ਤੇ ਵਿਸ਼ੇਸ਼ ਅਧਿਕਾਰਾਂ ਨੂੰ ਕਾਇਮ ਰੱਖਣ ਲਈ ਸਹਿਜਾਤੀ ਵਿਆਹ ਦੀ ਪ੍ਰਣਾਲੀ ਸ਼ੁਰੂ ਕੀਤੀ। ਜਿਸ ਦਾ ਅਰਥ ਇਹ ਹੋਇਆ ਕਿ ਬ੍ਰਾਹਮਣਾਂ ਦਾ ਦਾਬਾ ਉਸ ਕਾਲ ਤੋਂ ਸੀ ਜਦ ਜਾਤੀ ਮੌਜੂਦ ਨਹੀਂ ਸੀ 'ਦਾਸੋਚਿਤ' ਵਰਣ ਦੇ ਰੂਪ 'ਚ ਸ਼ੂਦਰ ਵਰਣ ਦੀ ਹੋਂਦ ਵਰਣ ਵਿਵਸਥਾ ਦੇ ਅਰਸੇ ਦੌਰਾਨ ਵੀ ਸੀ। ਐਸੀ ਦਸ਼ਾ 'ਚ ਵਰਣਾਂ ਤੇ ਜਾਤੀਆਂ 'ਚ ਕੀ ਫਰਕ ਹੈ? ਅੰਬੇਦਕਰ ਦਾ ਕਹਿਣਾ ਹੈ ਕਿ ਇਕ ਐਸਾ ਸਮਾਂ ਸੀ ਜਦ ਸਿਰਫ ਤਿੰਨ ਹੀ ਉਚ ਵਰਣ ਸਨ। ਉਸ ਅਰਸੇ 'ਚ ਜਦ ਕਿ ਅਜੇ ਚਾਰ ਵਰਣ ਹੋਂਦ 'ਚ ਹੀ ਨਹੀਂ ਆਏ ਸਨ। ਬ੍ਰਾਹਮਣਾਂ ਨੂੰ ਅਜਿਹੇ ਵਿਸ਼ੇਸ਼ ਅਧਿਕਾਰ ਹਾਸਲ ਹਨ ਜੋ ਕਿ ਉਹਨਾਂ ਦਾ ਜਮਾਂਦਰੂ ਅਧਿਕਾਰ ਸੀ। ਇਕ ਪਾਸੇ ਤਾਂ ਉਨ੍ਹਾਂ ਨੇ ਅਜਿਹੇ ਵਿਸ਼ੇਸ਼ ਅਧਿਕਾਰਾਂ ਬਾਰੇ ਦੱਸਿਆ ਅਤੇ ਦੂਜੇ ਪਾਸੇ ਇਹਨਾਂ ਦਾ ਤਰਕ ਇਹ ਸੀ ਕਿ ਵਰਣ ਜਮਾਂਦਰੂ ਨਹੀਂ ਸਨ ਬਲਕਿ ਸਿਰਫ ਜਾਤੀਆਂ ਜਮਾਂਦਰੂ (ਪਿਤਾ ਪੁਰਖੀ) ਸਨ ਇਕ ਹੀ ਵਿਅਕਤੀ, ਜਿਸ ਨੇ ਤਿੰਨ ਵਰਣਾਂ ਦੇ ਕਾਲ ਦੌਰਾਨ ਵਰਣਾਂ ਨੂੰ ਜਮਾਂਦਰੂ ਦੱਸਿਆ ਸੀ। ਉਸ ਨੇ ਅਨੇਕਾਂ ਤਰਕ ਪੇਸ਼ ਕੀਤੇ ਜਿਵੇਂ ਕਿ ਚਾਰ ਵਰਣਾਂ ਦੇ ਕਾਲ 'ਚ ਚਾਰ ਸਾਲਾਂ 'ਚ ਇਕ ਵਾਰੀ ਵਰਣ ਤਬਦੀਲ ਹੋਇਆ ਕਰਦਾ ਸੀ, ਇਹ ਕਿ ਬ੍ਰਾਹਮਣ ਤੇ ਸ਼ੂਦਰ ਆਪਸੀ ਸ਼ੂਦਰ ਤੇ ਬ੍ਰਾਹਮਣ ਹੋ ਜਾਂਦੇ ਸਨ, ਇਹ ਕਿ ਸ਼ੂਦਰ ਵੀ ਗੁਰੂ ਕੁਲਾਂ 'ਚ 12 ਸਾਲਾਂ ਤੱਕ ਪੜ੍ਹਾਈ ਕਰਦੇ ਸਨ ਅਤੇ ਇਹ ਕਿ ਨਿਮਨ ਜਾਤੀ ਦੇ ਲੋਕਾਂ ਨੇ ਸਵੈ ਇੱਛਾ ਖੁਦ ਹੀ ਜਾਤੀ ਪ੍ਰਣਾਲੀ ਬਣਾ ਲਈ।

ਉਹਨਾਂ ਨੇ ਜਾਤੀਆਂ ਦੀ ਸਮੱਸਿਆ ਪਿੱਛੋਂ 'ਵਾਧੂ ਔਰਤਾਂ ਤੇ ਵਾਧੂ ਮਰਦਾਂ' ਦੇ ਤਰਕ ਨੂੰ ਜਨਮ ਦਿੱਤਾ। ਇਸ ਗੱਲ ਦੀ ਉਹਨਾਂ ਨੂੰ ਭੋਰਾ-ਭਰ ਵੀ ਸਹਿਜ ਬੁੱਧੀ ਨਹੀਂ ਸੀ ਕਿ ਜਦ ਮਰਦ ਤੇ ਔਰਤ ਦੋਨੋਂ ਮੁਹੱਈਆ ਸਨ ਤਾਂ ਉਨ੍ਹਾਂ ਦੇ ਪੁਨਰ ਵਿਆਹ 'ਚ ਕੋਈ ਸਮੱਸਿਆ ਅੜਿੱਕਾ ਨਹੀਂ ਬਣੇਗੀ। ਉਹਨਾਂ ਦਾ ਤਰਕ ਇਹ ਸੀ ਕਿ ਸਤੀ ਵਰਗੀਆਂ ਸਮਸਿਆਵਾਂ ਪੈਦਾ ਹੋਈਆਂ ਅਤੇ ਇਹ ਦਾਅਵਾ ਕੀਤਾ ਕਿ ਇਕੱਲੇ ਉਹਨਾਂ ਨੇ ਹੀ ਇਸ ਤੱਥ ਦੀ ਖੋਜ ਕੀਤੀ। ਉਹ ਕਦੀ ਤਾਂ ਇਹ ਕਹਿੰਦੇ ਹਨ ਕਿ 'ਵਰਣ ਵਿਵਸਥਾ ਜਾਤੀ ਪ੍ਰਣਾਲੀ ਤੋਂ ਉਤਮ ਹੈ' ਅਤੇ ਕਦੀ ਇਹ ਕਹਿੰਦੇ ਹਨ ਕਿ ਇਕ 'ਨਾਗਨਾਥ' ਤੇ ਦੂਜਾ 'ਸਾਂਪਨਾਥ'-ਕੀ ਅਜਿਹੇ ਭਾਂਤ-ਭਾਂਤ ਦੇ ਤਰਕਾਂ ਨਾਲ ਅੰਬੇਦਕਰ ਇਹ ਦੱਸ ਸਕਦੇ ਹਨ ਕਿ ਜਾਤੀਆਂ ਦੀ ਉਤਪਤੀ ਕਿਵੇਂ ਹੋਈ ਅਤੇ ਜਾਤੀ ਪ੍ਰਣਾਲੀ ਤੇ ਵਰਣ ਪ੍ਰਣਾਲੀ 'ਚ ਕੀ ਫਰਕ ਹੈ?

ਠੀਕ ਹੈ! ਪਰ ਸ਼ੂਦਰ ਕੌਣ ਸਨ? ਨਾਂ ਦੇ ਲੇਖ 'ਚ ਉਹਨਾਂ ਨੇ ਕਿਸ ਗੱਲ ਦੀ ਖੋਜ ਕੀਤੀ? ਉਹਨਾਂ ਨੇ ਇਹ ਕਹਿਣਾ ਸ਼ੁਰੂ ਕੀਤਾ ਕਿ ਸ਼ੂਦਰ ਸ਼ਾਖਾ ਦੇ ਖੱਤਰੀ ਸੂਰੀਆਵੰਸ਼ੀ ਸਨ ਅਤੇ ਵੀਰਤਾ ('ਪੁਰਸ਼ ਯੁਕਤ') ਲਈ ਜਾਣੇ ਜਾਂਦੇ ਸਨ ਜਦ ਕਿ ਬਾਕੀ ਖੱਤਰੀ ਕਾਇਰ ("ਮੰਦਬੁੱਧੀ ਤੇ ਆਤਮ ਸਨਮਾਨਹੀਣ") ਸਨ। ਸ਼ੂਦਰ ਕੌਣ ਸਨ? 'ਚ ਸਮੁੱਚੀ ਖੋਜ ਇਸ ਤਰਕ 'ਤੇ ਅਧਾਰਤ ਹੈ ਇਹਨਾਂ ਦਾ ਕਹਿਣਾ ਇਹ ਵੀ ਸੀ ਕਿ ਉਸ ਕਾਲ 'ਚ 'ਭਰਤਯ' ਵਰਣ ਦੀ ਕੋਈ ਹੋਂਦ ਨਹੀਂ ਸੀ ਅਤੇ ਸਿਰਫ ਉਚ ਵਰਗ ਹੀ ਹੋਂਦ ਵਿਚ ਸਨ। ਸ਼ੁਰੂਆਤ 'ਚ ਉਹਨਾਂ ਨੇ ਮੌਜੂਦਾ ਸ਼ੂਦਰਾਂ ਦੇ ਇਤਿਹਾਸ ਦਾ ਵਰਨਣ ਕਰਨ ਦਾ ਦਾਅਵਾ ਕੀਤਾ ਸੀ ਜੋ ਕਿ ਭਾਰਤ ਦੀ ਅਬਾਦੀ ਦਾ 80% ਹਨ। ਪਰ ਅੰਤ ਵਿਚ ਉਹਨਾਂ ਨੇ ਇਹ ਸਿੱਟਾ ਕੱਢਿਆ ਕਿ ਪਹਿਲਾਂ ਤੇ ਅੱਜ ਦੇ ਸ਼ੂਦਰਾਂ 'ਚ ਕੋਈ ਸੰਬੰਧ ਨਹੀਂ ਹੈ। ਇਸ ਤਰ੍ਹਾਂ ਸ਼ੂਦਰ ਕੌਣ ਸਨ? ਸਿਰਲੇਖ ਦੇ ਤਹਿਤ ਇਹਨਾਂ ਨੇ ਜਿਸ ਮਿਹਨਤ ਨਾਲ ਅਧਿਐਨ ਸਮੱਗਰੀ ਪੇਸ਼ ਕੀਤੀ ਹੈ ਉਹ ਬੇਕਾਰ ਹੋ ਗਈ ਕਿਉਂਕਿ ਇਸ ਨਾਲ ਸਾਨੂੰ ਇਹ ਜਾਨਣ 'ਚ ਕੋਈ ਸਹਾਇਤਾ ਨਹੀਂ ਮਿਲਦੀ ਕਿ ਸ਼ੂਦਰ ਕੌਣ ਸਨ?

ਅਛੂਤ ਕੌਣ ਸਨ ਤੇ ਅਛੂਤ ਕਿਉਂ ਬਣੇ? ਨਾਂ ਦੇ ਲੇਖ 'ਚ ਇਹਨਾਂ ਨੇ ਕੀ ਕਿਹਾ। ਸ਼ੁਰੂ 'ਚ ਇਹਨਾਂ ਦਾ ਇਹ ਕਹਿਣਾ ਸੀ ਕਿ ਜੋ ਪਿੰਡਾਂ 'ਚ ਰਹਿੰਦੇ ਸਨ ਅਤੇ ਜੋ ਪਿੰਡਾਂ ਤੋਂ ਬਾਹਰ ਰਹਿੰਦੇ ਸਨ, ਉਹਨਾਂ 'ਚ ਕੋਈ ਵੀ ਅੰਤਰ-ਵਿਰੋਧ ਨਹੀਂ ਸਨ। ਜੋ ਪਿੰਡਾਂ ਦੀ ਚੌਂਕੀਦਾਰੀ ਕਰਦੇ ਸਨ ਉਹਨਾਂ ਨੇ ਸ਼ਾਇਦ ਬੁੱਧ ਗ੍ਰਹਿਣ ਕਰ ਲਿਆ ਹੋਵੇਗਾ। ਇਸ ਧਰਮ ਤਬਦੀਲੀ ਨਾਲ ਸ਼ਾਇਦ ਪਿੰਡ ਅੰਦਰ ਰਹਿਣ ਵਾਲੇ ਲੋਕ ਨਾਰਾਜ਼ ਹੋ ਗਏ ਹੋਣਗੇ। ਇਸ ਤਰ੍ਹਾਂ ਇਹਨਾਂ ਦੀ ਖੋਜ ਇਸ ਤਰ੍ਹਾਂ ਦੀਆਂ ਅਟਕਲਾਂ 'ਤੇ ਅਧਾਰਤ ਸੀ ਜਿਵੇਂ ਕਿ 'ਇਹ ਇਸ ਤਰ੍ਹਾਂ ਹੋਇਆ ਹੋਵੇਗਾ' 'ਇਹ ਉਸ ਤਰ੍ਹਾਂ ਹੋਇਆ ਹੋਵੇਗਾ' ਇਹਨਾਂ ਨੇ ਆਪਣੀ ਕਿਸੇ ਵੀ ਖੋਜ ਪਿੱਛੇ ਕੋਈ ਸਬੂਤ ਪੇਸ਼ ਨਹੀਂ ਕੀਤਾ। ਅਛੂਤਾਂ ਬਾਰੇ ਲੇਖ 'ਚ ਇਹਨਾਂ ਦਾ ਤਰਕ ਇਹ ਸੀ ਕਿ ਅਛੂਤਤਾ ਈਸਾ ਤੋਂ ਪਹਿਲਾਂ ਹੋਂਦ 'ਚ ਨਹੀਂ ਸੀ ਅਤੇ ਇਹ 400 ਈ: ਤਕ ਇਹ ਸ਼ੁਰੂ ਨਹੀਂ ਹੋਈਆਂ ਸੀ। ਕੀ ਇਹਨਾਂ ਨੇ ਅਜਿਹਾ ਤਰਕ ਨਹੀਂ ਦਿੱਤਾ ਸੀ? ਪਰ ਪਿੱਛੋਂ ਇਹ ਸਭ ਭੁੱਲ ਕੇ 'ਬੁੱਧ ਤੇ ਉਨ੍ਹਾਂ ਦਾ ਧਰਮ 'ਚ ਉਨ੍ਹਾਂ ਤੇ ਇਹੀ ਵਿਖਾਇਆ ਹੈ ਕਿ ਅਛੂਤਤਾ ਤਾਂ ਬੁੱਧ ਦੇ ਸਮੇਂ 'ਚ ਵੀ ਮੌਜੂਦ ਸੀ ਅਤੇ ਇਹ ਬੁੱਧ ਦੀ ਮਾਹਨਤਾ ਸੀ ਕਿ ਉਹਨਾਂ ਨੇ ਅਛੂਤਾਂ ਨੂੰ ਵੀ ਆਪਣੇ ਚੇਲਿਆਂ 'ਚ ਸ਼ਾਮਲ ਕੀਤਾ। ਬ੍ਰਾਹਮਣਾਂ ਵਿਰੁੱਧ ਇਹ ਗੰਭੀਰ

ਦੋਸ਼ ਹੈ ਕਿ ਉਹਨਾਂ ਨੇ ਕਲਯੁੱਗ ਦੇ ਅਰਸੇ ਨੂੰ ਲੰਬਾ ਕਰ ਦਿੱਤਾ। ਮਹਾਂਭਾਰਤ ਦਾ ਰਚੇਤਾ ਇਕ ਥਾਂ ਸੱਚਵਾਦੀ ਹੈ ਅਤੇ ਦੂਜੀ ਥਾਂ ਅਸੱਤਸ਼ੀਲ ਹੋ ਜਾਂਦਾ ਹੈ। ਦੋਨੋਂ ਟਿੱਪਣੀਆਂ ਇਕ ਹੀ ਖੋਜ 'ਚ ਮਿਲਦੀਆਂ ਹਨ। ਅੰਬੇਦਕਰ ਤਰਕ ਤੇ ਤਰਕ ਦਿੰਦੇ ਰਹੇ ਕਿ ਗੁਲਾਮ ਛੂਆ-ਛੂਤ ਤੋਂ 'ਬੇਹਤਰ' ਹੈ ਅਤੇ ਅੰਤ 'ਚ ਇਸ ਸਿੱਟੇ 'ਤੇ ਆ ਗਏ ਕਿ ਅਜਿਹਾ ਸੋਚਣਾ ਬਹੁਤ ਜਲਦਬਾਜ਼ੀ ਹੋਵੇਗੀ।

ਜਤੀ ਪ੍ਰਥਾ ਦੇ ਹੱਲ ਬਾਰੇ ਗੱਲ ਕਰਨਾ ਹੀ ਵਿਅਰਥ ਹੈ। ਇਹ ਉਹਨਾਂ ਦੀ 'ਮਹਾਨ ਕ੍ਰਾਂਤੀ' ਹੈ। ਪਰ ਅੰਬੇਦਕਰ ਨੇ ਇਸ ਕਿਤਾਬ 'ਚ ਜੋ ਨਿਚੋੜ ਕੱਢਿਆ ਉਹ ਇਹ ਹੈ : ਜਾਤੀ ਪ੍ਰਣਾਲੀ ਤਦ ਹੀ ਖਤਮ ਹੋ ਸਕਦੀ ਹੈ ਜਦ ਬ੍ਰਾਹਮਣ ਇਸ ਨਾਲ ਸਹਿਮਤ ਹੋ ਜਾਣ, ਨਹੀਂ ਤਾਂ ਨਹੀਂ। ਇਥੋਂ ਤੱਕ ਛੋਟੀਆਂ ਜਾਤੀਆਂ ਵੀ ਨਹੀਂ ਬਦਲਣਗੀਆਂ। ਕੁਲ ਮਿਲਾ ਕੇ ਜਾਤੀ ਪ੍ਰਥਾ ਦਾ ਹੱਲ ਅਸੰਭਵ ਹੈ। ਇਸ ਕਿਤਾਬ 'ਚ ਉਹਨਾਂ ਨੇ ਜੋ ਕੁਝ ਕਿਹਾ ਉਹ ਇਹੀ ਹੈ। ਇਹ ਸਹੀ ਹੈ ਕਿ ਮੌਜੂਦਾ 'ਚ ਨਿਮਨ ਜਾਤੀਆਂ ਅਣਭਿੱਜ ਹਨ। ਪਰ ਕੀ ਇਹ ਅਣਭਿਜਤਾ ਕੋਈ ਸੱਚ ਹੈ?

ਕੀ ਇਹਨਾਂ ਲੋਕਾਂ ਦੀ ਤਬਦੀਲੀ ਦੀ ਕੋਈ ਗੁਜਾਇਸ਼ ਨਹੀਂ? ਕਿ ਇਹਨਾਂ ਲੋਕਾਂ ਲਈ ਕੋਈ 'ਸਿਖਿਆ' ਜਾਂ 'ਪ੍ਰੋਗ੍ਰਾਮ' ਨਹੀਂ ਹੈ? ਇਸ ਲੇਖ ਨੇ ਨਿਮਨ ਜਾਤੀਆਂ ਨੂੰ ਕਿਹੜਾ ਰਾਹ ਵਿਖਾਇਆ? ਹੋਰ ਤਾਂ ਹੋਰ ਉਹਨਾਂ ਇਹ ਚੇਤਾਵਨੀ ਦਿੱਤੀ ਕਿ ਉਪਜਾਤੀਆਂ ਨਹੀਂ ਘੁਲਦੀਆਂ ਮਿਲਦੀਆਂ ਅਤੇ ਉਪ-ਜਾਤੀਆਂ ਦਾ ਆਪਸ 'ਚ ਘੁਲਣਾ ਮਿਲਣਾ ਖ਼ਤਰਨਾਕ ਹੈ। ਕਿਰਤ ਦੀ ਵੰਡ ਬਾਰੇ ਕੀ ਕਹਿਣਾ ਹੈ? ਅੰਬੇਦਕਰ ਨੇ ਇਹ ਖੁਦ ਮੰਨਿਆ ਹੈ ਕਿ ਹਿੰਦੂ ਧਰਮ ਕਿਰਤ ਵੰਡ 'ਤੇ ਅਧਾਰਤ ਹੈ ਜਿਸ ਦੇ ਤਹਿਤ ਨਿਮਨ ਜਾਤੀਆਂ ਨੂੰ ਗੰਦੇ ਕੰਮ ਸੌਂਪੇ ਜਾਂਦੇ ਸਨ ਅਤੇ ਉਚ ਜਾਤੀਆਂ ਨੂੰ ਸਾਫ ਸੁਥਰੇ ਕੰਮ। ਪਰ ਜੇ ਇਹ ਗੱਲ ਦੂਜੇ ਕਹਿਣ ਕਿ "ਜਾਤੀਆਂ ਤੇ ਕਿਰਤ ਵੰਡ 'ਚ ਡੂੰਘਾ ਰਿਸ਼ਤਾ ਹੈ" ਤਾਂ ਉਹ ਇਸ ਗੱਲ ਨੂੰ ਨਹੀਂ ਮੰਨਦੇ।

* ਉਹਨਾਂ ਨੇ 'ਪਦਸੋਪਾਨਿਕ ਕੰਮ' ਜਾਂ 'ਕਿਰਤੀਆਂ ਦੇ ਵਰਗੀਕਰਨ ਦਾ ਜ਼ਿਕਰ' ਕਿਰਤੀਆਂ ਦੀ ਵੰਡ ਵਜੋਂ ਕੀਤਾ ਹੈ। ਉਹਨਾਂ ਦਾ ਤਰਕ ਇਹ ਸੀ ਕਿ ਕਿਰਤੀਆਂ ਦੀ ਅਜਿਹੀ ਵੰਡ ਭਾਰਤ ਵਿਚ ਹੀ ਹੈ। ਪਰ ਕਿਰਤੀਆਂ ਦਾ 'ਪਦਸੋਪਾਨਿਕ ਕੰਮ' ਜਾਂ 'ਵਰਗੀਕਰਨ' ਤਾਂ ਸਾਰੇ ਦੇਸ਼ਾਂ 'ਚ ਹੀ ਹੈ। ਇਹ ਉਨ੍ਹਾਂ ਦੇਸ਼ਾਂ 'ਚ ਵੀ ਮੌਜੂਦ ਹੈ ਜਿੱਥੇ ਕੋਈ ਜਾਤੀ ਨਹੀਂ ਹੈ। ਇਸ ਲਈ ਅੰਬੇਦਕਰ ਨੇ ਜੋ ਖੋਜ ਕੀਤੀ ਉਸ 'ਚ ਕੁਝ ਵੀ ਨਵਾਂ ਨਹੀਂ ਹੈ।

* ਉਹਨਾਂ ਨੇ ਇਸ ਦਾਅਵੇ ਦੇ ਨਾਲ ਸ਼ੁਰੂ ਕੀਤਾ ਕਿ 'ਆਰਥਕ ਲੁੱਟ ਤੋਂ ਸੁਰੱਖਿਆ ਦੇ ਕੁਝ ਉਪਾਅ' ਪ੍ਰਸਤਾਵਿਤ ਕਰਨਗੇ, ਪਰ ਅੰਤ ਵਿਚ ਲੁਟੇਰੇ ਅਧਿਕਾਰਾਂ ਤੇ ਆਮਦਨ ਦੇ ਲੁਟੇਰੇ ਸਰੋਤਾਂ ਨੂੰ ਜਾਰੀ ਰੱਖਣ ਲਈ ਸੁਰੱਖਿਆ ਉਪਾਵਾਂ ਦਾ ਪ੍ਰਸਤਾਅ ਕੀਤਾ, ਹੋਰ ਤਾਂ ਹੋਰ ਇਹ ਅਧਿਕਾਰ ਤੇ ਆਮਦਨ ਪਿਤਾਪੁਰਖੀ ਹਨ ਅਤੇ ਅਣਵਰਤ ਰਹਿਣਗੇ ਜਾਂ ਇਕ ਤੇਲਗੂ ਕਹਾਵਤ ਦੀ ਵਰਤੋਂ ਕਰੀਏ ਤਾਂ ਇਹ ਤਦ ਤੱਕ ਰਹਿਣਗੇ 'ਜਦ ਤਕ ਚੰਦ ਤੇ ਸਿਤਾਰੇ ਰਹਿਣਗੇ'।

'ਮਾਰਕਸਵਾਦ ਪ੍ਰਤੀ ਅੰਬੇਦਕਰ ਦੀ ਘ੍ਰਿਣਾ ਬਾਰੇ ਗੱਲ ਕਰਨੀ ਲਾਜ਼ਮੀ ਹੈ ਜੋ ਵਿਅਕਤੀ ਦਲਿਤਾਂ ਦਾ ਨੁਮਾਇੰਦਾ ਹੋਵੇ ਉਸ ਲਈ ਮਾਰਕਸਵਾਦ ਇਕ ਪ੍ਰਤੀਰੋਧੀ ਸਿਧਾਂਤ ਕਿਵੇਂ ਬਣ ਗਿਆ? ਅਜਿਹਾ ਇਸ ਲਈ ਕਿਉਂਕਿ ਉਹਨਾਂ ਦੇ ਵਿਚਾਰ ਦਲਿਤਾਂ ਦੇ ਹਿੱਤਾਂ ਦੇ ਨਾਲ ਮਜ਼ਬੂਤੀ ਨਾਲ ਨਹੀਂ ਬੰਨੇ ਹਨ। ਇਹ ਸਭ ਜਿਸ ਨੇ ਉਹਨਾਂ

ਨੂੰ ਆਕ੍ਰਸ਼ਿਤ ਕੀਤਾ ਉਹ ਸੀ ਪੂੰਜੀਵਾਦੀ ਰਸਤਾ ਅਤੇ ਮਾਰਕਸਵਾਦ ਪ੍ਰਤੀ ਘ੍ਰਿਣਾ। ਉਨ੍ਹਾਂ ਨੇ ਇੱਕੇ-ਦੁੱਕੇ ਕੁਝ ਅਜਿਹੇ ਤਰਕ ਦੀ ਤਲਾਸ਼ ਸੀ ਜਿਸ ਨਾਲ ਮਾਰਕਸਵਾਦ ਨੂੰ ਨਕਾਰਿਆ ਜਾ ਸਕੇ। ਆਖ਼ਰ ਉਹਨਾਂ ਨੇ ਇਸ ਵਿਚ 'ਹਿੰਸਾ' ਤੇ 'ਤਾਕਤ ਦੀ ਵਰਤੋਂ' ਦੀ ਖੋਜ ਕੀਤੀ।

ਅੰਬੇਦਕਰ ਦੇ ਕਾਰਨਾਮਿਆਂ 'ਚ ਅਜਿਹਾ ਹੀ ਬਚਿਆ ਰਹਿੰਦਾ ਹੈ ਜਿਸ ਲਈ ਅਸੀਂ ਇਹ ਕਹਿ ਸਕੀਏ ਕਿ 'ਇਹ ਇਕ ਅੱਛੀ ਖੋਜ' ਹੈ? ਅੰਬੇਦਕਰ ਦੇ ਜੀਵਨੀਕਾਰਾਂ ਨੇ ਉਸ ਦੀ ਖੋਜ ਦੇ ਹਰੇਕ ਪਹਿਲੂ ਦੀ ਤਾਰੀਫ ਕੀਤੀ-ਉਹ ਚਾਹੇ ਜਿੰਨੇ ਮਰਜੀ ਤਰਕਹੀਣ ਤੇ ਬੇਤਰਤੀਬ ਰਹੇ ਹੋਣ ਅਜਿਹਾ ਇਕ ਵੀ ਸਬੂਤ ਨਹੀਂ ਮਿਲਦਾ ਜਿਥੇ ਉਹਨਾਂ ਨੇ ਕੁਝ ਅਜਿਹੇ ਸੁਆਲ ਉਠਾਏ ਹੋਣ ਜਿਵੇਂ ਕਿ "ਇਹ ਕਿਹੜਾ ਤਰਕ ਹੈ?" "ਇਹ ਕਿਹੜੀ ਖੋਜ ਹੈ" ਇਥੋਂ ਤੱਕ ਕਿ "ਸੂਰੀਆ ਵੰਸ਼" ਤੇ 'ਚੰਦਰ ਵੰਸ਼' ਵਰਗੇ ਵਿਸਲੇਸ਼ਣ ਸਬੰਧੀ ਵੀ ਉਹਨਾਂ ਨੇ ਸੁਆਲ ਨਹੀਂ ਉਠਾਏ ਜਿਹਨਾਂ ਨੂੰ ਅੰਬੇਦਕਰ ਨੇ ਇਉਂ ਪੇਸ਼ ਕੀਤਾ ਹੈ ਜਿਵੇਂ ਇਹ ਬਹੁਤ ਵੱਡੇ ਵਿਗਿਆਨਕ ਵਿਸਲੇਸ਼ਣ ਹੋਣ, ਇਹਨਾਂ ਦੇ ਇਸ ਨਰੂਪਣ 'ਤੇ ਕੋਈ ਸੁਆਲ ਨਹੀਂ ਉਠਾਏ ਗਏ ਕਿ ਉਪਜਾਤੀਆਂ ਦਾ ਸਮੀਕਿਸ਼ਰਣ 'ਘਾਤਕ' ਹੈ ਅਤੇ ਇਹ ਇਕ 'ਗਲਤ ਉਪਾਅ' ਹੈ। ਜੀਵਨੀਕਾਰਾਂ ਨੇ ਡਾ. ਅੰਬੇਦਕਰ ਦੀਆਂ ਦਰਜਨਾਂ ਗਲਤ ਧਾਰਨਾਵਾਂ 'ਤੇ ਇਕ ਵੀ ਸੁਆਲ ਨਹੀਂ ਉਠਾਇਆ।

ਅੰਬੇਦਕਰ ਦੀਆਂ ਏਨੇ ਕਿਸਮ ਦੀਆਂ ਤਰੁਟੀਆਂ ਤੇ ਗਲਤੀਆਂ ਪਿੱਛੇ ਕਾਰਨ ਇਹੀ ਹੈ ਕਿ ਉਹਨਾਂ ਦੀ ਵਿਾਰ ਅਮਲ ਪੂੰਜੀਵਾਦੀ ਹੋਦਾਂ ਅੰਦਰ ਹੀ ਬੱਝਿਆ ਰਿਹਾ। ਇਸ ਦਾ ਅਰਥ ਇਹ ਹੁੰਦਾ ਹੈ ਕਿ ਉਹਨਾਂ ਨੇ ਉਪਰੀ ਵਿਖਾਵੇ' ਜਾਂ ਬਾਹਰੀ ਪ੍ਰਭਾਵ ਨੂੰ ਬੇਹੱਦ ਗਿਆਨ ਮੰਨ ਲਿਆ। ਅਜਿਹੇ ਉਪਰੀ ਦਿਖਾਵਿਆਂ ਤੋਂ ਪਰ੍ਹੇ ਜਾ ਕੇ ਉਹਨਾਂ ਨੇ ਕੋਈ ਆਪਣਾ ਤਰਕ ਵਿਕਸਿਤ ਨਹੀਂ ਕੀਤਾ। ਦੋ ਮਿਸਾਲਾਂ ਅੰਬੇਦਕਰ ਇਸ ਸਬੰਧੀ ਰੇਖਾਂਕਿਤ ਕਰਦੇ ਹਾਂ।

"ਪ੍ਰਾਂਜਲ ਭਾਸ਼ਾ ਦਾ ਵਿਕਾਸ ਇਹ ਪਹਿਲੀ ਚੀਜ਼ ਸੀ ਜਿਸ ਨੇ ਮਨੁੱਖੀ ਵਿਕਾਸ ਦੇ ਦ੍ਰਿਸ਼ਟੀਕੋਣ ਤੋਂ ਮਨੁੱਖ ਨੂੰ ਪਸ਼ੂਆਂ ਤੋਂ ਵੱਖ ਕੀਤਾ" ***(ਖੰਡ 3 ਸਫਾ 88)***

ਮਨੁੱਖ ਗੱਲਾਂ ਕਰਦੇ ਹਨ ਤੇ ਜਾਨ ਗੱਲਾਂ ਨਹੀਂ ਕਰਦੇ ਹਨ। ਇਹ ਕੁਝ ਅਜਿਹਾ ਹੈ ਜੋ ਉਪਰੀ ਤੌਰ 'ਤੇ ਮਹਿਸੂਸ ਹੁੰਦਾ ਹੈ। ਜੇ ਅਸੀਂ ਸਿਰਫ ਇਸ ਪੱਖ 'ਤੇ ਧਿਆਨ ਦਿੰਦੇ ਹਾਂ ਤਾਂ ਅਜਿਹਾ ਲੱਗਦਾ ਹੈ ਕਿ ਜਿਵੇਂ ਭਾਸ਼ਾ ਨਾਲ ਮਨੁੱਖਾਂ ਤੇ ਜਾਨਵਰਾਂ 'ਚ ਫਰਕ ਕੀਤਾ ਜਾ ਸਕਦਾ ਹੈ ਪਰ ਜੇ ਇਸ ਬਿੰਦੂ 'ਤੇ ਨਾ ਰੁਕ ਕੇ ਕੁਝ ਪ੍ਰਸੰਗਿਕ ਸੁਆਲੇ ਉਠਾਏ ਜਾਣ ਜਿਵੇਂ ਕਿ 'ਜਾਨਵਰ ਬਿਨ੍ਹਾ ਭਾਸ਼ਾ ਦੇ ਜਿਉਂਦੇ ਰਹਿੰਦੇ ਹਨ, ਕੀ ਉਹ ਜਿਉਂਦੇ ਨਹੀਂ ਰਹਿੰਦੇ ਹਨ? ਕਿਸ ਲੋੜ 'ਚੋਂ ਭਾਸ਼ਾ ਦਾ ਜਨਮ ਹੋਇਆ?

ਤਦ ਸਾਨੂੰ ਚੀਜ਼ਾਂ ਨੂੰ ਸਮਝਣ ਦਾ ਰਾਹ ਮਿਲ ਜਾਵੇਗਾ ਜੋ ਕਿ ਸਤਹੀ ਨਹੀਂ ਲਗਣਗੀਆਂ। ਮੁੱਖ ਕਾਰਣ ਜਿਸ ਨੇ 'ਪਸ਼ੂ ਅਵਸਥਾ' ਨੂੰ 'ਮਨੁੱਖੀ ਅਵਸਥਾ' 'ਚ ਤਬਦੀਲ ਕੀਤਾ ਉਹ ਸੀ 'ਕਿਰਤ' ਜਾਨਵਰਾਂ ਨੂੰ ਕੁਦਰਤ 'ਚੋਂ ਜੋ ਮਿਲਦਾ ਹੈ ਉਹ ਖਾਂਦੇ ਹਨ ਅਤੇ ਆਪਣੀ ਸਹਿਜ ਪ੍ਰਵਿਰਤੀ ਅਨੁਸਾਰ ਜਿਉਂਦੇ ਰਹਿੰਦੇ ਹਨ ਪਰ ਮਨੁੱਖਾਂ ਸਬੰਧੀ ਇਹ ਗੱਲ ਨਹੀਂ ਹੈ। ਮਨੁੱਖ ਕੁਦਰਤ 'ਚ ਮਿਲਦੇ ਪਦਾਰਥਾਂ ਨੂੰ ਤਬਦੀਲ ਕਰਦੇ ਹਨ। 'ਮਨੁੱਖੀ ਅਵਸਥਾ' ਪੱਥਰਾਂ ਤੇ ਦਰਖਤ ਦੀਆਂ ਡਾਲੀਆਂ ਨੂੰ ਹਥਿਆਰਾਂ ਵਜੋਂ ਵਰਤਣ ਅਤੇ ਧੁੱਪ ਤੇ ਬਰਸਾਤ ਤੋਂ ਰਾਖੀ ਕਰਨ ਵਰਗੀ ਮਿਹਨਤ ਤੋਂ ਸ਼ੁਰੂ ਹੁੰਦੀ ਹੈ। ਇਹਨਾਂ ਕ੍ਰਿਆਕਲਪਾਂ ਦੇ ਉਦੇਸ਼ ਨਾਲ ਅਤੇ ਇਸ ਅਮਲ 'ਚ ਅਵਿਕਸਤ ਚਿੰਤਨ, ਮੂੰਹ ਤੋਂ

ਵੱਖ ਵੱਖ ਆਵਾਜ਼ਾਂ ਸ਼ੁਰੂ ਹੋਈਆਂ ਤੇ ਤਦ ਅਨੁਸਾਰ ਮੁੱਖ ਦਿਮਾਗ, ਹੱਥ ਅਤੇ ਪੈਰ ਵਿਕਸਤ ਹੋਏ ਅਤੇ ਹੌਲੀ-ਹੌਲੀ ਭਾਸ਼ਾ ਦਾ ਵਿਕਾਸ ਹੋਇਆ। ਭਾਸ਼ਾ ਦੀ ਲੋੜ ਜੋ ਜਾਨਵਰਾਂ ਨੂੰ ਨਹੀਂ ਸੀ-ਮਨੁੱਖਾਂ ਨੂੰ ਬਹੁਤ ਸੀ ਕਿਉਂਕਿ 'ਕਿਰਤ ਕਰਨ' ਦੀ ਸ਼ੁਰੂਆਤ ਹੋਈ ਜੋ ਕਿ ਮਨੁੱਖਾਂ ਦਾ ਇਕ ਵਿਸ਼ੇਸ਼ ਲੱਛਣ ਹੈ। ਇਹ ਕਹਿਣਾ ਕਿ ਭਾਸ਼ਾ ਦੇ ਕਾਰਨ ਮਨੁੱਖਾਂ ਤੇ ਜਾਨਵਰਾਂ 'ਚ ਫਰਕ ਹੁੰਦਾ ਹੈ। ਇਹ ਚੀਜ਼ਾਂ ਨੂੰ ਸਿਰਫ ਸਤਹੀ ਤੌਰ 'ਤੇ ਜਾਨਣ ਵਰਗਾ ਹੈ। ਇਸ ਤਰ੍ਹਾਂ ਦੇ ਸਿੱਟੇ ਕੱਢਣ 'ਚ ਕਿਸੇ ਤਰਕ ਤੇ ਬੁੱਧੀ ਦੀ ਲੋੜ ਨਹੀਂ ਹੁੰਦੀ। ਇਹ ਤਾਂ ਸਭ ਨੂੰ ਪਤਾ ਹੁੰਦਾ ਹੈ। ਇਹ ਇਕ ਤੱਥ ਹੈ ਕਿ 'ਕਿਰਤ ਦੇ ਲੱਛਣ ਕਾਰਨ ਹੀ ਮਨੁੱਖ ਨੂੰ ਭਾਸ਼ਾ ਦੀ ਲੋੜ ਹੁੰਦੀ ਹੈ। ਜੇ ਅਸੀਂ ਇਸ ਤੱਥ ਨੂੰ ਸਮਝਣ 'ਚ ਸਮਰੱਥ ਹੋਵਾਂਗੇ ਤਾਂ ਇਹ ਸਹੀ ਗਿਆਨ ਕਿਹਾ ਜਾਵੇਗਾ। ਚੀਜ਼ਾਂ ਦੀ ਸਤਹੀ ਜਾਣਕਾਰੀ ਤੇ ਸਟੀਕ ਜਾਣਕਾਰੀ ਵਿਚਕਾਰ ਫਰਕ ਨੂੰ ਸਮਝਣ ਲਈ ਦੂਜੀ ਉਦਾਹਰਣ ਵੇਖਦੇ ਹਾਂ। ਪੇਂਡੂ ਲੋਕਾਂ ਦੀ ਆਰਥਕ ਦਸ਼ਾ ਦੀ ਚਰਚਾ ਕਰਦੇ ਸਮੇਂ ਅੰਬੇਦਕਰ ਗਾਂਧੀ ਦੇ ਚਰਖਾ ਕੱਤਣ ਵਾਲੀ ਪ੍ਰਣਾਲੀ ਦਾ ਵਿਰੋਧ ਕਰਦੇ ਹਨ ਅਤੇ 'ਮੁਕਤੀ ਦੇ ਲਈ' ਸ਼ਹਿਰੀਕਰਨ ਦਾ ਪ੍ਰਸਤਾਵ ਰੱਖਦੇ ਹਨ। ਇਹ ਦਲੀਲ ਦਿੰਦੇ ਹੋਏ ਕਿ ਸਰਕਾਰ ਨੂੰ ਇਹ ਚਾਹੀਦਾ ਹੈ ਕਿ ਉਹ ਪੇਂਡੂ ਅਬਾਦੀ ਨੂੰ ਸ਼ਹਿਰਾਂ 'ਚ ਪਹੁੰਚਾ ਦੇਵੇ। ਇਹ ਸੱਚ ਹੈ ਕਿ ਪਿੰਡਾਂ ਦੇ ਰੋਟੀ-ਰੋਜ਼ੀ ਦੇ ਸਾਧਨ ਸਿਮਟਦੇ ਜਾ ਰਹੇ ਹਨ। ਇਹ ਵੀ ਸੱਚ ਹੈ ਕਿ ਜੇ ਉਹ ਪਿੰਡਾਂ ਤੋਂ ਸ਼ਹਿਰਾਂ ਵਿਚ ਜਾਣਗੇ ਤਾਂ ਉਹਨਾਂ ਨੂੰ ਰੋਟੀ-ਰੋਜ਼ੀ ਦੇ ਸਾਧਨ ਮਿਲ ਸਕਦੇ ਹਨ। ਇਹ ਉਪਰੀ ਤੱਥ ਹੈ। ਇਹਨਾਂ ਬਾਹਰੀ ਚੀਜ਼ਾਂ ਨੂੰ ਵੇਖਦੇ ਹੋਏ ਜੇ ਕਿਸੇ ਦੀ ਧਾਰਨਾ ਇਹ ਬਣ ਜਾਂਦੀ ਹੈ ਕਿ ਦੇਸ਼ 'ਚ ਮੁਕਤੀ ਇਸੇ ਗੱਲ 'ਚ ਛੁਪੀ ਹੋਈ ਹੈ ਤਾਂ ਕਿ ਪੇਂਡੂ ਅਬਾਦੀ ਸ਼ਹਿਰਾਂ 'ਚ ਵਸ ਜਾਵੇ ਤਦ ਤਾਂ ਉਹੀ ਗੱਲ ਹੋਈ ਕਿ ਬਾਹਰੋਂ ਦਿਸਦੇ ਤੱਥਾਂ ਨੂੰ ਹੀ ਅਸਲੀ ਹੱਲ ਸਮਝ ਲਿਆ ਜਾਂਦਾ ਹੈ। ਪਿੰਡਾਂ ਦੇ ਲੋਕਾਂ ਕੋਲ ਲੋੜੀਂਦੀ ਜ਼ਮੀਨ ਕਿਉਂ ਨਹੀਂ ਹੈ। ਖੇਤੀ ਨਾਲ ਸਬੰਧਤ ਸਾਧਨ ਕਿਉਂ ਮੁਹੱਈਆ ਨਹੀਂ ਹਨ? ਸ਼ਹਿਰਾਂ 'ਚ ਸਨਅਤਾਂ ਵਧਾਉਣ ਤੇ ਪਿੰਡਾਂ ਨੂੰ ਸ਼ਹਿਰਾਂ 'ਚ ਲਿਆਉਣ ਦੀ ਬਜਾਏ ਇਹਨਾਂ ਸਨਅਤਾਂ ਨੂੰ ਸਰਕਾਰ ਪਿੰਡਾਂ 'ਚ ਕਿਉਂ ਨਹੀਂ ਸਥਾਪਤ ਕਰ ਸਕਦੀ? ਅੰਬੇਦਕਰ ਦੇ ਸਾਹਮਣੇ ਅਜਿਹਾ ਕੋਈ ਸੁਆਲ ਨਹੀਂ ਸੀ। ਉਹਨਾਂ ਅਨੁਸਾਰ ਸਭ ਉਪਯੋਗ ਸ਼ਹਿਰਾਂ 'ਚ ਹੋਣੇ ਚਾਹੀਦੇ ਹਨ। ਸਮੁੱਚੀ ਅਬਾਦੀ ਸ਼ਹਿਰਾਂ 'ਚ ਰਹਿਣੀ ਚਾਹੀਦੀ ਹੈ। ਜੇ ਅਜਿਹਾ ਹੋਵੇਗਾ ਤਾਂ ਲੋਕਾਂ ਦੀ ਆਰਥਕ ਦਸ਼ਾ ਸੁਧਰ ਜਾਵੇਗੀ। ਇਹ ਹੀ ਇਕੋ ਇਕ 'ਮੁਕਤੀ'। ਪਰ ਸਹੀ ਹੱਲ ਇਹ ਹੈ ਕਿ ਜੋ ਦੇਸ਼-ਪ੍ਰਦੇਸ਼ ਦਾ ਭੇਦ (ਸ਼ਹਿਰਾਂ ਤੇ ਪਿੰਡਾਂ ਦਾ ਅੰਤਰ ਵਿਰੋਧ ਮਿਟਾ ਦੇਵੇ। ਅਜਿਹਾ ਨਹੀਂ ਹੋਣਾ ਚਾਹੀਦਾ ਕਿ ਇੱਕ ਖੇਤਰ 'ਚ ਸੁੱਖ ਸਹੂਲਤਾਂ ਘੱਟ ਹੋਣ ਜਦ ਕਿ ਦੂਜੇ ਖੇਤਰ 'ਚ ਵੱਧ) ਅਬਾਦੀ ਨੂੰ ਪੂਰੇ ਭੂ ਖੇਤਰ 'ਚ ਖੁੱਲ੍ਹ ਹੋਣੀ ਚਾਹੀਦੀ ਹੈ। ਜਿਥੇ ਕਿਤੇ ਵੀ ਰਹਿਣ ਲਾਇਕ ਹੋਣ। ਖੇਤੀ ਤੇ ਉਦਯੋਗ ਸਭ ਖੇਤਰਾਂ 'ਚ ਫੈਲਿਆ ਰਹਿਣਾ ਚਾਹੀਦਾ ਹੈ। ਇਕ ਅਜਿਹੀ ਕਿਰਤ ਵੰਡ ਹੋਣੀ ਚਾਹੀਦੀ ਹੈ। ਜਿਸ ਨਾਲ ਸਭ ਲੋਕ ਖੇਤੀ ਤੇ ਉਦਯੋਗ ਦੋਨੋਂ ਤਰ੍ਹਾਂ ਦੀ ਕਿਰਤ ਕਰ ਸਕਣ। ਜੇ ਬਰਾਬਰੀ ਦੇ ਇਸ ਨਜ਼ਰੀਏ ਨਾਲ ਵਿਵਸਥਾ ਕੀਤੀ ਜਾਵੇਗੀ ਕਿ 'ਅਸੀਂ ਸਭ ਖੇਤਰਾਂ ਨੂੰ ਵਿਕਸਤ ਕਰਨਾ ਹੈ'' ਤਦ ਇਸ ਤਰ੍ਹਾਂ ਦੇ ਭੇਦ ਮਿਟ ਜਾਣਗੇ ਕਿ 'ਇਹ ਪਿੰਡ ਹੈ' ਅਤੇ 'ਇਹ ਸ਼ਹਿਰ ਹੈ' ਇਹ ਮਾਰਕਸਵਾਦੀ ਵਿਚਾਰ ਹੈ। ਜਦ ਕਿ ਅੰਬੇਦਕਰ ਅਨੁਸਾਰ ਸਰਕਾਰ ਨੂੰ 'ਸ਼ਹਿਰੀਕਰਨ' ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ। ਬਰਾਬਰੀ ਦੇ ਨਜ਼ਰੀਏ ਨਾਲ ਸਹੀ ਹੱਲ ਇਹ ਹੈ ਕਿ ਸਾਨੂੰ ਸ਼ਹਿਰੀਕਰਨ ਨੂੰ 'ਸੀਮਤ'

ਕਰਨਾ ਪਵੇਗਾ। ਦੋਨੋ ਬਿਲਕੁਲ ਹੀ ਵਿਰੋਧੀ ਸਿਧਾਂਤ ਹਨ। ਇਸ ਤਰ੍ਹਾਂ ਹਰ ਮੌੜ ਤੇ ਅਸੀਂ ਅੰਬੇਦਕਰ ਦੀ ਧਾਰਨਾ ਨੂੰ ਤਰਕਹੀਣ ਪਾਉਂਦੇ ਹਾਂ।

ਇੱਥੇ ਸਾਨੂੰ ਰਾਖਵੇਂਕਰਨ ਦੇ ਸੁਆਲ ਨੂੰ ਵੀ ਵਿਚਾਰਣਾ ਹੋਵੇਗਾ। ਹਾਲਾਂ ਕਿ 50 ਸਾਲਾਂ ਤੋਂ ਰਾਖਵਾਂਕਰਨ ਹੋਂਦ ਵਿਚ ਹੈ ਪਰ ਸਿੱਖਿਆ ਛੋਟੀਆਂ ਜਾਤੀਆਂ ਲਈ ਜ਼ਿਆਦਾਤਰ ਪਹੁੰਚ ਤੋਂ ਬਾਹਰ ਹੈ। ਜਿਸ ਦਾ ਮਤਲਬ ਇਹ ਹੈ ਕਿ ਰਾਖਵੇਂਕਰਨ ਨਾਲ ਨੀਵੀਂ ਜਾਤੀਆਂ ਦੇ ਸਾਰੇ ਲੋਕਾਂ ਨੂੰ ਸਿਖਿਅਤ ਨਹੀਂ ਕੀਤਾ ਜਾ ਸਕਦਾ। ਇਹ ਵੀ ਕਿ ਰਾਖਵੇਂਕਰਨ ਦੀ ਸਮੱਸਿਆ ਅਸਥਾਈ ਤੌਰ ’ਤੇ ਹੈ ਜੋ ਇਕ ਵਿਸ਼ੇਸ਼ ਅਰਸੇ ਤਕ ਚਲੇਗੀ ਅਤੇ ਇਹ ਸਥਾਈ ਨਹੀਂ ਹੈ। ਠੀਕ ਹੈ, ਪਰ ਜੇ ਸਰਕਾਰ ਵਲੋਂ ਰਾਖਵੇਂਕਰਨ ਨੂੰ ਸਥਾਈ ਕਰ ਦਿੱਤਾ ਜਾਵੇ ਤਾਂ ਕੀ ਇਸ ਨਾਲ ਦਲਿਤ ਸਮੱਸਿਆ ਹੱਲ ਹੋ ਜਾਵੇਗੀ? ਰਾਖਵੇਂਕਰਨ ਨੂੰ ਸਥਾਈ ਬਣਾਉਣ ਦਾ ਕੀ ਅਰਥ ਹੈ? ਕਿਉਂਕਿ ਰਾਖਵੇਂਕਰਨ ਜਾਤੀ ਅਧਾਰਤ ਹੁੰਦੇ ਹਨ ਤਾਂ ਰਾਖਵੇਂਕਰਨ ਦੀ ਨਿਰੰਤਰਤਾ ਜਾਤੀਆਂ ਦੀ ਨਿਰੰਤਰਤਾ ਨੂੰ ਹੀ ਦਰਸਾਵੇਗੀ। ਇਹ ਕਹਿਣਾ ਹੈ ਕਿ ਰਾਖਵਾਂਕਰਨ ਸਥਾਈ ਹੋਣਾ ਚਾਹੀਦਾ ਹੈ। ਇਹ ਜਾਹਰ ਕਰਦਾ ਹੈ ਕਿ ਅਸੀਂ ਆਪਣੀਆਂ ਛੋਟੀਆਂ ਜਾਤੀਆਂ ਦੀ ਹੋਂਦ ਸਥਾਈ ਰੂਪ ’ਚ ਬਣਾਈ ਰੱਖਣਾ ਚਾਹੁੰਦੇ ਹਾਂ। ਅਸੀਂ ਹਮੇਸ਼ਾ ਨੀਵੀਂ ਜਾਤ ਦੇ ਬਣੇ ਰਹਾਂਗੇ। ਇਸ ਦਾ ਅਰਥ ਇਹ ਹੋਵੇਗਾ ਕਿ ਰਾਖਵੇਂਕਰਨ ਦੀ ਲਗਾਤਰਤਾ ਛੋਟੀਆਂ ਜਾਤੀਆਂ ਨੂੰ ਨੁਕਸਾਨ ਪਹੁੰਚਾਵੇਗੀ। ‘ਜਾਤੀ ਪ੍ਰਣਾਲੀ ਦੇ ਹੱਲ’ ਦਾ ਸਿਧਾਂਤ ਅਤੇ ਰਾਖਵੇਂਕਰਨ ਦੀ ਵਿਵਸਥਾ ਦੀ ਨਿਰੰਤਰਤਾ ਦਾ ਸਿਧਾਂਤ ਸਿਰਫ ਫੌਰੀ ਤੌਰ ’ਤੇ ਹੀ ਸਹਿ ਹੋਂਦ ’ਚ ਰਹਿਣੇ ਚਾਹੀਦੇ ਹਨ ਤੇ ਇਸ ਨੂੰ ਲੰਬੇ ਸਮੇਂ ਤੱਕ ਨਹੀਂ ਰਹਿਣ ਦੇਣਾ ਚਾਹੀਦਾ। ਜੇ ਕੁਝ ਸਮੇਂ ਬਾਅਦ ਰਾਖਵਾਂਕਰਨ ਪ੍ਰਣਾਲੀ ਖਤਮ ਕਰ ਦਿੱਤੀ ਜਾਵੇਗੀ ਤਾਂ ਨਿਮਨ ਜਾਤੀਆਂ ਦੀ ਦਸ਼ਾ ਕੀ ਹੋਵੇਗੀ? ਤਦ ਤੱਕ ਉਹਨਾਂ ਛੋਟੀਆਂ ਜਾਤੀਆਂ ਦਾ ਕੁਝ ਹਿੱਸਾ ਰਾਖਵੇਂਕਰਨ ਪ੍ਰਣਾਲੀ ਰਾਹੀਂ ਉੱਚ ਸਿੱਖਿਆ ’ਤੇ ਮਾਨਸਿਕ ਮਿਹਨਤ ਦੇ ਖੇਤਰ ’ਚ ਦਾਖਲ ਹੋ ਚੁੱਕਿਆ ਹੋਵੇਗਾ। ਉਹਨਾਂ ਦੀ ਆਰਥਕ ਦਸ਼ਾ ਕੁਝ ਹੱਦ ਤੱਕ ਸੁਧਰ ਚੁੱਕੀ ਹੋਵੇਗੀ ਪਰ ਉਹਨਾਂ ਛੋਟੀਆਂ ਜਾਤੀਆਂ ਦੀ ਬਹੁਗਿਣਤੀ ਅਬਾਦੀ ਭਿਅੰਕਰ ਦਰਿਦਰਤਾ ’ਚ ਰਹਿੰਦੀ ਆਈ ਹੈ ਅਤੇ ਸਰੀਰਕ ਮਿਹਨਤ ਦੇ ਵਿਰੁੱਧ ਨਹੀਂ ਹੈ। ਇਸ ਬਹੁਗਿਣਤੀ ਅਬਾਦੀ ਲਈ ਰਾਖਵੇਂਕਰਨ ਦਾ ਬਣਿਆ ਰਹਿਣਾ ਤੇ ਖਤਮ ਹੋ ਜਾਣਾ ਇਕੋ ਗੱਲ ਹੈ। ਬਹੁਗਿਣਤੀ ਅਬਾਦੀ ਲਈ ਰਾਖਵਾਂਕਰਨ ਪ੍ਰਣਾਲੀ ਕਿਸੇ ਕੰਮ ਦੀ ਨਹੀਂ ਹੈ। ਇਸ ਦਾ ਅਰਥ ਇਹ ਹੁੰਦਾ ਹੈ ਕਿ ਜੇ ਸਿਰਫ ਥੋੜ੍ਹੇ ਜਿਹੇ ਲੋਕ ਨਹੀਂ ਬਲਕਿ ਨਿਮਨ ਜਾਤੀ ਦੇ ਸਾਰੇ ਲੋਕਾਂ ਦੀ ਤਰੱਕੀ ਹੋ ਜਾਵੇ ਤਾਂ ਸਾਨੂੰ ਰਾਖਵੇਂਕਰਨ ਪ੍ਰਣਾਲੀ ਦੀ ਲਗਾਤਾਰਤਾ ਦਾ ਆਸਰਾ ਨਹੀਂ ਲੈਣਾ ਚਾਹੀਦਾ ਬਲਕਿ ਇਸ ਸਿਧਾਂਤ ਦਾ ਆਸਰਾ ਲੈਣਾ ਚਾਹੀਦਾ ਹੈ। ਜੋ ਉਹਨਾਂ ਨੂੰ ਕਿਰਤ ਦੀ ਲੁੱਟ ਤੋਂ ਮੁਕਤੀ ਦਿਵਾਵੇ। ਇਸ ਨੂੰ ਧਿਆਨ ’ਚ ਰੱਖਦਿਆਂ ਜਾਤੀ ਪ੍ਰਣਾਲੀ ਖਤਮ ਕਰਨ ਲਈ ਕੀ ਹੋਣਾ ਚਾਹੀਦਾ ਹੈ? ਸਭ ਲੋਕ ਇਹ ਕਹਿ ਸਕਦੇ ਹਨ ਕਿ ‘ਅਤਰਜਾਤੀ ਵਿਆਹ’ ਹੋਣੇ ਚਾਹੀਦੇ ਹਨ। ਜੇ ਅੰਤਰਜਾਤੀ ਵਿਆਹ ਹੋਣੇ ਹੋਣਗੇ ਤਾਂ ਹੋਰ ਦਿਸ਼ਾਵਾਂ ਕਿਵੇਂ ਬਦਲਣਗੀਆਂ? ਨਿਮਨ ਜਾਤੀ ਦੀ ਆਰਥਕ ਹਾਲਤ ’ਚ ਸੁਧਾਰ ਹੋਣਾ ਚਾਹੀਦਾ ਹੈ। ਜੇ ਅਜਿਹਾ ਨਹੀਂ ਹੋਵੇਗਾ ਅਤੇ ਸਭ ਨਿਮਨ ਜਾਤੀਆਂ ਪਹਿਲਾਂ ਵਾਂਗੂੰ ਹੀ ਗਰੀਬੀ ’ਚ ਰਹਿਣਗੀਆਂ ਤਾਂ ਉਚ ਜਾਤੀ ਤੇ ਨਿਮਨ ਜਾਤੀ ਦੇ ਨੌਜਵਾਨਾਂ ਤੇ ਮੁਟਿਆਰਾਂ ’ਚ ਵਿਆਹ ਨਹੀਂ ਹੋ ਸਕਣਗੇ। ਭਾਵੇਂ ਜਾਤੀ ਪ੍ਰਣਾਲੀ ਖਤਮ ਕਰਨ ਲਈ ਸਾਨੂੰ ਕਿਰਤ ਦੀ ਲੁੱਟ ਵਾਲੇ ਸਿਧਾਂਤ ਦਾ

ਆਸਰਾ ਲੈਣਾ ਪਵੇਗਾ। ਚਾਹੇ ਜਿਸ ਵੀ ਨਜ਼ਰੀਏ ਨਾਲ ਵੇਖਿਆ ਜਾਵੇ ਦਲਿਤਾਂ ਦੀ ਸਮੱਸਿਆ ਹੱਲ ਕਰਨ ਲਈ ਕਿਰਤ ਦੀ ਲੁੱਟ ਤੋਂ ਮੁਕਤੀ ਤੋਂ ਇਲਾਵਾ ਅਸਟਾਂਗ ਮਾਰਗ ਵਰਗਾ ਕੋਈ ਦੂਸਰਾ ਨੁਸਖਾ ਪ੍ਰਭਾਵੀ ਨਹੀਂ ਹੋਵੇਗਾ। ਪਰ ਅੰਬੇਦਕਰ ਨੇ ਦਲਿਤਾਂ ਨੂੰ ਹਮੇਸ਼ਾ ਕਿਸੇ ਵਿਸ਼ੇਸ਼ ਜਾਤੀ ਨਾਲ ਸਬੰਧਤ ਲੋਕਾਂ ਦੇ ਰੂਪ ’ਚ ਵੇਖਿਆ ਹੈ ਅਤੇ ਉਹਨਾਂ ਨੂੰ ਮਿਹਨਤਕਸ਼ ਨਹੀਂ ਮੰਨਿਆ ਅਤੇ ਨਾ ਹੀ ਇਸ ਨਜ਼ਰੀਏ ਤੋਂ ਕੋਈ ਹੱਲ ਦੱਸਿਆ। ਉਹਨਾਂ ਨੇ ਮਾਰਕਸਵਾਦ ਪ੍ਰਤੀ ਸਕਾਰਾਤਮਕ ਰੁਖ ਬਿਲਕੁਲ ਨਹੀਂ ਅਪਣਾਇਆ। (ਮਾਰਕਸਵਾਦ ਭਾਵ ਉਹ ਸਿਧਾਂਤ ਜੋ ਕਿਰਤ ਦੀ ਲੁੱਟ ਦੀ ਵਿਆਖਿਆ ਕਰਦਾ ਹੈ) ਉਹਨਾਂ ਨੇ ਵਾਰ ਵਾਰ ਇਹੀ ਚੇਤਾਵਨੀ ਦਿੱਤੀ ਕਿ ਇਸ ਸਿਧਾਂਤ ਦੀ ਉਹ ਵਰਤੋਂ ਨਾ ਕਰਨ ਤੇ ਇਸ ਤਰ੍ਹਾਂ ਉਹਨਾਂ ਦੇ ਲਈ ਗਿਆਨ ਦਾ ਰਾਹ ਹੀ ਬੰਦ ਕਰ ਦਿੱਤਾ। ਇਹ ਭਿਅੰਕਰ ਦਰਜਾ ਹੈ ਜੋ ਅੰਬੇਦਕਰ ਨੇ ਦਲਿਤਾਂ ਨੂੰ ਪਹੁੰਚਾਈ ਹੈ। ਦਲਿਤ ਨੂੰ ਜਮਾਤੀ ਸੰਘਰਸ਼ ਦਾ ਰਾਹ ਨਾ ਵਿਖਾ ਕੇ ਉਹਨਾਂ ਨੂੰ ਰਾਖਵੇਂਕਰਨਾਂ ਨਾਲ ਆਸਰਾ ਦੇਣ ਦਾ ਅਰਥ ਇਹ ਹੈ ਕਿ ਉਹਨਾਂ ਨੂੰ ਅਪਾਹਜ ਹੀ ਬਣਾ ਦਿੱਤਾ, ਉਹਨਾਂ ਸਵੈ ਵਿਸ਼ਵਾਸ ਨੂੰ ਹੱਲਾਸ਼ੇਰੀ ਨਹੀਂ ਦਿੱਤੀ। ਕੁਝ ਸਿੱਖਿਅਤ ਦਲਿਤ ਅੰਬੇਦਕਰ ਦੀ ਸੁਰ ’ਚ ਸੁਰ ਮਿਲਾ ਕੇ ਬੋਲਦੇ ਹਨ, ‘ਅੰਬੇਦਕਰ ਨੇ ਮਾਰਕਸ ਦੀ ਬਜਾਏ ਉੱਤਮ ਆਰਥਕ ਪ੍ਰੋਗ੍ਰਾਮ ਪੇਸ਼ ਕੀਤਾ ਹੈ।’ ਪਰ ਕੁਝ ਚੁਸਤ ਸਿੱਖਿਅਤ ਦਲਿਤ ਇਹ ਕਹਿੰਦੇ ਹਨ ਕਿ ‘ਦਲਿਤਾਂ ਨੂੰ ਰਾਖਵੇਂਕਰਨ ਦੇ ਨਾਲ ਨਾਲ ਮਾਰਕਸਵਾਦ ਦੀ ਵੀ ਲੋੜ ਹੈ ਅਸੀਂ ਇਸ ਤੋਂ ਇਨਕਾਰ ਨਹੀਂ ਕਰ ਸਕਦੇ।’ ਸ਼ਾਇਦ ਉਹਨਾਂ ਦੀ ਸੋਚ ਇਹ ਕਹਿੰਦੀ ਹੈ ਕਿ ‘ਬਿਨਾਂ ਮਤਲਬ ਲੜਾਈ ਕਿਉਂ ਕੀਤੀ ਜਾਵੇ ਇਹ ਅੱਛਾ ਹੈ ਕਿ ਮਾਰਕਸਵਾਦ ਨੂੰ ਵੀ ਅਪਣਾ ਲਿਆ ਜਾਵੇ।’ ਪਰ ਸਾਨੂੰ ਇਹ ਜਾਣਕਾਰੀ ਨਹੀਂ ਹੈ ਕਿ ਅਜਿਹੇ ਦਲਿਤਾਂ ਨੂੰ ਇਹ ਪਤਾ ਹੈ ਜਾਂ ਨਹੀਂ ਕਿ ਅੰਬੇਦਕਰ ਨੇ ਇਸ ਦੀ ਲੋੜ ਮਹਿਸੂਸ ਨਹੀਂ ਕੀਤੀ ਸੀ ਜੇ ਸਿੱਖਿਅਤ ਦਲਿਤ ਇਸ ਤੱਥ ਤੋਂ ਅਣਭਿੱਜ ਨਾ ਹੋਣ ਕਿ ਅੰਬੇਦਕਰ ਨੇ ਮਾਰਕਸ ਦਾ ਪ੍ਰਚੰਡ ਵਿਰੋਧ ਕੀਤਾ ਸੀ ਤਾਂ ਸਭ ਤੋਂ ਪਹਿਲਾਂ ਤਾਂ ਉਹਨਾਂ ਨੂੰ ਇਸ ਤੋਂ ਅਣਭਿੱਜ ਹੋਣਾ ਪਵੇਗਾ ਅਤੇ ਜੇ ਉਹ ਅੰਬੇਦਕਰ ਦੇ ਵਿਚਾਰਾਂ ਨੂੰ ਜਾਨਣ ਪਿੱਛੋਂ ਮਾਰਕਸਵਾਦ ਨੂੰ ਸਵੀਕਾਰ ਕਰਦੇ ਹਨ ਤਦ ਉਹਨਾਂ ਨੂੰ ਪਹਿਲਾਂ ਮਾਰਕਸਵਾਦ ਪ੍ਰਤੀ ਅੰਬੇਦਕਰ ਦੀ ਨਕਾਰਤਮਕ ਸੋਚ ਦੀ ਅਲੋਚਨਾ ਕਰਨੀ ਪਵੇਗੀ। ਉਹਨਾਂ ਨੂੰ ਇਹ ਸਾਫ ਸਾਫ ਐਲਾਨ ਕਰਨਾ ਹੋਵੇਗਾ ਕਿ ਮਾਰਕਸਵਾਦ ਬਾਰੇ ਅੰਬੇਦਕਰ ਦੀ ਸਮਝ ਗਲਤ ਹੈ। ਜੇ ਉਹ ਅਜਿਹਾ ਐਲਾਨ ਨਹੀਂ ਕਰਦੇ ਅਤੇ ਟਾਲ ਜਾਂਦੇ ਹਨ ਅਤੇ ਇਸੇ ਬਿਆਨ ਨਾਲ ਸੰਤੁਸ਼ਟ ਰਹਿੰਦੇ ਹਨ ਕਿ ‘ਮਾਰਕਸਵਾਦ ਦੀ ਦਲਿਤਾਂ ਨੂੰ ਲੋੜ ਹੈ ਤਾਂ ਇਸ ਦਾ ਅਰਥ ਇਹ ਹੋਵੇਗਾ ਕਿ ਇਹ ਗੱਲ ਹੀ ਨਹੀਂ ਕਹਿੰਦੇ ਜਿਸ ’ਚ ਉਹਨਾਂ ਦਾ ਵਿਸ਼ਵਾਸ ਹੁੰਦਾ ਹੈ ਸਿੱਖਿਅਤ ਦਲਿਤ ਦੀ ਦੂਜੀ ਸ਼੍ਰੇਣੀ ਇਹ ਕਹਿੰਦੀ ਹੈ ਕਿ ‘ਮਾਰਕਸਵਾਦੀ ਤਾਂ ਹਮੇਸ਼ਾ ਤੋਤੇ ਵਾਂਗੂ ਰਟੀ ਭਾਸ਼ਾ ਬੋਲਦੇ ਹਨ ਜਿਵੇਂ ਕਿ “ਕਿਰਤ ਦੀ ਲੁੱਟ” ਤੇ “ਵਾਧੂ ਮੁੱਲ” ਆਦਿ। ਜੇ ਕਿਰਤ ਦੀ ਲੁੱਟ ਬਾਰੇ ਗੱਲ ਕਰਨੀ ਤੋਤਾ ਰਟਨ ਵਾਲੀ ਭਾਸ਼ਾ ਹੈ ਤਾਂ ਕੀ ਉਹਨਾਂ ਦਾ ‘ਜਾਤੀ’! ‘ਜਾਤੀ’! ਚੀਕਣਾ ਤੋਤਾ ਰਟਤ ਭਾਸ਼ਾ ਨਹੀਂ ਹੈ? ਅਜਿਹੇ ਲੋਕ ਸਮਾਜ ਨੂੰ ਭਲਾ ਕੀ ਸਮਝ ਸਕਣਗੇ? ਜੇ ਕਿਸੇ ਬੰਦੇ ਕੋਲ ਕਿਰਤ ਸੰਬੰਧਾਂ ਬਾਰੇ ਠੀਕ ਜਾਣਕਾਰੀ ਹੀ ਨਹੀਂ ਹੈ ਤਾਂ ਉਹ ਚਾਹੇ ਉਹ ਕਿੰਨਾ ਵੀ ਭਲਾ ਕਿਉਂ ਨਾ ਹੋਵੇ, ਉਹ ਨਾ ਤਾਂ ਆਪਣੀ ਸਥਿਤੀ ਨੂੰ ਸਮਝ ਸਕਦਾ ਹੈ ਅਤੇ ਨਾ ਹੀ ਆਪਣੇ ਭੈਣ-ਭਾਈਆਂ ਦੀ ਸਥਿਤੀ ਨੂੰ ਸਮਝ ਸਕਦਾ ਹੈ। ਜੋ ਦਲਿਤ ਵਰਗ

ਬਾਰੇ ਕੁਝ ਵੀ ਨਹੀਂ ਜਾਣਦੇ ਹਨ ਤੇ ਜੋ ਉਚ ਸਿੱਖਿਆ ਹਾਸਲ ਕਰਨ ’ਚ ਸਮਰਥ ਹਨ, ਉਚੀ ਨੌਕਰੀ ਹਾਸਲ ਕਰ ਜਾਂਦੇ ਹਨ ਅਤੇ ਜਾਇਦਾਦ ਇਕੱਠੀ ਕਰ ਲੈਂਦੇ ਹਨ, ਉਹਨਾਂ ਲੋਕਾਂ ਦਾ ਅਤਿਅੰਤ ਗਰੀਬਾਂ ਦੀਆਂ ਸਮੱਸਿਆਵਾਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ ਹੈ। ਜਿਸ ਤਰ੍ਹਾਂ ਉਚ ਜਾਤੀਆਂ ਦੇ ਸ਼ਕਤੀਸ਼ਾਲੀ ਵਿਅਕਤੀਆਂ ਦਾ ਆਪਣੀ ਬਿਰਾਦਰੀ ਦੇ ਗਰੀਬਾਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ ਹੈ। ਠੀਕ ਉਸੇ ਤਰ੍ਹਾਂ ਹੀ ਨਿਮਨ ਜਾਤੀਆਂ ਦੇ ਆਰਥਕ ਤੌਰ ’ਤੇ ਖੁਸ਼ਹਾਲ ਹੋ ਚੁੱਕੇ ਵਿਅਕਤੀਆਂ ਦਾ ਵੀ ਆਪਣੀ ਹੀ ਜਾਤੀ ਦੇ ਗਰੀਬਾਂ ਨਾਲ ਕੋਈ ਸਰੋਕਾਰ ਬਿਲਕੁਲ ਨਹੀਂ ਰਹਿੰਦਾ ਹੈ। ਰਾਖਵਾਂਕਰਨ ਅੰਦੋਲਨ ਉਹਨਾਂ ਨੂੰ ਅਜਿਹੀ ਜਾਣਕਾਰੀ ਮੁਹੱਈਆ ਨਹੀਂ ਕਰਦਾ ਹੈ।

ਰਾਖਵੇਂਕਰਨ ਦੇ ਰਾਹ ਦੀ ਗਲਤ ਜਾਣਕਾਰੀ ਕਾਰਨ ਨਿਮਨ ਜਾਤੀ ਦੇ ਸਿੱਖਿਅਤ ਵਿਅਕਤੀਆਂ ’ਚ ਬਹੁਤ ਹੀ ਨਕਾਰਤਮਕ ਲੱਛਣ ਵਿਕਸਤ ਹੋ ਚੁੱਕੇ ਹਨ ਯਾਨੀ ਕਿ ਬੇਹੱਦ ਜਾਤੀਵਾਦਾਂ ਕਿਉਂਕਿ ਉਹਨਾਂ ਨੂੰ ਰਾਖਵੇਂਕਰਨ ਨਾਲ ਕੁਝ ਲਾਭ ਨਜ਼ਰ ਆਉਂਦੇ ਹਨ ਆਪਣੀ ਜਾਤੀ ਕਾਰਨ ਹੀ ਉਹ ਰਾਖਵਾਂਕਰਨ ਹਾਸਲ ਕਰਨ ’ਚ ਸਮਰਥ ਹਨ। ਇਸ ਲਈ ਆਪਣੀਆਂ ਜਾਤੀਆਂ ਦਾ ਗੁਣਗਾਣ ਕਰਨਾ ਆਪਣਾ ਕੰਮ ਸਮਝਦੇ ਹਨ ਰਾਖਵੇਂਕਰਨ ਦਾ ਲਾਭ ਲੈਣ ਦੀ ਇਹ ਲਾਜ਼ਮੀ ਹੈ ਕਿ ਮੈਮੋਰੰਡਮਾ ਜਾਂ ਮੰਗ ਪੱਤਰਾਂ ’ਚ ਜਾਤੀ ਦਾ ਜ਼ਿਕਰ ਕੀਤਾ ਜਾਵੇ। ਕੁਝ ਉਹਨਾਂ ਮੌਕਿਆਂ ਨੂੰ ਛੱਡ ਕੇ ਜਦਕਿ ਐਸਾ ਕਰਨਾ ਪ੍ਰਸੰਗਿਕ ਹੋਵੇ। ਰੋਜ਼ਮਰ੍ਹਾ ਦੀ ਜ਼ਿੰਦਗੀ ’ਚ ਜਾਤੀ ਦਾ ਜ਼ਿਕਰ ਨਹੀਂ ਕਰਨਾ ਚਾਹੀਦਾ। ਜਾਤੀ ਭੇਦ ਦੀ ਪ੍ਰੋੜਤਾ ਨਹੀਂ ਕੀਤੀ ਜਾਣੀ ਚਾਹੀਦੀ। ਨਿਮਨ ਜਾਤੀ ਦੇ ਲੋਕਾਂ ਨੂੰ ਜਾਤੀ ਦਾ ਜ਼ਿਕਰ ਕਰਨਾ ਪਸੰਦ ਨਹੀਂ ਕਰਨਾ ਚਾਹੀਦਾ। ਉਹਨਾਂ ਦਾ ਉਦੇਸ਼ ਇਹੀ ਹੋਣਾ ਚਾਹੀਦਾ ਹੈ ਕਿ ਇਹ ਲੜਾਈ ਜੜ੍ਹੋਂ ਖਤਮ ਹੋ ਜਾਵੇ। ਰਾਖਵੇਂਕਰਨ ਦਾ ਲਾਭ ਲੈਣ ਦਾ ਇਹੀ ਅਰਥ ਨਹੀਂ ਹੁੰਦਾ ਹੈ ਕਿ ਜਾਤੀ ਦੀ ਪੂਜਾ ਕਰਨ ਲੱਗ ਜਾਓ, ਜਾਤੀ ਨੂੰ ਸਿਰ ’ਤੇ ਨਹੀਂ ਬਿਠਾ ਲੈਣਾ ਚਾਹੀਦਾ ਪਰ ਇਹ ਇਕ ਛੋਟੀ ਜਿਹੀ ਗੱਲ ਸਿੱਖਿਅਤ ਦਲਿਤਾਂ ਦੀ ਸਮਝ ਨਹੀਂ ਆ ਰਹੀ ਹੈ। ਜਾਤੀ ਪ੍ਰਣਾਲੀ ਬਾਰੇ ਸਰਗਰਮ ਲੋਕਾਂ ਦੀ ਸਮਝ ਤੇ ਬੁੱਧੀ ਦੀ ਇੰਨੀ ਤਰਸਯੋਗ ਹਾਲਤ ਹੈ। ਇਸ ਤਰ੍ਹਾਂ ਉੱਚ ਜਾਤੀ ਦੇ ਲੋਕ ਕਈ ਤਰ੍ਹਾਂ ਨਾਲ ਖੁਸ਼ ਹੁੰਦੇ ਹੋਣਗੇ ਕਿਉਂਕਿ ਨਿਮਨ ਜਾਤੀ ਦੇ ਲੋਕਾਂ ’ਚ ਜਮਾਤੀ ਨਜ਼ਰੀਆ ਨਹੀਂ ਆ ਸਕਿਆ ਹੈ। ਉਹ ਉਚ ਜਾਤੀਆਂ ਦੀਆਂ ਜਾਇਦਾਦਾਂ ਵੱਲ ਤਾਂ ਨਜ਼ਰ ਵੀ ਨਹੀਂ ਮਾਰਨਗੇ। ਹਾਕਮਾਂ ਨੂੰ ਅਜਿਹੇ ਨਿਮਨ ਜਾਤੀ ਦੇ ਲੋਕਾਂ ਤੋਂ ਕੋਈ ਖਤਰਾ ਨਹੀਂ ਹੈ। ਜਾਇਦਾਦ ਦੇ ਮਾਲਕ ਵਰਗ ਦੀ ਖੁਸ਼ੀ ਦਾ ਇਹ ਪਹਿਲਾਂ ਕਾਰਨ ਹੈ। ਛੋਟੀ ਜਾਤੀ ਦੇ ਸਰਗਰਮ ਲੋਕ ਆਪਣੀ ਪ੍ਰਸ਼ੰਸਾ ਕਰ ਰਹੇ ਹਨ ਅਤੇ ਆਪਣੀਆਂ ਜਾਤੀਆਂ ਨੂੰ ਬਣਾਈ ਰੱਖਣ ਦੀ ਧਾਰਨਾ ’ਤੇ ਕਾਇਮ ਹਨ। ਇਸ ਪ੍ਰਕਾਰ ਛੋਟੀਆਂ ਜਾਤੀਆਂ ਦੇ ਲੋਕ ਆਪਣੀ-ਆਪਣੀ ਜਾਤੀ ਨੂੰ ਸ਼ਰਧਾ ਦੇ ਜਾਲ ਵੇਖ ਰਹੇ ਹਨ ਤੇ ਖੁਸ਼ੀ ਨਾਲ ਪਾਗਲ ਹੋ ਰਹੇ ਹਨ ਇਸ ਤਰ੍ਹਾਂ ਸਰਗਰਮ ਮੈਂਬਰਾਂ ਦੇ ਕਾਰਨ ਜਿਹਨਾਂ ਦਾ ਇਹ ਉਦੇਸ਼ ਨਹੀਂ ਹੈ ਕਿ ਜਾਤ-ਪਾਤ ਨੂੰ ਨਾ ਮੰਨਿਆ ਜਾਵੇ ਜਾਤੀ ਪ੍ਰਣਾਲੀ ਹਮੇਸ਼ਾ ਲਈ ਅਟੁੱਟ ਬਣੀ ਰਹੇਗੀ। ਉਚ ਜਾਤੀ ਦੇ ਲੋਕਾਂ ਦੀ ਪ੍ਰਸ਼ੰਸ਼ਾ ਦਾ ਇਹ ਦੂਜਾ ਕਾਰਨ ਹੈ। ਜੇ ਰਾਖਵਾਂਕਰਨ ਚਲਦਾ ਰਹੇਗਾ ਤਾਂ ਛੋਟੀਆਂ ਜਾਤੀਆਂ ਦੇ ਵੋਟ ਉਚ ਜਾਤੀਆਂ ਦੇ ਜਾਇਦਾਦ ਮਾਲਕਾਂ ਨੂੰ ਮਿਲਦੇ ਰਹਿਣਗੇ। ਜਾਇਦਾਦ ਦੇ ਮਾਲਕ ਵਰਗਾਂ ਦੀ ਖੁਸ਼ੀ ਦਾ ਇਹ ਤੀਜਾ ਕਾਰਨ ਹੈ। ਇਹ ਇੰਜ ਵੀ ਤੇ ਹੋਰ ਵੀ ਕਈ ਤਰ੍ਹਾਂ ਖੁਸ਼ ਹੋ ਸਕਦੇ ਹਨ ਕਿਉਂਕਿ ਇਹ ਅੰਬੇਦਕਰ ਨੇ ਛੋਟੀਆਂ ਜਾਤੀਆਂ

ਨੂੰ ਜਮਾਤੀ ਦ੍ਰਿਸ਼ਟੀਕੋਣ ਤੋਂ ਦੂਰ ਰੱਖਿਆ ਅਤੇ ਕਿਉਂਕਿ ਇਹਨਾਂ ਜਾਤੀਆਂ ਦੇ ਸਰਗਰਮੀਵਾਦੀਆਂ 'ਚ ਕਈ ਗਲਤ ਧਾਰਨਾਵਾਂ ਵਿਆਪਕ ਹਨ। ਇਸ ਨਾਲ ਉੱਚ ਜਾਤੀਆਂ ਦੇ ਮਾਲ ਖਜ਼ਾਨਿਆਂ ਦੇ ਮਾਲਕਾਂ ਜੋ ਲਾਭ ਮਿਲੇਗਾ ਉਸ ਦੀ ਕੋਈ ਹੱਦ ਨਹੀਂ ਹੈ। ਉੱਚ ਜਾਤੀਆਂ ਦੇ ਕੁਝ ਮੂਰਖ ਲੋਕ ਬਿਨਾਂ ਇਹ ਸਭ ਜਾਣੇ ਬੁੱਝੇ ਰਾਖਵੇਂਕਰਨਾਂ ਤੋਂ ਚਿੜੇ ਰਹਿੰਦੇ ਹਨ। ਉਹ ਕਰੋਧ 'ਚ ਆ ਕੇ ਚੀਕਦੇ ਹਨ। "ਰਾਖਵਾਂਕਰਨ ਕਦੋਂ ਤੱਕ ਚਲਦਾ ਰਹੇਗਾ?" ਉਹ ਅਜਿਹਾ ਇਸ ਲਈ ਕਰਦੇ ਹਨ ਕਿਉਂਕਿ ਰਾਖਵੇਂਕਰਨ ਤੋਂ ਮਿਲਣ ਵਾਲੇ ਲਾਭਾਂ ਤੋਂ ਉਹ ਅਣਭਿੱਜ ਹਨ। ਭਾਰਤ ਦੀ ਚਲਾਕ ਸਰਕਾਰ ਆਪਣੇ ਫਾਇਦੇ ਲਈ ਰਾਖਵੇਂਕਰਨ ਦੇ ਅਰਸੇ ਨੂੰ ਵਧਾਈ ਜਾ ਰਹੀ ਹੈ। ਰਾਖਵੇਂਕਰਨ ਪ੍ਰਣਾਲੀ ਨੂੰ ਸਥਾਈ ਕਰ ਦੇਣ 'ਚ ਉਹਨਾਂ ਦੀ ਚੁਤਰਾਈ ਛੁਪੀ ਹੋਈ ਹੋਵੇਗੀ। ਨਿਮਨ ਜਾਤੀਆਂ ਦੇ ਸਿਖਿਅਤ ਵਿਅਕਤੀ ਸਥਾਈ ਰਾਖਵਾਂਕਰਨ ਪ੍ਰਣਾਲੀ ਨਾਲ ਸੰਤੁਸ਼ਟ ਹੋ ਜਾਣਗੇ। ਉਹ ਆਪਣੀ ਜਾਤੀ ਨੂੰ ਆਪਣਾ ਧਰੋਹਰ ਮੰਨਣਗੇ ਤੇ ਰਾਖਵੇਂਕਰਨ ਪ੍ਰਣਾਲੀ ਦੇ ਸਥਾਈ ਹੋ ਜਾਣ ਤੇ ਉਹ ਸੰਤੁਸ਼ਟ ਹੋ ਜਾਣਗੇ। ਉਚ ਜਾਤੀ ਦੇ ਸਕਤੀਸ਼ਾਲੀ ਵਰਗਾਂ ਨੂੰ ਹੋਰ ਕੀ ਚਾਹੀਦਾ ਹੈ?

ਪਰ ਅੰਬੇਦਕਰ ਨੂੰ ਦਲਿਤਾਂ ਨੂੰ ਕੀ ਸਿੱਖਿਆ ਦੇਣੀ ਚਾਹੀਦੀ ਸੀ? ਦਰਿਦਰ ਜਾਤੀਆਂ ਦੇ ਨੁਮਾਇੰਦੇ ਵਜੋਂ ਅੰਬੇਦਕਰ ਦੀ ਸੋਚ ਕੀ ਹੋਣੀ ਚਾਹੀਦੀ ਸੀ? ਉਹਨਾਂ ਨੂੰ ਦਲਿਤਾਂ ਨੂੰ ਇਹ ਸਿੱਖਿਆ ਦੇਣੀ ਚਾਹੀਦੀ ਸੀ ਕਿ ਰਾਖਵੇਂਕਰਨ ਦਾ ਰਾਹ ਤੁਛ ਤੇ ਕੰਮ ਚਲਾਊ ਹੈ ਅਤੇ ਜਮਾਤੀ ਸੰਘਰਸ਼ ਦਾ ਰਾਹ ਉਤਮ ਤੇ ਟਿਕਾਊ ਹੈ। ਉਹਨਾਂ ਨੂੰ ਇਹ ਸਿੱਖਿਆ ਦੇਣੀ ਚਾਹੀਦੀ ਸੀ ਕਿ 'ਰਾਖਵੇਂਕਰਨ ਫੌਰੀ ਰਾਹਤ ਦਿੰਦੇ ਹਨ। ਇਸ ਰਾਸਤੇ ਨੂੰ ਲੰਬੇ ਸਮੇਂ ਤੱਕ ਚਲਾਉਣਾ ਜਾਤੀ ਪ੍ਰਣਾਲੀ ਨੂੰ ਲੰਬੇ ਸਮੇਂ ਤਕ ਚਲਾਉਣਾ ਹੈ। ਸਾਡਾ ਉਦੇਸ਼ ਜਾਤੀ ਪ੍ਰਣਾਲੀ ਨੂੰ ਖਤਮ ਕਰਨਾ ਹੋਣਾ ਚਾਹੀਦਾ ਹੈ। ਇਸ ਲਈ ਰਾਖਵਾਂਕਰਨ ਪ੍ਰਣਾਲੀ ਲੰਮੇਂ ਸਮੇਂ ਤੱਕ ਬਣੇ ਰਹਿਣ 'ਚ ਸਾਨੂੰ ਹੀ ਨੁਕਸਾਨ ਹੈ। ਲੁੱਟ ਵਿਰੁੱਧ ਜਮਾਤੀ ਲੜਾਈ ਹੀ ਸਾਡੀ ਮੁਕਤੀ ਦਾ ਸਥਾਈ ਸਾਧਨ ਹੈ। ਇਹੀ ਹੈ ਮਾਰਕਸਵਾਦ। ਇਹੀ ਸਾਡਾ ਮੁਕਤੀ ਮਾਰਗ ਹੈ। ਰਾਖਵੇਂਕਰਨਾਂ ਦਾ ਲਾਭ ਲੈਂਦੇ ਹੋਇਆ ਹੀ ਵਰਗ ਸੰਘਰਸ਼ ਦੇ ਰਾਹ ਦੀ ਪਾਲਣਾ ਕਰੋ। ਇਹ ਇਕੋ ਇਕ ਰਾਹ ਹੈ ਜਿਸ 'ਤੇ ਚਲਣਾ ਪੈਣਾ ਹੈ। ਪਰ ਅੰਬੇਦਕਰ ਨੇ ਅਜਿਹਾ ਕੁਝ ਨਹੀਂ ਕੀਤਾ ਲੋਕਾਂ ਨੂੰ ਇਸ ਨੇਤਾ ਤੋਂ ਕੋਈ ਗਿਆਨ ਹਾਸਲ ਨਹੀਂ ਹੋਇਆ। ਦਲਿਤਾਂ ਨੂੰ ਅੰਬੇਦਕਰ ਤੋਂ ਜਾ ਹਾਸਲ ਹੋਇਆ ਹੈ ਉਹ ਹੈ "ਰਾਖਵੇਂਕਰਨ ਦੀ ਦਾਸਤਾ ਤੇ ਧਾਰਮਿਕ ਰੂੜੀਵਾਦ" ਧਾਰਮਿਕ ਰੂੜੀਵਾਦ ਦਾ ਜੋ ਮਰਜ਼ੀ ਹੋਵੇ, ਤਰਕ ਤੇ ਭੌਤਿਕਵਾਦ ਹੀ ਹੱਲ ਹੈ। ਜਾਤੀ ਭਿੰਨਤਾ ਲਈ ਹੱਲ ਹੈ ਜਾਤੀ ਰਹਿਤ ਹੋਣਾ ਤੇ ਜਾਤੀ ਪ੍ਰਥਾ ਦੀ ਉਲੰਘਣਾ। ਗਰੀਬੀ ਦਾ ਹੱਲ ਹੈ ਕਿਰਤ ਦੀ ਲੁੱਟ ਵਿਰੁੱਧ ਜਮਾਤੀ ਸੰਘਰਸ਼। ਇਹ ਵਰਗ ਸੰਘਰਸ਼ ਜੋ ਉਦੋਂ ਤੱਕ ਜਾਰੀ ਰਹਿੰਦਾ ਹੈ ਜਦ ਤੱਕ ਕਿ ਲੁਟੇਰੇ ਕਿਰਤ ਸੰਬੰਧ ਖਤਮ ਨਾ ਹੋ ਜਾਣ। ਬਰਾਬਰੀ ਦੀ ਸਥਾਪਨਾ। ਪਰ ਦਲਿਤਾਂ ਨੂੰ ਅੰਬੇਦਕਰ ਤੋਂ ਇਹ ਹੱਲ ਨਹੀਂ ਮਿਲੇ ਕਿਉਂਕਿ ਅਛੂਤਤਾ ਬਹੁਤ ਕਠਿਨ ਸਮੱਸਿਆ ਹੈ ਜੋ ਵੀ ਸੁਧਾਰ ਇਸ ਬਿਮਾਰੀ ਵਿਰੁੱਧ ਲੜੇਗਾ ਉਸ ਨੂੰ ਲੋਕਾਂ ਦਾ ਅਥਾਹ ਸਨੇਹ ਤੇ ਮੁਹੱਬਤ ਮਿਲੇਗੀ। ਅੰਬੇਦਕਰ ਨੂੰ ਲੋਕਾਂ ਤੋਂ ਭਰਪੂਰ ਪਿਆਰ ਮਿਲਿਆ ਕਿਉਂਕਿ ਉਹਨਾਂ ਨੇ ਅਛੂਤਤਾ ਵਿਰੁੱਧ ਆਪਣੇ ਸੰਘਰਸ਼ ਨੂੰ ਰਾਖਵੇਂਕਰਨ ਅੰਦੋਲਨਾਂ 'ਚ ਬਦਲ ਕੇ ਸੀਮਤ ਕਰ ਦਿੱਤਾ। ਇਸ ਤੋਂ ਇਲਾਵਾ ਜਵਾਨੀ ਦੀ ਅਵਸਥਾ 'ਚ ਵਿਦੇਸ਼ਾਂ 'ਚ ਅਧਿਐਨ ਨਾਲ ਉਹਨਾਂ ਦੀ ਖਆਤੀ ਦੇ ਢੇਰ ਲੱਗ ਗਏ। ਬਸਤੀਵਾਦ

ਦੀ ਜਨਤਾ ਦਾ ਪੂੰਜੀਵਾਦੀ ਦੇਸ਼ਾਂ 'ਚ ਅਧਿਐਨ ਪ੍ਰਤੀ ਵੱਧ ਖਿੱਚ ਰਹਿੰਦੀ ਹੈ। ਜਦੋਂ ਕਿ ਇਹਨਾਂ ਡਿਗਰੀਆਂ ਤੋਂ ਕੋਈ ਗਿਆਨ ਹਾਸਲ ਨਹੀਂ ਹੁੰਦਾ ਹੈ।

ਅੰਬੇਦਕਰ ਦੀ ਮਸ਼ਹੂਰੀ ਦਾ ਦੂਜਾ ਕਾਰਨ ਸੀ ਗਾਂਧੀ ਨਾਲ ਉਹਨਾਂ ਦੀ ਲੜਾਈ। ਇਹਨਾਂ ਸਾਰੇ ਕਾਰਨਾਂ ਦੇ ਇਕੱਠੇ ਹੋਣ ਨਾਲ ਅੰਬੇਦਕਰ ਦੀ ਵਿਅਕਤੀਗਤ ਪੂਜਾ 'ਚ ਵਾਧਾ ਹੋਇਆ ਤੇ ਇਹ ਜਾਂਚ ਪੜਤਾਲ ਤੋਂ ਬਚੇ ਰਹੇ। ਜਿਸ ਗਾਂਧੀ 'ਚ ਸਾਰੇ ਹਿੰਦੂਆਂ ਦੀ ਸ਼ਰਧਾ ਹੋਵੇ ਉਸ ਵਿਰੁੱਧ ਅੰਬੇਦਕਰ ਇਸ ਤਰ੍ਹਾਂ ਦੇ ਦੁਰਵਚਨਾਂ ਦੀ ਵਰਤੋਂ ਕਰ ਸਕਦੇ ਹਨ ਜਿਵੇਂ ਕਿ 'ਹੋਸ਼ਾ ਤੇ ਪਖੰਡੀ' 'ਲਾਲਚੀ ਰਾਜਸੀ ਆਗੂ' 'ਰਾਖਸ਼' ਆਦਿ। ਪਰ ਅੰਬੇਦਕਰ ਚਾਹੇ ਜਿੰਨੀਆਂ ਗ਼ਲਤੀਆਂ ਕਰਨ ਤੇ ਚਾਹੇ ਜਿਸ ਤਰ੍ਹਾਂ ਦੀਆਂ ਗਲਤੀਆਂ ਕਰਨ ਉਹਨਾਂ ਦੀ ਅਲੋਚਨਾ ਕੋਈ ਨਹੀਂ ਕਰ ਸਕਦਾ। ਇਹ ਦਲਿਤ ਬੁੱਧੀਜੀਵੀਆਂ ਦਾ ਨਿਯਮ ਹੈ ਜੋ ਵਿਅਕਤੀਵਾਦ ਤੋਂ ਪ੍ਰੇਰਿਤ ਹੈ ਪਰ ਇਹ ਫਾਂਸੀਵਾਦੀ ਰਵੱਈਆ ਦਲਿਤਾਂ ਦੇ ਹਿੱਤਾਂ ਨੂੰ ਬਹੁਤ ਨੁਕਸਾਨ ਪਹੁੰਚਾ ਰਿਹਾ ਹੈ ਅਤੇ ਉਹਨਾਂ ਦੇ ਪੈਰੀਂ ਕੁਹਾੜੀ ਮਾਰ ਰਿਹਾ ਹੈ ਕਿਸੇ ਵੀ ਬੰਦੇ ਜਾਂ ਸਿਧਾਂਤ ਨੂੰ ਪ੍ਰੀਖਣ ਤੋਂ ਗੁਜ਼ਰਨਾ ਚਾਹੀਦਾ ਹੈ ਅਤੇ ਇਸ 'ਤੇ ਖਰ੍ਹਾ ਉਤਰਨਾ ਚਾਹੀਦਾ ਹੈ। ਇਹ ਮੁੱਖੀ ਜਾਣੇ ਅਣਜਾਣੇ ਕੋਈ ਗਲਤੀ ਕਰਦੇ ਹਨ ਤੇ ਉਹਨਾਂ ਦੇ ਚੇਲਿਆਂ ਨੂੰ ਚਾਹੀਦਾ ਹੈ ਕਿ ਉਸ ਨੂੰ ਠੀਕ ਕਰ ਦੇਣ। ਇਸ ਨਾਲ ਮੁਖੀਆਂ ਦਾ ਅਨਾਂਦਰ ਨਹੀਂ ਹੋਵੇਗਾ।

ਸਮਾਜਕ ਸੰਬੰਧ ਦੇ ਪ੍ਰਸੰਗ 'ਚ ਬੁੱਧ ਧਰਮ ਵੀ ਦੂਜੇ ਧਰਮਾਂ ਵਰਗਾ ਹੈ। ਇਹ ਵੀ 'ਕਿਰਤ ਦੀ ਲੁੱਟ' ਦੀ ਹਮਾਇਤ ਕਰਦਾ ਹੈ। ਇਸ ਲਈ ਬੁੱਧ ਧਰਮ ਨੂੰ ਵੀ ਨਕਾਰਨਾ ਪਵੇਗਾ। ਕੁਦਰਤ ਤੇ ਸਮਾਜ ਬਾਰੇ ਤਰਕਸ਼ੀਲ ਨਜ਼ਰੀਆ ਅਪਣਾਉਣਾ ਪਵੇਗਾ। ਸਾਨੂੰ ਕਿਸੇ ਵੀ ਮੌਕੇ ਕਦੇ ਵੀ ਜਾਤੀ ਦਾ ਜ਼ਿਕਰ ਨਹੀਂ ਕਰਨਾ ਚਾਹੀਦਾ ਸਿਵਾਏ ਉਸ ਮੌਕੇ ਨੂੰ ਛੱਡ ਕੇ ਜਦ ਅਰਜ਼ੀ ਦੇਣੀ ਹੋਵੇ ਜਾਤ-ਪਾਤ ਦੇ ਭੇਦਭਾਵ 'ਚ ਨਾਪਿਆ ਜਾਵੇ। ਸਾਡੇ ਜੀਵਨ 'ਚ ਨਾ ਬਰਾਬਰੀ ਤੇ ਦਾਬੇ ਦੇ ਪ੍ਰਸੰਗ 'ਚ ਮਾਰਕਸਵਾਦ ਹੀ ਸਟੀਕ ਤੇ ਟਿਕਾਊ ਸਾਧਨ ਹੈ। ਸਾਨੂੰ ਇਹ ਸਿਧਾਂਤ ਸਿਖਣਾ ਪਵੇਗਾ। ਸਹੀ ਤੇ ਗਲਤ ਨੂੰ ਇਕੋ ਵਰਗਾ ਨਹੀਂ ਮਨਣਾ ਚਾਹੀਦਾ। ਸਾਨੂੰ ਤਰਕਹੀਣ ਨਹੀਂ ਬਨਣਾ ਚਾਹੀਦਾ ਸਾਨੂੰ ਹਰੇਕ ਆਗੂ, ਅਧਿਆਪਕ ਤੇ ਬੁੱਧੀਜੀਵੀ ਨੂੰ ਤਰਕ ਦੀ ਕਸੌਟੀ 'ਤੇ ਪਰਖਣਾ ਚਾਹੀਦਾ ਹੈ ਜਾਂਚ ਕਰਨੀ ਚਾਹੀਦੀ ਹੈ ਕਿ ਕਿਰਤ ਸੰਬੰਧਾਂ, ਜਾਇਦਾਦ ਅਧਿਕਾਰਾਂ, ਅਮੀਰੀ-ਗਰੀਬੀ ਬਾਰੇ, ਉਹਨਾਂ ਦੀ ਕੀ ਵਿਚਾਰਧਾਰਾ ਹੈ। ਅੰਬੇਦਕਰ ਅਜਿਹੇ ਸਿੱਖਿਅਤ ਬੰਦੇ ਸਨ ਜਿਹਨਾਂ ਨੇ ਸਵੈ-ਇੱਛਾ ਨਾਲ ਖੁਦ ਨੂੰ ਹਾਕਮ ਜਾਤ 'ਚ ਆਤਮ ਸ਼ਾਂਤ ਕਰ ਲਿਆ।

# ਪਿਛੜਿਆਂ ਦਾ ਰਾਜਸੀ ਸਮਾਜਕ ਸੰਘਰਸ਼ ਕੈਸਾ ਹੋਵੇ?

ਭਾਰਤ ਦਾ ਸੰਵਿਧਾਨ ਕਲਿਆਣਕਾਰੀ ਹੈ। ਇਸ ਸੰਵਿਧਾਨ 'ਚ ਅਨਸੂਚਿਤ ਜਾਤੀ ਤੇ ਅਨਸੂਚਿਤ ਜਨਜਾਤੀ ਦੇ ਨਾਲ ਹੋਰ ਪਿਛੜੀਆਂ ਜਾਤਾਂ ਲਈ ਵੀ ਕੁਝ ਵਿਸ਼ੇਸ਼ ਵਿਵਸਥਾਵਾਂ ਦਿੱਤੀਆਂ ਗਈਆਂ ਹਨ। ਜੋ ਦਲਿਤ ਨਹੀਂ ਹਨ ਅਤੇ ਉਚ ਵਰਗੀ ਵੀ ਨਹੀਂ ਹਨ, ਉਹ ਸਭ ਓ ਬੀ ਸੀ ਹਨ-ਅਜੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ। 1947 ਦੀ ਸੱਤਾ ਬਦਲੀ ਤੋਂ ਕਈ ਸਾਲਾਂ ਬਾਅਦ ਤਕ ਓ ਬੀ ਸੀ ਜਾਤੀਆਂ ਆਪਣੇ ਅਧਿਕਾਰਾਂ ਸੰਬੰਧੀ ਬਹੁਤੀਆਂ ਸੰਜੀਦਾ ਨਹੀਂ ਸਨ ਜਾਂ ਹੋਰ ਕੋਈ ਉਹਨਾਂ ਬਾਰੇ ਗੰਭੀਰਤਾ ਨਾਲ ਸੋਚ ਵੀ ਨਹੀਂ ਰਹੇ ਸਨ, ਕਾਲੇਲਕਰ ਕਮਿਸ਼ਨ ਨੇ ਆਪਣੀ ਰਿਪੋਰਟ 'ਚ 2000 ਹਜ਼ਾਰ ਤੋਂ ਵੱਧ ਹੋਰ ਪਛੜੀਆਂ ਜਾਤਾਂ ਦਾ ਜ਼ਿਕਰ ਕੀਤਾ ਹੈ ਅਤੇ ਇਹਨਾਂ 'ਚੋਂ 800 ਤੋਂ ਵੱਧ ਜਾਤੀਆਂ ਨੂੰ ਤਾਂ ਬੇਹੱਦ ਪਿਛੜੇ ਵਰਗਾਂ ਤਹਿਤ ਰੱਖਿਆ ਗਿਆ ਸੀ। ਸਰਕਾਰ ਵਲੋਂ 1953 'ਚ ਗਠਿਤ ਇਸ ਕਮਿਸ਼ਨ ਨੇ ਪਹਿਲੀ ਵਾਰੀ ਓ ਬੀ ਸੀ ਲਈ ਨੌਕਰੀਆਂ 'ਚ ਰਾਖਵਾਂਕਰਨ ਦੀ ਵਿਵਸਥਾ ਕੀਤੀ ਸੀ। ਪਿਛੜੇਪਣ ਨੂੰ ਨਿਰਧਾਰਿਤ ਕਰਨ ਹਿੱਤ ਕੁਝ ਸਿੱਟੇ ਵੀ ਕਮਿਸ਼ਨ ਨੇ ਨਿਸ਼ਚਤ ਕੀਤੇ ਸਨ। ਪਰ ਸਰਕਾਰ ਨੇ ਇਸ ਦੀ ਰਿਪੋਰਟ ਨੂੰ ਪੂਰੀ ਤਰ੍ਹਾਂ ਨਕਾਰਿਆ। ਇਸ ਪਿੱਛੋਂ ਸੰਨ 1980 'ਚ ਆਇਆ ਮੰਡਲ ਕਮਿਸ਼ਨ। ਇਸ ਕਮਿਸ਼ਨ ਨੇ ਓ ਬੀ ਸੀ ਲਈ ਨੌਕਰੀਆਂ 'ਚ ਰਾਖਵੇਂਕਰਨ ਦੀ ਵਿਵਸਥਾ ਕੀਤੀ। ਪਰ ਸਰਕਾਰ ਨੇ ਇਹ ਰਿਪੋਰਟ 10 ਸਾਲਾਂ ਤੱਕ ਠੰਡੇ ਬਸਤੇ 'ਚ ਪਾਈ ਰੱਖੀ। ਸੰਨ 1990 'ਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਸ੍ਰੀ ਵੀ ਪੀ ਸਿੰਘ ਨੇ ਇਸ ਰਿਪੋਰਟ ਨੂੰ ਬਾਹਰ ਕੱਢਿਆ ਤੇ ਉਸ ਨੂੰ ਮੰਨਿਆ। ਇਸ ਕਮਿਸ਼ਨ ਦੀ ਰਿਪੋਰਟ ਦਾ ਭਾਰਤੀ ਰਾਜਨੀਤੀ ਤੇ ਡੂੰਘਾ ਅਸਰ ਪਿਆ। ਮੰਡਲ ਤੇ ਕਮੰਡਲ ਇਹਨਾਂ ਦੋ ਹਿੱਸਿਆਂ 'ਚ ਭਾਰਤੀ ਰਾਜਨੀਤੀ ਦੀ ਵੰਡ ਹੋਈ। ਰਾਜਸੀ ਉਥਲ ਪੁਥਲ ਸ਼ੁਰੂ ਹੋਈ। ਓ ਬੀ ਸੀ ਦੀ ਤਾਕਤ ਦਾ ਅਹਿਸਾਸ ਪਹਿਲੀ ਵਾਰੀ ਸਭ ਰਾਜਸੀ ਪਾਰਟੀਆਂ ਨੂੰ ਹੋਇਆ। ਓ ਬੀ ਸੀ ਦਾ ਨਾਂ ਲੈਂਦਿਆਂ ਕਈ ਥਾਵਾਂ 'ਤੇ ਕੁਝ ਨਵੀਆਂ ਰਾਜਸੀ ਛਾਉਣੀਆਂ ਖੜ੍ਹੀਆਂ ਹੋਣ ਲੱਗੀਆਂ। ਮੰਡਲ ਕਮਿਸ਼ਨ ਓ ਬੀ ਸੀ ਦੀਆਂ 3743 ਜਾਤੀਆਂ ਨੂੰ ਲੱਭ ਲਿਆ। ਉਹਨਾਂ ਲਈ 27 ਫੀਸਦੀ ਦੇ ਰਾਖਵੇਂਕਰਨ ਦੀ ਸਿਫਾਰਸ਼ ਕੀਤੀ। ਨੌਕਰੀਆਂ ਦੀ ਤਰੱਕੀ 'ਚ ਉਹਨਾਂ ਨੂੰ ਰਾਖਵਾਂਕਰਨ ਦਿੱਤਾ ਜਾਣਾ ਚਾਹੀਦਾ ਹੈ, ਉਹਨਾਂ ਦੀ ਉਮਰ ਦੀ ਹੱਦ, ਐਸ ਸੀ, ਐਸ ਟੀ ਵਾਂਗੂੰ ਨਿਸ਼ਚਤ ਕਰਨੀ ਚਾਹੀਦੀ ਹੈ, ਉਹਨਾਂ ਲਈ ਰੋਸਟਰ ਤਿਆਰ ਕਰਨਾ ਚਾਹੀਦਾ ਹੈ। ਉਹਨਾਂ ਦੀ ਸਿੱਖਿਆ ਲਈ ਸਮਾਂ ਵੱਧ ਪ੍ਰੋਗ੍ਰਾਮ ਤਿਆਰ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਲਈ ਰਿਹਾਇਸ਼ੀ ਸਕੂਲਾਂ ਅਜ਼ਾਦ ਹੋਸਟਲਾਂ ਓ ਬੀ ਸੀ ਵਿਕਾਸ ਕਾਰਪੋਰੇਸ਼ਨਾਂ ਸਭ ਰਾਜਾਂ 'ਚ ਸਥਾਪਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਪ੍ਰੋਫੈਸ਼ਨਲ (ਕਿੱਤਾਕਾਰੀ) ਸਿੱਖਿਆ ਸੰਸਥਾਵਾਂ 'ਚ 27 ਫੀਸਦੀ ਸੀਟਾਂ ਰਾਖਵੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਅਜਿਹੀਆਂ ਅਨੇਕਾਂ ਸਿਫਾਰਸ਼ਾਂ ਕਮਿਸ਼ਨ ਨੇ ਕੀਤੀਆਂ। ਸਾਬਕਾ ਪ੍ਰਧਾਨ ਮੰਤਰੀ ਸ੍ਰੀ ਵੀ ਪੀ ਸਿੰਘ ਨੇ ਕਮਿਸ਼ਨ ਦੀ ਇਸ ਰਿਪੋਰਟ ਨੂੰ ਲਾਗੂ ਕਰਨ ਦਾ ਐਲਾਨ ਕੀਤਾ ਤੇ ਫਿਰ ਕੀ ਸੀ, ਪੂਰੇ ਦੇਸ਼ 'ਚ ਇਕ ਜ਼ੋਰਦਾਰ ਹਨੇਰੀ ਜੰਗ ਵਾਂਗੂੰ ਚਲ ਪਈ। 3743

ਜਾਤੀਆਂ ਨੂੰ ਮੰਡਲ ਕਮਿਸ਼ਨ ਨੇ ਲੱਭ ਲਿਆ ਸੀ ਪਰ ਇਹ ਗਿਣਤੀ ਵੀ ਅੰਦਾਜ਼ਾ ਹੀ ਹੈ ਕਿਉਂਕਿ ਇਸ ਦੇਸ਼ 'ਚ ਸਥਿਤ ਜਾਤੀਆਂ ਦੀ ਗਿਣਤੀ ਅੱਜ ਤੱਕ ਪੂਰੀ ਤਰ੍ਹਾਂ ਹੋ ਹੀ ਨਹੀਂ ਸਕੀ ਹੈ। ਇਹ ਕਦੀ ਗਿਣੀ ਵੀ ਜਾਊ ਜਾਂ ਨਹੀਂ, ਇਸ 'ਚ ਵੀ ਸ਼ੱਕ ਹੀ ਹੈ। ਅਨੇਕਾਂ ਜਾਤਾਂ ਨਾਲ ਇਹ ਦੇਸ਼ ਭਰਿਆ ਪਿਆ ਹੈ। ਕਿਤੇ ਨਾ ਕਿਤੇ ਰੋਜ਼ਾਨਾ ਨਵੀਆਂ ਜਾਤਾਂ ਵੀ ਤਿਆਰ ਹੁੰਦੀਆਂ ਰਹਿੰਦੀਆਂ ਹਨ। ਇਲਾਕੇ ਕਾਰਨ ਰਹਿਣੀ ਸਹਿਣੀ ਤੇ ਸਭਿਆਚਾਰ ਕਾਰਨ ਨਵੀਆਂ ਜਾਤਾਂ ਉਸਰਦੀਆਂ ਰਹਿੰਦੀਆਂ ਹਨ ਖੁੰਬਾਂ ਵਾਂਗੂੰ। ਉਚ ਵਰਗੀ, ਐਸ ਸੀ, ਐਸ ਟੀ, ਪਿਛੜੀਆਂ ਆਦਿ 'ਚ ਵੰਡੀਆਂ ਇਹਨਾਂ ਜਾਤਾਂ ਨੂੰ ਗਿਣਨ ਦੀ ਜੇ ਕੋਸ਼ਿਸ਼ ਹੋਈ ਤਾਂ ਆਮ 10 ਤੋਂ 15 ਹਜ਼ਾਰ ਜਾਤਾਂ ਇੱਥੇ ਹਨ। ਇਹ ਗਿਣਤੀ ਘੱਟ ਵੱਧ ਵੀ ਹੋ ਸਕਦੀ ਹੈ। ਜੇ ਏਨੀ ਗਿਣਤੀ 'ਚ ਜਾਤਾਂ ਹਨ ਤਾਂ ਕਿੰਨੀਆਂ ਜਾਤਾਂ ਸੱਤਾ 'ਚ ਸਰਗਰਮ ਹਨ? ਦਿੱਲੀ 'ਚ ਗਠਿਤ ਹੋਣ ਵਾਲੀ ਸਰਕਾਰ 'ਚ ਸ਼ਾਮਲ ਜਾਂ ਜੋ ਸ਼ਾਮਲ ਨਹੀਂ ਹਨ-ਅਜਿਹੇ ਸਾਰੇ ਪਾਰਲੀਮੈਂਟ ਮੈਂਬਰਾਂ ਦੀਆਂ ਜਾਤੀਆਂ ਦਾ ਜੇ ਅਧਿਐਨ ਕੀਤਾ ਜਾਵੇ ਤਾਂ ਸੰਨ 1952 ਤੋਂ ਹੁਣ ਤਕ ਇਸ ਦੇਸ਼ 'ਚ ਕਿੰਨੀਆਂ ਜਾਤੀਆਂ ਸੱਤਾ 'ਚ ਆਈਆਂ-ਜੇ ਅਜਿਹਾ ਸੁਆਲ ਪੁੱਛਿਆ ਜਾਵੇ ਤਾਂ ਇਹ ਅੰਕੜਾ ਕਿੰਨਾ ਵੀ ਵਧਾ ਚੜ੍ਹਾ ਕੇ ਕਿਹਾ ਜਾਵੇ ਤਾਂ ਵੀ 100-125 ਤੋਂ ਅੱਗੇ ਨਹੀਂ ਜਾ ਸਕੇਗਾ। ਇਸ ਦਾ ਅਰਥ ਇਹ ਹੈ ਕਿ ਇਸ ਦੇਸ਼ ਦੀ ਕਰੀਬ 17 ਤੋਂ 99% ਜਾਤੀਆਂ ਸੱਤਾ (ਰਾਜ ਭਾਗ) ਤੋਂ ਲਗਾਤਾਰ ਦੂਰ ਰਹੀਆਂ ਹਨ। ਹਕੂਮਤ ਕਿਸ ਨੂੰ ਕਹਿੰਦੇ ਹਨ, ਇਸ ਦਾ ਅਰਥ ਉਹਨਾਂ ਨੂੰ ਪਤਾ ਹੀ ਨਹੀਂ। ਪਿੰਡ ਪੰਚਾਇਤ, ਜ਼ਿਲਾ ਪ੍ਰੀਸ਼ਦ, ਵਿਧਾਨ ਸਭਾ ਕਿਸ ਨੂੰ ਕਹਿੰਦੇ ਹਨ, ਉਹਨਾਂ ਨੂੰ ਨਹੀਂ ਪਤਾ। ਪਰ ਹੁਣ ਬਹੁਤ ਸਾਲਾਂ ਬਾਅਦ ਉਹਨਾਂ ਨੂੰ ਹਕੂਮਤ ਦਾ ਅਰਥ ਸਮਝ ਆ ਗਿਆ ਹੈ। ਉਸ ਨੂੰ ਹਾਸਲ ਕਰਨ ਲਈ ਵੋਟਾਂ 'ਚ ਖੜ੍ਹਾ ਹੋਣਾ ਪੈਂਦਾ ਹੈ। ਜਥੇਬੰਦੀ ਜਾਂ ਪਾਰਟੀ ਬਣਾਉਣੀ ਪੈਂਦੀ ਹੈ। ਪਾਰਟੀ ਸਥਾਪਤ ਕਰਨੀ ਪੈਂਦੀ ਹੈ। ਜਾਤੀ ਨੂੰ ਬਣਾਈ ਰੱਖਣਾ ਪੈਂਦਾ ਹੈ। ਉਸ ਪਿੱਛੋਂ ਹੀ ਲਾਲ ਬੱਤੀ ਵਾਲੀ ਗੱਡੀ 'ਚ ਘੁਮਣ ਦਾ ਮੌਕਾ ਮਿਲ ਸਕਦਾ ਹੈ। ਪੂਰਾ ਵਿਕਾਸ ਹੋ ਜਾਂਦੈ। ਇਸ ਨੂੰ ਹੋਰ ਪਿਛੜੇ ਬਹੁਤ ਦੇਰ ਨਾਲ ਸਮਝ ਸਕੇ, ਦੇਸ਼ 'ਚ ਜੋ ਵੱਡੀਆਂ ਰਾਜਸੀ ਪਾਰਟੀਆਂ ਹਨ, ਉਹ ਕਿਸੇ ਨਾ ਕਿਸੇ ਤਰ੍ਹਾਂ ਛੋਟੀਆਂ ਜਾਤਾਂ ਵਿਚੋਂ ਕਿਸੇ ਇਕ ਜਾਤੀ ਦੇ ਬੰਦੇ ਨੂੰ ਨਿਰੰਤਰ ਆਪਣੇ ਹੱਥ 'ਚ ਰੱਖਦੇ ਹਨ। ਸੱਤਾ ਦੀ ਕੋਈ ਨਾ ਕੋਈ ਬੁਰਕੀ ਉਸ ਨੂੰ ਨਿਗਲਣ ਲਈ ਦਿੰਦੇ ਰਹਿੰਦੇ ਹਨ। ਇਹਨਾਂ ਜਾਤੀਆਂ ਨੂੰ ਇਸ ਸਬੰਧੀ ਕੁਝ ਮਹਿਸੂਸ ਹੁੰਦਾ ਹੀ ਨਹੀਂ ਸੀ। ਜੇ ਮੁੱਖ ਨੁਮਾਇੰਦਾ (ਸਰਪੰਚ ਆਦਿ ਤੋਂ ਐਮ ਪੀ ਤਕ) ਬਣਨਾ ਹੈ ਤਾਂ ਜਾਤੀ ਨੂੰ ਸੰਗਠਿਤ ਕਰਨਾ ਚਾਹੀਦਾ ਹੈ। ਕਈ ਅਜਿਹੀਆਂ ਥਾਵਾਂ ਹਨ ਜਿਥੇ 40 ਸਾਲਾਂ 'ਚ ਸਰਪੰਚ ਤਕ ਦੇ ਅਹੁਦੇ ਲਈ ਕੋਈ ਚੋਣ ਨਹੀਂ ਹੋਈ ਬਾਵਜੂਦ ਇਸ ਦੇ ਉਥੇ ਲੋਕਤੰਤਰ ਹੈ। ਸਾਡਾ ਇਥੋਂ ਦਾ ਲੋਕਰਾਜ ਬੜਾ ਅਜੀਬ ਹੈ। ਚੋਣਾਂ ਪਿੱਛੋਂ ਵੀ ਇਹ ਜਿਉਂਦਾ ਰਹਿੰਦਾ ਹੈ ਅਤੇ ਕਿਸੇ ਇਕ ਬੰਦੇ ਨੂੰ 50 ਸਾਲਾਂ ਤਕ ਇਸ ਅਹੁਦੇ 'ਤੇ ਰੱਖ ਕੇ ਵੀ ਜਿਉਂਦਾ ਰਹਿੰਦਾ ਹੈ। ਹੁਣ ਜਾਤੀਆਂ ਚੇਤੰਨ ਹੋ ਰਹੀਆਂ ਸਨ ਤੇ ਉਹਨਾਂ ਦੀ ਰਾਜਨੀਤੀ ਵੀ ਜਾਗ੍ਰਿਤ ਹੋ ਰਹੀ ਸੀ। ਓ ਬੀ ਸੀ ਸਬੰਧੀ ਵਿਚਾਰ ਕਰਦੇ ਸਮੇਂ ਦੋ ਗੱਲਾਂ ਧਿਆਨ 'ਚ ਰੱਖਣੀਆਂ ਚਾਹੀਦੀਆਂ ਹਨ। ਪਹਿਲਾਂ ਉਹਨਾਂ ਦੇ ਵਰਗ 'ਤੇ ਵੀ ਵਿਚਾਰ ਕਰਨਾ ਚਾਹੀਦੈ ਇਕ ਹੀ ਸਿੱਟਾ ਲੈ ਕੇ ਤੁਸੀਂ ਪ੍ਰਚਾਰ ਕਰਨ ਲੱਗੇ ਤਾਂ ਹਿਸਾਬ ਵਿਗੜ ਜਾਣ ਦੀ ਸੰਭਾਵਨਾ ਹੈ ਕਿਉਂਕਿ ਇਹ ਜਾਤੀਆਂ

ਇਕੋ ਸਮੇਂ ਵਰਗ 'ਚ ਵੀ ਹਨ ਤੇ ਜਾਤੀ ਵਿਚ ਵੀ। ਜੇ ਇਥੇ 10 ਹਜ਼ਾਰ ਜਾਤੀਆਂ ਹਨ ਤਾਂ ਇਹਨਾਂ 'ਚੋਂ ਜੋ ਸਭ ਤੋਂ ਹੇਠਾਂ ਹੈ ਉਸ ਦੇ ਉਪਰ 9999 ਜਾਤੀਆਂ ਹਨ ਜੋ ਦੋ ਨੰਬਰ 'ਤੇ ਹੈ ਉਸ ਦੇ ਸਿਰ ਉਪਰ 9998 ਜਾਤੀਆਂ ਹਨ ਅਤੇ ਜੋ ਸਭ ਤੋਂ ਉਪਰ ਹੈ, ਉਸ ਦੇ ਪੈਰਾਂ ਹੇਠਾਂ 9999 ਜਾਤੀਆਂ ਹਨ। ਅਜੇ ਇਹ ਗਣਿਤਾ ਹੈ। ਇਸ ਕਾਰਨ ਹੇਠਾਂ ਜੋ ਦਬੇ ਹਨ ਉਹਨਾਂ 'ਚੋਂ ਹਰੇਕ ਜਾਤੀ ਦੇ ਇਸ ਬੋਝ ਨੂੰ ਨਿਕਾਰਨ ਦੀ ਕੋਸ਼ਿਸ਼ ਤਾਂ ਕਰਨਗੇ ਹੀ। ਪਰ ਇਹ ਪ੍ਰਬੰਦ ਅਜਿਹਾ ਹੈ ਕਿ ਜੇ ਕੋਈ ਇਸ ਜੰਜਾਲ ਤੋਂ ਮੁਕਤ ਹੋ ਵੀ ਗਿਆ ਤਾਂ ਜੋ ਬਾਕੀ ਰਹਿ ਗਏ ਉਨ੍ਹਾਂ ਸਿਰ ਇਹ ਬੋਝ ਆਉਂਦਾ ਹੈ। ਦੋ ਨੰਬਰ ਵਾਲਾ ਜੇ ਬਾਹਰ ਨਿਕਲ ਗਿਆ ਤਾਂ ਤਿੰਨ ਨੰਬਰ ਵਾਲੇ ਸਿਰ ਇਹ ਬੋਝ ਆਉਂਦਾ ਹੈ। ਤਿੰਨ ਨੰਬਰ ਵਾਲਾ ਜੇ ਬਾਹਰ ਨਿਕਲ ਗਿਆ ਤਾਂ ਚਾਰ ਨੰਬਰ ਵਾਲੇ ਸਿਰ ਇਹ ਬੋਝ ਆਉਂਦਾ ਹੈ। ਇਸ ਬੋਝ ਨੂੰ ਜੇ ਖਤਮ ਕਰਨਾ ਹੈ ਤਾਂ ਖਤਮ ਕਰ ਦੇਣਾ ਚਾਹੀਦਾ ਹੈ। ਪਰ ਅਜਿਹਾ ਅਜੇ ਤਕ ਨਹੀਂ ਹੋ ਸਕਿਆ। ਅੱਜ ਵੀ ਵੱਖ ਵੱਖ ਅਵਸਥਾ 'ਚ ਇਸ ਬੋਝ ਨੂੰ ਸਿਰ 'ਤੇ ਢੋਹਣ ਵਾਲੀ ਤੇ ਆਪਣੇ ਪੈਰਾਂ ਹੇਠ ਜਾਤੀਆਂ ਨੂੰ ਲੈ ਕੇ ਜਿਉਣ ਵਾਲੀਆਂ ਜਾਤੀਆਂ ਖਤਮ ਹੋ ਗਈਆਂ ਹਨ-ਅਜਿਹਾ ਨਹੀਂ ਲਗਦਾ। ਇਹ ਜੋ ਓ ਬੀ ਸੀ ਹਨ ਇਹ ਆਰਥਕ ਪੱਧਰ 'ਤੇ ਭਾਵੇਂ ਹੀ ਗਰੀਬ ਹੋਣ ਤਾਂ ਵੀ ਸਮਾਜਕ ਪੱਧਰ 'ਤੇ ਖੁਸ਼ਹਾਲ ਹਨ ਓ ਬੀ ਸੀ ਜਾਤਾਂ ਕੋਲ ਆਪਣੇ ਪਿਤਾਪੁਰਖੀ ਧੰਦੇ ਹਨ। ਪਰ ਇਹ ਧੰਦੇ ਮਸ਼ੀਨਰੀ ਦੇ ਆਉਣ ਕਾਰਨ ਖੁਸ ਗਏ। ਉਹ ਬੇਰੁਜ਼ਗਾਰ ਹੋ ਗਏ। ਫਿਰ ਰਹਿ ਗਿਆ ਇਕ ਹੀ ਬਦਲ ਸਿੱਖਿਆ ਦਾ। ਸਿੱਖਿਆ 'ਚ ਉਚ ਜਾਤੀਆਂ ਨਾਲ ਮੁਕਾਬਲਾ। ਇਸ ਵਿਵਸਥਾ 'ਚ ਸਿਰਫ ਵਰਗ ਦੀ ਸ਼੍ਰੇਣੀ 'ਚ ਵਾਧਾ ਹੋਣ ਨਾਲ ਸਮਾਜਕ ਰੁਤਬਾ ਹਾਸਲ ਨਹੀਂ ਹੁੰਦਾ ਅਤੇ ਸਿਰਫ ਸਮਾਜਕ ਰੁਤਬਾ ਵਧ ਜਾਣ ਨਾਲ ਵਰਗ ਨਾਲ ਸੰਬੰਧਤ ਸੁਆਲਾਂ ਤੋਂ ਛੁਟਕਾਰਾ ਨਹੀਂ ਮਿਲਦਾ। ਮਤਲਬ ਕਿ ਜਾਤੀ ਦੇ ਪੱਧਰ 'ਤੇ ਉਹ ਬਹੁਤ ਵੱਡਾ ਹੈ ਪਰ ਜੇਬ 'ਚ ਪੈਸੇ ਨਹੀਂ ਹਨ। ਰੋਜ਼ੀ ਰੋਟੀ ਦਾ ਸਾਧਨ ਨਹੀਂ ਹੈ। ਦਰਿਦਰੀ ਹੈ ਇਸ ਲਈ ਰੁਤਬਾ ਨਹੀਂ। ਹੇਠਾਂ ਦੀ ਜਾਤੀ 'ਚ ਹੁੰਦੇ ਹੋਏ ਵੀ ਇਕ ਪਾਸੇ ਭਰਪੂਰ ਪੈਸਾ ਹੈ ਕਿਉਂਕਿ ਉਹ ਨੀਵੀਂ ਜਾਤੀ ਦਾ ਹੈ ਇਸ ਲਈ ਸਮਾਜਕ ਰੁਤਬਾ ਨਹੀਂ। ਅੱਜ ਜਾਤੀ ਹੀ ਪਹਿਚਾਣ ਦਾ ਚਿੰਨ ਮੰਨੀ ਜਾਂਦੀ ਹੈ ਤੇ ਇਹ ਨਿਯਮ ਸਭ ਲਈ ਲਾਗੂ ਹੈ। ਪਹਿਚਾਣ ਲਈ ਜਾਤੀ ਦਾ ਕੀ ਮਹੱਤਵ ਹੈ ਇਹ ਸਪਸ਼ਟ ਹੈ। ਓ ਬੀ ਸੀ 'ਚ ਸਥਿਤ ਜਾਤੀਆਂ ਦਾ ਪੱਧਰ ਬੀ ਸੀ ਦੀ ਤੁਲਨਾ 'ਚ ਘੱਟ ਵੱਧ ਮਾਤਰਾ 'ਚ ਉਚ ਮੰਨਿਆ ਗਿਆ ਹੈ ਉਹਨਾਂ ਦੇ ਵੀ ਇਹ ਧਿਆਨ ਵਿਚ ਹੈ ਕਿ ਆਪਣੇ ਹੇਠਾਂ ਕੁਝ ਸੈਂਟੀਮੀਟਰ ਤਕ ਜਾਂ ਕੁਝ ਇੰਚ ਤਕ 'ਤੇ ਜੋ ਹੈ ਜਿਵੇਂ ਐਸ ਸੀ, ਐਸ ਟੀ, ਆਦੀਵਾਸੀ ਇਹਨਾਂ ਲਈ ਵਿਕਾਸ ਦੇ ਸਾਧਨ ਰਾਖਵੇਂਕਰਨ ਕਰਕੇ ਹੀ ਖੁੱਲ੍ਹੇ ਹੋਏ ਹਨ ਤਾਂ ਫਿਰ ਸਾਡੇ ਲਈ ਇਹ ਸਹੂਲਤ ਕਿਉਂ ਨਹੀਂ? ਕਿਉਂਕਿ ਦੋਨਾਂ ਦਾ ਜਾਤੀਗਤ ਪੱਧਰ ਭਾਵੇਂ ਹੀ ਵੱਖਰਾ ਹੋਵੇ ਤਾਂ ਵੀ ਆਰਥਕ ਪੱਧਰ ਬਰਾਬਰ ਹੈ। ਉਹਨਾਂ ਨੂੰ ਵੀ ਅਜਿਹਾ ਲੱਗਣ ਲੱਗਿਆ ਕਿ ਸਹੂਲਤਾਂ ਹਾਸਲ ਕਰਨ ਲਈ ਸਾਨੂੰ ਵੀ ਲੜਨਾ ਪਵੇਗਾ। ਮੰਡਲ ਕਮਿਸ਼ਨ ਪਿੱਛੋਂ ਇਹ ਸਾਰੀਆਂ ਲੜਾਈਆਂ ਤੇਜ਼ ਹੋਣ ਲੱਗੀਆਂ ਹਨ ਪੂਰੇ ਦੇਸ਼ 'ਚ ਵੱਖ-ਵੱਖ ਥਾਂਵਾਂ 'ਤੇ ਇਹ ਲੜਾਈਆਂ ਸ਼ੁਰੂ ਹੋਈਆਂ ਤੇ ਇਹਨਾਂ ਲੜਾਈਆਂ ਵਿਚੋਂ ਓ ਬੀ ਸੀ ਦੇ ਕੁਝ ਨੇਤਾ ਤਿਆਰ ਹੋ ਗਏ। ਓ ਬੀ ਸੀ ਸ਼ਬਦ ਮੰਡਲ ਕਮਿਸ਼ਨ ਤੋਂ ਪਿੱਛੋਂ ਹੀ ਪ੍ਰਚਲਿਤ ਹੋਇਆ। ਇਸ ਤੋਂ ਪਹਿਲਾਂ ਇਸ ਦੀ

ਵਰਤੋਂ ਬਹੁਤ ਘੱਟ ਹੁੰਦੀ ਸੀ। ਓ ਬੀ ਸੀ ਨੇਤਾ ਵਜੋਂ ਮੇਰੀ ਪਹਿਚਾਣ ਹੋਵੇ, ਇਸ ਲਈ ਯਤਨ ਸ਼ੁਰੂ ਹੋਏ। ਜਿਵੇਂ ਬੀ ਸੀ ਲੀਡਰ, ਅੱਪਰ ਕਲਾਸ ਲੀਡਰ, ਮਿਡਲ ਕਲਾਸ ਲੀਡਰ ਠੀਕ ਉਸੇ ਤਰ੍ਹਾਂ ਓ ਬੀ ਸੀ ਲੀਡਰ। ਇਹਨਾਂ ਦੇ ਸੰਘਰਸ਼ ਸ਼ੁਰੂ ਹੋਏ। ਮੁਖ ਤੌਰ 'ਤੇ ਬਿਹਾਰ, ਉਤਰ ਪ੍ਰਦੇਸ਼ 'ਚ ਰਾਖਵੇਂਕਰਨ ਦਾ ਬਹੁਤ ਵੱਡਾ ਵਿਰੋਧ ਹੋਇਆ, ਸਿੱਟੇ ਵਜੋਂ ਇਹਨਾਂ ਰਾਜਾਂ ਵਿਚੋਂ ਹੀ ਵੱਡੀ ਮਾਤਰਾ 'ਚ ਓ ਬੀ ਸੀ ਲੀਡਰਸ਼ਿਪ ਉਭਰ ਆਈ। ਇਹ ਓ ਬੀ ਸੀ ਲੋਕ ਲੀਡਰ ਕਿਥੇ ਤਿਆਰ ਹੁੰਦੇ ਹਨ ਇਹ ਮਹੱਤਵਪੂਰਨ ਸੁਆਲ ਹੈ। ਜ਼ਿਆਦਾਤਰ ਓ ਬੀ ਸੀ ਲੀਡਰਸ਼ਿਪ ਹਿੰਦੂਤਵ ਦੇ ਗਰਭ ਵਿਚੋਂ ਹੀ ਬਾਹਰ ਨਿਕਲੀ ਹੈ ਅਤੇ ਅੱਜ ਵੀ ਨਿਕਲ ਰਹੀ ਹੈ? ਕਲਿਆਣ ਸਿੰਘ ਕੌਣ ਹੈ? ਅਤੇ ਉਸ ਦੀ ਲੀਡਰਸ਼ਿਪ ਦਾ ਜਨਮ ਕਿਥੇ ਹੋਇਆ? ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਕਿਥੋਂ ਆਏ? ਮੋਦੀ ਕੌਣ ਹਨ ਤੇ ਉਹਨਾਂ ਦੀ ਲੀਡਰਸ਼ਿਪ ਕਿਥੋਂ ਵਧੀ ਫੁਲੀ। ਅਜਿਹੇ ਅਨੇਕਾਂ ਨਾਂ ਹਨ ਅਸ਼ੋਕ ਗਹਲੋਤ, ਸ਼ਰਦ ਯਾਦਵ ਇਹਨਾਂ 'ਚੋਂ ਬਹੁਤੇ ਹਿੰਦੂਤਵ ਦੇ ਗਰਭ 'ਚੋਂ ਹੀ ਜਨਮ ਲੈ ਚੁੱਕੇ ਹਨ। ਦੇਸ਼ ਤੱਕ ਇਹ ਸੂਚੀ ਲਿਆਉਣੀ ਚਾਹੀਏ ਤਾਂ ਉਤਰ ਨਹੀਂ ਮਿਲੇਗਾ ਅਰਥਾਤ ਕੁਝ ਅਪਵਾਦ ਛੱਡ ਕੇ। ਆਪਣੀ ਨੀਤੀ ਦੇ ਵਿਕਾਸ ਦੀ ਕਲਪਨਾ ਦੇ ਨਾਲ ਨਾਲ ਰਾਜ ਨੇਤਾ ਜਿਸ ਪਾਰਟੀ ਕਾਰਨ ਵੱਡਾ ਹੋਇਆ, ਉਸ ਪਾਰਟੀ ਦੇ ਸੂਤਰਾਂ ਨੂੰ ਮੰਨਣਾ, ਉਸ ਪਾਰਟੀ ਦੇ ਸਭਿਆਚਾਰ ਨੂੰ ਮੰਨਣਾ ਸ਼ੁਭਾਵਿਕ ਹੀ ਹੈ। ਪਾਰਟੀ ਦੇ ਬੰਧਨਾਂ ਨੂੰ ਇਹਨਾਂ ਸਾਰੀ ਓ ਬੀ ਸੀ ਲੀਡਰਸ਼ਿਪ ਨੂੰ ਮੰਨਣਾ ਤਾਂ ਪਵੇਗਾ ਹੀ। ਦੂਜੇ ਸ਼ਬਦਾਂ 'ਚ ਹਿੰਦੂਤਵ ਦੀ ਵਕੀਲੀ ਨੂੰ ਉਹਨਾਂ ਨੇ ਮੰਨਿਆ ਹੈ ਤਾਂ ਕੁਝ ਨੇ ਪਾਰਟੀ ਹੀ ਛੱਡ ਦਿੱਤੀ। ਓ ਬੀ ਸੀ ਸੁਆਲ 'ਤੇ ਸ਼ਿਵ ਸੈਨਾ ਨੇ ਵਿਰੋਧ ਦਰਜ ਕੀਤਾ ਇਸ ਲਈ ਤਾਂ ਛਗਨ ਭਜਬਲ ਉਥੋਂ ਬਾਹਰ ਨਿਕਲੇ। ਅਯੋਧਿਆ 'ਚ ਬਾਬਰੀ ਮਸਜਿਦ ਅਸੀਂ ਹੀ ਢਾਹ ਦਿੱਤੀ-ਅਜਿਹਾ ਟੀ. ਵੀ. ਤੇ ਮਾਣ ਨਾਲ, ਇੰਟਰਵਿਊ ਦੇਣ ਵਾਲੇ, ਪਹਿਲਾਂ ਪੱਥਰ ਅਸੀਂ ਹੀ ਮਾਰਿਆ। ਅਸੀਂ ਵਾਰੀ ਵਾਰੀ ਇਹੀ ਕਰਾਂਗੇ ਮਾਣ ਨਾਲ ਕਹੋ ਕਿ ਅਸੀਂ ਹਿੰਦੂ ਹਾਂ। ਇਹ ਕਹਿਣ ਵਾਲੇ ਕੌਣ ਹਨ? ਅਸੀਂ ਮਸਜਿਦ ਢਾਹ ਦਿੱਤੀ, ਅਜਿਹਾ ਕੌਣ ਕਹਿ ਰਹੇ ਹਨ? ਇਥੇ ਹਿੰਦੂਆਂ ਦਾ ਰਾਜ ਆਉਣਾ ਚਾਹੀਦਾ ਹੈ, ਅਜਿਹਾ ਕੌਣ ਕਹਿ ਰਹੇ ਹਨ? ਕਾਸ਼ੀ ਅਜੇ ਬਾਕੀ ਹੈ, ਅਜਿਹਾ ਕੌਣ ਕਹਿ ਰਹੇ ਸਨ ਤਾਂ ਇਹ ਸਾਰੇ ਦੇ ਸਾਰੇ ਓ ਬੀ ਸੀ ਨੇਤਾ ਸਨ। ਭਾਜਪਾ ਨੂੰ ਇਹ ਜੋ ਬਹੁਤ ਵੱਡਾ ਯਸ਼ ਮਿਲਿਆ ਹੈ। ਉਸ ਦਾ ਕਾਰਨ ਹਿੰਦੂਤਵ ਲੈ ਕੇ ਲੜਨ ਵਾਲੇ ਓ ਬੀ ਸੀ ਹਨ। ਬਹੁਤੇ ਰਾਜਾਂ 'ਚ ਭਾਜਪਾ ਦੀ ਨੀਂਹ ਓ ਬੀ ਸੀ ਹੈ। ਓ ਬੀ ਸੀ ਦਾ ਜੋ ਵੋਟਰ ਹੈ ਉਸ ਨੂੰ ਸਭ ਤੋਂ ਪਹਿਲਾਂ ਭਾਜਪਾ ਨੇ ਹੀ ਆਪਣੇ ਵੱਲ ਮੋੜ ਲਿਆ ਉਸ ਨੂੰ ਆਪਣੇ ਵੱਲ ਮੋੜਦੇ ਸਮੇਂ ਉਸ ਨੇ ਕਾਂਗਰਸ ਵਾਂਗੂ ਉਪਰ ਤੋਂ ਨੇਤਾ ਨਹੀਂ ਥਾਪੇ। ਅਸਲ 'ਚ ਕਾਂਗਰਸ ਨੇਤਾਵਾਂ ਨੂੰ ਠੋਸਣ ਵਾਲੀ ਪਾਰਟੀ ਸੀ ਅਤੇ ਹੈ ਵੀ। ਦਿੱਲੀ ਤੋਂ ਜੋ ਚਿੱਠੀ ਆਉਂਦੀ ਹੈ ਉਸ 'ਚੋਂ ਜੋ ਨਾਮ ਹੁੰਦਾ ਹੈ ਉਸ ਨੂੰ ਨੇਤਾ ਵਜੋਂ ਚੁਣਿਆ ਜਾਂਦਾ ਹੈ। ਠੋਸਣ ਵਾਲੇ ਸਭਿਆਚਾਰ ਦਾ ਅਧਿਐਨ ਬਹੁਤ ਬਾਰੀਕੀ ਨਾਲ ਭਾਜਪਾ ਨੇ ਕੀਤਾ। ਹੁਣ ਸਾਡੀ ਪਾਰਟੀ ਓ ਬੀ ਸੀ 'ਚ ਹੀ ਨੇਤਾ ਨੂੰ ਜਨਮ ਦਿੰਦੀ ਹੈ। ਉਸ ਨੂੰ ਹੀ ਵੱਡਾ ਕਰੇਗੀ। ਉਸ ਦੇ ਹੀ ਹੱਥਾਂ 'ਚ ਸੱਤਾ ਦੇਵੇਗੀ ਤੇ ਉਸ ਵਲੋਂ ਹੀ ਆਪਣਾ ਸੰਪੂਰਨ ਏਜੰਡਾ ਲਾਗੂ ਕਰਵਾ ਲਵੇਗੀ। ਅਜਿਹੇ ਭਾਜਪਾ ਦੀ ਰਣਨੀਤੀ ਹੈ। ਜਿਹਨਾਂ ਜਾਤੀਆਂ ਨੇ, ਜਿਹਨਾਂ ਨੇਤਾਵਾਂ ਦੇ ਸਾਨੂੰ ਨਾਂ ਤਕ ਪਤਾ ਨਹੀਂ ਸਨ ਉਹ ਨੇਤਾ

ਹਰੇਕ ਸੂਬੇ 'ਚ ਤਿਆਰ ਕੀਤੇ ਗਏ। ਓ ਬੀ ਸੀ ਅੰਦੋਲਨ ਸ਼ੁਰੂ ਹੋਇਆ। ਉਸ ਦਾ ਅਧਾਰ ਸੀ-ਰਾਖਵਾਂਕਰਨ। ਉਸ ਵੇਲੇ ਦਾ ਅਧਾਰ ਹਿੰਦੂਤਵ ਵੱਲ ਝੁਕਣ ਵਾਲਾ ਸੀ ਅਤੇ ਅੱਜ ਵੀ ਉਸ 'ਚ ਫਰਕ ਨਹੀਂ ਪਿਆ ਹੈ। ਤੁਸੀਂ ਮੁਲਾਇਮ ਸਿੰਘ ਦਾ ਨਾਂ ਵੀ ਇਸ 'ਚ ਲੈ ਸਕਦੇ ਹੋ। ਉਹਨਾਂ ਨੇ ਵੀ ਭਾਜਪਾ ਦੀ ਮਦਦ ਨਾਲ ਸਰਕਾਰ ਚਲਾਈ ਸੀ। ਮਾਇਆਵਤੀ ਦਾ ਵੀ ਨਾਂ ਲੈ ਸਕਦੇ ਹੋ। ਉਹਨਾਂ ਨੇ ਵੀ ਭਾਜਪਾ ਦੀ ਸਹਾਇਤਾ ਨਾਲ ਸਰਕਾਰ ਚਲਾਈ ਸੀ, ਦੇਵਗੌੜਾ ਵੀ ਕੱਲ੍ਹ ਤੱਕ ਭਾਜਪਾ ਦੇ ਨਾਲ ਸਨ। ਓ ਬੀ ਸੀ ਦੀ ਜੋ ਮਹੱਤਵਪੂਰਨ ਰਣਨੀਤੀ ਹੈ ਉਹ ਇਸ ਪ੍ਰਣਾਲੀ ਤੋਂ ਹੌਲੀ-ਹੌਲੀ ਅੱਗੇ ਆ ਰਹੀ ਹੈ। ਭਾਜਪਾ ਦੇ ਓ ਬੀ ਸੀ ਦੇ ਨੇਤਾ ਤਿਆਰ ਹੋ ਗਏ, ਇਸ ਦਾ ਇਕ ਕਾਰਨ ਇਹੀ ਹੈ ਕਿ ਜਦ ਕਾਂਗਰਸ ਕੋਲ ਹਕੂਮਤ ਸੀ ਤਦ ਉਹ ਇਕ ਉਚ ਤੇ ਸ਼ਕਤੀਸ਼ਾਲੀ ਜਾਤੀ ਵੱਲ ਖਿੱਚੀ ਜਾ ਰਹੀ ਸੀ। ਆਂਧਰਾ ਪ੍ਰਦੇਸ਼ 'ਚ ਰੈਡੀ, ਗੁਜਰਾਤ 'ਚ ਪਟੇਲ, ਮਹਾਂਰਾਸ਼ਟਰ 'ਚ ਮਰਾਠਾ। ਹੋਰਾਂ ਦੀ ਖੁਸ਼ਾਮਦ ਕਰਦਿਆਂ ਸੱਤਾ 'ਚ ਹਿੱਸੇਦਾਰੀ ਦਿੰਦੇ ਸਮੇਂ ਭਾਜਪਾ ਨੇ ਓ ਬੀ ਸੀ ਨੂੰ ਮੰਨਿਆ।

ਦੱਖਣੀ ਸੂਬਿਆਂ 'ਚ ਸਥਿਤੀ ਭਿੰਨ ਹੈ। ਸਾਲਾਂ ਤੋਂ ਉਹ ਆਪਣੀ ਖੁਦ ਦੀ ਇਕ ਫਿਲਾਸਫੀ ਲੈ ਕੇ ਖੜ੍ਹੇ ਹਨ। ਦ੍ਰਵਿਡ ਸਭਿਆਚਾਰ ਪੇਰਿਅਰ ਸੁਆਮੀ ਜੀ ਦੀ ਵਿਚਾਰਧਾਰਾ ਨੂੰ ਛੱਡ ਕੇ ਉਹ ਹਿਲਣ ਨੂੰ ਹੀ ਤਿਆਰ ਨਹੀਂ ਹਨ। ਚਾਹੇ ਅਸੀਂ ਪੇਰਿਅਰ ਸੁਆਮੀ ਦੇ ਉਤਰਾਧਿਕਾਰੀ ਹਾਂ। ਚਾਹੇ ਜਿੰਨੇ ਰਾਜਸੀ ਸਮਝੌਤੇ ਉਹ ਕਰਨਗੇ, ਕਹਿਣਗੇ ਇਹੀ ਕਿ ਅਸੀਂ ਦ੍ਰਾਵਿੜ ਹਾਂ। ਅਸੀਂ ਪੇਰਿਅਰ ਸੁਆਮੀ ਦੇ ਉਤਰਾਧਿਕਾਰੀ ਹਾਂ। ਅਸੀਂ ਇਨਕਲਾਬੀ ਹਾਂ, ਅਸੀਂ ਉਤਰ ਭਾਰਤ ਨੂੰ ਮੰਨਦੇ ਨਹੀਂ, ਅਸੀਂ ਹਿੰਦੂਤਵ ਨੂੰ ਮੰਨਦੇ ਨਹੀਂ। ਇਸ ਪ੍ਰਕਾਰ ਦਾ ਇਕ ਵਿਚਾਰਧਾਰਾ ਨੂੰ ਲੈ ਕੇ ਦੱਖਣ ਦੇ ਕੁਝ ਰਾਜਾਂ 'ਚ ਕੁਝ ਰਾਜਸੀ ਪਾਰਟੀਆਂ ਖੜ੍ਹੀਆਂ ਹਨ। ਮਤਲਬ ਪੂਰੇ ਦੇਸ਼ 'ਚ ਚੱਲ ਰਹੀ ਓ ਬੀ ਸੀ ਰਾਜਨੀਤੀ ਦਾ ਜੇ ਅਧਾਰ ਅਸੀਂ ਲੱਭਣਾ ਚਾਹੀਏ ਤਾਂ ਉਹ ਕਿਸ ਤਰ੍ਹਾਂ ਵੰਡੇ ਹੋਏ ਹਨ-ਕਿਸ ਤਰ੍ਹਾਂ ਆਪਸੀ ਵਿਰੋਧੀ ਹਨ-ਇਹ ਤੁਹਾਡੇ ਧਿਆਨ 'ਚ ਆਏਗਾ। ਇਸ ਲਈ ਬਿਹਾਰ 'ਚ ਨਿਤੀਸ਼ ਕੁਮਾਰ ਤੱਕ ਜਾ ਸਕਦੇ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਸਭ ਨੂੰ ਸਭ ਓ ਬੀ ਸੀ ਜਾਤੀਆਂ ਦੀ ਰਾਜਨੀਤੀ ਅਜੇ ਸਾਡੇ ਦੇਸ਼ 'ਚ ਸ਼ੁਰੂ ਹੀ ਨਹੀਂ ਹੋਈ ਹੈ। ਭਾਵੇਂ ਹੀ ਚਰਚਾ ਲਈ ਅਸੀਂ ਵਿਸ਼ਾ ਓ ਬੀ ਸੀ ਦੀ ਰਾਜਨੀਤੀ ਲਿਆ ਹੋਵੇ ਤਾਂ ਵੀ ਸੁਆਲ ਇਹ ਹੈ ਕਿ ਕੀ ਇਹ ਰਾਜਨੀਤੀ ਓ ਬੀ ਸੀ 'ਚ ਸਥਿਤ ਸਭ ਜਾਤੀਆਂ ਦੀ ਹੈ? ਨਹੀਂ ਓ ਬੀ ਸੀ 'ਚ ਜੋ ਸੋ ਉਨਤ ਇਕਾਈ ਹੈ, ਓ ਬੀ ਸੀ 'ਚੋ ਜੋ ਉਪਰ ਦੀਆਂ ਜਾਤਾਂ ਹਨ ਉਹਨਾਂ ਜਾਤੀਆਂ ਦੀ, ਉਹਨਾਂ ਜਾਤੀਆਂ 'ਚ ਜਨਮੇ ਨੇਤਾਵਾਂ ਦੀ ਇਹ ਰਾਜਨੀਤੀ ਹੈ। ਓ ਬੀ ਸੀ 'ਚ ਜੇ 100 ਜਾਤੀਆਂ ਹਨ ਤਾਂ ਉਹਨਾਂ 'ਚੋਂ ਹੇਠਾਂ ਹਨ ਐਸੀ 98, 97 ਜਾਤੀਆਂ ਅਜੇ ਰਾਜਨੀਤੀ ਦੇ ਪਿੜ 'ਚ ਆਈਆਂ ਨਹੀਂ ਹਨ। ਸੱਤਾ ਤਕ ਉਹ ਅਜੇ ਪਹੁੰਚੀਆਂ ਹੀ ਨਹੀਂ ਹਨ। ਓ ਬੀ ਸੀ ਦੀ ਇਹ ਜੋ ਰਾਜਨੀਤੀ ਚਲ ਰਹੀ ਹੈ ਉਹ ਉਪਰੋਂ ਦੋ ਤਿੰਨ ਫੀਸਦੀ ਜਾਤੀਆਂ ਦੀ ਹੀ ਰਾਜਨੀਤੀ ਹੈ। ਬਿਹਾਰ 'ਚ ਵੇਖੀਏ ਤਾਂ ਕੁਸ਼ਵਾਹਾ ਯਾਦਵ, ਕੁਰਮੀ ਹਨ। ਉਥੇ ਕੁਝ ਅਬਾਦੀ ਦੇ 30 ਫੀਸਦੀ ਓ ਬੀ ਸੀ ਅਤੇ ਬੀ ਸੀ ਹਨ। ਮਹਾਂਰਾਸ਼ਟਰ 'ਚ ਬੀ ਸੀ ਵੱਖਰੀ ਸ਼੍ਰੇਣੀ ਨੂੰ ਕਹਿੰਦੇ ਹਨ। ਆਂਧਰਾ ਪ੍ਰੇਦਸ਼ 'ਚ ਓ ਬੀ ਸੀ ਨੂੰ ਓ ਬੀ ਸੀ ਨਹੀਂ ਕਹਿੰਦੇ ਬੀ ਸੀ ਕਹਿੰਦੇ ਹਨ। ਮਹਾਂਰਾਸ਼ਟਰ 'ਚ ਗੌੜ, ਪਦਮਸ਼ਾਲੀ, ਯਾਦਵ ਮਹਾਂਰਾਸ਼ਟਰ ਦੇ ਧਨਗਰ

ਮਾਲੀ ਵਰਗੀਆਂ ਮੁੱਖ ਜਾਤੀਆਂ ਹਨ। ਉਹਨਾਂ ਦੀ ਗਿਣਤੀ 15 ਫੀਸਦੀ ਦੇ ਕਰੀਬ ਹੈ। ਅਨੁਸੂਚਿਤ ਜਮਾਤ ਦੀ ਗਿਣਤੀ 6% ਹੈ। ਪਿਛੜੇ ਦਿਨੀਂ ਮੁਸਲਮਾਨਾਂ ਨੂੰ ਰਾਖਵੀਂ ਜਗ੍ਹਾ ਦੇਣ ਦਾ ਫੈਸਲਾ ਆਂਧਰਾ ਪ੍ਰਦੇਸ਼ ਸਰਕਾਰ ਨੇ ਲਿਆ ਹੈ। ਗੁਜਰਾਤ 'ਚ ਵਾਘੇਲਾ, ਰਾਣਾ, ਮੋਦੀ, ਪੰਚਾਲ, ਪ੍ਰਜਾਪਤੀ ਓ ਬੀ ਸੀ ਹਨ। ਉੜੀਸਾ 'ਚ 30-35 ਪ੍ਰਤੀਸ਼ਤ ਓ ਬੀ ਸੀ ਜਾਤੀਆਂ ਹਨ। ਇਹਨਾਂ 'ਚੋਂ ਕੁਝ ਬੀਜੂ ਜਨਤਾ ਦਲ ਦੇ ਨਾਲ ਹਨ। ਮਹਾਂਰਾਸ਼ਟਰ 'ਚ ਓ ਬੀ ਸੀ ਦੀ ਰਾਜਨੀਤੀ ਕਿਹਨਾਂ ਦੀ ਹੈ। ਓ ਬੀ ਸੀ 'ਚ ਕਰੀਬ 350 ਜਾਤੀਆਂ ਹਨ। ਇਹਨਾਂ 'ਚੋਂ ਕਿੰਨੀਆਂ ਜਾਤੀਆਂ ਮੁੰਬਈ 'ਚ, ਦਿੱਲੀ 'ਚ ਸੱਤਾ ਵਿਚ ਹਨ? ਉਂਗਲਾਂ 'ਤੇ ਗਿਣੀਆਂ ਜਾ ਸਕਦੀਆਂ ਹਨ। ਉਹਨੇ ਹੀ ਨਾਂ ਅਸੀਂ ਲੈ ਸਕਾਂਗੇ। ਕੁਝ ਛੁਪਾਉਣ ਵਾਲੀ ਗੱਲ ਹੀ ਨਹੀਂ ਹੈ। ਮਾਲੀ, ਧਨਗਰ, ਵੰਜਾਰੀ, ਤੇਲੀ, ਕੁਣਬੀ, ਬਸ ਹੋ ਗਿਆ। ਕੁਝ ਸਾਲ ਪਹਿਲਾਂ ਭਾਜਪਾ ਨੇ ਮਹਾਂਰਾਸ਼ਟਰ 'ਚ ਇਕ ਸੂਤਰ ਨੂੰ ਹਰਮਨ ਪਿਆਰਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਮ-ਮਾਧਵ, ਇਹ ਉਹ ਸੂਤਰ ਸੀ। ਮ-ਮਾਧਵ ਦਾ ਅਰਥ ਕੀ ਹੈ? ਮ-ਮਹਾਰ, ਮਾ-ਮਾਲੀ ਧ-ਧਨਗਰ ਤੇ ਵ-ਵੰਜਾਰੀ। ਮਹਾਰ ਉਹਨਾਂ ਦੀ ਚਾਲ 'ਚ ਨਹੀਂ ਆਏ। ਬਾਕੀ ਦੀਆਂ ਤਿੰਨ ਜਾਤੀਆਂ ਵੀ ਇਕੱਠੀਆਂ ਨਹੀਂ ਕੀਤੀਆਂ ਜਾ ਸਕੀਆਂ। ਇਹ ਤਿੰਨੋਂ ਜਾਤੀਆਂ ਵੱਖ ਵੱਖ ਪਾਰਟੀਆਂ 'ਚ ਹਨ। ਕੋਈ ਭਾਜਪਾ 'ਚ ਕੋਈ ਕਾਂਗਰਸ 'ਤੇ ਕੋਈ ਰਾਸ਼ਟਰਵਾਦੀ ਤਾਂ ਕੋਈ ਸ਼ਿਵਸੈਨਾ ਦੇ ਨਾਲ ਨਿਕਲਿਆ ਹੈ। ਓ ਬੀ ਸੀ ਅੰਦੋਲਨ ਵੱਲ ਵੇਖਦਿਆਂ ਇਕ ਗੱਲ ਧਿਆਨ 'ਚ ਆਉਂਦੀ ਹੈ ਕਿ ਇਹਨਾਂ ਦੇ ਅੰਦੋਲਨ ਦ੍ਰਿੜ ਤੇ ਇਕ ਜੁੱਟ ਨਹੀਂ ਹਨ। ਵੱਖ ਵੱਖ ਪਾਰਟੀਆਂ 'ਚ, ਗੁੱਟਾਂ 'ਚ, ਨੇਤਾਵਾਂ 'ਚ, ਰਾਜਾਂ 'ਚ ਇਹ ਅੰਦੋਲਨ ਖਿੰਡ ਗਿਆ ਹੈ। ਉਹਨਾਂ 'ਚ ਕਦੀ ਏਕਤਾ ਹੋ ਸਕਦੀ ਹੈ। ਕੀ ਅਜਿਹਾ ਜੇ ਪ੍ਰਸ਼ਨ ਖੜ੍ਹਾ ਕੀਤਾ ਗਿਆ ਤਾਂ ਉਸ ਦਾ ਜੁਆਬ ਦੇਣਾ ਕਠਿਨ ਹੈ। ਜਿਵੇਂ ਮਹਾਂਰਾਸ਼ਟਰ 'ਚ ਸਥਿਤ ਦਲਿਤ ਪਾਰਟੀ ਆਰ ਪੀ ਆਈ (ਰਿਪਬਲਕਿਨ ਪਾਰਟੀ ਆਫ਼ ਇੰਡੀਆ) ਜੋ ਅਨੇਕਾਂ ਟੁਕੜਿਆਂ 'ਚ ਵੰਡੀ ਹੋਈ ਹੈ। ਠੀਕ ਉਹੀ ਸਥਿਤੀ ਦੇਸ਼ 'ਚ ਹੈ। ਵੱਡੀਆਂ ਪਾਰਟੀਆਂ ਸੱਤਾ ਦਾ ਕੋਈ ਛੋਟਾ ਜਿਹਾ ਟੋਟਾ ਸੁੱਟ ਕੇ ਛੋਟਿਆਂ ਨੂੰ ਖੁਸ਼ ਰੱਖਦੀਆਂ ਹਨ ਅਤੇ ਛੋਟੇ ਇਕੱਠੇ ਹੋ ਕੇ ਵੱਡੇ ਟੁਕੜੇ ਦੀ ਮੰਗ ਦੀ ਬਜਾਏ ਵੱਖ ਵੱਖ ਹੋ ਕੇ ਛੋਟੇ ਟੁਕੜਿਆਂ ਨੂੰ ਆਪਣੇ ਵੱਲ ਖਿਚਣ ਲੱਗਦੀ ਹੈ। ਇਸ ਲਈ ਵੱਖ ਵੱਖ ਭਾਗਾਂ ਦੀ ਖੋਜ ਕੀਤੀ ਜਾਂਦੀ ਹੈ। ਇਸ ਨਜ਼ਰੀਏ ਤੋਂ ਸ਼ਿਵ ਸੈਨਾ ਤੇ ਵਿਚਾਰ ਕੀਤਾ ਜਾ ਸਕਦਾ ਹੈ। ਸ਼ਿਵ ਸੈਨਾ ਨਾਲ ਦਲਿਤ ਹਨ। ਓ ਬੀ ਸੀ ਹਨ। ਸ਼ਿਵ ਸੈਨਾ ਦੇ ਨਾਲ ਮਰਾਠੇ ਬਹੁਤ ਘੱਟ ਹਨ। ਪਰ ਕੁਣਬੀ ਬਹੁਤ ਹਨ। ਸ਼ਿਵ ਸੈਨਾ ਨੇ ਇਸ ਦੀ ਰਚਨਾ ਕਿਸ ਤਰ੍ਹਾਂ ਕੀਤੀ ਹੈ ਆਓ ਵੇਖੀਏ। ਬਾਲਾ ਸਾਹਿਬ ਠਾਕਰੇ ਲਗਾਤਾਰ ਕਹਿੰਦੇ ਰਹਿੰਦੇ ਹਨ ਕਿ ਮੈਂ ਦਲਿਤਾਂ ਨੂੰ ਨਾਲ ਲੈ ਕੇ ਰਾਜਨੀਤੀ ਕਰੂੰਗਾ। ਨਵਬੋਧੀਆਂ ਦੇ ਮੁਕਾਬਲੇ ਮਤੰਗਾ ਨੂੰ ਲੈ ਕੇ ਰਾਜਨੀਤੀ ਕਰੂੰਗਾ। ਕਿਉਂਕਿ ਉਹਨਾਂ ਨੂੰ ਲਗਦਾ ਹੈ ਕਿ ਨਵਬੋਧ ਕਾਫੀ ਅੱਗੇ ਗਏ। ਪਰ ਉਹਨਾਂ ਦੀ ਤੁਲਨਾ 'ਚ ਹੋਰ ਜਾਤੀਆਂ ਅਣਗੋਹਲੀਆਂ ਰਹਿ ਗਈਆਂ। ਮਾਤੰਗ, ਭੰਗੀ, ਚਮਿਆਰ ਜਿੰਹਾ ਦੀ ਸੱਤਾ ਦੀ ਭੁੱਖ ਪੂਰੀ ਨਹੀਂ ਹੋ ਸਕਦੀ ਹੈ। ਅਜਿਹੇ ਸਾਰਿਆਂ ਨੂੰ ਸ਼ਿਵ ਸੈਨਾ ਨੇ ਆਪਣੇ ਵੱਲ ਖਿੱਚ ਲਿਆ। ਸਿਰਫ ਆਪਣੇ ਵੱਲ ਖਿਚਿਆ ਹੀ ਨਹੀਂ ਉਹਨਾਂ ਨੂੰ ਸੱਤਾ 'ਚ ਹਿੱਸੇਦਾਰੀ ਵੀ ਦਿੱਤੀ। ਮਹਾਂਰਾਸ਼ਟਰ 'ਚ ਭਾਜਪਾ-ਸ਼ਿਵ ਸੈਨਾ ਗਠਜੋੜ ਵੱਲੋਂ ਸਥਾਨਕ ਸਵਰਾਜ ਸੰਸਥਾਵਾਂ ਦੀਆਂ ਚੋਣਾਂ 'ਚ ਸਰਪੰਚ-ਉਪ ਸਰਪੰਚ ਅਹੁਦੇ 'ਤੇ

ਜਿਨ੍ਹਾਂ ਦੀਆਂ ਨਿਯੁਕਤੀਆਂ ਜਾਂ ਚੋਣਾਂ ਹੁੰਦੀਆਂ ਹਨ ਉਹਨਾਂ ਦੇ ਨਾਵਾਂ 'ਤੇ ਸਰਸਰੀ ਨਜ਼ਰ ਮਾਰਨ ਨਾਲ ਸਪਸ਼ਟ ਹੋ ਜਾਂਦਾ ਹੈ ਕਿ ਇਹ ਸਭ ਨੇਤਾ ਨਵਬੌਧੇਤਰ ਹਨ, ਪਿਛੜੀਆਂ ਜਾਤੀਆਂ ਦੇ ਹਨ, ਨਵਬੌਧਾ ਕਾਰਨ ਜੋ ਸੱਤਾ 'ਤੇ ਆ ਨਹੀਂ ਸਕੇ ਉਹਨਾਂ ਨੂੰ ਇਸ ਗਠਜੋੜ ਨੇ ਆਪਣੇ ਵੱਲ ਖਿੱਚ ਲਿਆ। ਰਾਖਵੀਆਂ ਥਾਵਾਂ 'ਤੇ ਨਵਬੌਧਾ ਦੇ ਵਿਰੋਧ 'ਚ ਉਹਨਾਂ ਨੂੰ ਖੜ੍ਹਾ ਕੀਤਾ ਤੇ ਉਹਨਾਂ ਨੂੰ ਚੁਣ ਕੇ ਵੀ ਲਿਆਂਦਾ। ਅਹਿਮਦਨਗਰ ਮਹਾਂਪਾਲਿਕਾ 'ਚ ਐਸੀ ਸਥਿਤੀ ਪੈਦਾ ਹੋਈ ਕਿ ਉਥੋਂ ਨਵਬੌਧ ਚੁਣ ਕੇ ਆ ਨਹੀਂ ਸਕਿਆ। ਅਜਿਹੀਆਂ ਹੀ ਸਥਿਤੀਆਂ ਗਠਜੋੜ ਦੀ ਹਕੂਮਤ ਕਾਰਨ ਕੁਝ ਦੇਸ਼ਾਂ 'ਚ ਪੈਦਾ ਹੋਈਆਂ ਸਨ। ਸਮਾਜਕ ਨਜ਼ਰੀਏ ਤੋਂ ਬਹੁਜਨ ਸਮਾਜ ਚੇਤੰਨ ਹੋ ਰਿਹਾ ਹੈ। ਜਾਤੀ ਦਾ ਉਸ ਦਾ ਅਹਿਸਾਸ ਵੀ ਜਾਗ੍ਰਿਤ ਹੋ ਰਿਹਾ ਹੈ। ਖਾਸ ਕਰਕੇ ਜਾਤੀ ਦੇ ਰੂਪ 'ਚ ਜੇ ਅਸੀਂ ਇਕੱਠੇ ਆਏ, ਜਥੇਬੰਦ ਹੋਏ ਤਾਂ ਉਸ ਰਾਜਨੀਤੀ ਤੋਂ ਸੱਤਾ 'ਚ ਸਮੂਲੀਅਤ ਦੀ ਮੰਗ ਕਰ ਸਕਦੇ ਹਨ ਤੇ ਉਸ ਨੂੰ ਹਾਸਲ ਵੀ ਕਰ ਸਕਦੇ ਹਨ। ਇਸ ਨੂੰ ਹੁਣ ਉਹ ਸਮਝ ਗਿਆ ਹੈ। ਇਸੇ ਕਾਰਨ ਉਹ ਜਾਤੀ ਵਜੋਂ ਜਥੇਬੰਦ ਹੋ ਰਿਹਾ ਹੈ। ਆਪਣੀ ਜਾਤ ਦੇ ਪ੍ਰਤੀਕਾਂ ਆਪਣੀ ਜਾਤ ਦੇ ਮਹਾਂਪੁਰਸ਼ਾਂ ਨੂੰ ਯਾਦ ਕਰਦਿਆਂ ਉਹ ਅੱਗੇ ਵੱਧ ਰਿਹਾ ਹੈ। ਅਜ਼ਾਦੀ ਆਬਰੂ ਲੈ ਕੇ ਉਹ ਅੱਗੇ ਜਾ ਰਿਹਾ ਹੈ, ਓ ਬੀ ਸੀ ਜਾਤੀਆਂ ਇਸ ਤਰ੍ਹਾਂ ਜਾਗਰਿਤ ਹੋ ਰਹੀਆਂ ਹਨ, ਪਰ ਉਹਨਾਂ ਦੀ ਇਹ ਜਾਗ੍ਰਿਤੀ ਤੇ ਸੰਗਠਨ ਵੱਖ ਵੱਖ ਛਾਉਣੀਆਂ 'ਚ ਵੰਡੇ ਹੋਏ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਵੱਡੀਆਂ ਰਾਜਸੀ ਪਾਰਟੀਆਂ ਨੇ, ਵੱਡੀਆਂ ਜਾਤੀਆਂ ਨੇ ਆਪਣੇ ਸੁਆਰਥ ਲਈ ਇਹਨਾਂ ਦੀ ਵੰਡ ਕਰ ਦਿੱਤੀ ਹੈ। ਰਾਜਨੀਤੀ ਨਾਲ ਸਬੰਧਤ ਜਾਤੀ ਆਪਣੀ ਹਿਮਾਇਤ 'ਚ ਖੜੇ ਰਹੇ-ਇਸ ਲਈ ਇਹ ਵੰਡ ਕੀਤੀ ਗਈ ਹੈ। ਫੁਟ ਪਾਈ ਜਾ ਰਹੀ ਹੈ। ਸਿੱਟੇ ਵਜੋਂ ਇਕ ਹੀ ਜਾਤ 'ਚ ਅੱਠ ਅੱਠ ਪਾਰਟੀਆਂ 'ਤੇ ਅੱਠ ਅੱਠ ਨੇਤਾ ਲੋਕ ਦਿਖਾਈ ਦਿੰਦੇ ਹਨ। ਇਸ ਦੀ ਵੰਡ ਜਾਤੀ ਅੰਤਰਜਾਤੀ ਸੰਘਰਸ਼ ਕਾਰਨ ਹੋਈ ਹੈ। ਇਕ ਹੀ ਜਾਤ 'ਚ ਇਕ ਹੀ ਸਮੇਂ 'ਚ ਅਨੇਕਾਂ ਨੂੰ ਨੇਤਾ ਬਣਨ ਦੀ ਇੱਛਾ ਹੋ ਗਈ ਹੈ। ਇਸ ਨਾਲ ਜਾਤੀ, ਅੰਤਰਜਾਤ ਮੁਕਾਬਲਾ ਸ਼ੁਰੂ ਹੋ ਗਿਆ ਹੈ। ਇਸੇ ਕਾਰਨ ਵੀ ਫੁਟ ਪੈ ਜਾਂਦੀ ਹੈ। ਵੰਜਾਰੀ, ਧਨਗਰ, ਕੁਣਬੀ-ਇਹਨਾਂ ਵਰਗੀ ਵੀ ਐਸੀ ਜਾਤ ਦਾ ਨਾਂ ਨਹੀਂ ਲਿਆ ਜਾ ਸਕਦਾ, ਜੋ ਵੰਡ ਦੇ ਸਰਾਪ ਤੋਂ ਮੁਕਤ ਨਹੀਂ ਹੋ ਸਕੀ ਹੈ। ਜ਼ਿਆਦਤਰ ਵੰਡ ਵੱਡੀਆਂ ਪਾਰਟੀਆਂ ਦੇ ਹਿੱਤ ਵਿਚ ਜਾਂਦਾ ਹੈ। ਇਸ ਕਾਰਨ ਇਹ ਅਜਿਹੀ ਫੁੱਟ ਨੂੰ ਹੱਲਾਸ਼ੇਰੀ ਦਿੰਦੇ ਹਨ, ਹਿਮਾਇਤ ਦਿੰਦੇ ਹਨ ਤੇ ਸੱਤਾ ਦੇ ਰੂਪ 'ਚ ਬਖਸ਼ੀਸ਼ (ਇਨਾਮ) ਵੀ ਦਿੰਦੇ ਹਨ। ਸਮਾਜਕ ਪੱਧਰ 'ਤੇ ਵੀ ਹੋਰ ਪਿਛੜੀਆਂ ਜਾਤੀਆਂ ਇਕ ਦੂਜੇ ਤੋਂ ਦੂਰੀ ਰੱਖ ਕੇ ਹੀ ਚਲਦੀਆਂ ਹਨ। ਵਿਵਸਥਾ ਵੱਲੋਂ ਪਾਲੇ ਪੋਸੇ ਜਾਂਦੇ ਵਧੀਆ ਘਟੀਆ (ਉਚੇ ਨੀਵੇਂ) ਦੀ ਭਾਵਨਾ ਦੇ ਵੀ ਸ਼ਿਕਾਰ ਹਨ। ਜੋ ਐਸ ਸੀ ਹਨ ਪਰ ਜੋ ਹਕੂਮਤ ਤੋਂ ਦੂਰ ਹਨ, ਉਹਨਾਂ ਨੂੰ ਜਥੇਬੰਦ ਕੀਤਾ ਜਾਏ। ਓ ਬੀ ਸੀ ਹਨ, ਪਰ ਜੋ ਸੱਤਾ ਤਕ ਪਹੁੰਚ ਨਹੀਂ ਸੀ, ਉਹਨਾਂ ਨੂੰ ਜਥੇਬੰਦ ਕੀਤਾ ਜਾਵੇ ਅਤੇ ਜੋ ਓ ਬੀ ਸੀ ਵਿਕਸ਼ਤ ਹਨ, ਉਹਨਾਂ ਵੱਲ ਧਿਆਨ ਹੀ ਨਾ ਦਿਓ। ਜੋ ਜਾਣਬੁੱਝ ਕੇ ਬੇਰੁਖੀ ਵਿਖਾਉਂਦਾ ਹੈ, ਸੌਦੇਬਾਜ਼ੀ ਕਰਦਾ ਹੈ, ਪਾਰਟੀ ਦਾ ਅਨੁਸਾਸ਼ਨ ਤੋੜ ਸਕਦਾ ਹੈ, ਉਚੀ ਆਵਾਜ਼ 'ਚ ਬੋਲਦਾ ਹੈ ਉਹਨਾਂ ਨਾਲ ਸਬੰਧ ਨਾ ਰੱਖਣੇ ਹੀ ਬਿਹਤਰ ਹਨ ਕਿਉਂਕਿ ਉਹਨਾਂ ਦੀ ਹੋਂਦ ਪਾਰਟੀ ਲਈ ਮਹਿੰਗੀ ਸਾਬਤ ਹੋ ਸਕਦੀ ਹੈ। ਜੋ ਸੱਤਾ ਤਕ ਪਹੁੰਚ

ਨਹੀਂ ਸਕਿਆ ਹੈ ਅਤੇ ਜੋ ਉਥੇ ਪਹੁੰਚਣ ਲਈ ਬਹੁਤ ਜ਼ਿਆਦਾ ਸ਼ਰਤਾਂ ਨਹੀਂ ਰੱਖਦੇ ਹਨ ਉਹਨਾਂ ਨੂੰ ਨੇੜੇ ਲਿਆਂਦਾ ਜਾਵੇ। ਇਕ ਓ ਬੀ ਸੀ ਦੇ ਨਾਲ ਦੂਜੇ ਓ ਬੀ ਸੀ ’ਚ ਲੜਾਈ ਲਾਉਣ ਦਾ ਕੰਮ ਸ਼ੁਰੂ ਹੋਇਆ ਅਸਲ ’ਚ ਇਸ ਨਾਲ ਇਕ ਜਾਤੀ ਵਜੋਂ, ਸਮਾਜ ਦੇ ਰੂਪ ’ਚ ਨੁਕਸਾਨ ਹੁੰਦਾ ਹੈ-ਇਸ ਨੂੰ ਇਹਨਾਂ ਜਾਤੀਆਂ ਦੇ ਨੇਤਾਵਾਂ ਨੇ ਸੋਚਿਆ ਵੀ ਨਹੀਂ। ਓ ਬੀ ਸੀ ’ਚ ਸਥਿਤ ਇਸ ਅੰਦਰੂਨੀ ਸੰਘਰਸ਼ ’ਚ ਅੱਜ ਤੇਜੀ ਆ ਗਈ ਹੈ। ਇਕ ਨੇਤਾ ਦੂਜੇ ਵਿਰੁੱਧ, ਇਕ ਗੁੱਟ ਦੂਜੇ ਗੁੱਟ ਵਿਰੁੱਧ ਲੜ ਰਿਹਾ ਹੈ। ਦੂਜੀ ਗੱਲ ਲੜਨ ਵਾਲੀ ਇਹਨਾਂ ਜਾਤੀਆਂ ’ਚ ਸਥਿਤ ਉਪਰਲੀ ਪਰਤ ਦੀਆਂ ਜਾਤਾਂ ਹਨ। ਹੇਠਲੀ ਪਰਤ ’ਤੇ ਅਜੇ ਇਸ ਸੰਘਰਸ਼ ਨੇ ਪਹੁੰਚਣਾ ਹੈ, ਸੱਤਾ ਪੁੱਜਣੀ ਹੈ। ਇਸ ਦੇਸ਼ ’ਚ ਪਿਛੜੀਆਂ ਜਾਤੀਆਂ ’ਚ ਕਰੀਬ 2000 ਤੋਂ ਵੱਧ ਜਾਤੀਆਂ ਹਨ-ਅਜਿਹਾ ਇਕ ਅੰਦਾਜ਼ਾ ਹੈ। ਤਾਂ ਇਹਨਾਂ ’ਚੋਂ 10-15 ਫੀਸਦੀ ਜਾਤੀਆਂ ਹੀ ਸੱਤਾ ਦੇ ਘੇਰੇ ’ਚ ਆਈਆਂ ਹਨ, ਦੇਸ਼ ’ਚ ਵੀ ਅਜਿਹਾ ਹੀ ਚਿੱਤਰ ਹੈ। ਜੋ 10-15 ਫੀਸਦੀ ਸਹੂਲਤਾਂ ਆ ਜਾਂਦੀਆਂ ਹਨ, ਅਜਿਹਾ ਹੋਵੇਗਾ ਹੀ ਕਿਉਂਕਿ ਸਾਰੀਆਂ ਦੀਆਂ ਸਾਰੀਆਂ ਜਾਤੀਆਂ ਦਾ ਵਿਕਾਸ ਇਕੋ ਸਮੇਂ ਹੋ ਨਹੀਂ ਸਕਦਾ। ਜਿਸ ਦਾ ਵਿਕਾਸ ਹੁੰਦਾ ਹੈ ਉਹ ਖੂਬ ਲਾਭ ਉਠਾਉਂਦੇ ਹਨ ਅੱਗੇ ਚੱਲ ਕੇ ਇਸ ਦਾ ਫਾਇਦਾ ਉਠਾਉਣ ਵਾਲਿਆਂ ਤੇ ਨਾ ਉਠਾਉਣ ਵਾਲਿਆਂ ਵਿਚਕਾਰ ਸੰਘਰਸ਼ ਦੀ ਇਕ ਲਾਇਨ ਖਿੱਚੀ ਜਾਂਦੀ ਹੈ। ਇਸ ਭਾਵਨਾ ਕਾਰਨ ਜਾਤੀ ਦੇ ਅੰਤਰਗਤ ਸੰਘਰਸ਼ ਦੀ ਸੁਰੂਆਤ ਹੋ ਜਾਂਦੀ ਹੈ। ਇਹ ਸੰਘਰਸ਼ ਸਮਾਜਕ ਤੇ ਰਾਜਸੀ ਏਕਤਾ ਨੂੰ ਵੀ ਨੁਕਸਾਨ ਪਹੁੰਚਾਉਣ ਲੱਗਦਾ ਹੈ। ਫਾਇਦਾ ਨਾ ਉਠਾਉਣ ਵਾਲੀਆਂ ਇਕਾਈਆਂ ਫਿਰ ਅਜ਼ਾਦ ਤੌਰ ’ਤੇ ਆਪਣਾ ਵੱਖਰਾ ‘ਘਰ’ ਬਣਾਉਣ ਲੱਗਦੀਆਂ ਹਨ। ਸਿੱਟੇ ਵਜੋਂ ਰਾਜਸੀ ਪਾਰਟੀਆਂ ਦੀ ਗਿਣਤੀ ਵਧਣ ਲਗਦੀ ਹੈ। ਮਹਾਂਰਾਸ਼ਟਰ ’ਚ 2008 ’ਚ ਸੱਤਾ ਦੇ ਕਾਬਜ਼ ਮੰਤਰੀ ਮੰਡਲ ’ਚ ਕੁਲ 38 ਮੰਤਰੀ ਸਨ। ਇਹ 38 ਮੰਤਰੀ ਸਿਰਫ 14 ਜਾਤੀਆਂ ਦੀ ਨੁਮਾਇੰਦਗੀ ਕਰਦੇ ਸਨ।

ਪ੍ਰਤੱਖ ਤੌਰ ’ਤੇ ਇਸ ਰਾਜ ’ਚ ਕਰੀਬ 450 ਜਾਤੀਆਂ ਹਨ। ਦਿਲੀ ’ਚ ਇਸ ਅਰਸੇ ’ਚ ਸੱਤਾ ’ਤੇ ਕਾਬਜ਼ ਮੰਤਰੀ ਮੰਡਲ ’ਚ 79 ਮੰਤਰੀ ਹਨ। ਇਹ ਕਰੀਬ 50 ਜਾਤੀਆਂ ਦੀ ਨੁਮਾਇੰਦਗੀ ਕਰਦੇ ਹਨ। ਹਾਲਾਂਕਿ ਪੂਰੇ ਦੇਸ਼ ’ਚ ਇਕ ਹਜ਼ਾਰ ਤੋਂ ਵੱਧ ਜਾਤੀਆਂ ਹਨ ਪਿੱਛੇ ਜਿਹੇ ਹੀ ਰਾਜਸਥਾਨ ’ਚ ਓ ਬੀ ਸੀ ਦੇ ਵਿਰੁੱਧ ’ਚ ਓ ਬੀ ਸੀ ਦੀ ਜੋ ਲੜਾਈ ਹੋਈ ਤੇ ਜੋ ਸੰਘਰਸ਼ ਹੋਇਆ। ਗੁੱਜਰ ਤੇ ਮੀਣਾ ਇਹਨਾਂ ਦੋ ਓ ਬੀ ਸੀ ਜਾਤੀਆਂ ’ਚ ਇਹ ਜੋ ਖਿੱਚੋਤਾਣ ਹੋਈ ਉਸ ’ਚ 30-40 ਲੋਕ ਖਤਮ ਹੋਏ ਤੇ ਕਰੋੜਾਂ ਦੀ ਜਾਇਦਾਦ ਨਸਟ ਹੋਈ। ਠੀਕ ਇਕ ਸਾਲ ਪਿੱਛੋਂ 2008 ’ਚ ਗੁੱਜਰ ਸਮਾਜ ਵੱਲੋਂ ਅੰਦੋਲਨ ’ਚ ਹੋਰ 35 ਲੋਕ ਮਾਰੇ ਗਏ। ਰਾਜਸਥਾਨ ’ਚ 11 ਫੀਸਦੀ ਤੇ ਪੂਰੇ ਦੇਸ਼ ’ਚ 4-5 ਕਰੋੜ ਦੀ ਅਬਾਦੀ ਵਾਲਾ ਇਹ ਗੁੱਜਰ ਸਮਾਜ ਹੋਰ ਪਿਛੜੇ ਤਬਕਿਆਂ (ਓ ਬੀ ਸੀ) ’ਚ ਆਉਂਦਾ ਹੈ। ਇਸ ਤਬਕੇ ’ਚ (ਜਾਟ) ਨਾਂ ਦੀ ਸ਼ਕਤੀਸ਼ਾਲੀ ਜਾਤ ਆਉਂਦੀ ਹੈ। ਰਾਖਵੇਂ ਥਾਵਾਂ ਦੇ ਸਾਰੇ ਫਾਇਦੇ ਜਾਟ ਹੀ ਲੈਂਦੇ ਹਨ। ਸਾਡੇ ਹਿੱਸੇ ਕੁਝ ਨਹੀਂ ਆਉਂਦਾ। ਇਸ ਕਾਰਨ ਸਾਨੂੰ ਅਨਸੂਚਿਤ ਜਾਤੀ ’ਚ ਸ਼ਾਮਿਲ ਕੀਤਾ ਜਾਵੇ। ਅਜਿਹੀ ਮੰਗ ਗੁੱਜਰ ਸਮਾਜ ਨੂੰ ਅਨੁਸੂਚਿਤ ਜਨਜਾਤੀ ’ਚ ਲਿਆਉਣ ਦਾ ਅਮਲ ਸ਼ੁਰੂ ਹੋਇਆ ਸੀ। ਇੱਥੇ ਪਹਿਲਾਂ ਤੋਂ ਤਾਕਤਵਰ “ਮੀਣਾ”

ਜੋ ਜਾਤੀ ਹੈ ਉਸ ਨੇ ਇਸ ਫੈਸਲੇ ਦਾ ਵਿਰੋਧ ਕੀਤਾ। ਉਹਨਾਂ ਨੇ ਕਿਹਾ ਕਿ 'ਖਬਰਦਾਰ ਗੁਜਰਾਂ ਜੇ ਸਾਡੀ ਛਾਉਣੀ 'ਚ ਵੜਿਆ ਤਾਂ' ਇਹ ਇਸ਼ਾਰਾ ਦਿੰਦਿਆਂ ਉਹਨਾਂ ਅੰਦੋਲਨ ਸ਼ੁਰੂ ਕਰ ਦਿੱਤਾ। ਮੀਣਾ ਸਮਾਜ ਸਾਰੇ ਖੇਤਰਾਂ 'ਚ ਤਰੱਕੀ ਦੀ ਰਾਹ 'ਤੇ ਹੈ। ਉਚ ਅਹੁਦਿਆਂ 'ਤੇ ਇਸ ਜਾਤੀ ਦੇ ਅਨੇਕਾਂ ਲੋਕ ਹਨ। ਸੰਨਤ ਵਪਾਰ ਦੇ ਖੇਤਰ 'ਚ ਵੀ ਅੱਗੇ ਹਨ। ਅਜਿਹੀ ਹਾਲਤ 'ਚ ਗੁਜਰ ਸਮਾਜ ਜੇ ਅਨੁਸੂਚਿਤ ਜਾਤੀ 'ਚ ਆ ਜਾਵੇ ਤਾਂ ਸਾਡੇ ਹਿੱਸੇ ਦੀਆਂ ਸਹੂਲਤਾਂ ਉਹ ਲੈ ਜਾਵੇਗਾ, ਉਹਨਾਂ ਦੀ ਅਬਾਦੀ ਵੀ ਬਹੁਤ ਹੈ। ਇਸ ਕਾਰਨ ਇਕ ਪੱਛੜੀ ਜਮਾਤ ਦੂਜੀ ਪਿਛੜੀ ਜਮਾਤ ਵਿਰੁੱਧ ਲੜਨ ਲਈ ਤਿਆਰ ਹੋ ਗਈ। ਮੀਣਾ ਤਰੱਕੀ ਦੇ ਰਾਹ 'ਤੇ ਹੈ ਅਤੇ ਅਨੁਸੂਚਿਤ ਜਨਜਾਤੀ 'ਚ ਹੈ ਅਤੇ ਗੁਜਰ ਭਾਵੇਂ ਹੀ ਪਿਛੜੇ ਹੋਣ ਤਾਂ ਵੀ ਸਹੂਲਤ ਨੂੰ ਆਪਣੇ ਵੱਲ ਖਿੱਚ ਲੈਣ 'ਚ ਜਾਟਾਂ ਸਾਹਮਣੇ ਟਿਕ ਨਹੀਂ ਸਕੇ। ਪਿਛੜਿਆਂ ਦੀ ਸ਼੍ਰੇਣੀ 'ਚ ਹੁੰਦੇ ਹੋਏ ਸਹੂਲਤਾਂ ਨਹੀਂ ਮਿਲ ਸਕਦੀਆਂ, ਇਹ ਗੁੱਜਰ ਸਮਾਜ ਦਾ ਦੁਖ ਸੀ। ਕਿਸੇ ਨਾ ਕਿਸੇ ਤਰ੍ਹਾਂ ਗੁਜਰ ਸਮਾਜ ਜੇ ਓ ਬੀ ਸੀ ਦੀ ਸੂਚੀ 'ਚੋਂ ਬਾਹਰ ਨਿਕਲ ਜਾਵੇ ਤਾਂ ਇਸ 'ਚ ਜਾਟ ਸਮਾਜ ਨੂੰ ਖੁਸ਼ੀ ਹੀ ਹੋਣ ਵਾਲੀ ਹੈ। ਉਧਰ ਗੁਜਰ ਸਮਾਜ ਉਹਨਾਂ ਦੀ ਸੂਚੀ 'ਚ ਆ ਜਾਵੇਗਾ ਇਸ ਦਾ ਡਰ ਮੀਣਾ ਸਮਾਜ ਨੂੰ ਹੈ। ਰਾਖਵੇਂਕਰਨ ਉਸਰੇ ਇਸ ਸੰਘਰਸ਼ 'ਚ ਓ ਬੀ ਸੀ 'ਚ ਸਥਿਤ ਅਨੇਕਾਂ ਜਾਤੀਆਂ ਦੇ ਸਮਾਜਕ ਤੇ ਰਾਜਸੀ ਮੁਹੱਬਤ 'ਚ ਬਹੁਤ ਵੱਡਾ ਅੜਿੱਕਾ ਪੈਦਾ ਹੋਇਆ ਹੈ। ਮਹਾਂਰਾਸ਼ਟਰ 'ਚ ਵੀ ਘੁਮਕੜ ਜਨਜਾਤੀਆਂ ਤੇ ਵਿਮੁਕਤ ਜਾਤੀਆਂ ਵਿਚੋਂ ਅਜਿਹੀ ਹੀ ਸ਼ਿਕਾਇਤ ਸੁਣਨ ਨੂੰ ਮਿਲਦੀ ਹੈ। ਡਬਰੀ, ਗੋਸਾਵੀ, ਬਹੁਰੂਪੀ ਇਹਨਾਂ ਬੇਹੱਦ ਦੁਰਬਲ ਘੱਟ ਗਿਣਤੀ 'ਤੇ ਪ੍ਰਭਾਵਹੀਣ ਜਾਤੀਆਂ ਦੀ ਸ਼੍ਰੇਣੀ 'ਚ ਘਨਸਰ, ਵੰਜਾਰੀ ਆਦਿ ਮਜ਼ਬੂਤ ਜਾਤੀਆਂ ਨੂੰ ਜੋੜਿਆ ਗਿਆ ਹੈ। ਡਬਰੀ, ਗੋਸਾਵੀ 'ਚ ਸਿਖਿਆ ਦੀ ਰਿਵਾਇਤ ਨਹੀਂ ਹੈ। ਇਸ ਕਾਰਨ ਸੁਭਾਵਿਕ ਤੌਰ 'ਤੇ ਉਹਨਾਂ ਲਈ ਰੱਖੀਆਂ ਗਈਆਂ ਸਹੂਲਤਾਂ ਇਸ ਸ਼੍ਰੇਣੀ 'ਚ ਉਪਰ ਦੀਆਂ ਜਾਤਾਂ ਲੈ ਜਾਂਦੀਆਂ ਹਨ। ਸਿੱਟੇ ਵਜੋਂ ਇਹਨਾਂ 'ਚ ਵੀ ਝਗੜਾ ਜਾਰੀ ਹੈ। ਇਹ ਕਦੋਂ ਕਿਹੜਾ ਰੂਪ ਲਵੇਗਾ, ਕਿਹਾ ਨਹੀਂ ਜਾ ਸਕਦਾ। ਓ. ਬੀ. ਸੀ. ਵਿਚੋਂ ਆਪਣਾ ਹੀ ਇਕ ਭਰਾ ਜੇ ਤੁਹਾਡੇ ਵੱਲ ਆ ਰਿਹਾ ਹੈ ਤਾਂ ਜੋ ਕੁਝ ਥਾਲੀ 'ਚ ਹੈ, ਵੰਡ ਕੇ ਖਾ ਲਵਾਂਗੇ, ਅਜਿਹਾ ਕੋਈ ਨਹੀਂ ਕਹਿਣਾ ਚਾਹੁੰਦਾ। ਥਾਲੀ ਵੀ ਆਪਣੀ ਤੇ ਭੋਜਨ ਵੀ ਆਪਣਾ ਅਤੇ ਉਸ ਨੂੰ ਆਪਣੀ ਤਾਕਤ ਨਾਲ ਬਣਾਈ ਰੱਖਣਾ ਹੈ-ਅਜਿਹੀ ਭਾਵਨਾ ਤਿਆਰ ਹੋ ਜਾਣ ਕਰਕੇ ਕਲੇਸ ਤਾਂ ਵਧਣਗੇ ਹੀ। ਭੋਜਨ ਖਾਤਰ ਸੱਤਾਧਾਰੀ ਲੰਬੀ ਕਤਾਰ ਲਾਈ ਖੜ੍ਹੇ ਹਨ ਪਰ ਲਾਇਨ 'ਚ ਖੜ੍ਹੇ ਹਰੇਕ ਨੂੰ ਭੋਜਨ ਮਿਲੇਗਾ ਐਸੀ ਕਿਸੇ ਵੀ ਨੀਤੀ ਨੂੰ ਉਹ ਨਹੀਂ ਅਪਣਾਉਂਦੇ, ਜ਼ਿੰਮੇਵਾਰੀ ਨਹੀਂ ਲੈਂਦੇ। ਜੋ ਵੀ ਆਏਗਾ ਉਸ ਨੂੰ ਰਾਖਵੇਂਕਰਨ ਰੂਪੀ ਸਹੂਲਤ ਦੇ ਡੱਬੇ 'ਚ ਹਾਕਮ ਧੱਕ ਦਿੰਦੇ ਹਨ। ਪਰ ਇਸ ਡੱਬੇ 'ਚ ਬੈਠਣ ਲਈ ਤਾਂ ਜਾਣ ਦਿਓ, ਖੜ੍ਹੇ ਹੋਣ ਲਈ ਥਾਂ ਨਹੀਂ ਹੈ-ਇਸ ਤੇ ਉਹ ਕਦੇ ਵੀ ਵਿਚਾਰ ਨਹੀਂ ਕਰਦੇ। ਡੱਬੇ 'ਚ ਵੜਨ ਵਾਲੇ ਵਿਅਕਤੀ ਨੂੰ ਡੱਬੇ 'ਚ ਪੈਰ ਰੱਖਣ ਲਈ ਹੀ ਥਾਂ ਨਹੀਂ ਹੈ। ਗਲਤੀ ਨਾਲ ਉਹ ਦੂਜਿਆਂ ਦੇ ਪੈਰਾਂ ਤੇ ਪੈਰ ਰੱਖ ਦਿੰਦਾ ਹੈ। ਜਿਸ ਦੇ ਪੈਰ 'ਤੇ ਉਸ ਨੇ ਪੈਰ ਰੱਖਿਆ ਹੈ, ਉਹ ਗੁੱਸੇ 'ਚ ਆ ਜਾਂਦਾ ਹੈ ਅਤੇ ਖੜ੍ਹੇ ਖੜ੍ਹੇ ਹੀ ਉਹਨਾਂ ਦਰਮਿਆਨ ਕੁੱਟ ਮਾਰ ਸ਼ੁਰੂ ਹੋ ਜਾਂਦੀ ਹੈ। ਡੱਬੇ 'ਚ ਜਿੰਨਾ ਨੂੰ ਥਾਂ ਮਿਲ ਚੁੱਕੀ ਹੈ, ਉਹ ਨੇੜੇ ਖੜ੍ਹੇ ਹੋ ਕੇ ਉਘਣ ਵਾਲਿਆਂ ਨੂੰ ਭੋਰਾਭਰ ਵੀ ਥਾਂ

ਦੇਣ ਨੂੰ ਤਿਆਰ ਨਹੀਂ ਹਨ। ਆਰਾਮ ਨਾਲ ਬੈਠੇ ਓ ਬੀ ਸੀ ਤੇ ਉਸ ਦੇ ਨਾਲ ਹੀ ਉਘਦੇ-ਉਘਦੇ ਦੂਜੇ ਦੇ ਸਿਰ ਨਾਲ ਸਿਰ ਟਕਰਾਉਣ ਕਰਕੇ ਮਾਰ ਖਾਣਾ ਓ ਬੀ ਸੀ, ਇਹਨਾਂ ਦੂਹਾਂ 'ਚ ਕਿਸ ਪ੍ਰਕਾਰ ਦਾ ਰਿਸ਼ਤਾ ਤਹਿ ਹੋ ਸਕੇਗਾ। ਮਹਾਂਰਾਸ਼ਟਰ 'ਚ ਕੈਕਾੜੀ, ਵੈਦੂ, ਡਬਰੇ ਆਦਿ ਨੂੰ ਰਾਖਵੇਂਕਰਨ ਦਾ ਫਾਇਦਾ ਮਿਲ ਨਹੀਂ ਸਕਦਾ ਕਿਉਂਕਿ ਉਹਨਾਂ ਦੇ ਸ਼੍ਰੇਣੀ 'ਚ ਉਹਨਾਂ ਦੀ ਤੁਲਨਾ 'ਚ ਜੋ ਮਹਾਂਬਲਵਾਨ ਹਨ, ਅਜਿਹੀਆਂ ਜਾਤੀਆਂ ਹਨ। ਕੈਕਾੜੀ ਨੂੰ ਚਪੜਾਸੀ ਦੀ ਨੌਕਰੀ ਵੀ ਮਿਲ ਨਹੀਂ ਸਕਦੀ, ਕਲੈਕਟਰ ਹੋਣਾ ਤਾਂ ਦੂਰ ਦੀ ਗੱਲ। ਇਕ ਤਾਂ ਉਹਨਾਂ ਨੇ ਅੱਜ ਤੱਕ ਕਲੈਕਟਰ ਨੂੰ ਵੇਖਿਆ ਤੱਕ ਨਹੀਂ ਹੈ। ਕੀ ਇਹ ਸਭ ਕਿਸੇ ਦੁਰਘਟਨਾ ਕਾਰਨ ਹੋ ਰਿਹਾ ਹੈ? ਜਾਂ ਕੀ ਇਹ ਅਗਿਆਨਤਾ ਕਾਰਨ ਵਾਪਰ ਰਿਹਾ ਹੈ? ਅਸਲ 'ਚ ਇਹ ਸਭ ਕਿਸੇ ਦੀ ਵੋਟ ਲਈ ਹੋ ਰਿਹਾ ਹੈ। ਕਿਸੇ ਨੂੰ ਖੁਸ਼ ਕਰਨ ਲਈ, ਕਿਸੇ ਨੂੰ ਕਿਸੇ ਹੋਰ ਦੇ ਘਰ 'ਚ ਵਾੜਨ ਦੀ ਕੋਸ਼ਿਸ਼ ਹੈ। ਇਸ ਕਾਰਨ ਘਰ 'ਚ ਅਸ਼ਾਂਤੀ ਹੀ ਬਣੀ ਰਹੇਗੀ। ਘਰ ਨੂੰ ਵੰਡਣ ਵਰਗੀ ਗੱਲ ਸ਼ੁਰੂ ਹੋ ਜਾਵੇਗੀ। ਮਹਾਂਰਾਸ਼ਟਰ 'ਚ ਵਡਾਰ ਜਾਤੀ ਐਸ. ਸੀ. ਵਿਚ ਹੈ। ਆਂਧਰਾ ਪ੍ਰਦੇਸ਼ 'ਚ ਇਹ ਕਿਤੇ ਹੋਰ ਹੈ। ਅਤੇ ਕਰਨਾਟਕਾ 'ਚ ਇਹ ਐਸ. ਟੀ. 'ਚ ਹੈ। ਇਕ ਜਾਤੀ ਦੇ ਹੀ ਨਹੀਂ, ਇਕ ਪਰਿਵਾਰ ਦੀ ਵੀ ਵੰਡ ਹੈ। ਓ ਬੀ ਸੀ, ਬੀ ਸੀ ਦੇ ਤਹਿਤ ਲੜਾਈਆਂ ਤੇਜ਼ ਹੋਈਆਂ ਕਿ ਉਪਰ ਵਾਲਿਆਂ ਦਾ ਕੰਮ ਬਹੁਤ ਸੌਖਾ ਹੋ ਜਾਂਦਾ ਹੈ। ਸਰਕਾਰ ਰਾਖਵੇਂਕਰਨ ਨੂੰ ਅੱਲਾਦੀਨ ਦਾ ਚਿਰਾਗ ਮੰਨਦੀ ਹੈ, ਅਲੀ ਬਾਬਾ ਦੀ ਗੁਫਾ ਮੰਨਦੀ ਹੈ, ਖੁੱਲ ਜਾ ਸਿਮ ਸਿਮ ਕਹੇ ਹੀ ਸਭ ਪਿਛੜਿਆਂ ਨੂੰ ਅਤੇ ਉਹਨਾਂ ਤੋਂ ਵੀ ਹੇਠਲੀਆਂ ਜਾਤੀਆਂ ਦਾ ਫੌਰਨ ਕਲਿਆਣ ਹੋ ਜਾਵੇਗਾ, ਅਜਿਹਾ ਉਹਨਾਂ ਨੂੰ ਲੱਗਦਾ ਹੈ। ਚਾਰ ਨੌਜਵਾਨ ਅਰਜੀਆਂ ਲੈ ਕੇ ਮੁੰਬਈ ਆਏ ਕਿ ਉਹਨਾਂ ਨੂੰ ਤੁਰੰਤ ਭਰੋਸਾ ਦਿੱਤਾ ਜਾਂਦਾ ਹੈ ਕਿ ਉਹਨਾਂ ਦੀ ਜਾਤ ਨੂੰ ਕਿਸੇ ਨਾ ਕਿਸੇ ਸ਼੍ਰੇਣੀ 'ਚ ਪਾ ਦਿੱਤਾ ਜਾਵੇਗਾ, ਜਿਥੇ ਜਾਟ ਤੇ ਮੀਣਾ ਵਰਗੀਆਂ ਜਾਤੀਆਂ ਹਨ। ਮਹਾਂਰਾਸ਼ਟਰ ਦੀਆਂ ਸ਼ਕਤੀਸ਼ਾਲੀ ਜਾਤੀਆਂ। ਕਾਸਾਰ ਸਮਾਜ ਹੋਰ ਕਿਸੇ ਅਜਿਹੀ ਸ਼੍ਰੇਣੀ 'ਚ ਜਾਣਾ ਚਾਹੁੰਦਾ ਹੈ। ਅਜਿਹਾ ਕਿੰਨੇ ਦਿਨਾਂ 'ਚ ਹੋਰ ਹੋਵੇਗਾ? ਬਜਾਏ ਇਸ ਦੇ ਸਥਾਈਪਣ ਦੀ ਮੰਗ ਕਿਉਂ ਨਹੀਂ ਕੀਤੀ ਜਾਂਦੀ? ਇਸ 'ਤੇ ਹਰ ਇਕ ਨੂੰ ਵਿਚਾਰ ਕਰਨਾ ਪਵੇਗਾ। ਨਾਸਿਕ ਕੋਲ ਇਕ ਸਿਨਰ ਨਾਂ ਦਾ ਇਕ ਪਿੰਡ ਹੈ, ਉਸ 'ਚ ਕਾਸਾਰ ਨਾਂ ਦਾ ਸਮਾਜ ਹੈ। ਇਹਨਾਂ ਦੀ ਗਿਣਤੀ 2 ਤੋਂ 5 ਹਜ਼ਾਰ ਹੋਵੇਗੀ, ਉਹਨਾਂ ਨੂੰ ਅਜਿਹੀ ਸ਼੍ਰੇਣੀ 'ਚ ਪਾ ਦਿੱਤਾ ਜਾਂਦਾ ਹੈ ਜਿਥੇ ਜਾਟ ਤੇ ਮੀਣਾ ਵਰਗੀਆਂ ਜਾਤਾਂ ਹਨ, ਮਹਾਂਰਾਸ਼ਟਰ ਦੀਆਂ ਸ਼ਕਤੀਸ਼ਾਲੀ ਜਾਤੀਆਂ ਕਸਾਰ ਸਮਾਜ ਐਸੀ ਕਿਸੇ ਹੋਰ ਸ਼੍ਰੇਣੀ 'ਚ ਜਾਣਾ ਚਾਹੁੰਦਾ ਹੈ, ਜਿਥੇ ਉਸ ਨੂੰ ਥਾਂ ਮਿਲ ਸਕਦੀ ਹੈ। ਅਜਿਹੀ ਬਸ 'ਚ ਉਹ ਜਾਣਾ ਚਾਹੁੰਦਾ ਹੈ ਜਿਥੇ ਬੈਠਣ ਲਈ ਥਾਂ ਮਿਲ ਸਕੇ। ਰਾਸ਼ਟਰਪਤੀ ਨੂੰ ਮਿਲ ਕੇ ਉਹ ਬੇਨਤੀ ਕਰ ਰਿਹਾ ਹੈ ਕਿ ਪਰ ਉਹਨਾਂ ਦੀ ਸੁਣੇਗਾ ਕੌਣ? ਕੱਲ ਜੇ ਇਹ ਸਮਾਜ ਸੜਕਾਂ 'ਤੇ ਆ ਗਿਆ ਤਾਂ ਉਸ ਨੂੰ ਵੀ ਯਾਤਰਾ ਸਪੈਸ਼ਲ ਬੱਸ 'ਚ ਧੱਕ ਦਿੱਤਾ ਜਾਵੇਗਾ ਜੋ ਬੱਸ ਪਹਿਲਾਂ ਹੀ ਖਚਾਖਚ ਭਰੀ ਹੋਈ ਹੈ। ਉਸ 'ਚ ਹੋਰ ਵੀ ਲੋਕਾਂ ਨੂੰ ਭੇਜਿਆ ਜਾ ਰਿਹਾ ਹੈ। ਕੈਬਿਨ 'ਚ ਡਰਾਈਵਰ ਕੋਲ ਵੀ ਇੰਜਣ 'ਤੇ ਲੋਕ ਬੈਠੇ ਹੋਏ ਹਨ। ਬੱਸ ਦੀ ਛੱਤ ਉਪਰ ਵੀ ਸਵਾਰੀਆਂ ਬੈਠੀਆਂ ਹੋਈਆਂ ਹਨ। ਬੱਸ ਦੇ ਦਰਵਾਜ਼ੇ 'ਤੇ ਵੀ ਭੀੜ ਹੈ। ਜਿਸ 'ਚ ਹਿੰਮਤ ਹੈ ਬੱਸ 'ਚ ਘੁਸ ਜਾਵੇ। ਸਾਡਾ ਕੋਈ ਵਿਰੋਧ ਨਹੀਂ ਹੈ। ਬੱਸ ਜੇ ਦੁਰਘਟਨਾ ਗ੍ਰਸਿਤ ਹੋ ਗਈ ਤਾਂ

ਜੋ ਮਰਨਗੇ ਉਹ ਆਪਣੀ ਗਲਤੀ ਕਾਰਨ ਹੀ ਮਰਨਗੇ। ਅਜਿਹਾ ਸਰਕਾਰ ਕਹਿੰਦੀ ਹੈ। ਸੁਆਲ ਹੈ ਕਿ ਭਰੀ ਹੋਈ ਬੱਸ 'ਚ ਆਪਾਂ ਹੋਰ ਕਿੰਨੀਆਂ ਕੁ ਨੂੰ ਵਾੜਾਂਗੇ। ਨਵੀਂ ਇਕ ਹੋਰ ਬੱਸ ਹੀ ਕਿਉਂ ਨਹੀਂ ਮੰਗਦੇ? ਸੁਆਦ ਦੀ ਗੱਲ ਇਹ ਹੈ ਕਿ ਸਰਕਾਰ ਕੋਲ ਦੂਜੀ ਬੱਸ ਹੈ ਹੀ ਨਹੀਂ ਹੈ। ਰਾਖਵੇਂਕਰਨ ਦੇ ਸੂਤਰਾਂ ਓ ਬੀ ਸੀ ਦੀਆਂ ਸਾਰੀਆਂ ਜਾਤੀਆਂ ਇਕੱਠੀਆਂ ਹੋ ਗਈਆਂ ਹਨ, ਇਹ ਅੱਛੀ ਗੱਲ ਹੈ। ਸੁਆਲ ਹੈ ਕਿ ਰਾਖਵੇਂਕਰਨ ਦੇ ਫਾਇਦਿਆਂ ਸਬੰਧੀ ਜਦ ਉਹਨਾਂ 'ਚ ਝਗੜੇ ਸ਼ੁਰੂ ਹੋ ਜਾਣਗੇ ਤਦ ਕਿ ਉਹ ਆਪਣੀ ਇਸ ਏਕਤਾ ਨੂੰ ਬਣਾ ਕੇ ਰੱਖ ਸਕਣਗੇ? ਕੀ ਗੁੱਜਰ ਤੇ ਮੀਣਿਆਂ 'ਚ ਸਮਾਜਕ ਏਕਤਾ ਦੀ ਸੰਭਾਵਨਾ ਹੈ? ਪਿਛਲੇ 20-25 ਸਾਲਾਂ 'ਚ ਓ ਬੀ ਸੀ ਚੇਤੰਨ ਹੋ ਚੁੱਕੇ ਹਨ, ਉਹ ਜਾਗ ਪਏ ਹਨ-ਇਹੀ ਗੱਲ ਮਹੱਤਵਪੂਰਨ ਹੈ ਪਰ ਉਹਨਾਂ ਦੀ ਇਸ ਚੇਤੰਨਤਾ ਨੂੰ ਉਹਨਾਂ ਦੀ ਇਸ ਏਕਤਾ ਨੂੰ ਸਮਾਜਕ ਬਰਾਬਰੀ ਉਸਾਰਨ ਦਾ ਸੁਪਨਾ ਨਹੀਂ ਗਿਣਦਾ। ਫੂਲੇ, ਸ਼ਾਹੂ, ਅੰਬੇਦਕਰ ਦਾ ਵਿਚਾਰ ਲੈ ਕੇ ਉਹ ਅੱਗੇ ਨਹੀਂ ਵਧ ਰਹੇ ਹਨ। ਜਾਤੀਆਂ ਦੇ ਖਾਤਮੇ ਦਾ ਏਜੰਡਾ ਪੇਸ਼ ਕਰਕੇ ਹੀ ਉਸ ਨੂੰ ਵੀ ਅੱਗੇ ਲੈ ਗਏ ਹਨ? ਅੱਜ ਓ ਬੀ ਸੀ ਦੀ ਜੋ ਚੇਤੰਨਤਾ ਹੈ, ਉਸ ਨੂੰ ਰਾਜਨੀਤੀ ਅਤੇ ਵੱਧ ਤੋਂ ਵੱਧ ਰਾਖਵੇਂਕਰਨ ਦੇ ਉਦੇਸ਼ ਖਾਤਰ ਵਰਤਿਆ ਜਾਵੇ ਤਾਂ ਸਮੁੱਚੀ ਤਬਦੀਲੀ ਦੇ ਨਜ਼ਰੀਏ ਨਾਲ ਉਸ ਦੀ ਕੋਈ ਵੀ ਵਰਤੋਂ ਨਹੀਂ ਹੋਣ ਵਾਲੀ ਹੈ। ਇਸ 'ਚ ਹੋਣ ਵਾਲੀ ਏਕਤਾ ਨੂੰ ਸਹੀ ਅਰਥਾਂ 'ਚ ਹੋਈ ਏਕਤਾ ਨਹੀਂ ਕਿਹਾ ਜਾ ਸਕਦਾ। ਇਸ ਏਕਤਾ ਨੂੰ ਜਮਾਤੀ ਤੇ ਜਾਤ-ਸਮਾਪਤੀ ਦਾ ਅਧਾਰ ਮਿਲਣਾ ਚਾਹੀਦਾ ਹੈ। ਧਨਗਰ ਸਮਾਜ ਦੀ ਜਥੇਬੰਦੀ 'ਚ ਕਿੰਨੇ ਗੈਰ ਧਨਗਰ ਹਨ? ਮਾਲੀ ਸਮਾਜ ਸੰਗਠਨ 'ਚ ਕਿੰਨੇ ਗੈਰ ਮਾਲੀ ਹਨ? ਅਤੇ ਵੰਜਾਰੀ ਸਮਾਜ ਦੇ ਸੰਗਠਨ 'ਚ ਕਿੰਨੇ ਗੈਰ ਵੰਜਾਰੀ ਹਨ? ਅਤੇ ਜੇ ਹਨ ਤਾਂ ਕੀ ਉਹ ਕਾਫੀ ਹਨ ਕੀ? ਇਸ ਦਾ ਤਸੱਲੀਬਖਸ਼ ਉਤਰ ਨਹੀਂ ਮਿਲਦਾ ਹੈ। ਹੁਣ ਜਿਸ ਨੂੰ ਅਸੀਂ ਏਕਤਾ ਵਗੈਰਾ ਕਹਿੰਦੇ ਹਾਂ ਉਹ ਅਸਲ 'ਚ 'ਅਹੁਦੇ' ਨਾਲ ਸਬੰਧਤ ਹੁੰਦੀ ਹੈ। ਦੱਖਣ ਦੀਆਂ ਰਾਜਸੀ ਪਾਰਟੀਆਂ ਨੇ ਜਾਤੀ ਨਾਲ ਸਬੰਧਤ ਇਕ ਦ੍ਰਿੜ ਨੀਤੀ ਨੂੰ ਮੰਨਿਆ ਹੈ। ਇਨ੍ਹੀ ਦਿਨੀਂ ਉਹਨਾਂ ਦੀ ਦ੍ਰਿੜਤਾ ਵੀ ਕੰਮਜ਼ੋਰ ਪੈਂਦੀ ਦਿਸਦੀ ਹੈ। ਸੱਤਾ ਦੀ ਰਾਜਨੀਤੀ 'ਚ ਸਮਾਜਿਕ ਏਕਤਾ ਦਾ, ਜਾਤੀ ਖਾਤਮੇ ਦਾ ਏਜੰਡਾ ਪਿੱਛੇ ਪੈਂਦਾ ਜਾ ਰਿਹਾ ਹੈ। ਕਰਨਾਟਕ 'ਚ ਦੇਵਗੌੜਾ ਸਰਕਾਰ ਨੇ ਭਾਜਪਾ ਕਾਲ ਗਠਜੋੜ ਸਰਕਾਰ ਚਲਾਈ। ਸਰਕਾਰ ਡਿੱਗ ਪਈ। 15 ਦਿਨਾਂ ਪਿੱਛੋਂ ਫਿਰ ਗਠਜੋੜ ਹੋ ਗਿਆ। ਸਰਕਾਰ ਬਣੀ ਤੇ ਫਿਰ ਡਿੱਗ ਵੀ ਪਈ। ਇਹਨਾਂ ਦੋਹਾਂ ਭਿੰਨ ਇਕਾਈਆਂ 'ਚ ਸਿਰਫ ਮੌਕਾਪ੍ਰਸਤ ਏਕਤਾ ਸੀ। ਇਸ ਦਾ ਸਮਾਜਕ ਅਧਾਰ ਨਹੀਂ ਸੀ। ਕਰਨਾਟਕ 'ਚ ਜਦ ਫਿਰ ਤੋਂ ਚੋਣਾਂ ਹੋਈਆਂ ਤਾਂ ਓ ਬੀ ਸੀ ਵੋਟਾਂ ਦੇ ਅਧਾਰ ਕਰਕੇ ਭਾਜਪਾ ਹਕੂਮਤ 'ਚ ਆਈ। ਸਮਾਜਕ ਏਕਤਾ ਹਿੱਤ 'ਡੀ ਕਾਸਟ' ਹੋਣ ਦੀ ਕਿਸੇ ਦੀ ਵੀ ਤਿਆਰੀ ਨਹੀਂ ਸੀ। ਜਾਤੀ ਨੂੰ ਰੱਦ ਕਰਨ ਵਾਲਾ ਏਜੰਡਾ ਓ ਬੀ ਸੀ ਅੰਦੋਲਨ ਨੇ ਤਿਆਰ ਨਹੀਂ ਕੀਤਾ ਸੀ। ਪਾਰਟੀ ਨੂੰ ਰੱਦ ਕਰਕੇ ਨਵੀਂ ਪਾਰਟੀ ਨੂੰ ਜਨਮ ਦੇਣ ਦਾ ਏਜੰਡਾ ਉਹਨਾਂ ਪਾਸ ਹੈ। ਇਹੀ ਅੰਦੋਲਨ ਅਜਿਹੇ ਗੋਲ ਚੱਕਰ 'ਚ ਘੁੰਮਦਿਆਂ ਸਾਨੂੰ ਨਜ਼ਰ ਆਉਂਦਾ ਹੈ।

ਮਜ਼ੇਦਾਰ ਪਰ ਗੰਭੀਰ ਇਕ ਅਜਿਹੀ ਮਿਸਾਲ ਹੋਰ ਹੈ। ਮੰਦਰਾਂ 'ਚ ਜਾ ਕੇ ਵੀ ਓ ਬੀ ਸੀ ਵਾਲੇ ਆਪਣੀ ਜਾਤ ਨਹੀਂ ਭੁੱਲਦੇ। ਜਦ ਤਕ ਉਹ ਜਾਤਾਂ ਨਹੀਂ

ਭੁਲਣਗੇ ਆਮ ਪੱਧਰ ਆਉਣਗੇ ਨਹੀਂ ਤਦ ਤਕ ਉਹਨਾਂ ਦੇ ਅੰਦੋਲਨ ਨੂੰ ਵਿਸਾਲ ਜਨਤਕ ਅਧਾਰ ਨਹੀਂ ਮਿਲਣਾ। ਹੁਣ ਓ ਬੀ ਸੀ ਇਕ ਅਜ਼ਾਦ ਮੰਗ ਲੈ ਕੇ ਲੜੇ। ਇਹ ਲੜਨਾ ਸਵੈ ਇੱਛਾ ਨਾਲ ਨਹੀਂ ਸੀ, ਕਿਸੇ ਨਾ ਕਿਸੇ ਨੇ ਤਾਂ ਉਹਨਾਂ ਉਪਰ ਇਹ ਲੜਾਈ ਲੱਦੀ ਸੀ। ਉਪਰਲਿਆਂ ਨੂੰ ਇਸ ਗੱਲ ਦਾ ਪਤਾ ਹੈ ਕਿ ਸਭ ਓ ਬੀ ਸੀ ਜੇ ਇਕ ਹੋ ਜਾਣ ਤਾਂ ਕੀ ਕੁਝ ਹੋਵੇਗਾ? ਪਰ ਇਥੋਂ ਦੀ ਅਵਸਥਾ ਸਮਾਜਕ ਪੱਧਰ ’ਤੇ ਉਹਨਾਂ ਨੂੰ ਇਕ ਨਹੀਂ ਹੋਣ ਦਿੰਦੀ। ਕਿਉਂ ਕਿ ਜੇ ਇਕ ਹੋ ਗਏ ਤਾਂ ਹਕੂਮਤੀ ਸੱਤਾ ਦਾ ਵਿਕੇਂਦਰੀਕਰਨ ਕਰਨਾ ਪਵੇਗਾ। ਓ ਬੀ ਸੀ ਦੀ ਰਾਜਸੀ ਚੇਤੰਨਤਾ ਕਾਰਨ ਗਠਜੋੜ ਦੀ ਰਾਜਨੀਤੀ ਉਸਰਨ ’ਚ ਮਦਦ ਮਿਲੀ। ਓ ਬੀ ਸੀ ਦੀਆਂ ਵੱਖ ਵੱਖ ਪਾਰਟੀਆਂ ਤਿਆਰ ਹੋ ਰਹੀਆਂ ਹਨ। ਪਿੱਛੇ 10-15 ਸਾਲਾਂ ਤੋਂ ਉਹ ਵੀ ਸੌਦੇਬਾਜ਼ ਹੁੰਦੇ ਜਾ ਰਹੇ ਹਨ। ਕਿਸੇ ਪਾਰਟੀ ਦਾ ਇਕ ਵੀ ਐਸ ਪੀ ਚੁਣ ਕੇ ਆ ਜਾਵੇ ਤਾਂ ਉਹ ਮੰਤਰੀ ਦਾ ਅਹੁਦਾ ਹਾਸਲ ਕਰ ਸਕਦਾ ਹੈ। ਇਹ ਇਥੋਂ ਦੇ ਸੰਸਦੀ ਵਰਤਾਅ ਤੋਂ ਸਿੱਧ ਹੋ ਚੁਕਿਆ ਹੈ। ਓ ਬੀ ਸੀ ਦੇ ਵੱਖ ਵੱਖ ਗੁੱਟਾਂ ’ਚ ਇਹ ਅਹਿਸਾਸ ਹੋਇਆ ਹੈ ਕਿ ਇਕੱਠੇ ਹੋ ਕੇ ਮੰਗਣ ਗਏ ਤਾਂ ਸਾਡੇ ’ਚੋਂ ਕਿਸੇ ਇਕ ਨੂੰ ਹੀ ਕੁਝ ਮਿਲਦਾ ਹੈ ਬਾਕੀਆਂ ਨੂੰ ਕੁਝ ਵੀ ਨਹੀਂ। ਬਜਾਏ ਇਸ ਦੇ ਕੀ ਵੱਖ ਵੱਖ ਜਾਤੀਆਂ ਦਾ ਨਾਂ ਲੈ ਕੇ ਮੰਗ ਕੀਤੀ ਜਾਵੇ, ਵੱਖ ਵੱਖ ਸਮੂਹਾਂ ਦਾ ਨਾਂ ਲੈ ਕੇ ਮੰਗਣ ਜਾਣ ਨਾਲ ਸੱਤਾ ਦਾ ਛੋਟਾ ਜਿਹਾ ਵੀ ਟੁਕੜਾ ਕਿਉਂ ਨਾ ਮਿਲੇ, ਮਿਲਣ ਦੀ ਸੰਭਾਵਨਾ ਹੁੰਦੀ ਹੈ। ਇਕੱਠੇ ਹੋ ਗਏ ਕਿ ਸੱਤਾ ਨਹੀਂ ਮਿਲ ਸਕਦੀ। ਖਿੰਡ ਕੇ ਗਏ ਤਾਂ ਕੁਝ ਨਾ ਕੁਝ ਮਿਲ ਹੀ ਜਾਂਦਾ ਹੈ। ਇਹ ਪਿਛਲੇ 10-15 ਸਾਲਾਂ ਤੋਂ ਹੋ ਰਿਹਾ ਹੈ। ਇਸ ਨਾਲ ਗੱਠਬੰਧਨ ਦੀ ਰਾਜਨੀਤੀ ’ਚ ਇਕ ਨਵਾਂ ਸਮੀਕਰਣ ਤਿਆਰ ਹੁੰਦਾ ਅਸੀਂ ਵੇਖ ਸਕਦੇ ਹਾਂ। ਇਹ ਜੋ ਨਵੇਂ ਨਵੇਂ ਸਮੀਕਰਣ ਹਨ, ਉਹ ਵੀ ਓ ਬੀ ਸੀ ਦੀ ਰਾਜਨੀਤੀ ਨੂੰ ਸਥਿਰ ਨਹੀਂ ਹੋਣ ਦੇ ਰਹੇ ਹਨ। ਰਾਜਸੀ ਗਠਜੋੜਾਂ ’ਚ ਅਜੀਬ-ਅਜੀਬ ਸਮੀਕਰਣ ਹੁੰਦੇ ਹਨ, ਕਲਪਨਾ ਤੋਂ ਵੀ ਪਰ੍ਹੇ ਹੁੰਦੇ ਹਨ। ਬਾਜਪਾਈ ਦੀ ਸਰਕਾਰ ’ਚ ਕੌਣ-ਕੌਣ ਸਨ? 20-25 ਪਾਰਟੀਆਂ ਸਨ। ਬੀ ਸੀ ਤੇ ਓ ਬੀ ਸੀ ਵੀ ਸਨ। ਹੁਣ ਇਹਨਾਂ ਸਾਰੀਆਂ ਪਾਰਟੀਆਂ ਨੇ ਅਦਲਾ ਬਦਲੀ ਕਰ ਲਈ ਹੈ। ਇਹਨਾਂ ਨੇ ਨਵਾਂ ਅਲੂਣਾ, ਨਵਾਂ ਘਰ ਲੱਭ ਲਿਆ ਹੈ। ਇਹ ਸਭ ਉਹ ਜਾਤੀਆਂ ਹਨ ਜੋ ਜਾਗਰਿਤ ਹੋ ਚੁੱਕੀਆਂ ਹਨ। ਜਾਗਰਿਤ ਹੋਈਆਂ ਜਾਤੀਆਂ ਨੂੰ ਪਹਿਲਾਂ ਸੱਤਾ ਦਾ ਗਿਆਨ ਹੀ ਨਹੀਂ ਸੀ ਤੇ ਉਹ ਬਹੁਤ ਦੇਰ ਨਾਲ ਜਾਗੀਆਂ। ਇਹ ਕਿਵੇਂ ਨਾ ਕਿਵੇਂ ਸੱਤਾ ਹਾਸਲ ਕਰਨ ਦੀ ਤਾਕ ਵਿਚ ਹਨ। ਇਹ ਠੀਕ ਹੈ ਭਾਵੇਂ ਕੁਝ ਹੱਦ ਤੱਕ ਹੀ ਸਹੀ। ਕਿਉਂਕਿ ਉਹਨਾਂ ਨੇ ਸੱਤਾ ਤੱਕ ਪਹੁੰਚਣਾ ਹੈ। ਮੰਤਰੀ ਬਣਨਾ ਹੈ ਪਰ ਸੁਆਲ ਇਹ ਹੈ ਕਿ ਇਸ ਰਾਜਨੀਤੀ ਦਾ ਅਧਾਰ ਕਿਸ ਪ੍ਰਕਾਰ ਦਾ ਹੈ? ਅਜ਼ਾਦ ਤੌਰ ’ਤੇ ਜਾਣ ਨਾਲ ਸੱਤਾ ਦਾ ਕੁਝ ਹਿੱਸਾ ਤਾਂ ਮਿਲ ਹੀ ਜਾਂਦਾ ਹੈ ਜਿਵੇਂ ਕਿ ਇਹ ਸੱਚ ਹੈ ਕਿ ਉਵੇਂ ਇਹ ਵੀ ਸੱਚ ਹੈ ਕਿ ਇਕੱਠੇ ਹੋ ਜਾਣ ਨਾਲ ਜਥੇਬੰਦ ਹੋ ਕੇ ਪੂਰੀ ਦੀ ਪੂਰੀ ਹਕੂਮਤ ਵੀ ਮਿਲ ਜਾਂਦੀ ਹੈ। ਇਸ ਸਮੇਂ ਓ ਬੀ ਸੀ ਦੀ ਰਾਜਨੀਤੀ ਚੱਲ ਰਹੀ ਹੈ। ਇਹ ਉਹਨਾਂ ’ਚ ਬੈਠੀ ਉਚ ਜਾਤੀ ਦੀ, ਉਹਨਾਂ ਦੇ ਨੇਤਾਵਾਂ ਦੀ ਹੈ। ਸਾਢੇ ਤਿੰਨ ਹਜ਼ਾਰ ਜਾਤੀਆਂ ਉਹਨਾਂ ’ਚੋਂ 100 ਹਕੂਮਤ ’ਚ ਸ਼ਾਮਲ ਹਨ। ਇਹਨਾਂ ਜਾਤੀਆਂ ’ਚੋਂ ਵੀ ਇਕ ਨਵਾਂ ਵਰਗ ਤਿਆਰ ਹੋ ਰਿਹਾ ਹੈ ਜਿਵੇਂ ਹਰੇਕ ਜਮਾਤ ’ਚੋਂ ਇਕ ਨਵੀਂ ਜਮਾਤ ਤਿਆਰ ਹੋ ਰਹੀ ਹੈ। ਉਸ ਤਰ੍ਹਾਂ ਹੀ

ਇਕ ਜਾਤੀ ਵਿਚੋਂ ਇਕ ਨਵੀਂ ਜਾਤੀ ਤਿਆਰ ਹੁੰਦੀ ਹੈ। ਇਹ ਸਥਿਰ ਹੋਇਆ ਕੀ ਉਹ ਖੁਦ ਦੇ ਹਿੱਤ ਸਬੰਧੀ ਰਾਜਨੀਤੀ ਕਰਨ ਲਗਦਾ ਹੈ। ਇਹ ਕਰਦੇ ਸਮੇਂ ਹੇਠਾਂ ਦੇ ਪੱਧਰ ਤਕ ਪਰ ਸੱਤਾ ਤੋਂ ਜੋ ਦੂਰ ਹੈ-ਵਿਕਾਸ ਅਮਲ ਤੋਂ ਜੋ ਦੂਰ ਹੈ, ਉਹਨਾਂ ਦੇ ਹਿੱਤਾਂ ਦਾ ਖਿਆਲ ਉਹ ਰੱਖ ਸਕੇਗਾ, ਇਹ ਯਕੀਨਨ ਨਹੀਂ।

ਦੂਜੀ ਗੱਲ ਇਹ ਕੀ ਜਮਾਤ ਰਹਿਤ ਸਮਾਜ ਉਸਾਰਨ ਦੇ ਅਮਲ 'ਚ ਅੜਿੱਕਾ ਬਣਨ ਵਾਲੀਆਂ ਜਾਤਾਂ ਨੂੰ ਵੱਖ ਵੱਖ ਕਰਨ ਨੂੰ ਉਹ ਤਿਆਰ ਨਹੀਂ ਹਨ। ਜਦ ਕੋਹਲਾਪੁਰ ਦੇ ਵਰਣਨ ਤੀਰਥ ਮੈਦਾਨ 'ਤੇ ਦੱਤਾ ਸਾਮਤ ਦੀ ਅਗਵਾਈ 'ਚ ਖਾੜਕੂ ਰੈਲੀ ਹੋਈ, ਉਦੋਂ ਗਿਰਨੀ-ਕਾਮਗਾਰ ਦੀ ਹੜਤਾਲ ਨੂੰ ਇਕ ਸਾਲ ਪੂਰਾ ਹੋ ਗਿਆ ਸੀ। ਰੈਲੀ 'ਚ ਹੜਤਾਲ 'ਤੇ ਗਏ ਸਾਰੇ ਮਜ਼ਦੂਰ ਇਕੱਠੇ ਹੋਏ ਸਨ। ਮਨੁੱਖ ਆਰਥਕ ਲੜਾਈ ਲੜਨ ਲਈ ਇਕੱਠਾ ਹੁੰਦਾ ਹੈ ਅਤੇ ਜਾਤੀ ਖਤਮ ਕਰਨ ਦਾ ਸੁਆਲ ਆਇਆ ਤਾਂ ਫਿਰ ਤੋਂ ਉਸੇ ਡੱਬੇ 'ਚ ਬੰਦ ਹੋ ਜਾਂਦਾ ਹੈ। ਵਰੁਣਾਤੀਆ ਮੈਦਾਨ 'ਚ ਦੋ ਦੋਸਤ ਲੜਨ ਆਏ। ਉਸ ਵਕਤ ਕੋਹਲਾਪੁਰ ਦੇ ਲੋਕਾਂ ਨੇ ਜਥੇਬੰਦ ਹੋ ਕੇ ਹੀ ਮੈਦਾਨ 'ਤੇ ਉਹਨਾਂ ਲਈ ਰੋਟੀਆਂ ਇਕੱਠੀਆਂ ਕੀਤੀਆਂ ਸਨ। ਰੋਟੀਆਂ ਚੁੱਕਦੇ ਸਮੇਂ ਉਹ ਕਾਰਾਗਾਰ ਜਾਤੀ ਨੂੰ ਭੁੱਲ ਚੁੱਕੇ ਸੀ। ਪਹਿਲਾਂ ਬ੍ਰਾਹਮਣ ਕਾਰਾਗਰ ਰੋਟੀਆਂ ਚੁੱਕੇਗਾ, ਬਾਅਦ ਵਿਚ ਮਰਾਠਾ ਤੇ ਅਖੀਰ 'ਚ ਦਲਿਤ ਅਜਿਹਾ ਉਥੇ ਨਹੀਂ ਹੋਇਆ। ਵੈਸੇ ਵੀ ਤੇ ਜਿਸ ਨੂੰ ਵੀ ਰੋਟੀ ਦਿੱਤੀ ਜਾ ਰਹੀ ਸੀ ਉਹ ਲੈ ਰਿਹਾ ਸੀ। ਸਭ ਕਾਰਾਗਰ ਜਾਤੀ ਨੂੰ ਭੁੱਲ ਚੁੱਕੇ ਸਨ। ਇਸ ਮੌਕੇ ਦਾ ਵਿਸ਼ਲੇਸ਼ਣ ਤੁਸੀਂ ਕਿਵੇਂ ਕਰੋਗੇ? ਓ ਬੀ ਸੀ ਦੇ ਮਾਧਿਅਮ ਰਾਹੀਂ ਬੇਹੱਦ ਰਾਜਸੀ ਲਾਭ ਹੋਇਆ ਭਾਜਪਾ ਨੂੰ। ਉਸ ਦੀ ਛਾਂ 'ਚ ਓ ਬੀ ਸੀ ਸੰਘਰਸ਼ ਦਾ ਕਿੰਨਾ ਫਾਇਦਾ ਹੋਇਆ ਤੇ ਉਸ ਦੀ ਛਾਂ ਤੋਂ ਵੀ ਦੂਰ ਰਹਿ ਕੇ ਓ ਬੀ ਸੀ ਅੰਦੋਲਨ ਦਾ ਕਿੰਨਾ ਫਾਇਦਾ ਹੋਇਆ ਇਸ 'ਤੇ ਖੋਜ ਹੋਣੀ ਜ਼ਰੂਰੀ ਹੈ। ਭਾਜਪਾ ਸੱਤਾ ਵਿਚ ਆਈ। ਉਸ ਨੂੰ ਗਿਆਨ ਹੋਇਆ ਕਿ ਓ ਬੀ ਸੀ ਨੂੰ ਨੇੜੇ ਲਿਆਉਣਾ ਬਹੁਤ ਸੌਖਾ ਹੈ। ਪਰ ਉਸ ਨੂੰ ਟਿਕਾ ਕੇ ਰੱਖਣਾ ਕਾਫੀ ਔਖਾ ਹੈ। ਇਸ ਕਰਕੇ ਉਹਨਾਂ 'ਚੋਂ ਨੇਤਾ ਇਕ ਇਕ ਕਰਕੇ ਬਾਹਰ ਨਿਕਲਣ ਲੱਗੇ। ਕਿਸੇ ਨਾ ਕਿਸੇ ਕਿਸਮ ਦਾ ਬਹਾਨਾ ਬਣਾ ਕੇ ਪਾਰਟੀ 'ਚੋਂ ਬਾਹਰ ਆ ਜਾਣ ਪਿੱਛੋਂ ਇਹਨਾਂ ਦੀ ਹਾਲਤ ਇੰਨੀ ਅਜੀਬ ਹੋ ਗਈ ਕਿ ਮੈਂ ਹਿੰਦੂਤਵ ਦੀ ਨੀਹ ਦੀ ਵਰਤੋਂ ਕਰਕੇ ਨੇਤਾ ਬਣਿਆ ਹਾਂ, ਇਸ ਨੀਹ ਦੀ ਵਰਤੋਂ ਕਰਕੇ ਮੈਂ ਬਾਹਰ ਕੰਮ ਨਹੀਂ ਕਰ ਸਕਦਾ-ਜਾਂ ਨਵੀਂ ਨੀਂਹ ਵੀ ਤਿਆਰ ਨਹੀਂ ਕਰ ਸਕਦਾ। ਇਹ ਅਹਿਸਾਸ ਹੋਣ ਕਰਕੇ ਫਿਰ ਤੋਂ ਇਹ ਨੇਤਾ ਇਕ ਇਕ ਕਰਕੇ ਭਾਜਪਾ 'ਚ ਵਾਪਸ ਆਉਣ ਲੱਗੇ ਹਨ। ਉਮਾ ਭਾਰਤੀ ਫਿਰ ਤੋਂ ਭਾਜਪਾ 'ਚ ਆ ਜਾਵੇ ਇਹ ਕੋਈ ਵੱਡੀ ਗੱਲ ਨਹੀਂ। ਭਾਜਪਾ ਛੱਡਦੇ ਸਮੇਂ ਕਲਿਆਣ ਸਿੰਘ ਕੀ ਦੋਸ਼ ਲਾ ਕੇ ਗਏ ਸਨ? ਯਾਦ ਕਰੋ। ਪੁਰਾਣੇ ਅਖਬਾਰ ਪੜ੍ਹੋ। ਭਾਜਪਾ 'ਚ ਬੈਠੇ ਸਾਰੇ ਨੇਤਾ ਲੋਕ ਭਿਅੰਕਰ ਜਾਤੀਵਾਦੀ ਹਨ, ਹਿੰਦੂਤਵਵਾਦੀ ਹਨ। ਕਲਿਆਣ ਸਿੰਘ ਨੇ ਆਪਣੀ ਇਨਕਲਾਬੀ ਪਾਰਟੀ ਦੀ ਸਥਾਪਨਾ ਕੀਤੀ ਸੀ। ਇਹ ਪਾਰਟੀ ਬਹੁਤੇ ਦਿਨ ਟਿਕ ਨਹੀਂ ਸਕੀ। ਮਸਾਂ ਇਕ ਡੇਢ ਸਾਲ ਟਿੱਕੀ। ਫਿਰ ਉਹ ਵਾਪਸ ਭਾਜਪਾ 'ਚ ਆ ਗਏ। ਇਹ ਆਵਾਜਾਈ ਰਾਜਸੀ, ਆਰਥਕ ਤੇ ਸੁਆਰਥ ਦੇ ਪ੍ਰਸੰਗ ਵਿਚ ਹੈ। ਰਾਜਨੀਤੀ ਦੇ ਗਣਿਤ ਛੁਪੇ ਹੁੰਦੇ ਹਨ। ਅਜਿਹੇ ਕਿੰਨੇ ਹੀ ਨੇਤਾ ਹਨ ਜੋ ਗਏ ਆਏ ਫਿਰ ਤੋਂ ਗਏ। ਪਾਰਟੀ ਤੋਂ ਬਾਹਰ ਟਿਕਣਾ ਹੋਵੇ ਤਾਂ ਵਿਆਪਕ ਅਧਾਰ ਦੀ ਲੋੜ ਹੁੰਦੀ ਹੈ। ਜਮਾਤੀ ਸਮਾਜਕ

ਤਬਦੀਲੀ ਤੋਂ ਲੈ ਕੇ ਸਭਿਆਚਾਰਕ ਤਬਦੀਲੀ ਤਕ ਅਤੇ ਧਰਮ ਨਿਰਪੱਖ ਰਾਜ ਦੀ ਕਲਪਨ ਤਕ ਦੇ ਵੱਖ ਵੱਖ ਅਧਾਰ ਲੈ ਕੇ ਖੜ੍ਹਾ ਹੋਣਾ ਪੈਂਦਾ ਹੈ। ਜਿਵੇਂ ਮਹਾਂਰਾਸ਼ਟਰ 'ਚ ਸਮਤਾ ਪ੍ਰੀਸ਼ਦ ਦੇ ਮਾਧਿਅਮ ਰਾਹੀਂ ਸੁਗਨ ਭੁੰਜ ਬਲ ਟਿਕੇ ਹਨ। ਅਨੇਕਾਂ 'ਚ ਇਹ ਸੰਭਵ ਨਹੀਂ ਹੋ ਸਕਿਆ। ਰਾਜਨੀਤੀ ਦੀ ਇਹ ਸਾਰੀ ਯਾਤਰਾ ਫਿਰ ਤੋਂ ਜਾਤੀ ਵੱਲ ਜਾ ਰਹੀ ਹੈ। ਸੱਤਾ ਵਲ ਜਾਣਾ ਹੋਵੇ ਤਾਂ ਸਿਰਫ ਵਫਦ (ਡੇਪੂਟੇਸ਼ਨ) ਲੈ ਕੇ ਜਾਣ ਨਾਲ ਗੱਲ ਨਹੀਂ ਬਣਦੀ। ਪਹਿਲਾਂ ਲੋਕ ਡੇਪੂਟੇਸ਼ਨ ਲੈ ਕੇ ਜਾਂਦੇ ਸਨ। ਡੇਪੂਟੇਸ਼ਨ ਗਿਆ ਕਿ ਮੰਤਰੀ ਦਾ ਅਹੁਦਾ ਮਿਲ ਜਾਂਦਾ ਸੀ। ਵਫਦ ਲੈ ਕੇ ਗਏ ਕਿ ਟਿਕਟ ਮਿਲ ਗਈ-ਇਹ ਮਹਾਂਰਾਸ਼ਟਰ ਦੀ ਰਾਜਨੀਤੀ ਦਾ ਅਨੁਭਵ ਸੀ। ਹੁਣ ਡੇਪੂਟੇਸ਼ਨ ਨਾਲ ਕੰਮ ਨਹੀਂ ਹੁੰਦਾ। ਹੁਣ ਇਸ ਲਈ ਨਵੀਂ ਪਾਰਟੀ ਦੀ ਸਥਾਪਨਾ ਕਰਨੀ ਪੈਂਦੀ ਹੈ। ਪਾਰਟੀ ਸਥਾਪਤ ਕਰਨ ਕਰਕੇ ਤੁਹਾਡਾ ਮੁੱਲ ਵਧ ਜਾਂਦਾ ਹੈ। ਤੁਹਾਡੀ ਸ਼ਕਤੀ ਵਧ ਗਈ, ਅਜਿਹਾ ਕੋਈ ਨਹੀਂ ਕਹੇਗਾ। ਰਾਤੋ ਰਾਤ ਨਵੀਂ ਪਾਰਟੀ ਸਥਾਪਤ ਕਰਕੇ ਦੋ ਤਿੰਨ ਐਮ ਐਲ ਏ ਹਾਸਲ ਕਰਨ ਵਾਲੇ ਇਥੇ ਹਨ ਅਤੇ ਨਵੀਂ ਪਾਰਟੀ ਇਥੇ ਸਥਾਪਤ ਕਰਕੇ ਸਿਰਫ ਹਾਸਲ ਕਰਨ ਵਾਲੇ ਵੀ ਹਨ। ਇਸੇ ਕਾਰਨ ਪਿਛਲੇ 10 ਸਾਲਾਂ ਵਿਚ ਓ ਬੀ ਸੀ ਦੀਆਂ ਪਾਰਟੀਆਂ ਦੀ ਗਿਣਤੀ ਵਧਦੀ ਗਈ ਹੈ। ਓ ਬੀ ਸੀ ਦੀਆਂ ਪਾਰਟੀਆਂ ਦੇ ਕੁਝ ਨਾਂ ਹਨ। ਨਾਂ ਤੋਂ ਪਤਾ ਲੱਗੇਗਾ ਕਿ ਕਿੱਥੇ ਕੀ ਚੱਲ ਰਿਹਾ ਹੈ। ਪਿਛੜਾ ਓ ਬੀ ਸੀ ਸ਼ਬਦ ਹਰੇਕ ਪਾਰਟੀ ਦੇ ਨਾਂ ਵਿਚ ਹੈ। ਜਿਵੇਂ (1) ਕੁਲ ਹਿੰਦ ਪਿਛੜਿਆਂ ਵਰਗ (2) ਕੁਲ ਹਿੰਦ ਅੰਬੇਦਕਰਵਾਦੀ ਪਿਛੜਿਆ ਵਰਗ (3) ਭਾਰਤੀ ਬਹੁਜਨ ਮਹਾਂਸੰਘ (4) ਬਹੁਜਨ ਏਕਤਾ ਪਾਰਟੀ (5) ਭਾਰਤੀ ਅੰਬੇਦਕਰ ਪਿਛੜਿਆ ਵਰਗ (6) ਬਹੁਜਨ ਰਿਪਬਲਿਕਨ ਪਾਰਟੀ (7) ਬਹੁਜਨ ਵਿਕਾਸ ਪਾਰਟੀ (8) ਬਹੁਜਨ ਸਮਾਜ ਪਾਰਟੀ ਆਦਿ।

'ਬਹੁਜਨ' ਸ਼ਬਦ ਦੀ ਵਰਤੋਂ ਤੋਂ ਯੁਕਤ 40 ਪਾਰਟੀਆਂ ਇਸ ਵਕਤ ਦੇਸ਼ ਦੇ ਰਾਜਸੀ ਮੰਚ 'ਤੇ ਹਨ। 'ਬਹੁਜਨ' ਸ਼ਬਦ 'ਚ ਕੀ ਜਾਦੂ ਹੈ। ਪਤਾ ਨਹੀਂ ਜੋ ਕੋਈ ਵੀ ਉਠਦਾ ਹੈ ਬਹੁਜਨ ਸ਼ਬਦ ਦੀ ਵਰਤੋਂ ਕਰਦਾ ਹੈ। ਸੰਭਵ ਹੈ ਇਹ ਜਾਦੂ ਮਾਇਆਵਤੀ ਕਾਰਨ ਆਇਆ ਹੋਵੇ। ਇਸ ਤੋਂ ਇਲਾਵਾ ਰਾਸ਼ਟਰੀ ਬਹੁਜਨ ਏਕਤਾ ਪਾਰਟੀ, ਬਹੁਜਨ ਸਮਾਜ ਨਿਆਂ ਪਾਰਟੀ, ਸੋਸ਼ਣ ਮੁਕਤੀ ਮੋਰਚਾ, ਸੋਸ਼ਤ ਸਮਾਜ ਪਾਰਟੀ, ਸੋਸਲਿਸ਼ਟ ਰਿਪਬਲਿਕਨ ਪਾਰਟੀ, ਸਰਬ ਹਾਰਾ ਸਮਾਜਵਾਦੀ ਪਾਰਟੀ, ਸੋਸ਼ਤ ਸਮਾਜ ਦਲ, ਯੂਨਾਇਟਡ ਰਿਜ਼ਰਵੇਸ਼ਨ ਮੂਵਮੈਂਟ ਕੌਂਸਿਲ ਆਫ਼ ਇੰਡੀਆ ਨਾਂ ਦੀਆਂ ਪਾਰਟੀਆਂ ਵੀ ਹਨ। ਹੋਰ ਵੀ ਹੋਣਗੀਆਂ। ਨਿਜੀਕਰਨ ਦਾ ਅਮਲ ਜਿਵੇਂ ਜਿਵੇਂ ਤੇਜ਼ ਹੁੰਦਾ ਜਾਵੇਗਾ ਤਿਵੇਂ ਤਿਵੇਂ ਸਰਕਾਰਾਂ ਛੋਟੀਆਂ ਹੁੰਦੀਆਂ ਜਾਣਗੀਆਂ ਕਿਉਂਕਿ ਸਰਕਾਰ ਕਮਜ਼ੋਰ ਹੋਏ ਬਗੈਰ ਨਿੱਜੀਕਰਣ ਵੱਡਾ ਨਹੀਂ ਹੋ ਸਕਦਾ। ਸਰਕਾਰ ਛੋਟੀ ਹੋਣ ਦਾ ਅਰਥ ਹੈ ਸਰਕਾਰੀ ਤਾਕਤ ਘੱਟ ਹੁੰਦੇ ਜਾਣਾ। ਸਰਕਾਰ ਦੇ ਅਧਿਕਾਰ ਘੱਟ ਹੁੰਦੇ ਜਾਣ। ਸਰਕਾਰੀ ਕਲਿਆਣਕਾਰੀ ਯੋਜਨਾਵਾਂ ਦਾ ਘਟਣਾ, ਲਾਲ ਬੱਤੀ ਵਾਲੀ ਗੱਡੀ ਦੀ ਮਹੱਤਤਾ ਦਾ ਘਟਣਾ, ਵਿਧਾਇਕਾਂ ਸਾਂਸਦਾਂ ਦਾ ਮਹੱਤਵ ਘਟਦੇ ਜਾਣਾ, ਕੁਲ ਮਿਲਾ ਕੇ ਸੱਤਾ ਮਹੱਤਵ ਘਟਣਾ। ਨਿਜੀ ਕਰਨ ਕਰਕੇ ਨੇਤਾਵਾਂ ਦਾ ਮਹੱਤਵ ਘਟਦਾ ਜਾਵੇਗਾ, ਇਹਨਾਂ ਦਾ ਮਹੱਤਵ ਜਦ ਤਕ ਹੈ, ਤਦ ਤਕ ਹੀ ਸੱਤਾ ਹੱਥ 'ਚ ਆਉਣੀ ਚਾਹੀਦੀ ਹੈ, ਇਸ ਲਈ ਸੱਤਾ ਪ੍ਰਾਪਤੀ ਹਿੱਤ ਸੰਘਰਸ਼ ਵਧਦਾ ਜਾ ਰਿਹਾ ਹੈ। ਇਸ ਤੋਂ ਵੱਖਰੇ ਕਾਰਨ

ਹੋ ਸਕਦੇ ਹਨ। ਇਸ ਓ ਬੀ ਸੀ ਦੀ ਰਾਜਨੀਤੀ ਨੇ ਸਾਨੂੰ ਦੱਸ ਦਿੱਤਾ ਹੈ ਕਿ ਇਕ ਵਾਰੀ ਸਾਨੂੰ ਰਾਖਵੇਂਕਰਨ ਦੀਆਂ ਸਹੂਲਤਾਂ ਮਿਲਣ ਲੱਗੀਆਂ। ਇਕ ਵਾਰੀ ਅਸੀਂ ਰਾਖਵੇਂਕਰਨ ਦੀ ਇਕ ਸ਼੍ਰੇਣੀ ਤੋਂ ਦੂਜੀ ਸ਼੍ਰੇਣੀ 'ਚ ਗਏ ਕਿ ਆਪਣੇ ਸਮਾਜ ਦਾ, ਆਪਣੇ ਲੋਕਾਂ ਦਾ ਭਲਾ ਹੋ ਜਾਵੇਗਾ। ਵੱਖ ਸ਼੍ਰੇਣੀ 'ਚ ਜਾਣ ਪਿੱਛੋਂ ਹੀ ਵਾਪਰਿਆ, ਇਸ ਦਾ ਵੀ ਵਿਗਿਆਨਕ ਨਜ਼ਰੀਏ ਤੋਂ ਅਧਿਐਨ ਹੋਣਾ ਚਾਹੀਦਾ ਹੈ। ਭਿੰਨ ਸ਼੍ਰੇਣੀ 'ਚ ਜਾਣਾ ਤਾਂ ਠੀਕ ਹੈ ਪਰ ਉਸ ਦੀ ਸਮੀਖਿਆ ਵੀ ਜ਼ਰੂਰੀ ਹੈ। ਟਾਈਮਸ ਆਫ ਇੰਡੀਆ ਦੀ ਇਕ ਖਬਰ ਸੀ 'ਓ ਬੀ ਸੀ ਨੂੰ 28% ਰਾਖਵਾਂਕਰਨ ਮਿਲਣ ਪਿੱਛੋਂ ਨੌਕਰੀਆਂ 'ਚ ਉਹਨਾਂ ਦੀ ਗਿਣਤੀ ਵਧਣ ਦੀ ਬਜਾਏ ਘੱਟ ਹੁੰਦੀ ਗਈ ਹੈ' 1990 'ਚ ਨੌਕਰੀਆਂ 'ਚ ਓ ਬੀ ਸੀ ਦਾ ਪ੍ਰਤੀਸ਼ਤ 12-75 ਸੀ ਹੁਣ 27% ਰਾਖਵੇਂਕਰਨ ਪਿੱਛੋਂ ਇਹ ਸਾਢੇ 5 ਫੀਸਦੀ ਹੋ ਗਿਆ ਹੈ। ਇਹ ਹੈਰਾਨੀਜਨਕ ਵੀ ਨਹੀਂ ਭਿਆਨਕ ਵੀ ਹੈ। ਇਹ ਤੱਥਾਂ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਪਹਿਲੀ ਗੱਲ ਤਾਂ ਅਸੀਂ ਰਾਖਵੇਂਕਰਨ ਦੀਆਂ ਹੱਦਾਂ ਨੂੰ ਸਮਝਣ 'ਚ ਵੀ ਨਾਕਾਮ ਹੋ ਰਹੇ ਹਾਂ। 27% ਰਾਖਵਾਂਕਰਨ ਹੋਣ ਦੇ ਬਾਵਜੂਦ ਨੌਕਰੀ ਭਰਤੀ ਹੀ ਨਾ ਹੋਣ ਕਰਕੇ ਇਹ ਸਿੱਟਾ 12 ਤੋਂ 15% ਫੀਸਦੀ ਤੱਕ ਆ ਗਿਆ ਹੋਵੇਗਾ। ਅਜਿਹਾ ਤਰਕ ਦਿੱਤਾ ਜਾ ਸਕਦਾ ਹੈ ਪਰ ਸਥਿਤੀ ਅਜਿਹੀ ਨਹੀਂ ਹੈ। ਅਚਾਨਕ 7% ਲੋਕ ਸੇਵਾ ਮੁਕਤ ਨਹੀਂ ਹੁੰਦੇ। ਅਚਾਨਕ 7% ਥਾਂ ਭਰਨ ਦਾ ਅਮਲ ਵੀ ਬੰਦ ਨਹੀਂ ਹੁੰਦਾ। ਫਿਰ ਹੋਇਆ ਇਹ ਕਿ ਰਾਖਵੇਂ ਥਾਵਾਂ ਦਾ ਕੋਟਾ ਇਕ ਪਾਸੇ ਵਧਦਾ ਜਾ ਰਿਹਾ ਸੀ ਤਾਂ ਦੂਜੇ ਪਾਸੇ ਸਰਕਾਰ 'ਚ ਤਿਆਰ ਹੋਣ ਵਾਲੀਆਂ ਨੌਕਰੀਆਂ ਦੀ ਗਿਣਤੀ 'ਚ ਕਮੀ ਹੁੰਦੀ ਜਾ ਰਹੀ ਹੈ। ਇਸ ਦੇ ਅਨੇਕਾਂ ਕਾਰਣ ਹਨ। ਉਚ ਤਕਨੀਕ ਨਾਲ ਸੰਬੰਧਤ ਨੌਕਰੀਆਂ ਤਿਆਰ ਹੋ ਰਹੀਆਂ ਹਨ। ਉਸ ਨੂੰ ਹਾਸਲ ਕਰਨ ਹਿੱਤ ਜਿਸ ਯੋਗਤਾ ਦੀ ਲੋੜ ਹੁੰਦੀ ਹੈ ਉਹ ਓ ਬੀ ਸੀ ਪਾਸ ਨਹੀਂ ਹੈ। ਇਸ ਕਾਰਨ ਹੀ ਇਹ ਪ੍ਰਤੀਸ਼ਤ 12 ਤੋਂ 15% ਤਕ ਆ ਗਈ। ਨਿੱਜੀਕਰਨ ਦਾ ਅਰਥ ਇਹ ਹੈ ਕਿ ਨੌਕਰੀ ਦੇਣ ਲਈ ਇਥੇ ਸਰਕਾਰ ਸੀ, ਜਦ ਉਥੇ ਨਿਜੀ ਖੇਤਰ ਸਨ ਸੁਭਾਵਿਕ ਹੀ ਸਰਕਾਰੀ ਨੌਕਰੀਆਂ ਦੀ ਗਿਣਤੀ ਘਟਦੀ ਜਾਵੇਗੀ ਤੇ ਨਿਜੀ ਖੇਤਰ ਦੀਆਂ ਨੌਕਰੀਆਂ 'ਚ ਵਾਧਾ ਹੁੰਦਾ ਜਾਵੇਗਾ। ਸਿੱਟਾ ਕੀ ਹੋਵੇਗਾ? ਸੁਰੱਖਿਅਤ ਥਾਵਾਂ 27% ਪਰ ਸਿੱਧੀ ਭਰਤੀ 'ਚ 5% ਕਦੀ ਜੇ 30% ਸਥਾਨ ਸੁਰਖਿਅਤ ਕੀਤੇ ਜਾਣ ਤਾਂ ਵੀ ਫੀਸਦੀ ਉਨੀ ਨਹੀਂ ਹੋਵੇਗੀ ਕਿਉਂਕਿ ਨੌਕਰੀਆਂ ਪੈਦਾ ਹੋਣ ਦੀ ਰਫਤਾਰ ਵੀ ਮੱਠੀ ਪੈ ਚੁੱਕੀ ਹੈ। ਕਦੇ ਅਖਬਾਰਾਂ 'ਚ ਪੜ੍ਹਦੇ ਹੁੰਦੇ ਸਾਂ ਕਿ ਕੇਂਦਰ 'ਚ ਇੰਨੇ ਰਾਖਵੇਂ ਸਥਾਨ ਖਾਲੀ ਹਨ ਕਿਉਂ ਨਹੀਂ ਇਹਨਾਂ ਨੂੰ ਭਰਿਆ ਜਾਂਦਾ? ਪੈਸਾ ਹੀ ਨਹੀਂ ਹੈ ਤਨਖਾਹ ਦੇਣ ਲਈ। ਨਿੱਜੀਕਰਣ ਕਰਨਾ ਹੈ। ਉਮੀਦਵਾਰ ਕੋਲ ਯੋਗਤਾ ਨਹੀਂ ਹੈ। ਵੱਖ ਵੱਖ ਕਾਰਨਾਂ ਕਰਕੇ ਇਹ ਪ੍ਰਤੀਸ਼ਤ ਘਟਦੀ ਜਾ ਰਹੀ ਹੈ। ਫਿਰ ਸੁਆਲ ਪੈਦਾ ਹੁੰਦਾ ਹੈ ਕਿ ਸਿਰਫ ਰਾਖਵੇਂਕਰਨ ਕਰਕੇ ਹੀ ਓ ਬੀ ਸੀ ਅੰਦੋਲਨ ਹੋ ਰਹੇ ਹਨ ਤੇ ਇਹ ਕਾਰਨ (ਰਾਖਵਾਂਕਰਨ) ਹੀ ਖਤਮ ਹੁੰਦਾ ਜਾ ਰਿਹਾ ਹੈ ਤਾਂ ਫਿਰ ਅੰਦੋਲਨ ਜਾਰੀ ਰੱਖਣ ਵਾਸਤੇ ਹੁਣ ਹੋਰ ਕਾਰਨ ਦਿੱਤੇ ਜਾਣੇ ਚਾਹੀਦੇ ਹਨ। ਰਾਖਵਾਂਕਰਨ ਘਟਦਾ ਜਾਵੇਗਾ ਕਿਉਂਕਿ ਹੁਣ ਹੋਰ ਜਾਤੀਆਂ ਵੀ ਇਸ ਖੇਤਰ 'ਚ ਆਉਣ ਲਈ ਯਤਨਸ਼ੀਲ ਹਨ। ਮਹਾਂਰਾਸ਼ਟਰ 'ਚ ਮਰਾਠਾ ਸਮਾਜ ਨੂੰ ਓ ਬੀ ਸੀ 'ਚ ਸ਼ਾਮਲ ਕੀਤਾ ਜਾਵੇ। ਐਸੀ ਮੰਗ ਕਦੇ ਕਦੇ ਕੀਤੀ ਜਾਂਦੀ ਹੈ। ਇਕ ਦਿਨ ਅਜਿਹਾ ਆਵੇਗਾ ਕਿ ਹਰੇਕ ਨੂੰ ਰਾਖਵੇਂ

ਥਾਂ ਹੋਣਗੇ ਪਰ ਜੋ ਰਾਖਵਾਂਕਰਨ ਕਾਗਜ਼ ’ਤੇ ਹੈ ਕੀ ਉਹ ਅਸਲ ’ਚ ਲੋਕਾਂ ਦੇ ਕੰਮ ਆਵੇਗਾ? ਅਸੀਂ ਸਿਰਫ ਹਿੰਦੂਆਂ ’ਚ ਸਥਿਤ ਓ ਬੀ ਸੀ ’ਤੇ ਵਿਚਾਰ ਕਰ ਰਹੇ ਹਾਂ ਪਰ ਮੁਸਲਮਾਨਾਂ, ਇਸਾਈਆਂ ਵਿਚ ਵੀ ਓ ਬੀ ਸੀ ਹਨ। ਇਸਾਈਆਂ ਵਿਚ ਦਲਿਤ ਵੀ ਹਨ। ਆਂਧਰਾ ਪ੍ਰਦੇਸ਼ ਸਰਕਾਰ ਨੇ ਮੁਸਲਮਾਨਾਂ ਲਈ ਨੌਕਰੀਆਂ ’ਚ ਰਾਖਵਾਂਕਰਨ ਦਾ ਐਲਾਨ ਕੀਤਾ ਹੈ। ਤਾਮਿਲਨਾਡੂ ’ਚ ਕਾਨੂੰਨ ਮੁਸਲਿਮ ’ਤੇ ਇਸਾਈਆਂ ਨੂੰ ਰਾਖਵਾਂਕਰਨ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਸਭ ਕੁਝ ਸਾਨੂੰ ਸਾਰਿਆਂ ਨੂੰ ਇਕ ਹੀ ਛਾਂ ਥੱਲੇ ਲੈ ਜਾਣ ਦੀ ਕੋਸ਼ਿਸ਼ ਹੈ। ਛਾਵਾਂ ਵਿਸ਼ਾਲ ਹੋਣ ਨਾਲ ਗੱਲ ਨਹੀਂ ਬਣਨੀ। ਉਥੇ ਅਨਾਜ ਮਿਲਣ ਦੀ ਸਹੂਲਤ ਵੀ ਹੋਣੀ ਚਾਹੀਦੀ ਹੈ। ਘਰ ’ਚ ਹਾਥੀ ਵਾੜਣ ਦਾ ਫਾਇਦਾ ਨਹੀਂ। ਕਲ ਕੀ ਸਿੱਟਾ ਨਿਕਲਣਾ ਹੈ, ਇਸ ’ਤੇ ਵਿਚਾਰ ਅੱਜ ਹੀ ਹੋਣਾ ਚਾਹੀਦਾ ਹੈ। ਬਹੁਜਨ ਦੇ ਅੰਦੋਲਨ ਵੱਲ ਮਹਾਤਮਾ ਫੂਲੇ, ਸ਼ਾਹੂ ਜੀ ਮਹਾਰਾਜ, ਬਾਬਾ ਸਾਹਿਬ ਕਿਸ ਵਿਧੀ ਨਾਲ ਵੇਖਦੇ ਸਨ? ਓ ਬੀ ਸੀ ਅੰਦੋਲਨ ਇਸ ਸ਼ਬਦ ਦੀ ਸਿੱਧੀ ਵਰਤੋਂ ਭਾਵੇਂ ਹੀ ਉਹਨਾਂ ਨੇ ਨਾ ਕੀਤੀ ਹੋਵੇਗੀ ਪਰ ਜਾਤੀ ਦੇ ਨਾਲ ਨਾਲ ਸਮਾਜਕ ਸੰਘਰਸ਼ ਵੱਲ ਵੀ ਉਹ ਵੇਖ ਰਹੇ ਸਨ। ਸੰਵਿਧਾਨ ਤਿਆਰ ਹੋਣ ਜਾਣ ਪਿੱਛੋਂ ਅੰਬੇਦਕਰ ਨੇ ਕਿਹਾ ਸੀ ‘ਐਸ ਸੀ/ ਐਸ ਟੀ ਲਈ ਅਸੀਂ ਰਾਖਵਾਂਕਰਨ ਲਾਗੂ ਕਰ ਰਹੇ ਹਾਂ ਉਹ ਨਿਆਂ ਪੂਰਨ ਹੈ ਪਰ ਕਦੀ ਤਾਂ ਇਸ ਦੇਸ਼ ਦੇ ਸਮਾਜਕ ਜੀਵਨ ’ਚ ਇਕ ਅਜਿਹਾ ਦਿਨ ਵੀ ਆਵੇਗਾ ਸਮਾਂ ਜਾਂ ਸਾਲ ਆਵੇਗਾ ਕਿ ਜਾਤ ਦੇ ਇਸ ਪ੍ਰਸੰਗ ਤੋਂ ਪਰ੍ਹੇ ਜਾ ਕੇ ਵੀ ਸਾਨੂੰ ਵਿਚਾਰ ਕਰਨਾ ਪਵੇਗਾ। ਰਾਜਸੀ ਵਿਚਾਰ ਹੋਇਆ ਕੀ ਪੂਰਾ ਸਮਾਜ ਹੀ ਸੁਧਰ ਜਾਂਦਾ ਹੈ–ਅਜਿਹਾ ਇਕ ਸੂਤਰ ਨੂੰ ਅਸੀਂ ਲੋਕਾਂ ਨੇ ਜਨਮ ਦਿੱਤਾ ਸੀ। ਰਾਜਸੀ ਵਿਕਾਸ ਹੋਣਾ ਚਾਹੀਦੈ ਪਰ ਇਕ ਸਮੇਂ ਸਭ ਜਾਤੀਆਂ ਦਾ ਵਿਕਾਸ ਨਹੀਂ ਹੋ ਸਕਦਾ। ਹਜ਼ਾਰਾਂ ਜਾਤੀਆਂ ਹਨ ਹਰ ਜਾਤੀ ਦਾ ਇਕ ਨੁਮਾਇੰਦਾ ਲੈਣਾ ਚਾਹੀਦਾ ਹੈ ਤਾਂ ਤਿੰਨ ਚਾਰ ਹਜ਼ਾਰ ਐਮ ਪੀ ਹੋਣਗੇ। ਐਨੇ ਐਮ ਪੀ (ਸਾਂਸਦਾਂ) ਦੀ ਸੰਭਾਵਨਾ ਹੀ ਨਹੀਂ ਹੈ। ਮਹਾਂਰਾਸ਼ਟਰ ’ਚ 500 ਜਾਤਾਂ ਹਨ। 500 ਵਿਧਾਇਕ ਤਾਂ ਸੰਭਵ ਹੀ ਨਹੀਂ ਹਨ। ਇਸੇ ਕਾਰਨ ਤਾਂ ਇਸ ਰਾਜਸੀ ਮੁਕਾਬਲੇ ’ਚ ਕੋਈ ਨਾ ਕੋਈ ਜਾਤੀ ਤਾਂ ਪਿੱਛੇ ਰਹਿ ਹੀ ਜਾਵੇਗੀ ਤੇ ਕੋਈ ਦੂਜੀ ਜਾਤੀ ਅੱਗੇ ਆ ਜਾਵੇਗੀ। ਉੱਚ ਪੱਧਰ ’ਤੇ ਤਾਂ ਚੋਣਵੇਂ ਹੀ ਜਾਣਗੇ। ਇਸ ਕਾਰਨ ਇਸ ਰਾਜਸੀ ਲਾਭ ਦੀਆਂ ਹੱਦਾਂ ਨੂੰ ਅੱਜ ਜਾਂ ਕਲ ਸਮਝ ਲੈਣਾ ਜ਼ਰੂਰੀ ਹੈ। ਰਾਜਨੀਤੀ ’ਚ ਕੋਈ ਫਾਰਮੂਲਾ ਸਫਲ ਹੋਇਆ ਕੀ ਸਭ ਪਾਸਿਆਂ ਤੋਂ ਉਸ ਦੀ ਵਰਤੋਂ ਕਰਨ ਦਾ ਇਕ ਮੁਕਾਬਲਾ ਸ਼ੁਰੂ ਹੋ ਜਾਂਦਾ ਹੈ। ਮਾਇਆਵਤੀ ਨੇ ਨਵਾਂ ਫਾਰਮੂਲਾ ਲਿਆਂਦਾ। ਬਹੁਜਨ ਤੋਂ ਸਰਬ ਜਨ ਤਕ। ਹਾਥੀ ਦਾ ਗਨਪਤੀ ਹੋ ਗਿਆ। ਜਿਹੜੇ ਬ੍ਰਾਹਮਣ ਖੱਤਰੀਆਂ ਨੂੰ ਮਾਇਆਵਤੀ ਚੋਰ ਕਹਿੰਦੀ ਸੀ, ਉਹ ਮਿੱਤਰ ਹੋ ਗਏ। ਕਿਸ ਅਧਾਰ ’ਤੇ ਇਹ ਸਭ ਕੁਝ ਹੋਇਆ? ਜੇ ਅਸੀਂ ਇਸ ’ਤੇ ਵਿਚਾਰ ਨਹੀਂ ਕਰਾਂਗੇ ਤਾਂ ਅਸੀਂ ਭਰਮ ’ਚ ਫਸ ਜਾਵਾਂਗੇ। ਕੇਵਲ ਦਰਖਤ, ਫਲ, ਟਹਿਣੀਆਂ ਨਾਲ ਗੱਲ ਨਹੀਂ ਬਣਦੀ, ਉਸ ਦਰਖਤ ਨੂੰ ਫੜ ਕੇ ਰੱਖਣ ਵਾਲੀਆਂ ਵਿਗਿਅਨਕ ਜੜ੍ਹਾਂ ਦੀ ਵੀ ਲੋੜ ਹੁੰਦੀ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਜੜ੍ਹਾਂ ਦੀ ਵੀ ਜਾਂਚ ਪੜਤਾਲ ਕਰੀਏ, ਇਹ ਜੋ ਫਾਰਮੂਲੇ ਹੁੰਦੇ ਹਨ ਉਹ ਪਹਿਲੀ ਵਾਰੀ ਰਾਜਨੀਤੀ ’ਚ ਆਏ ਹਨ–ਐਸਾ ਵੀ ਸਮਝਣ ਦੀ ਲੋੜ ਨਹੀਂ ਹੈ। ਵੱਖ ਵੱਖ ਕਾਰਨਾਂ ਕਰਕੇ ਵੱਖ ਵੱਖ ਰਾਜਾਂ ’ਚ ਅਜਿਹੇ ਫਾਰਮੂਲੇ ਕਈ ਵਾਰੀ ਆਏ ਹਨ। ਅਸਮ

’ਚ ਵਿਦਿਆਰਥੀ ਨੇ ਅੰਦੋਲਨ ਕੀਤਾ ਸੀ ਤੇ ਕਿੰਨਾ ਵੱਡਾ ਚਮਤਕਾਰ ਹੋਇਆ। ਐਫ ਵਾਈ ’ਚ ਕੰਮ ਕਰਨ ਵਾਲਾ ਵਿਦਿਆਰਥੀ ਉਥੇ ਗ੍ਰਹਿ ਮੰਤਰੀ ਬਣਿਆ ਸੀ। 80% ਮੰਤਰੀ ਕੁਆਰੇ ਸਨ। ਚਮਤਕਾਰ ਸੀ ਇਹ। ਅੱਗੇ ਕੀ ਹੋਇਆ ਅਸਮ ਦਾ? ਸੱਤਾ ਹਿੱਤ ਸਮੀਕਰਣ, ਸੱਤਾ ਹਿੱਤ ਗਠਜੋੜ, ਇਨ੍ਹਾਂ ਦੀ ਉਮਰ ਕਿੰਨੀ ਹੁੰਦੀ ਹੈ? ਸਾਨੂੰ ਚਾਹੀਦਾ ਹੈ ਕਿ ਆਪਾਂ ਆਪਣੇ ਰਾਜਸੀ ਇਤਿਹਾਸ ਦੀ ਵੀ ਜਾਂਚ ਪੜਤਾਲ ਕਰੀਏ। ਕਿਸ ਗੱਲ ਦੀ ਕਿੰਨੀ ਉਮਰ ਹੁੰਦੀ ਹੈ? ਕਿੰਨੇ ਸਾਲਾਂ ਦੀ ਹੁੰਦੀ ਹੈ? ਇਹ ਉਮਰ ’ਤੇ ਕਿਹੜੀ ਕੀਮਤ ਦੇ ਕੇ ਟਿਕਾਈ ਰੱਖਣਾ ਪੈਂਦਾ ਹੈ? ਇਸ ਨੂੰ ਨਿਊ ਪੋਲੀਟੀਕਲ ਗ੍ਰਾਮਰ, ਸੋਸ਼ਲ ਇੰਜਨੀਰਿੰਗ ਵਰਗੇ ਸ਼ਬਦ ਹੁਣ ਆਉਣ ਲੱਗੇ ਹਨ। ਇਕ ਵਿਸ਼ੇਸ਼ ਮਕਸਦ ਨੂੰ ਹਾਸਲ ਕਰਨ ਲਈ ਚਾਹੇ ਜਿਸ ਰਾਸਤੇ ਚਾਹੇ ਜਿਹੜੇ ਲੋਕਾਂ ਨੂੰ ਇਕੱਠਾ ਕਰਕੇ ਮਕਸਦ ਤਕ ਪਹੁੰਚਣਾ ਹੈ ਨਿਊ ਸੋਸ਼ਲ ਇੰਜੀਨੀਰਿੰਗ ਹੈ। ਨਿਊ ਪੋਲੀਟੀਕਲ ਗ੍ਰਾਮਰ ਤੋਂ ਕੀ ਭਾਵ ਹੈ? ਇਕ ਵਿਸ਼ੇਸ਼ ਟੀਚੇ ਨੂੰ ਹਾਸਲ ਕਰਨ ਖਾਤਰ ਐਸੀ ਭਾਸ਼ਾ ਜਿਸ ਦਾ ਸਬੰਧ ਵਿਆਕਰਨ ਨਾਲ ਹੋਵੇ ਇਹ ਜ਼ਰੂਰੀ ਨਹੀਂ। ਆਪ ਦੇ ਮੋਬਾਇਲ ’ਤੇ ਆਉਣ ਵਾਲਾ ਐਸ ਐਮ ਐਸ ਪੜ੍ਹੋ। How are you ਦੀ ਥਾਂ how r u ਆਉਂਦਾ ਹੈ Good Morning ਦੀ ਥਾਂ Gd Mrn ਅਤੇ I Love You ਦੀ ਥਾਂ ILU ਐਸਾ ਆਉਂਦਾ ਹੈ। ਇਹ ਹੈ ਨਵਾਂ ਰਾਜਸੀ ਵਿਆਕਰਣ (Political Grammer) ਹੁਣ ਇਸ ਸਬੰਧੀ ਕੋਈ ਸ਼ਿਕਾਇਤ ਨਹੀਂ ਕਰਦਾ ਕਿਉਂਕਿ ਜੋ ਇਸ ਨੂੰ ਪੜ੍ਹਦਾ ਹੈ ਉਸ ਦੇ ਇਹ ਹਿੱਤ ਦਾ ਹੈ ਤੇ ਜੋ ਡੀ ਪੀ ਟੀ ਕਰਦਾ ਹੈ, ਉਸ ਦੇ ਵੀ ਇਹ ਫਾਇਦੇ ਵਿਚ ਹੈ। ਦੋਨਾਂ ਦਾ ਸਮਾਂ ਵੇਚਦਾ ਹੈ। ਦੋਨੋਂ ਇਕ ਹੀ ਸਭਿਆਚਾਰ ਵਿਚ ਹਨ। ਇਕ ਦੂਜੇ ਨੂੰ ਸਮਝ ’ਚ ਆ ਗਿਆ ਕਿ ਬਸ ਇਸ ਵਿਚੋਂ ਹੀ ਨਿਊ ਪੋਲੀਟੀਕਲ ਗ੍ਰਾਮਰ ਦਾ ਜਨਮ ਹੁੰਦਾ ਹੈ। ਪਰ ਭਾਸ਼ਾ ਦੇ ਦਰਸ਼ਨ ਨੂੰ ਨਸ਼ਟ ਕਰਕੇ ਜਨਮ ਲੈਣ ਵਾਲੀ ਇਸ ਨਵੀਂ ਰਾਜਸੀ ਵਿਆਕਰਨ ਨੂੰ ਆਪਣੇ ਕਿੰਨੇ ਸਮੇਂ ਤਕ ਜਿਉਂਦੇ ਰੱਖਾਂਗੇ-ਇਹ ਵਿਚਾਰਨਯੋਗ ਹੈ।

ਲੋਕ ਭਵਿੱਖ ਕਹਿਣ ਤੇ ਸੁਣਨ ਨੂੰ ਬਹੁਤ ਉਤਸੁਕ ਹੁੰਦੇ ਹਨ। ਮਾਇਆਵਤੀ ਦੀ ਸਰਕਾਰ ਕਦੋਂ ਤਕ ਟਿਕੀ ਰਹੇਗੀ? ਪਹਿਲੇ ਦਿਨ ਤੋਂ ਚਰਚਾ ਸ਼ੁਰੂ ਹੈ। ਮਹਾਂ ਰਾਸ਼ਟਰ ’ਚ ਉਹਨਾਂ ਦਾ ਹਾਥੀ ਆਵੇਗਾ, ਫਿਰ ਉਹ ਗੁਜਰਾਤ ’ਚ ਜਾਵੇਗਾ। ਹੁਣ ਅਣਗਿਣਤ ਲੋਕ ਬਸ ਇਸੇ ਉਡੀਕ ’ਚ ਖੜ੍ਹੇ ਹਨ। ਮਾਲਾਵਾਂ ਹੱਥ ’ਚ ਲੈ ਕੇ, ਜਾਂ ਮਾਲਾਵਾਂ ਪਹਿਨਣ ਲਈ ਗਰਦਨ ਝੁਕਾ ਕੇ ਤਿਆਰ ਖੜ੍ਹੇ ਹਨ। ਹਾਥੀ ਆ ਹੀ ਗਿਆ। ਮਹਾਂਮਾਰਗ ਤਿਆਰ ਕਰੋ ਕਿਉਂਕਿ ਉਸ ਨੂੰ ਮਹਾਂਮਾਰਗ ਦੀ ਲੋੜ ਹੈ। ਮਹਾਂਮਾਰਗ ਤਿਆਰ ਕਰਨ ਲਈ ਕੀ ਉਸ ਪਾਸ ਥਾਂ ਨਹੀਂ ਹੈ। ਲਖਨਊ ਤੋਂ ਕੋਹਲਾਪੁਰ ਦੀ ਦੂਰੀ ਤਹਿ ਕਰਨਾ ਸਾਰਟਕੱਟ ਨਹੀਂ ਹੈ। 1300 ਕਿ. ਮੀ. ਵਲ ਪਾਕੇ ਆਉਣਾ ਹੋਵੇ ਤਾਂ ਇਥੇ ਵੀ ਯੂ. ਪੀ ਵਰਗਾ ਕਲਚਰ ਤਿਆਰ ਕਰਨਾ ਪਵੇਗਾ ਜੋ ਇਥੇ ਨਹੀਂ ਹੈ। ਜਾਤੀ ਜਾਤੀ ’ਚ ਤਿੱਖਾ ਸੰਘਰਸ਼ ਇਥੇ ਨਹੀਂ ਹੈ ਇਥੋਂ ਦੀ ਅਬਾਦੀ ’ਚ ਬ੍ਰਾਹਮਣਾਂ ਦੀ ਜਿੰਨੀ ਗਿਣਤੀ ਹੈ, ਕੀ ਇਥੇ ਉਨੀ ਹੈ? ਇਥੋਂ ਦਾ ਸਮਾਜ, ਇਥੋਂ ਦੀਆਂ ਰਵਾਇਤ ਬਿਲਕੁਲ ਭਿੰਨ ਹਨ। ਤਬਦੀਲੀ ਹਿੱਤ, ਨਵੇਂ ਸਮਾਜ ਦੇ ਨਿਰਮਾਣ ਹਿੱਤ, ਅਜਾਦੀ, ਬਰਾਬਰੀ ਲਈ ਰਾਜਨੀਤੀ ਜੇ ਕਰਨੀ ਹੋਵੇ ਤਾਂ ਇਸ ਰਾਜ ਨੀਤੀ ਦਾ ਅਧਾਰ ਕੀ ਹੈ। ਇਸ ਦੀ ਜਾਂਚ ਪੜਤਾਲ ਵਾਰ-ਵਾਰ ਕਰਨੀ ਪੈਣੀ ਹੈ ਜੇ ਇਸ ਦੀ ਜਾਂਚ ਪੜਤਾਲ ਤੁਸੀਂ ਜੇ ਨਹੀਂ ਕਰ ਰਹੇ ਤਾਂ ਸੰਭਵ ਹੈ ਤੁਹਾਨੂੰ ਮੰਤਰੀ ਦਾ ਅਹੁਦਾ ਮਿਲ ਜਾਵੇਗਾ। ਪਰ ਤਬਦੀਲੀ

ਦੀ ਲੜਾਈ ਸੌ ਕਿਲੋਮੀਟਰ ਪਿੱਛੇ ਜਾ ਸਕਦੀ ਹੈ। ਕੀ ਲੈ ਕੇ ਅਸੀਂ ਕੀ ਦੇ ਰਹੇ ਹਾਂ ਇਸ ਦੀ ਸੂਚੀ ਕਿਵੇਂ ਤਿਆਰ ਕਰੋਗੇ? ਰਾਜਨੀਤੀ ਹਮੇਸ਼ਾ ਆਮ ਆਦਮੀ ਤੋਂ ਪਰ੍ਹੇ ਦੀ ਹੁੰਦੀ ਹੈ। ਸੱਤਾ ਕੇਂਦਰਿਤ ਰਾਜਨੀਤੀ 'ਚ ਹੁਣੇ ਹੁਣੇ ਓ ਬੀ ਸੀ ਦਾ ਦਾਖਲਾ ਹੋਇਆ ਹੈ। ਓ ਬੀ ਸੀ ਕਿਵੇਂ ਚਲਦਾ ਹੈ, ਕੀ ਬੋਲਦਾ ਹੈ, ਇਸ 'ਤੇ ਭਵਿੱਖ ਦੀ ਰਾਜਨੀਤੀ ਦਾ ਸੰਤੁਲਨ ਨਿਰਭਰ ਹੈ। ਜੇ ਇਸ ਦੀ ਰਾਜਨੀਤੀ ਸਵੈ ਕੇਂਦਰਿਤ ਹੋਵੇਗੀ ਤਾਂ ਪਿਛੜਿਆਂ ਲਈ ਇਸ ਰਾਜਸੀ ਸੰਘਰਸ਼ ਦਾ ਬਹੁਤ ਫਾਇਦਾ ਹੋਵੇਗਾ। ਇਸ ਪ੍ਰਕਾਰ ਦਾ ਭਰਮਜਾਲ ਵਾਲਾ ਸੁਪਨਾ ਵੇਖੋ-ਐਸਾ ਮੈਨੂੰ ਨਹੀਂ ਲੱਗਦਾ। ਇਸ ਰਾਜਨੀਤੀ ਨੂੰ ਜੇ ਸਿਹਤਮੰਦ ਆਕਾਰ ਦੇਣਾ ਹੋਵੇ ਤਾਂ ਇਸ ਲਈ ਇਕ ਪਹਿਲੀ ਸ਼ਰਤ ਹੈ। ਓ ਬੀ ਸੀ ਦੀ ਰਾਜਨੀਤੀ ਸਫਲ ਗੁਣਵੰਣਤਾਪੂਰਨ ਤੇ ਸਮਾਜ ਹਿੱਤ ਲਈ ਜੇ ਕਰਨੀ ਹੋਵੇ ਤਾਂ ਲੋਕ ਸਭਾ, ਵਿਧਾਨ ਸਭਾ, ਜ਼ਿਲਾ ਪ੍ਰੀਸ਼ਦ। ਗ੍ਰਾਮ ਪੰਚਾਇਤ ਦਾ ਰਾਜਸੀ ਚਰਿੱਤਰ ਬਦਲਣਾ ਪਵੇਗਾ। ਇਸ ਲਈ ਵੀ ਇਕ ਸ਼ਰਤ ਹੈ ਅਤੇ ਸ਼ਰਤ ਇਹ ਹੈ ਕਿ ਓ ਬੀ ਸੀ ਆਪਣੀ ਜਾਤੀ ਤੋਂ ਬਾਹਰ ਨਿਕਲ ਜਾਵੇ। ਜਾਤੀ ਛੱਡੇ ਬਗੈਰ ਉਹਨਾਂ 'ਚ ਇਕਜੁਟਤਾ, ਜਥੇਬੰਦਕ ਏਕਤਾ ਨਹੀਂ ਆ ਸਕੇਗੀ। ਇਸ ਦੀ ਘਾਟ ਕਾਰਨ ਉਹਨਾਂ ਦੀ ਰਾਜਨੀਤੀ ਨੂੰ ਸਮਾਜਕ ਤੇ ਸਭਿਆਚਾਰਕ ਅਧਾਰ ਨਹੀਂ ਮਿਲ ਸਕੇਗਾ। ਰਾਜਨੀਤੀ ਵੱਲ ਆਪਾਂ ਕਿਸ ਨਜ਼ਰੀਏ ਤੋਂ ਕਿਸ ਵਿਧੀ ਨਾਲ ਵੇਖਦੇ ਹਾਂ-ਇਹ ਬੇਹੱਦ ਮਹੱਤਵਪੂਰਨ ਹੈ। ਰਾਜਨੀਤੀ ਓ ਬੀ ਸੀ ਦੀ ਪਰ ਫਾਇਦਾ ਕਿਸ ਨੂੰ ਹੋ ਰਿਹੈ। ਹਕੂਮਤ ਕੀਹਦੀ ਆਉਣ ਵਾਲੀ ਹੈ? ਨਿਆਂ ਕਿਸ ਨੂੰ ਮਿਲਣ ਵਾਲਾ ਹੈ? ਵੋਟ ਓ ਬੀ ਸੀ ਦੀ ਪਰ ਨੇਤਾ ਕੌਣ ਬਣਨ ਵਾਲਾ ਹੈ? ਇਹ ਸੁਆਲ ਓ ਬੀ ਸੀ ਦੀ ਰਾਜਨੀਤੀ ਦੀ ਆਖਰੀ ਪੌੜੀ 'ਤੇ ਬੈਠੇ ਲੋਗ ਕਦੀ ਤਾਂ ਪੁਛਣਗੇ ਹੀ? ਪੌੜੀ ਦੇ ਆਖਰੀ ਡੰਡੇ 'ਤੇ ਬੈਠੀ ਇਕਾਈ ਜਦ ਗੁੱਸੇ ਨਾਲ ਉਠੇਗੀ ਤਦ ਓ ਬੀ ਸੀ ਦੀ ਰਾਜਨੀਤੀ ਦੇ ਸਾਰੇ ਸਮੀਕਰਨ ਬਦਲ ਜਾਣਗੇ। ਇਸ ਵਕਤ ਉਹ ਚੁੱਪ ਹੈ। ਆਪਣੇ ਸਿਰੇ 'ਤੇ ਬੋਝ ਲੈ ਕੇ ਉਹ ਚਲ ਰਹੀ ਹੈ। ਪਰ ਜਦ ਉਸ ਦਾ ਇਹ ਬੋਝ ਵਧੇਗਾ ਅਤੇ ਜਦ ਉਸ ਦੇ ਧਿਆਨ 'ਚ ਆਵੇਗਾ ਕਿ ਸਾਡੀ ਰਾਜਨੀਤੀ ਕਿਸੇ ਇਕ ਨੇਤਾ ਦੇ ਨਿਜੀ ਹਿੱਤ ਲਈ ਚਲ ਰਹੀ ਹੈ, ਸਮਾਜ ਲਈ ਨਹੀਂ, ਸਾਡੀ ਰਾਜਨੀਤੀ ਕਿਸੇ ਇਕ ਨੂੰ ਲਾਲ ਬੱਤੀ ਵਾਲੀ ਗੱਡੀ 'ਚ ਬਿਠਾਉਣ ਲਈ ਚਲ ਰਹੀ ਹੈ ਤਦ ਉਹ ਦੇਸ਼ ਦੀ ਰਾਜਨੀਤੀ ਨੂੰ ਵੱਖਰੀ ਦਿਸ਼ਾ ਦੇ ਸਕੇਗੀ। ਸੱਤਾ ਤੋਂ ਜੋ ਦੂਰ ਹਨ, ਅਜਿਹੀਆਂ ਜਾਤਾਂ, ਦੀ ਗਿਣਤੀ ਇਸ ਦੇਸ਼ 'ਚ ਬਹੁਤ ਵੱਡੀ ਹੈ। ਉਹਨਾਂ ਨੂੰ ਜਿਵੇਂ ਜਿਵੇਂ ਸੱਤਾ ਦਾ ਮਹੱਤਵ ਸਿੱਟੇ ਸਮਝ 'ਚ ਆਉਣ ਲੱਗ ਜਾਣਗੇ, ਉਵੇਂ ਉਵੇਂ ਉਹ ਜਾਗਰਿਤ ਹੋ ਜਾਣਗੇ। ਉਹਨਾਂ ਨੇ ਜੇ ਜਥੇਬੰਦੀ ਬਣਾਉਣੀ ਹੈ, ਉਹਨਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣਾ ਹੈ ਤਾਂ ਇਸ ਲਈ ਇਕ ਪੂਰਕ ਵਿਚਾਰਧਾਰਕ ਅਧਾਰ ਲੱਭਣੇ ਪੈਣਗੇ। ਸਿਰਫ ਰਾਜਸੀ ਅਧਾਰ ਨਾਲ ਗੱਲ ਬਣਨ ਵਾਲੀ ਨਹੀਂ ਕੀ ਡਾ. ਅੰਬੇਦਕਰ ਦਾ ਵਿਚਾਰ ਇਹਨਾਂ ਨੂੰ ਇਕੱਠੇ ਲਿਆ ਸਕਦਾ ਹੈ? ਕੀ ਫੂਲੇ, ਤੇ ਮਾਰਕਸ ਦਾ ਵਿਚਾਰ ਉਹਨਾਂ ਨੂੰ ਨੇੜੇ ਲਿਆ ਸਕਦਾ ਹੈ? ਕੀ ਜਮਾਤੀ ਸੰਘਰਸ਼ ਉਹਨਾਂ ਨੂੰ ਜਥੇਬੰਦ ਕਰ ਸਕਦਾ ਹੈ? ਅਜ ਨਹੀਂ ਤਾਂ ਕਲ ਇਸ 'ਤੇ ਵਿਚਾਰ ਹੋਣੀ ਜ਼ਰੂਰੀ ਹੈ। ਜੋ ਜੋ ਇਹ ਕਹਿੰਦੇ ਹਨ ਕਿ ਕੁੜਤਣ ਨਹੀਂ ਚਾਹੀਦੀ। ਇਸ ਦੇ ਪਹਿਲਾਂ ਇਕ ਸਵਰਣ ਨੇਤਾ ਪੁੱਛਿਆ ਕਰਦੇ ਸਨ ਕਿ ਓ ਬੀ ਸੀ ਚੋਣ ਲੜਕੇ ਸੰਸਦ 'ਚ ਕੀ ਹੱਲ ਚਲਾਉਣਗੇ? ਦੁਕਾਨ ਚਲਾਉਣੀ ਹੈ ਕਿ? ਹੁਣ ਤੁਸੀਂ ਅਜਿਹਾ ਨਹੀਂ ਕਹਿ ਸਕਦੇ।

ਓ ਬੀ ਸੀ ਨੇ ਸੰਸਦ 'ਚ ਆਉਣਾ ਹੀ ਆਉਣਾ ਹੈ। ਦੇਸ਼ ਚਲਾਉਣਾ ਹੈ। ਓ ਬੀ ਸੀ ਦੀ ਰਾਜਨੀਤੀ ਨੂੰ ਤੁਸੀਂ ਨਾਕਾਰ ਨਹੀਂ ਸਕਦੇ। ਪਰ ਉਸ ਨੂੰ ਸਵੀਕਾਰਦੇ ਸਮੇਂ ਉਸ ਨੂੰ ਸਰਗਰਮ ਹੁੰਦੇ ਸਮੇਂ ਇਹ ਵੇਖਣਾ ਵੀ ਸਾਡੀ ਜ਼ਿੰਮੇਵਾਰੀ ਹੈ ਕਿ ਓ ਬੀ ਸੀ ਦੀ ਇਹ ਰਾਜਨੀਤੀ ਵਿਆਪਕ ਨੀਂਹ 'ਤੇ ਕਿਵੇਂ ਖੜ੍ਹੀ ਹੋ ਸਕਦੀ ਹੈ। ਵੱਧ ਸਮੇਂ ਤਕ ਕਿਵੇਂ ਚਲ ਸਕਦੀ ਹੈ ਤੇ ਤੁਲਨਾਤਮਕ ਸਮਾਜ ਵੱਲ ਕਿਸ ਤਰ੍ਹਾਂ ਵਧ ਜਾਵੇਗੀ। ਮਹਾਂਰਾਸ਼ਟਰ 'ਚ ਕਰੀਬ 400 ਤੋਂ ਵੱਧ ਜਾਤੀਆਂ 'ਚ ਵੰਡੀ ਹੋਈ (ਹੋਰ ਪਿਛੜੀਆਂ ਜਾਤਾਂ) ਓ ਬੀ ਸੀ ਜਾਤੀਆਂ ਆਪਣੀ ਕੋਈ ਆਜ਼ਾਦ ਰਾਜਸੀ ਸ਼ਕਤੀ ਦੀ ਉਸਾਰੀ ਨਹੀਂ ਕਰ ਸਕੀ ਹੈ। ਅਸਲ 'ਚ ਮੰਡਲ ਕਮਿਸ਼ਨ ਦੀ ਰਿਪੋਰਟ ਦੇ ਬਹਾਨੇ ਉਹਨਾਂ ਨੂੰ ਅਜਿਹਾ ਮੌਕਾ ਮਿਲ ਚੁੱਕਿਆ ਸੀ। ਇਸ ਮਹੱਤਵਪੂਰਨ ਸਮਾਜਕ ਕਾਰਨ ਨੂੰ ਤੇ ਉਸ ਹਿੱਤ ਹੋਈ ਲੜਾਈ ਨੂੰ ਮਹਾਂ ਰਾਜਸੀ ਸ਼ਕਤੀ 'ਚ ਤਬਦੀਲ ਕੀਤਾ ਜਾ ਸਕਦਾ ਸੀ। ਜਨਾਰਦਨ ਪਟੇਲ ਦੀ ਅਗਵਾਈ 'ਚ ਸਭ ਪਾਰਟੀਆਂ 'ਚ ਸਥਿਤੀ ਓ ਬੀ ਸੀ ਨੇਤਾਵਾਂ ਨੂੰ ਨੁਮਾਇੰਦਗੀ ਵਜੋਂ ਕਿਉਂ ਨਾ ਹੋਵੇ, ਇਕੱਠੇ ਕਰਨ ਦੀ ਕੋਸ਼ਿਸ਼ ਹੋਈ। ਆਪਣੀਆਂ ਆਪਣੀਆਂ ਪਾਰਟੀਆਂ 'ਚ ਰਹਿ ਕੇ ਹੀ ਓ ਬੀ ਸੀ ਨੇਤਾ ਬਾਹਰ ਵੱਲ ਵੇਖ ਰਹੇ ਸਨ। ਫਿਰ ਉਹ ਆਪਣੇ ਆਪਣੇ ਆਹਲਣਿਆਂ 'ਚ ਜਾ ਰਹੇ ਸਨ। ਅਜ਼ਾਦ ਤੌਰ 'ਤੇ ਓ ਬੀ ਸੀ ਦੀ ਰਾਜਸੀ ਤਾਕਤ ਜਾਹਰ ਕਰਨ ਤੇ ਉਸ ਦੀ ਵਰਤੋਂ ਕਰਨ ਦਾ ਇਕ ਇਤਿਹਾਸਕ ਮੌਕਾ ਉਹਨਾਂ ਗੁਆ ਲਿਆ। ਫਿਰ ਉਹਨਾਂ ਨੂੰ ਦੁਰਲਭ ਲਗੇ ਅਜਿਹਾ ਮੌਕਾ ਇਕ ਹੋਰ ਮਿਲਿਆ ਜਦ ਉਚ ਸਿਖਿਆ 'ਚ ਰਾਖਵਾਂਕਰਨ ਰੱਖਣ ਦਾ ਵਿਸ਼ਾ ਆਇਆ। ਇਸ ਵਿਸ਼ੇ ਨੂੰ ਓ ਬੀ ਸੀ ਨੇਤਾਵਾਂ ਨੇ ਆਖੀਰ ਤਕ ਫੜ ਕੇ ਰੱਖਿਆ। ਅਦਾਲਤ 'ਚ ਅਤੇ ਬਾਹਰ ਵੀ ਉਹ ਲੜੇ। ਇਹ ਵਿਸ਼ਾ ਓ ਬੀ ਸੀ ਨੂੰ ਸਮਾਜਕ ਤੌਰ 'ਤੇ ਇਕੱਠਾ ਕਰੇਗਾ–ਅਜਿਹੀ ਉਮੀਦ ਕੀਤੀ ਜਾ ਰਹੀ ਸੀ ਪਰ ਅਜਿਹਾ ਹੋਇਆ ਨਹੀਂ। ਬਹੁਤੇ ਓ ਬੀ ਸੀ ਨੇਤਾਵਾਂ ਨੇ ਆਪਣੀਆਂ ਆਪਣੀਆਂ ਰਾਜਸੀ ਪਾਰਟੀਆਂ 'ਚ ਰਹਿ ਕੇ ਹੀ ਇਸ ਲੜਾਈ ਨੂੰ ਲੜਨ ਦੀ ਕੋਸ਼ਿਸ਼ ਕੀਤੀ। ਇਸ 'ਚ ਉਹਨਾਂ ਨੂੰ ਸਫਲਤਾ ਵੀ ਮਿਲੀ ਪਰ ਓ ਬੀ ਸੀ ਦਾ ਰਾਜਸੀ ਅੰਦੋਲਨ ਖੜ੍ਹਾ ਨਹੀਂ ਹੋਇਆ।

ਇਸ ਲਈ ਹੋਰ ਇਕਾਈਆਂ ਨੂੰ ਆਪਣੀ ਜਾਤੀ ਦੇ ਦਾਇਰੇ ਤੋਂ ਬਾਹਰ ਨਿਕਲ ਕੇ ਇਕ ਵਿਆਪਕ ਤੇ ਸੰਪੂਰਨ ਸਮਾਜ ਦੇ ਹਿੱਤ ਲਈ ਇਕੱਠੇ ਹੋਣਾ ਜ਼ਰੂਰੀ ਹੈ। ਓ ਬੀ ਸੀ ਦੀ ਰਾਜਸੀ ਏਕਤਾ ਨੂੰ ਇਕ ਹੋਰ ਮੌਕਾ ਮਿਲਿਆ ਸੀ ਜਦ ਸ੍ਰੀ ਗੋਪੀ ਨਾਥ ਮੁੰਡਾ ਜੀ ਨੇ ਭਾਜਪਾ 'ਚ ਰਹਿ ਕੇ ਵਿਦਰੋਹ ਕੀਤਾ ਸੀ। ਇਹ ਵਿਦਰੋਹ ਸਫਲ ਹੋਇਆ, ਇਸ ਕਾਰਨ ਭਾਜਪਾ 'ਚ ਮੁੰਡੇ ਜੀ ਦੀ ਥਾਂ ਹੋਰ ਵੀ ਮਜ਼ਬੂਤ ਹੋਈ। ਮੁੰਡਾ ਜੀ ਭਾਜਪਾ 'ਚੋਂ ਬਾਹਰ ਨਿਕਲਣਗੇ ਤੇ ਓ ਬੀ ਸੀ ਅੰਦੋਲਨ 'ਚ ਹੋਰ ਤੇਜ਼ੀ ਆਵੇਗੀ, ਅਜਿਹੀ ਜੋ ਅਟਕਲਾਂ ਜਾਹਰ ਕੀਤੀਆਂ ਜਾ ਰਹੀਆਂ ਸਨ ਉਹ ਸਭ ਗਲਤ ਸਾਬਤ ਹੋਈਆਂ। ਜੇ ਮੁੰਡਾ ਜੀ ਉਸ ਸਮੇਂ ਭਾਜਪਾ ਤੋਂ ਵੱਖ ਹੋ ਜਾਂਦੇ ਤਾਂ 'ਮਾਧਵ' ਦਾ ਸੂਤਰ ਸਾਕਾਰ ਹੋ ਸਕਦਾ ਸੀ ਭਾਵ ਮਹਾਂਰਾਸ਼ਟਰ 'ਚ ਸਥਿਤ ਤਿੰਨ ਮੁੱਖ ਓ ਬੀ ਸੀ ਜਾਤੀਆਂ ਮਾਲੀ, ਧਨਗਰ, ਤੇ ਵੰਜਾਰੀ ਇਹ ਇਕ ਹੋ ਸਕਦੇ ਸਨ। ਇਹ ਮੁੱਖ ਜਾਤੀਆਂ ਨਾਲ ਤੇਲੀ, ਕੁਣਬੀ, ਆਗਰੀ, ਕੋਲੀ ਤੇ ਆਦਿਵਾਸੀ ਨੇਤਾਵਾਂ ਨੂੰ ਵੀ ਇਕ ਮੰਚ 'ਤੇ ਲਿਆਉਣ ਦੀ ਕੋਸ਼ਿਸ਼ ਪਰਦੇ ਪਿੱਛੇ ਸ਼ੁਰੂ ਹੋਈ ਸੀ। ਭੁਜਬਲ ਇਸ ਦੇ ਲਈ ਬੇਹੱਦ ਯਤਨਸ਼ੀਲ ਸਨ। ਜੇ ਅਜਿਹਾ ਵਾਪਰ ਜਾਂਦਾ ਤਾਂ ਓ ਬੀ ਸੀ ਦੀ ਏਕਤਾ ਦਾ ਜਬਰਦਸਤ ਧੱਕਾ

ਸਭ ਮੁੱਖ ਪਾਰਟੀਆਂ ਨੂੰ ਲੱਗ ਸਕਦਾ ਸੀ ਅਤੇ ਮਹਾਂਰਾਸ਼ਟਰ 'ਚ ਓ ਬੀ ਸੀ ਅਭਿਮੁੱਖ ਰਾਜਨੀਤੀ ਦੀ ਸ਼ੁਰੂਆਤ ਵੀ ਹੋ ਸਕਦੀ ਸੀ। ਓ ਬੀ ਸੀ 'ਚ ਮੁਸਲਮਾਨਾਂ ਦੀਆਂ 118 ਪਿਛੜੀਆਂ ਜਾਤੀਆਂ ਦਾ ਜੋੜ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪਿਛੜੇ ਇਸਾਈ ਵੀ ਹਨ। ਰਾਜ ਹਕੂਮਤ ਦੀ ਪਿਛੜੀਆਂ ਦੀ ਸੂਚੀ 'ਚ ਇਹਨਾਂ ਸਾਰਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਬਾਰਾਂ ਕਰੋੜ ਦੀ ਅਬਾਦੀ ਦੇ ਮਹਾਂਰਾਸ਼ਟਰ 'ਚ ਇਹਨਾਂ ਦੀ ਪ੍ਰਤੀਸ਼ਤ 50 ਤੋਂ ਵੱਧ ਹੈ। ਓ ਬੀ ਸੀ ਦੇ ਇਕੱਠੇ ਹੋਣ ਦਾ ਅਰਥ ਹੈ ਪ੍ਰਸਥਾਪਿਤ ਰਾਜਨੀਤੀ ਨੂੰ ਧੱਕਾ ਦੇਣਾ। ਪਰ ਅਜਿਹਾ ਧੱਕਾ ਅੱਛੇ ਮੌਕੇ ਮਿਲਣ ਦੇ ਬਾਵਜੂਦ ਵੀ ਜਨਮ ਨਹੀਂ ਲੈ ਸਕਦਾ ਹੈ। ਸਤਾ ਦੇ ਸਾਰੇ ਸੂਤਰ ਆਪਣੇ ਹੱਥਾਂ 'ਚ ਲੈਣ ਦੇ ਪ੍ਰਸੰਗ 'ਚ ਓ ਬੀ ਸੀ ਨੇਤਾਵਾਂ ਦੀ ਤੇ ਓ ਬੀ ਸੀ ਲੋਕਾਂ ਦੀ ਵੀ ਤ੍ਰਿਸ਼ੰਕੂ ਵਰਗੀ ਹੈ। ਓ ਬੀ ਸੀ ਦੀ ਏਕਤਾ 'ਤੇ ਵਿਚਾਰ ਕਰਦੇ ਸਮੇਂ ਕੁਝ ਮਹੱਤਵਪੂਰਨ ਗੱਲਾਂ 'ਤੇ ਧਿਆਨ ਦੇਣਾ ਜ਼ਰੂਰੀ ਹੈ। 1947 ਤੋਂ ਪਹਿਲਾਂ ਤੇ ਪਿੱਛੋਂ ਵੀ ਕਾਂਗਰਰਸ ਨੇ ਅਜਾਦ ਰਾਜਸੀ ਪ੍ਰਵਾਹ ਦੀ ਉਸਾਰੀ ਹੋਣ ਹੀ ਨਹੀਂ ਦਿੱਤੀ। ਅਖੌਤੀ ਰਾਜਸੀ ਧਰਮ ਨਿਰਪਖਤਾ ਦੇ ਤੱਤ ਦੀ ਵਰਤੋਂ ਕਰਕੇ ਉਹਨਾਂ ਨੇ ਅਜਿਹੇ ਪ੍ਰਵਾਹਾਂ ਨੂੰ ਖੁਦ ਦਾ ਹੀ ਇਕ ਹਿੱਸਾ ਬਣਾ ਦਿੱਤਾ। ਇਹਨਾਂ ਪ੍ਰਵਾਹਾਂ 'ਚੋਂ ਕੁਝ ਨੂੰ ਨੁਮਾਇੰਦਗੀ ਵਜੋਂ ਸੱਤਾ ਦਿੱਤੀ ਤੇ ਖੁਦ ਦੇ ਸਭਿਆਚਾਰ ਨੂੰ ਅੱਗੇ ਵਧਾਉਂਦੇ ਰਹੇ। ਇਸ ਪਿੱਛੋਂ ਭਾਜਪਾ ਤੇ ਸ਼ਿਵਸੈਨਾ ਨੇ-ਜੋ ਕਾਂਗਰਸ ਵਿਚ ਸਨ ਪਰ ਜੋ ਸੱਤਾ ਤੋਂ ਦੂਰ ਸਨ-ਅਜਿਹੇ ਓ ਬੀ ਸੀ ਨੂੰ ਨੇੜੇ ਲਿਆਂਦਾ ਅਤੇ ਓ ਬੀ ਸੀ ਦੇ ਇਹਨਾਂ ਨੇਤਾਵਾਂ ਨੂੰ ਆਪਣੇ ਮੋਢਿਆਂ ਖੜ੍ਹਾ ਕੇ ਹੋਰ ਵੱਡਾ ਕੀਤਾ। ਉਹਨਾਂ ਨੂੰ ਸੱਤਾ ਦਿੱਤੀ ਅਤੇ ਖੁਦ ਦਾ ਸਭਿਆਚਾਰ ਵੀ। ਅਜਿਹਾ ਹੀ ਰਾਸ਼ਟਰਵਾਦੀ ਤੇ ਹੋਰ ਪਾਰਟੀਆਂ ਨੇ ਵੀ ਕੀਤਾ। ਮਹਾਂਰਾਸ਼ਟਰ ਦੀ ਰਾਜਨੀਤੀ ਦਾ ਜੇ ਮੁਲਅੰਕਣ ਕਰੀਏ ਤਾਂ ਇਹ ਗੱਲ ਸਪਸ਼ਟ ਹੋ ਜਾਵੇਗੀ ਕਿ ਦੱਖਣੀ ਭਾਰਤ ਨੂੰ ਜੇ ਛੱਡ ਦੇਈਏ ਤਾਂ ਇਕ ਗੱਲ ਆਮ ਤੌਰ 'ਤੇ ਸਭ ਸੂਬਿਆਂ ਸਬੰਧੀ ਸਪਸ਼ਟ ਹੋ ਜਾਵੇਗੀ ਕਿ ਜ਼ਿਆਦਾਤਰ ਥਾਵਾਂ ਦੇ ਓ ਬੀ ਸੀ ਨੇਤਾਵਾਂ ਦਾ ਜਨਮ ਹਿੰਦੂਤਵ ਦੇ ਗਰਭ ਵਿਚ ਹੀ ਹੋਇਆ ਹੈ। ਹਿੰਦੂਤਵ ਦਾ ਏਜੰਡਾ ਹੀ ਉਹ ਅੱਗੇ ਲੈ ਗਏ ਹਨ। ਸੱਤਾ ਨਾਲ ਚਿਪਕ ਕੇ ਨੇਤਾਵਾਂ ਨੇ ਓ ਬੀ ਸੀ ਦੀ ਵਿਆਪਕ ਏਕਤਾ ਦਾ ਵਿਸ਼ਾ ਕਦੀ ਆਪਣੇ ਏਜੰਡੇ 'ਤੇ ਲਿਆ ਹੀ ਨਹੀਂ। ਠੀਕ ਇਸੇ ਤਰ੍ਹਾਂ ਐਸੀ ਏਕਤਾ ਸਪਸ਼ਟ ਤੌਰ 'ਤੇ ਸਾਕਾਰ ਹੋ ਸਕਦੀ ਹੈ।

ਰਾਜਸੀ ਸੂਤਰ ਬਦਲੇ ਜਾ ਸਕਦੇ ਹਨ। ਇਸ ਸਬੰਧ 'ਚ ਲੋਕਾਂ ਨੂੰ ਮਨ 'ਚ ਆਤਮ ਵਿਸਵਾਸ਼ ਨਹੀਂ ਉਸਾਰ ਸਕੇ। ਵਿਆਪਕ ਏਕਤਾ ਹਿੱਤ ਤਿਆਗ ਕਰਨ ਦੀ ਤਿਆਰੀ ਇਹਨਾਂ ਨੇ ਨਹੀਂ ਕੀਤੀ। ਸਿੱਟੇ ਵਜੋਂ ਹਰੇਕ ਓ ਬੀ ਸੀ ਚਾਰ ਚਾਰ ਪਾਰਟੀਆਂ 'ਚ ਵੰਡੇ ਰਹੇ। ਵੱਡੀਆਂ ਪਾਰਟੀਆਂ ਅਜਿਹੀ ਫੁੱਟ ਨੂੰ ਹੱਲਾਸ਼ੇਰੀ ਦਿੰਦੀਆਂ ਹਨ। ਨਵੇਂ ਨੇਤਾ ਲਈ ਆਪਣੀ ਹੀ ਪਾਰਟੀ 'ਚ ਆਜ਼ਾਦ ਤੰਬੂ ਬਣਾ ਕੇ ਦਿੰਦੀਆਂ ਹਨ। ਮਹਾਂਰਾਸ਼ਟਰ ਦੇ ਬਾਹਰ ਓ ਬੀ ਸੀ ਦੇ ਨਾਂ ਨਾਲ ਦੋ ਤਿੰਨ ਦਰਜਨ ਪਾਰਟੀਆਂ ਜਾਂ ਸੰਗਠਨਾਂ ਦਾ ਜਨਮ ਵੀ ਹੋ ਚੁੱਕਿਆ ਹੈ। ਮਹਾਂਰਾਸ਼ਟਰ 'ਚ ਅਜਿਹਾ ਹੋਇਆ ਨਹੀਂ ਕਿਉਂਕਿ ਓ ਬੀ ਸੀ ਨੇਤਾ ਉਸ ਖਾਤਰ ਕੀਮਤ ਦੇਣ ਦੀ ਤਿਆਰੀ ਨਹੀਂ ਕਰਦੇ। ਵੱਡੀਆਂ ਪਾਰਟੀਆਂ ਨਾਲ ਉਹਨਾਂ ਦੀ ਜੋ ਨਾਲ ਜੁੜੀ ਹੋਈ ਹੈ, ਉਸ ਨੂੰ ਤੋੜਨ ਲਈ ਉਹ ਤਿਆਰ ਨਹੀਂ ਹੈ। ਇਸ ਕਾਰਨ ਪ੍ਰਤੱਖ ਓ ਬੀ ਸੀ 'ਤੇ ਵਿਚਾਰ ਹੁੰਦਾ ਹੈ ਪਰ ਉਹ ਸਬੰਧਤ ਪਾਰਟੀਆਂ ਦੇ ਪੱਧਰ 'ਤੇ ਸਭ ਪਾਰਟੀਆਂ 'ਚ ਉਥੇ ਸਥਿਤ ਓ ਬੀ ਸੀਆਂ ਨੂੰ ਸੱਤਾ ਮਿਲੀ ਹੈ-

ਅਜਿਹੀ ਗੱਲ ਨਹੀਂ ਹੈ। ਉਸ ਵਿਚ ਵੀ ਜੋ ਨਰਾਜ਼ ਹੋਈ ਜਾਤੀਆਂ ਹਨ, ਉਹਨਾਂ ਨੂੰ ਆਪਣੇ ਖੰਭਾਂ ਹੇਠ ਲੈ ਕੇ ਉਹਨਾਂ ਦੇ ਰਾਜਸੀ ਸੁਪਨਿਆਂ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਬੀ ਐਸ ਪੀ ਕਰਦੀ ਰਹੀ। ਇਸ ਕਾਰਨ ਆਪਣੇ ਪਿੱਛੇ ਜੋ ਥੋੜ੍ਹਾ ਬਹੁਤ ਆਪਣਾ ਸਮਾਜ ਹੈ, ਉਸ ਨੂੰ ਟਿਕਾਈ ਰੱਖਣਾ ਓ ਬੀ ਸੀ ਨੇਤਾਵਾਂ ਨੂੰ ਹੁਣ ਅੱਗੇ ਔਖਾ ਲੱਗਣ ਵਾਲਾ ਹੈ। ਉਸ ਦੇ ਸਨਮੁੱਖ ਇਹ ਸਮਸਿਆ ਇਕ ਚੁਣੌਤੀ ਬਣ ਕੇ ਖੜ੍ਹੀ ਹੈ।

ਓ ਬੀ ਸੀ ਨੂੰ ਪੂਰੀ ਦ੍ਰਿੜਤਾ ਨਾਲ ਜੇ ਸੰਗਠਨ ਕਰਨਾ ਹੋਵੇ ਤਾਂ ਇਹ ਨੇਤਾ ਲੋਕ ਭਵਿੱਖ 'ਚ ਹਿੰਦੂਤਵ ਜਾਂ ਆਪਣੀ-ਆਪਣੀਆਂ ਪਾਰਟੀਆਂ ਦਾ ਏਜੰਡਾ ਵਰਤੋਂ 'ਚ ਨਹੀਂ ਲਿਆ ਸਕਦੇ। ਓ ਬੀ ਸੀ ਦੇ ਰਾਜਸੀ ਸੁਪਨੇ ਵਿਕਸਤ ਕਰਨ 'ਚ ਹਿੰਦੂਤਵ ਦਾ ਏਜੰਡਾ ਅਧੂਰਾ ਹੈ। ਇਸ ਤੋਂ ਇਲਾਵਾ ਓ ਬੀ ਸੀ ਦੇ ਸਮਾਜਕ, ਆਰਥਕ ਤੇ ਸਿਖਿਅਕ ਪ੍ਰਸ਼ਨ ਵੀ ਹਨ। ਓ ਬੀ ਸੀ 'ਚ ਸਿਰਫ ਰਾਜਸੀ ਸੌਹਾਰਦ ਨਿਰਮਾਣ ਕਰਾਉਣ ਨਾਲ ਕੰਮ ਨਹੀਂ ਚਲਣ ਵਾਲਾ ਹੈ। ਸਮਾਜਕ ਸੌਹਰਦ ਵੀ ਉਸਰਨਾ ਜ਼ਰੂਰੀ ਹੈ। ਉਸ ਨਜ਼ਰੀਏ ਨਾਲ ਓ ਬੀ ਸੀ ਦੇ ਨੇਤਾਵਾਂ ਕੋਲ ਪ੍ਰੋਗ੍ਰਾਮਾਂ ਦੀ ਘਾਟ ਹੈ। ਮਹਾਂਰਾਸ਼ਟਰ ਤਕ ਸੀਮਤ ਹੋ ਕੇ ਜੇ ਗੱਲ ਕਰਨੀ ਹੋਵੇ ਤਾਂ ਫੂਲੇ, ਸ਼ਾਹੂ, ਅੰਬੇਦਕਰ ਦੇ ਵਿਚਾਰਾਂ ਦੀ ਰਿਵਾਇਤ ਸੀਮਤ ਅਧਾਰ ਬਣ ਸਕਦੀ ਹੈ। ਪਰ ਇਸ ਇਨਕਲਾਬੀ ਵਿਚਾਰਧਾਰਾ ਵੱਲ ਆਪਣੇ ਸਮਾਜ ਨੂੰ ਮੋੜਨ ਦਾ ਕੰਮ ਇਹਨਾਂ ਨੇਤਾਵਾਂ ਨੇ ਨਹੀਂ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਭੁਜਬਲ ਅਜਿਹੀ ਕੋਸ਼ਿਸ਼ ਕਰ ਰਹੇ ਹਨ। ਫੂਲੇ, ਸ਼ਾਹੂ, ਅੰਬੇਦਕਰ ਦੀ ਫਿਲਾਸਫੀ ਉਹ ਪਿੰਡ ਪਿੰਡ ਲੈ ਜਾ ਰਹੇ ਹਨ-ਇਹ ਇਕ ਅੱਛੀ ਗੱਲ ਹੈ। ਓ ਬੀ ਸੀ ਨੂੰ ਚਾਹੀਦਾ ਹੈ ਕਿ ਉਹ ਉਹਨਾਂ ਦਾ ਪੂਰਾ ਸਾਥ ਦੇਣ ਜੇ ਅਜਿਹੀ ਕੋਸ਼ਿਸ਼ ਪਹਿਲਾਂ ਹੀ ਹੋਈ ਹੁੰਦੀ ਤਾਂ ਅੱਜ ਮਹਾਂਰਾਸ਼ਟਰ ਰਾਜਸੀ ਦ੍ਰਿਸ਼ਟੀ ਤੋਂ ਵੱਖ ਵਿਖਾਈ ਦਿੰਦਾ। ਓ ਬੀ ਸੀ ਜੇ ਹਿੰਦੂਤਵ ਦਾ ਏਜੰਡਾ ਛੱਡ ਨਹੀਂ ਸਕੇ ਤਾਂ ਓ ਬੀ ਸੀ 'ਚ ਜੋ ਪ੍ਰਮੁੱਖ ਜਾਤੀਆਂ ਹਨ ਉਹਨਾਂ ਤੋਂ ਹੋਰ ਜਾਤੀਆਂ ਦੂਰ ਨਿਕਲ ਜਾਣ ਦੀ ਸੰਭਾਵਨਾ ਵਧ ਹੈ। ਮੁਸਲਮਾਨਾਂ 'ਚ ਸਥਿਤ ਮੁੱਖ ਜਾਤੀਆਂ ਵਿਚੋਂ ਓ ਬੀ ਸੀ ਜਾਤੀਆਂ ਦੂਰ ਜਾ ਸਕਦੀਆਂ ਹਨ। ਜੇ ਅਜਿਹਾ ਹੋਇਆ ਤਾਂ ਓ ਬੀ ਸੀ ਦੀ ਵੱਡੀ ਫੁੱਟ ਹੋਵੇਗੀ ਤੇ ਰਾਜਨੀਤੀ 'ਚ ਉਹਨਾਂ ਦੀ ਸੌਦੇਬਾਜ਼ੀ ਘਟੇਗੀ।

ਗੋਪੀਨਾਥ ਮੁੰਡੇ ਜੀ ਦੇ ਉਸ ਕਥਿਤ ਵਿਦਰੋਹ ਕਾਰਨ ਓ ਬੀ ਸੀ ਏਕਤਾ ਦੇ ਸੁਪਨਿਆਂ ਨੂੰ ਅੰਕੁਰ ਫੁੱਟ ਰਹੇ ਸਨ ਪਰ ਮੁੰਡੇ ਜੀ ਦੇ ਤਲਵਾਰ ਮਿਆਨ 'ਚ ਕਰ ਦੇਣ ਨਾਲ ਅਜਿਹਾ ਕੁਝ ਹੋਇਆ ਹੀ ਨਹੀਂ। ਮੁੰਡੇ ਜੀ ਦੀ ਭਾਜਪਾ ਦੀ ਅਗਲੀ ਯਾਤਰਾ ਬਹੁਤ ਗੌਰਵਸ਼ਾਲੀ ਹੋਵੇਗੀ ਅਜਿਹਾ ਕੋਈ ਕਹਿ ਨਹੀਂ ਸਕਦਾ। ਲੰਬੀ ਤੇ ਦੂਰ ਦੀ ਲੜਾਈ ਲਈ ਸ਼ਾਇਦ ਪਾਰਟੀ ਨੇ ਆਪਣੇ ਸੁਆਰਥੀ ਹਿੱਤ ਉਹਨਾਂ ਨਾਲ ਸੁਲਾਹ ਕੀਤੀ ਹੈ। ਸੁਲਾਹ ਨੂੰ ਮੁੰਡਾ ਜੀ ਜੇ ਜਿੱਤ ਸਮਝਦੇ ਹੋਣ ਤਾਂ ਦੂਸਰੀ ਗੱਲ ਹੈ। ਓ ਬੀ ਸੀ ਨੇਤਾਵਾਂ ਦੇ ਸੁਪਨੇ ਸਮਾਜ ਕੇਂਦਰਿਤ ਹੋਣ ਦੀ ਬਜਾਏ ਸਵੈ ਕੇਂਦਰਿਤ ਹੋ ਗਏ ਹਨ ਤੇ ਇਕ ਨਜ਼ਰੀਏ ਨਾਲ ਉਹਨਾਂ ਦੀ ਤੇ ਉਹਨਾਂ ਦੇ ਸਮਾਜ ਦੀ ਅਜੀਬ ਸਥਿਤੀ ਹੋ ਰਹੀ ਹੈ ਪਰ ਕੌਣ ਕਹੇ ਕਲ ਇਹ ਸਮਾਜ ਹੀ ਏਕਤਾ ਦੀ ਭੁੱਖ ਲੈ ਕੇ ਬਾਹਰ ਨਿਕਲ ਪਵੇ ਇਸ ਤੋਂ ਇਲਾਵਾ ਓ ਬੀ ਸੀ 'ਚ ਜੋ ਪ੍ਰਭਾਵ ਪੂਰਨ ਹੈ, ਅਜਿਹੀਆਂ ਜਾਤਾਂ ਤੋਂ ਪਰ੍ਹੇ ਜੋ ਸਮਾਜ ਹੈ ਉਹ ਆਪਣੀ ਆਪਣੀ ਅਜ਼ਾਦ ਰਾਜਸੀ ਭੁੱਖ ਲੈ ਕੇ ਬਾਹਰ ਨਿਕਲ ਸਕੇਗਾ। ਇਸ ਲਈ ਆਪਣੀ ਇਕਾਗਰਤਾ ਵਧਾਉਣ ਦੀ ਜ਼ਿੰਮੇਵਾਰੀ ਓ ਬੀ

ਸੀ ਨੇਤਾਵਾਂ 'ਤੇ ਹੈ। ਇਕਾਗਰਤਾ ਵਧਾਉਣੀ ਹੋਵੇ ਤਾਂ ਇਸ ਲਈ ਵਿਚਾਰਧਾਰਿਕ ਇਕੱਠੀ ਕਰਨ ਦੀ ਜ਼ਿੰਮੇਵਾਰੀ ਵੀ ਉਹਨਾਂ 'ਤੇ ਹੈ। ਇਸ ਦੇਸ਼ 'ਚ ਇਨਕਲਾਬ ਦੀ ਤਿਆਰੀ ਸ਼ੁਰੂ ਹੋ ਚੁੱਕੀ ਹੈ। ਇਨਕਲਾਬੀ ਤਾਕਤਾਂ ਆਪਣੇ ਪਰ ਤੋਲ ਰਹੀਆਂ ਹਨ। ਦਲਾਲ ਨੌਕਰਸ਼ਾਹ ਸਰਮਾਏਦਾਰੀ ਦਾ ਅਰਧ ਜਗੀਰੂ-ਅਰਧ ਬਸਤੀਵਾਦੀ ਪ੍ਰਬੰਦ ਬਦਲਿਆ ਜਾਣਾ ਹੈ। ਉਲਟ ਇਨਕਲਾਬ ਵਾਲੇ ਵੀ ਤਾਕ 'ਚ ਹਨ ਤੇ ਆਪਣੇ ਆਪ ਨੂੰ ਵੱਧ ਸ਼ਕਤੀਸ਼ਾਲੀ ਮੰਨਦੇ ਹਨ। ਇਨਕਲਾਬ ਕਰਨ ਵਾਲੇ ਪਿੱਛੇ ਨਹੀਂ ਧੱਕੇ ਜਾ ਸਕਦੇ। ਇਨਕਲਾਬੀ ਤੇ ਉਲਟ ਇਨਕਲਾਬੀ ਜੱਦੋ-ਜਹਿਦ 'ਚ ਇਸ ਦੇਸ਼ ਦੇ ਓ ਬੀ ਸੀ ਕਿਸੇ ਪਾਸੇ ਖੜ੍ਹੇ ਹੋ ਸਕਦੇ ਹਨ ਇਹ ਮਹੱਤਵਪੂਰਨ ਹੈ ਉਹ ਵੀ ਜੋ ਪਿਛਾਂਹ ਖੜ੍ਹੀਆਂ ਦੀ ਬੋਲੀ ਬੋਲਦੇ ਹੋਣ ਉਹ ਜੇ ਮਸਜਿਦ ਡੇਗਣ 'ਚ ਮਨੂੰ ਦਾ ਅਤੇ ਨੱਥੂ ਰਾਮ ਦਾ ਪੁਤਲਾ ਖੜ੍ਹਾ ਕਰਨ 'ਚ ਮਾਣ ਮਹਿਸੂਸ ਕਰਦੇ ਹੋਣ ਤਾਂ ਓ ਬੀ ਸੀ ਦੀ ਐਸੀ ਰਾਜਨੀਤੀ ਦਾ ਕਿਸੇ ਨੂੰ ਕੀ ਫਾਇਦਾ? ਸਮਾਜ ਨੂੰ ਪਿੱਛੇ ਧੱਕਣ ਦੀ ਇਹ ਕੋਸ਼ਿਸ਼ ਹੈ। ਯੂ ਪੀ 'ਚ ਉਥੇ ਦੇ ਓ ਬੀ ਸੀ ਨੂੰ ਫੜ ਕੇ ਭਾਜਪਾ ਨੇ ਇਹ ਕੰਮ ਕਰਵਾ ਲਿਆ ਹੈ। ਮਹਾਂਰਾਸ਼ਟਰ 'ਚ ਅਜਿਹੀ ਸਥਿਤੀ ਪੈਦਾ ਨਹੀਂ ਹੋ ਸਕੀ ਕਿਉਂਕਿ ਉਤਰ ਪ੍ਰਦੇਸ਼ ਦੇ ਮੁਕਾਬਲੇ ਇਥੋਂ ਦਾ ਸਮਾਜ ਵੱਧ ਸੰਤੁਲਿਤ ਹੈ। ਇਹ ਸਹੀ ਮੁਲਾਕਣ ਕਰਦਾ ਹੈ। ਸਮਾਜਕ ਤਬਦੀਲੀ 'ਚ ਓ ਬੀ ਸੀ ਕਿਸੇ ਪਿੱਛੇ ਕੀ ਭੂਮਿਕਾ ਲੈ ਕੇ ਖੜ੍ਹਾ ਹੋਣ ਵਾਲਾ ਹੈ। ਇਹ ਪ੍ਰਸ਼ਨ ਸਾਨੂੰ ਨੇਤਾਵਾਂ ਤੋਂ ਪੁੱਛਣਾ ਚਾਹੀਦਾ ਹੈ, ਨੇਤਾ ਜਾਂ ਮੰਤਰੀ ਬਣਨਾ ਹੈ ਤਾਂ ਕਿਸ ਦਾ ਹਿੱਤ ਪੂਰਨ ਲਈ? ਨੇਤਾਵਾਂ ਤੋਂ ਸੁਆਲ ਪੁੱਛਣ ਵਾਲਾ ਸਮਾਜ ਉਨ੍ਹਾਂ ਸੂਝਵਾਨ ਨਹੀਂ ਹੈ ਜਿੰਨਾ ਚਾਹੀਦਾ ਸੀ। ਦਲ ਬਦਲੂ ਨੇਤਾਵਾਂ ਦੀ ਘਾਟ ਨਹੀਂ। ਓ ਬੀ ਸੀ ਸਮਾਜ ਨੂੰ ਮੌਕਾ ਪ੍ਰਸਤ ਨੇਤਾਵਾਂ ਤੇ ਲਗਾਮ ਕਸਣੀ ਹੋਵੇਗੀ ਕਿਉਂਕਿ ਇਹ ਉਹਨਾਂ ਦੀ ਜ਼ਿੰਦਗੀ ਮੌਤ ਦਾ ਸੁਆਲ ਹੈ। ਸਮਤਾ ਦਾ ਸੁਆਲ ਹੈ। ਸਭਿਆਚਾਰਕ ਇਨਕਲਾਬ ਦਾ ਸੁਆਲ ਹੈ। ਨਿੱਜੀ ਕਾਰਨਾਂ ਕਰਕੇ ਪਾਰਟੀ ਬਦਲਣ ਵਾਲਿਆਂ ਖਿਲਾਫ ਓ ਬੀ ਸੀ ਡਟ ਕੇ ਖੜ੍ਹਨਾ ਚਾਹੀਦਾ ਹੈ। ਓ ਬੀ ਸੀ 'ਚ ਵੱਡੇ ਪੈਮਾਨੇ 'ਤੇ ਸਵੈ ਪੜਚੋਲ ਦੀ ਲੋੜ ਹੈ। ਆਤਮ ਚਿੰਤਨ ਦੀ ਜ਼ਰੂਰਤ ਹੈ। ਜਦ ਤਕ ਓ ਬੀ ਸੀ ਦੀ ਵਿਚਾਰਧਾਰਾ ਨਿਖਰਗੀ ਹੀ ਨਹੀਂ ਉਹ ਮਸਜਿਦ ਢਾਹੁਣ ਵਾਲੇ ਹਿੰਦੂਤਵ ਦੇ ਧਾਰਨੀਆਂ ਦੇ ਪਿੱਛੇ ਲੱਗ ਬਣੇ ਰਹਿਣਗੇ। ਇਨਕਲਾਬੀ ਖੇਮੇ ਵੱਲ ਓ ਬੀ ਸੀ ਨੂੰ ਲੀਡਰਸ਼ਿਪ ਸਮੇਤ ਆਉਣਾ ਚਾਹੀਦਾ ਹੈ। ਉਸ ਸਮਾਜ ਵੱਲ ਸਾਨੂੰ ਵੀ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਮਹਾਂਰਾਸ਼ਟਰ ਦੇ ਲੋਕ ਕੁੰਡਲੀ ਲਿਆਉਣ ਲਈ ਅਜੇ ਵੀ ਜੈਪੁਰ ਜਾਂਦੇ ਹਨ ਤੇ ਜਾਤੀ ਦੇ ਪੱਧਰ 'ਤੇ ਇਸ ਕੁੰਡਲੀ ਅਧਾਰਤ ਵਿਆਹ ਰਚਾਉਂਦੇ ਹਨ ਜਦ ਕਿ ਸਹੂਲਤਾਂ ਲੈਣ ਲਈ ਪਿਛੜੇ ਹੋਣ ਦਾ ਸਰਟੀਫਿਕੇਟ ਹਾਸਲ ਕਰਦੇ ਹਨ। ਅਜਿਹਾ ਖੰਡਿਤ ਵਿਅਕਤੀਤਵ ਸਾਡੇ ਹਿੱਸੇ ਆ ਰਿਹਾ ਹੈ? ਕਿਸ ਲਈ ਅਸੀਂ ਇਹ ਸਭ ਕਰ ਰਹੇ ਹਾਂ? ਓ ਬੀ ਸੀ ਦੀ ਰਾਜਨੀਤੀ ਦੀ ਦ੍ਰਿਸ਼ਟੀ ਨਾਲ ਇਹਨਾਂ ਸਾਰੇ ਸੁਆਲਾਂ 'ਤੇ ਵਿਚਾਰ ਕੀਤਾ ਜਾ ਸਕਦਾ ਹੈ।

ਓ ਬੀ ਸੀ ਦੀ ਏਕਤਾ ਖਾਤਰ :-

(1) ਸੰਘਰਸ਼ 'ਚ ਸਭ ਜਾਤੀਆਂ ਨੂੰ ਸਤਿਕਾਰ ਸਾਹਿਤ ਨੁਮਾਇੰਦਗੀ ਦਿੱਤੀ ਜਾਵੇ।

(2) ਓ ਬੀ ਸੀ ਦੀਆਂ ਸਭ ਜਾਤੀਆਂ ਨੂੰ ਇਕ ਛੱਤ (ਝੰਡੇ) ਥੱਲੇ ਆਉਣਾ

ਚਾਹੀਦਾ ਹੈ। ਜੇ ਇਹ ਸੰਭਵ ਨਹੀਂ ਤਾਂ ਜਾਤਾਂ ’ਤੇ ਅਧਾਰਤ ਫੈਡਰੇਸ਼ਨ ਬਣੇ।

(3) ਆਪਣੇ ਜਮਾਤੀ ਤੇ ਜਾਤੀਗਤ ਦੁਸ਼ਮਣਾਂ ਦੀ ਪਹਿਚਾਣ ਕਰਨੀ ਚਾਹੀਦੀ ਹੈ।

(4) ਸਭ ਓ ਬੀ ਸੀ ਜਾਤੀਆਂ ਨੂੰ ਇਕ ਮੁੱਠ ਕਰਨ ਵਾਲਾ ਘੱਟੋ ਘੱਟ ਪ੍ਰੋਗ੍ਰਾਮ ਤਿਆਰ ਕੀਤਾ ਜਾਣਾ ਚਾਹੀਦਾ ਹੈ।

(5) ਆਪਣੇ ਅੰਦਰਲੀਆਂ ਸ਼੍ਰੇਸ਼ਟ ਹੋਣ ਦੀਆਂ ਕਲਪਨਾਵਾਂ ਨੂੰ ਤਿਆਗ ਦੇਣਾ ਚਾਹੀਦਾ ਹੈ।

(6) ਸਾਰੇ ਓ ਬੀ ਸੀ ਆਪਣੀ ਆਪਣੀ ਜਾਤੀ ਤੋਂ ਪਰ੍ਹੇ ਜਾ ਕੇ ਸੋਚਣ।

(7) ਜਾਤੀ ਹੰਕਾਰ ਲਾਂਭੇ ਰੱਖ ਕੇ ਸਭ ਜਾਤਾਂ ਦਾ ਸਨਮਾਨ ਕਰਨਾ।

(8) ਕੰਮਜ਼ੋਰ ਜਾਤੀਆਂ ਨਾਲ ਪਿਤਾ ਦੀ ਤਰ੍ਹਾਂ ਬਰਾਬਰੀ ਦੇ ਵਿਚਾਰਾਂ ਨਾਲ ਆਚਰਣ ਕਰਨਾ ਚਾਹੀਦਾ ਹੈ।

(9) ਬਹੁਜਨਾਂ ਦਾ ਰਾਜ ਆਪਣੇ ਸੁਪਨਿਆਂ ਅੰਦਰ ਬਣਾਈ ਰੱਖੋ।

(10) ਆਪਣੇ ਆਪਣੇ ਧਾਰਮਿਕ ਸਥਾਨਾਂ ਨੂੰ ਸਾਂਭਣ ਸਮੇਂ ਦੂਜੇ ਦੇ ਧਰਮ ਨੂੰ ਕੋਈ ਠੇਸ ਨਾ ਪਹੁੰਚਾਓ।

(11) ਆਪਣੇ ਆਪ ਨੂੰ ਬਦਲੋ, ਬਹਿਸ ਵਿਟਾਂਦਰਾ ’ਚ ਹਿੱਸਾ ਲੈ ਕੇ ਸਮਝ ਪਕੇਰੀ ਕਰਦੇ ਰਹੋ।

(12) ਰਾਜਸੀ ਤੋਂ ਬਿਨਾਂ ਸਭਿਆਚਾਰਕ-ਸਮਾਜਿਕ-ਆਰਥਕ ਖੇਤਰਾਂ ’ਚ ਵੀ ਵਿਚਾਰਾਂ ਦਾ ਵਿਟਾਂਦਰਾ ਕਰਦੇ ਰਹੋ।

(13) ਸਿਰਫ ਸਹੂਲਤਾਂ ਹਾਸਲ ਕਰਨ ਲਈ ਨਹੀਂ ਬਲਕਿ ਸਮਾਜਕ ਤਬਦੀਲੀ ਲਈ ਸੰਘਰਸ਼ ਦਾ ਹਿੱਸਾ ਬਣੋ।

(14) ਸਾਡੇ ਅੰਦੋਲਨ ਨੂੰ ਫੂਲੇ, ਸ਼ਾਹੂ, ਮਹਾਂਰਿਸ਼ੀ ਛਿੰਦੇ, ਅੰਬੇਦਕਰ ਤੇ ਮਾਰਕਸ ਜੀ ਦੇ ਕ੍ਰਾਂਤੀਕਾਰੀ ਵਿਚਾਰਾਂ ਨਾਲ ਲੈੱਸ ਕਰਨਾ ਚਾਹੀਦਾ ਹੈ।

ਓ ਬੀ ਸੀ ਦੇ ਜਥੇਬੰਦ ਹੋਣ ਨਾਲ ਦੇਸ਼ ਦਾ ਰਾਜਸੀ ਦ੍ਰਿਸ਼ ਬਦਲ ਸਕਦਾ ਹੈ। ਇਕੱਠੇ ਹੋਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦੇਣਾ ਚਾਹੀਦਾ। ਮੌਕੇ ਇਤਿਹਾਸਕ ਹੁੰਦੇ ਹਨ। ਏਕਤਾ ਦਾ ਦੁਰਲੱਭ ਮੌਕਾ ਕਦੀ ਰਾਖਵੇਂਕਰਨ, ਕਦੀ ਬਰਾਬਰੀ, ਕਦੀ ਸਿਆਸੀ ਸਰਗਰਮੀ ਰਾਹੀਂ ਮਿਲਦਾ ਰਹਿੰਦਾ ਹੈ। ਮੌਕਿਆਂ ਦਾ ਫਇਦਾ ਜ਼ਰੂਰ ਉਠਾਓ।

# ਕੀ ਹਨ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ?

(1) ਅਜਿਹਾ ਮਹਿਸੂਸ ਹੁੰਦਾ ਹੈ ਕਿ ਹੋਰ ਪਿਛੜੇ ਵਰਗ (ਓ. ਬੀ. ਸੀ.) ਦੀ ਤਰੱਕੀ ਜ਼ਿਆਦਾਤਰ ਗਰੀਬੀ ਹਟਾਓ ਵਰਗੀ ਵਿਆਪਕ ਕੌਮੀ ਸਮਸਿਆ ਦਾ ਇਕ ਅੰਗ ਹੈ। ਇਹ ਭਾਵੇਂ ਅੰਸ਼ਿਕ ਤੌਰ 'ਤੇ ਹੀ ਸੀ। ਹੋਰ ਪਿਛੜੇ ਵਰਗਾਂ ਨੂੰ ਵਾਂਝਿਆ ਰੱਖਣਾ ਇਕ ਬਹੁਤ ਵੱਡੀ ਕੌਮੀ ਸਮੱਸਿਆ ਹੈ। ਇਥੇ ਮੂਲ ਪ੍ਰਸ਼ਨ ਸਮਾਜਕ ਤੇ ਸਿਖਿਅਕ ਨਜ਼ਰੀਏ ਤੋਂ ਪਿਛੜੇਪਣ ਦਾ ਹੈ ਅਤੇ ਗਰੀਬੀ ਤਾਂ ਸਿਰਫ ਇਹਨਾਂ ਨੂੰ ਅਪਾਹਜ ਬਣਾ ਦੇਣ ਵਾਲੀ ਜਾਤੀ ਅਧਾਰਤ ਇਹਨਾਂ ਪਾਬੰਦੀਆਂ ਦਾ ਸਪਸ਼ਟ ਸਿੱਟਾ (ਜਾਂ ਸਬੂਤ) ਹੈ ਕਿਉਂਕਿ ਇਹ ਪਾਬੰਦੀਆਂ ਸਾਡੇ ਸਮਾਜਕ ਢਾਂਚੇ ਨਾਲ ਜੁੜ ਚੁੱਕੀਆਂ ਹਨ। ਇਸ ਲਈ ਉਹਨਾਂ ਨੂੰ ਖਤਮ ਕਰਨ ਲਈ ਢਾਂਚੇ 'ਚ ਵਿਆਪਕ ਤਬਦੀਲੀਆਂ ਕਰਨੀਆਂ ਪੈਣਗੀਆਂ। ਦੇਸ਼ ਦੀਆਂ ਹਾਕਮ ਜਮਾਤਾਂ ਵੱਲੋਂ ਪਿਛੜੇ ਵਰਗਾਂ ਦੀਆਂ ਸਮਸਿਆਵਾਂ ਦੇ ਹੱਲ ਸਬੰਧੀ ਕੀਤੀਆਂ ਤਬਦੀਲੀਆਂ ਵੀ ਘੱਟ ਮਹੱਤਵਪੂਰਨ ਨਹੀਂ ਹੋਣਗੀਆਂ।

(2) ਉਚ ਹਾਕਮ ਜਮਾਤ ਦੇ ਨਜ਼ਰੀਏ 'ਚ ਇਕ ਅਜਿਹੀ ਤਬਦੀਲੀ ਦਾ ਸਬੰਧ ਹੋਰ ਪਿਛੜੇ ਵਰਗਾਂ ਦੇ ਉਮੀਦਵਾਰਾਂ ਲਈ ਸਰਕਾਰੀ ਸੇਵਾਵਾਂ ਤੇ ਸਿਖਿਅਕ ਅਦਾਰਿਆਂ 'ਚ ਰਾਖਵੇਂਕਰਨ ਦੀ ਵਿਵਸਥਾ ਦਾ ਕੀਤਾ ਜਾਣਾ ਹੈ। ਆਮ ਤੌਰ 'ਤੇ ਇਹ ਤਰਕ ਦਿੱਤਾ ਜਾਂਦਾ ਹੈ ਕਿ ਹੋਰ ਪਿਛੜੇ ਵਰਗਾਂ ਦੀ ਵੱਡੀ ਗਿਣਤੀ 52% ਨੂੰ ਵੇਖਦਿਆਂ ਰਾਖਵੀਆਂ ਅਸਾਮੀਆਂ ਤੇ ਹਰ ਸਾਲ ਕੁਝ ਹਜ਼ਾਰ ਹੋਰ ਪਿਛੜੇ ਵਰਗ (ਓ ਬੀ ਸੀ) ਦੀ ਭਾਰਤੀ ਨਾਲ ਉਹਨਾਂ ਦੀ ਆਮ ਸਥਿਤੀ ਤੇ ਕੋਈ ਵਿਸ਼ੇਸ਼ ਅਸਰ ਨਹੀਂ ਪੈਣਾ। ਇਸ ਦੇ ਉਲਟ ਰਾਖਵੀਆਂ ਅਸਾਮੀਆਂ ਤੇ ਵੱਡੀ ਅਨੁਪਾਤ 'ਚ ਕਰਮਚਾਰੀਆਂ ਨੂੰ ਭਰਤੀ ਕਰ ਲੈਣ ਨਾਲ ਸਰਕਾਰੀ ਸੇਵਾਵਾਂ ਦੇ ਪੱਧਰ 'ਤੇ ਕਾਰਕੁਸ਼ਲਤਾ ਨੂੰ ਕਾਫੀ ਨੁਕਸਾਨ ਪਹੁੰਚੇਗਾ। ਇਹ ਵੀ ਕਿਹਾ ਜਾਂਦਾ ਹੈ ਕਿ ਅਜਿਹੇ ਰਾਖਵੇਂਕਰਨਾਂ ਦਾ ਲਾਭ ਅਜਿਹੇ ਪਿਛੜੇ ਵਰਗਾਂ ਦੇ ਉਹਨਾਂ ਵਿਅਕਤੀਆਂ ਵੱਲੋਂ ਉਠਾਇਆ ਜਾਵੇਗਾ ਜੋ ਪਹਿਲਾਂ ਹੀ ਖੁਸ਼ਹਾਲ ਹਨ ਅਤੇ ਅਸਲੀ ਤੌਰ 'ਤੇ ਪਿਛਲੇ ਵਿਅਕਤੀ ਫਿਰ ਵਾਂਝੇ ਰਹਿ ਜਾਣਗੇ। ਇਹ ਵਿਚਾਰ ਵਿਰੁੱਧ ਇਕ ਦੂਜਾ ਤਰਕ ਇਹ ਵੀ ਦਿੱਤਾ ਜਾਂਦਾ ਹੈ ਕਿ ਵੱਡੇ ਪੈਮਾਨੇ ਤੇ ਰਾਖਵੇਂਕਰਨ ਦੀ ਨੀਤੀ ਨਾਲ ਉਹਨਾਂ ਯੋਗ ਉਮੀਦਵਾਰਾਂ ਦੇ ਮਨ 'ਚ ਡੂੰਘੀ ਈਰਖਾ ਭਰ ਜਾਵੇਗੀ। ਜਿਹਨਾਂ ਦਾ ਦਾਖਲਾ ਸੇਵਾਵਾਂ ਅੰਦਰ ਉਹਨਾਂ ਕਰਕੇ ਰੋਕ ਦਿੱਤਾ ਜਾਵੇਗਾ।

(3) ਉਪਰੋਕਿਤ ਤਰਕ ਵੀ ਉਹਨਾਂ ਉਚ ਪ੍ਰਸਾਸ਼ਕਾਂ ਵੱਲੋਂ ਦਿੱਤੇ ਗਏ ਹਨ ਜੋ ਆਪਣੀਆਂ ਸੁੱਖ ਸਹੂਲਤਾਂ ਨੂੰ ਬਰਕਰਾਰ ਰੱਖਣਾ ਲੋਚਦੇ ਹਨ। ਇਸ ਲਈ ਅਜਿਹੇ ਸਾਰੇ ਤਰਕ ਕਿਸੇ ਇਕ ਤਰਫ ਨਜ਼ਰੀਏ 'ਤੇ ਅਧਾਰਤ ਹਨ। ਇਸ ਤਰ੍ਹਾਂ ਕੁਝ ਸਮਕਾਲੀ ਮਹੱਤਵ ਵਾਲੇ ਖੇਤਰਾਂ 'ਤੇ ਵਿਚਾਰ ਕਰਦੇ ਸਮੇਂ ਇਸ ਤਰ੍ਹਾਂ ਦੇ ਸੰਕੇਤਾਂ ਵੱਲੋਂ ਕੌਮੀ ਮਹੱਤਵ ਵਾਲੀਆਂ ਵੱਡੀਆਂ ਸਮਸਿਆਵਾਂ ਦੀ ਅਣਦੇਖੀ ਕੀਤੀ ਜਾਂਦੀ ਹੈ।

(4) ਸਾਡਾ ਇਹ ਦਾਅਵਾ ਕਦੀ ਨਹੀਂ ਰਿਹਾ ਹੈ ਕਿ ਓ ਬੀ ਸੀ ਦੇ ਉਮੀਦਵਾਰਾਂ ਨੂੰ ਕੁਝ ਹਜ਼ਾਰਾਂ ਨੌਕਰੀਆਂ ਦੇ ਦੇਣ ਨਾਲ ਹੀ ਅਸੀਂ ਭਾਰਤੀ ਅਬਾਦੀ ਦੀ 52% ਨੂੰ ਉਨਤ ਕਰਨ 'ਚ ਸਮਰਥ ਹੋ ਜਾਵਾਂਗੇ। ਪਰ ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਸਮਾਜਕ ਪਿਛੜੇਪਣ ਵਿਰੁੱਧ ਲੜਾਈ ਪਿਛੜੇ ਲੋਕਾਂ ਦੇ ਮਨਾਂ ਵਿਚ ਲੜੀ ਜਾਣੀ ਹੈ। ਭਾਰਤ 'ਚ ਸਰਕਾਰੀ ਸੇਵਾ ਨੂੰ ਹਮੇਸ਼ਾ ਮਾਨ ਸਨਮਾਨ ਤੇ ਸ਼ਕਤੀ ਦੇ ਰੂਪ

'ਚ ਮੰਨਿਆ ਗਿਆ ਹੈ। ਸਰਕਾਰੀ ਸੇਵਾਵਾਂ 'ਚ ਹੋਰ ਪਿਛੜੇ ਵਰਗ (ਓ ਬੀ ਸੀ) ਦੀ ਨੁਮਾਇੰਦਗੀ ਨੂੰ ਵਧਾ ਕੇ ਅਸੀਂ ਉਹਨਾਂ ਨੂੰ ਇਸ ਦੇਸ਼ ਦੀ ਹਕੂਮਤ 'ਚ ਸਾਮਲ ਹੋਣ ਦਾ ਅਨੁਭਵ ਕਰਵਾਉਂਦੇ ਹਾਂ। ਜਦ ਕੋਈ ਪਿਛੜੇ ਵਰਗ ਦਾ ਉਮੀਦਵਾਰ ਇਕ ਕਲੈਕਟਰ ਜਾਂ ਪੁਲਿਸ ਮੁਖੀ ਬਣ ਜਾਂਦਾ ਹੈ ਤਾਂ ਉਸ ਅਹੁਦੇ ਤੋਂ ਹਾਸਲ ਹੋਣ ਵਾਲੇ ਫਾਇਦੇ ਸਿਰਫ ਉਸ ਦੇ ਪਰਿਵਾਰ ਦੇ ਮੈਂਬਰਾਂ ਤਕ ਹੀ ਸੀਮਤ ਰਹਿੰਦੇ ਹਨ। ਪਰ ਇਸ ਗੱਲ ਦਾ ਮਨੋਵਿਗਿਆਨਕ ਪ੍ਰਭਾਵ ਬਹੁਤ ਜ਼ਿਆਦਾ ਹੁੰਦਾ ਹੈ ਕਿ ਉਕਤ ਪਿਛੜੇ ਵਰਗ ਦੇ ਉਮੀਦਵਾਰ ਦਾ ਸਮੂਚਾ ਭਾਈਚਾਰਾ ਆਪਣੇ ਆਪ ਨੂੰ ਸਮਾਜਕ ਤੌਰ 'ਤੇ ਉਨਤ ਮਹਿਸੂਸ ਕਰਨ ਲੱਗਦਾ ਹੈ। ਆਮ ਤੌਰ 'ਤੇ ਜਦ ਕੋਈ ਸਥਾਈ ਲਾਭ ਭਾਈਚਾਰੇ ਨੂੰ ਨਹੀਂ ਮਿਲਦੇ ਹਨ ਤਦ ਇਹ ਭਾਵਨਾ ਕਿ "ਸ਼ਕਤੀ ਦੇ ਗਲਿਆਰਿਆਂ" 'ਚ ਹੁਣ ਉਹਨਾਂ ਦਾ "ਆਪਣਾ ਆਦਮੀ" ਹੈ। ਇਕ ਉਤਸ਼ਾਹ ਵਧਾਉਣ ਜਾਂ ਹੱਲਾਸ਼ੇਰੀ ਦੇਣ ਵਜੋਂ ਕੰਮ ਕਰਦੀ ਹੈ।

(5) ਕਿਸੇ ਲੋਕ ਰਾਜੀ ਢਾਂਚੇ 'ਚ ਹਰੇਕ ਵਿਅਕਤੀ ਦੇ ਫਿਰਕੇ ਨੂੰ ਇਸ ਦੇਸ਼ ਦੇ ਰਾਜ ਭਾਗ 'ਚ ਹਿੱਸਾ ਲੈਣ ਲਈ ਜਾਇਜ਼ ਅਧਿਕਾਰ ਤੇ ਆਸਾਂ ਹਾਸਲ ਹਨ। ਕੋਈ ਵੀ ਸਥਿਤੀ ਜਿਸ ਦੇ ਸਿੱਟੇ ਵਜੋਂ ਦੇਸ ਦੀ ਅਬਾਦੀ ਦੇ ਲਗਪਗ 52% ਉਕਤ ਅਧਿਕਾਰਾਂ ਤੋਂ ਵਾਂਝੇ ਹੋ ਜਾਂਦੇ ਹਨ। ਉਹਨਾਂ 'ਚ ਜਲਦੀ ਸੁਧਾਰ ਕਰਨ ਦੀ ਲੋੜ ਹੈ।

(6) ਰਾਖਵੇਂ ਅਹੁਦਿਆਂ 'ਤੇ ਅਨੁਸੂਚਿਤ ਜਾਤੀਆਂ-ਅਨੁਸੂਚਿਤ ਜਨਜਾਤੀਆਂ ਤੇ ਹੋਰ ਪਿਛੜੇ ਵਰਗਾਂ ਦੇ ਉਮੀਦਵਾਰਾਂ ਨੂੰ ਵੱਡੇ ਪੈਮਾਨੇ ਤੇ ਲੈਣ ਨਾਲ ਸਰਕਾਰੀ ਸੇਵਾਵਾਂ ਦੇ ਪੱਧਰ ਦੇ ਡਿੱਗਣ ਦਾ ਡਰ ਵੀ ਸਿਰਫ ਇਕ ਹੱਦ ਤੱਕ ਹੀ ਠੀਕ ਲਗਦਾ ਹੈ। ਪਰ ਕੀ ਇਹ ਮੰਨਣਾ ਸੰਭਵ ਹੈ ਕਿ ਯੋਗਤਾ ਦੇ ਅਧਾਰ ਤੇ ਚੁਣੇ ਗਏ ਸਾਰੇ ਉਮੀਦਵਾਰ ਇਮਾਨਦਾਰ, ਕੁਸ਼ਲ, ਮਿਹਨਤੀ ਤੇ ਸ਼ਹਿਰਦ ਸਾਬਤ ਹੁੰਦੇ ਹਨ। ਇਸ ਸਮੇਂ ਸਾਰੀਆਂ ਸਰਕਾਰੀ ਸੇਵਾਵਾਂ ਦੇ ਉਚ ਕੋਟੀ ਦੇ ਅਹੁਦਿਆਂ 'ਤੇ ਮੁੱਖ ਤੌਰ 'ਤੇ ਖੁੱਲ੍ਹੇ ਮੁਕਾਬਲੇ ਰਾਹੀਂ ਚੁਣੇ ਹੋਈ ਉਮੀਦਵਾਰ ਬਿਰਾਜਮਾਨ ਹਨ ਅਤੇ ਜੇ ਉਹ ਸਾਡੀ ਨੌਕਰਸ਼ਾਹੀ ਦਾ ਕੋਈ ਸੂਚਕ ਹਨ ਤਾਂ ਇਸ ਨੇ ਅਸਲ ਵਿਚ ਆਪਣੇ ਆਪ ਨੂੰ ਸਹੀ ਅਰਥਾਂ 'ਚ ਗੈਰ ਵੰਚਿਤ ਨਹੀਂ ਕੀਤਾ ਹੈ ਤਾ ਹੀ ਉਹ ਅੱਛਾ ਕਰ ਸਕਣਗੇ। ਪਰ ਇਸ ਗੱਲ ਦੀ ਸੰਭਾਵਨਾ ਹੈ ਕਿ ਆਪਣੇ ਸਮਾਜਿਕ ਤੇ ਸਭਿਆਚਾਰਕ ਅੜਿਕਿਆਂ ਕਾਰਨ ਉਹ ਆਮ ਤੌਰ 'ਤੇ ਨਿਰਪੇਖ ਤੇ ਸਮਰਥ ਹੋ ਸਕਦੇ ਹਨ। ਪਰ ਇਸ ਦੇ ਉਲਟ ਉਹਨਾਂ ਪਾਸ ਸਮਾਜ ਦੇ ਪਿਛੜੇ ਵਰਗਾਂ ਦੀਆਂ ਕਠਿਨਾਈਆਂ ਅਤੇ ਸਮਸਿਆਵਾਂ ਦੀ ਪ੍ਰਤੱਖ ਜਾਣਕਾਰੀ ਹੋਣ ਦਾ ਬਹੁਤ ਲਾਭ ਹੋਵੇਗਾ। ਉਚ ਕੋਟੀ ਤੇ ਕਾਰਜਸ਼ੀਲ ਵਰਕਰਾਂ ਤੇ ਨੀਤੀ ਘਾੜਿਆਂ ਲਈ ਇਹ ਗੱਲ ਕੋਈ ਘੱਟ ਮਹੱਤਵ ਵਾਲੀ ਨਹੀਂ ਹੈ।

(7) ਬਿਨਾਂ ਸ਼ੱਕ ਇਹ ਸੱਚ ਹੈ ਕਿ ਹੋਰ ਪਿਛੜੇ ਵਰਗਾਂ ਲਈ ਰਾਖਵਾਂਕਰਨ ਤੇ ਹੋਰ ਕਲਿਆਣਕਾਰੀ ਉਪਾਵਾਂ ਦੇ ਜ਼ਿਆਦਾਤਰ ਲਾਭਾਂ 'ਚ ਪਿਛੜੇ ਫਿਰਕਿਆਂ ਦੇ ਵੱਧ ਉਨਤ ਵਰਗਾਂ ਵੱਲੋਂ ਸਮੇਟ ਲਿਆ ਜਾਵੇਗਾ। ਪਰ ਕੀ ਇਹ ਇਕ ਸਰਭ ਪ੍ਰਮਾਣਿਤ ਤੱਥ ਨਹੀਂ ਹੈ। ਧਰਮ ਤੰਤਰੀ ਵਿਵਸਥਾ ਦੇ ਨਾਲ ਸਭ ਸੁਧਾਰ ਵਾਦੀ ਉਪਾਵਾਂ ਦਾ ਅਸਰ ਮੱਠਾ ਹੁੰਦਾ ਹੈ ਅਤੇ ਸਮਾਜਕ ਸੁਧਾਰਾਂ ਦੀ ਕੋਈ ਮਾਤਰਾ ਨਹੀਂ ਹੁੰਦੀ। ਕਿਉਂਕਿ ਮਨੁੱਖੀ ਰੁਝਾਣ ਉਤਸੁਕਤਾ ਪ੍ਰਧਾਨ ਹੁੰਦਾ ਹੈ। ਇਸ ਲਈ ਜਮਾਤ ਰਹਿਤ

ਸਮਾਜ ਵਿੱਚ ਵੀ ਉਨਤ : "ਇਕ ਨਵਾਂ ਵਰਗ" ਬਣ ਜਾਂਦਾ ਹੈ। ਰਾਖਵੇਂਕਰਨ ਦੀ ਮੁੱਖ ਵਿਸ਼ੇਸ਼ਤਾ ਇਹ ਨਹੀ ਹੈ ਕਿ ਹੋਰ ਪਿਛੜੇ ਵਰਗਾਂ (ਓ ਬੀ ਸੀ) ਵਿੱਚ ਇਸ ਰਾਹੀਂ ਸਮਤਾਵਾਦ ਆ ਜਾਵੇਗਾ। ਜਦਕਿ ਬਾਕੀ ਭਾਰਤੀ ਸਮਾਜ ਸਭ ਤਰਾਂ ਦੀਆਂ ਨਾ ਬਰਾਬਰੀਆਂ ਨਾਲ ਘਿਰਿਆ ਹੋਇਆ ਹੈ। ਪਰ ਰਾਖਵੇਂਕਰਨ ਰਾਹੀਂ ਸੇਵਾਵਾਂ ਉਪੱਰ ਉਚੱ ਜਾਤੀਆਂ ਦੀ ਜਕੜ ਨਿਸਚੈ ਹੀ ਖਤਮ ਹੋ ਜਾਵੇਗੀ ਅਤੇ ਆਮ ਤੌਰ 'ਤੇ ਹੋਰ ਪਿਛੜੇ ਵਰਗਾਂ 'ਚ ਆਪਣੇ ਦੇਸ਼ ਦੇ ਕੰਮਾਂ ਨੂੰ ਚਲਾਉਣ 'ਚ ਭਾਗ ਲੈਣ ਦੀ ਭਾਵਨਾ ਜਾਗਰਿਤ ਹੋਵੇਗੀ।

(8) ਅਸਲ 'ਚ ਇਹ ਸੱਚ ਹੈ ਕਿ ਹੋਰ ਪਿਛੜੇ ਵਰਗਾਂ ਲਈ ਰਾਖਵਾਂਕਰਨ ਕੀਤੇ ਜਾਣ ਨਾਲ ਹੋਰਾਂ ਦੇ ਮਨ 'ਚ ਕਾਫੀ ਈਰਖਾ ਪੈਂਦਾ ਹੋਵੇਗੀ। ਪਰ ਕੀ ਸਿਰਫ ਇਸ ਈਰਖਾ ਨੂੰ ਸਮਾਜਕ ਸੁਧਾਰ ਵਿਰੁੱਧ ਨੈਤਿਕ ਨਾਹ ਪੱਖੀ ਅਧਿਕਾਰ ਵਜੋਂ ਵਰਤਣ ਦੀ ਇਜਾਜਤ ਨਹੀਂ ਦਿੱਤੀ ਜਾਣੀ ਚਾਹੀਦੀ। ਅੰਗਰੇਜ਼ਾਂ ਨੂੰ ਵੀ ਭਾਰਤ ਛੱਡਣ 'ਤੇ ਕਾਫੀ ਈਰਖਾ ਹੋਈ ਸੀ। ਸਭ ਗੋਰਿਆਂ ਦੇ ਮਨ 'ਚ ਈਰਖਾ ਪੈਂਦਾ ਹੁੰਦੀ ਹੈ। ਜਦ ਕਾਲੇ ਲੋਕ ਦੱਖਣੀ ਅਫਰੀਕਾ ਦੇ ਰੰਗ ਭੇਦ ਵਿਰੁੱਧ ਰੋਸ ਜਾਹਰ ਕਰਦੇ ਹਨ। ਜਦ ਕਿ ਉਚ ਜਾਤੀਆਂ ਜੋ ਦੇਸ਼ ਦੀ ਗਿਣਤੀ ਦਾ 20 ਫੀਸਦੀ ਤੋਂ ਘੱਟ ਹਨ। ਇਹ ਬਾਕੀ ਹੋਰਾਂ ਦੇ ਨਾਲ ਸਭ ਤਰ੍ਹਾਂ ਦੇ ਸਮਾਜਿਕ ਅਨਿਆਂ ਕਰਦੀ ਰਹੀ ਹੈ। ਇਸ ਨਾਲ ਨਿਮਨ ਜਾਤੀਆਂ ਦੇ ਮਨ 'ਚ ਬਹੁਤ ਈਰਖਾ ਹੋਈ ਹੋਵੇਗੀ। ਪ੍ਰੰਤੂ ਹੁਣ ਜਦ ਕਿ ਨਿਮਨ ਜਾਤੀਆਂ ਸ਼ਕਤੀ ਤੇ ਖੁਸ਼ਹਾਲੀ ਦੇ ਕੌਮੀ ਅੰਸ਼ 'ਚ ਥੋੜਾ ਜਿੰਨਾ ਹਿੱਸਾ ਮੰਗ ਰਹੀਆਂ ਹਨ ਤਾਂ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਇਸ ਨਾਲ ਉਚ ਹਾਕਮਾਂ ਦੇ ਮਨਾਂ ਵਿਚ ਈਰਖਾ ਹੋਵੇਗੀ। ਪਿਛੜੇ ਵਰਗਾਂ ਲਈ ਰਾਖਵੇਂਕਰਨ ਵਿਰੁੱਧ ਦਿੱਤੇ ਗਏ ਸਾਰੇ ਨਿਰਅਧਾਰ ਤਰਕਾਂ 'ਚ ਕੋਈ ਵੀ ਐਸਾ ਕੋਈ ਵੀ ਤਰਕ ਨਹੀਂ ਹੈ ਜੋ "ਈਰਖਾ ਦੀ ਸਥਿਤੀ ਹੋਣ ਨੂੰ ਸਾਬਤ ਕਰਦਾ ਹੋਵੇ।"

(9) ਅਸਲ 'ਚ ਹਿੰਦੂ ਸਮਾਜ ਨੇ ਹਮੇਸ਼ਾ ਤੋਂ ਰਾਖਵੇਂਕਰਨ ਦੀ ਬਹੁਤ ਕਠੋਰ ਯੋਜਨਾ ਚਲਾਈ ਹੈ। ਜਿਸ ਨੂੰ ਜਾਤੀ ਪ੍ਰਥਾ ਰਾਹੀਂ ਅੰਦਰੂਨੀ ਰੂਪ ਦਿੱਤਾ ਗਿਆ ਸੀ। ਰਾਖਵੇਂਕਰਨ ਦੇ ਜਾਤੀ ਨਿਯਮਾਂ ਦੀ ਉਲੰਘਣਾ ਕਰਨ ਲਈ ਏਕਲਵਿਆਂ ਨੇ ਆਪਣਾ ਅੰਗੂਠਾ ਖੋਹਿਆ ਅਤੇ ਸੰਭੂਕ ਨੇ ਆਪਣੀ ਗਰਦਨਾਂ ਹੋਰ ਪਿਛਲੇ ਵਰਗਾਂ ਦੇ ਰਾਖਵੇਂਕਰਨ ਵਿਰੁੱਧ ਮੌਜੂਦ ਗੁੱਸਾ ਖੁਦ ਸਿਧਾਂਤ ਦੇ ਵਿਰੁੱਧ ਨਹੀਂ ਹੈ। ਪਰ ਲਾਭ ਪਾਉਣ ਵਾਲਿਆਂ ਦੇ ਨਵੇਂ ਵਰਗ ਦੇ ਵਿਰੁੱਧ ਹੈ ਕਿਉਂਕਿ ਹੁਣ ਉਹ ਉਹਨਾਂ ਮੌਕਿਆਂ ਦੀ ਮੰਗ ਕਰ ਰਹੇ ਹਨ ਜਿਹਨਾਂ 'ਤੇ ਉਚ ਜਾਤੀਆਂ ਨੇ ਆਪਣੀ ਅਜ਼ਾਰੇਦਾਰੀ ਜਮਾਈ ਹੋਈ ਹੈ।

ਰਾਖਵੇਂਕਰਨ ਦੀ ਮਾਤਰਾ ਤੇ ਯੋਜਨਾ

(10) ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਜਨਜਾਤੀਆਂ ਦੀ ਗਿਣਤੀ ਦਾ 22.5% ਹਨ। ਤਦ ਅਨੁਸਾਰ ਕੇਂਦਰੀ ਸਰਕਾਰ ਦੇ ਅਧੀਨ ਸਭ ਸੇਵਾਵਾਂ 'ਚ ਅਤੇ ਸਰਕਾਰੀ ਖੇਤਰਾਂ ਦੇ ਅਦਾਰਿਆਂ 'ਚ ਉਹਨਾਂ ਲਈ 22.5 ਫੀਸਦੀ ਦਾ ਅਨੁਪਾਤ ਅਨੁਸਾਰ ਰਾਖਵਾਂਕਰਨ ਕੀਤਾ ਗਿਆ ਹੈ। ਰਾਜਾਂ ਵਿਚ ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਜਨਜਾਤੀਆਂ ਲਈ ਰਾਖਵਾਂਕਰਨ ਹਰੇਕ ਸੂਬੇ 'ਚ ਉਹਨਾਂ ਦੀ ਅਬਾਦੀ ਦੇ ਅਨੁਪਾਤ ਅਨੁਸਾਰ ਕੀਤਾ ਗਿਆ ਹੈ।

(11) ਹਿੰਦੂ ਤੇ ਗੈਰ ਹਿੰਦੂਆਂ ਦੋਹਾਂ ਨੂੰ ਮਿਲਾ ਕੇ ਹੋਰ ਪਿਛੜੇ ਵਰਗਾਂ ਦੀ

ਅਬਾਦੀ ਦਾ ਲਗਭਗ 52% ਹੈ। ਤਦ ਅਨੁਸਾਰ ਕੇਂਦਰੀ ਸਰਕਾਰ ਦੇ ਅਧੀਨ 52 ਫੀਸਦੀ ਅਹੁਦੇ ਉਹਨਾਂ ਲਈ ਰਾਖਵੇਂ ਹੋਣੇ ਚਾਹੀਦੇ ਹਨ। ਪਰ ਇਹ ਵਿਵਸਥਾ ਸੁਪਰੀਮ ਕੋਰਟ ਵੱਲੋਂ ਕੀਤੇ ਗਏ ਅਨੇਕਾਂ ਫੈਸਲਿਆਂ 'ਚ ਨਿਰਧਾਰਿਤ ਕਾਨੂੰਨ ਵਿਰੁੱਧ ਜਾਂਦੀ ਹੈ। ਜਿਸ ਨਾਲ ਇਹ ਮੰਨਿਆ ਗਿਆ ਹੈ ਕਿ ਸੰਵਿਧਾਨ ਦੇ ਅਨੁਛੇਦ 15 (4) ਅਤੇ 16 (4) ਦੇ ਤਹਿਤ ਰਾਖਵੇਂਕਰਨ ਦੀ ਮਾਤਰਾ 50 ਫੀਸਦੀ ਤੋਂ ਘੱਟ ਹੋਣੀ ਚਾਹੀਦੀ ਹੈ। ਇਸ ਪ੍ਰਕਾਰ ਹੋਰ ਪਿਛੜੇ ਵਰਗਾਂ (ਓ ਬੀ ਸੀ) ਲਈ ਪ੍ਰਸਤਾਵਿਤ ਰਾਖਵਾਂ ਅਬਾਦੀ ਤਕ ਸੀਮਾਂਤ ਰੱਖਣਾ ਪਵੇਗਾ। ਜਿਸ ਵਿਚ ਅਨੁਸੂਚਿਤ ਜਾਤੀਆਂ 'ਤੇ ਅਨੁਸੂਚਿਤ ਜਨਜਾਤੀਆਂ ਦੇ 22.5 ਫੀਸਦੀ ਰਾਖਵਾਂਕਰਨ ਜੋੜਣ ਨਾਲ ਇਹ 50 ਫੀਸਦੀ ਤੋਂ ਘੱਟ ਰਹੇ ਹਨ। ਇਸ ਕਨੂੰਨੀ ਅੜਚਣ ਕਾਰਨ ਕਮਿਸ਼ਨ ਸਿਰਫ 27 ਫੀਸਦੀ ਰਾਖਵੇਂਕਰਨ ਦੀ ਸਿਫਾਰਸ਼ ਕਰਦਾ ਹੈ। ਜਦ ਕਿ ਉਹਨਾਂ ਦੀ ਗਿਣਤੀ ਉਕਤ ਅਬਾਦੀ ਤੋਂ ਲਗਭਗ ਦੁਗਣੀ ਹੈ।

(12) ਉਹ ਰਾਜ ਜਿਹਨਾਂ ਨੇ ਪਿਛੜੇ ਵਰਗਾਂ ਲਈ 27 ਫੀਸਦੀ ਤੋਂ ਵੱਧ ਰਾਖਵਾਂਕਰਨ ਕੀਤਾ ਹੋਇਆ ਹੈ। ਉਹਨਾਂ ਤੇ ਇਸ ਸਿਫਰਾਸ਼ ਦਾ ਕੋਈ ਅਸਰ ਨਹੀਂ ਪਵੇਗਾ।

(13) ਰਾਖਵੇਂਕਰਨ ਦੀ ਮਾਤਰਾ ਸੰਬੰਧੀ ਉਪਯੁਕਤ ਆਮ ਸਿਫਾਰਿਸ਼ ਦੇ ਨਾਲ ਕਮਿਸ਼ਨ ਹੋਰ ਪਿਛੜੇ ਵਰਗਾਂ ਲਈ ਰਾਖਵੇਂਕਰਨ ਦੀ ਹੇਠ ਲਿਖੀ ਬਝਵੀਂ ਯੋਜਨਾ ਦੀ ਸਿਫਾਰਿਸ਼ ਕਰਦਾ ਹੈ।

* ਖੁੱਲ੍ਹੇ ਮੁਕਾਬਲੇ 'ਚ ਯੋਗਤਾ ਦੇ ਅਧਾਰ 'ਤੇ ਭਰਤੀ ਕੀਤੇ ਗਏ ਹੋਰ ਪਿਛੜੇ ਵਰਗਾਂ ਦੇ ਉਮੀਦਵਾਰਾਂ ਨੂੰ ਉਹਨਾਂ ਦੇ 27 ਫੀਸਦੀ ਦੇ ਰਾਖਵੇਂ ਕੋਟੇ ਦੇ ਨਾਲ ਰਲਾ ਕੇ ਨਹੀਂ ਵੇਖਣਾ ਚਾਹੀਦੈ ਅਤੇ ਉਸ ਪਿੱਛੋਂ ਅਣਰਾਖਵਾਂ ਕੀਤਾ ਜਾਵੇ

* ਉਪਯੁਕਤ ਰਾਖਵੇਂਕਰਨ ਨੂੰ ਸਭ ਪੱਧਰਾਂ 'ਤੇ ਪਦ ਉਨਤੀ ਸਮੇਂ ਵੀ ਲਾਗੂ ਕੀਤਾ ਜਾਵੇ।

* ਨਾ ਭਰੇ ਗਏ ਰਾਖਵੇਂਕਰਨ ਕੋਟੇ ਨੂੰ ਤਿੰਨ ਸਾਲਾਂ ਦੇ ਅਰਸੇ ਤੱਕ ਲਈ ਜਾਰੀ ਰੱਖਣਾ ਚਾਹੀਦਾ ਹੈ ਅਤੇ ਉਸ ਪਿੱਛੋਂ ਹੀ ਅਣਰਾਖਵਾਂ ਕੀਤਾ ਜਾਵੇ।

* ਸਿੱਧੀ ਭਰਤੀ ਲਈ ਵੱਧ ਤੋਂ ਵੱਧ ਉਮਰ ਦੀ ਹੱਦ ਤੋਂ ਛੋਟ ਉਸ ਪ੍ਰਕਾਰ ਨਾਲ ਹੋਰ ਪਿਛੜੇ ਵਰਗਾਂ (ਓ ਬੀ ਸੀ) ਦੇ ਉਮੀਦਵਾਰਾਂ ਨੂੰ ਵੀ ਦਿੱਤੀ ਜਾਣੀ ਚਾਹੀਦੀ ਹੈ। ਜਿਸ ਤਰ੍ਹਾਂ ਅਨਸੂਚਿਤ ਜਾਤੀਆਂ ਤੇ ਅਨਸੂਚਿਤ ਜਨਜਾਤੀਆਂ ਸੰਬੰਧੀ ਦਿੱਤੀ ਜਾਂਦੀ ਹੈ।

* ਅਹੁਦਿਆਂ ਦੇ ਹਰੇਕ ਵਰਗ ਲਈ ਸਬੰਧਤ ਅਧਿਕਾਰੀਆਂ ਵੱਲੋਂ ਉਸੇ ਤਰ੍ਹਾਂ ਰੋਸਟਰ ਪ੍ਰਣਾਲੀ ਅਪਣਾਈ ਜਾਣੀ ਚਾਹੀਦੀ ਹੈ। ਜਿਸ ਤਰ੍ਹਾਂ ਮੌਜੂਦਾ ਅਨਸੂਚਿਤ ਜਾਤੀਆਂ ਤੇ ਅਨਸੂਚਿਤ ਜਨਜਾਤੀਆਂ ਦੇ ਉਮੀਦਵਾਰਾਂ ਸਬੰਧੀ ਅਪਣਾਈ ਜਾਂਦੀ ਹੈ।

(14) ਰਾਖਵੇਂਕਰਨ ਦੀ ਉਕਤ ਯੋਜਨਾ ਨੂੰ ਪੂਰੇ ਤੌਰ 'ਤੇ ਕੌਮੀਕ੍ਰਿਤ ਬੈਂਕਾਂ ਦੇ ਨਾਲ ਨਾਲ ਕੇਂਦਰੀ ਤੇ ਰਾਜ ਸਰਕਾਰਾਂ ਅਧੀਨ ਜਨਤਕ ਖੇਤਰ ਦੇ ਅਦਾਰਿਆਂ ਨੂੰ ਸਾਰੀਆਂ ਭਰਤੀਆਂ 'ਚ ਵੀ ਲਾਗੂ ਕੀਤਾ ਜਾਣਾ ਚਾਹੀਦਾ ਹੈ।

(15) ਸਰਕਾਰ ਤੋਂ ਕਿਸੇ ਨਾ ਕਿਸੇ ਰੂਪ 'ਚ ਵਿੱਤੀ ਸਹਾਇਤਾ ਹਾਸਲ ਕਰ

ਰਹੇ ਨਿਜੀ ਖੇਤਰ ਦੇ ਅਦਾਰਿਆਂ 'ਚ ਵੀ ਉਕਤ ਅਧਾਰ 'ਤੇ ਕਰਮਚਾਰੀਆਂ ਦੀ ਭਰਤੀ ਕਰਨ ਲਈ ਮਜ਼ਬੂਰ ਕੀਤਾ ਜਾਣਾ ਚਾਹੀਦਾ ਹੈ।

(16) ਸਾਰੀਆਂ ਯੂਨੀਵਰਸਿਟੀਆਂ ਤੇ ਸਬੰਧਤ ਕਾਲਜਾਂ ਨੂੰ ਵੀ ਰਾਖਵੇਂਕਰਨ ਦੀ ਉਕਤ ਯੋਜਨਾ ਬਾਰੇ ਲਿਖਿਆ ਜਾਣਾ ਚਾਹੀਦਾ ਹੈ।

(17) ਇਹਨਾਂ ਸਿਫਾਰਿਸ਼ਾਂ ਨੂੰ ਸਮੁੱਚੇ ਤੌਰ 'ਤੇ ਪ੍ਰਭਾਵੀ ਬਣਾਉਣ ਲਈ ਇਸ ਗੱਲ ਦੀ ਲੋੜ ਹੈ ਕਿ ਮੌਜੂਦਾ ਨੋਟੀਫਿਕੇਸ਼ਨਾਂ, ਕਨੂੰਨਾਂ, ਕਾਰਜ ਵਿਧੀਆਂ ਆਦਿ ਨੂੰ ਸੋਧਣ ਲਈ ਸਰਕਾਰ ਵੱਲੋਂ ਲੋੜੀਂਦੀਆਂ ਅਨੇਕਾਂ ਵਿਵਸਥਾਵਾਂ ਉਸ ਹੱਦ ਤੱਕ ਕਰਨੀਆਂ ਚਾਹੀਦੀਆਂ ਹਨ ਜਦ ਤਕ ਉਹ ਇਹਨਾਂ ਸਿਫਾਰਿਸ਼ਾਂ ਦੇ ਅਨੁਕੂਲਣਾਂ ਹੋ ਜਾਣ।

ਸਿਖਿਆ ਸਬੰਧੀ ਰਿਆਇਤਾਂ :

(18) ਸਾਡੀ ਸਿਖਿਆ ਪ੍ਰਣਾਲੀ ਦਾ ਰੂਪ ਇਕ ਵਿਸ਼ੇਸ਼ ਕਿਸਮ ਦਾ ਹੈ। ਜਿਸ ਕਾਰਨ ਕਾਫੀ ਜੋ ਖਰਚ ਹੁੰਦਾ ਹੈ ਅਤੇ ਕਿਸੇ ਵਧ ਗਿਣਤੀ ਵਾਲੇ ਅਤੇ ਵਿਕਾਸਸ਼ੀਲ ਦੇਸ਼ ਦੀਆਂ ਲੋੜਾਂ ਮੁਤਾਬਕ ਘੱਟ ਹੈ। ਇਹ ਅੰਗਰੇਜ਼ੀ ਹਕੂਮਤ ਦੀ ਦੇਣ ਹੈ। ਜਿਸ ਦੀ ਆਜ਼ਾਦੀ ਅੰਦੋਲਨ ਸਮੇਂ ਕਾਫੀ ਨਿੰਦਾ ਕੀਤੀ ਗਈ ਸੀ, ਪਰ ਇਸ ਵਿਚ ਅਜੇ ਵੀ ਕੋਈ, ਸਿਰਜਨਾਤਮਕ ਤਬਦੀਲੀ ਨਹੀਂ ਹੋਈ ਹੈ। ਜੇ ਇਹ ਪਿਛਲੇ ਵਰਗਾਂ ਦੀਆਂ ਲੋੜਾਂ ਲਈ ਘੱਟੋ ਘੱਟ ਲਾਹੇਬੰਦ ਹੈ ਤਾਂ ਹੀ ਉਹਨਾਂ ਨੂੰ ਹੋਰਾਂ ਦੇ ਨਾਲ ਤੇਜ਼ ਦੌੜ ਲਾਉਣੀ ਪੈਂਦੀ ਹੈ। ਕਿਉਂਕਿ ਇਸ ਤੋਂ ਸਿਵਾਏ ਉਹਨਾਂ ਦੇ ਕੋਲ ਕੋਈ ਬਦਲ ਨਹੀਂ ਹੈ ਕਿਉਂਕਿ "ਸਿਖਿਆ ਸੁਧਾਰ" ਇਸ ਕਮਿਸ਼ਨ ਦੇ ਵਿਚਾਰਥ ਵਿਸ਼ੇ ਦੇ ਤਹਿਤ ਨਹੀਂ ਹੈ। ਇਸ ਲਈ ਸਾਨੂੰ ਉਕਤ ਰਾਹ 'ਤੇ ਪੈਰ ਫੂਕ ਫੂਕ ਕੇ ਚਲਣਾ ਪੈਂਦਾ ਹੈ ਅਤੇ ਮੌਜੂਦਾ ਢਾਂਚੇ ਦੇ ਤਹਿਤ ਛੋਟੇ-ਛੋਟੇ ਉਪਾਵਾਂ ਦਾ ਹੀ ਸੁਝਾਅ ਦੇਣ ਲਈ ਮਜ਼ਬੂਰ ਹੋਣਾ ਪੈਂਦਾ ਹੈ।

(19) ਵੱਖ ਵੱਖ ਰਾਜ ਸਰਕਾਰਾਂ ਹੋਰ ਪਿਛੜੇ ਵਰਗਾਂ (ਓ ਬੀ ਸੀ) ਦੇ ਕਾਲਜਾਂ ਦੀ ਟਿਊਸ਼ਨ ਫੀਸ ਤੋਂ ਛੋਟ, ਕਿਤਾਬਾਂ ਤੇ ਵਰਦੀਆਂ ਦੀ ਮੁਫਤ ਸਪਲਾਈ, ਦੁਪਹਿਰ ਦਾ ਖਾਣਾ, ਖਾਸ ਹੋਸਟਲ ਸਹੂਲਤਾਂ, ਵਜੀਫ਼ਾ ਆਦਿ ਵਰਗੀਆਂ ਅਨੇਕਾਂ ਸਿਖਿਆ ਰਿਆਇਤਾਂ ਦੇ ਰਹੀਆਂ ਹਨ। ਇਹ ਰਿਆਇਤਾਂ ਠੀਕ ਹਨ ਜਦ ਇਹ ਦਿੱਤੀਆਂ ਜਾਂਦੀਆਂ ਹਨ ਪਰ ਇਹ ਕਾਫੀ ਨਹੀਂ ਹਨ। ਲੋੜ ਇਹ ਹੈ ਕਿ ਸ਼ਾਇਦ ਵਾਧੂ ਪੈਸੇ ਦੀ ਵਿਵਸਥਾ ਕਰ ਦੇਣੀ ਹੀ ਕਾਫੀ ਨਹੀਂ ਹੈ ਬਲਕਿ ਅਸਲੀ ਤੇ ਉਦੇਸ਼ ਪੂਰਨ ਸਿਖਿਆ ਲਈ ਸਹੀ ਵਾਤਾਵਰਣ ਬਣਾਉਣ ਤੇ ਹੱਲਾਸ਼ੇਰੀ ਦੇਣ ਲਈ ਬੱਝਵੀਆਂ ਯੋਜਨਾਵਾਂ ਬਣਾਈਆਂ ਜਾਣਾ।

(20) ਇਹ ਸਭ ਜਾਣਦੇ ਹਨ ਕਿ ਪਿਛੜੇ ਵਰਗ ਦੇ ਬੱਚੇ ਅਨਿਯਮਤ ਤੇ ਉਦਾਸੀਨ ਵਿਦਿਆਰਥੀ ਹੁੰਦੇ ਹਨ ਤੇ ਉਹਨਾਂ ਦੇ ਪੜ੍ਹਾਈ ਅੱਧ ਵਿਚਾਲੇ ਛੱਡ ਜਾਣ ਦੀ ਦਰ ਬਹੁਤ ਵੱਧ ਹੁੰਦੀ ਹੈ। ਇਸ ਦੇ ਦੋ ਮੁੱਖ ਕਾਰਨ ਹਨ ਪਹਿਲਾਂ ਇਹ ਬੱਚੇ ਸਮਾਜਕ ਤੇ ਸਭਿਆਚਾਰਕ ਨਜ਼ਰੀਏ ਤੋਂ ਅਤੇ ਘਾਟੇ ਵੰਦੇ ਹਾਲਤ 'ਚ ਪਲਦੇ ਹਨ। ਜਿਸ ਦੇ ਸਿੱਟੇ ਵਜੋਂ ਸਕੂਲ ਜਾਣ ਸਬੰਧੀ ਪ੍ਰੇਰਨਾ ਦੀ ਆਮ ਤੌਰ 'ਤੇ ਕਮੀ ਰਹਿੰਦੀ ਹੈ। ਦੂਜੇ ਜ਼ਿਆਦਾਤਰ ਇਹ ਬੱਚੇ ਬਹੁਤ ਹੀ ਗਰੀਬ ਘਰਾਂ ਦੇ ਹੁੰਦੇ ਹਨ ਅਤੇ ਉਹਨਾਂ ਦਾ ਮਾਪੇ ਉਹਨਾਂ ਤੇ ਬਹੁਤ ਹੀ ਛੋਟੀ ਉਮਰ ਵਿਚ ਹੀ ਛੋਟੇ ਮੋਟੇ ਕੰਮ ਕਰਨ 'ਤੇ ਜ਼ੋਰ ਪਾਉਣ ਲੱਗ ਪੈਂਦੇ ਹਨ।

(21) ਸਭਿਆਚਾਰਕ ਵਾਤਾਵਰਣ ਨੂੰ ਉਨਤ ਬਣਾਉਣ ਦਾ ਅਮਲ ਬਹੁਤ ਮੱਠਾ ਹੁੰਦਾ ਹੈ। ਇਹਨਾਂ ਬੱਚਿਆਂ ਨੂੰ ਬਨਾਉਟੀ ਤੌਰ 'ਤੇ ਉਚੇ ਕੀਤੇ ਗਏ ਵਾਤਾਵਰਣ 'ਚ ਰੱਖਣ ਦਾ ਕੰਮ ਇਸ ਸਮੇਂ ਦੇਸ਼ 'ਚ ਮੁਹਈਆ ਸਾਧਨਾਂ ਨਾਲ ਸੰਭਵ ਨਹੀਂ ਹੈ। ਇਸ ਗੱਲ ਨੂੰ ਧਿਆਨ 'ਚ ਰੱਖਦਿਆਂ ਹੋਇਆ ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਇਸ ਸਮਸਿਆ ਨੂੰ ਦੋ ਮੋਰਚਿਆਂ 'ਤੇ ਸੀਮਾਂਤ 'ਤੇ ਚੋਣਵੇਂ ਅਧਾਰ 'ਤੇ ਹੱਲ ਕੀਤਾ ਜਾਵੇ।

(22) ਪਹਿਲਾਂ ਹੋਰ ਪਿਛੜੇ ਵਰਗਾਂ ਦੀ ਵੱਧ ਤੋਂ ਵੱਧ ਸੰਘਣੀ ਅਬਾਦੀ ਵਾਲੀਆਂ ਚੁਣੀਆਂ ਗਈਆਂ ਪੋਕਟਾਂ 'ਚ ਪ੍ਰੋੜ ਸਿਖਿਆ ਦੇ ਸਮਾਂ ਵੱਧ ਪ੍ਰੋਗ੍ਰਾਮ ਆਰੰਭ ਕੀਤੇ ਜਾਣੇ ਚਾਹੀਦੇ ਹਨ। ਇਹ ਮੂਲ ਰੂਪ 'ਚ ਇਕ ਪ੍ਰੇਰਨਾ ਦਾ ਇਕ ਦ੍ਰਿਸ਼ਟੀਕੋਣ ਹੈ। ਕਿਉਂਕਿ ਲੋੜੀਂਦੇ ਰੂਪ 'ਚ ਪ੍ਰੇਰਿਤ ਮਾਪੇ ਹੀ ਆਪਣੇ ਬੱਚਿਆਂ ਨੂੰ ਪੜ੍ਹਾਉਣ 'ਚ ਅਸਲੀ ਰੂਚੀ ਵਿਖਾਉਣਗੇ। ਦੂਸਰਾ ਇਹਨਾਂ ਖੇਤਰਾਂ 'ਚ ਪਿਛੜਿਆਂ ਵਰਗਾਂ ਵਿਦਿਆਰਥੀਆਂ ਲਈ ਅਸਲੀ ਪੜ੍ਹਾਈ ਲਈ ਵਿਸ਼ੇਸ਼ ਪ੍ਰੇਰਨਾਦਾਇਕ ਵਾਤਾਵਰਣ ਮੁਹਈਆ ਕਰਾਉਣ ਦੀ ਦ੍ਰਿਸ਼ਟੀ ਨਾਲ ਰਿਹਾਇਸ਼ੀ ਸਕੂਲਾਂ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ। ਗਰੀਬ ਤੇ ਪਿਛੜੇ ਵਰਗ ਦੇ ਵਿਦਿਆਰਥੀਆਂ ਨੂੰ ਭਰਮਾਉਣ ਲਈ ਇਹਨਾਂ ਸਕੂਲਾਂ 'ਚ ਸਭ ਸਹੂਲਤਾਂ ਜਿਸ 'ਚ ਖਾਣ ਪੀਣ, ਰਹਿਣ ਸਹਿਣ ਸ਼ਾਮਿਲ ਹੈ। ਮੁਫਤ ਮੁਹਈਆਂ ਕਰਵਾਉਣੀਆਂ ਹੋਣਗੀਆਂ। ਹੋਰ ਪਿਛੜੇ ਵਰਗ ਦੇ ਵਿਦਿਆਰਥੀਆਂ ਲਈ ਉਕਤ ਸਹੂਲਤਾਂ ਵਾਲੇ ਸਰਕਾਰੀ ਹੋਸਟਲ ਸਥਾਪਤ ਕਰਨਾ ਉਚਤ ਦਿਸ਼ਾ 'ਚ ਇਕ ਸਹੀ ਕਦਮ ਹੋਵੇਗਾ।

(23) ਇਹਨਾਂ ਦੋਹਾਂ ਮੋਰਚਿਆਂ 'ਤੇ ਸ਼ੁਰੂਆਤ ਸੀਮਤ ਪੈਮਾਨੇ 'ਤੇ ਚੁਣੀਦਾ ਅਧਾਰ 'ਤੇ ਕਰਨੀ ਹੋਵੇਗੀ। ਪ੍ਰੰਤੂ ਇਹਨਾਂ ਸਰਗਰਮੀਆਂ ਦੇ ਖੇਤਰ ਨੂੰ ਸਾਧਨਾਂ ਅਨੁਸਾਰ ਤੀਬਰਤਾ ਨਾਲ ਪੜ੍ਹਾਇਆ ਜਾਣਾ ਚਾਹੀਦਾ ਹੈ। ਚੋਣਵੇਂ ਅਧਾਰ 'ਤੇ ਸ਼ੁਰੂ ਕੀਤੇ ਗਏ ਬਾਲਕ ਸਿਖਿਆ ਪ੍ਰੋਗ੍ਰਾਮ ਅਤੇ ਰਿਹਾਇਸ਼ੀ ਸਕੂਲਾਂ ਨਾਲ ਸਮੁੱਚੇ ਭਾਈਚਾਰੇ ਦੀ ਚੇਤਨਾ ਨੂੰ ਹੱਲਾਸ਼ੇਰੀ ਮਿਲੇਗੀ ਅਤੇ ਉਸ ਦਾ ਬਹੁਮੁਖੀ ਪ੍ਰਭਾਵ ਵੀ ਕਾਫੀ ਹੋਵੇਗਾ। ਜਿਥੇ ਕਈ ਰਾਜਾਂ ਵੱਲੋਂ ਪਿਛੜੇ ਵਰਗਾਂ ਨੂੰ ਮੁਹਈਆ ਸਿਖਿਆ ਵਾਤਾਵਰਣ ਦੇ ਪੱਧਰ ਨੂੰ ਉਚਾ ਚੁੱਕਣ ਲਈ ਇਕ ਵਿਸ਼ਾਲ ਯੋਜਨਾ ਇਹਨਾਂ ਸਹੂਲਤਾਂ ਸਬੰਧੀ ਤਿਆਰ ਕਰਨ ਦੇ ਗੰਭੀਰ ਯਤਨ ਵੀ ਕੀਤੇ ਗਏ ਹਨ।

(24) ਆਖਰ, ਸਿਖਿਆ ਤਬਦੀਲੀ ਦੀ ਸਭ ਤੋਂ ਅੱਛੀ ਉਤਪ੍ਰੇਰਕ ਹੈ ਅਤੇ ਪਿਛੜੇ ਵਰਗਾਂ ਨੂੰ ਸਿੱਖਿਅਤ ਕਰਨਾ ਹੀ ਉਹਨਾਂ 'ਚ ਆਤਮ ਸਨਮਾਨ ਜਗਾਉਣ 'ਤੇ ਉਹਨਾਂ ਦੇ ਸਮਾਜਿਕ ਪੱਧਰ ਨੂੰ ਵਧਾਉਣ ਦਾ ਇਕ ਨਿਸ਼ਚਤ ਤਰੀਕਾ ਹੈ। ਕਿਉਂਕਿ ਹੋਰ ਪਿਛੜਾ ਵਰਗ (ਓ ਬੀ ਸੀ) ਸਾਡੀ ਸਿਖਿਆ ਪ੍ਰਣਾਲੀ ਦੀ ਉਚੀ ਫਜ਼ੂਲ ਖਰਚੀ ਨੂੰ ਸਹਿਣ ਨਹੀਂ ਕਰ ਸਕਦਾ ਹੈ। ਇਸ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਉਹਨਾਂ ਦੀ ਸਿਖਿਆ ਲਾਜ਼ਮੀ ਰੁਜ਼ਗਾਰ ਮੁੱਖੀ ਤੇ ਸਿਖਲਾਈ ਮੁਖੀ ਹੋਵੇ। ਆਖਰਕਾਰ ਸੇਵਾਵਾਂ ਅੰਦਰ ਰਾਖਵੇਂਕਰਨ ਰਾਹੀਂ ਸਿਖਿਅਤ ਪਿਛੜੇ ਵਰਗਾਂ ਦਾ ਬਹੁਤ ਥੋੜ੍ਹਾ ਹਿੱਸਾ ਹੀ ਉਸ 'ਚ ਸਮੋ ਸਕੇਗਾ ਅਤੇ ਬਾਕੀ ਨੂੰ ਵਪਾਰਕ ਦਸਤਕਾਰੀਆਂ 'ਚ ਨਿਪੁੰਨ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਉਹ ਸਿਖਿਆ ਦੇ ਕਈ ਸਾਲ ਲਾਉਣ ਪਿੱਛੋਂ ਲਾਭ ਹਾਸਲ ਕਰ ਸਕਣ।

(25) ਇਹ ਵੀ ਸਪਸ਼ਟ ਹੈ ਕਿ ਜੇ ਉਕਤ ਸਾਰੀਆਂ ਸਹੂਲਤਾਂ ਹੋਰ ਪਿਛੜੇ ਵਰਗਾਂ (ਓ ਬੀ ਸੀ) ਦੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਤਾਂ ਵੀ ਉਹ ਤਕਨੀਕ ਤੇ ਵਪਾਰਕ ਅਦਾਰਿਆਂ 'ਚ ਹੋਰ ਵਰਗਾਂ ਦੇ ਨਾਲ ਆਮ ਰੂਪ 'ਚ ਮੁਕਾਬਲੇ 'ਚ ਨਹੀਂ ਆ ਸਕਣਗੇ। ਇਸ ਗੱਲ ਨੂੰ ਧਿਆਨ 'ਚ ਰੱਖਦਿਆਂ ਹੋਇਆ ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਕੇਂਦਰੀ ਅਤੇ ਰਾਜ ਸਰਕਾਰ ਵੱਲੋਂ ਚਲਾਈ ਜਾ ਰਹੇ ਸਾਰੇ ਵਿਗਿਆਨਕ ਤਕਨੀਕੀ ਤੇ ਵਪਾਰਕ ਅਦਾਰਿਆਂ 'ਚ ਪਿਛੜੇ ਵਰਗ ਦੇ ਵਿਦਿਆਰਥੀਆਂ ਲਈ ਥਾਵਾਂ ਰਾਖਵੀਆਂ ਹੋਣੀਆਂ ਚਾਹੀਦੀਆਂ ਹਨ। ਇਹ ਰਾਖਵਾਂਕਰਨ ਸੰਵਿਧਾਨ ਦੇ ਅਨੁਛੇਦ 14 (4) ਦੇ ਤਹਿਤ ਆਵੇਗਾ ਅਤੇ ਰਾਖਵੇਂਕਰਨ ਦਾ ਕੋਟਾ ਸਰਕਾਰੀ ਸੇਵਾਵਾਂ ਦੇ ਬਰਾਬਰ ਅਰਥਾਤ 27 ਫੀਸਦੀ ਹੋਣਾ ਚਾਹੀਦਾ ਹੈ। ਉਹਨਾਂ ਰਾਜਾਂ 'ਤੇ ਜਿਹਨਾਂ ਨੇ ਪਹਿਲਾਂ ਹੀ ਹੋਰ ਪਿਛੜੇ ਵਰਗਾਂ ਦੇ ਵਿਦਿਆਰਥੀਆਂ ਲਈ ਪਹਿਲਾਂ ਤੋਂ ਹੀ 27 ਫੀਸਦੀ ਤੋਂ ਵੱਧ ਸੀਟਾਂ ਦਾ ਰਾਖਵਾਂਕਰਨ ਕੀਤਾ ਹੋਇਆ ਹੈ। ਇਸ ਸਿਫਾਰਿਸ਼ ਦਾ ਕੋਈ ਅਸਰ ਨਹੀਂ ਪਵੇਗਾ।

(26) ਭਾਵੇਂ ਰਾਖਵੇਂਕਰਨ ਦੀ ਵਿਵਸਥਾ ਨੂੰ ਲਾਗੂ ਕਰਦੇ ਸਮੇਂ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਉਮੀਦਵਾਰ ਜਿਹਨਾਂ ਨੂੰ ਰਾਖਵੇਂ ਕੋਟੇ 'ਚ ਦਾਖਲਾ ਦਿੱਤਾ ਜਾਂਦਾ ਹੈ, ਉਹ ਉਚ ਸਿਖਿਆ ਦਾ ਪੂਰਾ ਲਾਭ ਉਠਾ ਸਕਣ। ਆਮ ਤੌਰ 'ਤੇ ਇਹ ਵੇਖਿਆ ਗਿਆ ਹੈ ਕਿ ਇਹ ਹੋਰ ਪਿਛੜੇ ਵਰਗਾਂ ਦੇ ਵਿਦਿਆਰਥੀ ਗਰੀਬ ਤੇ ਗੈਰ ਸਭਿਆਚਾਰਕ ਪਿਛੋਕੜ ਵਾਲੇ ਪਰਿਵਾਰਾਂ 'ਚੋਂ ਆਉਂਦੇ ਹਨ। ਇਸ ਲਈ ਇਹ ਹੋਰ ਵਿਦਿਆਰਥੀਆਂ ਦੀ ਬਰਾਬਰੀ ਨਹੀਂ ਕਰ ਸਕਦੇ। ਇਸ ਲਈ ਇਹ ਜ਼ਰੂਰੀ ਹੈ ਕਿ ਅਜਿਹੇ ਸਾਰੇ ਵਿਦਿਆਰਥੀਆਂ ਲਈ ਸਾਡੇ ਤਕਨੀਕੀ ਤੇ ਵਪਾਰਕ ਅਦਾਰਿਆਂ 'ਚ ਵਿਸ਼ੇਸ਼ ਕੋਚਇੰਗ ਸਹੂਲਤਾਂ ਦੀ ਵਿਵਸਥਾ ਕੀਤੀ ਜਾਵੇ। ਸਬੰਧਤ ਅਧਿਕਾਰੀਆਂ ਨੂੰ ਸਪਸ਼ਟ ਤੌਰ 'ਤੇ ਇਹ ਜਾਣਨਾ ਚਾਹੀਦਾ ਹੈ ਕਿ ਉਹਨਾਂ ਦਾ ਕੰਮ ਸਿਰਫ ਉਮੀਦਵਾਰਾਂ ਨੂੰ ਰਾਖਵੇਂ ਕੋਟੇ 'ਚ ਵੱਖ ਵੱਖ ਥਾਵਾਂ 'ਚ ਦਾਖਲਾ ਦੇਣ ਨਾਲ ਖਤਮ ਨਹੀਂ ਹੋ ਜਾਂਦਾ। ਬਲਕਿ ਉਹਨਾਂ ਦਾ ਕੰਮ ਤਾਂ ਅਸਲ ਵਿਚ ਇਸ ਤੋਂ ਬਾਅਦ ਸ਼ੁਰੂ ਹੁੰਦਾ ਹੈ। ਜਦ ਤਕ ਇਹਨਾਂ ਵਿਦਿਆਰਥੀਆਂ ਨੂੰ ਵਿਸ਼ੇਸ਼ ਕੋਚਿੰਗ ਸਹਾਇਤਾ ਦੇਣ ਲਈ ਲੋੜੀਂਦੀ ਅਨੁਵਰਤੀ ਕਾਰਵਾਈ ਨਹੀਂ ਕੀਤੀ ਜਾਵੇਗੀ ਤਦ ਤਕ ਇਹ ਨੌਜਵਾਨ ਨਾ ਸਿਰਫ ਨਿਰਾਸ਼ ਤੇ ਬੇਵਸ ਹੋਣਗੇ ਬਲਕਿ ਦੇਸ਼ ਸਾਧਨਹੀਣ ਤੇ ਘਟੀਆ ਇੰਜਨੀਅਰਾਂ ਡਾਕਟਰਾਂ ਤੇ ਹੋਰ ਕਾਰੋਬਾਰੀਆਂ ਨਾਲ ਵੀ ਭਰ ਜਾਵੇਗਾ।

ਵਿਤੀ ਸਹਾਇਤਾ

(27) ਸਨਅਤੀਕਰਣ ਦੇ ਸਿੱਟੇ ਵਜੋਂ ਬਨਾਉਟੀ ਪੁਛਤੈਣੀ ਕਾਰੋਬਾਰ ਅਪਣਾਉਣ ਵਾਲੇ ਵਪਾਰਕ (ਕਾਰੋਬਾਰੀ) ਸਮੂਹਾਂ ਨੂੰ ਕਾਫੀ ਹਾਨੀ ਪਹੁੰਚੀ ਹੈ। ਮਸ਼ੀਨੀ ਪੈਦਾਵਾਰ 'ਤੇ ਬਨਾਉਟੀ ਸਮਗਰੀ ਦੀ ਸ਼ੁਰੂਆਤ ਨੇ ਪੇਂਡੂ ਘੁਮਿਆਰ, ਤੇਲੀ, ਲੁਹਾਰ, ਮਿਸ਼ਤਰੀ ਆਦਿ ਨੂੰ ਉਹਨਾਂ ਦੇ ਰੋਜ਼ੀ ਰੋਜ਼ੀ ਦੇ ਪੁਛਤੈਣੀ ਸਾਧਨਾਂ ਤੋਂ ਵਾਂਝਿਆ ਕਰ ਦਿੱਤਾ ਹੈ ਤੇ ਪਿੰਡਾਂ 'ਚ ਇਹਨਾਂ ਗਰੀਬਾਂ ਦੀ ਗਰੀਬੀ ਬਾਰੇ ਸਭ ਭਲੀਭਾਂਤ ਜਾਣਦੇ ਹਨ।

(28) ਇਸ ਲਈ ਇਹ ਬੇਹੱਦ ਜ਼ਰੂਰੀ ਹੋ ਗਿਆ ਹੈ ਕਿ ਪਿੰਡਾਂ ਦੇ ਉਹਨਾਂ ਕਾਰੋਬਾਰੀ ਸਮੂਹਾਂ ਦੇ ਲੋਕਾਂ ਨੂੰ ਲੋੜੀਂਦੀ ਵਿਤੀ ਤੇ ਤਕਨੀਕੀ ਸਹਾਇਤਾ ਮੁਹਈਆ

ਕਰਵਾਈ ਜਾਵੇ ਜੋ ਆਪਣੇ ਖੁਦ ਦੇ ਲਘੂ ਉਦਯੋਗ ਲਾਉਣੇ ਚਾਹੀਦੇ ਹਨ। ਇਸ ਤਰ੍ਹਾਂ ਦੀ ਸਹਾਇਤਾ ਹੋਰ ਪਿਛੜੇ ਵਰਗਾਂ ਦੇ ਉਹਨਾ ਹੋਣਹਾਰ ਉਮੀਦਵਾਰਾਂ ਨੂੰ ਵੀ ਦਿੱਤੀ ਜਾਣੀ ਚਾਹੀਦੀ ਹੈ। ਜਿਹਨਾਂ ਨੇ ਵਿਸ਼ੇਸ਼ ਤਕਨੀਕੀ ਸਿਖਲਾਈ ਹਾਸਲ ਕੀਤੀ ਹੈ।

(29) ਕਾਰੋਬਾਰੀ ਗਰੁੱਪਾਂ ਦੀ ਸਹਿਕਾਰੀ ਸੰਮਤੀਆਂ ਵੀ ਕਾਫੀ ਸਹਾਇਕ ਹੋਣਗੀਆਂ। ਇਸ ਦੀ ਲੋੜੀਂਦੀ ਸਾਵਧਾਨੀ ਵਰਤਣੀ ਚਾਹੀਦੀ ਹੈ ਕਿ ਇਹਨਾਂ ਸਾਰੀਆਂ ਸੰਮਤੀਆਂ ਦੇ ਸਾਰੇ ਅਧਿਕਾਰੀ ਪਿਤਾ ਪੁਰਖੀ ਕਾਰੋਬਾਰੀ ਗਰੁੱਪਾਂ ਨਾਲ ਸਬੰਧਤ ਹੋਣੇ ਚਾਹੀਦੇ ਹਨ।

(30) ਅਸਲ 'ਚ ਬਹੁਤ ਸਾਰੇ ਰਾਜਾਂ ਨੇ ਲਘੂ ਤੇ ਦਰਮਿਆਨੇ ਉਦਯੋਗਾਂ ਦੇ ਵਿਕਾਸ ਲਈ ਵੱਖ ਵੱਖ ਵਿਤੀ ਤੇ ਤਕਨੀਕੀ ਏਜੰਸੀਆਂ ਬਣਾਈਆਂ ਹਨ। ਪਰ ਇਹ ਭਲੀਭਾਂਤ ਪਤਾ ਹੈ ਕਿ ਸਮੂਹ ਦੇ ਸਿਰਫ ਵੱਧ ਪ੍ਰਭਾਵਸ਼ਾਲੀ ਵਿਅਕਤੀ ਹੀ ਇਹਨਾਂ ਏਜੰਸੀਆਂ ਤੋਂ ਲਾਭ ਹਾਸਲ ਕਰ ਸਕਦੇ ਹਨ। ਇਸ ਨੂੰ ਧਿਆਨ 'ਚ ਰੱਖ ਕੇ ਇਹ ਬਹੁਤ ਜ਼ਰੂਰੀ ਹੈ ਕਿ ਪਿਛੜੇ ਵਰਗਾਂ ਲਈ ਵਿਤੀ ਤੇ ਤਕਨੀਕੀ ਸਹਾਇਤਾ ਮੁਹਈਆ ਕਰਨ ਹਿੱਤ ਪਹਿਲਾਂ ਤਾਂ ਵਿਤੀ ਸੰਸਥਾਵਾਂ ਸਥਾਪਤ ਕੀਤੀਆਂ ਜਾਣ। ਕਰਨਾਟਕ ਤੇ ਆਂਧਰਾ ਪ੍ਰਦੇਸ਼ ਵਰਗੇ ਕੁਝ ਰਾਜਾਂ ਨੇ ਹੋਰ ਪਿਛੜੇ ਵਰਗਾਂ ਲਈ ਵੱਖਰੀਆਂ ਪਹਿਲਾਂ ਹੀ ਵਿਤੀ ਕਾਰਪੋਰੇਸ਼ਨਾਂ ਸਥਾਪਤ ਕੀਤੀਆਂ ਹਨ।

(31) ਦੇਸ਼ ਦੇ ਸਨਅਤੀ ਤੇ ਵਪਾਰਕ ਜੀਵਨ 'ਚ ਹੋਰ ਪਿਛੜੇ ਵਰਗਾਂ ਦਾ ਹਿੱਸਾ ਨਿਗੁਣਾ ਹੈ ਅਤੇ ਇਹ ਉਹਨਾਂ ਦੀ ਨੀਵੇਂ ਪੱਧਰ ਦੀ ਆਮਦਨ ਦਾ ਸੂਚਕ ਹੈ। ਪਿਛੜੇ ਵਰਗਾਂ ਦੇ ਸਮੁੱਚੇ ਵਿਕਾਸ ਲਈ ਇਹ ਲਾਜ਼ਮੀ ਹੈ ਕਿ ਸਭ ਰਾਜਾਂ ਨੂੰ ਹੋਰ ਪਿਛੜੇ ਵਰਗਾਂ 'ਚ ਵਪਾਰਕ ਤੇ ਸਨਅਤੀ ਕਾਰਖਾਨਿਆਂ ਨੂੰ ਵਿਕਸਤ ਕਰਨ ਲਈ ਲੋੜੀਂਦੀਆਂ ਵਿਤੀ ਤੇ ਤਕਨੀਕੀ ਸੰਸਥਾਵਾਂ ਦਾ ਇਕ ਜਾਲ ਵਿਛਾਉਣ ਲਈ ਸਲਾਹ ਤੇ ਹੱਲਾਸ਼ੇਰੀ ਦਿੱਤੀ ਜਾਵੇ।

ਢਾਂਚੇ ਸੰਬੰਧੀ ਤਬਦੀਲੀਆਂ

(32) ਸਰਕਾਰੀ ਰੁਜ਼ਗਾਰ ਤੇ ਸਿਖਿਆ ਸੰਸਥਾਵਾਂ 'ਚ ਰਾਖਵਾਂਕਰਨ 'ਤੇ ਸਭ ਸੰਭਵ ਵਿਤੀ ਸਹਾਇਤਾ ਵੀ ਉਸ ਸਮੇਂ ਤਕ ਬਹੁਤ ਥੋੜ੍ਹੀ ਸਮਝੀ ਜਾਵੇਗੀ ਜਦ ਤਕ ਕਿ ਪਿਛੜੇਪਣ ਨੂੰ ਉਸ ਦੀ ਜੜ੍ਹ ਤੋਂ ਨਾ ਪੁੱਟਿਆ ਜਾਵੇ। ਛੋਟੇ ਜ਼ਿੰਮੀਦਾਰ, ਕਾਸਤਕਾਰ, ਕਿਸਾਨ ਮਜ਼ਦੂਰ, ਬੇਸਹਾਰਾ ਪੇਂਡੂ ਕਾਰਗਰ, ਗੈਰ ਹੁਨਰਮੰਦ ਮਜ਼ਦੂਰ ਆਦਿ ਅਨਸੂਚਿਤ ਜਾਤੀਆਂ ਤੇ ਅਨਸੂਚਿਤ ਜਨਜਾਤੀਆਂ ਤੇ ਹੋਰ ਪਿਛੜੇ ਵਰਗਾਂ ਨਾਲ ਸਬੰਧਤ ਹੈ। "ਸਮਾਜਿਕ ਰਿਵਾਇਤਾਂ ਤੋਂ ਇਲਾਵਾ ਉਚ ਕਿਸਾਨ ਵਰਗ ਗਰੀਬ ਕਿਸਾਨਾਂ ਨੂੰ ਰੁਪਿਆ ਉਧਾਰ ਦੇ ਕੇ ਪੇਟ 'ਤੇ ਜ਼ਮੀਨ ਦੇ ਛੋਟੇ ਛੋਟੇ ਟੁਕੜੇ ਦੇ ਕੇ ਘਰਾਂ ਲਈ ਅਤੇ ਰਹਿਣ ਲਈ ਥਾਂ ਦੇ ਕੇ ਅਤੇ ਗੈਰ ਰਿਵਾਇਤ ਬੈਗਾਰ ਕਰਵਾ ਕੇ ਉਹਨਾਂ ਤੇ ਰਾਜ ਕਰਦਾ ਹੈ ਕਿਉਂਕਿ ਸਰਕਾਰੀ ਅਹੁਦੇਦਾਰ ਉਚ ਕਿਸਾਨ ਵਰਗ ਦੇ ਹੁੰਦੇ ਹਨ। ਇਸ ਲਈ ਉਚ ਅਧਿਕਾਰੀ ਤੇ ਉਚ ਕਿਸਾਨੀ ਵਿਚਕਾਰ ਵਰਗੀ (ਜਮਾਤੀ) ਤੇ ਜਾਤੀ ਸਬੰਧ ਅਟੁਟ ਰਹਿੰਦੇ ਹਨ। ਇਹ ਸਮਾਜਕ ਤੇ ਰਾਜਸੀ ਸੰਤੁਲਨ ਉਚ (ਖੁਸ਼ਹਾਲ) ਕਿਸਾਨੀ ਦੇ ਪੱਖ 'ਚ ਕਰ ਦਿੰਦਾ ਹੈ ਅਤੇ ਦੂਜਿਆਂ ਉਪਰ ਉਹਨਾਂ ਦਾ ਦਾਅਬਾ ਰੱਖਣ 'ਚ ਉਹਨਾਂ ਦੀ ਸਹਾਇਤਾ ਕਰਦਾ ਹੈ।"

(33) ਉਕਤ ਹਾਲਤ ਦਾ ਨਿਸ਼ਚਤ ਸਿੱਟਾ ਇਹ ਹੁੰਦਾ ਹੈ ਕਿ ਉਹਨਾਂ ਦੀ ਵੱਧ ਗਿਣਤੀ ਹੋਣ ਦੇ ਬਾਵਜੂਦ ਵੀ, ਪਿਛੜਾ ਵਰਗ ਉਚ ਜਾਤੀਆਂ ਤੇ ਖਾਂਦੇ ਪੀਂਦੇ ਕਿਸਾਨੀ ਵਰਗ ਦਾ ਮਾਨਸਿਕ ਤੇ ਸਰੀਰਕ ਰੂਪ 'ਚ ਬੰਧਕ ਬਣਿਆ ਰਹਿੰਦਾ ਹੈ। ਦੇਸ਼ ਨੂੰ ਲਗਭਗ ਤਿੰਨ ਚੌਥਾਈ ਗਿਣਤੀ ਦੇ ਬਾਵਜੂਦ ਅਨਸੂਚਿਤ ਜਾਤੀਆਂ ਤੇ ਅਨਸੂਚਿਤ ਜਨਜਾਤੀਆਂ ਤੇ ਹੋਰ ਪਿਛੜੇ ਵਰਗ ਇਕ ਬਹੁਤ ਹੀ ਥੋੜ੍ਹੀ ਰਾਜਸੀ ਸ਼ਕਤੀ ਹਾਸਲ ਕਰ ਸਕੇ ਹਨ। ਜਦ ਬਾਲਗ ਵੋਟ ਅਧਿਕਾਰ ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਪਹਿਲਾਂ ਸ਼ੁਰੂ ਕੀਤਾ ਗਿਆ ਸੀ। ਪੈਦਾਵਾਰ ਦੇ ਵਸੀਲਿਆਂ ਤੇ ਆਪਣੀ ਅਜ਼ਾਰੇਦਾਰੀ ਨਾਲ ਉਚ ਜਾਤੀਆਂ ਪਿਛੜੇ ਵਰਗ ਨੂੰ ਆਪਣੀ ਇੱਛਾ ਦੇ ਵਿਰੁੱਧ ਕੰਮ ਕਰਨ ਲਈ ਕਿਸੇ ਨਾ ਕਿਸੇ ਤਰ੍ਹਾਂ ਮਜ਼ਬੂਰ ਕਰ ਦਿੰਦੀਆਂ ਹਨ। ਇਸ ਨੂੰ ਧਿਆਨ 'ਚ ਰੱਖਦਿਆਂ ਜਦੋਂ ਤਕ ਮੌਜੂਦਾ ਪੈਦਾਵਾਰੀ ਸਬੰਧਾਂ ਦੀਆਂ ਰੁਕਾਵਟਾਂ ਨੂੰ ਨਵੇਂ ਭੂਮੀ ਸੁਧਾਰਾਂ ਰਾਹੀਂ ਦੂਰ ਨਹੀਂ ਕੀਤਾ ਜਾਂਦਾ ਹੈ ਤਦ ਤਕ ਲੁਟਿਆ ਜਾਂਦਾ ਵਰਗ ਅਣਮਿੱਥੇ ਸਮੇਂ ਤਕ ਖੁਸ਼ਹਾਲ ਉਚ ਜਾਤੀਆਂ ਤੇ ਨਿਰਭਰ ਰਹਿਣਗੇ। ਅਸਲ ਵਿਚ ਜ਼ਿੰਮੀਦਾਰਾਂ ਦੇ ਹੱਲ ਲਈ ਸੰਵਿਧਾਨਿਕ ਪੁਸਤਕਾਂ ਵਿਚ ਭੂਮੀ ਹੱਕਬੰਦੀ ਲਾਗੂ ਕਰਨ 'ਤੇ ਭੂਮੀ ਹੀਣਾਂ ਨੂੰ ਜ਼ਮੀਨ ਦੇਣ ਆਦਿ ਬਾਰੇ ਪਹਿਲਾਂ ਤੋਂ ਹੀ ਵਿਆਪਕ ਕਨੂੰਨ ਹੈ। ਪਰ ਅਸਲੀ ਤੌਰ 'ਤੇ ਇਹ ਰੁਕਿਆ ਹੋਇਆ ਹੈ। ਇਹ ਨਿਰਉਤਸ਼ਾਹੀ ਤੇ ਬਨਾਉਟੀ ਬਣਾਇਆ ਹੋਇਆ ਹੈ। ਕਰਨਾਟਕ, ਕੇਰਲ ਤੇ ਪੱਛਮੀ ਬੰਗਾਲ ਵਰਗੇ ਰਾਜਾਂ ਨੇ ਬਹੁਤ ਇਮਾਨਦਾਰੀ ਨਾਲ ਉਹਨਾਂ ਲਈ ਕੰਮ ਕੀਤਾ ਹੈ। ਉਹ ਨਾ ਸਿਰਫ ਪਿਛੜੇ ਵਰਗਾਂ ਦੀ ਅਸਲੀ ਮਦਦ ਕਰ ਸਕੇ ਹਨ ਬਲਕਿ ਉਹਨਾਂ ਨੇ ਇਸ ਤੋਂ ਲੋੜੀਂਦਾ ਰਾਜਸੀ ਲਾਭ ਵੀ ਹਾਸਲ ਕੀਤਾ ਹੈ।

(34) ਕਮਿਸ਼ਨ ਦਾ ਉਹ ਦ੍ਰਿੜ ਵਿਸ਼ਵਾਸ਼ ਹੈ ਕਿ ਮੌਜੂਦਾ ਪੈਦਾਵਾਰੀ ਸਬੰਧਾਂ 'ਚ ਨਵੇਂ ਸਿਰਿਓ ਤਬਦੀਲੀ ਕਰਨਾ ਇਕ ਮਹੱਤਵਪੂਰਨ ਕਦਮ ਹੋਵੇਗਾ। ਜੋ ਪਿਛੜੇ ਵਰਗਾਂ ਦੇ ਕਲਿਆਣ 'ਤੇ ਉਭਾਰ ਲਈ ਕੀਤਾ ਜਾ ਸਕਦਾ ਹੈ। ਜੇ ਵੱਖ ਵੱਖ ਕਾਰਨਾਂ ਕਰਕੇ ਸਨਅਤੀ ਖੇਤਰ ਵਿਚ ਅਜਿਹਾ ਸੰਭਵ ਨਹੀਂ ਹੈ ਤਾਂ ਇਸ ਤਰ੍ਹਾਂ ਦੀ ਤਬਦੀਲੀ ਖੇਤੀ ਖੇਤਰ 'ਚ ਸੰਭਵ ਵੀ ਹੈ ਅਤੇ ਲਾਜ਼ਮੀ ਵੀ ਹੈ।

(35) ਕਮਿਸ਼ਨ ਇਹ ਜ਼ੋਰਦਾਰ ਸਿਫਾਰਿਸ਼ ਕਰਦਾ ਹੈ ਕਿ ਸਭ ਰਾਜਾਂ ਸਰਕਾਰਾਂ ਨੂੰ ਪ੍ਰਗਤੀਸ਼ੀਲ ਭੂਮੀ ਕਨੂੰਨ ਬਣਾਉਣੇ ਚਾਹੀਦੇ ਹਨ ਤੇ ਉਹਨਾਂ ਉਪਰ ਅਮਲ ਕਰਨਾ ਚਾਹੀਦਾ ਹੈ ਤਾਂ ਕਿ ਪਿੰਡ 'ਚ ਮੌਜੂਦਾ ਪੈਦਾਵਾਰੀ ਸਬੰਧਾਂ 'ਚ ਬੁਨਿਆਦੀ ਤਬਦੀਲੀ ਹੋ ਸਕੇ।

(36) ਫਿਲਹਾਲ ਫਾਲਤੂ ਜ਼ਮੀਨ ਅਨਸੂਚਿਤ ਜਾਤੀਆਂ ਤੇ ਅਨਸੂਚਿਤ ਜਨਜਾਤੀਆਂ ਨੂੰ ਐਲਾਟ ਕੀਤੀ ਜਾ ਰਹੀ ਹੈ ਜ਼ਿਆਦਾਤਰ ਭੂਮੀ ਹੱਕਬੰਦੀ ਕਨੂੰਨ ਆਦਿ ਦੇ ਲਾਗੂ ਕਰਨ ਕਰਕੇ ਭਵਿੱਖ 'ਚ ਮੁਹਈਆ ਹੋਣ ਵਾਲੀ ਫਾਲਤੂ ਭੂਮੀ ਦਾ ਇਕ ਹਿੱਸਾ ਪਿਛੜੇ ਵਰਗ ਦੇ ਬੇਜ਼ਮੀਨੇ ਮਜ਼ਦੂਰਾਂ ਨੂੰ ਵੰਡ ਦਿੱਤੀ ਜਾਣੀ ਚਾਹੀਦੀ ਹੈ।

(37) ਦੇਸ਼ ਦੇ ਕੁਝ ਭਾਗਾਂ 'ਚ ਮਛੇਰਿਆਂ, ਬਣਜਾਰਿਆਂ, ਬਾਂਸਤੋੜ, ਖਟਵੇਂ ਆਦਿ ਵਰਗੇ ਕਾਰੋਬਾਰੀ ਤਬਕੇ ਵੀ ਛੂਤਛਾਤ ਦੇ ਕਲੰਕ ਤੋਂ ਪੀੜਤ ਹਨ। ਉਹਨਾਂ ਨੂੰ ਕਮਿਸ਼ਨ ਵੱਲੋਂ ਹੋਰ ਪਿਛੜੇ ਵਰਗਾਂ ਵਜੋਂ ਸੂਚੀ ਬੱਧ ਕੀਤਾ ਗਿਆ ਹੈ। ਪਰ ਉਹਨਾਂ

ਨੂੰ ਅਨਸੂਚਿਤ ਜਾਤੀ ਅਨਸੂਚਿਤ ਜਨਜਾਤੀ ਦੀ ਸੂਚੀ 'ਚ ਸ਼ਾਮਲ ਕਰਨ ਬਾਰੇ ਸਰਕਾਰ ਵੱਲੋਂ ਵਿਚਾਰ ਕੀਤਾ ਜਾ ਸਕਦਾ ਹੈ। ਉਹਨਾਂ ਦੇ ਉਭਾਰ ਲਈ ਵੱਖ ਵੱਖ ਸਮਾਜਕ ਸਿਖਿਆ ਤੇ ਆਰਥਕ ਉਪਾਅ ਕੇਂਦਰ ਅਤੇ ਰਾਜ ਪੱਧਰ 'ਤੇ ਕੀਤੇ ਜਾਣ ਲਈ ਪਿਛੜਾ ਵਰਗ ਵਿਕਾਸ ਨਿਗਮ ਸਥਾਪਤ ਕੀਤੀ ਜਾਣੀ ਚਾਹੀਦੀ ਹੈ। ਉਹਨਾਂ ਦੇ ਹਿੱਤਾਂ ਦੀ ਰਾਖੀ ਲਈ ਕੇਂਦਰ ਤੇ ਰਾਜਾਂ ਵਿਚ ਹੋਰ ਪਿਛੜੇ ਵਰਗਾਂ ਦੇ ਲਈ ਇਕ ਵੱਖਰਾ ਮੰਤਰਾਲਾ ਵਿਭਾਗ ਸਥਾਪਤ ਕੀਤਾ ਜਾਣਾ ਚਾਹੀਦਾ ਹੈ। ਹੋਰ ਪਿਛੜੇ ਵਰਗਾਂ ਦੇ ਕੁਝ ਬਹੁਤ ਪਿਛੜੇ ਵਰਗਾਂ ਨੂੰ ਜਿਵੇਂ ਹਿਮਾਚਲ ਪ੍ਰਦੇਸ਼ 'ਚ ਗੱਦੀ, ਮਹਾਂਰਾਸ਼ਟਰ 'ਚ ਨਵਬੋਧ, ਤੱਟੀ ਖੇਤਰਾਂ 'ਚ ਮਛੇਰਿਆਂ, ਜੰਮੂ ਕਸ਼ਮੀਰ 'ਚ ਗੁਜਰ ਆਦਿ ਨੂੰ ਸਹੀ ਨੁਮਾਇੰਦਗੀ ਮੁਹਈਆ ਕਰਨ ਲਈ ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਪਰਿਸੀਮਨ ਦੇ ਸਮੇਂ ਉਹਨਾਂ ਦੇ ਸੰਘਣੇ ਖੇਤਰਾਂ ਨੂੰ ਵਿਕਸਤ ਖੇਤਰਾਂ ਵਜੋਂ ਉਚਾਰਿਆ ਜਾਵੇ।

ਕੇਂਦਰੀ ਸਹਾਇਤਾ

(38) ਇਸ ਸਮੇਂ ਹੋਰ ਪਿਛੜੇ ਵਰਗਾਂ ਲਈ ਕੋਈ ਕਲਿਆਣਕਾਰੀ ਉਪਾਵਾਂ ਨੂੰ ਅਮਲ 'ਚ ਲਿਆਉਣ ਲਈ ਕਿਸੇ ਸੂਬੇ ਕੋਲ ਕੋਈ ਕੇਂਦਰੀ ਸਹਾਇਤਾ ਮੁਹਈਆ ਨਹੀਂ ਹੈ। 17 ਰਾਜਾਂ ਤੇ ਸੰਘ ਸਾਸ਼ਿਤ ਖੇਤਰਾਂ ਨੇ ਜਿਨ੍ਹਾਂ ਨੇ ਉਕਤ ਉਪਾਅ ਅਪਣਾਏ ਹਨ ਉਹਨਾਂ ਨੇ ਆਪਣੇ ਸਾਧਨਾਂ ਤੋਂ ਪੈਸਾ ਇਕੱਠਾ ਕੀਤਾ ਹੈ। ਕਮਿਸ਼ਨ ਦੇ ਦੌਰਿਆਂ ਸਮੇਂ ਲਗਭਗ ਸਭ ਰਾਜ ਸਰਕਾਰਾਂ ਨੇ ਕਿਹਾ ਹੈ ਕਿ ਜਦ ਤਕ ਕੇਂਦਰ ਹੋਰ ਪਿਛੜੇ ਵਰਗਾਂ ਦੀ ਤਰੱਕੀ ਲਈ ਵਿਸ਼ੇਸ਼ ਯੋਜਨਾਵਾਂ ਖਾਤਰ ਖੁੱਲ ਦਿਲੀ ਨਾਲ ਪੈਸਾ ਦੇਣ ਲਈ ਤਿਆਰ ਨਹੀਂ ਹੁੰਦਾ ਤਦ ਤਕ ਹੋਰ ਪਿਛੜੇ ਵਰਗਾਂ ਦੇ ਫਾਇਦੇ ਦੀ ਕੋਈ ਲਾਭਕਾਰੀ ਯੋਜਨਾ 'ਤੇ ਕੰਮ ਕਰਨਾ ਰਾਜਾਂ ਦੀ ਮੁਹਈਆ ਸਾਧਨਾਂ ਨਾਲ ਸੰਭਵ ਨਹੀਂ ਹੋਵੇਗਾ।

(39) ਕਮਿਸ਼ਨ ਇਸ ਮਾਮਲੇ 'ਚ ਰਾਜ ਸਰਕਾਰ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੈ ਤੇ ਜ਼ੋਰਦਾਰ ਸਿਫਾਰਿਸ਼ ਕਰਦਾ ਹੈ ਕਿ ਹੋਰ ਪਿਛੜੇ ਵਰਗਾਂ ਲਈ ਖਾਸ ਕਰਕੇ ਤਿਆਰ ਕੀਤੇ ਗਏ ਸਾਰੇ ਵਿਕਾਸਸ਼ੀਲ ਪ੍ਰੋਗ੍ਰਾਮਾਂ ਨੂੰ ਉਸੇ ਢੰਗ ਅਤੇ ਉਸੇ ਸੀਮਾ ਤੱਕ ਕੇਂਦਰੀ ਸਰਕਾਰ ਵੱਲੋਂ ਪੈਸਾ ਦਿੱਤਾ ਜਾਣਾ ਚਾਹੀਦਾ ਹੈ। ਜਿਵੇਂ ਕਿ ਅਨਸੂਚਿਤ ਜਾਤੀਆਂ ਤੇ ਅਨਸੂਚਿਤ ਜਨਜਾਤੀਆਂ ਲਈ ਦਿੱਤਾ ਜਾਂਦਾ ਹੈ।

(40) ਕਮਿਸ਼ਨ ਦੀਆਂ ਸਿਫਾਰਿਸ਼ਾਂ ਨੂੰ ਅਮਲ 'ਚ ਲਿਆਉਣ ਦੇ ਅਰਸੇ ਬਾਰੇ ਕਮਿਸ਼ਨ ਦੀ ਸਿਫਾਰਿਸ਼ ਹੈ ਕਿ ਸਮੁੱਚੇ ਯੋਜਨਾ ਦੀ ਵੀਹ ਸਾਲ ਬਾਅਦ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। ਅਸੀਂ ਸੋਚ ਵਿਚਾਰ ਕੇ ਇਸ ਅਰਸੇ ਦਾ ਸੁਝਾਅ ਦਿੱਤਾ ਹੈ ਕਿਉਂਕਿ ਸਮਾਜਕ ਜਾਗਰੂਕਤਾ ਦੇ ਉਭਾਰ 'ਚ ਇਨ੍ਹਾਂ ਸਮਾਂ ਲੱਗ ਸਕਦਾ ਹੈ। ਥੋੜ੍ਹੇ ਸਮੇਂ ਪਿੱਛੋਂ ਦੀ ਅਜਿਹੀ ਸਮੀਖਿਆ ਉਚਤ ਨਹੀਂ ਹੋਵੇਗੀ ਅਤੇ ਸਾਡੇ ਸਿਫਾਰਿਸ਼ਾਂ ਹੋਰ ਪਿਛੜੇ ਵਰਗਾਂ ਦੇ ਮੌਜੂਦਾ ਪੱਧਰ 'ਤੇ ਜੀਵਨ ਜਾਂਚ ਤੇ ਸਹੀ ਅਸਰ ਨਹੀਂ ਦਿਖਾ ਸਕਣਗੀਆਂ।

# ਕੀ ਅਬਾਦੀ ਇਕ ਸਮੱਸਿਆ ਹੈ?

ਇਹ ਆਮ ਕਿਹਾ ਜਾਂਦਾ ਹੈ ਕਿ ਪਾਣੀ-ਬਿਜਲੀ ਦੀ ਸਮਸਿਆ, ਰੋਟੀ-ਰੋਜ਼ੀ ਦੀ ਸਮਸਿਆ, ਗਰੀਬੀ-ਬਦਹਾਲੀ ਦੀ ਸਮਸਿਆ, ਜ਼ੁਰਮ ਤੇ ਤਸਕਰੀ ਦੀ ਸਮਸਿਆ ਆਦਿ ਆਦਿ ਸਬੰਧੀ ਸਾਰੀਆਂ ਸਮਸਿਆਵਾਂ ਦੀ ਜੜ੍ਹ ਸਾਡੀ ਵਿਸ਼ਾਲ ਅਬਾਦੀ ਹੈ। ਇਸ ਗੱਲ ਸਬੰਧੀ ਕੁਲ ਮਿਲਾ ਕੇ ਇਕ ਆਮ ਰਾਇ ਬਣ ਜਾਂਦੀ ਹੈ। ਪਰ ਜੇ ਤੁਸੀਂ ਵੀ ਇਸ ਦਲੀਲ ਨਾਲ ਸਹਿਮਤ ਹੋ ਤਾਂ ਤੁਸੀਂ ਵੀ ਬਹੁਮਤ 'ਚ ਹੋ ਅਤੇ ਹੋਵੇ ਵੀ ਕਿਉਂ ਨਾ ਮਨੁੱਖ ਜਾਤੀ ਦੀ ਅਬਾਦੀ ਅੱਜ ਤਕਰੀਬਨ ਛੇ ਅਰਬ (ਬਿਲੀਅਨ) ਹੈ ਜੋ ਕਿ ਮਨੁੱਖੀ ਇਤਿਹਾਸ 'ਚ ਪਹਿਲੀ ਵਾਰੀ ਹੋਇਆ ਹੈ। ਸਾਡੇ ਆਪਣੇ ਦੇਸ਼ ਦੀ ਅਬਾਦੀ ਕਰੀਬ 110 ਕਰੋੜ ਹੈ ਯਾਨੀ ਹਰ ਛੇਵਾਂ ਵਿਅਕਤੀ ਭਾਰਤੀ ਹੈ। ਚਾਰੋਂ ਪਾਸੇ ਜਿੱਥੇ ਵੇਖੋ-ਸਰਕਾਰ ਤੋਂ ਲੈ ਕੇ ਬਜ਼ੁਰਗ ਵਰਗ, ਨੌਜਵਾਨ ਪੀੜੀ ਤੋਂ ਲੈ ਕੇ ਅਧੇੜ ਉਮਰ ਤਕ-ਇਸ 'ਦਿਓਕੱਦ' ਸਮਸਿਆ ਕਰਕੇ ਚਿੰਤਤ ਹਨ ਅਤੇ ਉਸ ਨਾਲ ਨਿਪਟਣ ਲਈ ਫ਼ਿਕਰ 'ਚ ਜੁੱਟੇ ਹੋਏ ਹਨ ਦੇਸ਼ੀ ਵਿਦੇਸ਼ੀ ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਇਸ ਸਮਸਿਆ ਨਾਲ ਜੂਝਣ ਲਈ ਪ੍ਰੋਜੈਕਟ ਬਣਾ ਰਹੀਆਂ ਹਨ। ਅਰਬਾਂ-ਖਰਬਾਂ ਰੁਪਏ ਖਰਚੇ ਜਾ ਰਹੇ ਹਨ। UNFPA (ਯੂਨਾਈਟਡ ਨੈਸ਼ਨਸ ਪਾਪੂਲੇਸ਼ਣ ਫੰਡ) ਇਕ ਪੂਰਾ ਅਦਾਰਾ ਹੈ। ਜੋ 1967 ਤੋਂ ਅਬਾਦੀ 'ਤੇ ਕੰਟਰੋਲ ਦੇ ਪ੍ਰੋਗ੍ਰਾਮਾਂ 'ਚ ਜੁਟਿਆ ਹੈ। ਜਾਹਿਰ ਹੈ ਕਿ ਉਹਨਾਂ ਦੀਆਂ ਸਾਰੀਆਂ ਯੋਜਨਾਵਾਂ ਤੀਜੀ ਦੁਨੀਆਂ ਦੇ ਦੇਸ਼ਾਂ 'ਤੇ ਕੇਂਦਰਿਤ ਹਨ। ਜਾਣਕਾਰਾਂ 'ਚ ਕੁਝ ਤਾਂ ਨਰਮੀ ਨਾਲ ਇਹਨਾਂ ਬੱਚੇ ਪੈਦਾ ਕਰਨ ਵਾਲੀਆਂ ਮਸ਼ੀਨਾਂ ਕਰਕੇ ਗ੍ਰਸਿਤ ਅਬਾਦੀ ਨੂੰ ਪਿਆਰ ਪੁਚਕਾਰ ਦੀ ਭਾਸ਼ਾ ਨਾਲ ਸਮਝਣ 'ਚ ਵਿਸ਼ਵਾਸ਼ ਰੱਖਦੇ ਹਨ। ਪਰ ਕੁਝ ਹਸਤੀਆਂ ਨੂੰ ਡਰ ਹੈ ਕਿ ਪਾਣੀ ਸਿਰ ਤੋਂ ਉਪਰ ਚਲਾ ਗਿਆ ਹੈ ਤੇ ਹੁਣ ਪਿਆਰ ਨਾਲ ਸਮਝਾਉਣ ਦੀ ਭਾਸ਼ਾ ਕੰਮ ਨਹੀਂ ਆਉਣੀ। ਹੁਣ ਤਾਂ ਇਹਨਾਂ ਨਾ ਸਮਝਾਂ 'ਤੇ ਜਬਰੀ ਕੁਝ ਤੌਰ ਤਰੀਕਿਆਂ ਦੀ ਵਰਤੋਂ ਕਰਨੀ ਪਵੇਗੀ। ਵਰਨਾ ਇਹ ਧਰਤੀ ਹੀ ਸੰਕਟ ਵਿਚ ਆ ਜਾਵੇਗੀ ਅਤੇ ਅਸੀਂ ਇਹ ਵੇਖ ਰਹੇ ਹਾਂ ਕਿ ਬੁਧੀਜੀਵੀਆਂ ਤੇ ਪਾਲਸੀ ਬਣਾਉਣ ਵਾਲੇ ਅਹਿਮ ਤਬਕੇ 'ਚ ਇਹ ਦੂਜਾ ਢੰਗ ਅਪਣਾਉਣ ਵਾਲੇ ਜ਼ੋਰ ਫੜਦੇ ਨਜ਼ਰ ਆ ਰਹੇ ਹਨ। ਹੁਣ ਇਹ ਤਾਂ ਤੁਸੀਂ ਆਪ ਹੀ ਮੰਨੋਗੇ ਕਿ ਇੱਕੀਵੀਂ ਸਦੀ 'ਚ ਦਾਖਲ ਹੋਣ ਦੇ ਬਾਵਜੂਦ ਮਨੁੱਖੀ ਸਮਾਜ ਭਿਅੰਕਰ ਤੰਗੀ, ਬਦਹਾਲੀ ਤੇ ਗਰੀਬੀ ਨਾਲ ਜੂਝ ਰਿਹਾ ਹੈ। ਸ਼ਹਿਰਾਂ ਦੀਆਂ ਗੰਦੀਆਂ ਬਸਤੀਆਂ ਤੋਂ ਲੈ ਕੇ ਪਿੰਡ ਤਕ, ਅਫਰੀਕਾ ਤੇ ਏਸ਼ੀਆ ਤੋਂ ਲੈ ਕੇ ਲਤੀਨੀ ਅਮਰੀਕਾ ਤਕ, ਇਥੋਂ ਤਕ ਕਿ ਕਈ ਵਿਕਸਤ ਦੇਸ਼ ਵੀ ਬੁਨਿਆਦੀ ਸਮਸਿਆਵਾਂ ਨਾਲ ਗ੍ਰਸਿਤ ਹਨ। ਇਕ ਤਾਜ਼ਾ ਰਿਪੋਰਟ ਅਨੁਸਾਰ ਅਮਰੀਕਾ 'ਚ ਵੀ 490 ਲੱਖ ਲੋਕ ਭੁੱਖੇ ਸੌਂਦੇ ਹਨ। (ਨਿਊਯਾਰਕ ਟੀਈਮਜ਼, 18 ਨਵੰਬਰ 2009) ਤਾਂ ਕੀ ਅਸੀਂ ਵੀ ਇਹ ਮੰਨ ਲਈਏ ਕਿ ਅਬਾਦੀ ਹੀ ਕੁਲ ਸਮਸਿਆ ਦੀ ਜੜ੍ਹ ਹੈ। ਆਓ ਵਿਸਥਾਰ ਨਾਲ ਵੇਖੀਏ। ਅਧੁਨਿਕ ਇਤਿਹਾਸ ਵਿਚ, ਵਧਦੀ ਅਬਾਦੀ ਦੇ ਖਤਰੇ 'ਤੇ ਵਿਉਂਤਬੱਧ ਤਰੀਕੇ ਨਾਲ ਰੋਸ਼ਨੀ ਪਾਉਣ ਵਾਲੇ ਸ਼ਾਇਦ ਸਭ ਤੋਂ ਪਹਿਲੇ ਸਖਸ਼ ਹਨ-ਰੇਵਰੇਂਡ ਥਾਮਸ ਮਾਲਥਸ। ਇਹ ਅੰਗਰੇਜ਼ ਪਾਦਰੀ ਆਪਣੇ ਆਪ ਨੂੰ ਗੁਣੀ ਗਿਆਨੀ ਸਮਝਦੇ ਹਨ ਅਤੇ ਸਮਾਜਕ ਸਮਸਿਆਵਾਂ ਦਾ ਅਧਾਰ ਲੱਭਣ 'ਚ ਰੁਝੇ ਰਹਿੰਦੇ ਹਨ। ਅਠਾਰਵੀਂ ਸਦੀ ਦੇ ਅੰਤ

ਵਿਚ ਇੰਗਲੈਂਡ 'ਚ ਸਨਅਤੀ ਇਨਕਲਾਬ ਜ਼ੋਰ ਫੜ ਰਿਹਾ ਸੀ। ਇਸ ਦਾ ਅਸਰ ਕਾਰੋਬਾਰੀ ਸਮਾਜ 'ਤੇ ਤਾਂ ਬਹੁਤ ਫਾਇਦੇਮੰਦ ਸੀ ਪਰ ਆਮ ਲੋਕਾਂ ਦੀ ਹਾਲਤ ਬਹੁਤ ਤਰਸਯੋਗ ਸੀ। ਲੋਕ ਭੁੱਖ ਨਾਲ ਬੇਹਾਲ, ਮੌਸਮ ਨਾਲ ਜੂਝਣ 'ਚ ਨਾਕਾਮ, ਮੱਖੀਆਂ ਵਾਂਗੂ ਮਰ ਰਹੇ ਸਨ। ਸ਼ਹਿਰਾਂ ਦਾ ਇਹ ਹਾਲ ਸੀ ਕਿ ਚਾਰੇ ਪਾਸੇ ਗੰਦਗੀ ਦਾ ਮੰਜ਼ਰ, ਇਕ-ਇਕ ਕਮਰੇ 'ਚ 20-25 ਲੋਕ ਫਸੇ ਰਹਿਣ ਲਈ ਬੇਵਸ, ਤਿੰਨ ਚਾਰ ਸਾਲ ਦੇ ਬੱਚੇ ਵੀ ਫੈਕਟਰੀ ਤੇ ਖਾਣਾ ਦੇ ਦਮਘੋਟੂ ਮਹੌਲ 'ਚ ਕੰਮ ਕਰਨ ਲਈ ਮਜ਼ਬੂਰ। ਆਮ ਬੀਮਾਰੀ ਵੀ ਹਰ ਵਾਰੀ ਮਹਾਂਮਰੀ ਦਾ ਰੂਪ ਲੈ ਲੈਂਦੀ।

ਇਸ ਮਾਹੌਲ 'ਚ ਸਾਡੇ ਰੇਵਰੈਂਡ ਮਾਲਥਸ ਨੇ ਇਹ ਹਿਸਾਬ ਲਾਇਆ ਕਿ ਅਬਾਦੀ ਤਾਂ 2, 4, 8, 16, 32 ਦੀ ਰਫਤਾਰ ਨਾਲ ਵਧ ਰਹੀ ਹੈ। ਅਨਾਜ ਦੀ ਪੈਦਾਵਾਰ ਸਿਰਫ 2, 4, 6, 8, 10 ਦੀ ਰਫਤਾਰ ਨਾਲ ਵਧਦੀ ਹੈ। ਇਸ ਕਾਰਨ ਜਲਦੀ ਦੀ ਅਬਾਦੀ ਇੰਨੀ ਵਧ ਜਾਵੇਗੀ ਕਿ ਧਰਤੀ ਤੇ ਅਨਾਜ ਦਾ ਸੰਕਟ ਪੈਦਾ ਹੋ ਜਾਵੇਗਾ। ਮਾਲਥਸ ਸਾਹਿਬ ਆਪਣੀ ਇਸ ਖੋਜ ਨਾਲ ਇੰਨੇ ਪ੍ਰਭਾਵਿਤ ਹੋ ਗਏ ਕਿ ਉਹਨਾਂ ਨੇ 1798 'ਚ ਇਕ ਕਿਤਾਬ ਲਿਖੀ 'ਏਨ ਏਸੇ ਆਨ ਦੀ ਪ੍ਰਿੰਸੀਪਲ ਆਫ ਪਾਪੂਲੇਸ਼ਨ' ਉਸ ਕਿਤਾਬ 'ਚ ਉਹਨਾਂ ਨੇ ਇਸ "ਵਿਕਰਾਲ" ਸਮਸਿਆ ਬਾਰੇ ਵਿਸਥਾਰ 'ਚ ਲਿਖਿਆ ਇਹ ਵੀ ਭਵਿੱਖਬਾਣੀ ਕੀਤੀ ਕਿ ਸੰਨ 1890 'ਚ ਮਨੁੱਖੀ ਅਬਾਦੀ ਸਮੁੱਚੀ ਅਨਾਜ ਪੈਦਾਵਾਰ ਨੂੰ ਪਾਰ ਕਰ ਜਾਵੇਗੀ। ਇਕ ਅੱਛੇ ਖੋਜ ਕਰਤਾ ਦੀ ਤਰਜ 'ਤੇ ਉਹਨਾਂ ਨੇ ਇਸ ਭਿਅੰਕਰ ਸੰਕਟ ਤੋਂ ਉਭਰਨ ਦਾ ਉਪਾਅ ਵੀ ਸੁਝਾਇਆ। ਉਪਾਅ ਸਿੱਧਾ ਸੀ "ਅਮੀਰ ਤਬਕੇ ਦੇ ਹਿੱਸੇ ਲੋੜੀਂਦੇ ਸਾਧਨ ਬਣਾਈ ਰੱਖਣ ਲਈ ਗਰੀਬਾਂ ਨੂੰ ਮਾਰਨਾ ਹੋਵੇਗਾ" ਉਹਨਾਂ ਦੀ ਕਿਤਾਬ ਦੀ ਕੁਝ ਲਾਇਨਾਂ ਇਸ ਤਰ੍ਹਾਂ ਹਨ। ਅਬਾਦੀ ਨੂੰ ਇਕ ਸੰਤੁਲਤ ਮਾਤਰਾ 'ਚ ਬਣਾਈ ਰੱਖਣ ਲਈ ਜਿੰਨੇ ਬੱਚੇ ਜ਼ਰੂਰੀ ਹਨ, ਉਹਨਾਂ ਦੇ ਜ਼ਿਆਦਾਤਰ ਬੱਚਿਆਂ ਨੂੰ ਜ਼ਰੂਰ ਖਤਮ ਹੋ ਜਾਣਾ ਹੋਵੇਗਾ। ਨਹੀਂ ਤਾਂ ਬਾਲਗਾਂ ਨੂੰ ਮਾਰ ਕੇ ਉਹਨਾਂ ਲਈ ਥਾਂ ਬਣਾਉਣੀ ਪਵੇਗੀ। ਇਸ ਲਈ ਸਾਨੂੰ ਕੁਦਰਤੀ ਨਿਯਮਾਂ ਨਾਲ ਮੌਤ ਸੌਖੀ ਕਰਨੀ ਪਵੇਗੀ। ਨਾ ਕਿ ਬੇਵਕੂਫੀ ਵਸ਼ ਉਸ 'ਚ ਅੜਿੱਕਾ ਲਾਓ ਅਤੇ ਜੇ ਸਾਨੂੰ ਵਾਰ ਵਾਰ ਆਉਣ ਵਾਲੀ ਭੁੱਖ ਮੱਠੀ ਤੋਂ ਡਰ ਲੱਗਦਾ ਹੈ ਤਾਂ ਸਾਨੂੰ ਪੱਕੀ ਲਗਨ ਨਾਲ ਦੂਜੀਆਂ ਵਿਨਾਸ਼ਕਾਰੀ ਤਾਕਤਾਂ ਨੂੰ ਹੱਲਾਸ਼ੇਰੀ ਦੇਣੀ ਪਵੇਗੀ। ਜੋ ਕੁਦਰਤ ਨੂੰ ਮਜ਼ਬੂਰਨ ਅਪਨਾਉਣੀ ਪੈਂਦੀ ਹੈ। ਸਾਨੂੰ ਗਰੀਬਾਂ ਨੂੰ ਸਾਫ਼ ਸੁਥਰਾ ਰੱਖਣ ਦੀ ਬਜਾਏ ਗੰਦਗੀ ਦੀ ਆਦਤ ਪਾਉਣੀ ਪਵੇਗੀ। ਆਪਣੇ ਸ਼ਹਿਰਾਂ ਵਿਚ ਸਾਨੂੰ ਹੋਰ ਭੀੜੀਆਂ ਗਲੀਆਂ ਬਣਾਉਣੀਆਂ ਪੈਣਗੀਆਂ ਤੇ ਘਰਾਂ 'ਚ ਹੋਰ ਵੱਧ ਲੋਕ ਠੋਸਣੇ ਪੈਣਗੇ ਅਤੇ ਸਾਨੂੰ ਪਲੇਗ ਵਰਗੀਆਂ ਮਹਾਂਮਾਰੀਆਂ ਨੂੰ ਖੁੱਲ੍ਹੇਆਮ ਸੱਦਾ ਦੇਣਾ ਪਵੇਗਾ। ਪਿੰਡਾਂ ਵੱਲ ਸਾਨੂੰ ਪੂਰੇ ਪੂਰੇ ਕਸਬੇ ਗੰਦੇ, ਸੜਦੇ ਹੋਏ ਛੱਪੜ, ਨਾਲੇ ਦੇ ਨੇੜੇ ਬਸਾਉਣੇ ਹੋਣਗੇ ਅਤੇ ਲੋਕਾਂ ਨੂੰ ਬੇਨਤੀ ਕਰਨੀ ਹੋਵੇਗੀ ਕਿ ਉਹ ਆਪਣੇ ਘਰ ਵੱਧ ਤੋਂ ਵੱਧ ਬਿਮਾਰੀਆਂ ਵਾਲੀਆਂ ਥਾਵਾਂ 'ਤੇ ਬਣਾਉਣ (ਏਨ ਏਸੇ ਆਨ ਪ੍ਰਿੰਸੀਪਲ ਆਫ ਪਾਪੂਲੇਸ਼ਨ)।

ਮਾਲਥਸ ਸਭ ਤੋਂ ਵੱਧ ਨਰਾਜ਼ ਡਾਕਟਰਾਂ ਵਿਚੋਂ ਸਨ। ਉਹਨਾਂ ਦਾ ਕਹਿਣਾ ਸੀ ਕਿ ਇਹ "ਭੋਲੇ ਪਰ ਗੁਮਰਾਹ ਲੋਕ ਮਨੁੱਖ ਜਾਤੀ ਦੀ ਭਲਾਈ ਦੇ ਨਾਂ ਹੇਠ ਉਸ ਦਾ ਪੂਰੀ ਤਰ੍ਹਾਂ ਵਿਨਾਸ਼ ਕਰਨ 'ਤੇ ਤੁਲੇ ਹੋਏ ਹਨ।" ਇਹ ਕਿਤਾਬ ਬਹੁਤ ਹਰਮਨ

ਪਿਆਰੀ ਰਹੀ ਖਾਸ ਕਰਕੇ ਅਮੀਰ ਤਬਕੇ ਵਿਚ। ਯਾਦ ਰਹੇ ਕਿ ਮਾਲਥਸ 'ਤੇ ਉਹਨਾਂ ਦੇ ਪ੍ਰਸ਼ੰਸ਼ਕ ਸਮਰਥਕ ਪਿਛੜੇ ਦੇਸ਼ਾਂ ਦੀ ਨਹੀਂ ਬਲਕਿ ਉਸ ਜ਼ਮਾਨੇ ਦੇ ਸਭ ਤੋਂ ਉਨਤ ਤਾਕਤਵਰ ਤੇ ਅਮੀਰ ਦੇਸ਼ ਇੰਗਲੈਂਡ ਦੀ ਗੱਲ ਕਰ ਰਹੇ ਸਨ। ਉਹਨਾਂ ਪਿੱਛੋਂ ਇਹਨਾਂ ਸਵਾ ਦੋ ਸੌ ਸਾਲਾਂ ਵਿਚ ਕਈ ਵਾਰ ਇਸ ਵਿਚਾਰ ਨੇ ਤੂਲ ਫੜਿਆ। ਉਨੀਵੀਂ ਸਦੀ ਦੇ ਉਤਰਾਅ 'ਚ ਡਾਰਵਿਨ ਤੇ ਫਿਰ ਉਹਨਾਂ ਪਿੱਛੋਂ ਉਹਨਾਂ ਦੇ ਰਿਸ਼ਤੇਦਾਰ ਫਰਾਂਸੀਸ ਗਾਲਡਨ ਨੇ ਇਸ ਵਿਚਾਰ ਨੂੰ ਵਿਗਿਆਨਕ ਤਰਕ ਦਾ ਜਾਮਾ ਪਹਿਨਾਇਆ। ਉਹਨਾਂ ਦਾ ਮੰਨਣਾ ਸੀ ਕਿ ਗਰੀਬਾਂ ਦੀ ਵੱਡੀ ਗਿਣਤੀ 'ਚ ਵਾਧਾ ਨਾਲ ਮਨੁੱਖੀ ਨਸਲ ਹੌਲੀ-ਹੌਲੀ ਮੰਦ ਬੁੱਧੀ ਹੁੰਦੀ ਜਾ ਰਹੀ ਹੈ। (ਕਿਉਂਕਿ ਗਰੀਬ ਮੰਦ ਬੁੱਧੀ ਹੁੰਦੇ ਹਨ ਤੇ ਉਹਨਾਂ ਦੀ ਗਿਣਤੀ ਵਧਣ ਨਾਲ ਔਸਤਨ ਬੁੱਧੀ ਘਟ ਜਾਵੇਗੀ) ਇਸ ਅਮਲ ਨੂੰ ਰੋਕਣ ਲਈ ਗਾਲਟਨ ਸਾਹਿਬ ਨੇ "ਯੂ ਜੈ ਨਿਕਸ" ਦੀ ਪ੍ਰਣਾਲੀ ਦਾ ਸੁਝਾਅ ਦਿੱਤਾ। ਸਾਧਾਰਨ ਭਾਸ਼ਾ 'ਚ ਇਸ ਦਾ ਮਤਲਬ ਹੈ-"ਅੱਛੀ ਨਸਲ ਦਾ ਪ੍ਰਜਨਨ" ਉਸ ਪਿੱਛੋਂ ਮਾਰਗਰੇਟ ਸੈਂਗਰ ਨਾਂ ਦੀ ਇਕ ਪ੍ਰਸਿੱਧ ਸਮਾਜ ਸੇਵੀ ਔਰਤ ਨੇ "ਪਲੈਂਡ ਪੈਰਟਹੁੱਡ" ਦੀ ਸ਼ੁਰੂਆਤ ਕੀਤੀ ਯਾਨੀ ਵਿਉਂਤਬੱਧ ਮਾਤਰਿਤਵ ਉਹਨਾਂ ਦਾ ਮੰਨਣਾ ਸੀ ਕਿ ਗਰੀਬਾਂ ਦੀ ਮਦਦ ਕਰਨਾ ਮਨੁੱਖਤਾ ਦੇ ਖਿਲਾਫ ਹੈ ਅਤੇ ਮਾਨਵ ਜਾਤੀ ਨੂੰ ਉਸ ਦੀ ਭਾਰੀ ਕੀਮਤ ਚਕਾਉਣੀ ਪੈ ਸਕਦੀ ਹੈ। ਸੈਂਗਰ ਦਾ ਮੰਨਣਾ ਸੀ ਕਿ ਗਰੀਬਾਂ ਨੂੰ ਬੱਚੇ ਪੈਦਾ ਹੀ ਨਹੀਂ ਕਰਨੇ ਚਾਹੀਦੇ ਅਤੇ ਲੋੜ ਪੈਣ 'ਤੇ ਉਹਨਾਂ ਦੀ ਨਸਬੰਦੀ ਕਰਵਾ ਦੇਣੀ ਚਾਹੀਦੀ ਹੈ। ਉਹਨਾਂ ਦਾ ਕਹਿਣਾ ਸੀ ਕਿ ਜਿਵੇਂ ਸੁੰਦਰ ਬਗੀਚੇ ਬਣਾਉਣ ਲਈ ਘਾਹ ਫੂਸ ਪੁੱਟ ਕੇ ਸੁੱਟਣਾ ਜ਼ਰੂਰੀ ਹੈ ਉਸੇ ਤਰ੍ਹਾਂ ਹੀ ਗੁਣਵੰਣਤਾ ਬਣਾਈ ਰੱਖਣ ਲਈ ਗਰੀਬ ਲੋਕਾਂ ਨੂੰ ਬੱਚੇ ਪੈਦਾ ਕਰਨੋ ਰੋਕਣਾ ਲਾਜ਼ਮੀ ਹੈ। ਉਹਨਾਂ ਦਾ ਇਹ ਤਰਕ ਉਸ ਵੇਲੇ ਦੇ ਧਨੀ ਲੋਕਾਂ ਨੂੰ ਖੂਬ ਭਾਇਆ। ਜਿਵੇਂ ਕਿ ਮਕਫੈਲਰ, ਡਿਊਕ, ਲਾਸਕਰ, ਡੁਪੌਂਟ ਆਦਿ ਨੂੰ। ਵੀਹਵੀਂ ਸਤਾਬਦੀ ਦੇ ਵਿਚ ਵਿਚ ਜਰਮਨਾਂ ਨੇ ਇਸ ਨੂੰ ਅਮਲ 'ਚ ਲਿਆਉਣ ਦੀ ਕੋਸ਼ਿਸ਼ ਕੀਤੀ। ਇਸ ਕਾਰਨ ਕਰੀਬ 60 ਲੱਖ ਬਹੁਦੀਆਂ ਦੀ ਹੱਤਿਆ ਕਰ ਦਿੱਤੀ ਗਈ। ਉਸ ਪਿੱਛੋਂ ਹਰ ਕੁਝ ਸਾਲਾਂ 'ਚ ਇਹ ਅਬਾਦੀ ਦਾ ਜਬਰਨ ਕੰਮ ਕਰਨ ਵਾਲਾ ਮੁੱਦਾ ਜ਼ੋਰ ਫੜਦਾ ਆਇਆ ਹੈ। ਅਮਰਜੈਂਸੀ ਦੌਰਾਨ ਇਸ ਦੇਸ਼ 'ਚ ਸੰਜੇ ਗਾਂਧੀ ਦੀ ਅਗਵਾਹੀ 'ਚ ਜੋ ਮੁਹਿੰਮ ਛੇੜੀ ਗਈ ਉਸ ਦੀ ਯਾਦਾਂ ਅੱਜ ਵੀ ਡਰਾਉਣੀਆਂ ਬਣ ਕੇ ਸਾਨੂੰ ਸਤਾਉਂਦੀਆਂ ਹਨ। ਪਿਛਲੇ ਕੁਝ ਸਾਲਾਂ ਤੋਂ ਇਹ ਵਿਚਾਰ ਫਿਰ ਜ਼ੋਰ ਸ਼ੋਰ ਨਾਲ ਵਾਪਸ ਆ ਰਿਹਾ ਹੈ। ਕਈਆਂ ਨੂੰ ਕਹਿੰਦੇ ਸੁਣਿਆ ਜਾਂਦਾ ਹੈ ਕਿ "ਸਾਹਿਬ ਹੁਣ ਅੱਛਾ ਲੱਗੇ ਜਾਂ ਬੁਰਾ" ਤਰੀਕਾ ਤਾਂ ਇਹੀ ਹੈ। ਹੁਣ ਸਰਜਨ ਦੀ ਸੂਈ ਹੇਠਾਂ ਆਉਣਾ ਕਿਸ ਨੂੰ ਚੰਗਾ ਲੱਗਦਾ ਹੈ ਪਰ ਜਦ ਅੰਗ ਸੜ ਜਾਵੇ ਜਾਂ ਫਿਰ ਕੈਂਸਰ ਹੋਵੇ ਤਾਂ ਫਿਰ ਉਸ ਦੇ ਬਿਨਾਂ ਚਾਰਾ ਨਹੀਂ। ਹੁਣ ਚੀਨ ਨੂੰ ਹੀ ਵੇਖ ਲੋ ਕਿੰਨਾ ਅੱਗੇ ਨਿਕਲ ਗਿਆ। ਉਸ ਦਾ ਸਖਤ 'ਇਕ ਬੱਚਾ ਪਰਿਵਾਰ ਕਨੂੰਨ, ਹੀ ਇਸ ਦਾ ਮੁੱਖ ਕਾਰਨ ਹੈ" ਇਹਨਾਂ ਸਾਰੇ ਗੁਣੀ ਗਿਆਨੀ ਸੈਂਕੜੇ ਸਾਲਾਂ ਤੋਂ ਜੋ ਗੱਲ ਕਰ ਰਹੇ ਹਨ ਤਾਂ ਚਲੋ ਥੋੜ੍ਹੀ ਦੇਰ ਲਈ ਮਨ ਹੀ ਲੈਂਦੇ ਹਾਂ ਕਿ ਬਹੁਜਨ ਦੀ ਭਲਾਈ ਲਈ ਕੁਝ ਲੋਕਾਂ ਨੂੰ ਕੁਰਬਾਨੀ ਕਰਨੀ ਪੈਣੀ ਹੈ। ਹੁਣ ਮਨ ਮਾਰ ਕੇ ਇਹ ਕਦਮ ਵੀ ਜੇ ਚੁੱਕਣਾ ਪਵੇ ਤਾਂ ਵੇਖਦੇ ਹਾਂ ਕਿ ਇਸ ਦਾ ਅਸਰ ਕੀ ਹੋਵੇਗਾ। ਕਿੰਨੇ ਲੋਕਾਂ ਦੇ ਘਟ ਹੋ ਜਾਣ ਨਾਲ ਸਥਿਤੀ 'ਚ ਗੁਣਾਤਮਕ ਤਬਦੀਲੀ ਆਵੇਗੀ। 10 ਫੀਸਦੀ 20

ਫੀਸਦੀ 30-40 ਫੀਸਦੀ ਜਾਂ 50 ਫੀਸਦੀ ਚਲੋ 20 ਫੀਸਦੀ ਮੰਨ ਕੇ ਚਲਦੇ ਹਾਂ। ਆਓ ਵੇਖੀਏ 20 ਫੀਸਦੀ ਅਬਾਦੀ ਘਟ ਹੋਣ ਨਾਲ ਕੀ ਫਰਕ ਪਵੇਗਾ। ਹੇਠਾਂ ਤੋਂ 20 ਫੀਸਦੀ ਅਬਾਦੀ ਘੱਟ ਹੋਣ ਨਾਲ ਯਾਨੀ ਸੌ ਵਿਚੋਂ ਸਭ ਤੋਂ ਗਰੀਬ 20 ਫੀਸਦੀ ਲੋਕ ਅਤੇ ਉਪਰੋਂ ਸਭ ਤੋਂ ਅਮੀਰ 20 ਫੀਸਦੀ ਲੋਕ ਘਟਣ ਨਾਲ ਸਾਧਨਾਂ ਦੀ ਉਪਲੱਭਤਾ 'ਚ ਕਿੰਨਾ ਫਰਕ ਆਵੇਗਾ। 20 ਫੀਸਦੀ ਅਬਾਦੀ ਘਟ ਹੋਣ 'ਤੇ ਨਿਸ਼ਚਤ ਤੌਰ 'ਤੇ ਸਾਧਨਾਂ ਦੀ ਉਪਲੱਭਤਾ 'ਚ ਕਮੀ ਆਵੇਗੀ। ਪਰ ਇਹ ਨੀਚੇ ਦੇ 20 ਫੀਸਦੀ ਗਰੀਬਾਂ ਦੀ ਬਜਾਏ ਉਪਰ ਦੇ 20 ਫੀਸਦੀ ਅਮੀਰਾਂ ਨੂੰ ਹਟਾਉਣਾ ਹੋਵੇਗਾ। ਕੁਲ ਨਿਜੀ ਖਪਤ ਤੇ ਖਰਚ ਦਾ 86 ਫੀਸਦੀ ਲੋਕ ਖਪਤ ਕਰ ਰਹੇ ਹਨ। ਪਰ ਉਹ ਉਸ ਨੂੰ ਘੱਟ ਕਰਨ ਤਾਂ ਕਾਫੀ ਬਚੇ ਲੋਕਾਂ ਨੂੰ ਔਸਤਨ ਵਰਤਮਾਨ 'ਚ ਮੁਹਈਆ ਵਸਤਾਂ ਨਾਲ (ਜੋ 14 ਫੀਸਦੀ ਹੈ) 6 ਗੁਣਾ ਜ਼ਿਆਦਾ ਆਦਿ ਤਾਂ ਫਿਰ ਕਰ ਦਿੱਤੀ ਜਾਵੇ ਇਹ ਨੀਤੀ ਲਾਗੂ? ਕੀ ਸੰਜੇ ਗਾਂਧੀ ਦੀ ਹਮਾਇਤ ਕਰਨ ਵਾਲੇ ਵੱਡੇ ਵੱਡੇ ਵਿਦਵਾਨ ਇਸ ਨੀਤੀ ਤੇ ਆਪਣੀ ਮੋਹਰ ਲਾਉਣਗੇ? ਜਾਂ ਫਿਰ ਗਰੀਬ ਵਿਚਾਰਿਆਂ ਤੇ ਜੋ ਆਪਣੀ ਗੱਲ ਕਿਸੇ ਗੋਸਟੀ ਵਿਚ ਰੱਖ ਨਹੀਂ ਸਕਦੇ। ਅਸਾਨੀ ਨਾਲ ਲਾਗੂ ਹੋਣ ਵਾਲੇ ਨਿਯਮ ਅਮੀਰਾਂ 'ਤੇ ਆਉਂਦੇ ਹੀ ਕਿਉਂ ਡਾਵਾਂ-ਡੋਲ ਹੋ ਜਾਂਦੇ ਹਨ? ਆਖਰ ਇਹਨਾਂ ਗਰੀਬਾਂ ਦਾ ਸਫਾਇਆ ਕਰਨ ਨਾਲ ਕਿੰਨਾ ਕੁ ਬਚੇਗਾ? ਸੌ ਵਿਚੋਂ ਹੇਠਾਂ ਤੋਂ 20 ਲੋਕ ਘਟ ਹੋਣ ਤੇ ਸਿਰਫ ਇਕ ਫੀਸਦੀ, 1.5 ਫੀਸਦੀ ਸਦੀ ਜਾਂ ਵੱਧ ਤੋਂ ਵੱਧ ਚਾਰ ਫੀਸਦੀ, ਹੋਇਆ ਨਾਲ ਹਿਸਾਬ ਟੇਡਾ? ਆਓ ਮਰਨ ਮਾਰਨ ਤੋਂ ਥੋੜ੍ਹਾ ਹਟ ਕੇ ਠੰਡੇ ਦਿਮਾਗ ਨਾਲ ਇਹ ਪਤਾ ਲਾਈਏ ਕਿ ਆਖਰ ਸਾਡੀ ਧਰਤੀ 'ਤੇ ਕਿੰਨੇ ਸਾਧਨ ਹਨ ਅਤੇ ਸਹੀ ਢੰਗ ਨਾਲ ਵੰਡ ਕਰਨ 'ਤੇ ਹਰੇਕ ਦੇ ਹਿੱਸੇ ਕਿੰਨਾ ਆਉਂਦਾ ਹੈ? ਅਸੀਂ ਬੁਨਿਆਦੀ ਲੋੜਾਂ 'ਤੇ ਗੌਰ ਕਰਦੇ ਹਾਂ। ਪਹਿਲਾਂ ਰਹਿਣ ਖਾਤਰ ਜਗ੍ਹਾ ਨੂੰ ਹੀ ਲਓ। ਹੁਣ ਆਪ ਦੇ ਹਿਸਾਬ ਨਾਲ ਇਕ ਵਿਅਕਤੀ ਨੂੰ ਰਹਿਣ ਲਈ ਕਿੰਨੀ ਥਾਂ ਚਾਹੀਦੀ ਹੈ? ਹੁਣ ਰਹਿਣ ਨੂੰ ਤਾਂ ਸੁਣਿਆ ਹੈ ਮੁੰਬਈ ਵਰਗੇ ਸ਼ਹਿਰਾਂ 'ਚ 8 ਫੁੱਟ ਗੁਣਾ 8 ਫੁੱਟ ਦੇ ਕਮਰੇ 'ਚ 6-8 ਆਦਮੀ ਰਹਿ ਲੈਂਦੇ ਹਨ-ਹਰ ਦਿਨ ਜਨਤਕ ਗੁਸਲਖਾਨੇ ਲਈ ਘੰਟਿਆਂ ਲਾਈਨ 'ਚ ਲਗਣਾ ਪੈਂਦਾ ਹੈ। ਮਲੀਨ ਬਸਤੀਆਂ ਵਿਚ ਤਾਂ ਪੋਲੀਥੀਨ ਦੇ ਛੱਪਰਾਂ ਹੇਠਾਂ ਕਰੋੜਾਂ ਆਦਮੀ ਗੁਜਾਰਾ ਕਰਦੇ ਹਨ ਜਿਥੇ ਭਾਰਤੀ ਰੇਲ ਦੀ ਪਟੜੀ ਟੱਟੀ ਜਾਣ ਦੀ ਇਕੋ ਇਕੋ ਥਾਂ ਹੈ, ਪਰ ਇਥੇ ਇਸ ਦੀ ਗੱਲ ਨਹੀਂ ਕਰ ਰਿਹਾ ਹਾਂ। ਮੈਂ ਤਾਂ ਇਹ ਅਨੁਮਾਨ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਬੰਦੇ ਵਾਂਗੂੰ ਜਿਉਣ ਲਈ, ਠੀਕ ਠਾਕ ਸਹੂਲਤ, ਆਰਾਮ ਲਈ ਕਿੰਨੀ ਥਾਂ ਦੀ ਲੋੜ ਹੈ? ਆਪਾਂ ਦੂਜੀ ਤਰ੍ਹਾਂ ਨਾਲ ਹਿਸਾਬ ਲਾਉਂਦੇ ਹਾਂ। ਅਜੇ ਇਸ ਧਰਤੀ ਤੇ ਅਬਾਦੀ ਕਰੀਬ 6.5 ਅਰਬ (ਬਿਲੀਅਨ) ਹੈ। ਕੀ ਆਪ ਨੂੰ ਪਤਾ ਹੈ ਕਿ ਜੇ ਅਸੀਂ ਹਰ ਬੰਦੇ ਨੂੰ ਕਰੀਬ 1240 ਵਰਗਫੁੱਟ ਥਾਂ ਦੇਈਏ (ਜਿਵੇਂ ਸ਼ਹਿਰਾਂ 'ਚ HIG ਕੁਆਟਰ ਦੇ ਬਰਾਬਰ) ਤਾਂ ਇਸ ਹਿਸਾਬ ਨਾਲ ਧਰਤੀ ਦੇ ਸਾਰੇ ਲੋਕਾਂ ਨੂੰ ਵਸਾਉਣ ਲਈ ਕਿੰਨੀ ਥਾਂ ਚਾਹੀਦੀ ਹੈ? ਸਾਡੇ ਦੇਸ਼ ਦੇ ਦੋ ਸੂਬਿਆਂ ਮਹਾਂਰਾਸ਼ਟਰ ਤੇ ਮੱਧ ਪ੍ਰਦੇਸ਼ ਦੇ ਖੇਤਰਫਲ (ਕੁਲ 8000 ਵਰਗ ਫੁੱਟ) ਜਿੰਨੀ ਥਾਂ ਹੁਣ ਥੋੜੀ ਹੋਰ ਗਿਣਤੀ। ਕਿਉਂਕਿ ਅਮੂਮਨ ਇਨਸਾਨ ਇਕਲਾ ਘਰੇ ਨਹੀਂ ਰਹਿੰਦਾ ਪ੍ਰੀਵਾਰ 'ਚ ਰਹਿੰਦਾ ਹੈ। ਇਹ ਮੰਨ ਲਈਏ ਕਿ ਚਾਰ ਚਾਰ ਵਿਅਕਤੀਆਂ ਦਾ ਪ੍ਰੀਵਾਰ ਹੈ। ਤਾਂ ਫਿਰ ਉਸ ਖੇਤਰਫਲ ਵਿਚ ਇਕ ਇਕ ਪ੍ਰੀਵਾਰ ਨੂੰ ਕਰੀਬ 5000 ਵਰਗ ਫੁੱਟ

ਥਾਂ ਮਿਲੇਗੀ। ਯਾਨੀ ਇਕ ਵੱਡਾ ਘਰ ਸਾਰੀਆਂ ਸਹੂਲਤਾਂ ਸਮੇਤ ਸਾਰੇ ਫੁੱਲਾਂ ਦਾ ਬਗੀਚਾ, ਪਿੱਛੇ ਸਬਜ਼ੀਆਂ ਦੀਆਂ ਕਿਆਰੀਆਂ। ਸ਼ਾਇਦ ਥੋੜੀ ਖੇਤੀ ਵੀ ਇਕ ਅੱਧ ਪਸ਼ੂ ਬੰਨਣ ਦੀ ਥਾਂ ਵੀ ਨਿਕਲ ਆਵੇਗੀ। ਸੋਚੋ, ਸਾਰੀ ਦੁਨੀਆਂ ਦੀ ਅਬਾਦੀ ਸਿਰਫ ਦੋ ਰਾਜਾਂ ਦੇ ਬਰਾਬਰ ਹੈ। ਹਾਲਾਂਕਿ ਇਥੇ ਇਹ ਮੰਨ ਲਿਆ ਗਿਆ ਹੈ ਕਿ ਉਹ ਪੱਧਰੀ ਖਾਲੀ ਜ਼ਮੀਨ ਹੋਵੇਗੀ, ਨਦੀ, ਨਾਲਾ, ਟਿੱਬਾ, ਪਹਾੜ, ਜੰਗਲ ਕੁਝ ਨਹੀਂ, ਪਰ ਫਿਰ ਵੀ ਬਾਕੀ ਪੂਰੀ ਧਰਤੀ ਖਾਲੀ ਲੱਗਦਾ ਹੈ ਥਾਂ ਦੀ ਤਾਂ ਕੋਈ ਕਮੀ ਹੀ ਨਹੀਂ ਹੈ। ਆਓ ਹੁਣ ਖੁਰਾਕ ਵੱਲ ਚਲਦੇ ਹਾਂ ਜਿਸ ਬਾਰੇ ਮਾਲਥਸ ਤੋਂ ਲੈ ਕੇ ਪੀੜੀ ਦਰ ਪੀੜੀ ਚਿੰਤਾ ਹੁੰਦੀ ਆਈ ਹੈ। ਅਜੇ ਪਿੱਛੇ ਜਿਹੇ ਹੀ ਸੰਨ 2007 ਵਿਚ ਪੂਰੀ ਦੁਨੀਆਂ 'ਚ ਭਿਅੰਕਰ ਖੁਰਾਕ ਸੰਕਟ ਆ ਪਿਆ ਸੀ। ਮਾਹਰਾਂ ਦਾ ਮੰਨਣਾ ਹੈ ਕਿ ਮੌਜੂਦਾ ਦੁਨੀਆਂ ਦੇ ਕਰੀਬ ਇਕ ਅਰਬ ਲੋਕ ਭੁੱਖੇ ਸੌਂਦੇ ਹਨ ਯਾਨੀ ਹਰ ਛੇਵੇਂ ਜਾਂ ਸਤਵੇਂ ਬੰਦੇ ਨੂੰ ਜ਼ਰੂਰਤ ਤੋਂ ਘੱਟ ਖੁਰਾਕ ਮਿਲਦੀ ਹੈ। ਇਹ ਸਮਸਿਆ ਵਾਕਿਆ ਹੀ ਗੰਭੀਰ ਹੈ। ਖੁਰਾਕ ਕਈ ਤਰ੍ਹਾਂ ਦੀ ਹੁੰਦੀ ਹੈ ਜਿਵੇਂ ਗੱਲਾਂ, ਦਾਲਾਂ, ਸਾਗ, ਸਬਜ਼ੀ, ਫਲ, ਬਦਾਮ, ਜੜ੍ਹਾਂ, ਮਾਸ, ਮੱਛੀ ਆਦਿ। ਮਾਸ ਸਾਨੂੰ ਉਹਨਾਂ ਜਾਨਵਰਾਂ ਤੋਂ ਮਿਲਦਾ ਹੈ ਜੋ ਜਾਂ ਤਾਂ ਘਾਹ ਖਾਂਦੇ ਹਨ ਜਾਂ ਫਿਰ ਗੱਲਾਂ ਖਾਂਦੇ ਹਨ। ਕਰੀਬ ਇਕ ਕਿਲੋ ਮੁਰਗੀ ਦੇ ਮਾਸ ਨੂੰ ਪੈਦਾ ਕਰਨ ਲਈ ਦੋ ਕਿਲੋ ਗੱਲੇ ਦੀ ਖਪਤ ਹੁੰਦੀ ਹੈ। ਇਸ ਤਰ੍ਹਾਂ ਇਕ ਕਿਲੋ ਸੂਰ ਦੇ ਮਾਸ ਲਈ 3.5 ਕਿਲੋ, ਭੇਡ ਜਾਂ ਬਕਰੀ ਲਈ ਦੇ ਮਾਸ ਲਈ 1.8 ਕਿਲੋ (ਕਿਉਂਕਿ ਇਹ ਅਕਸਰ ਘਾਹ ਖਾਂਦੀ ਹੈ ਤੇ ਤੀਜੀ ਦੁਨੀਆਂ ਦੇ ਦੇਸ਼ਾਂ 'ਚ ਪਲਦੀ ਹੈ ਅਤੇ ਵੱਡੇ ਜਾਨਵਰਾਂ ਲਈ 5 ਕਿਲੋ ਗੱਲੇ ਦੀ ਖਪਤ ਹੁੰਦੀ ਹੈ) ਖੁਸ਼ਹਾਲ ਦੇਸ਼ 'ਚ ਜ਼ਿਆਦਾ ਮਾਸ ਖਾਧਾ ਜਾਂਦਾ ਹੈ ਬਲਕਿ ਉਥੇ ਮਾਸ ਦੀ ਖਪਤ ਨੂੰ ਖੁਸ਼ਹਾਲੀ ਦਾ ਇਕ ਪੈਮਾਨਾ ਮੰਨਿਆ ਜਾਂਦਾ ਹੈ। ਜਿਵੇਂ ਕਿ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਮਾਸ ਦੀ ਖਪਤ ਘੱਟ ਹੋਣ 'ਤੇ ਵੱਧ ਗੱਲਾ ਇਨਸਾਨ ਦੀ ਖੁਰਾਕ ਲਈ ਮਿਲੇਗਾ ਪਰ ਇਹਨਾਂ ਹਿਸਾਬਾਂ ਕਿਤਾਬਾਂ 'ਚ ਜੇ ਨਾ ਵੀ ਜਾਈਏ ਤਾਂ ਵੀ ਜਿੰਨਾ ਗੱਲਾਂ ਮੁਹਈਆ ਹੋਵੇਗਾ ਉਸ ਨੂੰ ਪੂਰੀ ਦੁਨੀਆਂ 'ਚ ਸਭ ਨੂੰ ਬਰਾਬਰ ਵੰਡ ਦਿੱਤਾ ਜਾਵੇ ਤਾਂ ਹਰ ਬੰਦੇ ਦੇ ਹਿੱਸੇ (ਰੋਜ਼ਾਨਾ ਦੇ ਹਿਸਾਬ ਨਾਲ) ਤਕਰੀਬਨ 3000 ਤੋਂ 4000 ਕੈਲਰੀ ਸਿਰਫ ਗੱਲੇ ਤੋਂ ਆਵੇਗੀ ਇਸ 'ਚ ਫਲ ਸਬਜ਼ੀ, ਮਾਸ, ਦੁੱਧ, ਅੰਡਾ, ਮੱਛੀ, ਆਦਿ ਨੂੰ ਤਾਂ ਜੋੜਿਆ ਵੀ ਨਹੀਂ ਹੁਣ ਆਪ ਨੂੰ ਇਹ ਦੱਸ ਦੇਈਏ ਕਿ ਮਾਹਰਾਂ ਅਨੁਸਾਰ ਇਕ ਸਿਹਤਮੰਦ ਬਾਲਗ ਨੂੰ ਦਿਨ 'ਚ ਕਰੀਬ 2200 ਤੋਂ 2400 ਕੈਲਰੀ ਤਕ ਖੁਰਾਕ ਦੀ ਲੋੜ ਹੁੰਦੀ ਹੈ ਯਾਨੀ ਮੁਹਈਆ ਗੱਲੇ ਦਾ ਸਿਰਫ ਅੱਧਾ ਜਾਂ ਦੋ ਤਿਹਾਈ (ਕੋਈ ਬੰਦਾ ਜੇ ਪੈਦਾਵਾਰ ਨੂੰ ਬਰਾਬਰ ਵੰਡਣ 'ਤੇ ਜਿੰਨਾ ਮੁਹਈਆ 3500 ਕੈਲਰੀ) ਉਨਾਂ ਖਾ ਲਵੇ ਤਾਂ ਜਲਦੀ ਹੀ ਉਸ ਨੂੰ ਮੋਟਾਪੇ ਦੀ ਸ਼ਕਾਇਤ ਹੋ ਜਾਵੇਗੀ। (ਵਰਲਡ ਹੰਗਰ-ਟ੍ਵੇਲਵ ਮਿੱਥ)। ਜਿਥੇ ਦੁਨੀਆਂ 'ਚ ਇਕ ਇਕ ਅਰਬ ਲੋਕ ਅੱਧੇ ਭੁੱਖੇ ਸੌਂਦੇ ਹਨ, ਉਥੇ ਕਰੀਬ ਉਨੇ ਹੀ ਲੋਕ ਅਧਿਕ ਮੋਟਾਪੇ (Obesity) ਦੀ ਬਿਮਾਰੀ ਤੋਂ ਪੀੜਤ ਹਨ। ਹੁਣ ਇਹ ਗੱਲ ਤਾਂ ਸਾਬਤ ਹੋਈ ਕਿ ਉਪਰੀ ਤੌਰ 'ਤੇ ਖੁਰਾਕ ਵਸਤਾਂ ਦੀ ਕੋਈ ਘਾਟ ਨਹੀਂ ਹੈ ਪਰ ਲੋੜੀਂਦੇ ਤੋਂ ਕਿਤੇ ਵੱਧ ਮੁਹਈਆ ਹੋਣ ਦੇ ਬਾਵਜੂਦ ਦੁਨੀਆਂ 'ਚ ਏਨੀ ਭੁੱਖਮਰੀ ਕਿਉਂ ਹੈ? ਖੈਰ ਇਹ ਇਕ ਵੱਖਰਾ ਸੁਆਲ ਹੈ-ਬਹੁਤ ਹੀ ਪ੍ਰਸੰਗਿਕ, ਪਰ ਇਥੇ ਉਸ 'ਤੇ ਗੱਲ ਕਰਨ ਦੀ ਗੁੰਜਾਇਸ਼ ਨਹੀਂ ਹੈ। ਆਖਰ ਗਰੀਬ ਪ੍ਰੀਵਾਰਾਂ 'ਚ ਹੀ ਜ਼ਿਆਦਾ ਬੱਚੇ ਕਿਉਂ ਹੁੰਦੇ ਹਨ? ਇਹ

ਸੁਆਲ ਵੀ ਕਾਬਿਲੇ ਗੌਰ ਹੈ। ਸੁਨਣ 'ਚ ਆਇਆ ਹੈ ਕਿ ਸਾਡੇ ਮੌਜੂਦਾ ਸਿਹਤ ਮੰਤਰੀ ਦਾ ਮੰਨਣਾ ਹੈ ਕਿ ਬੱਚੇ ਜੰਮਣਾ ਜਾਂ ਉਸ ਦੀ ਬੁਨਿਆਦੀ ਪ੍ਰੀਕ੍ਰਿਆ 'ਚ ਸ਼ਾਮਲ ਹੋਣਾ ਗਰੀਬ ਲੋਕਾਂ ਲਈ ਮਨੋਰੰਜਨ ਦਾ ਇਕ ਸਸਤਾ ਤੇ ਉਤੇਜਿਕ ਸਾਧਨ ਹੈ। ਇਕ ਸੰਵੇਦਨਸ਼ੀਲ ਪ੍ਰਗਤੀ ਵਾਦੀ ਨੇਤਾ ਹੋਣ ਕਰਕੇ ਉਹਨਾਂ ਨੇ ਇਸ 'ਤੇ ਕਾਬੂ ਪਾਉਣ ਦਾ ਇਕ ਤਰੀਕਾ ਲਭਿਆ ਹੈ। ਪਿੰਡ ਪਿੰਡ ਵਿਚ ਬਿਜਲੀ। ਲੋਕ ਦੇਰ ਰਾਤ ਤਕ ਟੀ ਵੀ ਵੇਖਣਗੇ ਤੇ ਫੇਰ ਚੈਨ ਦੀ ਨੀਂਦ ਸੌਂ ਜਾਣਗੇ ਤਾਂ ਮਸਲਾ ਮੁੱਢੋਂ ਹੱਲ ਹੋ ਜਾਊ। ਇਹ ਮਹਿਜ ਕਲਪਨਾ ਹੈ ਬਿਜਲੀ ਦੇ ਬਹੁਤ ਸਾਰੇ ਉਦਯੋਗ ਚੁਣੇ ਹਨ ਹਨ ਪਰ ਇਹ ਤਾਂ ਲੀਕ ਤੋਂ ਮੀਲਾਂ ਹਟ ਕੇ ਹੈ। ਸਿਹਤ ਮੰਤਰੀ ਮਰਦ ਹੈ, ਉਹ ਕਦੇ ਵੀ ਮਾਂ ਨਹੀਂ ਬਣ ਸਕਦੇ ਇਸ ਲਈ ਬੱਚੇ ਪੈਦਾ ਕਰਨ ਦਾ ਸਭ ਤੋਂ ਸੌਖਾ ਵਿਕਲਪ ਉਹਨਾਂ ਲਈ ਮਨੋਰੰਜਨ ਹੋ ਸਕਦਾ ਹੈ ਪਰ ਜਿਸ ਮਾਂ ਨੇ ਇਕ ਵੀ ਬੱਚਾ ਆਪਣੇ ਗਰਭ 'ਚ ਧਾਰਣ ਕੀਤਾ ਹੈ, ਨੌਂ ਮਹੀਨੇ ਤਕ ਤਿਲ ਤਿਲ ਕਰਕੇ ਉਸ ਦਾ ਪੋਸ਼ਣ ਕੀਤਾ ਹੈ, ਜੰਮਣ ਪੀੜਾ ਸਹੀ ਹੈ ਤੇ ਫਿਰ ਦੁੱਧ ਪਿਲਾਇਆ ਹੈ ਉਹ ਇਸ ਨੂੰ ਸਿਰਫ ਮਨੋਰੰਜਨ ਨਹੀਂ ਮੰਨ ਸਕਦੀ। ਪਰ ਇਥੇ ਤਾਂ ਉਹਨਾਂ ਮਾਵਾਂ ਦੀ ਗੱਲ ਹੋ ਰਹੀ ਹੈ। ਜੋ ਅਕਸਰ ਆਪਣਾ ਪਹਿਲਾਂ ਬੱਚਾ 16-17 ਸਾਲ ਦੀ ਕੱਚੀ ਉਮਰ 'ਚ ਪੈਦਾ ਕਰਦੀਆਂ ਹਨ ਤੇ ਫਿਰ ਬੱਚੇ ਜੰਮਦੀਆਂ ਹੀ ਜਾਂਦੀਆਂ ਹਨ, ਸਾਲ ਦਰ ਸਾਲ। ਕੁਪੋਸ਼ਿਤ ਦੇਹ, ਖ਼ੂਨ ਦੀ ਗੰਭੀਰ ਘਾਟ, ਇਹ ਤਾਂ ਸਾਡੇ ਵਰਗੇ ਦੇਸ਼ 'ਚ ਮਾਵਾਂ ਲਈ ਆਮ ਗੱਲ ਹੈ। ਗਰਭ 'ਚ ਸ਼ਿਸ਼ੂ ਪਾਲਣ ਦੇ ਬਾਵਜੂਦ ਜਿਥੇ ਉਹ ਮਾਂ ਸਭ ਤੋਂ ਆਖਰ 'ਚ ਪਰਿਵਾਰ ਦਾ ਬੱਚਿਆਂ ਖੁਚਿਆ ਨਿਗਲਦੀਆਂ ਹਨ ਅਤੇ ਉਸ ਨੂੰ ਬੇਸੁਆਦ ਨਿਗਲਣ 'ਚ ਵੀ ਭਾਰੀ ਪੌਸ਼ਟਿਕਤਾ ਉਸ ਦੇ ਗਰਭ 'ਚ ਪਾਲਣ ਵਾਲਾ ਕੁਲ ਦਾ ਚਿਰਾਗ ਆਪਣੇ ਹਿੱਸੇ ਕਰ ਲੈਂਦਾ ਹੈ। ਜਨਮ ਤੋਂ ਪਿੱਛੋਂ ਵੀ ਇਹ ਬੱਚਾ ਆਪਣੀ ਮਾਂ ਦੀ ਸੁੱਕੀਆਂ ਛਾਤੀਆਂ ਚੂਸ ਕੇ ਮਾਨੋ ਉਸ ਦੀ ਰਹੀ ਸਹੀ ਜੀਵਨ ਸ਼ਕਤੀ ਵੀ ਨਿਚੋੜ ਲੈਂਦਾ ਹੈ। ਮਾਤਰਿਤਵ ਦਾ ਇਹ ਰੂਪ ਜਿਸ ਨੂੰ ਅਸੀਂ ਕਵਿਤਾਵਾਂ, ਕਹਾਣੀਆਂ ਤੇ ਚਿੱਤਰਾਂ 'ਚ ਜਾਣਿਆ ਹੈ, ਇਸ ਅਮਲ 'ਚ ਕਿਧਰੇ ਨਜ਼ਰ ਨਹੀਂ ਆਉਂਦਾ। ਬਲਕਿ ਡੂੰਘਾਈ 'ਚ ਜਾਣ 'ਤੇ ਸਮਝ ਬਣਦੀ ਹੈ ਕਿ ਸਾਲ ਦਰ ਸਾਲ ਬੱਚੇ ਜੰਮਣਾ ਤਾਂ ਇਕ ਗੰਭੀਰ ਰਾਜਸੀ ਮਸਲਾ ਹੈ- ਉਹ ਹੈ ਸਾਡੇ ਸਮਾਜ 'ਚ ਔਰਤ ਮਰਦ ਦੇ ਅਧਿਕਾਰਾਂ 'ਚ ਬੁਨਿਆਦੀ ਨਾ ਬਰਾਬਰੀ।

ਇਕ ਔਰਤ ਦਾ ਆਪਣੇ ਸਰੀਰ 'ਤੇ ਕੋਈ ਅਧਿਕਾਰ ਨਹੀਂ। ਸਾਡੇ ਵਰਗੇ ਪਿਛੜੇ ਸਮਾਜ 'ਚ ਔਰਤ ਭੋਗਣਯੋਗ ਵਸਤੂ ਹੈ ਇਸਤੇਮਾਲ ਦੀ ਵਸਤੂ ਹੈ ਤੇ ਉਸ ਦੀ ਵਰਤੋਂ ਮਰਦ ਪ੍ਰਧਾਨ ਦੇ ਸਮਾਜ ਦੇ ਅਧਾਰ 'ਤੇ ਹੁੰਦੀ ਹੈ। ਹਾਂ ਸਿਖਿਆ ਦੀ ਘਾਟ ਵੀ ਉਸ 'ਚ ਫੈਸਲਾਕੁੰਨ ਭੂਮਿਕਾ ਅਦਾ ਕਰਦੀ ਹੈ। ਜੋ ਕਿ ਔਰਤ ਮਰਦ ਦੋਹਾਂ 'ਤੇ ਲਾਗੂ ਹੁੰਦੀ ਹੈ। ਦੁਨੀਆਂ 'ਚ ਜਦ ਤੇ ਜਿਥੇ ਨਾਰੀ ਨੂੰ ਬਰਾਬਰ ਦਾ ਦਰਜਾ ਤੇ ਸਹੀ ਸਿਖਿਆ ਹਾਸਲ ਕਰਨ ਦਾ ਮੌਕਾ ਮਿਲਿਆ ਹੈ। ਉਥੋਂ ਉਸ ਤਰ੍ਹਾਂ ਦੀ ਲੁੱਟ ਲਗਭਗ ਖਤਮ ਹੋ ਗਈ ਹੈ। ਪਰ ਕੀ ਇਹ ਸਿਰਫ਼ ਸਿੱਖਿਆ ਦੀ ਹੀ ਘਾਟ ਹੈ। ਜੋ ਹਰੇਕ ਪਰਿਵਾਰ 'ਚ ਏਨੇ ਸਾਰੇ ਬੱਚੇ ਜੰਮਣ ਦਾ ਕਾਰਨ ਹੈ? ਨਹੀਂ ਇਸ ਦਾ ਠੋਸ ਆਰਥਕ ਅਧਾਰ ਵੀ ਹੈ। ਆਓ ਵੇਖੀਏ। ਸੁਣਿਆ ਹੈ ਸਾਦੀਆਂ ਜੀਵ ਜਾਤੀਆਂ 'ਚ ਸ਼ਾਇਦ ਇਕ ਇਨਸਾਨ ਦਾ ਬੱਚਾ ਹੀ ਹੈ ਜਿਸ ਦੀ ਸਾਲਾ ਬੱਧੀ ਦੇਖਭਾਲ ਕਰਨੀ ਪੈਂਦੀ ਹੈ। ਮੱਧ ਵਰਗ, ਅਮੀਰ ਵਰਗ 'ਚ ਤਾਂ "ਬੱਚੇ" ਵੱਡੇ ਹੀ ਨਹੀਂ ਹੁੰਦੀ, ਨੌਜਵਾਨ ਅਵਸਥਾ

ਤਕ ਉਹ ਆਪਣੇ ਮਾਂ-ਬਾਪ ਤੇ ਰਿਸ਼ਤੇਦਾਰ ਦੇ ਸਹਾਰੇ ਦੀ ਉਮੀਦ ਰੱਖਦੇ ਹਨ, ਆਪਣੇ ਹੱਥ ਪੈਰ ਚਲਾ ਕੇ ਕੁਝ ਕਰਨ ਦੀ ਥਾਂ ਉਹ ਵਿਰਾਸਤ 'ਚ ਮਿਲੀ ਜਾਇਦਾਦ ਜਾਂ ਜਾਣ ਪਹਿਚਾਣ ਨਾਲ ਮਿਲੀ ਨੌਕਰੀ 'ਤੇ ਵੱਧ ਭਰੋਸਾ ਰੱਖਦੇ ਹਨ ਬਲਕਿ ਇਸ ਨੂੰ ਆਪਣੀ ਸ਼ਾਨ ਸਮਝਦੇ ਹਨ। "ਮੈਂ ਟਾਟਾ ਦਾ ਭਤੀਜਾ ਹਾਂ" "ਮੈਂ ਬਿਰਲਾ ਦਾ ਭਾਣਜਾ ਹਾਂ" "ਮੈਂ ਫਲਾਂ ਖਾਨਦਾਨੀ ਹਾਂ" "ਮੈਂ ਬ੍ਰਾਹਮਣ ਹਾਂ" ਆਦਿ ਆਦਿ। ਇਹ ਸਾਰੇ ਕੁਲਦੀਪਕ ਸਹੀ ਮਾਹਨਿਆ 'ਚ ਭਾਰੀ ਬੋਝ ਹਨ। ਜਿਹਨਾਂ ਨੂੰ ਸਮਾਜ ਸਦੀਆਂ ਤੋਂ ਢੋਹ ਰਿਹਾ ਹੈ ਪਰ ਗਰੀਬ ਤਬਕੇ ਦਾ ਬੱਚਾ ਤਾਂ ਆਪਣਾ ਪਹਿਲਾ ਸਾਹ ਲੈਣ ਤੋਂ ਪਹਿਲਾਂ ਹੀ ਜਿਉਂਦਾ ਰਹਿਣ ਦੀ ਜੱਦੋ-ਜਹਿਦ 'ਚ ਫਸ ਜਾਂਦਾ ਹੈ। ਕੁਪੋਸ਼ਿਤ ਕੰਮਜ਼ੋਰ, ਮਾਵਾਂ ਦੇ ਬਹੁਤੇ ਬੱਚੇ ਹੀ ਕੁਪੋਸ਼ਿਤ ਹੁੰਦੇ ਹਨ। ਹੁਮੈਨ ਡਿਲੈਪਮੈਂਟ ਰਿਪੋਰਟ 2009 ਦੇ ਅਨੁਸਾਰ ਭਾਰਤ 'ਚ 47 ਫੀਸਦੀ ਬੱਚੇ ਯਾਨੀ ਹਰ ਦੂਜਾ ਬੱਚਾ, ਕੁਪੋਸ਼ਣ ਦਾ ਸ਼ਿਕਾਰ ਹੈ। ਭਾਰਤ 'ਚ ਹਰ ਸਾਲ ਪੰਜ ਸਾਲ ਤੋਂ ਘੱਟ ਉਮਰ ਦੇ 23.5 ਲੱਖ ਬੱਚੇ ਮਰ ਜਾਂਦੇ ਹਨ। ਇਥੇ ਹਰ 15 ਸੈਂਕਡ ਵਿਚ ਇਕ ਬੱਚੇ ਦੀ ਮੌਤ ਹੋ ਜਾਂਦੀ ਹੈ। ਚਾਰ ਲੱਖ ਤੋਂ ਵੱਧ ਬੱਚੇ ਤਾਂ ਜਨਮ ਤੋਂ 24 ਘੰਟੇ ਅੰਦਰ ਉਕਾ ਹੀ ਸਾਧਾਰਨ ਬੀਮਾਰੀਆਂ (ਡਾਇਰੀਆ, ਨਮੋਨੀਆ) ਕਾਰਨ ਮਰ ਜਾਂਦੇ ਹਨ। ਮਤਲਬ ਇਹ ਕਿ ਗਰੀਬ ਤਬਕੇ ਦੇ ਮਾਂ ਬਾਪ ਨੂੰ ਕੋਈ ਭਰੋਸਾ ਨਹੀਂ ਕਿ ਉਹਨਾਂ ਦੇ ਕਿੰਨੇ ਬੱਚੇ ਬਾਲਗ ਹੋਣ ਤਕ ਬਚ ਸਕਣਗੇ। ਛੇ ਸਾਲ ਦੀ ਉਮਰ ਤਕ ਪਹੁੰਚਦਿਆਂ ਗਰੀਬ ਪ੍ਰੀਵਾਰਾਂ ਦਾ ਬੱਚੇ ਦੇ ਪਰਿਵਾਰ ਦੀ ਆਮਦਨ 'ਚ ਯੋਗਦਾਨ ਪਾਉਣਾ ਸ਼ੁਰੂ ਕਰ ਦਿੰਦਾ ਹੈ ਅਤੇ ਸਿਰਫ 12 ਸਾਲ ਦੀ ਉਮਰ 'ਚ ਜਾਂ ਉਸ ਤੋਂ ਵੀ ਘੱਟ 'ਚ ਪ੍ਰੀਵਾਰਕ ਆਮਦਨ 'ਚ ਉਸ ਦਾ ਯੋਗਦਾਨ ਜਿੰਨਾ ਉਸ ਤੇ ਖਰਚ ਹੁੰਦਾ ਹੈ ਉਸ ਤੋਂ ਵੱਧ ਹੁੰਦਾ ਹੈ। ਇਸ ਦਾ ਅਰਥ ਇਹ ਹੈ ਕਿ ਬੱਚਾ ਇਕ ਮੂੰਹ ਹੀ ਨਹੀਂ ਬਲਕਿ ਦੋ ਹੱਥ ਵੀ ਹੁੰਦਾ ਹੈ। ਪ੍ਰੀਵਾਰ ਲਈ। ਹੁਣ ਤੁਸੀਂ ਹੀ ਦੱਸੋ ਕਿ ਗੈਰ ਜਥੇਬੰਦ ਮਜ਼ਦੂਰਾਂ 'ਤੇ ਅਰਜਨ ਸੇਨ ਗੁਪਤਾ ਦੀ ਪ੍ਰਧਾਨਗੀ 'ਚ ਬਣੀ ਸਰਕਾਰੀ ਕਮੇਟੀ ਅਨੁਸਾਰ ਜੇ 78 ਫੀਸਦੀ ਭਾਰਤੀਆਂ ਨੂੰ 20 ਰੁਪਏ ਜਾਂ ਫਿਰ ਉਸ ਤੋਂ ਵੀ ਘੱਟ 'ਚ ਗੁਜ਼ਾਰਾ ਕਰਨਾ ਪੈਂਦਾ ਹੈ ਤਾਂ ਫਿਰ ਦਿਨ 'ਚ ਸਿਰਫ ਦੋ ਡੰਗ ਰੋਟੀ ਕਮਾਉਣ ਲਈ ਪ੍ਰੀਵਾਰ ਦੇ 7-8 ਲੋਕਾਂ ਨੂੰ ਰੁਜ਼ਗਾਰ 'ਚ ਲਗਣਾ ਪਊ ਜਾਂ ਨਹੀਂ? ਆਖਰ ਚੌਲ, ਆਟਾ, ਚੀਨੀ, ਦਾਲ, ਨਮਕ, ਤੇਲ, ਆਲੂ, ਪਿਆਜ਼ ਆਦਿ ਦੇ ਭਾਅ ਪਿਛਲੇ ਸਾਲਾਂ 'ਚ ਆਕਾਸ਼ ਨੂੰ ਚੀਰ ਕੇ ਮਾਨੋ ਕਿਸੇ ਹੋਰ ਉਚਾਈ ਤਕ ਪਹੁੰਚ ਚੁੱਕੇ ਸਨ। ਇਸ ਤੋਂ ਇਲਾਵਾ ਕੱਪੜਾ ਮਕਾਨ ਤੇ ਹੋਰ ਚੀਜ਼ਾਂ ਵੀ ਚਾਹੀਦੀਆਂ ਹਨ। ਇਸ 'ਚ ਬੀਮਾਰ ਪੈਣਾ ਵਿਲਾਸਤਾ ਹੈ, ਜੋ ਕਿ ਛੇ ਸਾਲ ਦੇ ਬੱਚੇ ਲਈ ਵੀ ਵਰਜਿਤ ਹੈ। ਇਤਿਹਾਸ ਦੇ ਵਿਕਸ਼ਤ ਦੇਸ਼ਾਂ ਵਿਚ ਵੀ ਸੌ ਸਵਾ ਸੌ ਸਾਲ ਪਹਿਲਾਂ ਤਕ ਪ੍ਰੀਵਾਰਾਂ 'ਚ ਔਸਤਨ ਦਰਜਨਾਂ ਬੱਚੇ ਹੁੰਦੇ ਸਨ। ਪਰ ਜਿਵੇਂ ਜਿਵੇਂ ਅਧੁਨਿਕ ਇਲਾਜ 'ਚ ਕਾਰਨ ਮੌਤ ਦਰ ਘਟੀ ਤੇ ਉਸ ਦੇ ਨਾਲ ਨਾਲ ਮਜ਼ਦੂਰ ਅੰਦੋਲਨਾਂ ਦੀ ਬਦੌਲਤ ਪਗਾਰ ਵਧੀ, ਕੰਮ ਦੇ ਘੰਟਿਆਂ 'ਤੇ ਕਿਰਤ ਦੇ ਕਨੂੰਨ ਲਾਗੂ ਹੋਏ। ਪ੍ਰੀਵਾਰ ਛੋਟੇ ਹੁੰਦੇ ਗਏ, ਸਦੀ ਦੀ ਸ਼ੁਰੂਆਤ ਆਉਂਦਿਆਂ ਆਉਂਦਿਆਂ ਕਈ ਯੂਰਪੀ ਦੇਸ਼ਾਂ 'ਚ ਸਰਕਾਰੀ ਸੋਸ਼ਲ ਸਕਿਉਰਿਟੀ (ਸਮਾਜਕ ਸੁਰਖਿਆ) ਦੀ ਵਿਵਸਥਾ ਹੋ ਜਾਣ ਕਰਕੇ ਲੋਕਾਂ ਨੂੰ ਸਿਹਤ ਸਿਖਿਆ, ਰਿਹਾਇਸ਼ ਤੇ ਬੇਰੁਜ਼ਗਾਰੀ ਭੱਤਾ ਵਰਗੀਆਂ ਬੁਨਿਆਦੀ ਲੋੜਾਂ ਅਧਿਕਾਰ ਵਜੋਂ ਮਿਲਣ ਲੱਗੀਆਂ, ਪਰਿਵਾਰ ਛੋਟੇ ਤੇ ਖੁਸ਼ਹਾਲ ਨਜ਼ਰ ਆਉਣ

ਲੱਗੇ। ਦੂਰ ਜਾਣ ਦੀ ਲੋੜ ਨਹੀਂ। ਸਾਡੇ ਹੀ ਦੇਸ਼ ਦੇ ਕੇਰਲਾ ਰਾਜ ਨੂੰ ਹੀ ਲਓ। ਅਬਾਦੀ ਦੇ ਘਣਤਬ (ਇਕ ਵਰਗ ਕਿਲੋਮੀਟਰ 'ਚ ਵਸਣ ਵਾਲੀ ਅਬਾਦੀ) ਦੇ ਹਿਸਾਬ ਨਾਲ ਇਹ ਸੂਬੇ ਦੇਸ਼ ਦੇ ਔਸਤ ਤਕਰੀਬਨ ਤਿੰਨ ਗੁਣਾ ਵੱਧ ਬੈਠਦਾ ਹੈ। ਪਰ ਬਿਹਤਰ ਸਿਹਤ ਸਹੂਲਤ ਸਿਖਿਆ ਦੀ ਸਹੂਲਤ ਤੇ ਕਾਰਗਰ ਖੁਰਾਕ ਸਬਸਿਡੀ ਕਾਰਨ ਇਥੇ ਬੱਚੇ ਦੀ ਮੌਤ ਦਰ ਦੇਸ਼ ਦੀ ਔਸਤ ਤੋਂ ਅੱਧੀ ਹੈ। ਇਥੇ ਔਰਤ ਸਿਖਿਆ ਦੀ ਦਰ ਦੇਸ਼ ਦੀ ਔਸਤ ਤੋਂ ਕਰੀਬ 2 ਗੁਣਾ ਵਧ ਹੈ। ਕੇਰਲਾ 'ਚ 87 ਫੀਸਦੀ ਔਰਤ ਸਿੱਖਿਅਤ ਹਨ ਅਤੇ ਸ਼ਾਇਦ ਇਸ ਕਾਰਨ ਇਥੇ ਜਨਮ ਦੇਣ ਕੌਮੀ ਔਸਤ ਦੀ ਇਕ ਤਿਹਾਈ ਹੈ। ਜੋ ਕਿ ਅਮਰੀਕਾ ਵਰਗੇ ਦੇਸ਼ ਤੋਂ ਥੋੜ੍ਹੀ ਹੀ ਜ਼ਿਆਦਾ ਹੈ। ਜੋ ਕਿ ਇਥੇ ਜਨਮ ਦਰ ਕੌਮੀ ਔਸਤ ਦੀ ਇਕ ਤਿਹਾਈ ਹੈ। ਹੁਣ ਜਿਸ ਇੰਗਲੈਂਡ ਨੂੰ ਵੇਖ ਕੇ ਮਾਲਥਸ ਸਾਹਿਬ ਡਰ ਗਏ ਹਨ। ਉਸ ਦੀ ਅਬਾਦੀ ਮਾਲਥਸ ਸਾਹਿਬ ਦੇ ਸਮੇਂ ਕਰੀਬ 83 ਲੱਖ ਸੀ ਅੱਜ ਇੰਗਲੈਂਡ ਦੀ ਅਬਾਦੀ ਕਰੀਬ 512 ਲੱਖ ਹੈ। ਯਾਨੀ ਮਾਥਲਸ ਸਾਹਿਬ ਦੇ ਸਮੇਂ ਤੋਂ ਸਾਢੇ ਛੇ ਗੁਣਾ ਵੱਧ ਪਰ ਕੀ ਅੱਜ ਕੋਈ ਇੰਗਲੈਂਡ ਬਾਰੇ ਉਹ ਸ਼ੰਕਾ ਦਰਸਾਏਗਾ। ਜੋ ਕਿ ਅੱਜ ਤੋਂ 200 ਸਾਲ ਪਹਿਲਾਂ ਦਰਸਾਇਆ ਗਿਆ ਸੀ। ਬਿਲਕੁਲ ਨਹੀਂ ਫਿਰ ਤਾਂ ਇਹ ਗੱਲ ਸਾਬਤ ਹੁੰਦੀ ਹੈ ਕਿ ਸਿਰਫ ਵਧਦੀ ਅਬਾਦੀ ਹੀ ਗਰੀਬੀ 'ਤੇ ਬਦਹਾਲੀ ਵਰਗੀਆਂ ਸਮਸਿਆਵਾਂ ਦਾ ਮੁੱਖ ਕਾਰਨ ਨਹੀਂ ਹੈ। ਆਓ ਹੁਣ ਇਹ ਪਤਾ ਲਾਈਏ ਕਿ ਇਕ ਇਜ਼ਤਦਾਰ ਆਰਾਮਦਾਇਕ ਜ਼ਿੰਦਗੀ ਬਸਰ ਕਰਨ ਲਈ ਕਿਹੜੀਆਂ-ਕਿਹੜੀਆਂ ਬੁਨਿਆਦੀ ਲੋੜਾਂ ਹਨ ਤੇ ਉਹਨਾਂ ਨੂੰ ਸਭ ਨੂੰ ਮੁਹਈਆ ਕਰਾਉਣ ਵਿਚ ਕਿੰਨਾ ਖਰਚਾ ਆਵੇਗਾ? ਮੇਰੇ ਹਿਸਾਬ ਨਾਲ ਆਮ ਸਹਿਮਤੀ ਇਸ ਦੇ ਬਣੇਗੀ ਕਿ ਸਭ ਨੂੰ ਇਕ ਘੱਟੋ ਘੱਟ ਪੱਧਰ ਦੀ ਸਿਖਿਆ ਮਿਲਣੀ ਚਾਹੀਦੀ ਹੈ। ਪੀਣ ਤੇ ਹੋਰ ਰੋਜ਼ਾਨਾ ਕੰਮਾਂ ਲਈ ਸਾਫ ਸੁਥਰਾ ਪਾਣੀ ਤੇ ਹਵਾ, ਸਭ ਨੂੰ ਲੋੜੀਂਦਾ ਭੋਜਨ ਤੇ ਸਿਹਤ ਸਹੂਲਤ ਅਤੇ ਕਿਉਂਕਿ ਪ੍ਰਜਾਤੀ ਨੂੰ ਬਣਾਈ ਰੱਖਣ ਤੇ ਮਾਨਵ ਜਾਤੀ ਦੀ ਉਨਤੀ ਲਈ ਆਉਣ ਵਾਲੀ ਪੀੜੀ ਦੀ ਸਿਹਤ ਮੰਦ ਹੋਣਾ ਸਭ ਤੋਂ ਉਤਮ ਮਹੱਤਵ ਹੈ। ਪ੍ਰਜਨਣ ਤੇ ਮਾਤਰਿਤਵ ਸਹਾਇਕ ਇਲਾਜ ਦੀ ਸਹੂਲਤ ਸਭ ਨੂੰ ਅਧਿਕਾਰ ਵਜੋਂ ਮਿਲਣੀ ਚਾਹੀਦੀ ਹੈ। ਪਰ ਇਸ 'ਤੇ ਤਾਂ ਬਹੁਤ ਖਰਚ ਆਵੇਗਾ ਜਾਹਿਰ ਹੈ ਕਿ ਪੂਰੀ ਦੁਨੀਆਂ ਦੀ ਅਬਾਦੀ ਦੀ ਗੱਲ ਹੋ ਰਹੀ ਹੈ। ਯੂ. ਐਨ. ਪੀ. ਡੀ. ਨੇ 1998 ਦੀ ਆਪਣੀ ਰਿਪੋਰਟ 'ਚ ਇਸ ਖਰਚ ਦਾ ਇਕ ਮੋਟਾ ਅੰਦਾਜ਼ਾ ਲਾਇਆ ਹੈ। ਉਹਨਾਂ ਨੇ ਸਾਰੀਆਂ ਖੋਜਾਂ ਰਾਹੀਂ ਇਸ ਗੱਲ ਦਾ ਅਨੁਮਾਨ ਲਾਇਆ ਹੈ ਕਿ ਇਹਨਾਂ ਸਹੂਲਤਾਂ ਤੇ ਮੌਜੂਦਾ ਸਮੇਂ ਹੋ ਰਹੇ ਖਰਚੇ ਨਾਲ ਸਭ ਨੂੰ ਇਹ ਬੁਨਿਆਦੀ ਸਹੂਲਤਾਂ ਮੁਹਈਆ ਕਰਵਾਈਆਂ ਜਾ ਸਕਦੀਆਂ ਹਨ। ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ 40 ਅਰਬ ਡਾਲਰ ਦੀ ਵਿਸਾਲ ਰਾਸ਼ੀ ਖਰਚ ਕਰਨੀ ਪਵੇਗੀ। ਇਹ ਵਾਕਿਆ ਹੀ ਇਕ ਵੱਡੀ ਰਾਸ਼ੀ ਹੈ। ਇਹ ਆਓ ਕਿਥੋਂ? ਇਹ ਅੰਕੜੇ 1995 ਦੇ ਰੇਟਾਂ ਅਨੁਸਾਰ ਹਨ। 15 ਸਾਲਾਂ 'ਚ ਇਹ ਰੇਟ ਹੋਰ ਵਧੇ ਹੋਣਗੇ ਦੁਨੀਆਂ 'ਚ ਹੋ ਰਹੇ ਜ਼ਰੂਰੀ ਗੈਰ ਜ਼ਰੂਰੀ ਖਰਚਿਆਂ ਵਿਚੋਂ ਕੁਝ ਕਟੌਤੀ ਕਰਕੇ ਇਹਨਾਂ ਬੁਨਿਆਦੀ ਲੋੜਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ ਜਾਂ ਨਹੀਂ? ਕੁਝ ਅੰਕੜੇ ਹੇਠਾਂ ਲਿਖੇ ਹਨ ਜਿਹਨਾਂ 'ਤੇ ਨਜ਼ਰ ਮਾਰਨੀ ਚਾਹੀਦੀ ਹੈ।

ਕੁਝ ਵਿਸ਼ੇਸ਼ ਮੱਦਾਂ 'ਤੇ ਸਾਲਾਨਾ ਖਰਚ ਦਾ ਵੇਰਵਾ

| **ਮਦ** | **ਸਾਲਾਨਾ ਖਰਚ** |
|---|---|
| ਅਮਰੀਕਾ 'ਚ ਸੁੰਦਰਤਾ ਸਮਗਰੀ 'ਤੇ ਖਰਚ | 8 ਅਰਬ ਡਾਲਰ |
| ਯੂਰਪ 'ਚ ਆਈਸ ਕ੍ਰੀਮ 'ਤੇ ਖਰਚ | 11 ਅਰਬ ਡਾਲਰ |
| ਅਮਰੀਕਾ ਤੇ ਯੂਰਪ 'ਚ ਇਤਰ/ਪਰਫਿਊਮ 'ਤੇ ਖਰਚ | 12 ਅਰਬ ਡਾਲਰ |
| ਅਮਰੀਕਾ ਤੇ ਯੂਰਪ 'ਚ ਪਾਲਤੂ ਜਾਨਵਰਾਂ 'ਤੇ ਖਰਚ | 17 ਅਰਬ ਡਾਲਰ |
| ਜਾਪਾਨ 'ਚ ਕਾਰੋਬਾਰੀ ਮਨੋਰੰਜਨ 'ਤੇ ਖਰਚ | 35 ਅਰਬ ਡਾਲਰ |
| ਯੂਰਪ 'ਚ ਸਿਗਰਟ 'ਤੇ ਖਰਚ | 50 ਅਰਬ ਡਾਲਰ |
| ਦੁਨੀਆਂ ਭਰ 'ਚ ਨਸ਼ੀਲੇ ਪਦਾਰਥਾਂ 'ਤੇ ਖਰਚ 2009 | 1300 ਅਰਬ ਡਾਲਰ |
| ਮੰਦੀ ਤੋਂ ਉਭਰਨ ਲਈ ਅਮਰੀਕਾ ਵੱਲੋਂ ਬੇਲਆਊਟ 2009 | 700 ਅਰਬ ਡਾਲਰ |
| ਮੰਦੀ ਕਾਰਨ ਹੋਇਆ ਨੁਕਸਾਨ | 970 ਅਰਬ ਡਾਲਰ |
| ਯੂਰਪ 'ਚ ਸ਼ਰਾਬ 'ਤੇ ਖਰਚ | 105 ਅਰਬ ਡਾਲਰ |

*(ਸਰੋਤ ਹਿਊਮਨ ਵਿਕਾਸ ਰਿਪੋਰਟ 1998 ਓਵਰਵਿਊ)*

ਉਕਤ ਅੰਕੜੇ ਵੀ 1995 ਦੇ ਹਨ ਅਤੇ ਇਹਨਾਂ 'ਚ ਤਾਂ ਪਿਛਲੇ ਦਹਾਕੇ 'ਚ ਗਜਬ ਦਾ ਵਾਧਾ ਹੋਇਆ ਹੈ। ਇੰਨੀਆਂ "ਗੰਭੀਰ" ਲੋੜਾਂ ਦੇ ਕਾਰਨ ਆਮ ਆਦਮੀ ਦੀ ਸਿਹਤ, ਸਿਖਿਆ, ਪੀਣ ਦਾ ਪਾਣੀ ਵਰਗੀਆਂ ਮਾਮੂਲੀ ਲੋੜਾਂ ਲਈ ਪੈਸੇ ਕਿਵੇਂ ਨਿਕਲਣਗੇ? ਜੇ ਇਹਨਾਂ ਸੁੰਦਰ ਵਸਤਾਂ ਨੂੰ ਛੱਡ ਦੇਈਏ ਜਾਂ ਫਿਰ ਆਈਸਕ੍ਰੀਮ ਖਾਣ ਦੀ ਲਲਕ ਨੂੰ ਬਣੇ ਰਹਿਣ ਦੇਈਏ ਪਾਲਤੂ ਜਾਨਵਰਾਂ ਦੀ ਖੁਰਾਕ 'ਤੇ ਦਖਲ ਅੰਦਾਜ਼ੀ ਨਾ ਵੀ ਕਰੀਏ ਤਾਂ ਵੀ ਸਿਰਫ ਯੂਰਪ 'ਚ ਸਿਗਰਟ 'ਤੇ ਸਾਲਾਨਾ ਖਰਚ ਨਾਲ ਸਾਰੀਆਂ ਜ਼ਰੂਰੀ ਲੋੜਾਂ ਦੁਨੀਆਂ ਭਰ 'ਚ ਮੁਹਈਆ ਕਰਵਾਈਆਂ ਜਾ ਸਕਦੀਆਂ ਹਨ। ਪਰ ਵਿਕਸ਼ਤ ਦੇਸ਼ਾਂ 'ਚ ਸ਼ਰਾਬ ਤੋਂ ਬਿਨਾਂ ਕੰਮ ਚਲੇ ਤਾਂ ਇਹਨਾਂ ਸਭ ਦੇ ਨਾਲ ਸਭ ਲਈ ਲੋੜੀਂਦੀ ਰਿਹਾਇਸ਼ ਵੀ ਬਣ ਸਕਦੀ ਹੈ। ਨਸ਼ੀਲੇ ਪਦਾਰਥ ਦੀ ਵਰਤੋਂ 'ਚ ਸਿਰਫ 10 ਫੀਸਦੀ ਕੁਟੌਤੀ ਨਾਲ ਸਾਰੀਆਂ ਬੁਨਿਆਦੀ ਸਹੂਲਤਾਂ ਸਭ ਨੂੰ ਦਿੱਤੀਆਂ ਜਾ ਸਕਦੀਆਂ ਹਨ। ਹੈ ਨਾ ਤਾਜੁਬਦੀ ਗੱਲ। ਅੱਛਾ ਛੱਡੋ ਭੋਗ ਵਿਲਾਸ ਦੀਆਂ ਵਸਤੂਆਂ ਨੂੰ ਜੇ ਛੱਡ ਵੀ ਦਿੱਤਾ ਜਾਵੇ ਤਾਂ ਦੁਨੀਆਂ ਭਰ 'ਚ ਜਿਥੇ ਵੱਧ ਖਰਚ ਹੁੰਦਾ ਹੈ ਉਹ ਹੈ ਫੌਜੀ ਫੋਰਸ ਤੇ ਹਥਿਆਰਾਂ ਉਪਰ। ਭਾਰਤ 'ਚ ਕਰੀਬ 13 ਅਰਬ ਡਾਲਰ ਸਿਰਫ ਮਰਨ ਮਾਰਨ 'ਤੇ ਹੀ ਖਰਚ ਹੋ ਜਾਂਦੇ ਹਨ ਉਹ ਵੀ ਸਰਕਾਰੀ ਖਰਚੇ ਆਮ ਲੋਕਾਂ ਦੇ ਖੂਨ ਪਸੀਨੇ 'ਚੋਂ ਉਪਜਿਆਂ ਪੈਸਾ। ਇਸ 'ਚ ਨਿਜੀ ਗੈਰ ਸਰਕਾਰੀ ਹਥਿਆਰਬੰਦ ਫੋਰਸਾਂ ਤਾਂ ਅਜੇ ਸ਼ਾਮਿਲ ਹੀ ਨਹੀਂ ਹਨ। ਇਸ ਰਕਮ ਦਾ ਜੇ ਸਿਰਫ 3 ਫੀਸਦੀ ਵੀ ਖਰਚ ਕੀਤਾ ਜਾਵੇ ਤਾਂ ਦੁਨੀਆਂ ਦੀ ਪੂਰੀ ਮੌਜੂਦਾ ਅਬਾਦੀ ਸਾਰੀਆਂ ਬੁਨਿਆਦੀ ਸਹੂਲਤਾਂ ਨਾਲ ਜਿਉਂ ਸਕੇਗੀ। ਕੀ ਇਹ ਵੀ ਇਕ ਨਜਾਇਜ਼ ਕੁਟੌਤੀ ਹੈ ਅਤੇ ਕੀ ਪਤਾ ਜੀਵਨ ਪੱਧਰ ਬਿਹਤਰ ਹੋਣ 'ਤੇ ਸ਼ਾਇਦ ਇੰਨੀ ਵੱਡੀ ਤੈਦਾਦ 'ਚ ਮਰਨ ਮਾਰਨ ਦੀ ਲੋੜ ਹੀ ਖਤਮ ਹੋ ਜਾਵੇ। ਥੋੜਾ ਜਿਹਾ ਸ਼ੇਅਰ ਬਾਜ਼ਾਰ ਦੇ ਖਰਚੇ ਦਾ ਵੀ ਆਓ ਵਿਸ਼ਲੇਸ਼ਣ ਕਰੀਏ।

ਸ਼ੇਅਰ ਬਾਜ਼ਾਰ ਦੀ ਸੱਟੇਬਾਜ਼ੀ ਕਾਰਨ ਪਿਛਲੇ ਸਾਲ ਦੁਨੀਆਂ ਦੇ ਅਰਥਚਾਰੇ 'ਚ ਹਜ਼ਾਰਾਂ ਅਰਬ ਰੁਪਏ ਦਾ ਨੁਕਸਾਨ ਹੋਇਆ। ਕਰੋੜ ਲੋਕ ਬੇਘਰ ਹੋਏ। ਦਸਾਂ ਲੱਖ

ਦੀ ਨੌਕਰੀ ਚਲੀ ਗਈ। ਸੈਂਕੜੇ ਸਾਲ ਪੁਰਾਣੇ ਬੈਂਕ ਢਹਿ ਢੇਰੀ ਹੋ ਗਏ। ਕਰੋੜਾਂ ਲੋਕਾਂ ਦੇ ਜੀਵਨ ਭਰ ਦੀ ਪੂੰਜੀ ਸਾਫ ਹੋ ਗਈ। ਦੁਨੀਆਂ ਭਰ 'ਚ ਆਰਥਕ ਮੰਦੀ ਦਾ ਇਹ ਭਿਅੰਕਰ ਪ੍ਰਕੋਪ ਕਿਸੇ ਸੰਸਾਰ ਯੋਗ ਤੋਂ ਘੱਟ ਵਿਨਾਸ਼ਕਾਰੀ ਨਹੀਂ ਸੀ। ਖਰਚੇ ਦੀ ਸੂਚੀ ਕੀ ਸਾਫ ਸਾਫ ਇਹ ਨਹੀਂ ਦਰਸਾਉਂਦੀ ਕਿ ਦੁਨੀਆਂ ਦੇ ਚਾਲਕਾਂ ਦੀਆਂ ਤਰਜੀਹਾਂ 'ਚ ਗਰੀਬੀ, ਅਨਪੜ੍ਹਤਾ, ਕੁਪੋਸ਼ਣ, ਖਰਾਬ ਸਿਹਤ, ਬੇਰੁਜ਼ਗਾਰੀ, ਬਦਹਾਲੀ ਵਰਗੀਆਂ ਸਮਸਿਆਵਾਂ ਹੈ ਹੀ ਨਹੀਂ ਹਨ।  ਮੂੰਹੋਂ ਇਹ ਪ੍ਰਤਾਪੀ ਤਬਕਾ ਚਾਹੇ ਕੁਝ ਵੀ ਬੋਲੇ ਉਸ ਦੀ ਕਥਨੀ 'ਤੇ ਕਰਨੀ 'ਚ ਕਾਫੀ ਪਾੜਾ ਹੈ। ਸ਼ਾਇਦ ਇਸ ਲਈ ਜਦ ਜਦ ਗਰੀਬ ਬਹੁਜਨ ਇਹਨਾਂ ਖਿਲਾਫ ਥੋੜ੍ਹੀ ਜਿੰਨੀ ਵੀ ਆਵਾਜ਼ ਬੁਲੰਦ ਕਰਦੇ ਹਨ ਜਾਂ ਭੋਰਾਭਰ ਵੀ ਜੁਆਬਦੇਹ ਦੀ ਉਮੀਦ ਕਰਦੇ ਹਨ, ਤਾਕਤਵਰ ਲੋਕ ਉਹਨਾਂ ਨੂੰ ਕੁਚਲਣ ਦਾ ਪ੍ਰੋਗ੍ਰਾਮ ਬਣਾਉਂਦੇ ਹਨ। ਇਰਾਕ, ਅਫ਼ਗਾਨਿਸਤਾਨ ਦੀ ਜੰਗ ਵਿਚ ਅਮਰੀਕਾ ਨੇ ਹੁਣ ਤਕ 7 ਹਜ਼ਾਰ ਲੱਖ ਡਾਲਰ ਖਰਚ ਕੀਤਾ ਤੇ ਸਾਰੇ ਭਰੋਸਿਆਂ ਦੇ ਬਾਵਜੂਦ ਉਹੀ ਜਮ੍ਹਾ ਹੋਇਆ। ਗਰੀਬੀ ਹਟਾਉਣ ਦੀ ਥਾਂ ਅਰਬਾਂ ਰੁਪਏ ਡਾਲਰ ਗਰੀਬਾਂ ਨੂੰ ਹਟਾਉਣ 'ਚ ਲਾ ਦਿੰਦੇ ਹਨ। ਪਰ ਦੁਨੀਆਂ 'ਚ ਨਾ ਬਰਾਬਰੀ ਦੀ ਡੂੰਘੀ ਖਾਈ ਭੋਰਾ ਭਰ ਵੀ ਨਹੀਂ ਭਰਦੀ। ਬਲਕਿ ਹੋਰ ਵੀ ਵਿਕਰਾਲ ਹੁੰਦੀ ਜਾਂਦੀ ਹੈ। ਥੋੜਾ ਖ਼ੂਨ ਖਰਾਬਾ ਘਟ ਕਰਨ ਦੀ ਕੋਸ਼ਿਸ਼ ਤੇ ਬਸ ਥੋੜੀ ਜਿਹੀ ਸੱਟੇਬਾਜ਼ੀ ਘੱਟ ਕਰਨ ਦਾ ਸੱਦਾ ਕੀ ਜਾਇਜ਼ ਨਹੀਂ ਹੈ?

ਇੰਨ੍ਹੀਆਂ ਸਾਰੀਆਂ ਦਲੀਲਾਂ ਦੇ ਅਧਾਰ 'ਤੇ ਕੀ ਆਪਾਂ ਇਹ ਸਿੱਟਾ ਕੱਢੀਏ ਕਿ ਅਬਾਦੀ ਸਮਸਿਆ ਹੈ ਹੀ ਨਹੀ? ਆਓ ਪਹਿਲਾਂ ਹੀ ਸਮਝ ਬਣਾਈਏ ਕਿ ਅਬਾਦੀ ਵਧਦੀ ਹੀ ਕਿਉਂ ਹੈ? ਜਨਮ ਬਾਰੇ ਕਾਫੀ ਚਰਚਾ ਆਪਾਂ ਕੀਤੀ ਹੈ ਪਰ ਇਸ ਤੋਂ ਇਲਾਵਾ ਮੌਤ ਦਰ 'ਚ ਵੀ ਕਮੀ ਜਾਂ ਫਿਰ ਇਉਂ ਕਹੋ ਕਿ ਔਸਤ ਉਮਰ ਵਧਣ ਨਾਲ ਵੀ ਅਬਾਦੀ ਵਧਦੀ ਹੈ। 1950-55 'ਚ ਦੁਨੀਆਂ ਭਰ ਦੀ ਔਸਤ ਜਿਉਣ ਉਮਰ 46 ਸਾਲ ਹੁੰਦੀ ਸੀ। 2000-05 'ਚ 45 ਸਾਲ ਹੋ ਗਈ ਹੈ। ਵਿਕਸ਼ਤ ਦੇਸ਼ਾਂ 'ਚ ਔਸਤ ਉਮਰ 80 ਸਾਲ ਨੂੰ ਛੂਹ ਰਹੀ ਹੈ ਵਿਕਾਸ਼ਸ਼ੀਲ ਦੇਸ਼ਾਂ 'ਚ ਇਹ 63-65 ਸਾਲ ਹੈ। ਇਸ ਦੇ ਮੁਕਾਬਲੇ 1850 ਦੇ ਆਸ ਪਾਸ ਇੰਗਲੈਂਡ ਦੀਆਂ ਸੂਤੀ ਮਿਲਾ ਕੇ ਗੜ੍ਹ ਲੰਕਾ ਸ਼ਾਇਰ 'ਚ ਔਸਤ ਉਮਰ ਸਿਰਫ 17 ਸਾਲ ਹੁੰਦੀ ਸੀ। ਦੁਨੀਆਂ ਦੀ ਅਬਾਦੀ 'ਚ ਸਾਲਾਨਾ ਵਾਧੇ ਦੀ ਦਰ ਜੋ ਪਿਛਲੇ 40-45 ਸਾਲਾਂ 'ਚ ਘਟੀ ਹੈ। 1965 'ਚ ਸਾਲਾਨਾ ਅਬਾਦੀ 'ਚ ਵਾਧੇ ਦੀ ਦਰ ਕਰੀਬ 2.1 ਫੀਸਦੀ ਸੀ ਜੋ ਘਟ ਕੇ ਸਿਰਫ 1.14 ਫੀਸਦੀ ਰਹਿ ਗਈ ਹੈ। ਭਾਰਤ 'ਚ ਇਹ ਦਰ ਸੰਨ 1986 'ਚ 2.16 ਫੀਸਦੀ ਹੁੰਦੀ ਸੀ ਜੋ ਘਟ ਕੇ 2008 'ਚ 1.34 ਫੀਸਦੀ ਹੋ ਗਈ। ਯਾਨੀ ਅਬਾਦੀ ਵਧਣ ਦਾ ਮੁੱਖ ਕਾਰਨ ਇਹ ਨਹੀਂ ਹੈ ਕਿ ਅਸੀਂ ਲੋਕ ਬੇਲਗਾਮ ਖਰਗੋਸ਼ਾਂ, ਮੱਖੀਆਂ ਜਾਂ ਮੱਛਰਾਂ ਵਾਂਗੂੰ ਮਰ ਨਹੀਂ ਰਹੇ ਹਾਂ। ਇਹ ਇਕ ਸ਼ਾਨਦਾਰ ਪ੍ਰਾਪਤੀ ਹੈ। ਇਕ ਮਾਣ ਵਾਲੀ ਤੇ ਖੁਸ਼ੀ ਦੀ ਗੱਲ ਹੈ। ਪਰ ਸਾਡੀ ਸਰਕਾਰ, ਨੀਤੀ ਘਾੜੇ, ਅਮੀਰ ਤਬਕਾ, ਬੁੱਧੀ ਜੀਵੀ ਵਰਗ ਤੇ ਕਾਫੀ ਗਿਣਤੀ 'ਚ ਮੱਧ ਵਰਗੀ ਲੋਕ ਵੀ ਇਸ ਦਾ ਮਾਤਮ ਮਨਾ ਰਹੇ ਹਨ। ਇਹਨਾਂ ਸਮਝਦਾਰਾਂ ਨੂੰ ਅਬਾਦੀ ਨਾਲ ਜੁੜੀ ਇਕ ਹੋਰ ਸਮਸਿਆ ਤੇ ਗੋਰ ਕਰਨਾ ਚਾਹੀਦਾ ਹੈ ਕਿਸੇ ਵੀ ਸਮਾਜ ਦਾ ਮਹੱਤਵਪੂਰਨ ਅਦਾਰਾ ਮਨੁੱਖ ਵਸੀਲਿਆਂ ਦਾ ਹੈ। ਸਿਹਤਮੰਦ ਬੱਚੇ ਤੇ ਨੌਜਵਾਨ ਵਰਗਾਂ ਹੁਣ ਇਹ ਡੂੰਘੀ ਚਿੰਤਾ ਦੀ ਗੱਲ ਹੈ ਕਿ ਦੁਨੀਆਂ

ਦੇ ਕਈ ਦੇਸ਼ਾਂ 'ਚ ਜਨਮ ਦਰ ਇੰਨੀ ਵੀ ਨਹੀਂ ਹੈ ਕਿ ਅਬਾਦੀ ਅੱਜ ਦੇ ਪੱਧਰ ਤਕ ਬਣੀ ਰਹੇ। ਰੂਸ, ਜਰਮਨੀ, ਚੈਕ ਰੀਪਬਲਿਕ, ਪੋਲੈਂਡ, ਇਟਲੀ, ਜਪਾਨ ਤੇ ਅਸਟ੍ਰੀਆ ਵਰਗੇ ਦੇਸ਼ਾਂ 'ਚ ਤਾਂ ਅਬਾਦੀ ਦੀ ਵਾਧਾ ਦਰ ਸਿਫਰ ਤੋਂ ਘੱਟ ਹੈ। ਯਾਨੀ ਉਹਨਾਂ ਦੀ ਅਬਾਦੀ ਘਟਦੀ ਜਾ ਰਹੀ ਹੈ। ਮਾਹਰਾਂ ਦਾ ਮੰਨਣਾ ਹੈ ਕਿ ਦੁਨੀਆਂ ਦੀ ਅਬਾਦੀ ਜੋ ਅੱਜ ਕਰੀਬ 6.5 ਅਰਬ ਹੈ। ਸੰਨ 2040 ਤੱਕ ਰੁੜਦੀ ਹੋਈ ਹੀ ਵਧੇਗੀ ਤੇ ਕਰੀਬ 7.6 ਅਰਬ ਤੱਕ ਪਹੁੰਚ ਜਾਵੇਗੀ। ਉਸ ਪਿੱਛੋਂ ਹਰ ਸਾਲ ਘਟੇਗੀ। 21ਵੀਂ ਸਦੀ ਦੇ ਅੰਤ ਤਕ ਇਹ ਘਟ ਕੇ 5 ਅਰਬ ਰਹਿ ਜਾਵੇਗੀ ਪਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਉਸ ਅਬਾਦੀ 'ਚ ਬੱਚੇ ਤੇ ਨੌਜਵਾਨ ਵਰਗ ਦੇ ਲੋਕਾਂ ਦਾ ਅਨੁਪਾਤ ਅੱਜ ਦੇ ਮੁਕਾਬਲੇ ਕਿਤੇ ਘੱਟ ਹੋਵੇਗਾ। ਅੱਜ ਵੀ ਕਈ ਵਿਕਸ਼ਤ ਦੇਸ਼ਾਂ 'ਚ ਅਬਾਦੀ ਦੀ ਔਸਤ ਉਮਰ 35 ਤੋਂ50 ਸਾਲ ਹੈ। ਪਰ ਇਸ ਸਦੀ ਦੇ ਅੰਤ ਤਕ ਬਹੁ ਗਿਣਤੀ ਲੋਕ 65 ਤੋਂ ਉਪਰ ਜਾਂ ਉਸ ਤੋਂ ਵਧ ਉਮਰ ਦੇ ਹੋਣਗੇ। ਇਹ ਸਾਲ ਸਿਰਫ ਯੂਰਪ ਤੇ ਅਮਰੀਕਾ 'ਚ ਹੀ ਨਹੀਂ ਬਲਕਿ ਚੀਨ ਭਾਰਤ ਤੇ ਅਫਰੀਕੀ ਦੇਸ਼ਾਂ ਵਿਚ ਵੀ ਹੋਵੇਗਾ। ਕੀ ਤੁਸੀਂ ਕਲਪਨਾ ਕਰ ਸਕਦੇ ਹੋ। ਉਸ ਹਾਲਤ ਦੀ ਜਿਥੇ ਬੱਚਿਆਂ ਦੀਆਂ ਕਿਲਕਾਰੀਆਂ ਨੌਜਵਾਨਾਂ ਦਾ ਉਤਸ਼ਾਹ, ਬਹੁਗਿਣਤੀ ਬਜ਼ੁਰਗਾਂ ਵਾਂਗੂ ਹੇਠਾਂ ਦਬ ਜਾਣਗੀਆਂ? ਕਿਥੋਂ ਆਉਣਗੀਆਂ ਨਵੀਆਂ ਸਮਸਿਆਵਾਂ, ਨਵੀਂ ਊਰਜਾ, ਨਵੇਂ ਵਿਚਾਰ, ਨਵੇਂ ਤਜ਼ਰਬੇ? ਕਿਸੇ ਵੀ ਪ੍ਰਜਾਤੀ ਲਈ ਇਹ ਇਕ ਭੀਸ਼ਮ ਸੰਕਟ ਦਾ ਵਿਸ਼ਾ ਹੈ। ਮਾਹਰ ਇਸ ਹਾਲਤ ਨੂੰ ਅਬਾਦੀ ਦਾ ਅਸਲੀ ਸੰਕਟ (The Real Demographic Crisis) ਮੰਨਦੇ ਹਨ। ਬਿਮਾਰੀ ਦੀ ਸਹੀ ਪਹਿਚਾਣ ਕਰਨ ਨਾਲ ਹੀ ਅਸੀਂ ਉਸ ਦਾ ਇਲਾਜ ਕਰ ਸਕਦੇ ਹਾਂ। ਇਸ ਸਹੀ ਕਦਮ ਬਿਨਾਂ ਅੰਨ੍ਹੇ ਦੇ ਹੱਥ 'ਚ ਛੁਰੀ ਫੜਾਉਣ ਵਾਲੀ ਗੱਲ ਹੈ। ਮਰੀਜ਼ ਦੀ ਗਰਦਨ ਵੀ ਕੱਟ ਸਕਦੀ ਹੈ। ਹੁਣ ਇਹ ਸਾਡੇ ਸਾਰਿਆਂ 'ਤੇ ਹੈ ਕਿ ਅਸੀਂ ਆਪਣਾ ਸਾਰਾ ਜ਼ੋਰ ਇਸ ਗੱਲ 'ਤੇ ਲਾਈਏ ਕਿ ਸਾਡੇ ਅਨਮੋਲ ਕੁਦਰਤੀ ਖ਼ਜ਼ਾਨੇ ਮਨੁੱਖ ਉਹਨਾਂ ਦੀ ਜ਼ਿੰਦਗੀ ਕਿਵੇਂ ਹੋਰ ਖੁਸ਼ਹਾਲ ਬਣੇ। ਉਹਨਾਂ ਦੀਆਂ ਬੁਨਿਆਦੀ ਲੋੜਾਂ, ਬੁਨਿਆਦੀ ਅਧਿਕਾਰ ਕਿਵੇਂ ਪੂਰੇ ਹੋਣ। ਤਾਂ ਕੀ ਹਰ ਬੱਚਾ, ਬੁੱਢਾ, ਜਵਾਨ, ਔਰਤ-ਮਰਦ ਸਭ ਆਪਣੀਆਂ ਸਿਰਜਨਾਤਮਕ ਸ਼ਕਤੀਆਂ ਦੀ ਸਹੀ ਵਰਤੋਂ ਕਰ ਸਕਣ ਤੇ ਸਾਰੀਆਂ ਸੰਭਾਵਨਾਵਾਂ ਸਾਰੇ ਪਾਸੇ ਵਿਕਸਤ ਹੋ ਸਕਣ। ਇਕ ਸੂਤਰ ਮੁਰਗ ਵਾਂਗੂ ਰੇਤ 'ਚ ਸਿਰ ਛੁਪਾ ਕੇ ਗੁਜ਼ਾਰਾ ਨਹੀਂ ਹੋਣਾ। ਭਵਿੱਖ ਦੀਆਂ ਪੀੜ੍ਹੀਆਂ ਸਾਡੀਆਂ ਕਮਜ਼ੋਰੀਆਂ ਤੇ ਹਮਦਰਦੀ ਤਾਂ ਜਤਾ ਸਕਦੀਆਂ ਹਨ ਪਰ ਸਾਡੀ ਗੈਰ ਸਰਗਰਮੀ ਤੇ ਬੇਈਮਾਨੀ ਨਾਲ ਚੁੱਕੇ ਕਦਮ ਨੂੰ ਮੁਆਫ਼ ਨਹੀਂ ਕਰਨਗੀਆਂ ਕਦੀ ਵੀ ਨਹੀਂ।

# ਛੂਤ ਛਾਤ ਸਬੰਧੀ ਰਾਧਾਕ੍ਰਿਸ਼ਣਨ ਦੇ ਕੀ ਸਨ ਵਿਚਾਰ?

ਪ੍ਰੋਫੈਸ਼ਰ ਰਾਧਾ ਕ੍ਰਿਸ਼ਣਨ ਉਸ ਤਰ੍ਹਾਂ ਦੇ ਪੰਡਿਤਾਂ ਦੇ ਮੋਹਰੀ ਹਨ ਜੋ ਏਨੇ ਸੰਵੇਦਨਸ਼ੀਲ ਹੁੰਦੇ ਹਨ ਕਿ ਜਾਤੀ-ਭੇਦਭਾਵ ਤੇ ਛੂਤਛਾਤ ਨਾਲ ਏਨੀ ਵੀ ਪ੍ਰੇਸ਼ਾਨੀ ਨਹੀਂ ਹੁੰਦੀ ਜਿੰਨੀ ਕਿਸੇ ਕੀੜੀ ਦੇ ਕੱਟਣ ਨਾਲ ਹੁੰਦੀ ਹੈ। ਉਨ੍ਹਾਂ ਦਾ ਹਿੰਦੂ ਧਰਮ ਦੀ ਮਹਿਮਾ ਦੇ ਗੁਣਗਾਣ ਦਾ ਅੰਤ ਨਹੀਂ ਹੈ। ਉਹ ਉਸ ਹਿੰਦੂ ਧਰਮ ਦੀ ਮਹਾਨਤਾ ਦਾ ਉਹ ਗੁਣ ਗਾਣ ਕਰਦੇ ਹਨ ਜਿਸ ਨੇ ਕਰੋੜਾਂ ਲੋਕਾਂ ਨੂੰ ਅਛੂਤ ਤੇ ਛੋਟੀ ਜਾਤੀ ਦੇ ਬਣਾਈ ਰੱਖਿਆ ਹੈ। ਇਹ ਸੱਜਣ ਤਾਂ ਹਿੰਦੂ ਧਰਮ ਨੂੰ ਇਸ ਤਰ੍ਹਾਂ ਦੇ ਗੁਣ ਗਾਣਾ ਨਾਲ ਨਿਹਾਲ ਕਰ ਦਿੰਦੇ ਹਨ ਕਿ ਇਹ ਮਹਾਨ ਸਭਿਅਤਾ ਅਤੇ ਮਹਾਨ ਸਭਿਆਚਾਰ ਵਜੋਂ ਸਦੀਆਂ ਤੋਂ ਵਧਦੇ ਫੁਲਦੇ ਆਏ ਹਨ ਅਤੇ ਇਹ ਅਣਗਿਣਤ ਵਿਦੇਸ਼ੀ ਹਮਲਿਆਂ ਦੇ ਬਾਵਜੂਦ ਵੀ ਬਿਨਾਂ ਡਿੱਗੇ ਹੋਂਦ 'ਚ ਬਣੇ ਹੋਏ ਹਨ। ਇਹ ਗੱਲ ਉਹਨਾਂ ਨੇ ਆਪਣੀ ਕਿਤਾਬ 'ਜੀਵਨ ਦਾ ਹਿੰਦੂ ਦਰਸ਼ਨ' 'ਚ ਇਸ ਪ੍ਰਕਾਰ ਕਹੀ ਹੈ "ਇਸ ਦੇ ਇਤਿਹਾਸਕ ਅਭਿਲੇਖ ਚਾਰ ਹਜ਼ਾਰ ਸਾਲਾਂ ਤੋਂ ਵੀ ਵੱਧ ਪਿੱਛੇ ਤਕ ਜਾਂਦੇ ਹਨ ਅਤੇ ਤਦ ਵੀ ਇਸ ਸਭਿਅਤਾ ਦੀ ਉਸ ਬੁਲੰਦੀ 'ਤੇ ਪਹੁੰਚ ਚੁੱਕਿਆ ਸੀ ਜੋ ਕਿ ਭਾਵੇਂ ਹੀ ਸਮੇਂ ਸਮੇਂ 'ਤੇ ਸੁਸਤ ਤੇ ਸਥਿਰ ਰਹੀ ਹੋਵੇ ਪਰ ਅਜ ਤਕ ਆਪਣੀ ਅਟੁੱਟ ਧਾਰਾ ਨੂੰ ਬਣਾਈ ਰੱਖਿਆ ਹੈ। ਇਸ ਨੇ ਚਾਰ ਜਾਂ ਪੰਜ ਸਹਿਸ਼ਤਾਬਦੀਆਂ ਤੋਂ ਵੱਧ ਸਮੇਂ ਤੱਕ ਅਧਿਆਤਮਕ ਚੇਤਨਾ ਤੇ ਅਨੁਭੂਤੀ ਦੇ ਦਬਾਅ ਤੇ ਤਣਾਅ ਨੂੰ ਬਰਦਾਸ਼ਿਤ ਕੀਤਾ ਹੈ। ਜੇ ਇਤਿਹਾਸ ਦੇ ਸ਼ੁਰੂ ਤੋਂ ਹੀ ਵੱਖ ਵੱਖ ਨਸਲਾਂ ਤੇ ਸਭਿਆਚਾਰਾਂ ਦੇ ਲੋਕ ਭਾਰਤ 'ਚ ਆਉਂਦੇ ਰਹਿੰਦੇ ਹਨ ਫਿਰ ਵੀ ਹੂਿੰਦ ਧਰਮ ਆਪਣੀ ਉਚਤਾ ਨੂੰ ਕਾਇਮ ਰੱਖਣ 'ਚ ਕਾਮਯਾਬ ਰਿਹਾ ਹੈ ਅਤੇ ਇਥੋਂ ਤਕ ਕਿ ਰਾਜਸੀ ਸੱਤਾ ਰਾਹੀਂ ਸਮਰਪਿਤ ਧਰਮ ਪ੍ਰੀਵਰਤਨ ਕਾਰੀ ਰਸਤਾ ਵੀ ਬਹੁਗਿਣਤੀ ਹਿੰਦੂਆਂ ਨੂੰ ਆਪਣੀਆਂ ਮਾਣਤਾਵਾਂ ਨੂੰ ਜਬਰਦਸਤੀ ਨਾਲ ਮੰਜੂਰ ਕਰਾਉਣ 'ਚ ਸਫਲ ਨਹੀਂ ਹੋਏ ਹਨ। ਹਿੰਦ ਸੰਸਕ੍ਰਿਤੀ 'ਚ ਕੁਝ ਅਜਿਹੀ ਪ੍ਰਾਣਦਾਈ ਸ਼ਕਤੀ ਹੈ ਜੋ ਕੁਝ ਦੂਸਰੀਆਂ ਤੇ ਵੱਧ ਤਾਕਤਵਰ ਧਾਰਾਵਾਂ 'ਚ ਨਹੀਂ ਦਿਸਦੀਆਂ ਹਨ।" (ਜੈਸਾ ਕਿ ਅੰਬੇਦਕਰ ਦੇ ਖੰਡ 1 ਪੰਨਾ 66 'ਤੇ ਦਰਜ ਹੈ)।

ਹਾਲਾਂਕਿ ਹਿੰਦੂ ਧਰਮ ਜੋ ਏਨੀ ਮਹਿਮਾ ਦੇ ਨਾਲ ਜਗਮਗਾ ਰਿਹਾ ਹੈ ਉਸ 'ਚ ਜਾਤੀ ਮਤਭੇਦਾਂ ਦਾ ਘ੍ਰਿਣਤ ਪਹਿਲੂ ਤੇ ਛੂਤਛਾਤ ਦੀ ਬੁਰਾਈ ਮੌਜੂਦ ਹੈ। ਜਿਸ ਨਾਲ ਪੰਡਿਤ ਜੀ ਨੂੰ ਕੋਈ ਸਰੋਕਾਰ ਨਹੀਂ ਹੈ। 'ਜਾਤੀ ਪ੍ਰਣਾਲੀ 'ਚ ਕੀ ਬੁਰਾਈ ਹੈ?' ਜਾਤੀ ਪ੍ਰਣਾਲੀ ਨਾਲ ਹਿੰਦੂ ਧਰਮ ਦਾ ਕੀ ਨੁਕਸਾਨ ਹੋਇਆ ਹੈ?' ਇਹ ਚੋਟੀ 'ਤੇ ਬਿਰਾਜਮਾਨ ਰਿਹਾ ਹੈ ਕਿ ਨਹੀਂ? ਇਹ ਰਾਧਾ ਕ੍ਰਿਸ਼ਨਣ ਦੇ ਤਰਕ ਦਾ ਸਾਰ ਹੈ। ਪਰ ਕੀ ਕਿਸੇ ਸੰਸਕ੍ਰਿਤੀ ਦੀ 'ਪ੍ਰਣਾਲੀ ਸ਼ਕਤੀ' ਦਾ ਮਤਲਬ ਇਹ ਹੈ ਕਿ ਇਸ 'ਚ ਮਨੁੱਖਾਂ ਦੀ ਦੇਖਭਾਲ ਤੇ ਉਹਨਾਂ ਨਾਲ ਲਗਾਅ ਦੀ ਘਾਟ ਹੁੰਦੀ ਹੈ? ਕੀ ਦੂਜਿਆਂ 'ਤੇ ਜੁਲਮ ਕਰਨਾ ਉਹਨਾਂ ਨੂੰ ਦੰਡਿਤ ਕਰਨਾ ਤੇ ਉਹਨਾਂ ਦੀ ਲੁੱਟ ਕਰਨਾ ਹੀ ਇਸ ਦਾ ਤੱਤ ਹੈ? ਉਚੀਆਂ ਜਾਤੀਆਂ ਛੋਟੀਆਂ ਜਾਤੀਆਂ ਦੇ ਨਾਲ ਕੀ ਕਰ ਰਹੀਆਂ ਹਨ? ਪੰਡਿਤ ਰਾਧਾ ਕ੍ਰਿਸ਼ਨਣ ਲਈ ਅੰਬੇਦਕਰ ਦੀ ਇਹੀ ਪ੍ਰਤੀਕ੍ਰਿਆ ਹੈ, "ਮੈਨੂੰ ਲਗਦਾ ਹੈ ਕਿ ਸੁਆਲ ਇਹ ਨਹੀਂ ਹੈ ਕਿ ਕੋਈ ਸਮੂਹ ਜਿਉਂਦਾ ਰਹਿੰਦਾ ਹੈ ਕਿ ਨਹੀਂ ਜਾਂ ਮਰ ਜਾਂਦਾ

ਹੈ ਸੁਆਲ ਇਹ ਹੈ ਕਿ ਇਹ ਕਿਸ ਧਰਾਤਲ ਤਕ ਜੀਵਤ ਰਹਿੰਦਾ ਹੈ।

ਉਤਰਜੀਵਿਤਾ ਦੇ ਵੱਖ ਵੱਖ ਢੰਗ ਹੁੰਦੇ ਹਨ ਪਰ ਸਾਰੇ ਇਕੋ ਜਿਹੇ ਨਹੀਂ ਹੁੰਦੇ। ਕਿਸੇ ਵੀ ਹਿੰਦੂ ਲਈ ਇਸ ਸਚਾਈ ਤੋਂ ਖੁਸ਼ ਹੋਣਾ ਵਿਅਰਥ ਹੈ ਕਿ ਉਹ ਤੇ ਉਸ ਦੇ ਲੋਕ ਜੀਵਤ ਬਚੇ ਹਨ ਉਸ ਨੂੰ ਧਿਆਨ 'ਚ ਇਹ ਰੱਖਣਾ ਪਵੇਗਾ ਕਿ ਉਹਨਾਂ ਦੀ ਉਤਰ ਜੀਵਤਾ ਦੀ ਗੁਣਵੰਣਤਾ ਕਿਹੋ ਜਿਹੀ ਹੈ। ਇਹ ਉਤਰ ਜੀਵਤਾ ਦਾ ਅਜਿਹਾ ਢੰਗ ਹੈ ਜਿਸ ਨਾਲ ਨਿਆਸੰਗਤ ਵਿਚਾਰ ਵਾਲਾ, ਹਰ ਐਸਾ ਹਿੰਦੂ ਸ਼ਰਮ ਮਹਿਸੂਸ ਕਰੇਗਾ ਜੋ ਸਚਾਈ ਮੰਨਣ ਤੋਂ ਨਹੀਂ ਡਰਦਾ ਹੈ।" (ਖੰਡ 1, ਪੰਨਾ 66) ਆਪਣੀ ਵਿਧਵਤਾ ਦੇ ਨਸ਼ੇ 'ਤੇ ਚਲਦਿਆਂ ਇਹਨਾਂ ਵਿਦਵਾਨਾ ਨੂੰ ਇਹ ਨਹੀਂ ਪਤਾ ਹੈ ਕਿ ਉਨ੍ਹਾਂ ਬੁਰਾਈਆਂ ਲਈ ਉਹ ਸ਼ਰਮ ਕਿਵੇਂ ਮਹਿਸੂਸ ਕਰਨ ਜਿਹਨਾਂ ਦਾ ਉਹ ਬਚਾਅ ਕਰਦੇ ਹਨ। ਇਸ ਲਈ ਖਾੜਕੂ ਰਾਸ਼ਟਰਵਾਦ ਉਹਨਾਂ ਦੀ ਖਾਸ ਸ਼ੈਲੀ ਬਣ ਚੁੱਕੀ ਹੈ ਜੋ ਇਹ ਦਾਅਵਾ ਕਰਦੀ ਹੈ ਕਿ 'ਸਾਡਾ ਭਾਰਤ ਮਹਾਨ ਹੈ' ਸਾਡਾ ਹਿੰਦੂ ਧਰਮ ਮਹਾਨ ਹੈ' ਸਾਡੀ ਸੰਸਕ੍ਰਿਤੀ ਭਾਸ਼ਾ ਮਹਾਨ ਹੈ' ਦੁਨੀਆਂ 'ਚ ਕੋਈ ਵੀ ਸਾਡੇ ਬਰਾਬਰ ਨਹੀਂ ਹੈ।'

ਸੁਧਾਰਵਾਦੀ ਸੰਗਠਨ :- ਉਚ ਜਾਤੀਆਂ ਦੇ ਸੁਧਾਰਕਾਂ ਨੇ ਸਿਰਫ ਨਿਜੀ ਪੱਧਰ 'ਤੇ ਹੀ ਨਹੀਂ ਬਲਕਿ ਸੰਗਠਨ ਸਥਾਪਤ ਕਰਦਿਆਂ ਹੋਇਆ ਵੀ 'ਅਛੂਤਾਂ ਦੇ ਉਭਾਰ' ਦਾ ਰਾਹ ਅਪਣਾਇਆ। ਆਰੀਆ ਸਮਾਜਕ ਐਸਾ ਹੀ ਇਕ ਸੰਗਠਨ ਹੈ। ਉਹਨਾਂ ਨੇ ਅਛੂਤਾਂ ਨੂੰ ਬ੍ਰਾਹਮਣ ਬਣਾਉਣ ਦਾ ਤਰੀਕਾ ਖੋਜ ਲਿਆ। ਜਿਵੇਂ ਕਿ 'ਪਵਿੱਤਰ ਧਾਗਾ' ਧਾਰ ਕਰਨਾ, ਇਕ ਸੁਧਾਰਕ ਸੰਸਕ੍ਰਿਤੀ ਵਿਦਵਾਨ ਦਾ ਸੰਦੇਸ਼ ਤਾਂ ਦੂਜਾ ਸੁਧਾਰਕ ਜਨੇਊ ਧਾਰਨ ਕਰਨ ਦਾ ਉਪਦੇਸ਼ ਦਿੰਦਾ ਹੈ ਕਿਉਂਕਿ ਜਨੇਊ ਪਹਿਨਣਾ ਸੰਸਕ੍ਰਿਤ ਸਿੱਖਣ ਤੋਂ ਸੌਖਾ ਹੈ। ਇਸ ਲਈ ਕੁੱਝ ਅਛੂਤਾਂ ਨੇ ਉਤਸ਼ਾਹ ਨਾਲ ਆਪਣੇ ਗਲੇ 'ਚ ਧਾਗਾ ਲਟਕਾਉਣਾ ਸ਼ੁਰੂ ਕਰ ਦਿੱਤਾ। ਜਿਸ ਤਰ੍ਹਾਂ ਬ੍ਰਾਹਮਣਾਂ ਨੇ ਇਹ ਸੁਆਲ ਨਹੀਂ ਉਠਾਇਆ ਸੀ ਕਿ 'ਸਰੀਰ 'ਤੇ ਇਹ ਧਾਗਾ ਕਿਉਂ?' ਠੀਕ ਇਸੇ ਤਰ੍ਹਾਂ ਇਹਨਾਂ ਅਛੂਤਾਂ ਨੇ ਵੀ ਕੋਈ ਸੁਆਲ ਨਹੀਂ ਉਠਾਇਆ ਜੋ ਕਿ ਬ੍ਰਾਹਮਣ ਬਣਨਾ ਚਾਹੁੰਦੇ ਸਨ ਪਰ ਜਨੇਊ ਨਾਲ ਵੀ ਉਹ ਛੂਤਛਾਤ ਤੋਂ ਇਹ ਬਿਲਕੁਲ ਨਹੀਂ ਬਚ ਸਕੇ। ਐਸੀਆਂ ਕਈ ਘਟਨਾਵਾਂ ਹੋਈਆਂ ਕਿ ਬ੍ਰਾਹਮਣਾਂ ਦੇ ਕਈ ਭਾੜੇ ਦੇ ਗੁੰਡਿਆਂ ਨੇ ਉਹਨਾਂ 'ਤੇ ਹਮਲਾ ਕੀਤੇ ਜੋ ਜਨੇਊ ਪਹਿਨੀ ਬੈਠੇ ਸਨ ਤੇ ਉਹਨਾਂ ਨੂੰ ਗਾਲਾਂ ਕੱਢੀਆਂ 'ਕਿਉਂ ਓਏ ਤੁਸੀਂ ਵੀ ਸਾਡੀ ਬਰਾਬਰੀ ਕਰਨ ਲਈ ਜਨੇਊ ਪਹਿਨਦੇ ਹੋ?' ਕੁਝ ਘਟਨਾਵਾਂ ਹੇਠ ਲਿਖੀਆਂ ਹਨ ਜਿਹਨਾਂ ਨੂੰ ਅੰਬੇਦਕਰ ਨੇ ਉਭਾਰਿਆ ਹੈ:-

"ਕੁਝ ਆਰੀਆ ਸਮਾਜੀਆਂ ਨੇ ਕੁਝ ਅਛੂਤਾਂ ਦੀ ਜਾਤੀ ਦੇ ਉਠਾਣ ਦੀ ਜੁਗਤ ਲਾਈ, ਤੇ ਉਹਨਾਂ ਨੂੰ ਜਾਤੀ ਦਾ ਪ੍ਰਤੀਕ ਚਿੰਨ ਪ੍ਰਦਾਨ ਕੀਤਾ ਅਰਥਾਤ ਗਲੇ 'ਚ ਲਪੇਟਣ ਵਾਲਾ ਧਾਰਮਿਕ ਧਾਗਾ, ਪਰ ਸਨਾਤਨੀਆਂ ਦੀ ਜਮਾਤ ਨੇ ਏਨਾ ਵੀ ਬਰਦਾਸ਼ਿਤ ਨਹੀਂ ਕੀਤਾ ਕਿਉਂਕਿ ਉਹਨਾਂ ਦਾ ਧਰਮ ਅਛੂਤਾਂ ਨੂੰ ਜਨੇਊ ਪਹਿਨਣ ਦੀ ਇਜਾਜ਼ਤ ਨਹੀਂ ਦਿੰਦਾ। ਇਸ ਕਾਰਨ ਜਨੇਊ ਪਹਿਨਣ ਵਾਲੇ ਅਛੂਤ ਰੋਜ਼ਾਨਾ ਉਚ ਜਾਤੀ ਦੇ ਹਿੰਦੂਆਂ ਵਲੋਂ ਬੇਇੱਜਤ ਕੀਤੇ ਜਾਂਦੇ ਮੋਹਿਲਾ ਜ਼ਿਲਾ ਮੀਰਪੁਰ, ਜੰਮੂ ਪ੍ਰਾਂਤ ਦੇ ਭਗਤ ਹਰੀ ਚੰਦ ਨੂੰ ਆਰੀਆ ਸਮਾਜੀਆ ਵਲੋਂ ਸ਼ੁੱਧ ਕੀਤਾ ਗਿਆ ਸੀ ਤੇ ਪਹਿਨਣ ਲਈ ਜਨੇਊ ਦਿੱਤਾ ਗਿਆ ਸੀ। ਉਸ ਜਗ੍ਹਾ ਦੇ ਹਿੰਦੂ ਜਾਟਾਂ ਨੇ ਉਹਨਾਂ ਨੂੰ ਪ੍ਰੇਸ਼ਾਨ ਕਰਨਾ

ਸ਼ੁਰੂ ਕਰ ਦਿੱਤਾ ਅਤੇ ਜਨੇਊ ਲਾਹੁਣ ਲਈ ਕਿਹਾ। ਫਿਰ ਵੀ ਹਰੀ ਚੰਦ ਆਪਣੇ ਧਰਮ 'ਤੇ ਅੜਿਆ ਰਿਹਾ। ਆਖਰ ਇਕ ਦਿਨ ਜਦ ਭਗਤ ਹਰੀ ਚੰਦ ਗਾਇਤਰੀ ਪਾਠ ਪੂਰਾ ਕਰ ਚੁੱਕਿਆ ਸੀ ਤਾਂ ਉਹ ਹਿੰਦੂ ਜਾਟਾਂ ਦੀ ਪਕੜ 'ਚ ਆ ਗਿਆ ਅਤੇ ਉਸ ਨੂੰ ਬੁਰੀ ਤਰ੍ਹਾਂ ਕੁਟਿਆ ਗਿਆ, ਉਸ ਦਾ ਜਨੇਊ ਤੋੜ ਦਿੱਤਾ ਗਿਆ। ਜ਼ਿਲ੍ਹਾ ਗੁਰਦਾਸਪੁਰ 'ਚ ਬਹਿਰਾਮਪੁਰ ਕਸਬੇ ਦੇ ਨੇੜੇ ਰਾਮਾਨੀ ਪਿੰਡ ਦੇ ਹਿੰਦੂ ਰਾਜਪੂਤਾਂ ਨੇ ਆਪਣੇ ਪਿੰਡ ਦੇ ਅਛੂਤਾਂ ਨੂੰ ਉਹਨਾਂ ਦੇ ਘਰੋਂ ਬੁਲਾਇਆ ਅਤੇ ਇਹ ਆਗਿਆ ਦਿੱਤੀ ਕਿ ਉਹ ਜਨੇਊ ਫੌਰਨ ਤੋੜ ਦੇਣ ਤੇ ਇਸ ਨੂੰ ਕਦੇ ਫਿਰ ਨਾ ਪਹਿਨਣ ਦੀ ਸਹੁੰ ਖਾਣ ਨਹੀਂ ਤਾਂ ਉਹਨਾਂ ਦਾ ਜੀਵਨ ਖਤਰੇ 'ਚ ਹੋਵੇਗਾ ਇਸ 'ਤੇ ਅਛੂਤਾਂ ਨੇ ਸ਼ਾਂਤੀ ਪੂਰਵਕ ਉਤਰ ਦਿੱਤਾ, 'ਮਹਾਰਾਜ ਤੁਸੀਂ ਸਾਡੇ ਨਾਲ ਨਾਰਾਜ਼ ਕਿਉਂ ਹੋ। ਆਪ ਹੀ ਦੇ ਭਾਈ ਭੈਣ ਆਰੀਆ ਸਮਾਜੀਆਂ ਨੇ ਬੜੀ ਮਿਹਰਬਾਨੀ ਨਾਲ ਇਹ ਜਨੇਊ ਸਾਡੇ ਗਲਾਂ 'ਚ ਪਹਿਨਾਈ ਹੈ ਤੇ ਸਾਨੂੰ ਹਮੇਸ਼ਾ ਇਸ ਦੀ ਰਾਖੀ ਕਰਨ ਨੂੰ ਕਿਹਾ ਹੈ ਕਿਉਂਕਿ ਉਹ ਹਿੰਦੂ ਧਰਮ ਦੇ ਅਸਲੀ ਪ੍ਰਤੀਕ ਹਨ, ਜੇ ਤੁਹਾਨੂੰ ਇਹਨਾਂ ਨਾਲ ਕੋਈ ਇਤਰਾਜ਼ ਹੈ ਤਾਂ ਆਪ ਆਪਣੇ ਹੀ ਹੱਥਾਂ ਨਾਲ ਇਹਨਾਂ ਨੂੰ ਤੋੜ ਕੇ ਸਾਡੇ ਸਰੀਰਾਂ ਤੋਂ ਵੱਖ ਕਰ ਦਿਉ" ਇਸ 'ਤੇ ਰਾਜਪੂਤ ਉਹਨਾਂ ਬੇਚਾਰਿਆਂ 'ਤੇ ਆਪਣੀਆਂ ਲਾਠੀਆਂ ਵਰਾਹੁਣ ਲੱਗੇ ਤੇ ਕਾਫੀ ਚਿਰ ਉਹਨਾਂ ਦੀ ਕੁਟਾਈ ਕਰਦੇ ਰਹੇ। ਅਛੂਤਾਂ ਨੇ ਇਸ ਜਬਰ 'ਤੇ ਵੀ ਕਾਫੀ ਧੀਰਜ ਰੱਖਿਆ ਤੇ ਵਿਰੋਧ ਜਾਹਰ ਕਰਨ ਤੋਂ ਨਾਹ ਕਰ ਦਿੱਤੀ। ਪਰ ਉਹਨਾਂ ਨੂੰ ਉਹਨਾਂ ਦੀ ਅਸਹਿ ਦਸ਼ਾਂ 'ਤੇ ਕੁਝ ਵੀ ਤਰਸ ਨਹੀਂ ਆਇਆ ਅਤੇ ਤਿੰਨ ਜਾਂ ਚਰ ਰਾਜਪੂਤਾਂ ਨੇ ਮੌਰ ਨਾਮਕ ਇਕ ਹਰੀਜਨ ਦੀ ਦੇਹ ਤੋਂ ਪਵਿੱਤਰ ਧਾਗਾ ਅਸਲ 'ਚ ਤੋੜ ਦਿੱਤਾ ਤੇ ਜਨੇਊ ਦੀ ਰਾਖੀ ਦੇ ਪ੍ਰਤੀਕ ਵਜੋਂ ਉਹਨਾਂ ਦੀ ਦੇਹ ਨੂੰ ਫੌਹੜੇ ਨਾਲ ਖੁਰਚ ਦਿੱਤਾ।" (ਖੰਡ 5 ਪੰਨਾ 45-46) ਅਛੂਤਾਂ ਨੇ ਜਨੇਊ ਪਹਿਨਣ ਦਾ ਹੀ ਨਹੀਂ ਬਲਕਿ ਪਾਠ ਤੇ ਮੰਤਰ ਪੜਨ ਦਾ ਵੀ ਅੰਦੋਲਨ ਚਲਾਇਆ।

ਪਰ ਇਹਨਾਂ ਜਨੂੰਨੀ ਤੇ ਜਾਹਲ ਪ੍ਰਥਾਵਾਂ ਵਿਚੋਂ ਕਿਸੇ ਨੇ ਵੀ ਅਛੂਤਾਂ ਨੂੰ ਉਹਨਾਂ ਦੀ ਸਮਸਿਆ 'ਚੋਂ ਨਹੀਂ ਉਭਾਰਿਆ ਛੋਟੀ ਜਾਤੀ ਦੇ ਲੋਕਾਂ ਦਾ ਆਪਣੀ ਦੀਨ ਹੀਣ ਸਮਾਜਕ ਸਥਿਤੀ ਤੋਂ ਉਭਰਨ ਲਈ ਵੇਸ਼ ਭੂਸ਼ਾ ਤੇ ਬੋਲੀ 'ਚ ਉਚ ਜਾਤੀਆਂ ਦੀ ਨਕਲ ਕਰਨੀ ਸ਼ੁਰੂ ਕਰ ਦਿੱਤੀ, ਇਹ ਇਕ ਤਰੀਕਾ ਸੀ ਅਤੇ ਆਪਣੇ ਨਾਵਾਂ ਨੂੰ ਸੰਸਕ੍ਰਿਤੀ 'ਚ ਤਬਦੀਲ ਕਰਨਾ ਤੇ ਜਾਤੀ ਨਾਵਾਂ 'ਚ 'ਬ੍ਰਾਹਮਣ' ਸ਼ਬਦ ਜੋੜਨਾ ਦੂਜਾ ਤਰੀਕਾ ਸੀ। ਜਿਥੇ ਨਾਈ ਜਾਤੀ ਦੇ ਲੋਕ 'ਨਾਈ ਬ੍ਰਾਹਮਣ' ਹੋ ਗਏ ਵਹੀ ਸੁਨਿਆਰ 'ਵਿਸ਼ਵ ਬ੍ਰਾਹਮਣ' ਮਹਾਂਰਾਸ਼ਟਰ 'ਚ ਸੁਨਿਆਰ ''ਦੈਵਿਗਮਾ ਬ੍ਰਾਹਮਣ' ਹੋ ਗਏ। ਵਹਾਂ ਧੋਬੀ 'ਰਜਕ' ਹੋ ਗਏ, ਇਸ ਤਰ੍ਹਾਂ ਦੂਜੇ ਕੁਝ ਹੋਰ ਹੋ ਗਏ। ਪਰ ਰਜਕ ਕੱਪੜੇ ਧੋਣ ਲਈ ਮਜ਼ਬੂਰ ਸਨ ਨਾਈਆਂ ਨੂੰ ਬ੍ਰਾਹਮਣਾਂ ਦੇ ਵਾਲ ਕੱਟਣੇ ਹੀ ਪੈਂਦੇ ਸਨ। ਕਿਸੇ ਪੇਸ਼ੇ ਨੂੰ ਚਾਹੇ ਕਿਸੇ ਨਾਂ ਨਾਲ ਪੁਕਾਰਿਆ ਜਾਵੇ, ਉਹ ਇਕੱਲੇ ਛੋਟੀ ਜਾਤੀ ਦੇ ਲੋਕ ਹੀ ਹਨ ਜੋ ਇਸ ਨੂੰ ਸੀਪਾਂਦਿਤ ਕਰਦੇ ਹਨ ਇਥੋਂ ਤਕ ਕਿ ਜੇ ਆਪ ਝਾੜੂ ਲਾਉਣ ਦੇ ਕੰਮ ਨੂੰ ਵੀ ਕੋਈ ਸੰਸਕ੍ਰਿਤ ਨਾਂ ਦੇ ਦਿਉਂ ਤਾਂ ਐਸਾ ਵਿਅਕਤੀ ਤਾਂ ਵੀ ਗੰਦਾ ਕੰਮ ਹੀ ਕਰੇਗਾ। ਕੋਈ ਵੀ ਸੁਧਾਰਕ ਉਸ 'ਕਿਰਤ' ਬਾਰੇ ਨਹੀਂ ਸੋਚਦਾ ਹੈ ਜੋ ਛੋਟੀਆਂ ਜਾਤੀਆਂ ਕਰਦੀਆਂ ਹਨ। ਇਹਨਾਂ ਜਾਤੀਆਂ ਨੂੰ ਪਹਿਲਾਂ ਵਰਗੇ ਹੀ ਧੰਦੇ ਕਰਨੇ ਪੈਣਗੇ ਉਹਨਾਂ ਨੇ ਹਮੇਸ਼ਾ ਲਈ ਉਸੇ ਹੈਸੀਅਤ 'ਚ ਬਣੇ ਰਹਿਣਾ ਹੋਵੇਗਾ,

ਬੇਸ਼ੱਕ ਉਹਨਾਂ ਨੇ ਜਨੇਊ ਹੀ ਪਹਿਨੇ ਹੋਣ।

ਅੰਬੇਦਕਰ ਨੇ ਅਛੂਤਾਂ ਦੇ ਜਨੇਊ ਪਹਿਨਣ ਦਾ ਵਿਰੋਧ ਨਹੀਂ ਕੀਤਾ।

ਕਦੀ ਵੀ ਅੰਬੇਦਕਰ ਇਹ ਸੁਆਲ ਨਹੀਂ ਕਰਦੇ ਕਿ ਇਹ ਕੈਸਾ ਸੁਧਾਰ ਹੈ? ਇਸ ਸੁਧਾਰ ਸਾਡਾ ਜੀਵਨ ਭਲਾਂ ਕਿਵੇਂ ਬਦਲੂ? ਕਿਸੇ ਸਮੱਸਿਆ ਨਾਲ ਜੂਝਦੇ ਲੋਕ ਜੇ ਵਾਹਿਯਾਤ ਸੁਧਾਰਾਂ ਦੇ ਭਰੋਸੇ ਰਹਿਣ ਤਾਂ ਉਹ ਇਕ ਕਦਮ ਵੀ ਅੱਗੇ ਨਹੀਂ ਵਧ ਸਕੇ। ਦਿਨ 'ਚ ਇਕ ਘੰਟਾ ਵੀ ਉਹ ਆਤਮ ਸਨਮਾਨ ਦੀ ਜ਼ਿੰਦਗੀ ਨਹੀਂ ਜੀ ਸਕਦੇ। ਇਹ ਤਾਂ ਗੱਲ ਹੈ ਅਛੂਤਾਂ ਦੀ ਪਰ ਇਹ ਹੈਰਾਨੀ ਦੀ ਗੱਲ ਹੈ ਕਿ ਅਛੂਤਾਂ ਦੇ ਆਗੂਆਂ ਨੂੰ ਇਹ ਸਿੱਧਾ ਸਾਧਾ ਤੱਥ ਵੀ ਨਹੀਂ ਪਤਾ।

# ਛੂਤਛਾਤ ਦੇ ਹਿੰਦੂ ਸੁਧਾਰਕਾਂ ਨੇ ਕੀ ਕੀਤਾ

ਛੂਤਛਾਤ 'ਜਾਤੀ ਪ੍ਰਬੰਦ' ਦਾ ਹਿੱਸਾ ਹੈ। ਖੁਦ ਜਾਤੀ ਪ੍ਰਣਾਲੀ ਹਿੰਦ ਧਰਮ (ਹਿੰਦੂਵਾਦ) ਦਾ ਇਕ ਅੰਗ ਹੈ। ਇਸ ਤਰ੍ਹਾਂ ਛੂਤਛਾਤ ਦੇ ਜਾਤੀ ਪ੍ਰਣਾਲੀ ਦੋਨੋਂ ਬੁਰੀਆਂ ਪ੍ਰਥਾਵਾਂ ਹਨ ਅਤੇ ਹਿੰਦੂ ਧਰਮ ਨਾਲ ਜੁੜੀਆਂ ਅੰਧਵਿਸ਼ਵਾਸ਼ੀ ਧਾਰਨਾਵਾਂ ਹਨ। ਜਾਤੀਆਂ ਦੀ ਸਮੱਸਿਆ ਦਾ ਇਕੋ ਇਕ ਹੱਲ ਇਹੀ ਹੈ ਕਿ ਜਾਤੀ ਪ੍ਰਣਾਲੀ ਖਤਮ ਕਰ ਦਿੱਤੀ ਜਾਵੇ। ਜਾਤੀ ਪ੍ਰਣਾਲੀ ਨੂੰ ਨਾ ਮੰਨਣਾ ਹੀ ਇਕੋ ਇਕ ਸਹੀ ਹੱਲ ਹੈ। ਜੀਵਨ 'ਚ ਅਜਿਹੇ ਨਵੇਂ ਸੰਬੰਧਾਂ ਦੀ ਸਥਾਪਨਾ ਹੀ ਇਕੋ ਇਕ ਸਹੀ ਹੈ ਜਿਥੇ ਜਾਤੀ ਸ਼ਬਦ ਕਦੀ ਵੀ ਸੁਣਾਈ ਨਾ ਦੇਵੇ। ਅਜਿਹੇ ਸੰਭਵ ਕਿਵੇਂ ਹੈ' ਇਕ ਵੱਖਰਾ ਸਾਲ ਹੈ। ਪਰ ਇਹੀ ਇਕੋ ਇਕ ਹੱਲ ਹੈ। ਜਾਤੀ ਪ੍ਰਥਾ ਇਕ ਬੁਰੀ ਪ੍ਰਥਾ ਹੈ ਕਿਸ ਲਈ? ਸਿਰਫ ਉਹਨਾਂ ਛੋਟੀਆਂ ਜਾਤੀਆਂ ਲਈ ਜੋ ਇਸ ਦੇ ਅਸਰ ਤੋਂ ਪੀੜਤ ਹਨ। ਉਚ ਜਾਤੀਆਂ ਲਈ ਇਹ ਪ੍ਰਥਾ ਬੁਰੀ ਨਹੀਂ ਬਲਕਿ ਅੱਛੀ ਪ੍ਰਥਾ ਕਿਉਂਕਿ ਇਸ ਦੇ ਨਾਂ ਹੇਠ ਛੋਟੀਆਂ ਜਾਤੀਆਂ ਦੇ ਲੋਕਾਂ ਤੋਂ ਉਹ ਤਰ੍ਹਾਂ ਤਰ੍ਹਾਂ ਦੀ ਸੇਵਾਵਾਂ ਹਾਸਲ ਕਰਦੇ ਹਨ। 'ਸਮਾਜਕ ਸੁਧਾਰ' ਦੇ ਨਾਂ ਹੇਠ ਉਚ ਜਾਤੀਆਂ ਦੇ ਬੁਧੀਜੀਵੀ ਲੰਮੇ ਅਰਸੇ ਤੋਂ ਉਹਨਾਂ ਤਰੀਕਿਆਂ ਦੀ ਖੋਜ ਕਰਦੇ ਆਏ ਹਨ ਜੋ ਛੋਟੀਆਂ ਜਾਤੀਆਂ ਦੇ ਲੋਕਾਂ ਨੂੰ ਇਸ ਬਹਿਕਾਵੇ 'ਚ ਰੱਖਦੀਆਂ ਹਨ ਕਿ ਸਮਾਜਕ ਸੁਧਾਰ ਜਾਤੀ ਪ੍ਰਸ਼ਨ ਨੂੰ ਹੱਲ ਕਰ ਦੇਵੇਗਾ।

ਜਦ ਲੋਕ ਹਿੰਦੂ ਧਰਮ ਦੀ ਗੱਲ ਕਰਦੇ ਹਨ ਤਾਂ ਦੋ ਅਜਿਹੀਆਂ 'ਮਹਾਨ ਆਤਮਾਵਾਂ' ਦੀਆਂ ਤਸਵੀਰਾਂ ਉਭਰਦੀਆਂ ਹਨ, ਉਹ ਹਨ ਵਿਵੇਕਾਨੰਦ ਤੇ ਗਾਂਧੀ। ਇਹ ਮਹਾਨ ਬੰਦੇ 'ਸਮਾਜਕ ਸੁਧਾਰਕ ਤੇ ਦਾਰਸ਼ਨਿਕਾ' ਵਜੋਂ ਮੁਸ਼ਹੂਰ ਹਨ। ਪਰ ਦੋਨੋਂ ਹੀ ਜਾਤੀ ਪ੍ਰਣਾਲੀ ਦੀ ਪੂਰੀ ਤਰ੍ਹਾਂ ਹਮਾਇਤ ਕਰਦੇ ਹਨ। ਫਿਰ ਵੀ ਉਹ ਕੁਝ ਸਤ ਹੀ ਤੇ ਮਾਮੂਲੀ ਤਬਦੀਲੀਆਂ ਦਾ ਸੁਝਾਅ ਦਿੰਦੇ ਹਨ। ਉਹ ਅਜਿਹਾ ਤਾਂ ਕਰਦੇ ਹਨ ਕਿ ਛੋਟੀ ਜਾਤੀ ਦੇ ਲੋਕ ਸੰਤੁਸ਼ਟ ਰਹਿਣ। ਇਹਨਾਂ ਦੋਹਾਂ ਨੂੰ ਜਾਨਣਾ ਜ਼ਰੂਰੀ ਹੈ :-

(1) ਵਿਵੇਕਾਨੰਦ (1863-1902) ਇਸ ਸੱਜਣ ਬਾਰੇ ਜੋ ਆਪਾ ਵੇਖਦੇ ਹਾਂ ਉਹ ਅੰਬੇਦਕਰ ਦੀਆਂ ਰਚਨਾਵਾਂ ਦੇ ਖੰਡਾਂ 'ਚੋਂ ਨਹੀਂ ਲਿਆ ਗਿਆ ਹੈ। ਇਹ ਖੁਦ ਉਹਨਾਂ ਦੀ ਉਸ ਕਿਤਾਬ 'ਚੋਂ ਲਿਆ ਗਿਆ ਹੈ ਜਿਸ ਦਾ ਸਿਰਲੇਖ ਹੈ ਜਾਤੀ, ਸੰਸਕ੍ਰਿਤੀ ਤੇ ਸਮਾਜਵਾਦ (ਕਲੱਕਤਾ, ਅਦੈਤ ਆਸ਼ਰਮ 1999) ਆਉ ਜਾਤੀ ਪ੍ਰਣਾਲੀ ਸਬੰਧੀ ਵਿਵੇਕਾਨੰਦ ਦੇ ਗਿਆਨ ਨੂੰ ਵੇਖੀਏ। "ਇਕ ਕਿਨਾਰੇ ਆਦਰਸ਼ ਬ੍ਰਾਹਮਣ ਹੈ, ਦੂਜੇ ਕਿਨਾਰੇ ਆਦਰਸ਼ ਚੰਡਾਲ ਹੈ ਅਤੇ ਚੰਡਾਲ ਦਾ ਬ੍ਰਾਹਮਣ ਦੇ ਪੱਧਰ ਤਕ ਉਠਣਾ ਹੀ ਉਹਨਾਂ ਦਾ ਮੁੱਖ ਉਦੇਸ਼ ਹੈ" "ਹਜ਼ਾਰਾਂ ਜਾਤੀਆਂ ਹਨ ਤੇ ਕੁਝ ਲੋਕ ਤਾਂ ਬ੍ਰਾਹਮਣਤਵ ਵੀ ਹਾਸਲ ਕਰ ਰਹੇ ਹਨ। ਕਿਉਂਕਿ ਕਿਸੇ ਵੀ ਜਾਤੀ ਨੂੰ ਇਹ ਐਲਾਨ ਕਰਨ 'ਚ ਕੀ ਹਰਜ ਹੈ ਉਹ ਬ੍ਰਾਹਮਣ ਹਨ? ਇਸ ਤਰ੍ਹਾਂ ਜਾਤੀ ਪੂਰੀ ਦ੍ਰਿੜਤਾ ਨਾਲ ਇਸੇ ਤਰ੍ਹਾਂ ਨਿਰਮਤ ਹੋਈ ਹੈ। ਮੰਨ ਲਿਆ ਕਿ ਹਰ ਜਾਤੀ 'ਚ ਦਸ ਹਜ਼ਾਰ ਲੋਕ ਹਨ, ਜੇ ਇਹ ਇਕੱਠੇ ਹੋ ਜਾਣ ਅਤੇ ਕਹਿਣ ਕਿ ਅਸੀਂ ਆਪਣੇ ਆਪ ਨੂੰ ਬ੍ਰਾਹਮਣ ਆਖਾਂਗੇ ਤਾਂ ਕੋਈ ਉਹਨਾਂ ਨੂੰ ਨਹੀਂ ਰੋਕ ਸਕਦਾ ਹੈ।" (ਸਫ਼ਾ 27, 28) ਇਸ ਦਾ ਅਰਥ ਇਹ ਹੈ ਕਿ ਕਿਸੇ ਵੀ ਅਛੂਤ ਜਾਤੀ ਦੇ ਸਭ ਮੈਂਬਰਾਂ ਨੂੰ ਇਹ ਐਲਾਨ ਕਰਨਾ ਚਾਹੀਦਾ

ਹੈ ਕਿ, 'ਅਸੀਂ ਬ੍ਰਾਹਮਣ ਹਾਂ' ਜੇ ਉਹ ਵਾਕਿਆ ਹੈ ਅਜਿਹਾ ਸੋਚਣ ਲੱਗਦਾ ਤਾਂ ਇਹ ਕਾਫੀ ਹੋਵੇਗਾ। ਤਦ ਉਹ ਬ੍ਰਾਹਮਣ ਹੋ ਜਾਣਗੇ। ਇਸ ਦਾ ਮਤਲਬ ਇਹ ਵੀ ਹੈ ਕਿ ਉਹਨਾਂ ਅਜਿਹਾ ਨਹੀਂ ਸੋਚਿਆ। ਅਜਿਹਾ ਸੋਚਣਾ ਉਹਨਾਂ ਦੇ ਹੱਥ ਵਿਚ ਹੈ ਜਾਂ ਕਿ ਨਹੀਂ? ਛੋਟੀ ਜਾਤੀ ਦੇ ਲੋਕ ਆਪਣੀ ਜਾਤੀ ਕਿਉਂ ਨਹੀਂ ਬਦਲ ਲੈਂਦੇ? ਸੁਆਮੀ ਨੂੰ ਇਹ ਗੱਲ ਪ੍ਰੇਸ਼ਾਨ ਕਰਦੀ ਹੈ। ਮੰਨ ਲਿਆ ਕਿ ਚੰਡਾਲ ਜਾਤੀ ਦੇ ਸਾਰੇ ਮੈਂਬਰਾਂ ਨੇ ਇਹ ਐਲਾਨ ਕਰ ਦਿੱਤਾ ਕਿ ਉਹ ਬ੍ਰਾਹਮਣ ਹਨ। ਕੀ ਉਸ ਪਿੱਛੋਂ ਸਭ ਉਚ ਜਾਤੀ ਦੇ ਲੋਕ ਚੰਡਾਲ ਜਾਤੀ ਦੇ ਉਹਨਾਂ ਲੋਕਾਂ ਨੂੰ ਬ੍ਰਾਹਮਣਾਂ ਵਜੋਂ ਸਵੀਕਾਰ ਕਰ ਲੈਣਗੇ? ਕੀ ਉਹ ਛੂਤਛਾਤ ਦੀ ਪਾਲਣਾ ਕਰਨੀ ਛੱਡ ਦੇਣਗੇ? ਕੀ ਉਹ ਉਹਨਾਂ ਨੂੰ ਆਪਣੇ ਘਰਾਂ 'ਚ ਵੜਨ ਦੇਣਗੇ? ਕੀ ਉਹ ਅੰਤਰਜਾਤੀ ਖਾਣ ਪੀਣ ਤੇ ਵਿਆਹ ਰਿਸ਼ਤੇ ਸ਼ੁਰੂ ਕਰ ਦੇਣਗੇ? ਕੀ ਇਹ ਸਭ ਚੀਜ਼ਾਂ ਹੋਣਗੀਆਂ? ਇਕ ਮੂਰਖ ਆਦਮੀ ਵੀ ਇਹ ਜਾਣਦਾ ਹੈ ਕਿ ਇਹਨਾਂ 'ਚੋਂ ਕੋਈ ਵੀ ਚੀਜ਼ ਨਹੀਂ ਹੋਣੀ। ਉਹਨਾਂ ਅਛੂਤਾਂ ਨੇ ਅਛੂਤ ਹੀ ਬਣੇ ਰਹਿਣਾ ਹੈ। ਜੇ ਕੋਈ ਅਛੂਤ ਇਹ ਕਹਿੰਦਾ ਹੋਵੇ ਕਿ "ਮੈਂ ਹੀ ਬ੍ਰਾਹਮਣ ਹਾਂ" ਤਾਂ ਸਾਰੇ ਬ੍ਰਾਹਮਣ ਹਸਣਗੇ ਤੇ ਉਸ ਨੂੰ ਝਿੜਕਾਂ ਮਾਰਨ ਲੱਗਣਗੇ ਕਿ "ਭੱਜ ਜਾਓ ਮੂਰਖ ਆਦਮੀ ਕੀ ਤੇਰੇ ਇਹਨਾਂ ਕਹਿਣ ਨਾਲ ਹੀ ਤੂੰ ਬ੍ਰਾਹਮਣ ਬਣ ਜਾਵੇਂਗਾ?" ਕੀ ਏਨੇ ਮਹਾਨ ਸੁਆਮੀ ਨੂੰ ਏਨੇ ਮਾਮੂਲੀ ਜਿਹੀ ਗੱਲ ਵੀ ਨਹੀਂ ਪਤਾ? ਜੇ ਕੋਈ ਸੁਧਾਰਕ ਅਛੂਤਾਂ ਨੂੰ ਇਹ ਦਲੀਲ ਦਿੰਦਾ ਹੈ ਕਿ ਉਹ ਖੁਦ ਨੂੰ ਬ੍ਰਾਹਮਣ ਮੰਨ ਲੈਣ ਤਾਂ ਉਹ ਅਛੂਤਾਂ ਲਈ ਯਥਾਰਥ ਸੇਵਾ ਕੀ ਕਰ ਸਕੇਗਾ? ਜੇ ਉਹ ਇਹੀ ਗੱਲ ਬ੍ਰਾਹਮਣਾਂ ਨੂੰ ਕਹਿੰਦਾ ਯਾਨੀ ਕਿ ਜੇ ਉਹ ਇਹ ਕਹਿੰਦਾ ਕਿ 'ਅਛੂਤਾਂ ਨੂੰ ਵੀ ਆਪਣੇ ਵਰਗਾ ਹੀ ਬ੍ਰਾਹਮਣ ਮੰਨੋ" ਤਾਂ ਇਸ ਦਾ ਕੀ ਅਰਥ ਹੁੰਦਾ। ਜਦੋਂ ਕੋਈ ਫਰਕ ਹੀ ਨਹੀਂ ਪੈਂਦਾ ਫਿਰ ਵੀ ਇਹ ਸਮਝਿਆ ਜਾਂਦਾ ਹੈ ਕਿ "ਇਹਨਾਂ ਸੁਆਮੀ ਜੀ ਨੇ ਅਛੂਤਾਂ ਦੇ ਪੱਖ 'ਚ ਕੁਝ ਤਾਂ ਕਿਹਾ" ਪਰ ਅਛੂਤਾਂ ਨੂੰ ਇਹ ਸਲਾਹ ਦੇਣਾ ਕਿ ਖੁਦ ਨੂੰ ਬ੍ਰਾਹਮਣ ਮੰਨ ਲਓ ਅਤੇ ਨਾਂ ਮੰਨਣ 'ਤੇ ਉਹਨਾਂ ਦੀ ਅਲੋਚਨਾ ਕਰਨਾ, ਇਕ ਤਰ੍ਹਾਂ ਨਾਲ ਉਹਨਾਂ 'ਤੇ ਦੋਸ਼ ਮੜਨਾ ਹੈ। ਇਸ ਦਾ ਅਰਥ ਇਹ ਹੁੰਦਾ ਹੈ ਕਿ ਖੁਦ ਛੋਟੀ ਜਾਤੀ ਦੇ ਲੋਕ ਆਪਣੀ ਛੋਟੀ ਜਾਤੀ ਦੇ ਪੱਧਰ ਤੋਂ ਛੁਟਕਾਰਾ ਪਾਉਣ ਤੋਂ ਪਿੱਛੇ ਹਟ ਰਹੇ ਹਨ। ਸੁਆਮੀ ਜੀ ਦੀਆਂ ਕੁਝ ਹੋਰ ਗੱਲਾਂ ਸੁਣੋ" ਜਾਤੀਆਂ ਦੀ ਬਰਾਬਰੀ ਦਾ ਮੇਰਾ ਕੋਈ ਪ੍ਰਸਤਾਵ ਨਹੀਂ ਹੈ। ਜਾਤੀ ਪ੍ਰਣਾਲੀ ਬਹੁਤ ਅੱਛੀ ਚੀਜ਼ ਹੈ। ਜਾਤੀ ਪ੍ਰਣਾਲੀ ਇਕ ਅਜਿਹੀ ਯੋਜਨਾ ਹੈ ਜਿਸ 'ਤੇ ਅਸੀਂ ਅਮਲ ਕਰਨਾ ਚਾਹੁੰਦੇ ਹਾਂ, ਜਾਤੀ ਪ੍ਰਣਾਲੀ 'ਚ ਕੀ ਹੈ। ਲੱਖਾਂ 'ਚੋਂ ਕੋਈ ਵਿਰਲਾ ਹੀ ਸਮਝ ਸਕਦਾ ਹੈ ਕਿ ਅਸਲ 'ਚ ਜਾਤੀ ਪ੍ਰਣਾਲੀ ਹੈ ਕੀ?"

ਹੁਣ ਜ਼ਰਾ ਉਹ ਅੱਛੀ ਚੀਜ਼" ਦਾ ਅਸਲੀ ਅਰਥ ਸਮਝ ਲਵੋ ਯਾਨੀ ਕਿ ਜਿਸ ਨੂੰ ਲੱਖਾਂ 'ਚੋਂ ਕੋਈ ਵਿਰਲਾ ਹੀ ਸਮਝ ਸਕਦਾ ਹੈ।

"ਬ੍ਰਾਹਮਣ ਜਾਤੀ ਦੇ ਬ੍ਰਾਹਮਣ ਗੁਣ ਦੋ ਵੱਖ ਵੱਖ ਚੀਜ਼ਾਂ ਹਨ ਭਾਰਤ 'ਚ ਕੋਈ ਵੀ ਆਪਣੀ ਜਾਤੀ ਤੋਂ ਬ੍ਰਾਹਮਣ ਨਹੀਂ ਮੰਨਿਆ ਜਾਂਦਾ ਪਰ ਪੱਛਮ 'ਚ ਉਸ ਨੂੰ ਕੋਈ ਉਸ ਦੇ ਬ੍ਰਾਹਮਣ ਗੁਣਾ ਕਰਕੇ ਅਜਿਹਾ ਮੰਨਿਆ ਜਾਣਾ ਚਾਹੀਦਾ ਹੈ ਜਿਵੇਂ ਕਿ ਤਿੰਨ ਗੁਣ ਹੁੰਦੇ ਹਨ-ਸਤ, ਰਜਸ ਤੇ ਤਮਸ ਇਹ ਗੁਣ ਉਹ ਚੀਜ਼ ਹੈ ਜੋ ਕਿਸੇ ਆਦਮੀ ਦਾ ਬ੍ਰਾਹਮਣ, ਖਤਰੀ, ਵੈਸ਼ ਜਾਂ ਸ਼ੂਦਰ ਹੋਣਾ ਦਰਸਾਉਂਦਾ ਹੈ।" (ਪੰਨਾ 29-

30) ਤਾਂ ਇਹ ਅਸਲ ਵਿਚ ਜਾਤੀ ਦਾ ਅਰਥ। ਇਹ ਅਜਿਹਾ ਅਰਥ ਹੈ ਜਿਸ ਨੂੰ ਲੱਖਾਂ 'ਚੋਂ ਕੋਈ ਵਿਰਲਾ ਹੀ ਸਮਝ ਸਕਦਾ ਹੈ।' ਕਾਫੀ ਸਮਾਂ ਪਹਿਲਾਂ ਤੋਂ ਉਚ ਜਾਤੀ ਦੇ ਸੁਧਾਰਕਾਂ ਨੇ ਇਹ ਨਵਾਂ ਰਾਗ ਅਲਾਪਨਾ ਸ਼ੁਰੂ ਕੀਤਾ ਹੈ ਕਿ ਜਾਤੀ ਦਾ ਜਨਮ ਨਾਲ ਕੋਈ ਵਾਹ ਵਾਸਤਾ ਹੀ ਨਹੀਂ ਹੈ। ਬਲਕਿ 'ਗੁਣ' ਤੋਂ ਹੈ। ਇਹਨਾਂ ਲੋਕਾਂ ਦਾ ਇਹ ਕਹਿਣਾ ਨਹੀਂ ਹੈ ਕਿ 'ਜਾਤੀ ਭੇਦਭਾਵ ਨਹੀਂ ਹੋਣਾ ਚਾਹੀਦਾ।' ਅਸਲ 'ਚ ਇਹ ਜਾਤੀ ਭੇਦਭਾਵ ਚਾਹੁੰਦੇ ਹਨ ਇਹਨਾਂ ਸੁਧਾਰਕਾਂ ਨੇ ਜਾਤੀ ਦੇ ਅਰਥਾਂ ਨੂੰ ਬਦਲ ਦਿੱਤਾ ਅਤੇ ਜਾਤੀ ਸ਼ਬਦ ਲਈ ਇਕ ਨਵੇਂ ਅਰਥ ਦੀ ਕਾਢ ਕੱਢ ਲਈ ਯਾਨੀ ਕਿ "ਜਾਤੀਆਂ ਜਮਾਂਦਰੂ ਜਨਮ 'ਤੇ ਅਧਾਰਤ ਨਹੀਂ ਹੁੰਦੀ ਬਲਕਿ ਗੁਣਾ 'ਤੇ ਅਧਾਰਤ ਹੁੰਦੀਆਂ ਹਨ।" ਕਿਉਂਕਿ ਜੇ ਉਹ ਇਹ ਕਹਿੰਦੇ ਹਨ ਕਿ ਜਾਤੀ ਪ੍ਰਣਾਲੀ ਨੂੰ ਪਹਿਲਾਂ ਵਾਂਗੂੰ ਮੌਜੂਦ ਰਹਿਣਾ ਚਾਹੀਦਾ ਤਾਂ ਛੋਟੀ ਜਾਤੀ ਦੇ ਲੋਕ ਉਹਨਾਂ ਦਾ ਵਿਰੋਧ ਕਰ ਦਿੰਦੇ ਹਨ। ਜੇ ਇਹ ਗੁਣਾ ਦੇ ਅਧਾਰ 'ਤੇ ਹੈ ਤਾਂ ਇਹ ਤਾਂ ਦੁਨੀਆਂ ਦਾ ਦਸਤੂਰ ਰਿਹਾ ਹੈ ਕਿ ਜੇ ਕੋਈ ਬੰਦਾ ਅੱਛਾ ਹੈ ਤਾਂ ਲੋਕ ਉਸਨੂੰ 'ਅੱਛਾ ਬੰਦਾ' ਕਹਿੰਦੇ ਹਨ ਤੇ ਜੇ ਕੋਈ ਬੁਰਾ ਹੈ ਤਾਂ ਲੋਕ ਉਸ ਨੂੰ 'ਬੁਰਾ ਬੰਦਾ' ਕਹਿੰਦੇ ਹਨ। ਤਾਂ ਫਿਰ ਅੱਛੇ ਗੁਣਾ ਲਈ 'ਬ੍ਰਾਹਮਣਵਾਦ' ਤੇ ਬੁਰੇ ਗੁਣਾ ਲਈ 'ਸ਼ੂਦਰਤਾ' ਦਾ ਠੱਪ ਕਿਉਂ ਲਾਉਣਾ ਚਾਹੀਦਾ ਹੈ। ਜੇ ਅਸੀਂ ਗੁਣਾਂ ਨੂੰ ਜਾਤੀ ਦਾ ਅਧਾਰ ਮੰਨਦੇ ਹਾਂ ਤਾਂ ਸਭ ਲੋਕਾਂ ਦੇ ਗੁਣ ਕਿਉਂ ਅੱਛੇ ਨਹੀਂ ਹੋ ਜਾਂਦੇ ਅਤੇ ਸਭ ਲੋਕਾਂ ਦੀ ਜਾਤੀਆਂ ਇਕ ਹੀ ਕਿਉਂ ਨਹੀਂ ਹੋ ਜਾਂਦੀਆਂ? ਤਦ ਫਿਰ ਜਾਤੀ ਪ੍ਰਣਾਲੀ ਖਤਮ ਕਿਉਂ ਨਹੀਂ ਹੋ ਜਾਂਦੀ? ਪਰ ਸੁਧਾਰਕਾਂ ਦਾ ਇਹ ਅਟੁੱਟ ਵਿਸ਼ਵਾਸ਼ ਹੈ ਕਿ ਸਮਾਜ 'ਚ ਸਭ ਲੋਕ ਅੱਛੇ ਨਹੀਂ ਹੁੰਦੇ ਅਤੇ ਬੁਰੇ ਲੋਕ ਜ਼ਰੂਰ ਮੌਜੂਦ ਰਹਿਣਗੇ। ਫੇਰ ਜਾਤੀ ਪ੍ਰਣਾਲੀ ਵਾਕਿਆ ਹੀ ਬਹੁਤ ਅੱਛੀ ਚੀਜ਼ ਹੈ। ਸੁਆਮੀ ਜੀ ਦਾ ਕਹਿਣਾ ਹੈ ਕਿ "ਜਾਤੀਆਂ ਦੇ ਖਾਤਮੇ ਦਾ ਮੇਰਾ ਕੋਈ ਪ੍ਰਸਤਾਵ ਨਹੀਂ ਹੈ" ਇਸ ਦਾ ਅਰਥ ਇਹ ਹੈ ਕਿ ਸਭ ਮਨੁੱਖਾਂ ਨੂੰ ਅੱਛੇ ਲੋਕਾਂ 'ਚ ਬਦਲਣ ਦੀ ਕੋਸ਼ਿਸ਼ ਕਰਨਾ ਦੀ ਸਵਾਮੀ ਜੀ ਦੀ ਕੋਈ ਇੱਛਾ ਨਹੀਂ ਹੈ। ਉਹਨਾਂ ਦਾ ਕਹਿਣਾ ਹੈ ਕਿ ਪੱਛਮ 'ਚ ਸਾਰੇ ਫਰਕ ਸਿਰਫ ਗੁਣਾ ਦੇ ਅਧਾਰ 'ਤੇ ਹੁੰਦੇ ਹਨ। ਇਸ ਦਾ ਅਰਥ ਇਹ ਹੁੰਦਾ ਹੈ ਕਿ ਜੇ ਅਸੀਂ ਦਾਸਾਂ ਅਤੇ ਦਾਸ਼ ਮਾਲਕਾਂ ਨੂੰ ਸਵਾਮੀ ਦੇ ਸਾਹਮਣੇ ਬੁਲਾ ਲਈਏ ਅਤੇ ਉਹਨਾਂ ਤੋਂ ਫਰਕਾਂ ਦਾ ਅਧਾਰ ਪੁੱਛੀਏ ਤਾਂ ਸਵਾਮੀ ਜੀ ਇਹੀ ਕਹਿਣਗੇ ਕਿ "ਸਭ ਬੁਰੇ ਲੋਕ ਦਾਸ ਹਨ ਅਤੇ ਸਭ ਅੱਛੇ ਲੋਕ ਮਾਲਕ। ਇਸ ਲਈ ਇਹ ਭੇਦਭਾਵ ਹੈ।" ਇਥੇ ਉਹਨਾਂ ਅਤੀ ਅਧੁਨਿਕ ਅਰਥਾਂ ਨਾਲ ਸਾਡੀ ਕੋਈ ਸਰੋਕਾਰ ਨਹੀਂ ਹੈ ਜਿਹੜੇ ਸੁਧਾਰਕਾਂ ਨੇ ਜਾਤੀ ਪ੍ਰਬੰਦ ਦੀ ਸ਼ਬਦਾਵਲੀ ਲਈ ਦਿੱਤੇ ਹਨ। ਸਾਡੇ ਸਾਹਮਣੇ ਜੋ ਗੱਲ ਹੈ ਉਹ ਹੈ ਜਨਮ 'ਤੇ ਅਧਾਰਤ ਵਿਅਕਤੀ ਦਾ ਜਾਤੀ ਭੇਦਭਾਵ। ਸਾਰੀ ਸਮਸਿਆ ਸਿਰਫ ਇਹੀ ਹੈ। ਅਜਿਹੀਆਂ ਜਾਤੀਆਂ ਨਾਲ ਅਸੀਂ ਕੀ ਕਰਨਾ ਹੈ? ਇਹ ਸੁਧਾਰਕਾਂ ਨੂੰ ਸਾਨੂੰ ਦਸਣਾ ਚਾਹੀਦਾ ਹੈ ਕਿ ਅਸੀਂ ਅਜਿਹੀਆਂ ਜਾਤੀਆਂ ਨਾਲ ਕੀ ਕਰੀਏ। ਉਹਨਾਂ ਨੂੰ ਕੋਈ ਤਾਂ ਰਾਹ ਦੱਸਣਾ ਹੀ ਪਵੇਗਾ। ਪਰ ਸਵਾਮੀ ਜੀ ਨੇ ਅਸਲ ਸਮੱਸਿਆਵਾਂ ਨੂੰ ਪਾਸੇ ਰੱਖਦਿਆਂ ਪੱਛਮ ਵਾਸੀਆਂ ਦੇ ਗੁਣਾ ਦਾ ਅਜੀਬ ਚਿਤਰਣ ਕਰਨਾ ਸ਼ੁਰੂ ਕਰ ਦਿੱਤਾ।

"'ਬ੍ਰਾਹਮਣ ਜਾਂ ਖਤਰੀ ਹੋਣ ਦੇ ਗੁਣ (ਇਸ) ਦੇਸ਼ 'ਚੋਂ ਗਾਇਬ ਹੁੰਦੇ ਜਾ ਰਹੇ ਹਨ ਪਰ ਪੱਛਮ ਨੇ ਹੁਣ ਖਤਰੀਤਵ ਹਾਸਲ ਕਰ ਲਿਆ ਹੈ ਜਿਸਦਾ ਅਗਲਾ

ਕਦਮ ਬ੍ਰਾਹਮਣਵਾਦ ਹੈ ਅਤੇ ਉਥੇ ਕਈ ਅਜਿਹੇ ਹਨ ਜਿਹਨਾਂ ਨੇ ਖੁਦ ਨੂੰ ਇਸ ਦੇ ਯੋਗ ਬਣਾ ਲਿਆ ਹੈ।" (ਪੰਨਾ 30)।

ਪੱਛਮੀ ਦੇਸ਼ਾਂ 'ਚ ਲੋਕ ਇਕ ਪੌੜੀ ਹੋਰ ਚੜ ਸਕਦੇ ਹਨ ਤੇ ਉਹ ਸਭ ਬ੍ਰਾਹਮਣ ਹੋ ਸਕਦੇ ਹਨ ਪਰ ਭਾਰਤ 'ਚ ਬੁਰੇ ਗੁਣਾ ਵਾਲੇ ਲੋਕ ਬੁਰੇ ਹੀ ਬਣੇ ਰਹਿਣਗੇ। ਅਜਿਹੇ ਲੋਕਾਂ ਲਈ ਸ਼ੂਦਰ ਜਾਤੀ ਹਮੇਸ਼ਾ ਬਰਕਰਾਰ ਰਹੇਗੀ।

ਠੀਕ ਹੈ, ਪਰ ਇਹਨਾਂ ਅੱਛੇ ਤੇ ਬੁਰੇ ਗੁਣਾਂ ਨੂੰ ਨਿਰਧਾਰਿਤ ਕਿਵੇਂ ਕੀਤਾ ਜਾਵੇ? ਚਲੋ ਇਸ 'ਵਿਗਿਆਨ' ਨੂੰ ਇਥੇ ਸਿਖਦੇ ਹਾਂ।'

"ਜਦ ਉਹ ਪਗਾਰ ਲਈ ਦੂਜੇ ਦੀ ਸੇਵਾ ਕਰਦਾ ਹੈ, ਤਦ ਉਹ ਸ਼ੂਦਰ ਹੁੰਦਾ ਹੈ। ਜਦ ਉਹ ਆਪਣੇ ਮੁਨਾਫੇ ਲਈ ਕੁਝ ਕਾਰੋਬਾਰ ਦੇ ਲੈਣ ਦੇਣ 'ਚ ਆਪਣੇ ਲਈ ਮਗਨ ਰਹਿੰਦਾ ਹੈ, ਤਦ ਉਹ ਵੈਸ਼ਅ ਹੁੰਦਾ ਹੈ, ਜਦ ਉਹ ਗਲਤੀ ਨੂੰ ਸਹੀ ਕਰਨ ਲਈ ਲੜਦਾ ਹੈ, ਤਦ ਉਸ 'ਚ ਖਤਰੀ ਦੇ ਗੁਣ ਪੈਦਾ ਹੁੰਦੇ ਹਨ ਅਤੇ ਜਦ ਉਹ ਰੱਬ ਦਾ ਧਿਆਨ ਕਰਦਾ ਹੈ ਤਾਂ ਆਪਣਾ ਸਮਾਂ ਉਸ ਦੀ ਚਰਚਾ 'ਚ ਲੰਘਾਉਂਦਾ ਹੈ, ਉਦੋਂ ਉਹ ਬ੍ਰਾਹਮਣ ਹੁੰਦਾ ਹੈ।

ਸੁਭਾਵਿਕ ਤੌਰ 'ਤੇ ਕਿਸੇ ਲਈ ਇਕ ਜਾਤੀ ਤੋਂ ਦੂਜੀ ਜਾਤੀ 'ਚ ਤਬਦੀਲ ਹੋਣਾ ਬਿਲਕੁਲ ਸੰਭਵ ਹੈ।" (ਪੰਨਾ33)।

ਇਸ ਲਈ ਸਾਨੂੰ ਅੱਛੇ ਤੇ ਬੁਰੇ ਗੁਣਾ ਦਾ ਇਸ ਤਰ੍ਹਾਂ ਨਿਰਧਾਰਣ ਕਰਨਾ ਪਵੇਗਾ। ਰੱਬ ਦਾ ਲਗਾਤਾਰ ਧਿਆਨ ਕਰਨਾ ਬ੍ਰਾਹਮਣਾਂ ਦਾ ਗੁਣ ਹੈ ਅਤੇ ਸਭ ਤੋਂ ਉਤਮ ਗੁਣ ਹੈ। ਪਗਾਰ ਲਈ ਦੂਜਿਆਂ ਦੀ ਸੇਵਾ 'ਚ ਮਗਨ ਰਹਿਣਾ ਸ਼ੂਦਰਤਵ ਹੈ। ਇਹ ਸਭ ਤੋਂ ਮਾੜਾ ਗੁਣ ਹੈ। ਲੋਕ ਇਹਨਾਂ ਕ੍ਰਿਆ ਕਲਾਪਾਂ ਦੀ ਚੋਣ 'ਸੁਭਾਵਿਕ ਤੌਰ 'ਤੇ ਕਰਦੇ ਹਨ ਅਤੇ ਉਹ ਅਜਿਹਾ ਉਹਨਾਂ ਗੁਣਾ ਕਾਰਨ ਕਰਦੇ ਹਨ ਜੋ 'ਹਰ ਆਦਮੀ 'ਚ ਸੁਭਾਵਕ' ਹੁੰਦਾ ਹੈ। ਸੁਭਾਵਿਕ ਗੁਣਾ ਕਰਕੇ ਹੀ ਜਾਤੀਆਂ ਆਕਾਰ ਲੈਂਦੀਆਂ ਹਨ। ਜੇ ਸਭ ਲੋਕ ਬ੍ਰਾਹਮਣ ਬਣਨਾ ਚਾਹੁੰਦੇ ਹਨ ਤਾਂ ਸਭ ਨੂੰ ਸਤ੍ਰੋਤਰਾਂ ਦਾ ਗਿਆਨ ਸ਼ੁਰੂ ਕਰਨਾ ਪਵੇਗਾ। ਅਜਿਹੇ ਕੋਈ ਮੂਰਖ ਨਾ ਰਹਿ ਜਾਵੇ ਜੋ ਪਗਾਰ ਲਈ ਕਿਰਤ ਕਰੇ। ਤਦ ਲਾਜ਼ਮੀ ਸਾਰੇ ਲੋਕ 'ਘਾਹ' ਖਾਣਗੇ ਕਿਉਂਕਿ ਧਰਤੀ ਤੇ ਸਿਰਫ਼ ਘਾਹ ਹੀ ਆਪਣੇ ਆਪ ਉਗਦਾ ਹੈ ਬਿਨਾਂ ਕਿਸੇ ਮਿਹਨਤ ਦੇ!

ਮਨੁੱਖੀ ਸਮਾਜ ਕੀ ਹੁੰਦਾ ਹੈ, ਕਿਰਤ ਕਰਨ ਦਾ ਅਰਥ ਕੀ ਹੁੰਦਾ ਹੈ। ਮੁਨਾਫਾ ਕਮਾਉਣ ਦਾ ਕੀ ਅਰਥ ਹੁੰਦਾ ਹੈ ਅਤੇ ਸੱਚ ਅਰਥਾਂ 'ਚ ਮਨੁੱਖੀ ਸਬੰਧ ਕੀ ਹੁੰਦੇ ਹਨ–ਇਹਨਾਂ ਸਾਰਿਆਂ ਬਾਰੇ ਘੋਰ ਅਗਿਆਨਤਾ ਹੈ। ਇਕ ਅਜਿਹਾ ਵਿਅਕਤੀ, ਜਿਸ ਲਈ ਰੱਬ ਦਾ ਗਿਆਨ ਤੇ ਸਦਾਚਾਰ ਦੇ ਪੈਮਾਨੇ ਹੋਣ, ਸਮਾਜ ਦੀ ਸਮੱਸਿਆਵਾਂ ਨੂੰ ਕਿਵੇਂ ਸਮਝ ਸਕਦਾ ਹੈ? ਇਹ ਪੀੜਤਾਂ ਦੀ ਦੁਰਦਸ਼ਾਵਾਂ ਦਾ ਹੱਲ ਕਿਵੇਂ ਸੁਝਾਅ ਸਕਦਾ ਹੈ? ਉਸ ਹੱਲ 'ਤੇ ਗੌਰ ਕਰੋ ਜੋ ਇਹ ਸਵਾਮੀ ਜੀ ਛੋਟੀਆਂ ਜਾਤੀਆਂ ਨੂੰ ਸੁਝਾ ਰਹੇ ਹਨ। "ਗੈਰ ਬ੍ਰਾਹਮਣ ਜਾਤੀਆਂ ਨੂੰ ਮੈਂ ਕਹਿੰਦਾ ਹਾਂ ਕਿ ਜਲਦਬਾਜ਼ੀ ਨਾ ਕਰੋ। ਬ੍ਰਾਹਮਣਾਂ ਨਾਲ ਜੂਝਣ ਦੇ ਹਰ ਮੌਕੇ ਨੂੰ ਨਾ ਫੜੋ ਕਿਉਂਕਿ ਜਿਵੇਂ ਮੈਂ ਦਰਸਾਇਆ ਹੈ, ਤੁਸੀਂ ਆਪਣੀਆਂ ਹੀ ਗਲਤੀਆਂ ਦਾ ਫਲ ਭੋਗ ਰਹੇ ਹੋ। ਤੁਹਾਨੂੰ ਕੀਹਨੇ ਕਿਹਾ ਹੈ ਕਿ ਅਧਿਆਤਮਕਤਾ ਤੇ ਸਭਿਆਚਾਰਕ ਅਧਿਐਨ ਦੀ ਅਣਦੇਖੀ ਕਰੋ? ਤੁਸੀਂ ਹੁਣ ਤਕ ਕੀ ਕਰਦੇ ਰਹੇ? ਤੁਸੀਂ ਤੁਛ ਕਿਉਂ ਹੋ ਹੁਣ ਤੁਸੀਂ ਇਸ ਲਈ ਖਿਝਦੇ ਤੇ ਚਿੜਦੇ

ਹੋ ਕਿਉਂਕਿ ਕੁਝ ਲੋਕਾਂ ਕੋਲ ਤੁਹਾਡੇ ਤੋਂ ਵੱਧ ਦਿਮਾਗ, ਤੁਹਾਡੇ ਤੋਂ ਵਧ ਊਰਜਾ, ਤੁਹਾਡੇ ਤੋਂ ਵੱਧ ਹਿੰਮਤ ਤੇ ਯੋਗਤਾ ਸੀ?" (ਪੰਨਾ 102) "ਤੁਸੀਂ ਸੰਸਕ੍ਰਿਤ ਦੇ ਬਿਆਨ ਕਿਉਂ ਨਹੀਂ ਬਣ ਜਾਂਦੇ? ਤੁਸੀਂ ਭਾਰਤ 'ਚ ਸਭ ਜਾਤੀਆਂ ਨੂੰ ਸਭਿਆਚਾਰਕ ਸਿਖਿਆ ਦੇਣ ਲਈ ਲੱਖਾਂ ਕਿਉਂ ਨਹੀਂ ਖਰਚ ਕਰਦੇ ਹੋ? ਸੁਆਲਤਾਂ ਇਹੀ ਹੈ। ਜਿਸ ਪਲ ਤੁਸੀਂ ਇਹ ਚੀਜ਼ਾਂ ਕਰਨ ਲੱਗੋਗੇ, ਉਸੇ ਪਲ ਤੁਸੀਂ ਬ੍ਰਾਹਮਣਾਂ ਦੇ ਬਰਾਬਰ ਹੋ ਜਾਓਗੇ? ਭਾਰਤ 'ਚ ਸ਼ਕਤੀ ਦਾ ਇਹ ਭੇਦ ਹੈ। ਭਾਰਤ 'ਚ ਸਭਿਆਚਾਰ ਤੇ ਪ੍ਰਤਿਸ਼ਠਾ ਨਾਲ ਨਾਲ ਚਲਦੇ ਹਨ। ਮੈਂ ਤੁਹਾਨੂੰ ਦੱਸਦੇ ਹਾਂ ਕਿ ਜੋ ਲੋਕ ਛੋਟੀਆਂ ਜਾਤੀਆਂ ਦੇ ਹਨ ਉਹਨਾਂ ਦੀ ਇਕੋ ਇਕ ਸੁਰਖਿਆ ਉਹਨਾਂ ਦੀ ਸਥਿਤੀ ਨੂੰ ਉਪਰ ਚੁੱਕਣ ਦਾ ਇੱਕੋ-ਇਕ ਰਾਹ ਸਭਿਆਚਾਰ ਦਾ ਅਧਿਐਨ ਕਰਨਾ ਹੈ ਅਤੇ ਉਚੀਆਂ ਜਾਤੀਆਂ ਵਿਰੁੱਧ ਲੜਾਈ ਤੇ ਲਿਖਤ ਅਤੇ ਬਕਵਾਸ ਕਰਨਾ ਫਜ਼ੂਲ ਹੈ। ਇਸ ਨਾਲ ਕੁਝ ਵੀ ਭਲਾ ਨਹੀਂ ਹੁੰਦਾ ਹੈ ਅਤੇ ਇਹ ਝਗੜਾ ਹੋਰ ਫਸਾਦ ਕਰਵਾਉਂਦਾ ਹੈ ਅਤੇ ਇਹ ਨਸਲ ਜੋ ਬਦਕਿਸਮਤੀ ਕਰਕੇ ਪਹਿਲਾਂ ਤੋਂ ਛੋਟੀ ਹੈ ਹੋਰ ਵੀ ਵੱਧ ਵੰਡਦੀ ਜਾ ਰਹੀ ਹੈ। ਜਾਤੀ ਸਮਤਾਪੂਰਨ ਕਰਨ ਦਾ ਇਕੋ ਇਕ ਰਾਹ ਨਹੀਂ ਹੈ ਕਿ ਸਭਿਆਚਾਰ ਤੇ ਸਿਖਿਆ, ਜੋ ਕਿ ਉਚ ਜਾਤੀਆਂ ਦੀ ਤਾਕਤ ਹੈ, ਨੂੰ ਵੰਡਿਆ ਜਾਵੇ, ਗ੍ਰਹਿਣ ਕੀਤਾ ਜਾਵੇ। ਜੇ ਇਹ ਹੋ ਗਿਆ ਤਾਂ ਤੁਸੀਂ ਜੋ ਚਾਹੁੰਦੇ ਹੋ ਉਹ ਹਾਸਲ ਕਰ ਲਵੋਗੇ।" (ਪੰਨਾ 102-103)

ਛੋਟੀਆਂ ਜਾਤੀਆਂ ਨੂੰ ਜੋ ਕਰਨਾ ਚਾਹੀਦਾ ਹੈ ਉਹ ਇਹ ਹੈ ਕਿ ਉਹ ਸੰਸਕ੍ਰਿਤ 'ਚ ਮੁਹਾਰਤ ਹਾਸਲ ਕਰਨ। ਸਿਰਫ ਤਾਂ ਹੀ ਉਹ ਉਚ ਜਾਤੀਆਂ ਦੇ ਪੱਧਰ ਤਕ ਪਹੁੰਚ ਸਕਦੇ ਹਨ। ਯਾਨੀ ਕਿ ਸਿਰਫ ਤਾਂ ਹੀ ਨਿਮਨ ਜਾਤੀ ਲੋਕ ਬ੍ਰਾਹਮਣਾਂ ਦੇ ਬਰਾਬਰ ਹੋ ਸਕਦੇ ਹਨ। ਇਹ ਰੁਖ ਪੂਰੀ ਕਿਤਾਬ 'ਚ ਮਿਲਦਾ ਹੈ। ਇਹ ਛੋਟੀਆਂ ਜਾਤੀਆਂ ਨੂੰ ਉਚੀਆਂ ਜਾਤੀਆਂ ਨਾਲ ਨਾ ਲੜਨ ਦੀ ਸਲਾਹ ਦਿੰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਉਚੀਆਂ ਜਾਤੀਆਂ ਦੀ ਤਾਕਤ ਦਾ ਮੂਲ ਸਭਿਆਚਾਰ ਤੇ ਸਿਖਿਆ ਹੈ। ਇਸ 'ਸਭਿਆਚਾਰ' ਤੇ 'ਸਿੱਖਿਆ' ਦਾ ਅਧਾਰ ਕੀ ਹੈ? ਬ੍ਰਾਹਮਣਾਂ ਨੇ ਉਹਨਾਂ ਨੂੰ ਕਿਵੇਂ ਹਾਸਲ ਕੀਤਾ? ਇਸ ਉਸ 'ਜਾਇਦਾਦ' ਦੇ ਚਲਦਿਆਂ ਜੋ ਉਹਨਾਂ ਦੇ ਕਬਜੇ 'ਚ ਹੈ। ਉਹਨਾਂ ਦੀ 'ਦੌਲਤ' ਦੇ ਹੁੰਦਿਆਂ। ਹਾਲਾਂਕਿ ਇਹਨਾਂ ਚੀਜ਼ਾਂ ਨਾਲ ਸਵਾਮੀ ਜੀ ਦਾ ਕੋਈ ਸਰੋਕਾਰ ਨਹੀਂ ਹੈ। ਕੀ ਉਹ ਕੰਗਾਲ ਵੀ ਸੰਸਕ੍ਰਿਤ ਦੇ ਵਿਦਵਾਨ ਹੋ ਸਕਦੇ ਹਨ ਜਿਹਨਾਂ ਨੂੰ ਪੇਟ ਭਰ ਭੋਜਨ ਨਸੀਬ ਨਹੀਂ? ਜੇ ਉਹਨਾਂ ਨੂੰ ਇਹ ਨਸੀਬ ਨਹੀਂ ਤਾਂ ਕੀ ਇਹ ਉਹਨਾਂ ਦੀ ਖੁਦ ਦੀ ਗਲਤੀ ਹੈ? ਕੀ ਉਹਨਾਂ ਦੀ ਪ੍ਰਤਿਸ਼ਠਾ 'ਚ ਕਮੀ ਦਾ ਇਹੀ ਕਾਰਨ ਹੈ? ਸਵਾਮੀ ਜੀ ਦਾ ਕਹਿਣਾ ਹੈ ਕਿ "ਸਿਰਫ ਇਸ ਲਈ ਕਿ ਤੁਸੀਂ ਸੰਸਕ੍ਰਿਤ ਨਹੀਂ ਪੜੀ, ਤੁਸੀਂ ਨਿਮਨ ਜਾਤੀ ਦੇ ਪੱਧਰ ਦੇ ਬਰਾਬਰ ਹੋ ਅਤੇ ਆਪਣੀ ਗਲਤੀ ਦੇ ਬੁਰੇ ਸਿੱਟੇ ਦਾ ਸਾਹਮਣਾ ਕਰਦੇ ਹੋ। ਕਿੰਨੀ ਪ੍ਰਗਿਅਹੀਣ ਹਿੰਮਤ। ਕੀ ਉਸ ਬੰਦੇ ਦਾ ਗੁਣ-ਜੋ ਕਿ ਛੋਟੀਆਂ ਜਾਤੀਆਂ ਦੀਆਂ ਸਮਸਿਆਵਾਂ ਦੇ ਹੱਲ ਵਜੋਂ ਸਭਿਆਚਾਰ ਦੀ ਵਿਧਵਤਾਂ ਦਾ ਸੁਝਾਅ ਦਿੰਦਾ ਹੈ।

ਬ੍ਰਾਹਮਣ ਦਾ ਗੁਣ ਹੋਵੇਗਾ ਜਾਂ ਕਿ ਚੰਡਾਲ ਦਾ? ਜੇ ਅਸੀਂ ਉਹਨਾਂ ਦੇ ਖੁਦ ਦੇ ਸਿਧਾਂਤ ਨੂੰ ਉਹਨਾਂ 'ਤੇ ਹੀ ਲਾਗੂ ਕਰੀਏ-ਯਾਨੀ ਕਿ ਜਾਤੀ ਗੁਣ 'ਤੇ ਅਧਾਰਤ ਹੋਵੇਗੀ-ਤਾਂ ਇਹਨਾਂ ਸਜਣਾ ਦੀ ਜਾਤੀ ਕਿਉਂ ਹੋਵੇਗੀ?

# ਪਿਛੜਾ ਵਰਗ ਤੇ ਲੋਕਰਾਜੀ ਸਿਆਸੀ ਪ੍ਰਣਾਲੀ

1947 ਪਿੱਛੋਂ ਲੋਕ ਰਾਜੀ ਰਾਜਸੀ ਵਿਵਸਥਾ ਲਈ ਰਾਹ ਖੁੱਲ੍ਹਿਆ। ਇਥੇ ਪਾਰਲੀਮਾਨੀ ਜ਼ਮਹੂਰੀਅਤ ਆਈ। ਸਾਂਸਦੀ ਲੋਕਤੰਤਰ ਨੂੰ ਅਪਣਾਉਣ ਤੋਂ ਪਹਿਲਾਂ ਸਾਡੇ ਦੇਸ਼ 'ਚ ਈਸ਼ਵਰਸ਼ਾਹੀ ਤੇ ਰਾਜਾਸ਼ਾਹੀ ਸੀ ਜਿਸ ਦਾ ਮਹੱਤਵਪੂਰਨ ਸੂਤਰ ਬ੍ਰਾਹਮਣਾਂ ਦੇ ਹੱਥ ਵਿਚ ਸੀ। ਈਸ਼ਵਰਸ਼ਾਹੀ 'ਚ ਬ੍ਰਾਹਮਣ ਪੁਰੋਹਿਤ ਜਾਂ ਪੁਜਾਰੀ ਹੁੰਦਾ ਸੀ। ਰਾਜਾਸ਼ਾਹੀ 'ਚ ਪ੍ਰਧਾਨ ਸੀ। ਈਸ਼ਵਰ ਹੈ ਹੀ ਨਹੀਂ, ਇਸ ਲਈ ਰੱਬ ਦੇ ਨਾਂ 'ਤੇ ਆਮ ਆਦਮੀ ਦੀ ਲੁੱਟ ਕਰਨੀ ਬ੍ਰਾਹਮਣ ਲਈ ਬਹੁਤ ਸੌਖੀ ਸੀ। ਰਾਜਾਸ਼ਾਹੀ 'ਚ ਉਹ ਪ੍ਰਧਾਨ ਹੁੰਦਾ ਸੀ ਅਤੇ ਰਾਜੇ ਦੇ ਦਿਮਾਗ ਕੰਮ ਕਰਦਾ ਸੀ। ਕੁਝ ਨੂੰ ਛੱਡ ਕੇ ਬਹੁਤੇ ਰਾਜੇ ਰਬੜ ਸਟੈਂਪ (ਮੋਹਰੇ) ਹੁੰਦੇ ਸਨ ਇਸ ਲਈ ਈਸ਼ਵਰਸ਼ਾਹੀ ਤੇ ਰਾਜਸ਼ਾਹੀ 'ਚ ਮਿਹਨਤਕਸ ਵਰਗ (ਪਿਛੜਿਆ ਵਰਗ) ਲੁਟਿਆ ਹੀ ਜਾਂਦਾ ਸੀ। ਨਾ ਉਹ ਰਾਜ (ਹਾਕਮ) ਬਣ ਸਕਦਾ ਸੀ।

ਪਰ ਉਹ ਪ੍ਰਧਾਨ ਅਧਿਕਾਰੀ ਬਣ ਸਕਦਾ ਸੀ। ਨਾ ਹੀ ਉਹ ਨਾਮਵਰ ਕਲਾਕਾਰ ਜਾਂ ਵਿਦਵਾਨ ਬਣ ਸਕਦਾ ਸੀ। ਸੰਬੂਕ ਜਾਂ ਏਕਲਵਿਆ ਵਰਗੀ ਬਗ਼ਾਵਤ ਜੇ ਕੀਤੀ ਤਾਂ ਬ੍ਰਾਹਮਣਾਂ ਦੇ ਹੁਕਮ ਦੀ ਪਾਲਣਾ ਕਰਨ ਲਈ ਰਾਜਾ ਉਸ ਨੂੰ ਮਾਰ ਦਿੰਦਾ ਸੀ ਜਾਂ ਬ੍ਰਾਹਮਣ ਖੁਦ ਉਸ ਦਾ ਅੰਗੂਠਾ ਕੱਟ ਦਿੰਦਾ ਸੀ। ਈਸ਼ਵਰਸ਼ਾਹੀ ਤੇ ਰਾਜਾਸ਼ਾਹੀ ਧਰਮ ਧਾਰਿਤ ਹੁੰਦੀ ਸੀ। ਸਿਰਫ ਬ੍ਰਾਹਮਣ ਹੀ ਧਰਮ ਪਾਲਿਕਾ, ਧਰਮ ਪੋਸ਼ਿਕ ਧਰਮ ਰੱਖਿਅਕ, ਧਰਮ ਪ੍ਰਚਾਰਕ ਤੇ ਧਾਰਮਿਕ ਬੁਲਾਰਾ ਹੁੰਦਾ ਸੀ। ਇਸ ਲਈ ਵਿਵਸਥਾ ਦਾ ਸਭ ਤੋਂ ਵੱਧ ਲਾਭ ਬ੍ਰਾਹਮਣ ਨੂੰ ਮਿਲਦਾ ਸੀ। ਉਸ ਦੇ ਇਸ਼ਾਰਿਆਂ 'ਤੇ ਪਿਛੜਾ ਅਤੀ ਪਿਛੜਾ ਵਰਗ ਅਨਿਆ ਅੱਤਿਆਚਾਰ, ਪੀੜਤ, ਲੁੱਟੀ ਜਾਂਦੀ ਦਲਿਤ (ਸ਼ੂਦਰ) ਵਿਵਸਥਾ 'ਚ ਹੁੰਦਾ ਸੀ। ਭਾਰਤੀ ਸੰਵਿਧਾਨ 'ਚ ਬ੍ਰਾਹਮਣ ਵੀ ਇਕ ਆਮ ਆਦਮੀ ਮੰਨਿਆ ਗਿਆ। ਤਦ ਉਸ ਨੇ ਭਾਰਤੀ ਸਮਾਜ ਦੇ ਸਮਾਜਕ ਤੇ ਆਰਥਕ ਨਜ਼ਰੀਏ ਤੋਂ ਪਿਛੜੇ ਵਰਗ ਦੇ ਲੋਕਾਂ ਨੂੰ ਆਪਣਾ ਹਥਿਆਰ ਬਣਾਇਆ। ਪਿਛੜੇ ਵਰਗ ਦੇ ਲੋਕ ਖੁਦ ਨੂੰ ਪ੍ਰਾਚੀਨ ਰਾਜੇ ਮਹਾਰਾਜਿਆਂ ਦਾ ਵੰਸ਼ ਸਮਝਦੇ ਸਨ (ਅੱਜ ਵੀ ਸਮਝਦੇ ਹਨ) ਪਿਛੜੇ ਵਰਗ ਦੀਆਂ ਕਈ ਜਾਤੀਆਂ ਅਗਿਆਨਤਾ ਕਾਰਨ ਖੁਦ ਨੂੰ 'ਖਤਰੀ' ਮੰਨਦੀਆਂ ਹਨ। ਜਦ ਕਿ ਅਧੁਨਿਕ ਸਮਾਜਕ ਪ੍ਰਣਾਲੀ 'ਚ ਖਤਰੀ ਤੇ ਵੈਸ਼ਿਆਂ ਵਰਣ ਬਾਕੀ ਹੀ ਨਹੀਂ ਰਹੇ ਅਤੇ ਆਪਣੇ ਹੀ ਗਰੀਬ, ਮਿਹਨਤਕਸ਼ ਲੋਕਾਂ 'ਤੇ ਜਬਰ ਜੁਲਮ ਕਰਦੇ ਸਨ। ਭਾਵ ਦਿਮਾਗ ਬ੍ਰਾਹਮਣ ਦਾ ਬਲੀ ਪਿਛੜੇ ਸਮਾਜ ਦੀ। ਪਾਰ ਇਹ ਜ਼ਿਆਦਾ ਦੇਰ ਨਹੀਂ ਚਲ ਸਕਿਆ। ਲੋਕਰਾਜੀ ਰਾਜਸੀ ਪ੍ਰਬੰਦ 'ਚ ਚੋਣਾਂ ਰਾਹੀਂ ਪਿਛੜੇ ਵਰਗ ਦੇ ਨੁਮਾਇੰਦੇ ਪਾਰਲੀਮੈਂਟ ਤੇ ਵਿਧਾਨ ਸਭਾ 'ਚ ਪਹੁੰਚਣ ਲੱਗੇ। ਸੱਤਾ ਬਦਲੀ ਪਿੱਛੋਂ ਸ਼ੁਰੂਆਤੀ ਦੌਰ 'ਚ ਸੰਸਦ ਤੇ ਵਿਧਾਨ ਸਭਾ ਦੇ ਨੁਮਾਇੰਦਿਆਂ 'ਚ ਵੀ ਬ੍ਰਾਹਮਣ ਤੇ ਬ੍ਰਾਹਮਣਵਾਦੀ ਨੁਮਾਇੰਦਿਆਂ ਦੀ ਗਿਣਤੀ ਵੱਧ ਹੁੰਦੀ ਸੀ। 1952 'ਚ ਪਹਿਲੀ ਵਾਰੀ ਜਦ ਲੋਕ ਸਭਾ ਚੋਣਾ ਹੋਈਆਂ ਤਾਂ 52 ਫੀਸਦੀ ਬ੍ਰਾਹਮਣ ਹੀ ਚੁਣ ਕੇ ਆਏ ਸਨ। ਜਦ ਕਿ 2004 'ਚ ਉਹਨਾਂ ਦਾ ਪ੍ਰਮਾਣ ਸਿਰਫ 5.2 ਫੀਸਦੀ ਹੋ ਗਿਆ ਹੈ। ਪਿਛੜਾ ਵਰਗ ਕੁਝ ਹੱਦ ਤੱਕ ਸਿਖਿਅਤ ਵੀ ਹੋ ਗਿਆ। ਪ੍ਰੂਰੋਗਾਮੀ ਵਿਚਾਰਾਂ ਦੇ ਸਮਾਜਕ ਸੰਗਠਨਾਂ ਨੇ ਸਮਾਜਕ ਜਾਗ੍ਰਿਤੀ ਦਾ ਜੋ ਕੰਮ ਕੀਤਾ, ਉਸ ਦਾ ਫਾਇਦਾ ਰਾਜਸੀ

ਪਾਰਟੀਆਂ ਨੂੰ ਹੋਇਆ ਤੇ ਪਿਛੜੇ ਵਰਗ ਦੇ ਨੁਮਾਇੰਦਿਆਂ ਦੀ ਗਿਣਤੀ ਵਧਦੀ ਗਈ। ਪਰ ਲੋਕ ਰਾਜੀ ਰਾਜਸੀ ਵਿਵਸਥਾ ਅਪਣਾਈ। ਇਸ ਲਈ ਪਿਛੜਾ ਵਰਗ ਸੰਸਦ ਤੇ ਵਿਧਾਨ ਸਭਾ ਤਕ ਪਹੁੰਚ ਸਕਿਆ ਤੇ ਵਿਵਸਥਾ ਨੇ ਉਸ ਨੂੰ ਸੱਤਾ 'ਚ ਭਾਗੀਦਾਰੀ ਵੀ ਦਿਵਾਈ। ਇਸ ਭਾਗੀਦਾਰੀ ਤੇ ਸਿਖਿਆ ਮਿਲ ਜਾਣ ਤੋਂ ਬਾਅਦ ਵੀ ਪਿਛੜਾ ਵਰਗ ਆਪਣੀ ਪਹਿਚਾਣ ਨਹੀਂ ਬਣਾ ਸਕਿਆ। ਉਹ ਬ੍ਰਾਹਮਣਵਾਦੀ ਗੁਲਾਮੀ ਤੋਂ ਮੁਕਤ ਨਹੀਂ ਹੋ ਸਕਿਆ ਤੇ ਬ੍ਰਾਹਮਣ ਵਾਦੀ ਤੱਤਾਂ ਨਾਲ ਗਠਜੋੜ ਕਰਦਾ ਰਿਹਾ। ਉਸ ਨੂੰ ਅਜੇ ਤਕ ਇਹ ਸਮਝ ਨਹੀਂ ਆਇਆ ਕਿ ਸਮਾਜਕ, ਆਰਥਕ ਤੇ ਹੋਰ ਤਬਦੀਲੀਆਂ ਵਿਕਾਸ ਨਾਲ ਸਬੰਧਤ ਹੁੰਦੀਆਂ ਹਨ। ਵਿਚਾਰ ਤੇ ਵਿਗਿਆਨ ਨਾਲ ਸਬੰਧਤ ਹੁੰਦੀਆਂ ਹਨ। ਉਸ ਲਈ ਮੰਦਰਾਂ ਮੂਹਰੇ ਘੰਟਿਆਂ ਬੱਧੀ ਕਤਾਰਾਂ ਲਾਉਣ ਨਾਲ, ਮੇਲੇ 'ਚ ਭੀੜ ਬਣ ਕੇ ਜਾਂ ਬਾਬਾ ਬਾਪੂ ਦੇ ਪ੍ਰਵਚਨਾਂ 'ਚ ਹਾਜ਼ਰੀ ਲਵਾ ਲੈਣ ਨਾਲ ਨਹੀਂ ਹੁੰਦੀਆਂ। ਤਬਦੀਲੀ ਲਈ ਵਿਚਾਰਾਂ ਦੀ ਤਬਦੀਲੀ ਤੇ ਜਥੇਬੰਦ ਅੰਦੋਲਨ ਦੀ ਲੋੜ ਹੁੰਦੀ ਹੈ। ਲੋਕ ਰਾਜੀ ਸਿਆਸੀ ਵਿਵਸਥਾ ਨੇ ਪਿਛੜੇ ਵਰਗ ਨੂੰ ਸੀਮਤ ਮੌਕੇ ਦਿੱਤੇ ਪਰ ਉਸ ਦਾ ਫਾਇਦਾ ਪਿਛੜਾ ਵਰਗ ਨਹੀਂ ਉਠਾ ਸਕਿਆ।

ਮਾਨਵੀ ਸਮਾਜ ਵਿਵਸਥਾ 'ਚ ਪ੍ਰਚਾਰ ਪ੍ਰਸਾਰ ਮਾਧਿਅਮ (ਮੀਡੀਆ) ਬਹੁਤ ਮਹੱਤਵਪੂਰਨ ਹੁੰਦਾ ਹੈ। ਇਸ ਲਈ ਕਿ ਉਸ ਰਾਹੀਂ ਸਿਧਾਂਤਾਂ ਦਾ ਪੂਰਾ ਪੂਰਾ ਲਾਭ ਉਠਾ ਕੇ ਮਾਨਵੀ, ਸਮਾਜ ਦਾ ਪ੍ਰਸਥਾਵਿਤ ਵਰਗ ਰਾਹੀਂ ਵਿਕਾਸ ਹੁੰਦਾ ਹੈ ਅਤੇ ਵਿਨਾਸ਼ ਵੀ। ਰਾਜਾਸ਼ਾਹੀ ਵਿਚ ਵੀ ਆਮ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਮੀਡੀਆ ਦੀ ਵਰਤੋਂ ਕੀਤੀ ਜਾਂਦੀ ਹੈ। ਕੁਰਕਸ਼ੇਤਰ ਦੀ ਯੁੱਧ ਭੂਮੀ 'ਤੇ ਸੰਖਨਾਦ ਕਰਕੇ ਕ੍ਰਿਸ਼ਨ ਨੇ ਵੀ ਇਸ ਮਾਧਿਅਮ ਦਾ ਇਕ ਛੋਟਾ ਜਿਹਾ ਵਰਤੋਂ 'ਚ ਲਿਆਂਦਾ ਸੀ। ਵਰਦੀ ਦੇਣ ਲਈ ਢੋਲ ਵਜਾ ਕੇ ਜਾਂ ਨਗਾਰਾ ਵਜਾ ਦੇ ਦੱਸਿਆ ਜਾਂਦਾ ਸੀ ਸਮਾਂ ਬਦਲਦਾ ਗਿਆ। ਮਾਧਿਅਮ ਬਦਲਦੇ ਗਏ। ਚੀਨ 'ਚ ਕਾਗਜ਼ ਸਿਆਹੀ ਆ ਪਹੁੰਚੀ ਅਤੇ ਸਿਲਾਲੇਖ, ਭਾਮਰਪੱਤਰ, ਭੋਜਪੱਤਰ ਆਦਿ ਦੀ ਥਾਂ ਕਾਗਜ਼ ਸਿਆਹੀ ਨੇ ਲੈ ਲਈ। ਇਸ ਨੇ ਮੀਡੀਆ 'ਚ ਕ੍ਰਾਂਤੀ ਲੈ ਆਂਦੀ। ਮੁਦਰਣ ਕਲਾ ਵਿਕਸਤ ਹੋਈ। ਪ੍ਰਿੰਟ ਮੀਡੀਆ 'ਚ ਪ੍ਰਭਾਵੀ ਬਣਿਆ ਇਸ ਦਾ ਫਾਇਦਾ ਵੀ ਸ਼ੁਰੂਆਤੀ ਕਾਲ 'ਚ ਸਭ ਤੋਂ ਵੱਧ ਬ੍ਰਾਹਮਣਾਂ ਨੂੰ ਹੋਇਆ ਤੇ ਉਹਨਾਂ ਨੇ ਹਾਕਮ ਜਮਾਤ ਨੂੰ ਉਸ ਦੀ ਸਹਾਇਤਾ ਅਤੇ ਫਾਇਦੇ ਪਹੁੰਚਾਏ। ਪਿਛੜਾ ਅਤੀ ਪਿਛੜਾ ਵਰਗ ਪ੍ਰਚਾਰ ਮਾਧਿਅਮ ਤੋਂ ਕੋਹਾ ਦੂਰ ਰਿਹਾ। ਉਸ ਦਾ ਮਹੱਤਵ ਉਹ ਸਮਝ ਨਹੀਂ ਸਕਿਆ ਮੀਡੀਆ ਪ੍ਰਤੀ ਪਿਛੜੇ ਸਮਾਜ ਦੀ ਉਦਾਸੀਨਤਾ ਦਾ ਪੂਰਾ ਫਾਇਦਾ ਬ੍ਰਾਹਮਣੀ ਤੇ ਪੂੰਜੀਵਾਦੀ ਵਿਵਸਥਾ ਨੇ ਉਠਾਇਆ ਤੇ ਪਿਛੜੇ ਵਰਗ ਦੀ ਗੁਲਾਮ ਮਾਨਸਿਕਤਾ ਨੂੰ ਹੋਰ ਵੱਧ ਡੂੰਘਾ ਕਰਨ ਲਈ ਵਰਤਿਆ। ਉਸ 'ਚ ਹੋਰ ਪ੍ਰਭਾਵੀ ਮੀਡੀਆ ਵਿਗਿਆਨ ਦੀ ਉਨਤੀ ਨਾਲ ਮਿਲਿਆ ਵਿਗਿਆਨ ਨੇ ਇਲੈਕਟ੍ਰਾਨਿਕ ਮੀਡੀਆ ਵਿਕਸਤ ਕੀਤਾ। ਸਭ ਪਾਸਿਆਂ ਤੋਂ ਅਪਾਹਜ ਹੋਣ ਕਰਕੇ ਪਿਛੜਾ ਵਰਗ ਇਸ ਦੀ ਵਰਤੋਂ ਵੀ ਆਪਣੇ ਲਈ ਨਹੀਂ ਕਰ ਸਕਿਆ। ਬ੍ਰਾਹਮਣਵਾਦੀ ਪੂੰਜੀਵਾਦੀ ਤਾਕਤਾਂ ਨੇ ਪੂਰੀ ਤਾਕਤ ਨਾਲ ਇਸ ਮਾਧਿਅਮ ਦੀ ਵਰਤੋਂ ਪਿਛੜੇ ਵਰਗ ਨੂੰ ਵੱਧ ਮਾਨਸਿਕ ਗੁਲਾਮ ਬਣਾਉਣ ਲਈ ਸ਼ੁਰੂ ਕੀਤੀ ਹੈ। ਵੱਖ ਵੱਖ ਚੈਨਲਾਂ ਰਾਹੀਂ ਜਿਸ ਤਰ੍ਹਾਂ ਖਪਤਵਾਦੀ ਤੇ ਅੰਧ ਸ਼ਰਧਾਵਾਦੀ ਵਿਚਾਰਾਂ ਨਾਲ ਭਰਪੂਰ ਪ੍ਰੋਗ੍ਰਾਮ ਬਣਾਏ ਜਾਂਦੇ ਹਨ। ਪਿਛੜਾ ਵਰਗ ਵਿਕਾਸਸ਼ੀਲ ਹੈ। ਉਸ ਨੂੰ ਰੋਕਣ ਲਈ ਅਤੇ ਭਰਮਾਉਣ

ਲਈ ਪ੍ਰਸਾਰ-ਪ੍ਰਚਾਰ ਮਾਧਿਅਮ ਦੀ ਪੂਰੀ ਪੂਰੀ ਵਰਤੋਂ ਹੋ ਰਹੀ ਹੈ। ਪ੍ਰਿੰਟ ਮੀਡੀਆ ਹੋਵੇ ਜਾਂ ਇਲੈਕਟ੍ਰਾਨਿਕ ਪਿਛੜੇ ਜਾਂ ਅਤੀ ਪਿਛੜੇ ਵਰਗ ਦੇ ਜੋ ਮਹਾਂਨਾਇਕ ਹੋਏ ਹਨ ਉਹਨਾਂ ਦੇ ਵਿਚਾਰਾਂ ਜਾਂ ਪ੍ਰਾਪਤੀਆਂ 'ਤੇ ਕੋਈ ਪ੍ਰੋਗ੍ਰਾਮ ਨਹੀਂ ਵਿਖਾਏ ਜਾਂਦੇ। ਪਿਛੜੇ ਵਰਗ ਕਿਉਂ ਅਜਿਹੀ ਹਾਲਤ ਵਿਚ ਹਨ ਕਿ ਉਹ ਪ੍ਰਿੰਟ ਜਾਂ ਇਲੈਕਟ੍ਰਾਨਿਕ ਮੀਡੀਆ ਦੀ ਵਰਤੋਂ ਕਰਦੇ ਨਹੀਂ। ਜਦ ਕਿ ਉਹਨਾਂ ਦੀ ਏਨੀ ਕੁ ਵਿਤੀ ਸਮਰਥਾ ਵੀ ਹੈ। ਪਰ ਉਹ ਬ੍ਰਾਹਮਣ ਵਾਦੀਆਂ ਤੇ ਪੂੰਜੀਵਾਦੀ ਨੌਕਰਸ਼ਾਹ ਦਲਾਲਾਂ ਨਾਲ ਪੰਗਾ ਲੈਣਾ ਨਹੀਂ ਚਾਹੁੰਦੇ। ਮੀਡੀਆ ਦਲਿਤਾਂ ਦੀ ਹੋਂਦ ਤਾਂ ਮੰਨਣ ਲੱਗਿਆ ਹੈ ਪਰ ਪਿਛੜਾ ਵਰਗ ਅਜੇ ਵੀ ਅਣਗੌਲਿਆ ਹੀ ਹੈ। ਪਿਛੜੇ ਵਰਗ ਨੂੰ ਤਿੰਨ ਧਰਾਤਲਾਂ 'ਤੇ ਕੰਮ ਕਰਨਾ ਚਾਹੀਦਾ ਹੈ। ਉਦਾਰੀਕਰਨ, ਜਾਗਰਤੀਕਰਨ ਤੇ ਖਾਜਗੀਕਰਨ। ਭਾਰਤ ਦਾ ਪਿਛੜਾ ਵਰਗ 1947 ਤੋਂ 60 ਸਾਲਾਂ ਬਾਅਦ ਵੀ ਵਿਕਾਸ ਦੇ ਅਮਲ ਵਿਚ ਹੀ ਹੈ। ਮੰਡਲ ਕਮਿਸ਼ਨ ਦੇ ਕਾਰਨ ਤੇ ਉਸ ਨੂੰ ਰਾਖਵੇਂਕਰਨ ਤੇ ਸੰਵਿਧਾਨ ਦਾ ਮਹੱਤਵ ਸਮਝਾ ਰਿਹਾ ਹੈ ਅਤੇ ਇਹੀ ਕਾਰਨ ਹੈ ਕਿ ਉਹ ਆਪਣੇ ਮਹਾਂਪੁਰਸ਼ਾਂ ਦੇ ਵਿਚਾਰਾਂ ਨੂੰ ਪੜਨ ਤੇ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਿੱਟੇ ਵਜੋਂ ਪਿਛੜੇ ਵਰਗ 'ਚ ਇਕ ਚੇਤਨਾ ਜਿਹੀ ਦਿਸ ਰਹੀ ਹੈ। ਅਜਿਹੀ ਹਾਲਤ 'ਚ ਉਹਨਾਂ ਮੂਹਰੇ ਖਾਊਜਾ ਦਾ ਸੰਕਟ ਖੜਾ ਹੋ ਗਿਆ ਹੈ। ਭਾਰਤ ਦੀ ਬ੍ਰਾਹਮਣਵਾਦੀ ਪ੍ਰਣਾਲੀ ਨੇ ਦਲਿਤਾਂ 'ਚ ਆਈ ਤਬਦੀਲੀ ਵੇਖੀ ਸੀ। ਅੰਬੇਦਕਰ ਦੀ ਅਗਵਾਈ 'ਚ ਦਲਿਤ ਚੇਤਨਾ ਦਾ ਅਮਲ ਉਹਨਾਂ ਵੇਖਿਆ ਸੀ ਹੁਣ ਉਹਨਾਂ ਮੂਹਰੇ ਇਕ ਹੀ ਰਾਹ ਬਚਿਆ ਸੀ ਕਿ ਉਹ ਪਿਛੜੇ ਵਰਗ ਦੇ ਰਾਹ 'ਚ ਅੜਿਕੇ ਖੜ੍ਹੇ ਕਰ ਦੇਣ। ਦੇਸ਼ ਦੀ ਵਿਤੀ ਦੁਰਦਸ਼ਾ ਦਾ ਬਹਾਨਾ ਬਣਾ ਕੇ ਬ੍ਰਾਹਮਣ ਵਾਦੀ ਤੇ ਪੂੰਜੀਵਾਦੀ ਇਕੱਠੇ ਹੋਏ। ਉਹਨਾਂ ਦੇ ਇਸ਼ਾਰਿਆਂ ਤੇ ਸੱਤਾ ਸੰਭਾਲਣ ਵਾਲੇ ਕਾਂਗਰਸੀ ਨੇਤਾਵਾਂ ਨੂੰ ਉਨ੍ਹਾਂ ਨੇ ਆਪਣੇ ਸਿਕੰਜੇ 'ਚ ਜਕੜਿਆ। ਤਦ ਪੀ ਵੀ ਨਰਸਿੰਮਾ ਰਾਓ ਬ੍ਰਾਹਮਣ ਹੀ ਦੇਸ਼ ਦਾ ਪ੍ਰਧਾਨ ਮੰਤਰੀ ਸੀ ਅਤੇ ਜਿਸ ਦਾ ਪੂਰਾ ਜੀਵਨ ਪੂੰਜੀਵਾਦੀ ਅਮਰੀਕੀ ਸਭਿਆਚਾਰ 'ਚ ਪਲਿਆ ਸੀ ਜੋ ਪੂੰਜੀਵਾਦੀ ਅਰਥਚਾਰੇ ਦਾ ਕਰ ਮਠ ਪੁਰਸਕਰਤਾ ਸੀ ਉਸੇ ਡਾ. ਮਨਮੋਹਨ ਸਿੰਘ ਨੂੰ ਨਿਊਯਾਰਕ ਤੋਂ ਬੁਲਾ ਕੇ ਭਾਰਤ ਦਾ ਵਿਤ ਮੰਤਰੀ ਬਣਾਇਆ। ਇਹੀ ਡਾ. ਮਨਮੋਹਨ ਸਿੰਘ ਹੁਣ ਭਾਰਤ ਦੇ ਪ੍ਰਧਾਨ ਮੰਤਰੀ ਹਨ। ਉਹਨਾਂ ਨੇ ਭਾਰਤ ਨੂੰ ਵਿਤੀ ਦੁਰਦਸ਼ਾ ਤੋਂ ਕੱਢਣ ਲਈ ਨਵੀਂ ਆਰਥਕ ਨੀਤੀ ਦੀ ਸ਼ੁਰੂਆਤ ਕਰਦਿਆਂ ਵਿਸ਼ਵੀਕਰਨ, ਉਦਾਰੀਕਰਨ ਤੇ ਨਿਜੀਕਰਨ ਦਾ ਤੋਹਫਾ ਦਿੱਤਾ। ਨਵੀਂ ਆਰਥਕ ਨੀਤੀ ਦੇ ਨਾਂ ਹੇਠ ਬਹੁਕੌਮੀ ਕੰਪਨੀਆਂ ਨੂੰ ਭਾਰਤ 'ਚ ਖੁਲਾ ਸੱਦਾ ਦਿੱਤਾ। ਗੈਟ ਅਤੇ ਡੰਕਲ ਵਰਗੇ ਮਸੌਦਿਆਂ 'ਤੇ ਦਸਖਤ ਕੀਤੇ। ਨਵੀਂ ਆਰਥਕ ਨੀਤੀ ਕਾਰਨ ਅਮੀਰ ਹੋਰ ਅਮੀਰ ਹੋਈ। ਕੌਮੀਕ੍ਰਿਤ ਬੈਂਕਾਂ ਦੀ ਪੂੰਜੀ ਦਿਨ ਬਦਿਨ ਵਧਦੀ ਗਈ। ਬੈਂਕਾਂ ਦੇ ਮੈਨੇਜਰ ਠੇਕੇਦਾਰਾਂ ਦੇ ਘਰ ਜਾ ਕੇ ਕਰਜੇ ਦੇਣ ਲਈ ਪੇਸ਼ਕਸ਼ ਕਰਨ ਲੱਗੇ। ਆਰਥਕ ਪੱਖੋਂ ਸੁਰਖਿਅਤ ਮੱਧ ਵਰਗ ਅਮੀਰ ਬਣਨ ਦੀ ਦੌੜ 'ਚ ਬੈਂਕਾਂ ਤੋਂ ਕਰਜੇ ਲੈਂਦਾ ਰਿਹਾ। ਸਥਾਈ ਨੌਕਰਾਂ ਦੇ ਘਰ ਮਰੂਤੀ 800 ਦਿਸਣ ਲੱਗੀਆਂ ਅਤੇ ਘਰ ਵਿਚ ਸਭ ਐਸ਼ ਅਰਾਮ ਦੀਆਂ ਵਸਤਾਂ ਸਥਾਈ ਤੇ ਸੁਰਖਿਅਤ ਨੌਕਰਾਂ ਨੂੰ ਘਰ ਜਾ ਕੇ ਕਰਜੇ ਦੇਣ ਵਾਲੇ ਬੈਂਕ ਪਿਛੜੇ ਵਰਗ ਲਈ ਕੁਝ ਨਹੀਂ ਕਰ ਸਕੇ। ਸਿੱਟਾ ਇਹ ਹੋਇਆ ਕਿ ਮਿਹਨਤਕਸ਼ ਜਮਾਤ ਪੂਰੀ ਤਰ੍ਹਾਂ ਬਰਬਾਦ ਹੋ ਗਈ। ਕਿਸਾਨ ਆਤਮ ਹੱਤਿਆਵਾਂ ਕਰਨ ਲੱਗੇ। ਨੌਜਵਾਨ ਵਰਗ 'ਚ

ਬੇਰੁਜ਼ਗਾਰੀ ਵਧਦੀ ਗਈ। ਆਦਿਵਾਸੀਆਂ ’ਚ ਕੁਪੋਸ਼ਣ ਵਧਦਾ ਗਿਆ। ਅੱਜ ਪੂਰੇ ਭਾਰਤ ਦਾ ਪਿਛੜਾ ਵਰਗ ਨਵੀਂ ਵਿਤੀ ਨੀਤੀ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਚੁੱਕਿਆ ਹੈ। ਮੱਧ ਵਰਗੀ ਪਿਛੜੇ ਵਰਗ ਦੀ ਹਾਲਤ ਤਾਂ ਘਰ ਦਾ ਨਾ ਘਾਟ ਦਾ ਵਰਗੀ ਹੈ। ਵਿਸ਼ਵੀਕਰਨ ਦੇ ਨਾਂ ਹੇਠ ਮਾਰਕਿਟ ਕੰਟਰੋਲ ਕੀਤੀ ਗਈ। ਖੁਸ਼ਹਾਲੀ ਦੇ ਨਾਂ ਹੇਠ ਸਿਖਿਆ ਏਨੀ ਮਹਿੰਗੀ ਕਰ ਦਿੱਤੀ ਗਈ ਕਿ ਹੁਣ ਪਿਛੜਾ ਵਰਗ ਆਪਣੇ ਬੱਚਿਆਂ ਨੂੰ ਉਚ ਸਿਖਿਆ ਦੇਣ ਦੀ ਹਾਲਤ ’ਚ ਨਹੀਂ ਹੈ। ਇਹ ਸਭ ਬ੍ਰਾਹਮਣਵਾਦੀ ਤੇ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੀ ਸਾਜ਼ਿਸ਼ ਹੈ। ਜਿਸ ਦਾ ਉਦੇਸ਼ ਸੀ ਪਿਛੜੇ ਵਰਗ ਦੀ ਜਾਗ੍ਰਿਤੀ ਨੂੰ ਰੋਕਣਾ। ਵਿਤੀ ਪੱਧਰ ’ਤੇ ਉਪਰੋਕਿਤ ਢੰਗ ਨਾਲ ਰੋਕਿਆ ਗਿਆ ਅਤੇ ਨਾਲ ਹੀ ਬਾਬਾ ਬਾਪੂ ਦੇ ਪ੍ਰਵਚਨਾਂ ਦਾ ਧੜੱਲੇ ਨਾਲ ਆਯੋਜਨ ਕੀਤਾ ਜਾ ਰਿਹਾ ਹੈ। ਤਾਂ ਕਿ ਪਿਛੜਾ ਵਰਗ ਨੂੰ ਆਪਣੀ ਹਾਲਤ ’ਤੇ ਸੋਚਣ ਦਾ ਮੌਕਾ ਹੀ ਨਾ ਮਿਲੇ। ਗਲੀ ਗਲੀ ’ਚ ਖੁੱਲੇ ਬਾਰ ਤੇ ਰੈਸਟੋਰੈਂਟ ਢਾਬਾ ਸਭਿਆਚਾਰ ਦਾ ਸੰਚਾਲਨ, ਸੈਰ ਸਪਾਟੇ ਦੇ ਨਾਂ ਹੇਠ ਜੂਆਂ ਘਰਾਂ ਦਾ ਚਲਨ ਤੇ ਬਾਰਬਾਲਿਕਾਵਾਂ ਦੇ ਨ੍ਰਿਤ ਸੈਕਟ, ਦੂਰਦਰਸ਼ਨ ਚੈਨਲਾਂ ਰਾਹੀਂ ਉਪਭੋਗਤਾਵਾਦ ਦੀ ਮਾਨਸਿਕਤਾ ਨੂੰ ਹੱਲਾਸ਼ੇਰੀ। ਆਤਮੋਨਿਤੀ ਦੇ ਨਾਂ ਹੇਠ ਬਾਬਿਆਂ, ਸਾਧੂਆਂ, ਸੰਤਾਂ ਦੇ ਪ੍ਰਵਚਨ, ਕ੍ਰਿਕਟ ਵਰਗੀਆਂ ਨਸ਼ੀਲੇ ਖੇਡਾਂ, ਸੁੰਦਰਤਾ ਧਨ ਦੌਲਤ ਤੇ ਫੈਸ਼ਨ ਪ੍ਰੇਡਾਂ ਦਾ ਆਯੋਜਨ, ਵਾਰ ਵਾਰ ਚੋਣਾ ਦਾ ਸਿਲਸਿਲਾ ਖੁਸ਼ਹਾਲੀ ਯੁੱਗ ਦਾ ਝੂਠਾ ਬੋਲਬਾਲਾ ਤੇ ਫਿਰਕਾਪ੍ਰਸਤੀ ਦਾ ਨੰਗਾ ਨਾਚ ਸਭ ਕੁਝ ਪਿਛੜੇ ਵਰਗ ਦੇ ਸੰਪੂਰਨ ਵਿਕਾਸ ਨੂੰ ਰੋਕਣ ਦੀ ਬ੍ਰਾਹਮਣਵਾਦੀ ਸਾਜਿਸ਼ ਹੈ। ਅਗਿਆਨਤਾ ਨੂੰ ਆਪਣੀ ਸ਼ਾਨ ਮੰਨਣ ਵਾਲਾ ਪਿਛੜਾ ਵਰਗ ਸਮਝ ਹੀ ਨਹੀਂ ਰਿਹਾ ਹੈ। ਵਿਕਾਸਸ਼ੀਲ ਪਿਛੜਾ ਵਰਗ ਕਿਸ ਕਿਸਮ ਦੀ ਸਥਿਤੀ ’ਚ ਫਸਿਆ ਹੈ, ਉਸ ਦਾ ਉਕਤ ਵਰਨਣ ਸੰਖੇਪ ’ਚ ਕੀਤਾ ਗਿਆ ਹੈ, ਅਸਲ ’ਚ ਹਰ ਵਿਸ਼ਾ ਚਿੰਤਾ, ਚਿੰਤਨ ਤੇ ਚੇਤਨਾ ਨਾਲ ਸਬੰਧਤ ਹੈ। ਸਥਿਤੀ ਬਹੁਤ ਗੰਭੀਰ ਹੈ। ਇਸ ਦਾ ਅਰਥ ਇਹ ਨਹੀਂ ਹੈ ਕਿ ਹੁਣ ਪਿਛੜਾ ਵਰਗ ਮੂਹਰੇ ਕੁਤੇ ਦੀ ਮੌਤ ਮਰਨ ਤੋਂ ਸਿਵਾ ਕੁਝ ਬਚਿਆ ਹੀ ਨਹੀਂ ਹੈ। ਉਪਾਅ ਹੈ, ਜ਼ਰੂਰ ਹੈ ਉਪਾਅ ਤਾਂ ਹੀ ਸਾਰਥਕ ਹੋ ਸਕਦੇ ਹਨ ਜਦ ਪਿਛੜਾ ਵਰਗ ਜਥੇ ਬੰਦ ਹੋਵੇ ਜਥੇਬੰਦ ਤਾਂ ਹੀ ਹੋਵੇਗਾ ਜਦ ਉਹ ਆਪਣੇ ਆਪ ਨੂੰ ਬ੍ਰਾਹਮਣਵਾਦੀ ਗੁਲਾਮੀ ਤੋਂ ਮੁਕਤ ਕਰੇਗਾ। ਇਹ ਬ੍ਰਾਹਮਣਵਾਦ ਤੋਂ ਮੁਕਤ ਤਾਂ ਹੀ ਹੋਵੇਗਾ ਜਦ ਉਹ ਅਗਿਆਨ ਨੂੰ ਆਪਣੀ ਸ਼ਾਨ ਸਮਝਣੀ ਛੱਡ ਦੇਵੇਗਾ। ਅਗਿਆਨ ਨੂੰ ਸ਼ਾਨ ਸਮਝਣੀ ਤਾਂ ਹੀ ਛੱਡੇਗਾ ਜਦ ਉਹ ਆਪਣੇ ਮਹਾਂਪੁਰਸ਼ਾਂ ਦੇ ਵਿਚਾਰਾਂ ਨੂੰ ਸਮਝਣ ਦੀ ਮਾਨਸਿਕਤਾ ਵਿਕਸ਼ਤ ਕਰੇਗਾ ਅਤੇ ਉਹ ਮਾਨਸਿਕਤਾ ਤਾਂ ਹੀ ਵਿਕਸਤ ਹੋਵੇਗੀ ਜਦ ਉਹ ਆਪਣੇ ਉਹਨਾਂ ਲੋਕਾਂ ’ਤੇ ਵਿਸ਼ਵਾਸ ਕਰਨਾ ਸ਼ੁਰੂ ਕਰੇਗਾ ਜੋ ਲੋਕ ਉਸ ਦੇ ਆਪਣੇ ਹਨ। ਆਪਣੇ ਸਮਾਜ ਤੋਂ ਹਨ, ਆਪਣੇ ਵਰਗ ਦੀ ਦਸ਼ਾ ਅਤੇ ਮੌਕਾਪ੍ਰਸਤ ਰਾਜਨੀਤੀ ਤੋਂ ਕੋਹਾਂ ਦੂਰ ਹਨ। ਪਿਛੜੇ ਵਰਗ ਦੀ ਦਸ਼ਾ ਬਦਲ ਸਕਦੀ ਹੈ ਜੇ ਉਹ ਮਹਾਂਪੁਰਸ਼ਾਂ ਦੀ ਦਿੱਤੀ ਹੋਈ ਦਿਸ਼ਾ ਵੱਲ ਬੇਝਿਜਕ ਚਲਣਾ ਸ਼ੁਰੂ ਕਰ ਦੇਵੇਗਾ। ਉਹ ਬਦਲੇਗਾ ਜ਼ਰੂਰ।

# ਛਤਰਪਤੀ ਸ਼ਾਹੂ ਜੀ ਮਹਾਰਾਜ ਦੇ ਵਿਚਾਰ ਪਿਛੜਿਆਂ ਲਈ 50 ਫੀਸਦੀ ਰਾਖਵਾਂਕਰਨ ਕਿਉਂ?

ਸਮਰਾਟ ਅਸ਼ੋਕ ਤੋਂ ਪਿੱਛੋਂ ਛਤਰਪਤੀ ਸ਼ਾਹੂ ਜੀ ਮਹਾਰਾਜ ਇਕ ਅਜਿਹੇ ਸਮਰਾਟ ਸਨ ਜਿਹਨਾਂ ਨੇ ਨਾਬਰਾਬਰੀ ਤੇ ਅਧਾਰਤ ਹਿੰਦੂ ਸਮਾਜ ਨੂੰ ਚੁਣੌਤੀ ਦਿੱਤੀ, ਦਲਿਤਾਂ ਬਹੁਜਨਾਂ ਤੇ ਪਿਛੜਿਆਂ ਦੇ ਭਲੇ ਲਈ ਬ੍ਰਾਹਮਣਵਾਦੀ ਵਿਰੋਧਾਂ ਦੇ ਬਾਵਜੂਦ ਸਾਰੀ ਜ਼ਿੰਦਗੀ ਬੇਹੱਦ ਸਰਗਰਮੀ ਕੀਤੀ। ਸ਼ਾਹੂ ਜੀ ਮਹਾਰਾਜ ਕੁਰਮੀ ਜਾਤੀ ਦੇ ਸਨ। ਇਹ ਛਤਰਪਤੀ ਸ਼ਿਵਾ ਜੀ ਮਹਾਰਾਜ ਦੇ ਪੋਤੇ ਤੇ ਮਾਤਾ ਰਾਘਾਬਾਈ ਤੇ ਪਿਤਾ ਛਤਰਪਤੀ ਅੱਪਾ ਸਾਹਿਬ ਘਾਟਿਕੇ ਦੇ ਪੁੱਤਰ ਸਨ। ਇਹਨਾਂ ਦਾ ਜਨਮ 26 ਜੁਲਾਈ 1874 ਨੂੰ ਕੋਹਲਾਪੁਰ ਦੇ ਰਾਜ ਮਾਹਲ 'ਚ ਹੋਇਆ ਸੀ। ਇਹਨਾਂ ਦੇ ਬਚਪਨ ਦਾ ਨਾਂ ਯਸ਼ਵੰਤ ਰਾਏ ਸੀ। ਰਾਜਾ ਹੋਣ ਦੇ ਬਾਵਜੂਦ ਸ਼ਾਹੂ ਜੀ ਨੂੰ ਬ੍ਰਾਹਮਣ ਸਮਾਜ ਸ਼ੂਦਰ ਸਮਝ ਕੇ ਘ੍ਰਿਣਾ ਕਰਦਾ ਸੀ। ਇਹੀ ਕਾਰਨ ਹੈ ਕਿ ਉਹਨਾਂ ਦੇ ਦਾਦਾ ਛਤਰਪਤੀ ਸ਼ਿਵਾ ਜੀ ਦਾ ਗੱਦੀ ਕਰਨ ਬ੍ਰਾਹਮਣਾਂ ਨੇ ਬਹੁਤ ਸਾਰਾ ਪੈਸਾ ਲੈ ਕੇ ਪੈਰ ਦੇ ਅੰਗੂਠੇ ਨਾਲ ਕੀਤਾ। ਪੱਛਮੀ ਮਹਾਂਰਾਸ਼ਟਰ 'ਚ ਆਜ਼ਾਦ ਹਿੰਦੂ ਰਾਜ ਸਥਾਪਤ ਕਰਨ ਪਿੱਛੋਂ ਸ਼ਿਵ ਜੀ ਮਹਾਰਾਜ ਨੇ ਖੁਦ ਨੂੰ ਉਥੋਂ ਦਾ ਰਾਜਾ ਐਲਾਨਿਆ। ਇਸ ਪਿੱਛੋਂ ਗੱਦੀ ਨਸ਼ੀਨ ਲਈ ਉਹਨਾਂ ਦੀ ਯੋਜਨਾ ਦਾ ਬ੍ਰਾਹਮਣਾਂ ਨੇ ਘੋਰ ਵਿਰੋਧ ਕੀਤਾ ਕਿਉਂਕਿ ਕੁਰਮੀ ਜਾਤੀ ਹੋਣ ਕਰਕੇ ਵਰਣ-ਵਿਵਸਥਾ ਦੇ ਤਹਿਤ ਬ੍ਰਾਹਮਣ ਉਹਨਾਂ ਨੂੰ ਸ਼ੂਦਰ ਮੰਨਦੇ ਸਨ। ਸ਼ਿਵਾ ਜੀ ਦੇ ਤਾਕਤਵਰ ਵਿਰੋਧੀਆਂ 'ਚ ਉਹਨਾਂ ਦੇ ਹੀ ਪ੍ਰਧਾਨ ਮੰਤਰੀ ਮੋਰੋਪੰਤ ਪਿੰਗਲੇ ਵੀ ਸਨ। ਮਹਾਂਰਾਸ਼ਟਰ ਦਾ ਕੋਈ ਬ੍ਰਾਹਮਣ ਉਹਨਾਂ ਦੇ ਗੱਦੀ ਸੰਭਾਲਣ ਦੀ ਰਸਮ ਲਈ ਸਹਿਮਤ ਨਹੀਂ ਹੋਇਆ। ਅੰਤ 'ਚ ਸ਼ਿਵਾ ਜੀ ਦੇ ਨਿੱਜੀ ਸਕੱਤਰ ਸਚਿਵ ਵਾਲਾ ਜੀ ਆਵਜੀ, ਜੋ ਕਾਇਸਥ ਜਾਤੀ ਦੇ ਸਨ ਰਾਜਭਿਸ਼ੇਕ ਲਈ ਬ੍ਰਾਹਮਣਾਂ ਨੂੰ ਤਿਆਰ ਕਰਨ ਹਿੱਤ ਚੁਣੌਤੀ ਵਜੋਂ ਲਿਆ। ਬਾਲਾ ਜੀ ਨੇ ਤਿੰਨ ਦੂਤਾਂ ਨੂੰ ਵਾਰਾਣਸੀ ਭੇਜਿਆ ਜਿਥੇ ਗਾਗਾਭ ਨਾਂ ਦਾ ਇਕ ਬ੍ਰਾਹਮਣ ਰਹਿੰਦਾ ਸੀ। ਪਹਿਲਾਂ ਤਾਂ ਉਹਨਾਂ ਦੇ ਦੂਤਾਂ ਨੂੰ ਇਹ ਕਹਿ ਕੇ ਵਾਪਸ ਕਰ ਦਿੱਤਾ ਕਿ ਸ਼ਿਵਾ ਜੀ ਸ਼ੂਦਰ ਹਨ ਇਸ ਲਈ ਉਹਨਾਂ ਦੀ ਗੱਦੀ ਰਸਮ ਨਹੀਂ ਹੋ ਸਕਦੀ। ਜੇ ਜ਼ਰੂਰੀ ਹੈ ਤਾਂ ਪਹਿਲਾਂ ਇਹ ਪ੍ਰਮਾਣ ਲਿਆਓ ਕਿ ਸ਼ਿਵਾ ਜੀ ਸ਼ੂਦਰ ਨਹੀਂ ਖੱਤਰੀ ਹਨ। ਗਾਗਾਭ ਦੇ ਨਿਰਦੇਸ਼ ਅਨੁਸਾਰ ਬਾਲਾ ਜੀ ਕਿਸੇ ਤਰ੍ਹਾਂ ਰਾਜਸਥਾਨ ਦੇ ਮੇਵਾੜ ਦੇ ਸਿਸੋਦਿਆ ਖਤਰੀ ਨਾਲ ਸ਼ਿਵਾ ਜੀ ਦਾ ਸਬੰਧ ਜੋੜਨ 'ਚ ਕਾਮਯਾਬ ਹੋ ਗਏ। ਇਹ ਸਬੂਤ ਦੇਖ ਕੇ ਗਾਗਾਭ ਨੇ ਕਿਹਾ ਕਿ ਇਹ ਸਬੂਤ ਗਲਤ ਹੈ ਸ਼ਿਵਾ ਜੀ ਖੱਤਰੀ ਨਹੀਂ ਸ਼ੂਦਰ ਹੈ, ਮੌਕਾ ਦੇਖ ਕੇ ਬ੍ਰਾਹਮਣ ਨੂੰ ਇਕ ਲੱਖ ਰੁਪਏ ਦਾ ਲਾਲਚ ਸ਼ਿਵਾ ਜੀ ਨੇ ਦਿੱਤਾ ਤੇ ਗਾਗਾਭ ਗੱਦੀਸ਼ੀਨ ਦੀ ਰਸਮ ਲਈ ਤਿਆਰ ਹੋ ਗਿਆ। ਸਮਾਰੋਹ 'ਚ ਉਹਨਾਂ ਨੇ 50000 ਬ੍ਰਾਹਮਣਾਂ 'ਚ ਹਾਥੀ, ਘੋੜੇ, ਅੰਨ, ਕੱਪੜੇ ਤੇ ਤਰਲ ਦਾ ਦਾਨ ਕਰਵਾਇਆ। ਸ਼ਿਵਾ ਜੀ ਨੂੰ ਵਾਰੀ ਵਾਰੀ ਨਾਲ ਸੋਨਾ, ਚਾਂਦੀ, ਕਾਂਸਾ, ਪਿਤਲ ਤੇ ਅੰਨ ਨਾਲ ਤੁਲਵਾ ਕੇ ਉਹਨਾਂ ਸਭ ਨੂੰ ਬ੍ਰਾਹਮਣਾਂ 'ਚ ਵੰਡਵਾਇਆ। ਸਮਾਰੋਹ 'ਚ ਕੁਲ 426 ਲੱਖ ਰੁਪਏ ਖਰਚ ਹੋਏ। ਇਸ ਪਿੱਛੋਂ ਵੀ ਪੂਨੇ ਦੇ ਬ੍ਰਾਹਮਣਾਂ ਨੇ ਸ਼ਿਵਾ ਜੀ ਨੂੰ ਰਾਜਾ ਮੰਨਣ ਤੋਂ ਇਨਕਾਰ ਕਰ ਦਿੱਤਾ। ਮਜ਼ਬੂਰੀ

ਵਸ ਬ੍ਰਾਹਮਣਾਂ ਦੀ ਇੱਛਾ ਅਨੁਸਾਰ ਸ਼ਿਵਾ ਜੀ ਨੂੰ ਅਸ਼ਟ ਪ੍ਰਧਾਨ ਮੰਡਲ ਬਣਾਉਣਾ ਪਿਆ। ਇਸ ਦੇ ਪ੍ਰਧਾਨ ਮੋਰੋਪੰਤ ਪਿੰਗਲੇ ਸਨ ਜਿਹਨਾਂ ਨੇ ਪਿੱਛੋਂ ਸ਼ਿਵਾ ਜੀ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਉਸ ਪਿੱਛੋਂ ਉਹਨਾਂ ਦੇ ਪੁੱਤਰ ਸੰਭਾਜੀ ਨੂੰ ਮੁਸਲਮਾਨਾਂ ਹੱਥੋਂ ਮਰਵਾ ਦਿੱਤਾ ਤੇ ਇਸ ਰਾਜ ਉਪਰ ਪੇਸ਼ਵਾਈ ਬ੍ਰਾਹਮਣਾਂ ਨੇ ਕਬਜਾ ਕਰ ਲਿਆ। ਪੇਸ਼ਵਾਈ ਬ੍ਰਾਹਮਣ ਰਾਜਿਆਂ ਨੇ ਗੱਦੀਸ਼ੀਨ ਨੂੰ ਖਤਮ ਕਰਕੇ ਮੁਸਲਮਾਨਾਂ ਦੀ ਰੀਤੀ ਨਾਲ ਫਸਲੀ ਸੰਵਤ ਦੀ ਰੀਤ ਸ਼ੁਰੂ ਕੀਤੀ। ਉਸ ਵੇਲੇ ਦੇ ਬ੍ਰਾਹਮਣ ਕੁਰਮੀ ਜਾਤੀ ਨੂੰ ਛੂਹਣਾ ਵੀ ਪਾਪ ਮੰਨਦੇ ਸਨ। ਬਾਵਜੂਦ ਇਸ ਦੇ ਕੁਰਮੀ, ਯਾਦਵ, ਗੁਜਰ ਤੇ ਜਾਟ ਵਰਗੀਆਂ ਪਿਛੜੀਆਂ ਜਾਤੀਆਂ ਆਪਣੇ ਆਪ ਨੂੰ ਖੇਤਰੀ ਸਿੱਧ ਕਰਨ 'ਚ ਜ਼ੋਰ ਲਾਉਂਦੀਆਂ ਰਹੀਆਂ ਤੇ ਅਛੂਤਾਂ ਤੋਂ ਭਾਰੀ ਫਰਕ ਰੱਖਦੀਆਂ ਪਰ ਬ੍ਰਾਹਮਣ ਦੀ ਦ੍ਰਿਸ਼ਟੀ ਤੋਂ ਸਭ ਸ਼ੂਦਰ ਹੀ ਹਨ। ਮਹਾਨ ਸਮਾਜ ਇਨਕਲਾਬੀ ਮਹਾਸਨਾ ਜੋਤੀਬਾ ਫੂਲੇ, ਜੋ ਖੁਦ ਮਾਲੀ ਜਾਤੀ ਦੇ ਨਾਲ, ਨੇ ਆਪਣੀ ਪੁਸਤਕ ਗੁਲਾਮਗਿਰੀ 'ਚ ਲਿਖਿਆ ਹੈ "ਅੱਜ ਦੇ ਸ਼ੂਦਰ ਜੋ ਬਹੁਤ ਹੀ ਹੰਕਾਰ ਨਾਲ ਮਾਲੀ, ਕੁਰਮੀ, ਬੜਈ, ਸੁਨਿਆਰ, ਦਰਜੀ, ਤੇਲੀ ਆਦਿ ਆਪਣੇ ਨਾਂ ਨਾਲ ਲਾਉਂਦੇ ਹਨ ਤੇ ਇਕ ਦੂਜੇ ਤੋਂ ਬੇਹਤਰ ਸਮਝਣ ਲਈ ਆਪਸ 'ਚ ਲੜਦੇ ਹਨ। ਪਰ ਉਹਨਾਂ ਨੂੰ ਨਹੀਂ ਪਤਾ ਕਿ ਉਹ ਸਭ ਇਕ ਹੀ ਘਰਾਣੇ ਦੇ ਹਨ ਤੇ ਬ੍ਰਾਹਮਣਾਂ ਨੇ ਉਹਨਾਂ ਨੂੰ ਸਮਾਜ ਦੇ ਹੇਠਲੇ ਪੱਧਰ 'ਤੇ ਲੈ ਆਂਦਾ ਹੈ।" (ਪਿਛੜੀ ਜਾਤੀ ਹੀ ਅਸਲੀ ਸ਼ੂਦਰ ਹੈ, ਇਸ ਸਬੰਧੀ ਵਿਸਥਾਰਿਤ ਜਾਣਕਾਰੀ ਲਈ ਦਲਿਤ ਅਧਾਰ ਚੇਤਨਾ-ਸਵਰਗਲੋਕ 'ਤੇ ਕਬਜ਼ਾ ਪੜ੍ਹੋ)।

ਬ੍ਰਾਹਮਣਾਂ ਦੀ ਇਸ ਘ੍ਰਿਣਾ ਦਾ ਸ਼ਾਹੂ ਜੀ ਮਹਾਰਾਜ ਵੀ ਸ਼ਿਕਾਰ ਹੋਏ। ਉਹਨਾਂ ਨੇ ਇਸ ਸਮਾਜ ਪ੍ਰਣਾਲੀ ਨੂੰ ਚੁਣੌਤੀ ਵਜੋਂ ਲਿਆ। ਉਹਨਾਂ ਨੇ 1894-1922 ਈ. ਦਰਮਿਆਨ ਦਲਿਤ ਪਿਛੜੀਆਂ ਜਾਤੀਆਂ ਨੂੰ ਮਾਨ-ਸਨਮਾਨ ਦੇ ਨਾਲ ਜਿਉਣ ਦਾ ਅਧਾਰ ਦਿੱਤਾ। ਨਾਲ ਹੀ ਰਿਆਸਤ ਦੀ ਸਿਖਿਆ, ਸਤਾ ਸੰਮਤੀ 'ਚ ਉਹਨਾਂ ਦੀ ਭਾਗੀਦਾਰੀ ਯਕੀਨੀ ਬਣਾਈ। ਅਸਲ 'ਚ ਛਤਰਪਤੀ ਸ਼ਾਹੂ ਜੀ ਮਹਾਰਾਜ ਨੂੰ ਬ੍ਰਾਹਮਣ ਆਪਣੇ ਮੁਤਾਬਕ ਨਚਾਉਣਾ ਚਾਹੁੰਦੇ ਸਨ। ਜਦ ਕਿ ਮਹਾਰਾਜ ਰਿਆਸਤ ਦੇ ਲੋਕਾਂ ਦੀ ਤਰੱਕੀ ਚਾਹੁੰਦੇ ਸਨ। ਇਸ ਲਈ ਉਹਨਾਂ ਨੇ ਗੈਰ ਬ੍ਰਾਹਮਣਾਂ ਲਈ ਵਿਕਾਸ ਨੀਤੀ ਬਣਾਈ ਸੀ। ਬ੍ਰਾਹਮਣ ਨਹੀਂ ਚਾਹੁੰਦੇ ਸਨ ਕਿ ਸਾਸ਼ਤਰੀ ਨਿਯਮਾਂ ਦੇ ਉਲਟ ਕੋਈ ਵੀ ਕਾਰਵਾਈ ਹੋਵੇ। ਜੇ ਇਸ ਹੁਕਮ ਦੀ ਨਾਫੁਰਮਾਨੀ ਹੋਈ ਤਾਂ ਦੋਸ਼ੀ ਅਧਿਕਾਰੀ ਆਪਣੇ ਅਹੁਦੇ ਤੋਂ ਬਰਖਾਸਤ ਕਰ ਦਿੱਤੇ ਜਾਣਗੇ। ਇਸ ਆਦੇਸ਼ ਨੂੰ ਸ਼ਾਹੂ ਜੀ ਨੇ ਚੁਣੌਤੀ ਵਜੋਂ ਲਿਆ। ਉਹ ਅਸਿੱਧੇ ਢੰਗ ਨਾਲ ਇਹ ਸਾਬਤ ਕਰਨ 'ਚ ਜੁੱਟ ਗਏ ਕਿ ਉਹ ਖੱਤਰੀ ਨਹੀਂ ਸ਼ੂਦਰ ਹਨ। ਇਹ ਜਾਣ ਕੇ ਸ਼ਾਹੂ ਜੀ ਨੇ ਰਾਜ ਪੁਰੋਹਿਤ ਦੇ ਅਹੁਦੇ ਨੂੰ ਹੀ ਖਤਮ ਕਰ ਦਿੱਤਾ। 1904 'ਚ ਸ਼ਾਹੂ ਜੀ ਨੇ ਗੈਰ-ਬ੍ਰਾਹਮਣ ਪ੍ਰੋਹਿਤ ਨਿਯੁਕਤ ਕੀਤਾ ਤੇ ਕਈ ਸਿਖਿਆ ਸੰਸਥਾਵਾਂ ਦੇ ਬ੍ਰਾਹਮਣ ਪ੍ਰੋਹਿਤਾਂ ਨੂੰ ਹਟਾ ਦਿੱਤਾ। ਜਿਸ ਤਰ੍ਹਾਂ ਸਮਰਾਟ ਅਸ਼ੋਕ ਨੇ ਬ੍ਰਾਹਮਣਾਂ ਦੇ ਸਾਸ਼ਤਰੀ ਨਿਯਮਾਂ ਨੂੰ ਨਾਕਾਰ ਕੇ ਆਮ ਲੋਕਾਂ ਦੇ ਦੁਖਦਰਦ ਨੂੰ ਮਹਿਸੂਸ ਕਰ ਉਸ ਨੂੰ ਦੂਰ ਕੀਤਾ ਸੀ ਉਸੇ ਤਰ੍ਹਾਂ ਸ਼ਾਹੂ ਜੀ ਨੇ ਕੀਤਾ। ਇਸ ਘਟਨਾ ਨੇ ਸ਼ਾਹੂ ਜੀ ਦੀ ਜੀਵਨ ਧਾਰਾ ਹੀ ਬਦਲ ਦਿੱਤੀ ਉਹ ਮਹਿਸੂਸ ਕੀਤਾ ਕਿ ਜਦ ਬ੍ਰਾਹਮਣ ਮੇਰੇ ਵਰਗੇ ਮਾਨ ਸਨਮਾਨ ਵਰਗੇ ਰਾਜੇ ਨਾਲ ਅਜਿਹਾ ਅਪਮਾਨ ਜਨਕ ਵਰਤਾਅ ਕਰ ਸਕਦੇ ਹਨ ਤਾਂ ਆਮ ਲੋਕਾਂ ਨਾਲ ਕੀ

ਹੁੰਦਾ ਹੋਵੇਗਾ? ਉਹ ਦਲਿਤਾਂ ਪਿਛੜਿਆਂ ਦੇ ਕਲਿਆਣ ਲਈ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਕੰਮ ਕਰਨ ਲੱਗੇ। ਪਿਛੜੇ ਵਰਗ ਨੂੰ ਸਾਸ਼ਨ-ਪ੍ਰਸ਼ਾਸਨ ਤੇ ਸੱਤਾ-ਸੰਪਤੀ 'ਚ ਹਿੱਸੇਦਾਰੀ ਬਣਾਉਣ ਲਈ ਉਨ੍ਹਾਂ ਨੇ ਜੋ ਕੰਮ ਕੀਤਾ ਉਹ 26 ਜੁਲਾਈ 1902 ਨੂੰ ਕੋਹਲਾਪੁਰ ਰਿਆਸਤ 'ਚ ਪਿਛੜੇ ਵਰਗਾਂ ਲਈ ਰਾਖਵਾਂ ਕਰਨਾ ਲਾਗੂ ਕਰਨਾ।

ਜਿਸ ਸਮੇਂ ਸ਼ਾਹੂ ਜੀ ਨੇ ਕੋਹਲਾਪੁਰ 'ਚ ਗੱਦੀ ਸੰਭਾਲੀ ਸੀ ਉਸ ਸਮੇਂ ਉਸ ਰਿਆਸਤ 'ਚ ਬਹੁਤੇ ਅਧਿਕਾਰੀ ਬ੍ਰਾਹਮਣ ਸਨ। ਕਿਉਂਕਿ ਪਿਛੜੇ ਵਰਗ ਸਿਖਿਆ ਤੇ ਜਾਇਦਾਦ ਤੋਂ ਲੰਮੇ ਸਮੇਂ ਤੋਂ ਦੂਰ ਕੀਤੇ ਗਏ ਸਨ, ਸਿੱਟੇ ਵਜੋਂ ਉਹ ਸਾਸ਼ਨ-ਪ੍ਰਸਾਸ਼ਨ ਤੇ ਨੌਕਰੀਆਂ ਤੋਂ ਵੀ ਦੂਰ ਸਨ। ਸਾਰੇ ਪਾਸੇ ਬ੍ਰਾਹਮਣ ਹੀ ਬ੍ਰਾਹਮਣ ਸਨ। ਛਤਰਪਤੀ ਸ਼ਾਹੂ ਜੀ ਮਹਾਰਾਜ ਨੇ ਵੇਖਿਆ ਕਿ ਭਾਰਤੀ ਸਮਾਜ ਪ੍ਰਣਾਲੀ 'ਚ ਬ੍ਰਾਹਮਣ ਸਭ ਤੋਂ ਉਪਰ ਹਨ। ਇਸ ਲਈ ਹਕੂਮਤ ਤੇ ਪ੍ਰਸਾਸ਼ਨ 'ਚ ਵੀ ਉਹਨਾਂ ਦਾ ਦਬ-ਦਬਾਅ ਹੈ। ਸਮਾਜ 'ਚ ਬਰਾਬਰੀ ਲਿਆਉਣ ਲਈ ਤੇ ਵਾਂਝਿਆ ਦੇ ਮਾਣ, ਸਨਮਾਨ ਲਈ ਉਹਨਾਂ ਨੇ ਕਈ ਮਹੱਤਵਪੂਰਨ ਫੈਸਲੇ ਲਏ ਜਿਹਨਾਂ 'ਚੋਂ ਇਕ ਪਿਛੜਿਆਂ ਲਈ ਆਪਣੀ ਰਿਆਸਤ 'ਚ ਪੰਜਾਹ ਫੀਸਦੀ ਰਾਖਵਾਂਕਰਨ ਲਾਗੂ ਕਰਨਾ। ਉਸ ਸਮੇਂ ਕੋਹਲਾਪੁਰ ਸਟੇਟ ਦੇ ਸਰਕਾਰੀ ਵਿਭਾਗ 'ਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਕੁਲ ਗਿਣਤੀ 71 ਸੀ। ਇਹਨਾਂ 'ਚੋਂ 60 ਬ੍ਰਾਹਮਣ ਸਨ। ਜਦ ਕਿ ਪਿਛੜੀ ਜਾਤੀ ਦੇ ਸਿਰਫ 11 ਕਰਮਚਾਰੀ ਸਨ। ਮਹਾਰਾਜ ਨੇ ਨਿਜੀ ਦਫਤਰ 'ਚ ਕੁਲ 53 ਅਹੁਦਿਆਂ 'ਤੇ 46 ਬ੍ਰਾਹਮਣ ਹੀ ਕੰਮ ਕਰਦੇ ਸਨ, ਜਦ ਕਿ ਪਿਛੜੀਆਂ ਜਾਤੀਆਂ ਦੇ ਕਰਮਚਾਰੀਆਂ ਦੀ ਗਿਣਤੀ ਸਿਰਫ 7 ਸੀ। ਉਸ ਸਮੇਂ ਕੋਹਲਾਪੁਰ ਦੀ ਅਬਾਦੀ 9 ਲੱਖ ਸੀ। ਜਿਸ ਦਾ 90 ਫੀਸਦੀ ਪਿਛੜਿਆ ਵਰਗ ਦੇ ਲੋਕ ਸਨ ਜਦ ਕਿ ਬ੍ਰਾਹਮਣਾਂ ਦੀ ਅਬਾਦੀ ਸਿਰਫ 3 ਫੀਸਦੀ ਸੀ। ਇਹਨਾਂ 3 ਫੀਸਦੀ ਬ੍ਰਾਹਮਣਾਂ 'ਚ ਸਿਖਿਆ 90 ਫੀਸਦੀ ਸੀ ਜਦ ਕਿ 90 ਫੀਸਦੀ ਪਿਛੜੀਆਂ ਜਾਤੀਆਂ 'ਚ ਦੀ ਸਾਖਰਤਾ ਸਿਰਫ 10 ਫੀਸਦੀ ਸੀ। ਪਰ ਜਦ ਸ਼ਾਹੂ ਜੀ ਨੂੰ ਸਮਾਜਕ-ਆਰਥਕ ਨਾਬਰਾਬਰੀ ਤੇ ਭੇਦਭਾਵ ਦਾ ਗਿਆਨ ਹੋਇਆ ਤਾਂ ਉਹਨਾਂ ਨੇ 26 ਜੁਲਾਈ 1902 ਨੂੰ ਸਰਕਾਰੀ ਫੁਰਮਾਨ ਜਾਰੀ ਕਰਕੇ ਰਿਆਸਤ ਅੰਦਰ ਨੌਕਰੀਆਂ 'ਚ ਪਿਛੜੀਆਂ ਜਾਤੀਆਂ ਲਈ 50 ਫੀਸਦੀ ਰਾਖਵਾਂਕਰਨ ਲਾਗੂ ਕਰ ਦਿੱਤਾ। ਅੱਗੇ ਚਲ ਕੇ ਅੰਬੇਦਕਰ ਨੇ ਭਾਰਤੀ ਸੰਵਿਧਾਨ 'ਚ ਰਾਖਵਾਂਕਰਨ ਸਬੰਧੀ ਅਨੁਛੇਦ 330, 332, 335, 340 ਤੇ 16 (4) ਬਣਾ ਕੇ ਬਹੁਜਨ ਉਭਾਰ ਦੇ ਕਾਰਵਾਂ ਨੂੰ ਅੱਗੇ ਵਧਾਇਆ। ਸੰਨ 1902 'ਚ ਸ਼ਾਹੂ ਜੀ ਮਹਾਰਾਜ ਮੈਜੇਸਟੀਕਿੰਗ ਏਡਵਰਡ ਦੇ ਗੱਦੀ ਨਸ਼ੀਨ ਸਮਾਰੋਹ 'ਚ ਸੱਦੇ 'ਤੇ ਇੰਗਲੈਂਡ ਗਏ ਹੋਏ ਸਨ। ਆਪਣੀ ਇਸ ਕੋਸ਼ਿਸ਼ ਦੌਰਾਨ ਹੀ ਉਹਨਾਂ ਨੇ ਇਕ ਹੁਕਮ ਜਾਰੀ ਕਰ ਦਿੱਤਾ ਕਿ ਰਾਜ ਦੀਆਂ ਨੌਕਰੀਆਂ 'ਚ ਪਿਛੜੇ ਵਰਗ ਅਰਥਾਤ ਐਸ. ਸੀ. ਐਸ. ਟੀ. ਤੇ ਓ ਬੀ ਸੀ ਦੇ ਮੈਂਬਰਾਂ ਲਈ 50 ਫੀਸਦੀ ਸੀਟਾਂ ਰਾਂਖਵੀਆਂ ਕਰ ਦਿੱਤੀਆਂ। ਇਹ ਇਕ ਮਹਾਨ ਇਨਕਲਾਬੀ ਕਦਮ ਸੀ ਅਜਿਹਾ ਹੁਕਮ ਲਾਗੂ ਕਰਕੇ ਸ਼ਾਹੂ ਜੀ ਮਹਾਰਾਜ ਪਿਛੜੇ ਵਰਗ ਦੇ ਹਿੱਤਾਂ ਦੀ ਰਾਖੀ ਕਰਨ ਵਾਲੇ ਭਾਰਤ ਦੇ ਪਹਿਲੇ ਹਾਕਮ ਬਣ ਗਏ। ਐਸ. ਸੀ, ਐਸ ਟੀ ਤੇ ਓ ਬੀ ਸੀ ਦੇ ਮੈਂਬਰਾਂ ਲਈ 50 ਫੀਸਦੀ ਸੀਟਾਂ ਰਾਂਖਵੀਆਂ ਕਰਨ ਸਬੰਧੀ ਸ਼ਾਹੂ ਜੀ ਮਹਾਰਾਜ ਦਾ ਹੁਕਮ ਇਸ ਤਰ੍ਹਾਂ ਸੀ, "ਪਿਛਲੇ ਸਾਲਾਂ 'ਚ ਕੋਹਲਾਪੁਰ ਸਟੇਟ 'ਚ ਸਭ ਵਰਗਾਂ ਦੇ ਸਿਖਿਅਕ ਉਭਾਰ ਲਈ ਕਾਫੀ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ ਪਰ

ਕਾਫੀ ਦੁਖ ਨਾਲ ਕਹਿਣਾ ਪੈ ਰਿਹਾ ਹੈ ਕਿ ਪਿਛਲੇ ਵਰਗਾਂ ਦਾ ਉਭਾਰ ਨਹੀਂ ਹੋ ਸਕਿਆ ਹੈ। ਇਸ 'ਚ ਮੈਂ ਇਸ ਸਿੱਟੇ 'ਤੇ ਪੁੱਜਿਆ ਹਾਂ ਕਿ ਇਸ ਵਰਗ 'ਚ ਉਚ ਸਿਖਿਆ ਦਾ ਵਿਆਪਕ ਪ੍ਰਚਾਰ-ਪਸਾਰ ਨਾ ਕੀਤੇ ਜਾਣ ਕਰਕੇ ਉਹਨਾਂ ਨੂੰ ਮੁਕਾਬਲਤਣ ਸਫਲਤਾ ਨਹੀਂ ਮਿਲ ਸਕੀ। ਇਸ ਕਮੀ ਨੂੰ ਦੂਰ ਕਰਨ ਲਈ ਤੇ ਪਿਛੜੇ ਵਰਗ ਨੂੰ ਉਚ ਸਿਖਿਆ ਕਰਨ ਲਈ ਮੈਂ ਇਹ ਫੈਸਲਾ ਲਿਆ ਹੈ ਕਿ ਇਹਨਾਂ ਵਰਗਾਂ ਨੂੰ ਰਾਜ ਦੀਆਂ ਸੇਵਾਵਾਂ 'ਚ ਭਾਗੀਦਾਰ ਬਣਾਇਆ ਜਾਵੇ। ਹੁਕਮ ਪਾਸ ਹੋਣ ਦੀ ਮਿਤੀ 26 ਜੁਲਾਈ 1902 ਤੋਂ ਹੀ ਰਾਜ ਦੀਆਂ 50 ਫੀਸਦੀ ਅਸਾਮੀਆਂ 'ਤੇ ਪਿਛੜੇ ਵਰਗਾਂ ਨੂੰ ਨਿਯੁਕਤ ਕਰਕੇ ਭਰਿਆ ਜਾਵੇ।

ਜਿਸ ਵਿਭਾਗ 'ਚ ਪਿਛਲੇ ਵਰਗਾਂ ਦੇ ਮੈਂਬਰ 50 ਫੀਸਦੀ ਤੋਂ ਘੱਟ ਹੋਣਗੇ ਉਸ 'ਚ ਅੱਗੇ ਦੀ ਨਿਯੁਕਤੀਆਂ ਸਭ ਵਰਗਾਂ ਦੇ ਲੋਕਾਂ 'ਚ ਕੀਤੀਆਂ ਜਾਣਗੀਆਂ। ਇਸ ਆਦੇਸ਼ ਦੀ ਪਾਲਣਾ ਹਿੱਤ ਬ੍ਰਾਹਮਣ, ਪ੍ਰਭੂ, ਸ਼ੇਨਾਵੀ, ਪਾਰਸੀ ਤੇ ਹੋਰ ਵਿਕਸਤ ਵਰਗ ਦੇ ਲੋਕਾਂ ਨੂੰ ਛੱਡ ਕੇ ਸਾਰੀਆਂ ਜਾਤੀਆਂ ਪਿਛਲੇ ਵਰਗਾਂ 'ਚ ਸ਼ਾਮਲ ਸਮਝੀਆਂ ਜਾਣਗੀਆਂ।" ਪਿਛੜੇ ਵਰਗ ਦੀ ਸਹੀ ਪਹਿਚਾਣ ਹੋ ਸਕੇ ਤੇ ਇਹਨਾਂ ਨੂੰ ਰਾਖਵੇਂਕਰਨ ਦਾ ਫਾਇਦਾ ਸਹੀ-ਸਹੀ ਮਿਲ ਸਕੇ, ਇਸ ਖਿਆਲ ਨਾਲ ਸ਼ਾਹੂ ਜੀ ਮਹਾਰਾਜ ਨੇ ਸਪਸ਼ਟ ਕਿਹਾ ਕਿ ਬ੍ਰਾਹਮਣ, ਪ੍ਰਭੂ, ਸ਼ੇਨਾਵੀ, ਪਾਰਸੀ ਤੇ ਹੋਰ ਵਿਕਸਤ ਵਰਗਾਂ ਦੇ ਲੋਕਾਂ ਨੂੰ ਛੱਡ ਕੇ ਸਾਰੀਆਂ ਜਾਤੀਆਂ ਪਿਛੜੇ ਸਮਾਜ 'ਚ ਆਉਂਦੀਆਂ ਹਨ। ਇਸ ਤਰ੍ਹਾਂ ਮਹਾਰਾਜ ਨੇ ਪਿਛੜੇ ਵਰਗ ਦੀ ਇਕ ਵਿਸ਼ੇਸ਼ ਪਹਿਚਾਣ ਦੱਸੀ। ਅਜਿਹਾ ਕਰਕੇ ਸ਼ਾਹੂ ਜੀ ਨੇ ਫੂਲੇ ਦੀ ਵਿਚਾਰ ਧਾਰਾ ਨੂੰ ਅੱਗੇ ਵਧਾਇਆ। 26 ਜੁਲਾਈ 1902 ਨੂੰ ਪਾਸ ਇਸ ਹੁਕਮ 'ਚ ਇਕ ਵਿਸ਼ੇਸ਼ ਮਕਸਦ ਛੁਪਿਆ ਹੋਇਆ ਸੀ। ਮਕਸਦ ਸੀ ਕਿ ਨੌਕਰੀਆਂ ਤੋਂ ਹਾਸਲ ਰਾਖਵੇਂਕਰਨ ਨਾਲ ਪਿਛੜੇ ਵਰਗ ਦੇ ਲੋਕਾਂ ਨੂੰ ਸਿਖਿਆ 'ਚ ਹੱਲਾਸ਼ੇਰੀ ਮਿਲ ਜਾਵੇ ਤੇ ਸਿਖਿਆ ਰਾਹੀਂ ਉਹ ਦਫਤਰਾਂ ਦੇ ਉਚ ਅਹੁਦੇ 'ਤੇ ਪਹੁੰਚ ਸਕਣ। ਇਸ ਨਾਲ ਦਲਿਤ ਪਿਛੜਿਆਂ 'ਚ ਮਾਨ-ਸਨਮਾਨ ਦੀ ਇੱਛਾ ਜਾਗੇ ਤੇ ਲੋਕਾਂ ਨੂੰ ਸਵੈਮਾਨ ਤੇ ਆਤਮ ਵਿਸਵਾਸ਼ ਦਾ ਭਾਵ ਪੈਦਾ ਹੋਵੇ। ਸ਼ਾਹੂ ਜੀ ਦੀ ਇਸ ਕੋਸ਼ਿਸ਼ ਨਾਲ ਜੋ ਸਥਿਤੀ 1894 'ਚ ਉਹ 1922 ਤਕ ਬਿਲਕੁਲ ਬਦਲ ਚੁੱਕੀ ਸੀ। ਸ਼ਾਹੂ ਜੀ ਦੀ ਮੌਤ 1922 ਈ. 'ਚ 48 ਸਾਲਾਂ ਦੀ ਉਮਰ 'ਚ ਹੀ ਹੋ ਗਈ ਸੀ। 1922 'ਚ ਰਿਆਸਤ 'ਚ ਆਮ ਵਿਭਾਗ 'ਚ ਕੁਲ 85 ਮੁਲਾਜ਼ਮ ਸਨ ਜਿਨ੍ਹਾਂ 'ਚ 59 ਪਿਛੜੀ ਜਾਤੀ ਦੇ ਸਨ ਅਤੇ ਬ੍ਰਾਹਮਣਾਂ ਦੀ ਗਿਣਤੀ 26 ਸੀ। ਨਿਜੀ ਦਫਤਰ 'ਚ ਕੁਲ 153 ਮੁਲਾਜ਼ਮਾਂ 'ਚੋਂ 110 ਪਿਛੜੇ ਵਰਗ ਦੇ ਤੇ 43 ਬ੍ਰਾਹਮਣ ਸਨ। ਇਸ ਤਰ੍ਹਾਂ ਪਿਛੜਿਆਂ ਨੂੰ ਸਿਖਿਅਤ ਕਰਕੇ ਬਰਾਬਰੀ 'ਤੇ ਅਧਾਰਤ ਸਮਾਜ ਸਿਰਜਣ ਦੀ ਦਿਸ਼ਾ 'ਚ ਸ਼ਾਹੂ ਜੀ ਜੀਵਨ ਭਰ ਕੰਮ ਕਰਦੇ ਰਹੇ। ਛਤਰਪਤੀ ਸ਼ਾਹੂ ਜੀ ਮਹਾਰਾਜ ਦੇ ਇਸ ਇਨਕਲਾਬੀ ਰਾਜ ਹੁਕਮਾਂ ਨਾਲ ਬ੍ਰਾਹਮਣਾਂ 'ਚ ਖਲਬਲੀ ਮੱਚ ਗਈ ਸੀ। ਇਸ ਦਾ ਵਿਰੋਧ ਸਭ ਬ੍ਰਾਹਮਣਾਂ ਨੇ ਕੀਤਾ। ਇਥੋਂ ਤਕ ਕਿ ਰਿਆਸਤ ਦੇ ਉਹਨਾਂ ਦੇ ਬ੍ਰਾਹਮਣ ਮੰਤਰੀਆਂ ਨੇ ਵੀ ਬਾਲ ਗੰਗਾਧਰ ਤਿਲਕ ਵਰਗੇ ਵਿਦਵਾਨ ਬ੍ਰਾਹਮਣ ਨੇ, ਜਿਹਨਾਂ ਨੇ 'ਸਵਰਾਜ ਸਾਡਾ ਜਨਮ ਸਿੱਧ ਅਧਿਕਾਰ ਹੈ' ਦਾ ਨਾਹਰਾ ਦਿੱਤਾ ਸੀ ਵੀ ਸ਼ਾਹੂ ਜੀ ਦੇ ਰਾਖਵੇਂਕਰਨ ਸਬੰਧੀ ਫੈਸਲੇ ਦਾ ਵਿਰੋਧ ਕੀਤਾ ਸੀ। ਜਦ ਸ਼ਾਹੂ ਜੀ ਕੋਹਲਾਪੁਰ 'ਚ ਨਹੀਂ ਸਨ ਤਦ

ਉਹਨਾਂ ਨੇ ਬਕਰੇ ਕਟਵਾ ਕੇ ਉਹਨਾਂ ਦੇ ਖ਼ੂਨ ਦੇ ਪੰਜੇ ਘਰਾਂ ਦੀਆਂ ਕੰਧਾਂ ’ਤੇ ਲਵਾ ਦਿੱਤੇ। ਅੰਧ ਵਿਸ਼ਵਾਸ਼ ’ਚ ਸ਼ਰਧਾ ਰੱਖਣ ਵਾਲੇ ਲੋਕਾਂ ਨੂੰ ਕਿਹਾ ਕਿ ਸ਼ਾਹੂ ਜੀ ਮਹਾਰਾਜ ਨੇ ਕੁਝ ਪਾਪ ਕੀਤਾ ਹੈ। ਜਦ ਇਹ ਸਭ ਸ਼ਾਹੂ ਜੀ ਮਹਾਰਾਜ ਨੂੰ ਪਤਾ ਲੱਗਿਆ ਤਾਂ ਉਹਨਾ ਨੇ ਉਚ ਅਧਿਕਾਰੀਆਂ ਨੂੰ ਹੁਕਮ ਦਿੱਤਾ ਕਿ ਦਸ ਦਿਨਾਂ ਦੇ ਅੰਦਰ-ਅੰਦਰ ਪਤਾ ਕਰੋ ਕਿ ਇਹ ਸਾਜਿਸ਼ ਕਿਸ ਨੇ ਕੀਤੀ ਹੈ? ਅਜਿਹਾ ਨਾ ਕਰਨ ’ਤੇ ਮੇਰੇ ਕੋਲੋਂ ਅਸਤੀਫਾ ਲੈ ਕੇ ਚਲੇ ਜਾਣਾ। ਅੱਠ ਦਿਨਾਂ ਪਿੱਛੋਂ ਭੀਖਮਭੱਟ ਨਾਂ ਦਾ ਇਕ ਬ੍ਰਾਹਮਣ ਮਹਾਰਾਜਾ ਪਾਸ ਆਇਆ ਤੇ ਦੱਸਿਆ ਕਿ ਇਹ ਕੰਮ ਮੈਂ ਕੀਤਾ ਹੈ ਤੇ ਅਜਿਹਾ ਕਰਨ ਲਈ ਬਾਲ ਗੰਗਾਧਰ ਤਿਲਕ ਨੇ ਕਿਹਾ ਸੀ।’’

ਮਹਾਰਾਜਾ ਦੇ ਕੁਝ ਮੰਤਰੀਆਂ ਨੇ ਜਦ ਇਸ ਹੁਕਮ ਦਾ ਵਿਰੋਧ ਕੀਤਾ ਤਾਂ ਮਹਾਰਾਜਾ ਨੇ ਉਹਨਾਂ ਨੂੰ ਇਸ ਕੰਮ ਦੀ ਜ਼ਰੂਰਤ ਸਮਝਾਉਣ ਲਈ ਉਹਨਾਂ ਨੂੰ ਘੋੜਿਆਂ ਦੇ ਤਬੇਲੇ ’ਚ ਜਾ ਕੇ ਇਕ ਪ੍ਰਯੋਗ ਕਰ ਵਿਖਾਇਆ। ਉਥੇ ਬਹੁਤ ਸਾਰੇ ਘੋੜੇ ਬੰਨ੍ਹੇ ਹੋਏ ਸਨ। ਉਹਨਾਂ ਨੇ ਆਪਣੇ ਨੌਕਰ ਨੂੰ ਉਹਨਾਂ ਸਭ ਘੋੜਿਆਂ ਦੇ ਚਾਰੇ ਦਾ ਢੇਰ ਇਕ ਥਾਂ ’ਤੇ ਲਾਉਣ ਲਈ ਕਿਹਾ। ਫਿਰ ਸ਼ਾਹੂ ਜੀ ਨੇ ਸਭ ਘੋੜਿਆਂ ਨੂੰ ਭੋਜਨ ਲਈ ਇਕੋ ਵੇਲੇ ਖੋਲ੍ਹਣ ਦਾ ਹੁਕਮ ਦਿੱਤਾ। ਦੇਖਿਆ ਗਿਆ ਕਿ ਜੋ ਘੋੜੇ ਹੱਟੇ ਕੱਟੇ ਸਨ ਉਹ ਸਾਰੇ ਚਾਰੇ ਨੂੰ ਚੱਟ ਕਰ ਗਏ ਜੋ ਥੋੜ੍ਹੇ ਕਮਜ਼ੋਰ, ਲਾਚਾਰ ਤੇ ਬੇਸਹਾਰਾ ਸਨ ਉਚ ਭੁੱਖੇ ਰਹਿ ਗਏ। ਸ਼ਾਹੂ ਜੀ ਨੇ ਵਿਰੋਧ ਕਰਨ ਵਾਲੇ ਮੰਤਰੀਆਂ ਤੋਂ ਪੁੱਛਿਆ ਕਿ ਇਹਨਾਂ ਲਈ ਕੀ ਕੀਤਾ ਜਾਵੇ? ਕੀ ਇਹਨਾਂ ਭੁੱਖਿਆ ਲਈ ਵੱਖਰੇ ਤੌਰ ’ਤੇ ਚਾਰੇ ਦੀ ਵਿਵਸਥਾ ਕਰਨੀ ਠੀਕ ਨਹੀਂ ਹੋਵੇਗੀ? ਇਸ ਪਿੱਛੋਂ ਸਾਰੇ ਵਿਰੋਧੀ ਮੰਤਰੀ ਮਹਾਰਾਜ ਜੀ ਨਾਲ ਸਹਿਮਤ ਹੋ ਗਏ। ਇਸ ਘਟਨਾ ਤੋਂ ਪਤਾ ਲੱਗਦਾ ਹੈ ਕਿ ਸ਼ਾਹੂ ਜੀ ਮਹਾਰਾਜ ਪਿਛੜਿਆਂ ਪ੍ਰਤੀ ਕਿੰਨੇ ਸੰਜੀਦਾ ਤੇ ਸੰਵੇਦਨਸ਼ੀਲ ਤੇ ਵਿਰੋਧੀ ਧਿਰ ਨੂੰ ਕਿੰਨੀਆਂ ਦਲੀਲ ਨਾਲ ਸਹਿਮਤ ਕਰ ਲੈਂਦੇ ਸਨ।

# ਪਿਛੜਾ ਵਰਗ ਗੁਲਾਮ ਕਿਉਂ ਬਣਿਆ?

ਪਿਛੜਿਆ ਵਰਗ ਭਾਰਤ ਦਾ ਮੂਲ ਨਿਵਾਸੀ ਹੈ। ਉਹ ਮਾਲਕ ਹੈ ਫਿਰ ਉਹ ਗੁਲਾਮ ਕਿਵੇਂ ਬਣਿਆ? ਬ੍ਰਾਹਮਣ ਵਾਸੀ ਪ੍ਰਣਾਲੀ ਦਾ ਗੁਲਾਮ ਕਿਵੇਂ ਬਣਿਆ? ਮਾਨਸਿਕ ਤੇ ਬੌਧਿਕ ਰੂਪ 'ਚ ਗੁਲਾਮ ਕਿਵੇਂ ਬਣਿਆ? ਇਹਨਾਂ ਸੁਆਲਾਂ ਦਾ ਪੈਦਾ ਹੋਣਾ ਸੁਭਾਵਿਕ ਹੈ। ਤਾਂ ਹੀ ਸੁਆਲਾਂ ਦਾ ਹੱਲ ਨਿਕਲੇਗਾ। ਭਾਵ ਪਿਛੜਾ ਵਰਗ ਵਿਚਾਰਨਯੋਗ ਬਣਦਾ ਹੈ। ਉਸ 'ਚ ਜੁਗਿਆਸਾ ਪੈਦਾ ਹੁੰਦੀ ਹੈ ਤਾਂ ਹੀ ਸੁਆਲ ਪੈਦਾ ਹੁੰਦੇ ਹਨ। ਪਿਛੜਾ ਸਮਾਜ ਬਹੁਜਨ ਹੈ ਜੋ ਹਾਰਦਾ ਹੀ ਰਿਹਾ। ਭਾਰਤ ਦੇ ਮੂਲ ਨਿਵਾਸੀ ਖੇਤੀ ਸਭਿਆਚਾਰ, ਸਭਿਅਤਾ ਤੇ ਵਿਵਸਥਾ ਨਾਲ ਜੁੜੇ ਸਨ। ਉਹਨਾਂ ਨੇ ਅੱਛੀ ਖਾਸੀ ਉੱਨਤੀ ਕੀਤੀ ਸੀ। ਸਭਿਅਕ ਵਿਅਕਤੀ ਕਿਸੇ 'ਤੇ ਹਮਲਾ ਨਹੀਂ ਕਰਦਾ। ਉਹ ਅਪਮਾਨਿਕ ਰੁਝਾਣਾ ਤੋਂ ਵੀ ਦੂਰ ਰਹਿੰਦਾ ਹੈ। ਇਸ ਲਈ ਭਾਰਤ ਦਾ ਪਿਛੜਾ ਵਰਗ ਅਪਰਾਧਾਂ ਅਤੇ ਹਿੰਸਾ ਤੋਂ ਦੂਰ ਹੀ ਰਿਹਾ। ਆਰੀਆ ਨੇ ਭਾਰਤ 'ਤੇ ਹਮਲਾ ਕੀਤਾ, ਉਹ ਯੁਰੇਸ਼ਿਅਨ ਵੰਸ਼ ਦੇ ਸਨ। ਕਾਕੇਸ਼ਿਅਨ ਪਰਬਤਾਂ 'ਚ ਉਹਨਾਂ ਦਾ ਪੜਾਅ ਸੀ। ਉਹ ਜੰਗਲੀ ਸਨ ਜਾਲਮ ਸਨ, ਬੇਰਹਿਮ ਸਨ। ਪਸ਼ੂਆਂ ਵਰਗੀ ਉਹਨਾਂ ਦੀ ਹਾਲਤ ਸੀ। ਉਹਨਾਂ ਕੋਲ ਘੋੜੇ ਤੇ ਊਠ ਸਨ ਜੋ ਉਹਨਾਂ ਦਾ ਵਾਹਨ ਸਨ। ਦੂਰੋਂ ਮਾਰ ਸੁੱਟਣ ਵਾਲੇ ਧਨੁਸ਼ ਬਾਣ ਵਰਗੇ ਸਾਸ਼ਤਰ ਸਨ, ਤੀਰ ਕਮਾਨ ਸਨ। ਇਸ ਦੇ ਉਲਟ ਮੂਲ ਨਿਵਾਸੀ ਭਾਰਤੀ ਸ਼ਾਂਤ ਸੁਭਾਅ ਦੇ ਸਨ, ਸਭਿਅਕ ਸਨ। ਉਹਨਾਂ ਕੋਲ ਮੱਝ, ਬੈਲ, ਗਊ ਵਰਗੇ ਕਮਜ਼ੋਰ ਜਾਨਵਰ ਸਨ। ਤਲਵਾਰ, ਚਾਕੂ ਵਰਗੇ ਨੇੜਿਓ ਵਾਰ ਕਰਨ ਵਾਲੇ ਹਥਿਆਰ ਸਨ। ਹਮਲਾਵਰ ਆਰੀਆਂ ਦੇ ਨਾਲ ਜਦ ਉਹਨਾਂ ਦੀ ਲੜਾਈ ਹੋਈ ਤਾਂ ਉਹ ਹਾਰ ਗਏ। ਮੂਲ ਨਿਵਾਸੀਆਂ ਦੇ ਗੁਲਾਮ ਹੋਣ ਦਾ ਇਹ ਪਹਿਲਾ ਕਾਰਨ ਸੀ। ਆਰੀਆ ਨੇ ਆਪਣੇ ਨਾਲ ਔਰਤਾਂ ਨਹੀਂ ਲਿਆਂਦੀਆਂ ਸਨ। ਉਹਨਾਂ ਨੇ ਮੂਲ ਨਿਵਾਸੀ ਭਾਰਤੀਆਂ ਦੀਆਂ ਔਰਤਾਂ ਨੂੰ ਆਪਣੀਆਂ ਗੁਲਾਮ ਦਾਸੀਆਂ ਤੇ ਨੌਕਰਾਣੀਆਂ ਬਣਾਇਆ ਜਦ ਕਿ ਮੂਲ ਨਿਵਾਸੀ ਭਾਰਤੀਆਂ ਦੀ ਸਮਾਜਕ ਪ੍ਰਣਾਲੀ ਔਰਤ ਪ੍ਰਧਾਨ ਸੀ। ਔਰਤ ਮਰਦ ਬਰਾਬਰੀ ਵਾਲੀ ਸੀ। ਆਰੀਆ ਦੇ ਜੁਲਮਾਂ ਮੂਹਰੇ ਟਿਕ ਨਹੀਂ ਸਕੀ। ਹੌਲੀ-ਹੌਲੀ ਆਰੀਆ ਨੇ ਆਪਣੀ ਪੈਠ ਜਮਾਈ ਅਤੇ ਫੁਟ ਨੀਤੀ, ਕੂਟ ਨੀਤੀ, ਲੁੱਟ ਨੀਤੀ ਤੇ ਝੂਠ ਨੀਤੀ ਦਾ ਅਡੰਬਰ ਕਰਕੇ ਮੂਲ ਨਿਵਾਸੀ ਭਾਰਤੀਆਂ ਨੂੰ ਗੁਲਾਮ ਬਣਾਇਆ? ਉਹਨਾਂ ਦੀ ਸਮਾਜਕ ਸਭਿਆਚਾਰਕ ਗੁਲਾਮੀ ਬਰਕਰਾਰ ਰੱਖਣ ਲਈ ਧਰਮ ਸੰਕਲਪ ਵਰਣਕਾਂਡ ਆਦਿ ਖੜਾ ਕੀਤਾ। ਮੂਲ ਨਿਵਾਸੀਆਂ ਨੂੰ ਗਿਆਨ ਵਿਹੂਣੇ ਰੱਖਿਆ। ਸਿੱਟੇ ਵਜੋਂ ਪਿਛੜਿਆ ਵਰਗ ਮਾਨਸਿਕ ਤੇ ਬੌਧਿਕ ਗੁਲਾਮ ਬਣਿਆ ਰਿਹਾ। ਜਾਤੀਆਂ-ਉਪਜਾਤੀਆਂ ਦੀ ਉਸਾਰੀ ਆਰੀਆ ਬ੍ਰਾਹਮਣਾਂ ਦੇ ਇਸ ਅਡੰਬਰ ਦਾ ਹਿੱਸਾ ਹੈ। ਪਿਛੜੇ ਵਰਗ (ਓ ਬੀ ਸੀ) ਨੂੰ ਆਪਣੀ ਪਹਿਚਾਣ ਨਹੀਂ ਹੈ ਕਿਉਂ ਨਹੀਂ ਹੈ। ਇਸ ਸੁਆਲ ਦੀ ਚਰਚਾ ਅੱਜ ਦੇ ਸੰਵਿਧਾਨ ਪ੍ਰਸੰਗ 'ਚ ਬਹੁਤ ਮਹੱਤਵਪੂਰਨ ਹੈ। ਭਾਰਤ ਦਾ ਕੋਈ ਅਜਿਹਾ ਖੇਤਰ ਨਹੀਂ ਹੈ, ਜਿਥੇ ਅਛੂਤ ਵਰਗ ਨੇ ਆਪਣੀ ਹੋਂਦ ਦੀ ਉਸਾਰੀ ਨਾ ਕੀਤੀ ਹੋਵੇ। ਰਾਸ਼ਟਰਪਤੀ ਪ੍ਰਧਾਨ ਮੰਤਰੀ, ਮੁੱਖ ਮੰਤਰੀ, ਯੂਨੀਵਰਸਿਟੀਆਂ ਦੇ ਕੁਲਪਤੀ, ਪ੍ਰਸਾਸ਼ਨਿਕ ਕਮਿਸ਼ਨਰ, ਜ਼ਿਲਾ ਮੈਜਿਸ਼ਟਰੇਟ ਵਰਗੇ ਮਹੱਤਵਪੂਰਨ ਅਹੁਦਿਆਂ ਤੋਂ ਲੈ ਕੇ ਸਾਹਿਤ ਸਮਾਜਕ, ਸਭਿਆਚਾਰਕ, ਆਰਥਕ ਖੇਤਰ ਵਿਚ ਵੀ ਉਹਨਾਂ ਨੇ ਆਪਣੀ ਹੋਂਦ ਸਿੱਧ ਕੀਤੀ ਹੈ। ਭਾਰਤ ਦੇ ਦਲਿਤਾਂ ਨੇ

ਭਾਰਤ ਦੀ ਰਾਜਨੀਤੀ ਵਿਚ ਇਕ ਪ੍ਰਭਾਵਸ਼ੀਲ ਦਬਾ ਗੁੱਟ ਵਜੋਂ ਆਪਣੀ ਹੋਂਦ ਸਿੱਧ ਕੀਤੀ ਹੈ।

ਏਨਾ ਹੀ ਨਹੀਂ ਭਾਰਤੀ ਕਾਂਗਰਸ ਵਰਗੀਆਂ ਕੌਮੀ ਪਾਰਟੀਆਂ ਤੋਂ ਲੈ ਕੇ ਭਾਰਤੀ ਜਨਤਾ ਪਾਰਟੀ ਵਰਗੀਆਂ ਫਿਰਕੂ ਪਾਰਟੀਆਂ ਤੱਕ, ਖੇਤਰੀ ਰਾਜਸੀ ਪਾਰਟੀਆਂ ਤਕ ਸਭ ਨੂੰ ਦਲਿਤਾਂ ਦੇ ਦਬਾਅ ਗੁੱਟ ਦਾ ਸਹਾਰਾ ਲੈਣਾ ਪੈਂਦਾ ਹੈ। ਪਰ ਪਿਛੜਾ ਵਰਗ ਆਪਣੀ ਕੋਈ ਐਸੀ ਤਾਕਤ ਨਹੀਂ ਬਣਾ ਸਕਿਆ ਅਜਿਹਾ ਇਸ ਲਈ ਹੋਇਆ ਕਿ ਬ੍ਰਾਹਮਣੀ ਸਭਿਆਚਾਰ, ਸਭਿਅਤਾ ਤੇ ਵਿਵਸਥਾ ਦੀ ਗੁਲਾਮੀ ਤੋਂ ਉਹ ਖੁਦ ਨੂੰ ਅਜ਼ਾਦ ਨਹੀਂ ਕਰ ਸਕੇ ਅਤੇ ਉਹਨਾ ਦੀ ਆਪਣੀ ਜੋ ਖੇਤੀ ਸਭਿਆਚਾਰਕ, ਸਭਿਅਤਾ ਤੇ ਵਿਵਸਥਾ ਹੈ, ਉਸ ਦੀਆਂ ਜੋ ਮਨੁੱਖੀ ਕਦਰਾਂ ਕੀਮਤਾਂ ਹਨ, ਉਸ ਨੂੰ ਉਹ ਭੁੱਲ ਗਿਆ, ਜਿਹੜੀ ਕੌਮੀ ਆਪਣੇ ਸਭਿਆਚਾਰਕ ਵਿਰਸੇ ਨੂੰ ਗੁਆ ਬੈਠਦੀ ਹੈ, ਉਹ ਗੁਲਾਮੀ ਤੋਂ ਮੁਕਤ ਨਹੀਂ ਹੋ ਸਕਦੀ। ਇਥੇ ਇਹ ਸੁਆਲ ਪੁੱਛਿਆ ਜਾ ਸਕਦਾ ਹੈ ਕਿ ਪਿਛੜੇ ਵਰਗ ਨੂੰ ਅੰਬੇਦਕਰ ਵਰਗਾ ਕੋਈ ਆਗੂ ਨਹੀਂ ਮਿਲਿਆ? ਜ਼ਰੂਰ ਮਿਲਿਆ। ਛਤਰਪਤੀ ਸ਼ਿਵਾ ਜੀ ਮਹਾਰਾਜ ਤੋਂ ਲੈ ਕੇ ਰਾਜਾ ਮਾਤਾ ਜਿਜਾਊ, ਮਹਾਤਮਾ ਜੋਤੀਰਾਏ ਫੂਲੇ, ਸਵਿਤਰੀ ਬਾਈ ਫੂਲੇ, ਪੈਰੀਅਰ ਰਾਮਾਸੁਆਮੀ ਨਾਇਕਰ, ਬਿਰਸਾ, ਮੁੰਡਾ, ਰਾਜਸ੍ਰੀ ਸ਼ਾਹੂ ਜੀ ਮਹਾਰਾਜ, ਐਸ ਐਨ ਵਰਮਾ, ਡਾ. ਪੰਜਾਬ ਰਾਏ ਦੇਸ਼ਮੁਖ, ਆਰ ਐਲ ਚੰਦਾਪੁਰੀ, ਸਰਕਾਰ ਪਟੇਲ ਵਰਗੇ ਮਹਾਂਪੁਰਸ਼ ਪਿਛੜੇ ਵਰਗ ਤੋਂ ਹੀ ਆਏ ਸਨ। ਫਿਰ ਸੁਆਲ ਇਹ ਖੜ੍ਹਾ ਹੁੰਦਾ ਹੈ ਕਿ ਦਲਿਤਾਂ ਨੇ ਜਿਸ ਤਰ੍ਹਾਂ ਅੰਬੇਦਕਰ ਨੂੰ ਅਪਣਾਇਆ, ਉਸ ਤਰ੍ਹਾਂ ਪਿਛੜੇ ਵਰਗਾਂ ਨੇ ਆਪਣੇ ਮਹਾਂਪੁਰਸ਼ਾਂ ਨੂੰ ਕਿਉਂ ਨਹੀਂ ਅਪਣਾਇਆ? ਇਸ ਦਾ ਮੁੱਖ ਕਾਰਨ ਇਹ ਹੈ ਕਿ ਪਿਛੜੇ ਵਰਗ ਦੀ ਖੇਤਰੀ ਭਾਵਨਾ ਉਸ ਦੇ ਨਾਲ ਅਨਿਆ ਜੋ ਕਾਰਨ ਹੈ, ਉਸ 'ਚ ਭਾਸ਼ਾ ਦੀ ਸਮੱਸਿਆ ਰਹੀ ਹੈ। ਪਿਛੜੇ ਵਰਗ ਦੀ ਘੱਟ ਸੰਤੁਸ਼ਟਤਾ, ਜਥੇਬੰਦੀ ਦੀ ਘਾਟ 'ਤੇ ਆਪਣੀ ਗਲੀ 'ਚ ਕੁੱਤਾ ਸ਼ੇਰ' ਵਾਲਾ ਰੁਝਾਣ ਵੀ ਕਾਰਨ ਹੈ। ਡਾ. ਅੰਬੇਦਕਰ ਨੇ ਦਲਿਤਾਂ ਨੂੰ ਇਕੋ ਸੂਤਰ 'ਚ ਬੰਨਣ ਦਾ ਮਹੱਤਵਪੂਰਨ ਕੰਮ ਕੀਤਾ। ਉਸ ਲਈ ਉਹਨਾਂ ਨੇ ਕਠਿਨਾਈਆਂ ਸਹੀਆਂ, ਇਹ ਇਕ ਹੈਰਾਨੀ ਹੈ। ਉਹਨਾਂ ਦਾ ਕੀਤਾ ਅਧਿਐਨ, ਲਿਖਤਾਂ, ਭਾਸ਼ਣ, ਯਾਤਰਾਵਾਂ ਤੇ ਸਭ ਤੋਂ ਵੱਧ ਪ੍ਰਭਾਵੀ ਜੋ ਗੱਲ ਰਹੀ ਹੈ ਉਹ ਹੈ ਉਹਨਾਂ ਨੇ ਬ੍ਰਾਹਮਣਵਾਦੀ ਧਰਮ ਨੂੰ ਤਿਆਗ ਕੇ ਆਪਣਾ ਧਰਮ ਚਲਾਇਆ। ਦਲਿਤਾਂ ਨੂੰ ਪਹਿਚਾਣ ਦਿਵਾ ਦਿੱਤੀ। ਉਸ ਪਿੱਛੋਂ ਉਹਨਾਂ ਨੂੰ ਏਨੇ ਚੇਲੇ ਮਿਲੇ ਕਿ ਭਾਰਤ ਦੇ ਸਾਰੇ ਦਲਿਤਾਂ ਤਕ ਉਹ ਪਹੁੰਚ ਸਕੇ। ਆਤਮ ਸਨਮਾਨ ਕਿਸੇ ਮਨੁੱਖ ਲਈ ਸਭ ਤੋਂ ਮਹੱਤਵਪੂਰਨ ਹੁੰਦਾ ਹੈ। ਡਾ. ਅੰਬੇਦਕਰ ਨੇ ਦਲਿਤਾਂ ਦੇ ਆਤਮ ਸਨਮਾਨ ਨੂੰ ਜਗਾਇਆ। ਉਹਨਾਂ ਨੇ ਰੋਟੀ ਤੋਂ ਵੱਧ ਮਹੱਤਵ ਆਤਮ ਸਨਮਾਨ ਨੂੰ ਦਿੱਤਾ ਅਤੇ ਰੋਟੀ ਦਾ ਜ਼ਿਕਰ ਵੀ ਆਤਮ ਸਨਮਾਨ ਦੇ ਨਾਲ ਜੋੜਿਆ। ਅਸਲੀ ਡਾ. ਅੰਬੇਦਕਰ ਨੂੰ ਪਿਛੜਾ ਵਰਗ ਵੀ ਮੰਨ ਸਕਦਾ ਸੀ। ਫਿਰ ਅੰਬੇਦਕਰ ਨੂੰ ਅਪਣਾ ਕੇ ਪਿਛੜੇ ਵਰਗ ਨੇ ਆਪਣੀ ਪਹਿਚਾਣ ਕਿਉਂ ਨਹੀਂ ਬਣਾਈ। ਡਾ. ਅੰਬੇਦਕਰ ਪੂਰੀ ਤਾਕਤ ਨਾਲ ਬ੍ਰਾਹਮਣਵਾਦ ਦਾ ਵਿਰੋਧ ਕਰਦੇ ਸਨ। ਉਹਨਾਂ ਨੇ ਬ੍ਰਾਹਮਣੀ ਧਰਮ, ਉਹਨਾਂ ਦੀ ਵਿਵਸਥਾ ਉਹਨਾ ਦੇ ਸਭਿਆਚਾਰ ਨੇ ਸਬੂਤਾਂ ਸਮੇਤ ਲਲਕਾਰਿਆ ਸੀ। ਸਮਾਜ ਤੇ ਸਭਿਆਚਾਰਕ ਲੁੱਟ ਵਿਰੁੱਧ ਜੰਗ ਛੇੜ ਦਿੱਤੀ ਸੀ ਜਦ ਬ੍ਰਾਹਮਣਾਂ ਨੇ ਡਾ. ਅੰਬੇਦਕਰ ਵਿਰੁੱਧ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਉਹ ਦਲਿਤ ਹਨ, ਦਲਿਤਾਂ ਦੇ ਨੇਤਾ ਹਨ, ਦਲਿਤਾਂ ਲਈ ਸਭ ਕੁਝ ਕਰਦੇ ਹਨ, ਦਲਿਤਾਂ ਲਈ ਹੀ ਸੰਵਿਧਾਨ ਬਣਾਇਆ

ਤੇ ਸੰਵਿਧਾਨ 'ਚ ਸਾਰੇ ਪ੍ਰਾਵਧਾਨ ਦਲਿਤਾਂ ਲਈ ਹੀ ਕੀਤੇ ਆਦਿ ਪਿਛੜਿਆ ਵਰਗ ਸਮਾਜਕ ਸਭਿਆਚਾਰਕ ਪ੍ਰਸੰਗ 'ਚ ਦਲਿਤ ਤੋਂ ਵੱਧ ਲੁੱਟ ਘਸੁੱਟ ਦਾ ਸ਼ਿਕਾਰ ਨਹੀਂ ਸੀ ਦਲਿਤਾਂ 'ਤੇ ਅਨਿਆ ਅਤਿਆਚਾਰ ਦਾ ਉਹ ਸੰਦ ਸੀ ਪਰ ਗਿਆਨ ਪੱਖੋਂ ਖਾਲੀ ਸੀ। ਬ੍ਰਾਹਮਣਾਂ ਤੇ ਨਿਰਭਰ ਸੀ ਇਸ ਲਈ ਉਹਨਾਂ ਨੇ ਅੰਬੇਦਕਰ ਨੂੰ ਦਲਿਤਾਂ ਦਾ ਹੀ ਨੇਤਾ ਮੰਨ ਕੇ ਮੰਜੂਰ ਕਰਨ ਤੋਂ ਇਨਕਾਰ ਕਰ ਦਿੱਤਾ। ਏਨਾ ਹੀ ਨਹੀਂ ਡਾ. ਅੰਬੇਦਕਰ ਨੇ ਜਦ ਹਿੰਦੂ ਧਰਮ ਦਾ ਤਿਆਗ ਕਰਕੇ ਬੌਧ ਧਰਮ ਅਪਣਾਇਆ ਤਾਂ ਪਿਛੜੇ ਵਰਗ ਨੇ ਇਸ ਨੂੰ ਦਿੱਲੀ ਦਾ ਧਰਮ ਕਹਿ ਕੇ ਮੰਨਣ ਤੋਂ ਇਨਕਾਰ ਕਰ ਦਿੱਤਾ। ਮੰਡਲ ਕਮਿਸ਼ਨ ਆਉਣ ਪਿੱਛੋਂ ਲੋਕ ਜਾਗ੍ਰਿਤ ਹੋਏ। ਉਸ ਕਾਰਨ ਪਿਛੜੇ ਵਰਗ ਨੇ ਡਾ. ਅੰਬੇਦਕਰ ਸਮੇਤ ਆਪਣੇ ਸਾਰੇ ਮਹਾਂਪੁਰਸ਼ਾਂ ਦਾ ਪਤਾ ਲੱਗਿਆ ਹੁਣ ਪਿਛੜਿਆ ਵਰਗ ਹੌਲੀ ਹੌਲੀ ਆਪਣੀ ਪਹਿਚਾਣ ਬਣਾਉਣ ਲੱਗਿਆ ਹੈ ਕਿ ਉਹਨਾਂ ਨੇ ਮੌਕਾਪ੍ਰਸਤ ਰਾਜਸੀ ਨੇਤਾ ਉਹਨਾਂ ਨੂੰ ਗੁਮਰਾਹ ਕਰਦੇ ਹਨ। ਪਿਛੜਿਆ ਵਰਗ ਆਪਣੇ ਸਮਾਜਕ ਚਿੰਤਕਾਂ ਨੂੰ ਅਜੇ ਵੀ ਮਾਨਤਾ ਨਹੀਂ ਦਿੰਦਾ। ਉਹ ਅੱਜ ਵੀ ਇਹ ਗੰਭੀਰਤਾ ਨਾਲ ਨਹੀਂ ਲੈਂਦੇ ਕਿ ਵਿਚਾਰਧਾਰਾ ਤਬਦੀਲੀ ਬਿਨਾ ਕੋਈ ਤਬਦੀਲੀ ਸੰਭਵ ਨਹੀਂ ਹੈ। ਉਸ ਦੀ ਇਸ ਸਮਾਜਕ ਮਾਨਸਿਕਤਾ ਦਾ ਗਲਤ ਫਾਇਦਾ ਉਸ ਦੇ ਰਾਜਸੀ ਨੇਤਾ ਉਠਾ ਰਹੇ ਹਨ। ਬ੍ਰਾਹਮਣਵਾਦੀ ਤੇ ਪੂੰਜੀਵਾਦੀ ਵਿਚਾਰਧਾਰਾ ਨਾਲ ਪਿਛੜੇ ਵਰਗ ਦਾ ਕੋਈ ਫਾਇਦਾ ਨਹੀਂ ਹੋ ਸਕਦਾ। ਇਹ ਗੱਲ ਪਿਛੜੇ ਵਰਗ ਦੇ ਰਾਜਸੀ ਨੇਤਾ ਵੀ ਜਾਣਦੇ ਹਨ ਪਰ ਉਹ ਸੱਤਾ ਲੋਭੀ ਬਣੇ ਹੋਏ ਹਨ। ਇਸ ਲਈ ਵੋਟਰ ਪਿਛੜੇ ਵਰਗ ਨੂੰ ਬ੍ਰਾਹਮਣਵਾਦੀ ਤੇ ਪੂੰਜੀਵਾਦੀ ਰਾਜਸੀ ਪਾਰਟੀਆਂ ਦੇ ਲਈ ਬਲੀ ਚੜ੍ਹਾ ਦਿੰਦੇ ਹਨ। ਇਸ ਲਈ ਪਿਛੜਿਆਂ ਵਰਗ ਆਪਣੀ ਪਹਿਚਾਣ ਨਹੀਂ ਬਣਾ ਸਕਿਆ। ਪਿਛੜਾ ਵਰਗ ਇਹ ਨਹੀਂ ਸਮਝਦਾ ਕਿ ਰਾਜਸੀ ਪਹਿਚਾਣ ਤੋਂ ਵੱਧ ਮਹੱਤਵਪੂਰਨ ਸਮਾਜਕ ਤੇ ਸਭਿਆਚਾਰਕ ਪਹਿਚਾਣ ਪਿਛੜੇ ਵਰਗ ਦੀ ਆਪਣੀ ਪਹਿਚਾਣ ਨਹੀਂ ਹੈ। ਕੀ ਪਿਛੜਿਆ ਵਰਗ ਸਮਾਜ ਬਣਿਆ।

ਭਾਰਤ ਇਕੀਵੀਂ ਸਦੀ 'ਚ ਦਾਖਲ ਹੋਇਆ। ਸਾਰਾ ਸੰਸਾਰ ਇਕ ਪਿੰਡ ਵਾਂਗੂੰ ਬਣ ਰਿਹਾ ਹੈ। ਵਿਗਿਆਨ-ਤੰਤਰ ਗਿਆਨ ਦੀ ਤਰੱਕੀ ਚਰਮ ਸੀਮਾ 'ਤੇ ਪੁੱਜ ਚੁੱਕੀ ਹੈ। ਹਜ਼ਾਰਾਂ ਸਾਲਾਂ ਤੋਂ ਬ੍ਰਾਹਮਣ ਸਮਾਜ ਬਣਾ ਕੇ ਰਹਿੰਦਾ ਹੈ। ਡਾ. ਅੰਬੇਦਕਰ ਨਾਂ ਦਾ ਸਾਸ਼ਤਰ ਮਿਲਦਿਆਂ ਹੀ ਦਲਿਤ ਵੀ ਸਮਾਜ ਬਣ ਚੁੱਕਿਆ ਪਰ ਪਿਛੜਿਆਂ ਵਰਗ ਅਜੇ ਵੀ ਸਮਾਜ ਨਹੀਂ ਬਣ ਸਕਿਆ। ਕਿਉਂ? ਇਸ ਦਾ ਜੁਆਬ ਹਾਸਲ ਕਰਨ ਤੋਂ ਪਹਿਲਾਂ ਸਾਨੂੰ ਸਮਾਜ ਕੀ ਹੁੰਦਾ ਹੈ? ਕਿਵੇਂ ਬਣਦਾ ਹੈ? ਇਹਨਾਂ ਸੁਆਲਾਂ ਨੂੰ ਪਰਖਣਾਂ ਹੋਵੇਗਾ। ਸਮਾਜ, ਮਨੁੱਖ ਨਾਲ ਬਣਦਾ ਹੈ (ਪਸ਼ੂ ਪੰਛੀਆਂ ਦਾ ਸਮਾਜ ਨਹੀਂ ਹੁੰਦਾ) ਸਮਾਜ ਬਨਣ 'ਤੇ ਉਸ ਦਾ ਹਰ ਮੈਂਬਰ ਇਕ ਦੂਜੇ ਦੀ ਸਫਲਤਾ-ਅਸਫਲਤਾ ਨੂੰ, ਦੁੱਖ ਸੁੱਖ ਨੂੰ, ਸਭਿਆਵਾਂ ਦੇ ਹੱਲ ਨੂੰ ਅਤੇ ਵਿਕਾਸ ਦਾ ਜ਼ਿੰਮੇਵਾਰ ਹੁੰਦਾ ਹੈ। ਇਹ ਭਾਵਨਾ ਜਦ ਤਕ ਸੰਗਠਿਤ ਨਹੀਂ ਹੁੰਦੀ ਤਦ ਤਕ ਉਹ ਸਮੂਹ ਵਜੋਂ ਹੀ ਰਹਿੰਦਾ ਹੈ। ਸਮੂਹ ਦਾ ਰੂਪ ਛੋਟਾ ਹੁੰਦਾ ਹੈ ਜਿਸ ਨੂੰ ਟੋਲੀ, ਪੜਾਅ, ਜਾਤ, ਉਪਜਾਤ ਆਦਿ ਨਾਵਾਂ ਨਾਲ ਪਹਿਚਾਣਿਆ ਜਾਂਦਾ ਹੈ। ਅਨੇਕਾਂ ਸਮੂਹ ਜਦ ਸਾਂਝੇ ਹਿੱਤਾਂ ਨੂੰ, ਯਤਨਾਂ ਨੂੰ ਅਤੇ ਉਦੇਸ਼ਾਂ ਨੂੰ ਸਾਹਮਣੇ ਰੱਖ ਕੇ ਜਥੇਬੰਦ ਹੁੰਦੇ ਹਨ ਤਦ ਹੀ ਸਮਾਜ ਬਣਦਾ ਹੈ। ਪਿਛੜਾ ਵਰਗ ਅਜੇ ਵੀ ਸਮੂਹ ਹੀ ਹੈ। ਉਹ ਸਮਾਜ ਨਹੀਂ ਬਣ ਸਕਿਆ। ਭਾਰਤ 'ਚ ਸਮਾਜ ਦਾ ਰੂਪ ਬੀਤੇ ਹਜ਼ਾਰਾਂ ਸਾਲਾਂ ਤੋਂ ਬ੍ਰਾਹਮਣਾਂ ਨੇ ਧਾਰਨ ਕੀਤਾ ਹੈ ਤੇ

ਹੁਣ ਦਲਿਤਾਂ ਨੇ। ਬ੍ਰਾਹਮਣਾਂ ਦੇ ਹਿੱਤਾਂ ਦੀ ਜਾਂ ਨੁਕਸਾਨ ਦੀ ਗੱਲ ਹੁੰਦੀ ਹੈ ਤਾਂ ਦੇਸ਼ ਦੇ ਸਾਰੇ ਬ੍ਰਾਹਮਣ, ਕੌਮੀ ਸਵਿੰਮ ਸੇਵਕ ਤੇ ਉਹਨਾਂ ਦੀਆਂ ਉਪ ਸ਼ਾਖਾਵਾਂ ਦੇ ਝੰਡੇ ਹੇਠ ਇਕੱਠੇ ਹੋ ਜਾਂਦੇ ਹਨ। ਉਹ ਅੱਜ ਵੀ ਭਾਰਤੀ ਸੰਵਿਧਾਨ ਦਾ ਵਿਰੋਧ ਕਰਦੇ ਹਨ ਕਿਉਂਕਿ 26 ਜਨਵਰੀ 1950 ਦੀ ਰਾਤ ਦੇ 12 ਵਜੇ ਤਕ ਧਰਮ ਦੇ ਨਾਂ ਹੇਠ ਉਹਨਾਂ ਨੂੰ ਜੋ ਲਾਭ ਜਾਂ ਸਹੂਲਤਾਂ ਮਿਲਦੀਆਂ ਸਨ, ਉਹ 26 ਜਨਵਰੀ 1950 ਦੀ ਸਵੇਰ ਨੂੰ ਖਤਮ ਹੋਈਆਂ। ਉਦੋਂ ਇਸ ਦੇਸ਼ ਨੇ ਖੁਦ ਦੇ ਪ੍ਰਤੀ 'ਭਾਰਤੀ ਸੰਵਿਧਾਨ' ਨੂੰ ਮੰਜੂਰ ਕੀਤਾ ਸੀ। ਜੋ ਸੰਵਿਧਾਨ ਮੂਹਰੇ ਸਾਰੇ ਬਰਾਬਰ ਸਨ ਵਰਣ ਵਿਵਸਥਾ ਅਨੁਸਾਰ ਉਤਮ ਦੀ ਵਿਵਸਥਾ ਉਸ ਸਮੇਂ ਨਹੀਂ ਸੀ। ਬ੍ਰਾਹਮਣਾਂ ਨੇ ਜਦ ਵੇਖਿਆ ਕਿ ਆਜ਼ਾਦੀ ਪਿੱਛੋਂ ਭਾਰਤ ਨੇ ਜਿਸ ਸੰਵਿਧਾਨ ਤੇ ਲੋਕ ਰਾਜੀ ਵਿਵਸਥਾ ਨੂੰ ਅਪਣਾਇਆ ਹੈ, ਉਸ ਵਿਵਸਥਾ 'ਚ ਬ੍ਰਾਹਮਣ ਕਹਿ ਕੇ ਚੁਣ ਕੇ ਨਹੀਂ ਆ ਸਕਦੇ। ਹਕੂਮਤ 'ਚ ਨਹੀਂ ਜਾ ਸਕਦੇ। ਤਦ ਉਹਨਾਂ ਨੇ ਹਿੰਦੂ ਏਕਤਾ ਦਾ ਨਾਹਰਾ ਲਾਇਆ। ਰਾਜਨੀਤੀ ਰਾਹੀਂ ਸੱਤਾ ਲਾਭ ਲਈ ਹਿੰਦੂ ਏਕਤਾ ਦਾ ਨਾਹਰਾ ਤੇ ਸਮਾਜਕ-ਸਭਿਆਚਾਰਕ ਲਾਭ ਤੇ ਬਰਾਬਰਤਾ ਦੀ ਗੱਲ ਆਉਂਦੀ ਹੈ ਤਦ ਰਾਖਵੇਂਕਰਨ ਦਾ ਵਿਰੋਧ ਮੁਲਸਮਾਨਾਂ ਪ੍ਰਤੀ ਨਫਰਤ ਦਾ ਪ੍ਰਸਾਰ ਪ੍ਰਚਾਰ, ਅੰਨ੍ਹੀ ਸ਼ਰਧਾ ਬੁਵਾ ਬਾਜ਼ੀ ਈਸ਼ਵਰਵਾਦ ਨੂੰ ਹੱਲਾਸ਼ੇਰੀ ਦਿੱਤੀ ਜਾਂਦੀ ਹੈ। ਇਹ ਉਹਨਾਂ ਦੇ ਸਮਾਜ ਹੋਣਾ ਦੇ ਸਬੂਤ ਹਨ। ਇਸ ਤਰ੍ਹਾਂ ਦਲਿਤ ਵੀ ਸਮਾਜ ਬਣ ਚੁੱਕੇ ਹਨ। ਭਾਰਤ 'ਚ ਜਦ ਵੀ ਕਿਸੇ ਕੋਨੇ ਦੇ ਦਲਿਤ ਇਕੋ ਆਵਾਜ਼ 'ਚ ਆਪਣੀ ਰਾਖੀ ਦੀ ਆਵਾਜ਼ ਬੁਲੰਦ ਕਰਦੇ ਹਨ। ਨਾਗਪੁਰ ਦੀ ਦੀਕਸ਼ਾਭੂਮੀ ਦੇ ਕੋਨੇ-ਕੋਨੇ ਤੋਂ ਆਉਣ ਵਾਲੇ ਲੱਖਾਂ ਦਲਿਤਾਂ ਨਾਲ ਭਰ ਜਾਂਦੀ ਹੈ। ਸੰਵਿਧਾਨ ਸਮੀਖਿਆ ਦੀ ਗੱਲ ਚੱਲਣ 'ਤੇ ਸੰਸਦ ਦੇ ਸਭ ਦਲਿਤ ਜਥੇਬੰਦ ਹੋ ਕੇ ਰਾਸ਼ਟਰਪਤੀ ਪਾਸ ਪੁੱਜਦੇ ਹਨ ਅਤੇ ਦਰਬਾਨ 'ਚ ਭਾਰਤ ਦੇ ਸਭ ਦਲਿਤਾਂ ਦੀਆਂ ਸਮੱਸਿਆਵਾਂ ਨੂੰ ਇਕ ਆਵਾਜ਼ 'ਚ ਬੁਲੰਦ ਕੀਤਾ ਜਾਂਦਾ ਹੈ ਕਿਉਂਕਿ ਉਹ ਸਮਾਜ ਬਣ ਗਏ ਹਨ। ਸਮਾਜ ਉਸਾਰੀ ਦੇ ਤੱਤਾਂ ਦੇ ਪ੍ਰਸੰਗ 'ਚ ਪਿਛੜੇ ਵਰਗ ਦਾ ਵਿਚਾਰ ਕੀਤਾ ਜਾਂਦਾ ਹੈ ਤਾਂ ਉਹ ਅੱਜ ਵੀ ਗਰੁੱਪ (ਟੋਟਿਆਂ) 'ਚ ਵੰਡਿਆ ਹੋਇਆ ਹੈ। ਇਸ ਲਈ ਮਹਾਂਰਾਸ਼ਟਰ ਦਾ ਕੁਣਬੀ (ਕੁਰਮੀ) ਕਿਸਾਨ ਆਤਮ-ਹੱਤਿਆ ਕਰਦਾ ਹੈ ਤਾਂ ਉਤਰ ਪੱਛਮੀ ਭਾਰਤ ਦੇ ਕੁਣਬੀ ਕਿਸਾਨ 'ਚ ਕਿਸੇ ਵੀ ਕਿਸਮ ਦੀ ਪ੍ਰਤੀਕ੍ਰਿਆ ਨਹੀਂ ਹੁੰਦੀ। ਦੱਖਣੀ ਭਾਰਤ ਦੇ ਮਾਲੀ, ਸੈਨੀ ਨੂੰ ਉਤਰ ਭਾਰਤ ਦੇ ਮਾਲੀ, ਸੈਨੀ ਦੀਆਂ ਦੁੱਖਾਂ-ਸੁੱਖਾਂ ਨਾਲ ਕੋਈ ਵਾਹਵਾਸਤਾ ਨਹੀਂ ਰੱਖਦੇ। ਇਥੋਂ ਤਕ ਕਿ ਸਭਿਆਚਾਰਕ ਸਮਾਜ ਤੌਰ 'ਤੇ ਇਕ ਹੋਣ ਤੋਂ ਪਿੱਛੋਂ ਵੀ ਦੇਸ਼ ਦੇ ਕਿਸੇ ਹਿੱਸੇ ਦੇ ਕਿਸੇ ਵੀ ਪਿਛੜੀ ਜਾਤੀ ਨੂੰ ਇਕ ਦੂਜੇ ਨਾਲ ਕੋਈ ਵਾਹ ਵਾਸਤਾ ਨਹੀਂ ਹੈ। ਇਸ ਦਾ ਗਲਤ ਫਾਇਦਾ ਉਠਾ ਕੇ ਬ੍ਰਾਹਮਣਵਾਦੀ ਤੇ ਪੂੰਜੀਵਾਦੀ ਸਾਮਰਾਜੀ ਪ੍ਰਣਾਲੀ ਇਕ ਪਾਸੇ ਦਲਿਤਾਂ ਨੂੰ ਗਲੇ ਲਾ ਰਹੀ ਹੈ ਅਤੇ ਦੂਜੇ ਪਾਸੇ ਪਿਛੜੀ ਜਾਤੀ ਨੂੰ ਕਰਮ ਕਾਂਡ, ਅੰਨ੍ਹੀ ਸ਼ਰਧਾ, ਨਵੀਂ ਆਰਥਕ ਨੀਤੀ, ਧਾਰਮਕ ਅਜ਼ਾਦੀ ਦਾ ਸੰਕੋਚ, ਖਪਤ ਸਭਿਆਚਾਰ ਨੂੰ ਹੱਲਾਸ਼ੇਰੀ ਤੇ ਮੁਸਲਿਮ ਕ੍ਰਿਸ਼ਚਨਾ ਦੇ ਵਿਰੋਧ 'ਚ ਨਫਰਤ ਦੀ ਭਾਵਨਾ ਦਾ ਪ੍ਰਚਾਰ ਪ੍ਰਸਾਰ ਆਦਿ ਦੀ ਵਰਤੋਂ ਕਰਕੇ ਪਿਛੜਾ ਵਰਗ ਨੂੰ ਵਿਕਾਸ ਤੋਂ ਵਾਂਝਿਆ ਰੱਖ ਰਹੀ ਹੈ। ਸਮਾਜ ਦੀ ਧਾਰਨ ਸਹੀ ਨਾ ਹੋਣ ਕਰਕੇ ਪਿਛੜਾ ਵਰਗ ਇਹ ਨਹੀਂ ਸਮਝ ਸਕਿਆ ਹੈ ਬ੍ਰਾਹਮਣਾਂ, ਦਲਿਤਾਂ ਤੋਂ ਇਲਾਵਾ ਇਕ ਹੋਰ ਵਰਗ ਬੁਰੀ ਤਰ੍ਹਾਂ ਨਾਲ ਸਮਾਜ ਬਣਿਆ ਹੈ। ਉਹ ਹੈ ਦਹਿਸ਼ਤਗਰਦ ਤੇ ਵਪਾਰੀ। ਅੱਤਵਾਦੀ ਆਪਣੇ ਨਫੇ ਨੁਕਸਾਨ ਲਈ ਇਕ ਦੂਜੇ ਦਾ ਪੂਰੀ ਤਰ੍ਹਾਂ ਸਾਥ

ਦਿੰਦੇ ਹਨ ਅਤੇ ਵਪਾਰੀ ਵੀ ਆਪਣੇ ਨਫੇ ਨੁਕਸਾਨ ਲਈ ਆਪਣੀ ਇਕਮੁੱਠ ਤਾਕਤ ਦੀ ਵਰਤੋਂ ਕਰਦੇ ਹਨ। ਰਾਜਸੀ ਨੇਤਾਵਾਂ ਦਾ ਵੀ ਸਮਾਜ ਬਣ ਚੁੱਕਿਆ ਹੈ। ਜੋ ਸੰਸਦ ਤੇ ਵਿਧਾਨ ਸਭਾਵਾਂ 'ਚ ਇਕ ਦੂਜੇ ਦਾ ਵਿਰੋਧ ਕਰਦੇ ਹਨ ਅਤੇ ਨਫੇ ਨੁਕਸਾਨ ਦੀ ਗੱਲ ਆਉਣ 'ਤੇ ਬੰਦ ਕਮਰੇ 'ਚ ਬੈਠ ਕੇ ਸਾਂਝ ਪਾਉਂਦੇ ਹਨ। ਮਿਲੀ ਭੁਗਤ ਦੇ ਉਹ ਮਾਹਰ ਹੋ ਚੁੱਕੇ ਹਨ।

ਪਿਛੜੇ ਵਰਗ ਦਾ ਸਮਾਜ ਮਨੋ-ਵਿਗਿਆਨ ਹੈ ਕੀ? ਪਿਛੜਾ ਵਰਗ ਮੁਖ ਤੌਰ 'ਤੇ ਖੇਤੀ ਪ੍ਰਣਾਲੀ ਤੇ ਉਸ ਪ੍ਰਣਾਲੀ ਨਾਲ ਜੁੜੇ ਕਾਰੋਬਾਰਾਂ ਨਾਲ ਸਬੰਧ ਰੱਖਦਾ ਹੈ। ਉਸ ਦਾ ਸਭਿਆਚਾਰ ਤੇ ਸਭਿਅਤਾ ਵੀ ਖੇਤੀ ਪ੍ਰਣਾਲੀ ਤੋਂ ਹੀ ਵਿਕਸਤ ਹੋਈ ਹੈ। ਬੌਧਿਕ ਤੌਰ 'ਤੇ ਜੇ ਵਿਚਾਰ ਕਰੀਏ ਤਾਂ ਪਿਛੜਾ ਵਰਗ ਨੈਸਰਗਿਕ ਸਮਰਥਾ ਤੋਂ ਬੁੱਧੀਮਾਨ ਹੈ। ਇਕ ਬੀਜ਼ ਤੋਂ ਹਜ਼ਾਰਾਂ ਬੀਜ਼ਾਂ ਦੀ ਪੈਦਾਵਾਰ ਅਤੇ ਅਨਾਜ ਉਤਪਾਦਨ ਕਿਵੇਂ ਕਰਨਾ ਹੈ ਕਪਾਹ ਤੋਂ ਧਾਗਾ ਤੇ ਧਾਗੇ ਤੋਂ ਕਪੜਾ ਕਿਵੇਂ ਬਣਾਉਣਾ ਹੈ। ਮਿੱਟੀ ਤੋਂ ਇੱਟਾਂ ਤੇ ਇੱਟਾਂ ਤੋਂ ਮਕਾਨ ਬਣਾਉਣਾ, ਚਮੜੇ ਤੋਂ ਜੁੱਤੇ, ਬੈਗ ਆਦਿ ਬਣਾਉਣੇ ਅਤੇ ਮਾਨਵੀ ਸਮਾਜ ਦੀ ਮਿਹਨਤ ਮੁਸ਼ੱਕਤ ਤੇ ਸਿਹਤ ਬਣਾਈ ਰੱਖਣ ਲਈ ਸਾਫ ਸਫਾਈ ਕਿਵੇਂ ਕਰਨੀ ਹੈ ਆਦਿ ਸਾਰੀਆਂ ਕਲਾਵਾਂ ਇਸ ਨੂੰ ਆਉਂਦੀਆਂ ਹਨ। ਭਾਵ ਸਭ ਪ੍ਰਕਾਰ ਦੀ ਰਚਨਾਤਮਕ ਬੁੱਧੀਮਤਾ ਪਿਛੜੇ ਵਰਗ ਦੇ ਹੀ ਪਾਸ ਹੈ। ਵੈਦਿਕ ਬ੍ਰਾਹਮਣਾਂ ਨੇ ਪਿਛੜੇ ਵਰਗ ਦੀ ਅਕਲਮੰਦੀ (ਬੁੱਧੀਮਤਾ) ਨੂੰ ਅੱਛੀ ਤਰ੍ਹਾਂ ਪਹਿਚਾਣਿਆ ਸੀ। ਇਸ ਲਈ ਵੈਦਿਕ ਬ੍ਰਾਹਮਣਾਂ ਨੇ ਧਰਮਗ੍ਰੰਥਾਂ ਦੇ ਨਾਂ ਦੀ ਫਿਲਾਸਫੀ ਘੜ ਕੇ ਪਿਛੜੇ ਵਰਗ ਨੂੰ ਗਿਆਨ-ਵਿਗਿਆਨ ਤੋਂ ਵਾਂਝੇ ਰੱਖਿਆ ਸੀ। ਪਿਛੜੇ ਵਰਗ ਨੂੰ ਗਿਆਨ ਵਿਹੂਣੇ ਰੱਖਣ ਦੀ ਬ੍ਰਾਹਮਣਵਾਦੀ ਪ੍ਰਣਾਲੀ ਦੀ ਸਾਜ਼ਿਸ਼ ਇਸ ਲਈ ਰਚੀ ਸੀ ਕਿ ਉਸ ਵਿਚ ਉਹਨਾਂ ਦੀ ਜਾਤੀ (ਵਰਣ) ਉਚਤਾ ਦੀ ਭਾਵਨਾ ਸੀ ਜਿਸ ਨੂੰ ਉਹ ਹਰ ਹੀਲੇ ਕਾਇਮ ਰੱਖਣਾ ਚਾਹੁੰਦੇ ਸਨ। ਜੇ ਪਿਛਲੇ ਵਰਗ ਨੂੰ ਗਿਆਨ ਵਿਹੂਣਾ ਨਾ ਕੀਤਾ ਜਾਂਦਾ ਤਾਂ ਗਿਆਨ ਖੇਤਰ ਵੀ ਪਿਛੜੇ ਵਰਗ ਕੋਲ ਰਹਿੰਦਾ ਤੇ ਬ੍ਰਾਹਮਣਾਂ ਦਾ ਮਹੱਤਵ ਕਦੀ ਵੀ ਨਾ ਵਧਦਾ। ਹਜ਼ਾਰਾਂ ਸਾਲ ਗਿਆਨ ਵਿਹੂਣੇ ਰਹਿਣ ਕਰਕੇ ਪਿਛਲੇ ਵਰਗ ਦੀ ਸਮਾਜਕ ਮਾਨਸਿਕਤਾ ਬ੍ਰਾਹਮਣੀ ਗੁਲਾਮ ਗਿਰੀ ਨੂੰ ਮੰਨਣ ਵਾਲੀ ਬਣ ਗਈ। ਬੌਧਿਕ ਖੇਤਰ 'ਚ ਬ੍ਰਾਹਮਣਾਂ ਤੋਂ ਇਲਾਵਾ ਕੋਈ ਹੋਰ ਉਚਾ ਹੋ ਸਕਦਾ ਹੈ, ਇਸ 'ਤੇ ਉਹਨਾਂ ਦਾ ਵਿਸਵਾਸ਼ ਨਹੀਂ ਹੁੰਦਾ। ਇਸ ਲਈ ਉਹਨਾਂ ਦੀ ਮਾਨਸਿਕਤਾ ਕੁਝ ਐਸੀ ਬਣੀ ਕਿ ਉਹ ਪਿਛੜੇ ਵਰਗਾਂ 'ਚ ਪੈਦਾ ਹੋਏ ਮਹਾਂਪੁਰਸ਼ਾ ਦੇ ਵਿਚਾਰ ਅਮਲੀ ਰੂਪ 'ਚ ਅਪਣਾਉਂਦਾ ਨਹੀਂ। ਹੈਰਾਨੀ ਦੀ ਗੱਲ ਹੈ ਕਿ ਪਿਛੜੇ ਵਰਗ 'ਚ ਸਿਖਿਆ ਉਚ ਸਿਖਿਆ ਲੈਣ ਤੋਂ ਬਾਅਦ ਵੀ ਲੋਕ ਬ੍ਰਾਹਮਣੀ ਗੁਲਾਮਗਿਰੀ ਨੂੰ ਤਿਆਗ ਨਹੀਂ ਸਕਦੇ। ਜਿਵੇਂ ਕਿ ਕਿਸੇ ਪੀ ਐਚ ਡੀ ਪੜੇ ਪਿਛੜੇ ਵਰਗ ਦੇ ਉਚ ਸਿਖਿਆ ਹਾਸਲ ਵਿਅਕਤੀ ਦੇ ਘਰ ਬੱਚਾ ਪੈਦਾ ਹੁੰਦਾ ਹੈ ਤਾਂ ਉਸ ਦਾ ਨਾਂ ਰੱਖਣ ਲਈ ਅੱਜ ਵੀ ਬ੍ਰਾਹਮਣ ਕੋਲ ਜਾਂਦਾ ਹੈ। ਭਾਵ ਪੀ ਐਚ ਡੀ ਏਨੀ ਸਿਖਿਆ ਹਾਸਲ ਕਰਨ ਤੋਂ ਬਾਅਦ ਵੀ ਉਹ ਆਪਣੇ ਬੱਚੇ ਦਾ ਨਾਂ ਖੁਦ ਰੱਖਣ ਦੀ ਮਾਨਸਿਕ ਸਥਿਤੀ ਵਿਚ ਨਹੀਂ ਹੈ। ਪੱਥਰ, ਧਾਤੂ, ਕਾਗਜ਼ 'ਚ ਰੱਬ ਦਾ ਵਾਸਾ ਹੋ ਹੀ ਨਹੀਂ ਸਕਦਾ। ਪਿਛੜੇ ਵਰਗਾਂ ਦੇ ਮਹਾਨ ਸਮਾਜ ਸੁਧਾਰਕ ਕਬੀਰ ਤੁਕਾਰਾਮ ਆਦਿ ਦੇ ਕਹਿਣ ਪਿੱਛੋਂ ਵੀ ਪਿਛੜਾ ਵਰਗ ਮੰਨਣ ਨੂੰ ਤਿਆਰ ਨਹੀਂ ਹੈ। ਉਹ ਬ੍ਰਾਹਮਣਾਂ ਦੇ ਇਸ਼ਾਰੇ 'ਤੇ ਪੱਥਰ ਦੇ ਮੰਦਰ ਬਣਾਉਣ ਲਈ ਅੱਜ ਵੀ ਬਰਬਾਦ ਹੋ ਰਿਹਾ ਹੈ। ਗੰਦਾ ਪਾਣੀ ਸਿਹਤ ਲਈ

ਹਾਨੀ ਕਾਰਕ ਹੁੰਦਾ ਹੈ, ਇਹ ਡਾਕਟਰ ਵਿਗਿਆਨੀ ਕਿੰਨਾ ਵੀ ਕਹਿੰਦੇ ਰਹਿਣ ਪੀ ਐਚ ਡੀ ਪੜਿਆ ਵਰਗ ਦਾ ਆਦਮੀ ਵੀ ਕੁੰਭ ਦੇ ਮੇਲੇ 'ਚ ਜਾ ਕੇ ਗੰਦੇ ਪਾਣੀ 'ਚ ਡੁਬਕੀ ਜ਼ਰੂਰ ਲਾਉਂਦਾ ਹੈ ਤੇ ਪਾਪ ਮੁਕਤ ਹੋਣ ਦੀਆਂ ਤਰਕਹੀਣ ਬ੍ਰਾਹਮਣੀ ਗੱਲਾਂ 'ਤੇ ਵਿਸ਼ਵਾਸ਼ ਕਰਦਾ ਹੈ। ਉਪਨਯਨ ਸੰਸਕਾਰ ਕੀਤੇ ਬਿਨਾਂ ਹਿੰਦੂ ਹੋ ਹੀ ਨਹੀਂ ਸਕਦਾ ਤੇ ਪਿਛੜੇ ਵਰਗ ਨੂੰ ਉਪਯਤਨ ਸੰਸਕਾਰ ਕਰ ਲੈਣ ਦਾ ਅਧਿਕਾਰ ਵੀ ਨਹੀਂ ਹੈ। ਇਹ ਗੱਲ ਹਿੰਦ ਧਰਮ ਦੇ ਗ੍ਰੰਥਾਂ 'ਚ ਸਪਸ਼ਟ ਤੌਰ 'ਤੇ ਲਿਖੀ ਹੋਈ ਹੈ। ਫਿਰ ਵੀ ਧਿਆਨ ਗਿਆਨ ਪ੍ਰਤੀ ਅਗਿਆਨੀ ਪਿਛੜਾ ਵਰਗ ਦੇ ਮੈਂਬਰ ਹਿੰਦ ਧਰਮ ਨੂੰ ਹੀ ਆਪਣਾ ਧਰਮ ਸਮਝ ਕੇ ਬ੍ਰਾਹਮਣੀ ਸਾਜ਼ਿਸ਼ਾਂ ਦਾ ਸ਼ਿਕਾਰ ਹੁੰਦੇ ਹਨ। ਏਨੀ ਗੁਲਾਮ ਸਮਾਜਕ ਮਾਨਸਿਕਤਾ ਨਾਲ ਪਿਛੜਿਆ ਵਰਗ ਜੁੜਿਆ ਹੋਇਆ ਹੈ। ਪਿਛੜੇ ਵਰਗ ਦੀ ਸਮਾਜਕ ਮਾਨਸਿਕਤਾ ਖੇਤੀ, ਸਭਿਆਚਾਰ ਤੇ ਸਭਿਅਤਾ ਨਾਲ ਬਣੀ ਹੈ। ਇਸ ਲਈ ਇਕ ਪਾਸੇ ਤਾਂ ਉਦਾਰ, ਦਿਲੇਰ, ਸੰਜਮੀ, ਬਾਹਦਰ ਤੇ ਭੋਲੀ ਭਾਲੀ ਹੈ ਪਰ ਦੂਜੇ ਪਾਸੇ ਗੁਲਾਮ ਬਣੀ ਹੋਈ ਹੈ। ਉਸ ਦੀ ਇਸ ਸਮਾਜਕ ਮਾਨਸਿਕਤਾ ਦਾ ਫਾਇਦਾ ਬੀਤੇ ਹਜ਼ਾਰਾਂ ਸਾਲਾਂ ਤੋਂ ਬ੍ਰਾਹਮਣਵਾਦੀ ਪ੍ਰਣਾਲੀ ਨੇ ਉਠਾਇਆ ਹੈ। ਅੱਜ ਉਸ ਵਿਚ ਪੂੰਜੀਵਾਦੀ ਵਿਵਸਥਾ ਵੀ ਸ਼ਾਮਲ ਹੋ ਗਈ ਹੈ। ਇਸ ਲਈ ਵਿਗਿਆਨ ਨੇ ਇਤਨਾ ਵਿਕਾਸ ਕਰਨ ਪਿੱਛੋਂ ਵੀ ਉਸ ਦਾ ਫਾਇਦਾ ਉਠਾਉਣ 'ਚ ਪਿਛੜਾ ਵਰਗ ਸਮਰਥ ਨਹੀਂ ਲਗਦਾ।

ਪਿਛੜਾ ਵਰਗ ਤੇ ਸੰਵਿਧਾਨ ਦਾ ਆਪਸੀ ਰਿਸ਼ਤਾ :- 1947 ਦੀ ਸੱਤਾ ਬਦਲੀ ਪਿੱਛੋਂ ਭਾਰਤ ਦਾ ਸੰਵਿਧਾਨ ਬਣਿਆ ਅੰਬੇਦਕਰ ਵਰਗੇ ਅਤੀ ਸ਼ੂਦਰ ਨੂੰ ਵੀ ਮੌਕਾ ਮਿਲਿਆ ਉਨ੍ਹਾਂ ਨੇ ਮਾਓ ਸਾਹਿਬ ਡਾ. ਪੰਜਾਬ ਰਾਏ ਦੇਸ਼ਮੁੱਖ ਵਰਗੇ ਸ਼ੂਦਰ ਨੇ (ਕੁਨਬੀ ਕੁਮਰੀ) ਸੰਪੂਰਨ ਬੌਧਿਕ ਸ਼ਕਤੀ ਨਾਲ ਸਵੀਕਾਰ ਕੀਤਾ ਇਸ ਕਾਰਨ ਭਾਰਤੀ ਸੰਵਿਧਾਨ 'ਚ ਪਿਛੜਾ ਵਰਗ ਤੇ ਅਤੀ ਪਿਛੜਾ ਵਰਗ ਦੇ ਵਿਕਾਸ ਦੇ ਬਰਾਬਰ ਦੇ ਮੌਕਿਆਂ ਦੀ ਵਿਵਸਥਾ ਕੀਤੀ ਗਈ। ਵਿਕਾਸ ਦੇ ਬਰਾਬਰ ਦੇ ਮੌਕੇ ਦੀ ਸਭ ਤੋਂ ਵੱਧ ਪ੍ਰਭਾਵਸ਼ਾਲੀ ਵਿਵਸਥਾ ਰਾਖਵੇਂਕਰਨ ਵਜੋਂ ਉਭਰੀ ਜਿਸ ਦਾ ਪੂਰਾ ਲਾਭ ਉਠਾ ਕੇ ਅਤੀ ਪਿਛੜੇ ਵਰਗ ਭਾਵ ਦਲਿਤਾਂ ਨੇ ਆਪਣੀ ਹੋਂਦ ਦੀ ਉਸਾਰੀ ਕੀਤੀ ਅਤੇ ਆਪਣਾ ਆਤਮ ਸਨਮਾਨ ਬਹਾਲ ਕੀਤਾ। ਪਰ ਪਿਛੜਾ ਵਰਗ (ਓ ਬੀ ਸੀ) ਉਸ ਦਾ ਲਾਭ ਲੈਣ 'ਚ ਅਸਫਲ ਰਿਹਾ। ਇਸ ਦਾ ਮੁੱਖ ਕਾਰਨ ਹੈ ਕਿ ਉਸ ਦੀ ਬ੍ਰਾਹਮਣੀ ਗੁਲਾਮਗਿਰੀ ਨਾਲ ਲਿਬੜੀ ਮਾਨਸਿਕਤਾ। ਸੰਵਿਧਾਨ ਦੀਆਂ ਜੜ੍ਹਾਂ ਮੂਲ ਨਿਵਾਸੀ ਭਾਰਤੀਆਂ ਭਾਵ ਬਹੁਜਨਾ ਦੀ ਸਭਿਅਤਾ ਤੇ ਸਭਿਆਚਾਰ 'ਚ ਹਨ। ਖੇਤੀ ਸਭਿਆਚਾਰ ਵਿਚ ਹਨ। ਖੇਤੀ ਤੇ ਖੇਤੀ ਪੈਦਾਵਾਰ ਮੂਹਰੇ ਨਾ ਤਾਂ ਕੋਈ ਜਾਤੀ ਹੁੰਦੀ ਹੈ ਨਾ ਕੋਈ ਧਰਮ ਉਹਨਾਂ ਦਾ ਅੰਤਿਮ ਉਦੇਸ਼ ਹੁੰਦਾ ਹੈ ਜੀਵਨ ਤੇ ਉਹਨਾਂ ਦਾ ਵਿਕਾਸ। ਸੰਵਿਧਾਨ ਦੇ ਚਾਰ ਮੁੱਲ-ਬਰਾਬਰੀ, ਅਜ਼ਾਦੀ ਸਮਾਜਕ ਨਿਆਂ ਮਾਨਵੀ ਮੁੱਲ ਹਨ। ਜਿਹਨਾਂ ਮਾਨਵੀ ਮੁੱਲਾਂ ਹਿੰਦੂ ਧਰਮ ਅਤੇ ਉਸ 'ਤੇ ਅਧਾਰਤ ਸਮਾਜਕ ਵਿਵਸਥਾ ਨੂੰ ਹਜਮ ਨਹੀਂ ਆਉਂਦੇ। ਸੰਵਿਧਾਨ ਦੀ ਪੂਰੀ ਜਾਣਕਾਰੀ ਲੈ ਸਕਣ 'ਚ ਪਿਛੜਾ ਵਰਗ ਅਸਮਰਥ ਰਿਹਾ ਹੈ, ਉਦਾਸ ਦਿਸਦਾ ਹੈ। ਪਿਛੜਾ ਵਰਗ ਦੇ ਉਚ ਸਿਖਿਆ ਹਾਸਲ ਵਿਅਕਤੀਆਂ ਨੂੰ ਸੰਵਿਧਾਨ ਦੀ ਜਾਣਕਾਰੀ ਨਹੀਂ ਹੁੰਦੀ ਤੇ ਉਹ ਬ੍ਰਾਹਮਣਵਾਦੀ ਤੇ ਸੰਵਿਧਾਨ ਵਿਰੋਧੀ ਗਲਤ ਧਾਰਨਾਵਾਂ ਦੇ ਪ੍ਰਚਾਰ-ਪਸਾਰ 'ਚ ਸ਼ਾਮਲ ਰਹਿੰਦੇ ਹਨ।

# ਸਿਖਿਆ ’ਚ ਦਲਿਤਾਂ ਦੀ ਸ਼ਮੂਲੀਅਤ ਕਿੰਨੀ ਕੁ?

ਕੇਂਦਰੀ ਸਿਖਿਆ ਸੰਗਠਨ (ਐਨ ਸੀ ਈ ਆਰ ਟੀ) ਵਲੋਂ ਛੇਵੇਂ ਸਰਬਹਿੰਦ ਸਿਖਿਆ ਸਰਵੇ ਦੀ ਪ੍ਰਕਾਸ਼ਿਤ ਰਿਪੋਰਟ ’ਚ ਹੈਰਾਨਕੁੰਨ ਅੰਕੜੇ ਹਨ। ਰਿਪੋਰਟ ਦਾ ਤੀਜਾ ਭਾਗ ਦੇਸ਼ ਭਰ ਦੇ ਸਕੂਲਾਂ ’ਚ ਨਿਯੁਕਤ ਅਧਿਆਪਕਾਂ ਦੀ ਗਿਣਤੀ ਨਾਲ ਸਬੰਧਤ ਹੈ ਜਿਸ ’ਚ ਦਲਿਤ ਅਧਿਆਪਕਾਂ ਦੀ ਗਿਣਤੀ ਦਾ ਵੀ ਬਿਉਰਾ ਹੈ। ਸਭ ਤੋਂ ਵੱਧ ਹੈਰਾਨ ਕਰਨ ਵਾਲਾ ਤੱਥ ਉਤਰ ਪ੍ਰਦੇਸ਼ ’ਚ ਦਲਿਤ ਅਧਿਆਪਕਾਂ ਦੀ ਗਿਣਤੀ ਨਾਲ ਸਬੰਧਤ ਹੈ। ਰਿਪੋਰਟ ਅਨੁਸਾਰ ਅਣਵੰਡੇ ਉਤਰ ਪ੍ਰਦੇਸ਼ ’ਚ ਕੁਲ ਪੰਜ ਲੱਖ ਪੈਂਤੀ ਹਜ਼ਾਰ ਅਧਿਆਪਕ ਹਨ ਜੋ ਜਮਾਤ ਪਹਿਲੀ ਤੋਂ ਬਾਹਰਵੀਂ ਤਕ ਸਕੂਲਾਂ ’ਚ ਪੜ੍ਹਾਉਂਦੇ ਹਨ। ਅਧਿਆਪਕਾਂ ਦੀ ਇਹ ਗਿਣਤੀ ਸਭ ਤਰ੍ਹਾਂ ਦੇ ਸਕੂਲਾਂ ’ਚ ਕੰਮ ਕਰਦੇ ਅਧਿਆਪਕਾਂ ਦੀ ਸਾਂਝੀ ਗਿਣਤੀ ਹੈ। ਕੁਲ ਸਿਖਿਆ ਸੰਖਿਆ ਦਾ 56.76 ਫੀਸਦੀ ਭਾਗ ਸਰਕਾਰੀ ਤੇ ਸਥਾਨਕ ਗਠਜੋੜਾਂ ਵਲੋਂ ਚਲਾਏ ਜਾਂਦੇ ਸਕੂਲਾਂ ਵਿਚ ਹੈ, ਬਾਕੀ ਨਿਜੀ ਪ੍ਰਬੰਦਕੀ ਸਕੂਲਾਂ ਵਿਚ ਹੈ। ਨਿਜੀ ਖੇਤਰ ਦੇ ਸਕੂਲਾਂ ’ਚ ਵੀ ਦੋ ਸ਼੍ਰੇਣੀਆਂ ਹਨ ਜਿਹਨਾਂ ’ਚ ਉਹ ਸਾਰੇ ਸਕੂਲ ਸ਼ਾਮਲ ਹਨ ਜੋ ਨਿਜੀ ਪ੍ਰਬੰਧਕੀ ਕਮੇਟੀਆਂ ਵਲੋਂ ਚਲਾਏ ਜਾਂਦੇ ਹਨ। ਪਰ ਅਧਿਆਪਕਾਂ ਦੀਆਂ ਤਨਖਾਹਾਂ ਸਰਕਾਰੀ ਖਜ਼ਾਨੇ ’ਚੋਂ ਆਉਂਦੀਆਂ ਹਨ। ਇਸ ਸਰਕਾਰੀ ਸਕੂਲਾਂ ’ਚ ਪੜ੍ਹਾਉਂਦੇ ਅਧਿਆਪਕਾਂ ਦੀ ਗਿਣਤੀ ਕੁਲ ਅਧਿਆਪਕ ਗਿਣਤੀ ਦਾ ਸਿਰਫ 21.91 ਫੀਸਦੀ ਹੈ। ਨਿਜੀ ਪ੍ਰਬੰਦਕੀ ਸੰਮਤੀਆਂ ਵਲੋਂ ਚਲਾਏ ਜਾਂਦੇ ਸਕੂਲਾਂ ’ਚ ਜੋ ਕਿਸੇ ਪ੍ਰਕਾਰ ਦੀ ਸਹਾਇਤਾ ਸਰਕਾਰ ਤੋਂ ਨਹੀਂ ਲੈਂਦੇ, ਅਧਿਆਪਕਾਂ ਦੀ ਗਿਣਤੀ ਕੁਝ ਅਧਿਆਪਕ ਗਿਣਤੀ ਦਾ ਸਿਰਫ 21.31 ਫੀਸਦੀ ਹੈ ਯਾਨੀ 78.69 ਫੀਸਦੀ ਅਧਿਆਪਕ ਆਪਣੀ ਤਨਖਾਹ ਸਰਕਾਰੀ ਖਜਾਨੇ ਤੋਂ ਹਾਸਲ ਕਰਦੇ ਹਨ। ਇਹਨਾਂ ਅਧਿਆਪਕਾਂ ਦੀ ਕੁਲ ਗਿਣਤੀ 421000 ਹੈ। ਸੰਵਿਧਾਨ ਵਿਵਸਥਾਵਾਂ ਦੀ ਜੇ ਇਮਾਨਦਾਰੀ ਨਾਲ ਪਾਲਣਾ ਹੁੰਦੀ ਤਾਂ ਸੂਬੇ ’ਚ ਦਲਿਤ ਅਧਿਆਪਕਾਂ ਦੀ ਕੁਲ ਗਿਣਤੀ 88410 ਹੁੰਦੀ ਪਰ ਤੱਥ ਇਹ ਹੈ ਕਿ ਦਲਿਤ ਅਧਿਆਪਕਾਂ ਦੀ ਕੁਲ ਗਿਣਤੀ ਸਿਰਫ 42940 ਹੈ। ਰਿਪੋਰਟ ’ਚ ਮੁਹਈਆ ਅੰਕੜਿਆਂ ਦੀ ਡੂੰਘਾਈ ਨਾਲ ਪੜਤਾਲ ਕਰਨ ’ਤੇ ਕੁਝ ਮਹੱਤਵਪੂਰਨ ਤੱਥ ਉਜਾਗਰ ਹੁੰਦੇ ਹਨ। ਮਿਸਾਲ ਵਜੋਂ ਕੁਲ ਦਲਿਤ ਅਧਿਆਪਕਾਂ ਦਾ 72.09 ਫੀਸਦੀ ਹਿੱਸਾ ਪ੍ਰਾਇਮਰੀ ਸਕੂਲਾਂ ’ਚ ਅਤੇ 15.25 ਫੀਸਦੀ ਮਿਡਲ ਪੱਧਰ ਦੇ ਸਕੂਲਾਂ ’ਚ ਪੜ੍ਹਾਉਂਦੇ ਹਨ। ਯਾਨੀ ਕੁਲ ਦਲਿਤ ਅਧਿਆਪਕਾਂ ਦਾ ਸਿਰਫ 12.65 ਫੀਸਦੀ ਹਾਈ ਸਕੂਲ ਤੇ ਇੰਟਰਮੰਡੀਏਟ ਪੱਧਰ ਦੇ ਸਕੂਲਾਂ ’ਚ ਤੈਨਾਤ ਹਨ। ਇਸ ਹੈਰਾਨ ਕਰ ਦੇਣ ਵਾਲੇ ਤੱਥ ਪਿੱਛੇ ਛੁਪਿਆ ਹੈ। ਇਕ ਡੂੰਘਾ ਭੇਦ। ਹਾਈ ਸਕੂਲ ਅਤੇ ਬਾਹਰਵੀਂ ਪੱਧਰ ’ਤੇ ਪੜ੍ਹਾਉਂਦੇ ਕੁਲ ਅਧਿਆਪਕਾਂ ਦੀ ਗਿਣਤੀ 135848 ਹੈ ਜਿਸ ਵਿਚ ਨਿਜੀ ਪ੍ਰਬੰਦਕੀ ਕਮੇਟੀ ਵਲੋਂ ਚਲਾਏ ਜਾਂਦੇ ਪਰ ਸਰਕਾਰੀ ਸਹਾਇਤਾ ਤੇ ਨਿਰਭਰ ਸਕੂਲਾਂ ਦੇ ਅਧਿਆਪਕਾਂ ਦਾ ਹਿੱਸਾ 71.62 ਫੀਸਦੀ ਹੈ। ਇਸ ਸ਼੍ਰੇਣੀ ਦੇ ਮਿਡਲ ਤੇ ਉਚ ਮਿਡਲ ਸਕੂਲਾਂ ਦੇ ਕੁਲ ਅਧਿਆਪਕਾਂ ’ਚ ਦਲਿਤ ਅਧਿਆਪਕਾਂ ਦੀ ਗਿਣਤੀ ਸਿਰਫ 2343 ਹੈ ਯਾਨੀ ਸਿਰਫ 2.4 ਫੀਸਦੀ। ਨਿਜੀ ਪ੍ਰਬੰਦਕੀ ਕਮੇਟੀਆਂ ਵਲੋਂ ਚਲਾਏ ਜਾਂਦੇ ਸਕੂਲਾਂ ਦੀ ਇਕ ਅਨੁਠੀ ਕਹਾਣੀ ਹੈ। ਬ੍ਰਿਟੇਨ ’ਚ ਸਿਖਿਆ ਨਿਜੀ ਖੇਤਰ ਵਿਚ ਹੈ ਜਦ ਸਾਲ 1854 ’ਚ ਅੰਗਰੇਜ਼ੀ

ਹਕੂਮਤ ਨੇ ਭਾਰਤ ’ਚ ਵਿਆਪਕ ਪੈਮਾਨੇ ’ਤੇ ਸਿਖਿਆ ਪ੍ਰਸਾਰ ਦੀ ਜ਼ਿੰਮੇਵਾਰੀ ਮੰਨ ਲਈ ਤਾਂ ਸਰਕਾਰ ਮੂਹਰੇ ਇਕ ਨਵੀਂ ਮੁਸ਼ਕਲ ਖੜ੍ਹੀ ਹੋ ਗਈ। ਅੰਗਰੇਜ਼ੀ ਅਧਿਕਾਰੀ ਇਹ ਉਮੀਦ ਕਰਦੇ ਸਨ ਕਿ ਭਾਰਤੀ ਖੁਦ ਆਪਣੀਆਂ ਸੰਸਥਾਵਾਂ ਬਣਾਉਣਗੇ ਤੇ ਸਰਕਾਰ ਉਹਨਾਂ ਨੂੰ ਅਧੁਨਿਕ ਸਿਖਿਆ ਦਾ ਬ੍ਰਿਟਿਸ਼ ਮਾਡਲ ਮੁਹੱਈਆ ਕਰਵਾਏਗੀ। ਪਰ ਭਾਰਤੀਆਂ ਨੂੰ ਨਾ ਤਾਂ ਬ੍ਰਿਟਿਸ ਮਾਡਲ ਦਾ ਕੋਈ ਅਨੁਭਵ ਸੀ ਤੇ ਨਾ ਹੀ ਅਧੁਨਿਕ ਸਿਖਿਆ ਸੰਸਥਾਵਾਂ ਚਲਾਉਣ ਦਾ ਕੋਈ ਗਿਆਨ। ਅੰਗਰੇਜ਼ੀ ਹਕੂਮਤ ਨੇ ਖੁਦ ਸਕੂਲ ਖੋਲ੍ਹਣੇ ਸ਼ੁਰੂ ਕਰ ਦਿੱਤੇ ਪਰ ਏਨੇ ਵੱਡੇ ਦੇਸ਼ ’ਚ ਜਨਤਾ ਦੀ ਹਿੱਸੇਦਾਰੀ ਬਗੈਰ ਵੱਡੇ ਪੈਮਾਨੇ ਤੇ ਸਕੂਲ ਕਾਲਜ ਖੋਲ੍ਹਣਾ ਅਮਲੀ ਰੂਪ ’ਚ ਸੰਭਵ ਨਹੀਂ ਸੀ। ਇਸ ਲਈ ਸਰਕਾਰ ਨੇ ਸਾਲ 1860 ਵਿਚ ਇਕ ਐਕਟ ਬਣਾਇਆ ਜਿਸ ਤਹਿਤ ਇਹ ਐਲਾਨ ਕੀਤਾ ਗਿਆ ਕਿ ਭਾਰਤੀ ਨਾਗਰਿਕ ਸੰਮਤੀਆਂ ਜਾਂ ਸੁਸਾਇਟੀਆਂ ਦੀ ਖੁਦ ਰਜਿਸਟਰੇਸ਼ਨ ਕਰਾਉਣ ਅਤੇ ਇਹਨਾਂ ਸੰਮਤੀਆਂ ਦੀ ਦੇਖ ਰੇਖ ’ਚ ਸਕੂਲ ਕਾਲਜ ਆਦਿ ਦੀ ਸਥਾਪਨ ਕਰਨ। ਨਿਯਮ ਬਣਾ ਦਿੱਤੇ ਗਏ ਕਿ ਇਕ ਹੱਦ ਤੱਕ ਇਮਾਰਤਾਂ, ਖੇਡਾਂ ਦੇ ਮੈਦਾਨ, ਤਕਨੀਕੀ ਸਿਖਲਾਈ ਪ੍ਰਾਪਤ ਅਧਿਆਪਕ ਤੇ ਵਿੱਦਿਆ ਹਾਸਲ ਕਰ ਲੈਣ ਪਿੱਛੋਂ ਸਰਕਾਰ ਉਹਨਾਂ ਦੀ ਮਦਦ ਕਰੇਗੀ। ਇਸ ਵਿਵਸਥਾ ਨੂੰ ‘ਸੋਸਾਇਟੀਜ਼ ਰਜਿਸਟਰੇਸ਼ਨ ਐਕਟ 1860’ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਤੇ ਅੱਜ ਵੀ ਨਿਜੀ ਖੇਤਰ ਦੇ ਕਾਲਜ ਇਸ ਐਕਟ ਤਹਿਤ ਰਜਿਸਟਰਡ ਹੁੰਦੇ ਹਨ ਅਤੇ ਸਕੂਲ ਕਾਲਜ ਚਲਾਉਂਦੇ ਹਨ। ਇਸ ਸ਼੍ਰੇਣੀ ਦੇ ਸਕੂਲ ਤੇ ਕਾਲਜ ’ਚ ਦਲਿਤਾਂ ਦਾ ਭਾਰੀ ਯੋਗਦਾਨ ਹੈ। ਇਹ ਸਹੀ ਹੈ ਕਿ ਇਸ ਸ਼੍ਰੇਣੀ ਦੇ ਕਾਲਜ ਦੇ ਬਾਨੀ ਸ਼ੁਰੂ ਸ਼ੁਰੂ ’ਚ ਤਿਆਗ ਕਰਦੇ ਹਨ ਅਤੇ ਬੜੀ ਮੁਸ਼ਕਲ ਨਾਲ ਅਧਿਆਪਕਾਂ ਨੂੰ ਤਨਖਾਹ ਦਿੰਦੇ ਹਨ। ਤਨਖਾਹ ਵੀ ਨਾ ਮਾਤਰ ਹੀ ਹੁੰਦੀ ਹੈ ਕਿਉਂਕਿ ਵਿਦਿ. ਤੋਂ ਵਸੂਲੀ ਗਈ ਫੀਸ ਇਹਨਾਂ ਅਦਾਰਿਆਂ ਦੀ ਆਮਦਨ ਦਾ ਮੁੱਖ ਸ੍ਰੋਤ ਹੁੰਦਾ ਹੈ ਪਰ ਜਦ ਇਸ ਸ਼੍ਰੇਣੀ ਦੇ ਕਾਲਜ ਮਾਨਤਾ ਪ੍ਰਾਪਤ ਹੋ ਜਾਂਦੇ ਹਨ ਤੇ ਅਧਿਆਪਕਾਂ ਨੂੰ ਤਨਖਾਹ ਮਿਲਣੀ ਸ਼ੁਰੂ ਹੋ ਜਾਂਦੀ ਹੈ ਤਦ ਦਲਿਤ ਵਿਦਿ. ਦੀ ਫੀਸ ਸਰਕਾਰ ਦਿੰਦੀ ਹੈ। ਇਸ ਸ਼੍ਰੇਣੀ ਦੇ ਕਾਲਜਾਂ ਦੇ ਪ੍ਰਬੰਧਕ ਤੇ ਪ੍ਰਧਾਨ ਵਧ ਤੋਂ ਵੱਧ ਦਲਿਤ ਬੱਚਿਆਂ ਦੀ ਰਜਿਸਟ੍ਰੇਸ਼ਨ ਕਰਵਾਉਣਾ ਚਾਹੁੰਦੇ ਹਨ ਕਿਉਂਕਿ ਸਰਕਾਰ ਤੋਂ ਹਾਸਲ ਫੀਸ ਭਾਰੀ ਹੁੰਦੀ ਹੈ ਤੇ ਇਕ ਨਿਸ਼ਚਤ ਅਰਸੇ ’ਚ ਕਾਲਜਾਂ ਨੂੰ ਹਾਸਲ ਹੋ ਜਾਂਦੀ ਹੈ। ਇਸ ਰਾਸ਼ੀ ਦੀ ਕਾਲਜਾਂ ਦੇ ਵਿਕਾਸ ’ਚ ਕਾਫੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ ਕਿਉਂਕਿ ਇਸ ਸ਼੍ਰੇਣੀ ਦੇ ਕਾਲਜਾਂ ਦੇ ਬਹੁਤੇ ਸੰਸਥਾਪਕ ਸਮਾਜ ਦੇ ਉਚ ਵਰਗ ਤੋਂ ਆਉਂਦੇ ਹਨ ਜੋ ਕਦੀ ਸਮਾਜਕ ਹਾਕਮ ਹੁੰਦੇ ਸਨ ਤੇ ਜੋ ਸਮਤਾਪਰਕ ਸਮਾਜ ਬਣਾਉਣ ਦੇ ਸੰਵਿਧਾਨ ਉਦੇਸ਼ਾਂ ਨਾਲ ਕੋਈ ਰਿਸ਼ਤਾ ਨਹੀਂ ਰੱਖਦੇ ਸਨ ਇਸ ਲਈ ਇਹ ਅਜਿਹੀ ਕੋਈ ਕੋਸ਼ਿਸ਼ ਨਹੀਂ ਕਰਦੇ ਸਨ ਜਿਹਨਾਂ ਤਹਿਤ ਪੜ੍ਹੇ ਲਿਖੇ ਦਲਿਤਾਂ ਨੂੰ ਅਧਿਆਪਕਾਂ ਬਣਾਇਆ ਜਾ ਸਕੇ। ਇਸ ਸ਼੍ਰੇਣੀ ਦੇ ਕਾਲਜਾਂ ਵਿਚ ਨਿਯੁਕਤੀਆਂ ਪ੍ਰਬੰਦਕੀ ਸੰਮਤੀਆਂ ਕਰਦੀਆਂ ਸਨ ਤੇ ਅਕਸਰ ਇਹ ਸੰਮਤੀਆਂ ਵਰਣ। ਜਾਤੀ ਤੇ ਅਧਾਰਤ ਹੁੰਦੀਆਂ ਸਨ। ਅਧਿਆਪਕਾਂ ਦੀ ਨਿਯੁਕਤੀ ’ਚ ਪਾਰਦਰਸ਼ਿਤਾ ਨਹੀਂ ਹੁੰਦੀ ਸੀ ਤੇ ਜ਼ਿਆਦਾਤਰੀ ਜਾਤੀ, ਰਿਸ਼ਤੇਦਾਰੀ ਜਾਂ ਰਿਸ਼ਵਤ ਨੂੰ ਯੋਗਤਾ ਤੋਂ ਵੱਧ ਤਰਜੀਹ ਦਿੱਤੀ ਜਾਂਦੀ ਸੀ ਇਸ ਲਈ ਇਹਨਾਂ ’ਚ ਦਲਿਤ ਉਮੀਦਵਾਰਾਂ ਦੀ ਚੋਣ ਦੀ ਸੰਭਾਵਨਾ ਨਾਮਾਤਰ ਹੁੰਦੀ ਸੀ ਪਰ ਬੀਤੇ ਦੋ ਦਹਾਕਿਆਂ ’ਚ ਇਸ ਤੋਂ ਵੀ ਥੋੜਾ ਪਹਿਲਾਂ ਉਤਰ

ਪ੍ਰਦੇਸ਼ ਸਰਕਾਰ ਨੇ ਪ੍ਰਬੰਦਕੀ ਕਾਲਜਾਂ, ਜੋ ਸਰਕਾਰੀ ਮਦਦ ਨਾਲ ਚਲਦੇ ਹਨ, ਤੋਂ ਅਧਿਆਪਕਾਂ ਦੀ ਨਿਯੁਕਤੀ ਦਾ ਅਧਿਕਾਰ ਖੋਹ ਲਿਆ। ਇਹ ਨਿਯੁਕਤੀਆਂ ਜਦ ਇਲਾਹਾਬਾਦ ਸਥਿਤੀ ਸਿਖਿਆ ਕਮਿਸ਼ਨਾਂ ਵਲੋਂ ਕੀਤੀਆਂ ਜਾਂਦੀਆਂ ਸਨ। ਪਰ ਇਸ ਦੇ ਬਾਵਜੂਦ ਦਲਿਤਾਂ ਦੀ ਸਿਖਿਆ ਖੇਤਰ 'ਚ ਹਿੱਸੇਦਾਰੀ ਇਕ ਦਿਓਕੱਦ ਸੁਆਲ ਦੀ ਤਰ੍ਹਾਂ ਖੜ੍ਹੀ ਹੈ। ਇਸ ਦੇ ਸਭ ਤੋਂ ਵੱਡੇ ਕਸੂਰਵਾਰ ਕਾਲਜਾਂ ਦੀਆਂ ਪ੍ਰਬੰਦਕੀ ਕਮੇਟੀਆਂ ਤੇ ਸਿਖਿਆ ਕਮਿਸ਼ਨ ਹਨ। ਸਰਕਾਰੀ ਸਥਾਨਕ ਗਠਜੋੜਾਂ ਤੇ ਸਰਕਾਰੀ ਮਦਦ ਨਾਲ ਚਲਣ ਵਾਲੇ ਪ੍ਰਬੰਦਕੀ ਕਾਲਜਾਂ 'ਚ ਪੜ੍ਹਾਉਂਦੇ ਕੁਲ 42 ਹਜ਼ਾਰ 940 ਦਲਿਤ ਅਧਿਆਪਕਾਂ 'ਚ ਸਿਰਫ 5110 ਅਧਿਆਪਕ ਸਰਕਾਰੀ ਸਹਾਇਤਾ ਨਾਲ ਚਲ ਰਹੇ ਪ੍ਰਬੰਧਕੀ ਕਾਲਜਾਂ 'ਚ ਤੈਨਾਤ ਹਨ। ਯਾਨੀ ਇਨ੍ਹਾਂ ਦੋਹਾਂ ਸ਼੍ਰੇਣੀਆਂ 'ਚ ਪੜ੍ਹਾਉਂਦੇ ਕੁਲ ਦਲਿਤ ਅਧਿਆਪਕਾਂ ਦਾ 88.09 ਫੀ ਦਲਿਤ ਅਧਿਆਪਕ ਸਰਕਾਰੀ ਸਕੂਲਾਂ ਵਿਚ ਹਨ। ਇਸ ਤੋਂ ਤਾਂ ਇਹ ਸਿੱਧ ਹੁੰਦਾ ਹੈ ਕਿ ਸਿਖਿਆ ਕਮਿਸ਼ਨ ਦਲਿਤਾਂ ਨੂੰ ਅਧਿਆਪਕ ਬਣਨ ਤੋਂ ਰੋਕਣ ਦੀ ਕੋਸ਼ਿਸ਼ ਵੀ ਕਰਦਾ ਹੈ। ਸਿਖਿਆ ਕਮਿਸ਼ਨ 'ਚ ਬੈਠੇ ਅਧਿਕਾਰੀ ਇਹ ਗੱਲ ਭਲੀਭਾਂਤ ਜਾਣਦੇ ਹਨ ਕਿ ਦਲਿਤ ਸੰਸਕ੍ਰਿਤ ਭਾਸ਼ਾ ਨੂੰ ਘ੍ਰਿਣਾ ਕਰਦੇ ਹਨ। ਇਸ ਲਈ ਇੰਟਰਮੀਡਏਟ ਦੇ ਬੁਲਾਰੇ ਹਿੱਤ ਨਿਰਧਾਰਿਤ ਯੋਗਤਾਵਾਂ 'ਚ ਇਹ ਤਹਿ ਕਰ ਦਿੱਤਾ ਜਾਂਦਾ ਹੈ ਕਿ ਪ੍ਰਾਰਖੀ ਦਾ ਸਨਾਤਕ ਪੱਧਰ ਤਕ ਸੰਸਕ੍ਰਿਤ ਇਕ ਵਿਸ਼ੇ ਵਜੋਂ ਹੋਣੀ ਜ਼ਰੂਰੀ ਹੈ। ਜਦ ਕਿ ਇਸ ਤਰ੍ਹਾਂ ਦੀ ਸ਼ਰਤ ਕੇਂਦਰੀ ਸਕੂਲ ਨਹੀਂ ਲਾਉਂਦਾ ਹੈ। ਉਚ ਸਿਖਿਆ ਕਮਿਸ਼ਨ ਨੇ ਤਾਂ ਜਿਵੇਂ ਦਲਿਤਾਂ ਨੂੰ ਯੂਨੀਵਰਸਿਟੀ 'ਚ ਅਧਿਆਪਕ ਨਾ ਬਨਣ ਦੇਣ ਦੀ ਇਕ ਮੁਹਿੰਮ ਚਲਾ ਰੱਖੀ ਹੈ। ਰਾਜਧਾਨੀ ਦਿੱਲੀ ਸਥਿਤ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੇ ਦਿਲੀ ਯੂਨੀਵਰਸਿਟੀ ਵਿਚ ਅਧਿਆਪਕਾਂ ਦੇ ਚੋਣ ਅਮਲ ਤੋਂ ਹਰ ਕੋਈ ਵਾਕਫ ਹੈ। ਇਥੇ ਦਲਿਤਾਂ ਲਈ ਬੁਲਾਰੇ ਦੇ ਅਹੁਦੇ ਦੀਆਂ ਘੱਟੋ-ਘੱਟ ਯੋਗਤਾਵਾਂ 'ਚ ਸਨਾਤਕੋਤਰ ਪੱਧਰ 'ਤੇ ਪੰਜਾਹ ਫੀਸਦੀ ਅੰਕ ਤੇ ਨੈਟ ਜਾਂ ਸਲੇਟ ਦਾ ਸਰਟੀਫਿਕੇਟ ਸਿਰਫ ਜ਼ਰੂਰੀ ਹੈ। ਸਨਾਤਕ ਪੱਧਰ 'ਤੇ ਅੰਕ ਪ੍ਰਤੀਸ਼ਤ ਦੀ ਕੋਈ ਸ਼ਰਤ ਨਹੀਂ ਹੈ ਪਰ ਉਤਰ ਪ੍ਰਦੇਸ਼ ਉਚ ਸਿਖਿਆ ਕਮਿਸ਼ਨ ਨੇ ਦਲਿਤਾਂ ਲਈ ਵੀ ਸਨਾਤਕ ਪੱਧਰ ਤਕ ਪੰਜਾਹ ਫੀਸਦੀ ਅੰਕ ਹੋਣ ਦੀ ਸ਼ਰਤ ਲਾ ਰੱਖੀ ਹੈ। ਕਮਿਸ਼ਨ ਦੇ ਅਧਿਕਾਰੀ ਸ਼ਾਇਦ ਇਸ ਗੱਲ ਤੋਂ ਵਾਕਫ ਹਨ ਕਿ ਦਲਿਤ ਜਿਉਂ ਜਿਉਂ ਉਚੀਆਂ ਜਮਾਤਾਂ 'ਚ ਜਾਂਦੇ ਹਨ ਉਹਨਾਂ ਦੇ ਅੰਕ ਹਾਸਲ ਕਰਨ 'ਚ ਸੁਧਾਰ ਹੁੰਦਾ ਜਾਂਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਜਦ ਦਲਿਤ ਉਚ ਸਿਖਿਆ ਲਈ ਸ਼ਹਿਰਾਂ 'ਚ ਜਾਂਦੇ ਹਨ ਤਾਂ ਹੀ ਉਹ 'ਫੁਲ ਟਾਈਮ ਵਿਦਿ.' ਬਣ ਸਕਦੇ ਸਨ। ਪਰ ਉਹਨਾਂ ਨੂੰ ਪ੍ਰੀਵਾਰ ਦੇ ਦੂਜੇ ਮੈਂਬਰਾਂ ਨਾਲ ਖੇਤਾਂ 'ਚ ਕੰਮ ਕਰਨਾ ਪੈਂਦਾ ਹੈ। ਕਿੰਨੀ ਮਾੜੀ ਗੱਲ ਹੈ ਕਿ ਉਤਰ ਪ੍ਰਦੇਸ਼ ਦਾ ਨਿਯਮ ਤੇ ਕਿੰਨਾ ਪਤਿਤ ਹੈ ਉਤਰ ਪ੍ਰਦੇਸ਼ ਦੀ ਰਾਜਸੀ ਲੀਡਰਸ਼ਿਪ ਇਹ ਸਿਰਫ ਇਕ ਮਿਸਾਲ ਤੋਂ ਸਪਸ਼ਟ ਹੋ ਜਾਂਦਾ ਹੈ। ਉਤਰ ਪ੍ਰਦੇਸ਼ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ 'ਚ ਕੁਲ 227679 ਅਧਿਆਪਕ ਹਨ, ਜਿਹਨਾਂ 'ਚ ਦਲਿਤ ਅਧਿਆਪਕਾਂ ਦੀ ਗਿਣਤੀ ਸਿਰਫ 29600 ਹੈ। ਯਾਨੀ ਕੁਲ 13 ਫੀਸਦੀ। ਸਰਕਾਰੀ ਪ੍ਰਾਇਮਰੀ ਸਕੂਲਾਂ 'ਚ ਜਿਥੇ 47812 ਦਲਿਤ ਅਧਿਆਪਕ ਹੋਣੇ ਚਾਹੀਦੇ ਹਨ ਉਥੇ ਇਹ ਗਿਣਤੀ 8 ਫੀਸਦੀ ਘੱਟ ਹੈ। ਅਰਥ ਇਹ ਹੈ ਕਿ ਦਲਿਤਾਂ ਦੇ 18206 ਅਹੁਦੇ ਅਜੇ ਵੀ ਖਾਲੀ ਹਨ। ਇਹੋ ਹਾਲ ਪ੍ਰਾਇਮਰੀ ਪੱਧਰ ਤੇ ਬੀ ਐਡ ਕਰਦੇ ਹਨ।

ਪਰ ਉਤਰ ਪ੍ਰਦੇਸ਼ ਦੀ ਸਰਕਾਰ ਉਹਨਾਂ ਨੂੰ ਪ੍ਰਾਇਮਰੀ ਸਕੂਲਾਂ ਦਾ ਵੀ ਅਧਿਆਪਕ ਨਹੀਂ ਬਣਾ ਸਕਦੀ ਤਾਂ ਯੂਨੀਵਰਸਿਟੀਆਂ 'ਚ ਪ੍ਰੋਫੈਸ਼ਰ ਕਿਵੇਂ ਬਣਾਵੇਗੀ। ਇਹ ਅੰਕੜੇ ਚਾਰ ਸਾਲ ਪੁਰਾਣੇ ਹਨ ਤੇ ਅਜੇ ਨਵੇਂ ਸਰਵੇ ਦੇ ਸਿਟੇ ਮਹੁਈਆ ਨਹੀਂ ਹਨ। ਪਰ ਜਦ ਬੀਤੇ ਪੰਜ ਸਾਲਾਂ 'ਚ ਪ੍ਰਾਇਮਰੀ ਪੱਧਰ ਦੇ ਦਲਿਤਾਂ ਦਾ ਰਾਖਵਾਂਕਰਨ ਪੂਰਾ ਨਹੀਂ ਹੋ ਸਕਿਆ ਤਾਂ ਇਹਨਾਂ ਚਾਰ ਸਾਲਾਂ 'ਚ ਕੋਈ ਚਮਤਕਾਰ ਨਹੀਂ ਹੋਣਾ। ਇਹ ਹਾਲਤ ਕੁਲ ਮਿਲਾ ਕੇ ਸਾਰੇ ਭਾਰਤ ਦੀ ਹੈ। ਮੁਖ ਧਾਰਾ ਦਾ ਸਮਾਜ ਤੇ ਸਮਾਜ ਦੀ ਲੀਡਰਸ਼ਿਪ ਦਲਿਤਾਂ ਨੂੰ ਅਧਿਕਾਰ ਨਹੀਂ ਦੇਣਾ ਚਾਹੁੰਦੀ, ਇਹ ਗੱਲ ਸਮਝ 'ਚ ਆਉਂਦੀ ਹੈ ਪਰ ਦਲਿਤ ਸਮਾਜਕ ਸੰਗਠਨ, ਲੇਖਕ, ਨੇਤਾ ਕੀ ਕਰ ਰਹੇ ਹਨ ਅਤੇ ਇਹਨਾਂ ਦੀ ਆਪਣੇ ਸਮਾਜ ਬਾਰੇ ਕੀ ਜ਼ਿੰਮੇਵਾਰੀ ਬਣਦੀ ਹੈ? ਇਹਨਾਂ ਨੇ ਸਮਾਜ ਬਦਲਣਾ ਹੈ, ਬ੍ਰਾਹਮਣਵਾਦ ਖਤਮ ਕਰਨਾ ਹੈ, ਹਿੰਦੂਤਵ ਤੋਂ ਮੁਕਤ ਕਰਾਉਣਾ ਹੈ। ਦਲਿਤ ਲੀਡਰਸ਼ਿਪ ਇਹ ਅਸਾਨੀ ਨਾਲ ਕਹਿੰਦੀ ਹੈ ਪਰ ਬੀ ਐਡ ਪਿੱਛੋਂ ਵੀ ਨੌਕਰੀ ਲਈ ਠੋਕਰਾਂ ਵਾਲੇ ਦਲਿਤ ਨੌਜਵਾਨ ਪ੍ਰਤੀ ਕਿਉਂ ਚੁੱਪ ਧਾਰ ਲੈਂਦਾ ਹੈ?

# ਕੀ ਮੁੱਦਾ ਮੁਕਤੀ ਦਾ ਹੈ ਰਾਖਵੇਂਕਰਨ ਦਾ ਨਹੀਂ?

ਦਲਿਤ ਮੁਕਤੀ ਦਾ ਮੌਲਿਕ ਸ੍ਰੋਤ ਭੀਮਰਾਓ ਅੰਬੇਦਕਰ ਦੀ ਫਿਲਾਸਫੀ ਹੈ। 29 ਅਕਤੂਬਰ 1942 ਨੂੰ ਡਾ. ਅੰਬੇਦਕਰ ਨੇ ਭਾਰਤ ਦੇ ਗਵਰਨਰ ਜਨਰਲ ਨੂੰ ਦਲਿਤ ਅਧਿਕਾਰ ਸਬੰਧੀ ਇਕ ਲੰਮਾ ਮੰਗ ਪੱਤਰ ਸੌਂਪਿਆ। ਮੰਗ ਪੱਤਰ ਦਾ ਪੂਰਾ ਮੈਟਰ ਅੰਬੇਦਕਰ ਗ੍ਰੰਥਾਵਲੀ-10 'ਚ ਮੌਜੂਦ ਹੈ। ਇਸ ਦਾ ਇਕ ਪੈਰਾ ਹੈ 'ਕਲੋਜ਼ਡ ਡੋਰ ਇਨ ਗਵਰਨਮੈਂਟ ਕੰਟਰੈਕਟਸ' ਯਾਨੀ ਸਰਕਾਰੀ ਠੇਕਿਆਂ ਦੇ ਬੰਦ ਦਰਵਾਜ਼ੇ। ਇਸ ਪੈਰੇ 'ਚ ਡਾ. ਅੰਬੇਦਕਰ ਦਸਦੇ ਹਨ ਕਿ ਕਿਸ ਤਰ੍ਹਾਂ ਸੀ ਪੀ ਡਬਲਯੂ ਡੀ ਦੇ ਕੁਲ 1171 ਠੇਕੇਦਾਰਾਂ ' ਸਿਰਫ ਇਕ ਦਲਿਤ ਸੀ। ਡਾ. ਅੰਬਦੇਕਰ ਇਹ ਮੰਗ ਕਰਦੇ ਹਨ ਕਿ ਠੇਕਿਆਂ 'ਚ ਦਲਿਤਾਂ ਦਾ ਇਕ ਹਿੱਸਾ ਤਹਿ ਕਰ ਦਿੱਤਾ ਜਾਏ। ਜਾਹਿਰ ਹੈ ਕਿ ਉਹਨਾਂ ਦੀ ਨਜ਼ਰ 'ਚ ਦਲਿਤ ਅਧਿਕਾਰਾਂ ਦਾ ਮਤਲਬ ਸਿਰਫ ਸਰਕਾਰੀ ਨੌਕਰੀਆਂ ਤਕ ਨਹੀਂ ਸੀ। ਦਲਿਤ ਮੁਕਤੀ ਦੀ ਚਰਚਾ ਜਦ ਵੀ ਅਤੇ ਜਿਥੇ ਵੀ ਹੁੰਦੀ ਹੈ। ਉਸ ਦਾ ਕੇਂਦਰੀ ਬਿੰਦੂ ਨੌਕਰੀਆਂ 'ਚ ਰਾਖਵਾਂਕਰਨ ਹੁੰਦਾ ਹੈ ਅਤੇ ਅੰਤ ਵਿਚ ਇਸੇ ਸੁਆਲ 'ਤੇ ਹੁੰਦਾ ਹੈ। ਦਲਿਤ ਉਭਾਰ ਦੀਆਂ ਬਹਿਸਾਂ ਦੀ ਧੁਰੀ ਨੌਕਰੀ ਹੁੰਦੀ ਹੈ। ਸਿਰਫ ਭੁਪਾਲ ਕਾਨਫਰੰਸ ਤੇ ਵੈਂਕੂਵਰ 'ਚ ਆਯੋਜਿਤ ਕੌਮਾਂਤਰੀ ਦਲਿਤ ਸੰਮੇਲਨ ਇਸ ਦੇ ਅਪਵਾਦ ਸਨ। ਅੱਜ ਇਹ ਬਹਿਸ ਇਕ ਕਦਮ ਅੱਗੇ ਵੱਧੀ ਹੈ ਦਲਿਤ ਮੁਕਤੀ ਦੇ ਸਰੋਕਾਰ 'ਚ ਨਿੱਜੀ ਖੇਤਰ ਵੀ ਆ ਗਿਆ ਹੈ। ਤਾਂ ਵੀ ਬਹਿਸ 'ਚ ਕੋਈ ਮੌਲਿਕ ਤਬਦੀਲੀ ਨਹੀਂ ਹੋਈ ਹੈ। ਨਿਜੀ ਖੇਤਰ 'ਚ ਅਧਿਕਾਰ ਦਾ ਮਤਲਬ ਵੀ ਨਿੱਜੀ ਖੇਤਰ ਦੀਆਂ ਨੌਕਰੀਆਂ 'ਤੇ ਹੀ ਟਿਕਿਆ ਹੋਇਆ ਹੈ ਭਾਵ ਨਿਜੀ ਖੇਤਰ 'ਚ ਹੱਕ ਦਾ ਅਰਥ 'ਨਿਜੀ ਖੇਤਰ ਦੀਆਂ ਨੌਕਰੀਆਂ 'ਚ ਰਾਖਵੇਂਕਰਨ 'ਤੇ ਆ ਟਿਕਿਆ ਹੈ। ਯਾਨੀ ਦਲਿਤ ਜਾਂ ਓ ਬੀ ਸੀ ਦੇ ਅਧਿਕਾਰ ਦਾ ਅਰਥ ਨੌਕਰੀਆਂ ਤੋਂ ਉਪਰ ਨਹੀਂ ਉਠ ਸਕਿਆ ਹੈ ਤੇ ਨਾ ਹੀ ਉਠ ਰਿਹਾ ਹੈ। ਆਦਰਸ਼ ਸਥਿਤੀ ਤਾਂ ਇਹੀ ਹੈ ਕਿ ਸਰਕਾਰੀ ਜਾਂ ਨਿਜੀ ਖੇਤਰ, ਨੌਕਰੀਆਂ ਜਿਥੇ ਵੀ ਹਨ, ਹਰ ਚਾਰ ਕਰਮਚਾਰੀਆਂ 'ਚ ਇਕ ਦਲਿਤ, ਇਕ ਓ ਬੀ ਸੀ ਹੋਣਾ ਚਾਹੀਦਾ ਹੈ। ਇਹ ਸਿਰਫ ਦਲਿਤ ਜਾਂ ਓ ਬੀ ਸੀ ਅਧਿਕਾਰ ਦਾ ਸੁਆਲ ਨਹੀਂ ਹੈ ਬਲਕਿ ਇਕ ਅੱਛਾ ਸਮਾਜ ਇਕ ਖੁਸ਼ਹਾਲ ਭਾਰਤ ਬਣਾਉਣ ਦਾ ਸੁਆਲ ਹੈ। ਦਲਿਤ, ਗੈਰ ਦਲਿਤ ਭੇਦ ਭਾਵ ਖਤਮ ਹੋਣਾ ਚਾਹੀਦਾ ਹੈ। ਨੌਕਰੀਆਂ ਦਾ ਦਲਿਤ ਜੀਵਨ ਵਿਚ ਫੈਸਲਾਕੁੰਨ ਮਹੱਤਵ ਹੈ। ਦਲਿਤ ਸਮਾਜ ਨੇ ਅੱਜ ਵੀ ਜੋ ਹੈਸੀਅਤ ਹਾਸਲ ਕੀਤੀ ਹੈ ਉਸ ਦਾ ਕਾਰਨ ਸਰਕਾਰੀ ਖੇਤਰ ਦੀਆਂ ਨੌਕਰੀਆਂ 'ਚ ਰਾਖਵਾਂਕਰਨ ਹੀ ਹੈ ਜਾਂ ਵਿਧਾਨ ਸਭਾਵਾਂ 'ਚ ਨੁਮਾਇੰਦਗੀ। ਲੋਕ ਸਭਾ 'ਚ ਵੀ ਲਗਭਗ ਸਵਾ ਸੌ ਦਲਿਤ ਸਾਂਸਦ ਹਨ। ਜੇ ਰਾਖਵਾਂਕਰਨ ਖਤਮ ਕਰ ਦਿੱਤਾ ਜਾਵੇ ਤਾਂ ਇਹ ਗਿਣਤੀ ਸ਼ਾਇਦ ਦਸ ਦਾ ਅੰਕੜਾ ਵੀ ਪਾਰ ਨਹੀਂ ਕਰ ਸਕਦੀ। ਪਰ ਨਿਜੀ ਖੇਤਰ 'ਚ ਜੇ ਰਾਖਵਾਂਕਰਨ ਲਾਗੂ ਹੋ ਜਾਵੇ (ਇਹ ਦੇਸ਼ ਦੇ ਹਿੱਤ 'ਚ ਹੋਵੇਗਾ) ਤਾਂ ਵੀ ਨਾਮਾਤਰ ਦਾ ਸੁਧਾਰ ਹੋਵੇਗਾ। ਦਲਿਤ ਅੰਦੋਲਨ ਦੀ ਤਰਾਸਦੀ ਹੈ ਕਿ ਇਹ ਨੌਕਰੀਆਂ 'ਚ ਆਪਣੇ ਅਧਿਕਾਰ ਤੋਂ ਅੱਗੇ ਨਹੀਂ ਵੱਧ ਸਕਿਆ। ਸਰਕਾਰ ਮੁਖ ਧਾਰਾ ਦੀਆਂ ਰਾਜਸੀ ਪਾਰਟੀਆਂ ਜਾਂ ਬੌਧਿਕ ਤਬਕਾ ਵੀ ਸ਼ਾਇਦ ਇਹੀ ਚਾਹੁੰਦਾ ਹੈ ਕਿ ਦਲਿਤ ਜਾਂ ਓ ਬੀ ਸੀ ਸਰਕਾਰੀ ਨੌਕਰੀਆਂ ਤੋਂ ਅੱਗੇ ਸੋਚੇ ਹੀ ਨਾ। ਇਹ ਸਭ ਤੋਂ ਵੱਡੀ ਤਰਾਸਦੀ ਹੈ। ਕੀ ਸਿਰਫ ਨੌਕਰੀਆਂ ਨਾਲ

ਹੀ ਦਲਿਤ ਜਾਂ ਪਿਛੜਿਆ ਦੀ ਮੁਕਤੀ ਸੰਭਵ ਹੈ? ਇਸ ਸੁਆਲ 'ਤੇ ਅਕਸਰ ਵਿਚਾਰ ਨਹੀਂ ਹੁੰਦਾ। ਦਲਿਤ ਮੁਕਤੀ 'ਚ ਇਕ ਔਜਾਰ ਵਜੋਂ ਨੌਕਰੀਆਂ ਦਾ ਬਹੁਤ ਮਹੱਤਵ ਹੈ ਪਰ ਸਾਨੂੰ ਇਸ ਦੀ ਸੀਮਾਵਾਂ ਨੂੰ ਵੀ ਸਮਝਣਾ ਚਾਹੀਦਾ ਹੈ। ਭਾਰਤ 'ਚ ਸਰਕਾਰੀ ਨੌਕਰੀਆਂ ਦੀ ਕੁਲ ਗਿਣਤੀ ਇਕ ਕਰੋੜ 94 ਲੱਖ ਹੈ। ਸੰਗਠਿਤ ਖੇਤਰ 'ਚ ਕੁਲ ਨੌਕਰੀਆਂ ਦੀ ਗਿਣਤੀ ਸਿਰਫ 87 ਲੱਖ ਹੈ। ਇਸ ਤਰ੍ਹਾਂ ਸਰਕਾਰੀ ਤੇ ਨਿਜੀ ਖੇਤਰ ਦੀ ਕੁਲ ਨੌਕਰੀਆਂ ਦੀ ਗਿਣਤੀ 2 ਕਰੋੜ 81 ਲੱਖ ਹੈ। ਜਿਸ 'ਚ ਦਲਿਤਾਂ ਦਾ ਅਧਿਕਾਰ 63 ਲੱਖ ਨੌਕਰੀਆਂ ਤੇ ਓ ਬੀ ਸੀ ਦਾ ਅਧਿਕਾਰ 65 ਲੱਖ ਨੌਕਰੀਆਂ 'ਤੇ ਬੈਠਦਾ ਹੈ।

ਯਾਨੀ ਜੇ ਸਰਕਾਰੀ ਤੇ ਨਿਜੀ ਖੇਤਰ 'ਚ ਦਲਿਤਾਂ ਤੇ ਓ ਬੀ ਸੀ ਦਾ ਰਾਖਵਾਂਕਰਨ ਪੂਰਾ ਵੀ ਲਾਗੂ ਕਰ ਦਿੱਤਾ ਜਾਵੇ ਤਾਂ ਸਿਰਫ 63 ਲੱਖ ਦਲਿਤਾਂ ਤੇ 65 ਲੱਖ ਓ ਬੀ ਸੀ ਨੂੰ ਹੀ ਲਾਭ ਮਿਲੇਗਾ। ਜਦ ਕਿ ਜ਼ਰੂਰਮੰਦਾਂ ਦੀ ਗਿਣਤੀ ਕਰੋੜਾਂ ਵਿਚ ਹੈ। ਨੈਸ਼ਨਲ ਸੈਂਪਲ ਸਰਵੇ (1993-94 ਈ:) ਅਨੁਸਾਰ ਭਾਰਤ ਦੇ ਕੁਲ ਰੁਜ਼ਗਾਰ ਦਾ ਸਿਰਫ 8 ਫੀਸਦੀ ਭਾਗ ਜਥੇਬੰਦ ਖੇਤਰ (ਸਰਕਾਰ ਤੇ ਨਿਜੀ ਖੇਤਰ ਮਿਲਾ ਕੇ) 'ਚ ਹੈ, ਬਾਕੀ 92 ਫੀਸਦੀ ਗੈਰ ਜਥੇਬੰਦ ਖੇਤਰ ਹੈ। ਅਰਥ ਇਹ ਹੈ ਕਿ ਮੁੱਖ ਤੌਰ 'ਤੇ ਦਲਿਤ ਭਵਿੱਖ ਦੀ ਸੰਭਾਵਨਾ ਗੈਰ ਜਥੇਬੰਦ ਖੇਤਰ 'ਚ ਵੱਧ ਹੈ ਪਰ ਇਸ ਦਾ ਅਰਥ ਇਹ ਵੀ ਨਹੀਂ ਕਿ ਜਥੇਬੰਦ ਖੇਤਰ 'ਚ ਦਲਿਤਾਂ ਤੇ ਓ ਬੀ ਸੀ ਦੇ ਦਾਅਵੇਦਾਰੀ ਜ਼ਰੂਰੀ ਨਹੀਂ ਹੈ। ਇਹ ਪ੍ਰਸੰਗ 'ਚ ਇਹ ਜਾਨਣਾ ਦਿਲਚਸਪ ਹੋਵੇਗਾ ਕਿ ਨਿਜੀ ਖੇਤਰ 'ਚ ਦਲਿਤਾਂ ਦਾ ਭਵਿੱਖ ਨੌਕਰੀਆਂ ਦੇ ਖੇਤਰ 'ਚ ਵੱਧ ਹੈ ਜਾਂ ਫਿਰ ਵਪਾਰ ਦੇ ਖੇਤਰ 'ਚ? ਹਿੰਦੁਸਤਾਨ ਲੀਵਰ ਭਾਰਤ ਦੀ ਇਕ ਮੋਹਰੀ ਕੰਪਨੀ ਹੈ। ਇਸ 'ਚ ਫਿਲਹਾਲ 30 ਹਜ਼ਾਰ ਕਰਮਚਾਰੀ ਤੇ ਪ੍ਰਬੰਧਕ ਹਨ। ਜੇ ਇਥੇ ਰਾਖਵਾਂਕਰਨ ਲਾਗੂ ਹੋਵੇ ਤਾਂ ਕਰੀਬ ਸਾਢੇ ਸੱਤ ਹਜ਼ਾਰ ਦਲਿਤਾਂ ਦੇ ਹਿੱਸੇ ਆਉਂਦਾ ਹੈ। ਧਿਆਨ ਰਹੇ, ਹੇਠਲੇ ਹੁਨਰਮੰਦ, ਅਰਧ ਹੁਨਰਮੰਦ ਤੇ ਗੈਰ ਹੁਨਰਮੰਦ ਪੱਧਰ ਦੇ ਕਰਮਚਾਰੀਆਂ 'ਚ ਦਲਿਤਾਂ ਦੀ ਅੱਛੀ ਖਾਸੀ ਹਿੱਸੇਦਾਰੀ ਪਹਿਲਾਂ ਹੀ ਹੋਵੇਗੀ। ਪਰ ਕੰਪਨੀ ਦੀਆਂ ਵਸਤਾਂ ਵੇਚਣ ਲਈ ਦੇਸ਼ ਭਰ 'ਚ ਦੋ ਲੱਖ ਡਿਸਟ੍ਰੀਬਿਊਟਰ ਹਨ। ਹਰ ਡਿਸਟਰੀਬਿਊਟਰ ਇਕ ਮਹੀਨੇ 'ਚ ਲੱਖਾਂ ਰੁਪਏ ਦਾ ਸਮਾਨ ਵੇਚਦਾ ਹੈ। ਜੇ ਇਹ ਕੰਪਨੀ ਡਿਸਟਰੀਬਿਊਟਰ ਸ਼੍ਰੇਣੀ 'ਚ ਰਾਖਵਾਂਕਰਨ ਲਾਗੂ ਕਰਦੀ ਹੈ ਤਾਂ ਦਲਿਤਾਂ ਦੀ ਹਿੱਸੇਦਾਰੀ 50 ਹਜ਼ਾਰ ਬਣਦੀ ਹੈ। ਸਰਕਾਰ ਰਾਜਸੀ ਪਾਰਟੀਆਂ ਤੇ ਬੁੱਧੀਜੀਵੀ ਜਾਣਦੇ ਹਨ ਕਿ ਨਿਜੀ ਖੇਤਰ 'ਚ ਸਪੇਲਾਇਰ, ਡੀਲਰ ਤੇ ਡਿਸਟਰੀਬਿਊਟਰ ਵਜੋਂ ਦਲਿਤਾਂ ਤੇ ਓ ਬੀ ਸੀ ਦਾ ਸੁਨਹਿਰਾ ਭਵਿੱਖ ਹੈ। ਪਰ ਇਹ ਗੱਲ ਉਹ ਦਲਿਤਾਂ ਤੇ ਓ ਬੀ ਸੀ ਨੂੰ ਦੱਸਣਾ ਨਹੀਂ ਚਾਹੁੰਦੀਆਂ। ਦਲਿਤ ਤੇ ਓ ਬੀ ਸੀ ਅੰਦੋਲਨ ਇਹਨਾਂ ਗੰਭੀਰ ਗੱਲਾਂ ਤੋਂ ਅਨਜਾਣ ਹੈ। ਦਲਿਤ ਤੇ ਓ ਬੀ ਸੀ ਇਹ ਜਾਨਣ ਦੀ ਕੋਸ਼ਿਸ਼ ਵੀ ਨਹੀਂ ਕਰਦੇ। ਨਿਜੀ ਖੇਤਰ 'ਚ ਰੁਜ਼ਗਾਰ ਦੀ ਉਪਲੱਭਤਾ ਦਾ ਆਪਣਾ ਇਕ ਵਿਆਕਰਣ ਹੈ। ਜੇ ਕਿਸੇ ਵਸਤ ਨੂੰ ਬਣਾਉਣ ਲਈ, ਸੌ ਲੋਕਾਂ ਨੂੰ ਸਿੱਧੇ ਤੌਰ 'ਤੇ ਰੁਜ਼ਗਾਰ ਮਿਲਦਾ ਹੈ ਤਾਂ ਉਸ ਦੇ ਬਦਲੇ ਹਜ਼ਾਰਾਂ ਲੋਕਾਂ ਨੂੰ ਅਸਿੱਧੇ ਤੌਰ 'ਤੇ ਰੁਜ਼ਗਾਰ ਮਿਲਦਾ ਹੈ, ਜੋ ਲੋਕ ਸਿੱਧਾ ਰੁਜ਼ਗਾਰ ਹਾਸਲ ਕਰਦੇ ਹਨ, ਉਹ ਕਦੀ ਵੱਡੀ ਦੌਲਤ ਦੇ ਮਾਲਕ ਬਣ ਨਹੀਂ ਸਕਦੇ ਪਰ ਜੋ ਲੋਕ ਅਸਿੱਧੇ ਤੌਰ 'ਤੇ ਰੁਜ਼ਗਾਰ ਲੈਂਦੇ ਹਨ ਉਹ ਖੁਸ਼ਹਾਲ ਬਣਦੇ ਹਨ। ਮਹਾਂਰਾਸ਼ਟਰ ਸਰਕਾਰ ਨੇ ਨਿਜੀ ਖੇਤਰ 'ਚ

ਰਾਖਵਾਂਕਰਨ ਦਾ ਇਕ ਸ਼ੋਸ਼ਾ ਛੱਡਿਆ ਹੈ, ਜੇ ਇਹ ਲਾਗੂ ਹੋ ਜਾਂਦਾ ਹੈ ਤਾਂ ਅੱਛੀ ਗੱਲ ਹੈ। ਉਸ ਵੇਲੇ ਮੁੱਖ ਮੰਤਰੀ ਖੁਦ ਦਲਿਤ ਰਹੇ ਸਨ। ਉਹਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਦਲਿਤ ਤੇ ਓ ਬੀ ਸੀ ਭਾਰਤ ਦੇ ਉਦਯੋਗ ਤੇ ਬਾਜ਼ਾਰ 'ਚ ਅੱਜ ਵੀ ਗੈਰ ਹਾਜ਼ਰ ਹੈ। ਸਨਅਤ ਵਪਾਰ 'ਚ ਦਲਿਤ ਹਿੱਸੇਦਾਰੀ ਨਾਂਹ ਦੇ ਬਰਾਬਰ ਹੈ। ਮਹਾਂਰਾਸ਼ਟਰ 'ਚ ਇਸ ਸਮੇਂ ਸਰਕਾਰੀ ਲਾਇਸੰਸ 'ਤੇ ਚਲ ਰਹੀਅ ਸ਼ਰਾਬ ਦੀਆਂ 4200 ਦੁਕਾਨਾਂ ਹਨ। ਜਿਹਨਾਂ ਨੂੰ ਨਿਜੀ ਠੇਕੇਦਾਰ ਚਲਾਉਂਦੇ ਹਨ। ਇਹਨਾਂ ਦੁਕਾਨਾਂ ਦੇ ਲਾਇਸੰਸਾਂ ਦਾ ਨਵੀਨੀਕਰਨ ਹਰ ਸਾਲ ਹੁੰਦਾ ਹੈ ਤਾਂ ਕਰੀਬ 950 ਦਲਿਤ ਇਸ ਵਪਾਰ 'ਚ ਆ ਜਾਣਗੇ। ਇਕ ਦੁਕਾਨ ਤੋਂ ਸਾਲ 'ਚ ਜਿੰਨੀ ਆਮਦਨ ਹੋ ਜਾਂਦੀ ਹੈ ਉਹਨਾਂ 10 ਆਈ ਏ ਐਸ ਅਫਸਰ ਮਿਲ ਕੇ ਨਹੀਂ ਕਮਾ ਸਕਦੇ। ਨਾਲ ਹੀ ਸ਼ਰਾਬ ਦੀਆਂ ਦੁਕਾਨਾਂ ਚਲਾਉਣ ਤੋਂ ਘੱਟੋ-ਘੱਟ 10 ਲੋਕਾਂ ਦੀ ਲੋੜ ਪੈਂਦੀ ਹੈ।

ਯਾਨੀ ਇਕ ਝਟਕੇ 'ਚ ਮਹਾਂਰਾਸ਼ਟਰ ਸਰਕਾਰ ਹਜ਼ਾਰਾਂ ਦਲਿਤਾਂ ਨੂੰ ਰੁਜ਼ਗਾਰ ਦੇ ਸਕਦੀ ਹੈ। ਇਸ ਤਰ੍ਹਾਂ ਲੋਕ ਨਿਰਮਾਣ ਵਿਭਾਗ, ਸਿੰਚਾਈ ਵਿਭਾਗ, ਪੇਂਡੂ ਇੰਜਨੀਰਿੰਗ ਵਿਭਾਗ ਤੇ ਨਗਰ ਕਾਰਪੋਰੇਸ਼ਨ 'ਚ ਹਜ਼ਾਰਾਂ ਦੀ ਗਿਣਤੀ 'ਚ ਠੇਕੇ ਦਿੱਤੇ ਜਾਂਦੇ ਹਨ। ਸੈਂਕੜੇ ਕਰੋੜਾਂ ਰੁਪਏ ਦਾ ਕਾਰੋਬਾਰ ਹੁੰਦਾ ਹੈ। ਜੇ ਇਹਨਾਂ ਠੇਕਿਆਂ 'ਚ ਰਾਖਵਾਂਕਰਨ ਲਾਗੂ ਕਰ ਦਿੱਤਾ ਜਾਵੇ ਤਾਂ ਹਜ਼ਾਰ ਦਲਿਤ ਤੇ ਓ ਬੀ ਸੀ ਭਾਰਤ ਦੇ ਵਪਾਰ ਜਗਤ 'ਚ ਹਿੱਸੇਦਾਰ ਬਣ ਸਕਦੇ ਹਨ। ਸਰਕਾਰ ਸੈਂਕੜੇ ਕਰੋੜਾਂ ਰੁਪੈ ਦੀਆਂ ਚੀਜ਼ਾਂ ਬਾਜ਼ਾਰ ਤੋਂ ਖਰੀਦ ਦੀ ਹੈ। ਜੇ ਸਰਕਾਰ ਖਰੀਦਾ ਇਕ ਹਿੱਸਾ ਦਲਿਤਾਂ ਤੇ ਇਕ ਹਿੱਸਾ ਓ ਬੀ ਸੀ ਲਈ ਰਾਖਵਾਂ ਕਰ ਦੇਵੇ ਤਾਂ ਹਜ਼ਾਰਾ ਦਲਿਤ-ਓ ਬੀ ਸੀ ਖੁਸ਼ਹਾਲ ਹੋ ਸਕਦੇ ਹਨ। ਦਲਿਤਾਂ ਦੀ ਮੁਕਤੀ ਤੇ ਓ ਬੀ ਸੀ ਭਲਾਈ ਦੀ ਬਹਿਸ ਅੱਜ ਵੀ ਘਸੇ ਪਿਟੇ ਅਧਾਰਾਂ 'ਤੇ ਟਿਕੀ ਹੋਈ ਹੈ। ਭਾਰਤੀ ਸਮਾਜ ਦੇ ਹਿੱਤ ਵਿਚ ਨਹੀਂ ਕਿ ਦੇਸ਼ ਦੀ ਅੱਧੀ ਤੋਂ ਵੱਧ ਦਲਿਤ ਤੇ ਓ ਬੀ ਸੀ ਅਬਾਦੀ ਦੇਸ਼ ਦੇ ਆਰਥਕ ਜੀਵਨ ਤੋਂ ਅਲੱਗ ਥਲੱਗ ਰਹੇ। ਇਸ ਅੱਧੀ ਤੋਂ ਵੱਧ ਅਬਾਦੀ ਨੂੰ ਸਨਅਤੀ ਕਾਰੋਬਾਰ ਤੋਂ ਵੱਖ ਰੱਖ ਕੇ ਭਾਰਤ ਕਦੀ ਵੀ ਵਿਕਸ਼ਤ ਦੇਸ਼ ਨਹੀਂ ਹੋ ਸਕਦਾ। ਇਹ ਗੱਲਾਂ ਉਹਨਾਂ ਨੂੰ ਵੀ ਸਮਝਣੀ ਚਾਹੀਦੀ ਹੈ ਜੋ ਦਲਿਤਾਂ ਅਤੇ ਪਿਛੜੀਆਂ ਜਾਤੀਆਂ ਤੋਂ ਨਫਰਤ ਕਰਦੇ ਹਨ ਪਰ ਭਾਰਤ ਨੂੰ ਇਕ ਵਿਕਸ਼ਤ ਸਮਾਜ ਵਜੋਂ ਵੇਖਣਾ ਚਾਹੁੰਦੇ ਹਨ। ਹੁਣ ਸਮਾਂ ਆ ਗਿਆ ਹੈ ਕਿ ਦਲਿਤ ਅਤੇ ਓ ਬੀ ਸੀ ਸੁਆਲ 'ਤੇ ਪੂਰਾ ਸਮਾਜ ਖੁੱਲ੍ਹੇ ਦਿਲ ਨਾਲ ਚਿੰਤਨ ਕਰੇ ਅਤੇ ਉਹਨਾਂ ਕਾਰਨਾਂ ਨੂੰ ਹਮੇਸ਼ਾ ਲਈ ਮਿਟਾ ਦੇਵੇ ਜਿਸ ਦੀ ਵਜ੍ਹਾ ਕਰਕੇ ਭਾਰਤ ਦਲਿਤ ਤੇ ਗੈਰ ਦਲਿਤ ਭੇਦਭਾਵ ਨਾਲ ਗ੍ਰਸਿਤ ਹੈ। ਮਿਹਨਤਕਸ਼ਾਂ ਦੀ ਇਹ ਅਬਾਦੀ ਇਸ ਪ੍ਰਬੰਦ ਨੂੰ ਬਦਲ ਕੇ ਨਵਾਂ ਨਿਰੋਆ ਸਮਾਜ ਸਿਰਜਨ 'ਚ ਸਿਰਜਨਾਤਮਕ ਭੂਮਿਕਾ ਅਦਾ ਜ਼ਰੂਰ ਕਰੇਗੀ।

# ਰਿਜ਼ਰਵੇਸ਼ਨ ਅਤੇ ਮੈਰਿਟ ਮਿੱਥ

ਪ੍ਰਾਈਵੇਟ ਸੈਕਟਰ ਦੀਆਂ ਨੌਕਰੀਆਂ ’ਚ ਰਾਖਵੇਂਕਰਨ ’ਤੇ ਬਹਿਸ ਹੋਣੀ ਚਾਹੀਦੀ ਹੈ। ਮੁੱਦਿਆਂ ’ਤੇ ਬਹਿਸ ਲੋਕਰਾਜੀ ਪ੍ਰਬੰਦ ਦਾ ਇਕ ਅਟੁੱਟ ਸੁੰਦਰ ਅੰਗ ਹੈ। ਇਸ ਸੁਆਲ ’ਤੇ ਯੂ ਪੀ ਏ ਸਰਕਾਰ ਨੇ ਬਹਿਸ ਦਾ ਪ੍ਰਸਤਾਅ ਰੱਖਿਆ ਹੈ। ਅਜੇ ਤਕ ਨਿਜੀ ਉਦਯੋਗਾਂ ਦੇ ਸੰਗਠਨਾਂ ਤੇ ਸਰਕਾਰ ਵਿਚਾਲੇ ਇਕ ਵੀ ਮੀਟਿੰਗ ਨਹੀਂ ਹੋਈ ਹੈ। ਪਰ ਉਦਯੋਗ ਦੇ ਬੁਲਾਰਿਆਂ ਨੇ ਆਪਣਾ ਨਜ਼ਰੀਆ ਸਾਫ ਕਰ ਦਿੱਤਾ ਹੈ। ਭਾਰਤੀ ਉਦਯੋਗ ਜਗਤ ਦਾ ਕਹਿਣਾ ਹੈ ਕਿ ਪ੍ਰਾਈਵੇਟ ਸੈਕਟਰ ’ਚ ਰਿਜ਼ਰਵੇਸ਼ਨ ਲਾਗੂ ਹੋਣ ਨਾਲ ਵਿਸ਼ਵ ਬਜ਼ਾਰ ਦੀ ਦੌੜ ’ਚ ਭਾਰਤ ਆਪਣੀ ਉੱਚਤਾ ਗੁਆ ਲਵੇਗਾ। ਮਤਲਬ ਇਹ ਹੈ ਕਿ ਰਿਜ਼ਰਵੇਸ਼ਨ ਲਈ ਆਏ ਦਲਿਤਾਂ ਦੀ ਵਜ੍ਹਾ ਕਰਕੇ ਪ੍ਰਾਈਵੇਟ ਸੈਕਟਰ ਦੀ ਪੈਦਾਵਾਰ ਦੀ ਗੁਣਵੰਣਤਾ ਹੇਠਾਂ ਆ ਜਾਵੇਗੀ। ਭਾਰਤ ਅੰਦਰ ਹੀ ਦਲਿਤ ਸਮਾਜ ਹੈ, ਪਿਛੜਿਆ ਸਮਾਜ ਹੈ ਜੋ ਕਦੀ ਨਹੀਂ ਚਾਹੁਣਗੇ ਕਿ ਉਹਨਾਂ ਦੀ ਵਜ੍ਹਾ ਕਰਕੇ ਭਾਰਤੀ ਸਨਅਤੀ ਜਗਤ ਦੀ ਕੁਆਲਟੀ ’ਤੇ ਨਕਾਰਾਤਮਕ ਪ੍ਰਭਾਵ ਪਵੇ। ਦਲਿਤ ਇਹ ਵੀ ਨਹੀਂ ਚਾਹੁਣਗੇ ਕਿ ਉਹਨਾਂ ਕਾਰਨ ਸੰਸਾਰ ਬਾਜ਼ਾਰ ’ਚ ਭਾਰਤੀ ਕੰਪਨੀਆਂ ਦਾ ਕੋਈ ਨੁਕਸਾਨ ਹੋਵੇ। ਜੇ ਭਾਰਤ ਤਰੱਕੀ ਕਰੇਗਾ ਤਾਂ ਇਸ ਦਾ ਲਾਭ ਦਲਿਤਾਂ ਤੇ ਪਿਛੜਿਆ ਨੂੰ ਵੀ ਮਿਲੇਗਾ ਪਰ ਕੁਆਲਟੀ ਤੇ ਕਮਪੀਟੀਸ਼ਨ ਦੇ ਇਸ ਤਰਕ ਨੂੰ ਸਹੀ ਪ੍ਰਸੰਗ ’ਚ ਸਮਝਿਆ ਜਾਣਾ ਚਾਹੀਦਾ ਹੈ। ਅਜੇ ਤਕ ਪ੍ਰਾਈਵੇਟ ਸੈਕਟਰ ’ਚ ਪਰਖਿਆ ਜਾਣਾ ਜ਼ਰੂਰੀ ਹੈ। ਅਜੇ ਤਕ ਪ੍ਰਾਈਵੇਟ ਸੈਕਟਰ ’ਚ ਰਾਖਵਾਂਕਰਨ ਲਾਗੂ ਨਹੀਂ ਹੋਇਆ ਹੈ। ਅਜੇ ਤਕ ਕੋਈ ਦਲਿਤ ਜਾਂ ਪਿਛੜਿਆਂ ਦੇਸ਼ ਦਾ ਪ੍ਰਧਾਨ ਮੰਤਰੀ ਖਣਿਜ ਮੰਤਰੀ ਜਾਂ ਉਦਯੋਗ ਮੰਤਰੀ ਨਹੀਂ ਬਣਿਆ ਹੈ। ਯਾਨੀ ਦੇਸ਼ ਦੀ ਅਰਥ ਨੀਤੀ ਦਾ ਸੰਚਾਲਨ ਦਲਿਤ ਚਿੰਤਾ ਤੋਂ ਮੁਕਤ ਰਹਿ ਕੇ ਕੀਤਾ ਗਿਆ ਹੈ। ਪ੍ਰਾਈਵੇਟ ਸੈਕਟਰ ਨੂੰ ਵੀ ਐਸੀ ਅਜ਼ਾਦੀ ਰਹੀ ਹੈ ਅਤੇ ‘ਮੈਰਿਟ’ ਵਾਲੇ ਹੀ ਉਸ ਦੇ ਕਰਤਾ ਧਰਤਾ ਰਹੇ ਹਨ। ਕਿਸੇ ਵੀ ਸਿਹਤਮੰਦ ਬਹਿਸ ਲਈ ਜ਼ਰੂਰੀ ਹੁੰਦਾ ਹੈ ਕਿ ਇਸ ਦੀ ਪੁਸ਼ਟੀ ਤੱਥਾਂ ਨਾਲ ਕੀਤੀ ਜਾਵੇ। ਇਸ ਦ੍ਰਿਸ਼ਟੀ ਨਾਲ ਇਹ ਦੇਖ ਲੈਣਾ ਜ਼ਰੂਰੀ ਹੁੰਦਾ ਹੈ ਕਿ ਸੰਸਾਰ ਬਾਜ਼ਾਰ ’ਚ ਭਾਰਤੀ ਉਦਯੋਗ ਦੀ ਕਾਰਗੁਜ਼ਾਰੀ ਕਿਹੋ ਜਿਹੀ ਰਹੀ ਹੈ ਕਿਉਂਕਿ ਇਸ ਵਿਸ਼ਵ ਬਾਜ਼ਾਰ ’ਚ ਮੁਕਾਬਲੇ ਦੀ ਦੁਹਾਈ ਦੇ ਕੇ ਰਾਖਵੇਂਕਰਨ ਦਾ ਵਿਰੋਧ ਕੀਤਾ ਜਾ ਰਿਹਾ ਹੈ। ਸੱਚ ਤਾਂ ਇਹ ਹੈ ਕਿ ਸਾਲ 2000-2001 ’ਚ ਸੰਸਾਰ ਬਾਜ਼ਾਰ ’ਚ ਭਾਰਤ ਦੀ ਹਿੱਸੇਦਾਰੀ ਸਿਰਫ 0.67 ਫੀਸਦੀ ਸੀ। ਅਰਥਸਾਸ਼ਤਰੀਆ ਨੂੰ ਉਮੀਦ ਹੈ ਕਿ ਸਾਲ 2006-07 ਤਕ ਇਹ ਵਧ ਕੇ ਇਕ ਫੀਸਦੀ ਤਕ ਹੋ ਜਾਵੇਗੀ। ਕੁਦਰਤੀ ਸਾਧਨਾਂ ਸਬੰਧੀ ਖੁਸ਼ਹਾਲ ਇਕ ਅਰਬ ਤੋਂ ਵੱਧ ਦੀ ਅਬਾਦੀ ਵਾਲੇ ਭਾਰਤ ਵਰਗੇ ਦੇਸ਼ ਲਈ ਇਹ ਕਿੰਨੀ ਸ਼ਰਮਨਾਕ ਗੱਲ ਹੈ ਕਿ ਵਿਸ਼ਵ ਬਾਜ਼ਾਰ ’ਚ ਸਾਡੀ ਹਿੱਸੇਦਾਰੀ ਇਕ ਫੀਸਦੀ ਤਕ ਵੀ ਨਹੀਂ ਪਹੁੰਚ ਸਕੀ ਹੈ। ਗੁਆਂਢੀ ਦੇਸ਼ ਚੀਨ ਸਿਰਫ ਦੋ ਦਹਾਕੇ ਪਹਿਲਾਂ ਸੰਸਾਰ ਬਾਜ਼ਾਰ ’ਚ ਸ਼ਾਮਲ ਹੋਇਆ ਪਰ ਅੱਜ ਉਸ ਦੀ ਹਿੱਸੇਦਾਰੀ 5 ਫੀਸਦੀ ਤਕ ਹੋਣ ਜਾ ਰਹੀ ਹੈ। ਪਿਛਲੇ ਦਹਾਕੇ ’ਚ ਭਾਰਤ ਦੀ ਉਚ ਕੋਟੀ ਦੀ ਪ੍ਰਤਿਭਾ ਦੇ ਲਿਹਾਜ ਨਾਲ ਸਭ ਤੋਂ ਕਾਬਲ ਪੀੜ੍ਹੀ ਆਈ. ਟੀ. ਸੈਕਟਰ ’ਚ ਗਈ ਹੈ। ਅੱਜ ਆਈ ਟੀ ਸੈਕਟਰ ਦੀ ਧੂਮ ਮੱਚੀ ਹੈ ਅਤੇ ਜੇ ਪ੍ਰਾਈਵੇਟ ਸੈਕਟਰ ’ਚ ਨੁਮਾਇੰਦਿਆਂ

ਦੀ ਗੱਲ 'ਤੇ ਯਕੀਨ ਕੀਤਾ ਜਾਵੇ ਤਾਂ ਭਾਰਤ 'ਆਈ ਟੀ ਸੁਪਰ ਪਾਵਰ' ਬਣ ਚੁੱਕਿਆ ਹੈ ਜਾਂ ਬਨਣ ਹੀ ਵਾਲਾ ਹੈ।

ਕੀ ਇਸ ਤਰ੍ਹਾਂ ਦੀ ਦਾਅਵੇਦਾਰੀ ਦੀ ਪੁਸ਼ਟੀ ਤੱਥਾਂ ਨਾਲ ਵੀ ਕੀਤੀ ਜਾ ਸਕਦੀ ਹੈ? ਸੰਨ 2002-03 'ਚ ਵਿਸ਼ਵ ਦੇ ਕੁਲ ਆਈ ਟੀ ਬਾਜ਼ਾਰ 'ਚ ਭਾਰਤ ਦੀ ਹਿੱਸੇਦਾਰੀ ਸਿਰਫ 2 ਫੀਸਦੀ ਸੀ। ਇਥੇ ਇਸ ਗੱਲ ਦੀ ਵੀ ਚਰਚਾ ਕਰਨੀ ਹੋਵੇਗੀ ਕਿ ਸਾਲ 2002-03 'ਚ ਭਾਰਤ ਦੀ ਅਭੂਸ਼ਣ ਬਰਾਮਦ ਲਗਭਗ ਉਨੀ ਹੀ ਸੀ ਜਿੰਨੀ ਆਈ ਬਰਾਬਰ ਅਭੂਸ਼ਣ (ਗਹਿਣੇ) ਬਣਾਉਣ 'ਚ ਲੱਗੇ ਕਾਰੀਗਰ ਮੁਕਾਬਲਤਨ ਘਟ ਪੜ੍ਹੇ ਲਿਖੇ ਹੁੰਦੇ ਹਨ ਤੇ ਆਮ ਤੌਰ 'ਤੇ ਹੇਠਲੇ ਤਬਕਿਆਂ ਤੋਂ ਆਉਂਦੇ ਹਨ। ਪ੍ਰਾਈਵੇਟ ਸੈਕਟਰ ਦੇ ਨੁਮਾਇੰਦੇ ਵਾਰ-ਵਾਰ ਕੌਮਾਂਤਰੀ ਮੁਕਾਬਲੇ ਦੀ ਦੁਹਾਈ ਦਿੰਦੇ ਹਨ। ਪਰ ਇਹ ਨਹੀਂ ਦਸਦੇ ਕਿ ਅਮਰੀਕਾ ਦੀਆਂ ਕਿਹੜੀਆਂ ਕੰਪਨੀਆਂ ਨਾਲ ਇਹਨਾਂ ਦਾ ਮੁਕਾਬਲਾ ਹੈ। ਪਹਿਲਾਂ ਤਾਂ ਇਹ ਕਿ ਜਿਸ ਤਰ੍ਹਾਂ ਭਾਰਤ ਜਾਤੀ ਵੰਡ, ਭੇਦ ਭਾਵ ਤੇ ਸਮਾਜਕ ਵੰਚਨਾਵਾਂ ਦਾ ਦੇਸ਼ ਹੈ ਉਸੇ ਤਰ੍ਹਾਂ ਅਮਰੀਕਾ ਵੀ ਨਸਲੀ ਵਿਭਾਜਨ ਭੇਦਭਾਵ ਤੇ ਵੰਚਨਾਵਾਂ ਦਾ ਦੇਸ਼ ਹੈ। ਦਲਿਤਾਂ ਦੀ ਤੁਲਨਾ ਦੁਨੀਆਂ ਦੇ ਕਿਸੇ ਵੀ ਸਮਾਜਕ ਸਮੂਹ ਨਾਲ ਕਰਨੀ ਹੈ ਤਾਂ ਉਹ ਹਨ ਅਮਰੀਕਾ ਦੇ ਕਾਲੇ। ਅਮਰੀਕੀ ਰੈਡ ਇੰਡੀਅਨ ਭਾਰਤੀ ਆਦਿਵਾਸੀਆਂ ਵਰਗੇ ਹਨ। ਦੂਜੀ ਗੱਲ ਇਹ ਕਿ ਅਮਰੀਕਾ ਸੰਸਾਰ ਦਾ ਸਭ ਤੋਂ ਮਜ਼ਬੂਤ ਤੇ ਵੱਡਾ ਅਰਥਚਾਰਾ ਹੈ। ਵਿਸ਼ਵ ਬਾਜ਼ਾਰ ਦੀ ਦਿਸ਼ਾ ਅਮਰੀਕਾ ਹੀ ਤਹਿ ਕਰਦਾ ਹੈ। ਹੁਣ ਸੁਆਲ ਇਹ ਹੈ ਕਿ ਕੀ ਭਾਰਤ ਦੀ ਪ੍ਰਾਈਵੇਟ ਸੈਕਟਰ ਅਮਰੀਕਾ ਦੀ ਜਹਾਜ਼ ਬਣਾਉਣ ਵਾਲੀ ਕੰਪਨੀ ਬੋਇੰਗ ਨਾਲ ਮੁਕਾਬਲਾ ਕਰਨ ਵਾਲਾ ਹੈ? ਪਿਛਲੇ 35 ਸਾਲਾਂ 'ਚ ਇਸ ਕੰਪਨੀ ਨੇ 1250 ਜਹਾਜ਼ਾਂ ਨੇ ਸਵਾ ਦੋ ਸੌ ਅਰਬ ਯਾਤਰੀਆਂ ਨੂੰ ਢੋਹਿਆ ਹੈ ਜੋ ਵਿਸ਼ਵ ਅਬਾਦੀ ਦਾ 40 ਫੀਸਦੀ ਹੈ। ਕੰਪਨੀ 'ਚ ਕੁਲ ਦੋ ਲੱਖ 20 ਹਜ਼ਾਰ ਕਰਮਚਾਰੀ ਹਨ ਜਿਹਨਾਂ 'ਚ 18 ਫੀਸਦੀ ਕਾਲੇ, ਰੈੱਡ ਇੰਡੀਅਨ ਹਨ। ਕੰਪਨੀ ਨੇ ਇਕ ਉਪ ਵਿਭਾਗ 'ਡਿਵਰਸਟੀ ਡਾਇਰੈਕਟੋਰੇਟ' ਖੋਲ੍ਹ ਰੱਖਿਆ ਹੈ ਜਿਸ ਦਾ ਕੰਮ ਹੈ ਵਿਸ਼ੇਸ਼ ਭਾਰਤੀ ਮੁਹਿੰਮ ਜ਼ਰੀਏ ਕਾਲੇ ਆਦਿ ਯੋਗ ਉਮੀਦਵਾਰਾਂ ਨੂੰ ਲੱਭਣਾ ਤੇ ਨੌਕਰੀ ਦੇਣੀ, ਕੀ ਭਾਰਤ ਦਾ ਪ੍ਰਾਈਵੇਟ ਸੈਕਟਰ ਦੁਨੀਆਂ ਦੀ ਸਭ ਤੋਂ ਵੱਡੀ ਕੰਪਨੀ 'ਇਕਸਾਨ ਮੋਬਿਲ' ਨਾਲ ਦੌੜ ਲਾਉਣ ਵਾਲਾ ਹੈ ਜਿਸ ਦੀ ਸਾਲ 1999 'ਚ ਕੁਲ ਜਾਇਦਾਦ 210 ਅਰਬ ਡਾਲਰ ਦੀ ਸੀ ਯਾਨੀ ਭਾਰਤ ਦੀ 2003-04 ਦੀ ਕੁਲ ਬਰਾਮਦ ਤੋਂ ਚਾਰ ਗੁਣਾ ਵਧ। ਇਸ ਅਮਰੀਕਨ ਕੰਪਨੀ ਦੇ ਕੁਲ ਕਰਮਚਾਰੀਆਂ 'ਚ ਕਾਲਿਆਂ ਆਦਿ ਦੀ ਹਿੱਸੇਦਾਰੀ 28.70% ਹੈ 16.90 ਫੀਸਦੀ ਉਚ ਪੱਧਰੀ ਅਧਿਕਾਰੀ ਅਹੁਦਿਆਂ 'ਤੇ ਅਤੇ 18.08 ਫੀਸਦੀ ਪ੍ਰੋਫੈਸ਼ਨਲ ਸ਼੍ਰੇਣੀ ਵਿਚ ਹਨ। ਕੀ ਭਾਰਤ ਦਾ ਪ੍ਰਾਈਵੇਟ ਸੈਕਟਰ ਮੋਟਰ ਗੱਡੀ ਬਣਾਉਣ ਵਾਲੀ ਦੁਨੀਆਂ ਦੀ ਸਭ ਤੋਂ ਵੱਡੀ ਕੰਪਨੀ 'ਜਨਰਲ ਮੋਟਰਸ' ਨਾਲ ਦੌੜ ਲਾਉਣ ਵਲਾ ਹੈ। ਜਿਸ ਦੀ ਸਾਲ 1999 ਈ. 'ਚ ਕੁਲ ਜਾਇਦਾਦ 185 ਅਰਬ ਡਾਲਰ ਦੀ ਸੀ? ਕੁਲ ਦੋ ਲੱਖ ਦੋ ਹਜ਼ਾਰ, ਚਾਰ ਸੌ ਸੈਂਤੀ ਕਰਮਚਾਰੀ ਅਧਿਕਾਰੀਆਂ ਵਾਲੀ ਇਸ ਕੰਪਨੀ 'ਚ ਕਾਲੇ ਆਦਿ ਦੀ ਗਿਣਤੀ 46 ਹਜ਼ਾਰ 472 ਹੈ ਯਾਨੀ ਕੁਲ ਦਾ 23 ਫੀਸਦੀ। ਉੱਚ ਪ੍ਰਬੰਦਕੀ ਅਹੁਦਿਆਂ 'ਤੇ ਕਾਲੇ ਆਦਿ ਦੀ ਭਾਗੀਦਾਰੀ 19.20 ਫੀਸਦੀ ਤੇ ਮਾਰਕਿਟਿੰਗ 'ਚ 16.30% ਤਕ ਪਹੁੰਚ ਚੁੱਕੀ ਹੈ। ਜਨਰਲ ਮੋਟਰਸ ਵਿਚ ਵੀ ਡਾਈਵਰਸਿਟੀ

ਡਾਇਰੈਕਟੋਰੇਟ ਖੋਲ੍ਹ ਰੱਖਿਆ ਹੈ। ਅਸਲ 'ਚ ਅਮਰੀਕਾ ਦੀਆਂ ਸਾਰੀਆਂ ਫਾਰਚੂਨ-500 ਕੰਪਨੀਆਂ, ਜੋ ਆਪਣੇ ਖੇਤਰ 'ਚ ਵਿਸ਼ਵ ਸਨਅਤ ਦੀ ਅਗਵਾਈ ਕਰਦੀਆਂ ਹਨ। ਡਾਇਵਰਸਿਟੀ ਸਿਧਾਂਤ ਦੀ ਲਗਨ ਨਾਲ ਪਾਲਣ ਕਰਦੀਆਂ ਹਨ। ਡਾਈਵਰਸਿਟੀ ਸਿਰਫ ਨੌਕਰੀਆਂ 'ਚ ਹੀ ਲਾਗੂ ਨਹੀਂ ਹੁੰਦੀ, ਖਰੀਦ 'ਤੇ ਡੀਲਰਸ਼ਿਪ ਵਿਚ ਵੀ ਲਾਗੂ ਹੁੰਦੀ ਹੈ। ਮਿਸਾਲ ਵਜੋਂ ਜਨਰਲ ਮੋਟਰਸ ਨੇ ਸਾਲ 1995 'ਚ ਕਾਲੇ ਆਦਿ ਸਪਲਾਇਰਾਂ ਤੋਂ 2.2 ਅਰਬ ਡਾਲਰ ਦੀਆਂ ਚੀਜ਼ਾਂ ਖਰੀਦੀਆਂ ਅਤੇ 320 ਨੂੰ ਆਪਣੀਆਂ ਵਸਤਾਂ ਵੇਚਣ ਲਈ ਡੀਲਰ ਵੀ ਬਣਾਇਆ। ਅਮਰੀਕਾ ਦੇ ਪ੍ਰਾਈਵੇਟ ਸੈਕਟਰ ਦੀਆਂ ਨੌਕਰੀਆਂ 'ਚ ਕਾਲੇ ਆਦਿ ਆਪਣੀ ਆਬਾਦੀ ਦੇ ਅਨੁਪਾਤ ਦੀ ਭਾਗੀਦਾਰੀ, ਲਗਭਗ ਹਾਸਲ ਕਰ ਚੁੱਕੇ ਹਨ। ਅਮਰੀਕਾ ਦੀ ਸੰਘੀ ਸਰਕਾਰ ਵਲੋਂ ਜਾਰੀ ਸਾਲ 1998 ਈ. ਦੇ ਅੰਕੜੇ ਭਾਰਤ ਲਈ ਇਕ ਨਸੀਹਤ ਹੋ ਸਕਦੇ ਹਨ। ਅੰਕੜਿਆਂ ਮੁਤਾਬਕ ਸੰਗਠਿਤ ਨਿਜੀ ਉਦਯੋਗ ਦੇ ਕੁਲ ਚਾਰ ਕਰੋੜ ਚੌਦਾਂ ਲੱਖ ਯਾਨੀ 27.37 ਫੀਸਦੀ ਤਕ ਪਹੁੰਚ ਚੁੱਕੀ ਹੈ ਜਦ ਕਿ ਕੁਲ ਅਮਰੀਕੀ ਅਬਾਦੀ 'ਚ ਇਹਨਾਂ ਦੀ ਹਿੱਸੇਦਾਰੀ 28 ਫੀਸਦੀ ਹੈ। ਜ਼ਿਕਰਯੋਗ ਹੈ ਕਿ 70 ਦੇ ਦਹਾਕੇ 'ਚ ਕਾਲਿਆਂ ਦੀ ਹਿੱਸੇਦਾਰੀ ਦੀ ਬਹਿਸ ਚੱਲੀ ਤਾਂ ਅਮਰੀਕਾ ਦਾ ਕਾਲਾ ਸਮਾਜ ਵੈਸੇ ਵੀ ਅੱਗ ਬਬੂਲਾ ਹੋ ਗਿਆ ਸੀ ਜਿਵੇਂ ਕਿ ਅੱਜ ਦੇ ਭਾਰਤ ਦਾ ਪ੍ਰਾਈਵੇਟ ਸੈਕਟਰ। "ਮੈਰਿਟ" ਹੀ ਉਹ ਹਥਿਆਰ ਸੀ ਜਿਸ ਨੂੰ ਕਾਲਿਆਂ ਖਿਲਾਫ ਵਰਤਿਆ ਜਾ ਰਿਹਾ ਸੀ ਪਰ ਅੱਜ ਮੈਰਿਟ ਦੇ ਡਿਵਰਸਿਟੀ ਦੇ ਪੱਖ 'ਚ ਸਭ ਤੋਂ ਵੱਡਾ ਤਰਕ ਬਣ ਚੁੱਕਿਆ ਹੈ। ਤਰਕ ਇਹ ਹੈ ਕਿ ਸਮਾਜ ਦੀ ਨਸਲੀ ਵਿਭਿੰਨਤਾ ਸਮਾਜ ਦੇ ਗਿਆਨ ਵਿਗਿਆਨ, ਟੈਕਨਾਲੋਜੀ, ਕਲਾ, ਸਾਹਿਤ ਦੀ ਝਲਕ ਚਾਹੁੰਦੀ ਹੈ ਕਿਉਂਕਿ ਵਿਭਿੰਨ ਨਸਲੀ ਸਮਾਜਿਕ ਸਮੂਹਾਂ ਦੇ ਲੋਕ ਆਪਣੇ ਵੱਖ ਵੱਖ ਅਨੁਭਵਾਂ ਦੇ ਸੰਗਮ ਨਾਲ ਪੈਦਾਵਾਰੀ ਸ਼ਕਤੀ ਵਧਾਉਂਦੇ ਹਨ। ਇਸ ਨਾਲ ਵਸਤੂ ਦੀ ਗੁਣਵੰਣਤਾ ਵੀ ਵਧਦੀ ਹੈ ਤੇ ਬਾਜ਼ਾਰ ਵੀ ਫੈਲਦਾ ਹੈ। ਅਮਰੀਕੀ ਸਨਅਤ ਦੀ ਜੋ ਹੈਸੀਅਤ 70 ਦੇ ਦਹਾਕੇ 'ਚ ਸੀ ਅੱਜ ਉਸ ਤੋਂ ਕਿਤੇ ਵੱਧ ਹੈ। ਅਮਰੀਕੀ ਉਦਯੋਗ ਨੇ ਮੈਰਿਟ ਦੀ ਮਿੱਧ ਨੂੰ ਤੋੜਿਆ ਹੈ ਅਤੇ ਇਸ ਨੂੰ ਸਹੀ ਅਰਥਾਂ 'ਚ ਪੇਸ਼ ਕੀਤਾ ਹੈ। ਭਾਰਤ ਦਾ ਪ੍ਰਾਈਵੇਟ ਸੈਕਟਰ ਗੈਰ ਦਲਿਤ ਦੇ ਪ੍ਰਭਾਵ ਹੇਠ ਰਿਹਾ ਹੈ ਅਤੇ ਖੁਦ ਨੂੰ ਵਿਸ਼ਵ ਬਾਜ਼ਾਰ 'ਚ ਫਿਸਡੀ ਸਾਬਿਤ ਕਰ ਚੁੱਕਿਆ ਹੈ। ਦਲਿਤਾਂ ਨੂੰ ਸ਼ਾਮਲ ਕਰਨ ਨਾਲ ਇਹ ਨਸ਼ਟ ਨਹੀਂ ਜਾਵੇਗਾ ਬਲਕਿ ਅਮਰੀਕਾ ਦੇ ਤਹਿਤ ਹੀ ਨਵੀਆਂ ਉਚਾਈਆਂ ਛੂਹ ਸਕੇਗਾ।

# ਦੱਬੇ ਕੁਚਲਿਆਂ ਦੀ ਦੁਨੀਆਂ ਤੇ ਨਿੱਜੀਕਰਨ

ਜਦ 1712 ਈਸਵੀਂ 'ਚ ਥਾਮਸ ਨਿਊਕੋਮੇਨ ਨੇ ਪਹਿਲਾਂ ਸਫਲ ਸਟੀਮ ਇੰਜਨ ਬਣਾਇਆ ਤਦ ਕੋਲਾ ਖਾਣਾ ਵਿਚੋਂ ਪਾਣੀ ਖਿਚਣ ਵਾਲੀ ਇਕ ਮਸ਼ੀਨ ਸਨਅਤੀ ਸਭਿਅਤਾ ਦਾ ਪਹਿਲੀ ਬੱਚੀ ਸੀ। ਫਿਰ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਰਾਜਸੀ ਇਨਕਲਾਬ ਹੋਏ। ਮਸ਼ੀਨ ਤੇ ਮਨੁੱਖ ਇਕ ਦੂਜੇ ਨਾਲ ਆਪਸੀ ਇਕਮਕ ਹੋ ਗਏ ਤੇ ਜਿਸ ਦਿਨ ਸਾਲ 1917 'ਚ ਅਮਰੀਕੀ ਨਾਗਰਿਕ ਰੇਟਾਮਲਿੰਸਨ ਨੇ ਪਹਿਲਾ ਈ-ਮੇਲ ਸੰਦੇਸ਼ ਸਫਲਤਾਪੂਰਵਕ ਭੇਜਿਆ ਤਾਂ ਉਦੋਂ ਵਿਸ਼ਵੀਕਰਨ ਯੁੱਗ ਦੇ ਪਹਿਲੇ ਭਰੂਣ ਦੀ ਉਸਾਰੀ ਹੋ ਚੁੱਕੀ ਸੀ। ਮਸ਼ੀਨ ਦੀ ਉਸਾਰੀ ਮਨੁੱਖ ਜ਼ਰੂਰ ਕਰਦਾ ਹੈ ਪਰ ਅਕਸਰ ਮਸ਼ੀਨ ਰਾਹੀਂ ਮਨੁੱਖ ਦੀ ਦਿਸ਼ਾ ਵੀ ਤਹਿ ਕਰ ਦਿੱਤੀ ਜਾਂਦੀ ਹੈ ਜਿਸ ਤਰ੍ਹਾਂ ਫਰਾਂਸ ਦੀ ਮਹਾਨ ਕ੍ਰਾਂਤੀ ਨੂੰ ਸਨਅਤੀ ਕ੍ਰਾਂਤੀ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ ਉਸੇ ਤਰ੍ਹਾਂ ਵਿਸ਼ਵੀਕਰਨ ਦੀ ਸੂਚਨਾ ਨੂੰ ਕ੍ਰਾਂਤੀ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਵਿਸ਼ਵੀਕਰਨ ਦੇ ਗਰਭ ਤੋਂ ਵਪਾਰੀਕਰਨ ਤੇ ਨਿਜੀਕਰਨ ਦਾ ਵੀ ਜਨਮ ਹੋਇਆ। ਇਸ ਪ੍ਰਣਾਲੀ 'ਚ ਸਮਾਜਕ ਮੁੱਲਾਂ ਦਾ ਨਿਰਮਾਣ ਬਜ਼ਾਰ ਤਹਿ ਕਰਨ ਲੱਗੇ ਅਤੇ ਵਿਵਸਥਾ ਦਾ ਉਦੇਸ਼ ਹੁਣ ਮਨੁੱਖ ਦਾ ਰਾਜ ਨਹੀਂ ਬਲਕਿ ਬਜ਼ਾਰ ਬਣ ਗਿਆ। ਦੁਨੀਆਂ ਦਾ ਕੋਈ ਵੀ ਦੇਸ਼ ਇਸ ਸਾਮਰਾਜੀ ਵਿਸ਼ਵੀਕਰਨ ਦੇ ਦਾਇਰੇ ਤੋਂ ਆਪਣੇ ਆਪ ਨੂੰ ਵੱਖਰਾ ਨਹੀਂ ਕਰ ਸਕਦਾ। ਸਾਡੀ ਇੱਛਾ ਜੋ ਵੀ ਹੋਈ ਨਿਜੀਕਰਨ ਇਕ ਸਚਾਈ ਬਣਦਾ ਜਾ ਰਿਹਾ ਹੈ। ਸਾਡੀ ਤਾਕਤ ਜੋ ਵੀ ਹੋਵੇ ਇਸ ਨੂੰ ਰੋਕ ਸਕਣ 'ਚ ਅਜੇ ਅਸੀਂ ਸਮਰਥ ਨਹੀਂ ਹੋਏ ਹਾਂ। ਸਾਮਰਾਜੀ ਵਿਸ਼ਵੀਕਰਨ ਦੀ ਉਸਾਰੀ ਬਿਨਾਂ ਇਸ ਨੂੰ ਠੱਲ੍ਹ ਪੈਣੀ ਅਸੰਭਵ ਹੀ ਹੈ। ਦਲਿਤਾਂ ਤੇ ਪਿਛੜਿਆਂ (ਮਿਹਨਤਕਸ਼ਾਂ) ਦੀ ਬੌਧਿਕ ਜਮਾਤ ਇਸ ਦਾ ਹੱਲ ਲਭ ਰਹੀ ਹੈ। ਜੇ ਮਿਹਨਤਕਸ਼ ਸਫਲ ਰਹੇ ਤਾਂ ਠੀਕ ਹੈ ਨਹੀਂ ਤਾਂ ਨਿਜੀਕਰਨ ਤੋਂ ਬਾਅਦ ਦੀ ਮਿਹਨਤਕਸ਼ ਦਲਿਤ ਤੇ ਪਿਛੜੀ ਦੁਨੀਆਂ ਉਸ ਅੰਨ੍ਹੀ ਸੁਰੰਗ 'ਚ ਭਟਕ ਸਕਦੀ ਹੈ। ਜਿਸ ਨੂੰ ਖੋਦਣ ਪਿੱਛੋਂ ਉਸ ਦਾ ਮੂਹਰਲਾ ਪ੍ਰਵੇਸ਼ ਦਰਵਾਜ਼ਾ ਬੰਦ ਕੀਤਾ ਜਾ ਰਿਹਾ ਹੈ। ਭਾਰਤੀ ਸੰਵਿਧਾਨ ਅੰਸ਼ਿਕ ਰੂਪ 'ਚ ਨਿਆਂ ਤੇ ਅਧਾਰ ਸਮਾਜ ਦਾ ਉਦੇਸ਼ ਰੱਖਦਾ ਹੈ ਇਸ 'ਚ ਅਛੂਤ ਆਦਿਵਾਸੀ ਨਿਆਂ ਦੀ ਪ੍ਰੀ ਕਰਲਪਨਾ ਦੇ ਕੇਂਦਰ ਵਿਚ ਹੁੰਦੇ ਹਨ। ਪਰ ਅਧਿਕਾਰ ਵਜੋਂ ਸਰਕਾਰੀ ਨੌਕਰੀਆਂ ਤੇ ਵਿਧਾਨ ਪਾਲਿਕਾ 'ਚ ਰਾਖਵੇਂਕਰਨ ਤੋਂ ਇਲਾਵਾ ਇਹਨਾਂ ਦਲਿਤ ਤੇ ਪਿਛੜੀਆਂ ਸ਼੍ਰੇਣੀਆਂ ਨੂੰ ਕੁਝ ਨਹੀਂ ਮਿਲਿਆ। ਜੇ ਕੁਝ ਲੱਖ ਦਲਿਤ ਦੇ ਜੀਵਨ 'ਚ ਖੁਸ਼ਹਾਲੀ ਦੇ ਰੰਗ ਉਭਰੇ ਤਾਂ ਉਸ ਦਾ ਪੂਰਾ ਸਿਹਰਾ ਸਿਖਿਆ ਤੇ ਸਰਕਾਰੀ ਨੌਕਰੀਆਂ ਨੂੰ ਜਾਂਦਾ ਹੈ। ਹੁਣ ਸਿਖਿਆ ਦਾ ਵੀ ਨਿਜੀਕਰਨ ਹੋ ਰਿਹਾ ਹੈ। ਸਿਖਿਆ ਮਹਿੰਗੀ ਹੋ ਰਹੀ ਹੈ ਜੋ ਦਲਿਤਾਂ ਦੀ ਪਹੁੰਚ ਤੋਂ ਬਾਹਰ ਹੈ। ਹੁਣ ਸਰਕਾਰੀ ਵਿਭਾਗਾਂ ਦਾ ਨਿਜੀਕਰਨ ਹੋ ਰਿਹਾ ਹੈ। ਨੌਕਰੀਆਂ ਘਟ ਰਹੀਆਂ ਹਨ। ਜੇ ਇਹ ਸਭ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਆਉਣ ਵਾਲੇ ਸਾਲਾਂ 'ਚ ਦਲਿਤਾਂ ਦੀ ਦੁਨੀਆਂ ਕਿਹੋ ਜਿਹੀ ਹੋਵੇਗੀ ਇਸ ਸੁਆਲ 'ਤੇ ਬਹਿਸ ਲਾਜ਼ਮੀ ਹੈ। ਭਾਰਤ ਦੇ ਕੌਮੀ ਅਨਸੂਚਿਤ ਜਾਤੀ-ਜਨਜਾਤੀ ਕਮਿਸ਼ਨ ਦੀ ਸਾਲ 1997-98 ਦੀ ਸਲਾਨਾ ਰਿਪੋਰਟ 'ਚ ਇਸ ਸੁਆਲ ਨੂੰ ਸਮਝਣ 'ਚ ਮਦਦਗਾਰ ਸਾਬਤ ਹੋਵੇਗੀ। ਰਿਪੋਰਟ 'ਚ ਸਰਕਾਰੀ ਨੌਕਰੀਆਂ ਦੀ ਕੁਲ ਸੰਖਿਆਵਾਂ ਦਾ ਜ਼ਿਕਰ

ਹੈ ਤੇ ਉਸ ’ਚ ਦਬੇ ਕੁਚਲੇ ਦਲਿਤਾਂ ਦੀ ਭਾਗੀਦਾਰੀ ਨਾਲ ਸਬੰਧਤ ਅੰਕੜੇ ਹਨ। ਇਹ ਗਿਣਤੀ ਕੇਂਦਰ ਸਰਕਾਰ, ਜਨਤਕ ਕਾਰਪੋਰੇਸ਼ਨ ਦੇ ਅਧੀਨ ਤੇ ਕੇਂਦਰ ਸਰਕਾਰ ਦੇ ਅਧੀਨ ਕੌਮੀ ਕ੍ਰਿਤ ਬੈਂਕਾਂ ਨਾਲ ਸੰਬੰਧਤ ਹਨ।

ਫੌਜ, ਨਿਆਪਾਲਿਕਾ ਤੇ ਸਿਖਿਆ ’ਚ ਨੌਕਰੀਆਂ ਦੇ ਅੰਕੜੇ ਇਸ ਵਿਚ ਸ਼ਾਮਲ ਨਹੀਂ ਹਨ। ਰਿਪੋਰਟ ਅਨੁਸਾਰ ਉਕਤ ਤਿੰਨੋਂ ਸ਼੍ਰੇਣੀਆਂ ’ਚ ਕੁਲ ਨੌਕਰੀਆਂ ਦੀ ਗਿਣਤੀ 62.97 ਲੱਖ ਹੈ। ਜਿਸ ’ਚ ਦਲਿਤਾਂ ਦੀ ਗਿਣਤੀ 14.55 ਲੱਖ ਹੈ। ਯਾਨੀ ਲਗਭਗ 23.10 ਫੀਸਦੀ। ਇਸ ਗਿਣਤੀ ’ਚ ਸਫਾਈ ਕਰਮਚਾਰੀਆਂ ਦੀ ਗਿਣਤੀ ਸ਼ਾਮਲ ਨਹੀਂ ਹੈ। ਇਸ ’ਚ ਹੈਰਾਨ ਕਰਨ ਵਾਲੀ ਸੂਚਨਾ ਇਹ ਹੈ ਕਿ ਕੁਲ 14.55 ਲੱਖ ਦਲਿਤ ਕਰਮੀਆਂ ’ਚ (07.20 ਲੱਖ) ਦਲਿਤ ਜਨਤਕ ਕਾਰਪੋਰੇਸ਼ਨਾਂ ਤੇ ਕੌਮੀਕ੍ਰਿਤ ਬੈਂਕਾਂ ’ਚ ਨੌਕਰੀ ਕਰਦੇ ਹਨ। ਯਾਨੀ ਕੁਲ ਦਲਿਤ ਸਰਕਾਰੀ ਕਰਮਚਾਰੀਆਂ ਦਾ 49.48 ਫੀਸਦੀ ਸੀ। ਜਾਂ ਲੱਗਭਗ ਅੱਧੀ ਗਿਣਤੀ ਉਹਨਾਂ ਜਨਤਕ ਕਾਰਪੋਰੇਸ਼ਨਾਂ ਤੇ ਕੌਮੀਕ੍ਰਿਤ ਬੈਂਕਾਂ ਵਿਚ ਹੈ। ਜੋ ਸੰਨ 2025 ਤਕ ਅਲੋਪ ਹੋ ਸਕਦੇ ਹਨ। ਸਰਕਾਰੀ ਨੌਕਰੀਆਂ ਦਾ ਜੋ ਪ੍ਰਰੂਪ ਕੇਂਦਰ ਵਿਚ ਹੈ, ਉਹ ਲਗਭਗ ਸੂਬਿਆਂ ਵਿਚ ਵੀ ਹੈ। ਰਾਜ ਸਰਕਾਰ ਦੀਆਂ ਨੌਕਰੀਆਂ ਰਾਜ ਸਰਕਾਰ ਦੇ ਅਧੀਨ ਜਨਤਕ ਨਿਯਮ ਤੇ ਸਥਾਨਕ ਪ੍ਰਬੰਧਕਾਂ/ਸੂਬਾ ਸਰਕਾਰਾਂ ਦੇ ਵੀ ਜਨਤਕ ਨਿਗਮ ਇਕ ਤੋਂ ਬਾਅਦ ਇਕ ਬੰਦ ਹੋ ਰਹੇ ਹਨ। ਸਥਾਨਕ ਗਠਜੋੜਾਂ ਵਲੋਂ ਕੀਤੇ ਜਾਣ ਵਾਲੇ ਕੰਮ ਹੁਣ ਹੌਲੀ-ਹੌਲੀ ਠੇਕੇਦਾਰਾਂ ਵਲੋਂ ਕੀਤੇ ਜਾ ਰਹੇ ਹਨ। ਯਾਨੀ ਨਵੀਆਂ ਭਰਤੀਆਂ ਬੰਦ ਹੋ ਰਹੀਆਂ ਹਨ। ਜੇ ਨਿਜੀਕਰਨ ਦਾ ਇਹ ਦੌਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਸੰਨ 2025 ਤਕ ਲਗਭਗ ਅੱਧੀਆਂ ਸਰਕਾਰੀ ਨੌਕਰੀਆਂ ਖਤਮ ਹੋ ਚੁੱਕੀਆਂ ਹੋਣਗੀਆਂ। ਯਾਨੀ ਦਲਿਤਾਂ ਦੀਆਂ ਅੱਜ ਦੀਆਂ ਪੀੜ੍ਹੀਆਂ ਜੋ ਪ੍ਰਾਇਮਰੀ ਸਕੂਲਾਂ ’ਚ ਪੜ੍ਹ ਰਹੀਆਂ ਹਨ, ਉਹਨਾਂ ਦੇ ਸਰਕਾਰੀ ਨੌਕਰੀਆਂ ਹਾਸਲ ਕਰਨ ਦੀਆਂ ਅੱਧੀਆਂ ਸੰਭਾਵਨਾਵਾਂ ਖਤਮ ਹੋ ਚੁੱਕੀਆਂ ਹੋਣਗੀਆਂ, ਫਿਰ ਕੀ ਬਚੇਗਾ ਦਲਿਤ ਤੇ ਪਿਛੜੇ ਸਮਾਜ ਕੋਲ? ਦਲਿਤ ਸਮਾਜ ਇਤਿਹਾਸ ’ਚ ਉਪਜੀਆਂ ਉਹਨਾਂ ਸਾਰੀਆਂ ਔਕੜਾਂ ਨਾਲ ਜੁਝਿਆ ਹੈ ਜਿਸ ਦੀ ਕੋਈ ਕਲਪਨਾ ਕਰ ਸਕਦਾ ਹੈ। ਅੱਜ ਕਰੀਬ ਪੈਂਤੀ ਤੋਂ ਚਾਲੀ ਲੱਖ ਤਨਖਾਹ ਮਿਲਦੀ ਹੈ ਉਹਨਾਂ ਦੇ ਬੱਚੇ ਸਿਖਿਆ ਹਾਸਲ ਕਰਦੇ ਹਨ, ਪੈਨਸ਼ਨ ਦੀ ਸਹੂਲਤ ਹੈ। ਜੀਵਨ ਬੀਮਾ ਹੈ ਤੇ ਕੁਝ ਪੈਸਾ ਬੈਂਕ ’ਚ ਵੀ ਹੈ। ਇਹਨਾਂ ’ਚੋਂ ਬਹੁਤ ਦਲਿਤ ਸੰਨ 1947 ਤੋਂ ਪਿੱਛੋਂ ਦੀ ਪੀੜ੍ਹੀ ਦੇ ਹਨ। ਦੂਜੀ ਪੀੜ੍ਹੀ ਨੇ ਨੌਕਰੀਆਂ ’ਚ ਦਾਖਲਾ ਲੈਣਾ ਸ਼ੁਰੂ ਕੀਤਾ ਹੈ। ਇਹ ਚੱਕਰ ਘੱਟੋ-ਘੱਟ ਤਿੰਨ ਪੀੜੀਆਂ ਤਕ ਚਲਦਾ ਹੈ ਤਾਂ ਦਲਿਤ ਸਮਾਜ ਅੰਦਰ ਖੁਸ਼ਹਾਲ ਮੱਧ ਵਰਗ ਤਿਆਰ ਹੁੰਦਾ ਹੈ ਜੋ ਚੌਤਰਫੇ ਦਲਿਤ ਮੁਕਤੀ ਅੰਦੋਲਨ ਦਾ ਅਧਾਰ ਬਣਦਾ। ਇਹਨਾਂ ’ਚੋਂ ਨਿਕਲੀਆਂ ਨਵੀਆਂ ਪੀੜ੍ਹੀਆਂ, ਵਪਾਰ, ਕਲਾ, ਅਧੁਨਿਕ ਪ੍ਰੋਫੈਸ਼ੰਸ ’ਚ ਹੋਰਾਂ ਨਾਲ ਟੱਕਰ ਲੈਣ ਦੀ ਹਾਲਤ ’ਚ ਪਹੁੰਚ ਜਾਂਦੀਆਂ। ਤਦ ਦਲਿਤ ਅੰਦੋਲਨ ’ਚ ਭਾਵਨਾਵਾਂ ਤੋਂ ਵੱਧ ਤਰਕਾਂ ਲਈ ਥਾਂ ਹੁੰਦੀ ਅਤੇ ਦਲਿਤ ਅੰਦੋਲਨ ਅਤੀਤਮੁੱਖੀ ਹੋਣ ਦੀ ਬਜਾਏ ਭਵਿੱਖ ਦੀ ਸੋਚ, ਸੁੰਦਰ ਭਵਿੱਖ ਨਿਰਮਾਣ ’ਤੇ ਕੇਂਦਰਿਤ ਹੋ ਸਕਦਾ ਪਰ ਇਹ ਚੱਕਰ ਲਗਦਾ ਹੈ ਵਿਚਾਲੇ ਹੀ ਟੁੱਟ ਜਾਣ ਵਾਲਾ ਹੈ। ਸੁਰੱਖਿਅਤ ਸਮਾਜਕ ਰੁਜ਼ਗਾਰ ਦੇ ਚੱਕਰ ਦੇ ਟੁੱਟਣ ਦੇ ਸਿੱਟੇ ਕਿੰਨੇ ਭਿਆਨਕ ਹੋ ਸਕਦੇ ਹਨ, ਇਸ ਦਾ ਅੰਦਾਜ਼ਾ ਸਿਰਫ ਕੁਝ ਮਿਸਾਲਾਂ ਤੋਂ ਲਾਇਆ ਜਾ ਸਕਦਾ ਹੈ। ਮੰਨ ਲਿਆ ਕਿ ਸਾਲ

1950 'ਚ ਜਨਮਿਆ ਇਕ ਦਲਿਤ ਵੀਹ ਸਾਲ ਪਿੱਛੋਂ ਪ੍ਰਾਇਮਰੀ ਸਕੂਲ 'ਚ ਸਿਖਿਆ ਲੈ ਕੇ ਜਾਂ ਰੇਲਵੇ ਬਾਬੂ ਦੀ ਨੌਕਰੀ ਤੇ ਲੱਗ ਜਾਂਦਾ ਹੈ, ਅਗਲੇ ਵੀਹ ਸਾਲ ਉਹ ਆਪਣੇ ਪੁਰਾਣੇ ਕਰਜ਼ੇ ਲਹੂਗਾ, ਕੁਝ ਜ਼ਮੀਨ ਖਰੀਦੂਗਾ, ਪਿੰਡ 'ਚ ਛੋਟਾ ਜਿਹਾ ਮਕਾਨ ਬਣਾਊਗਾ, ਕੁਝ ਰਿਸ਼ਤੇਦਾਰਾਂ ਨੂੰ ਸੰਭਾਲੂਗਾ ਤੇ ਅਗਲੇ ਅਠਾਰਾਂ ਸਾਲਾਂ 'ਚ ਉਹ ਭਵਿੱਖ ਦੀ ਉਸਾਰੀ 'ਚ ਲੱਗੇਗਾ, ਬੱਚਿਆਂ ਦੀ ਸਿਖਿਆ ਤੇ ਕੁਝ ਬੱਚਤ ਕਰੂਗਾ। ਪਰ ਨਿਜੀਕਰਨ ਕਰਕੇ ਉਸ ਦੇ ਕਿਸੇ ਬੱਚੇ ਨੂੰ ਨੌਕਰੀ ਨਹੀਂ ਮਿਲਦੀ ਤਕ ਕਿਹੋ ਜਿਹਾ ਭਵਿੱਖ ਹੋਵੇਗਾ। ਦੂਜੀ ਪੀੜ੍ਹੀ ਦਾ? ਆਮਦਨੀ ਏਨੀ ਨਹੀਂ ਸੀ ਕਿ ਬੱਚਿਆਂ ਨੂੰ ਪਬਲਿਕ ਸਕੂਲ 'ਚ ਪੜ੍ਹਾਵੇ, ਆਮਦਨ ਏਨੀ ਨਹੀਂ ਸੀ ਕਿ ਬੱਚੇ ਵੱਡੇ ਹੋ ਕੇ ਕੋਈ ਰੁਜ਼ਗਾਰ ਕਰਨ, ਸੰਭਾਵਨਾ ਇਸ ਗੱਲ ਦੀ ਹੈ ਕਿ ਦੂਜੀ ਪੀੜ੍ਹੀ ਇਸ ਹੈਸੀਅਤ 'ਚ ਪਹੁੰਚ ਜਾਵੇ ਜਿਥੋਂ ਪਹਿਲੀ ਪੀੜੀ ਬੜੀ ਮੁਸ਼ਕਲ ਨਾਲ ਨਿਕਲ ਕੇ ਆਈ ਸੀ। ਅਜਿਹੀ ਸਥਿਤੀ 'ਚ ਦਲਿਤ ਤੇ ਓ ਬੀ ਸੀ ਸਮਾਜ ਦੀਆਂ ਔਕੜਾਂ ਦਾ ਅੰਤ ਨਹੀਂ। ਕਿਉਂਕਿ ਸਰਕਾਰੀ ਨੌਕਰੀਆਂ ਤੋਂ ਇਲਾਵਾ ਕਿਧਰੇ ਨੌਕਰੀ ਮਿਲੀ ਨਹੀਂ, ਇਸ ਲਈ ਨੌਕਰੀ ਦੇ ਚੱਕਰ ਦੇ ਟੁਟਦਿਆਂ ਹੀ ਪੰਜਾਹ ਸਾਲਾਂ ਅੰਦਰ ਹੀ ਗੱਡੀ ਪਿੱਛੇ ਮੁੜ ਪੈਂਦੀ ਹੈ। ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਦੀ ਇਕ ਭੂਮਿਕਾ ਹੁੰਦੀ ਹੈ ਜਿਸ ਨੂੰ ਉਸ ਦੇ ਸਹੀ ਪ੍ਰਸੰਗ 'ਚ ਸਮਝਣਾ ਚਾਹੀਦਾ ਹੈ। ਸਾਲ 1950 'ਚ ਜਨਮਿਆ ਦਲਿਤ ਜੇ ਛੋਟੇ ਵਪਾਰ 'ਚ ਵੀ ਲੱਗਿਆ ਹੁੰਦਾ ਜਾਂ ਉਸ ਨੂੰ ਵਪਾਰ 'ਚ ਲੱਗ ਜਾਣ ਦੀ ਸਹੂਲਤ ਹੁੰਦੀ ਤਾਂ ਪੈਸੇ ਦੀ ਆਮਦ ਦਾ ਚੱਕਰ ਟੁਟਦਾ ਨਾ। ਵਪਾਰੀ ਕਦੀ ਰਿਟਾਇਰ ਨਹੀਂ ਹੁੰਦਾ। ਧੰਦਾ ਅਤੇ ਧੰਦੇ ਤੋਂ ਪੈਦਾ ਧਨ ਪੀੜ੍ਹੀ ਦਰ ਪੀੜ੍ਹੀ ਤਬਦੀਲ ਹੁੰਦਾ ਰਹਿੰਦਾ ਹੈ ਕਿਉਂਕਿ ਰਵਾਇਤੀ ਸਮਾਜ 'ਚ ਦਲਿਤ ਪੈਸੇ ਤੋਂ ਵਾਂਝੇ ਰਹੇ, ਵਪਾਰ 'ਚ ਆ ਨਹੀਂ ਸਕੇ ਬਗੈਰ ਰਾਜ ਦੀ ਮੱਦਦ ਦੇ ਵਪਾਰ ਦਾ ਨਵਾਂ ਚੱਕਰ ਸ਼ੁਰੂ ਵੀ ਨਹੀਂ ਹੋ ਸਕਦਾ। ਬਾਜ਼ਾਰ ਦੇ ਕੰਟਰੋਲ ਹੇਠਲਾ ਅਰਥਚਾਰਾ ਵਿਆਪਕ ਮੌਕੇ ਵੀ ਪੈਂਦਾ ਕਰਦਾ ਹੈ। ਤੇ 'ਸੋਸ਼ਲ ਮਾਰਡਰੇਸ਼ਨ' ਦਾ ਵੀ ਕੰਮ ਕਰਦਾ ਹੈ। ਬਜ਼ਾਰ ਅਧਾਰਤ ਅਰਥ ਤੰਤਰ 'ਚ ਸਰਵਿਸ ਸੈਕਟਰ ਬੜੀ ਤੇਜ਼ੀ ਨਾਲ ਵਧਿਆ ਹੈ ਆਪਣੀ ਸਮਰਪਿਤਤਾ ਤੇ ਕੌਂਸਲ ਨਾਲ ਵਿਅਕਤੀ ਕਿਸੇ ਵੀ ਸਿਖਰ ਤਕ ਪਹੁੰਚ ਸਕਦੈ ਪਰ ਇਹ ਤਾਂ ਹੀ ਸੰਭਵ ਹੈ ਜੇ ਬੰਦਾ ਅਧੁਨਿਕ ਸਿਖਿਆ ਤੇ ਅਧੁਨਿਕ ਮਹੌਲ 'ਚ ਨਿਪੁੰਨ ਹੋਵੇ। ਦਲਿਤ ਤੇ ਪਿਛੜੀਆਂ ਸ਼੍ਰੇਣੀਆਂ ਦੋਹਾਂ ਤੋਂ ਵੰਚਿਤ ਹਨ ਕਿਉਂਕਿ ਇਹ ਅਧੁਨਿਕ ਵਪਾਰ ਤੇ ਅੰਗਰੇਜ਼ੀ ਸਿਖਿਆ ਤੋਂ ਵਾਂਝੇ ਹਨ। ਦਿਲੀ 'ਚ ਹੋਣ ਵਾਲੇ 'ਵਿਸ਼ਵ ਵਪਾਰ ਮੇਲੇ' 'ਚ ਕੁਲੀਨ ਵਰਗ ਨੌਜਵਾਨ ਵਸਤਾਂ ਪ੍ਰਮੋਟ ਕਰਦੇ ਦੇਖੇ ਜਾ ਸਕਦੇ ਹਨ। ਉਹ ਜਿਸ ਉਤਸ਼ਾਹ ਨਾਲ ਕੰਮ ਕਰਦੇ ਹਨ ਉਹ ਇਕ ਦਹਾਕਾ ਪਹਿਲਾਂ ਸੰਭਵ ਨਹੀਂ ਸੀ। ਕੁਲੀਨ ਜਮਾਤ ਦੀ ਇਹੀ ਪੀੜ੍ਹੀ ਅੱਜ ਛੋਟੀਆਂ-ਛੋਟੀਆਂ ਕਲੋਨੀਆਂ 'ਚ ਮੋਟਰਸਾਈਕਲ ਦੇ ਨਵੇਂ ਮਾਡਲ ਦਾ ਪ੍ਰਚਾਰ ਕਰਦੀਆਂ ਹਨ। ਮੋਬਾਇਲ ਫੋਨ ਵੇਚਣ ਲਈ ਘਰ ਘਰ ਜਾਂਦੀਆਂ ਹਨ। ਇਕ ਦਹਾਕੇ ਪਹਿਲਾਂ ਅੰਗਰੇਜ਼ੀ ਮਾਧਿਅਮ ਨਾਲ ਪੜ੍ਹੇ ਇਹ ਨੌਜਵਾਨਾਂ ਦੀ ਆਸ ਸਿਵਲ ਸਰਵਿਸ ਤੋਂ ਘੱਟ ਨਹੀਂ ਹੁੰਦੀ ਸੀ ਜਦ ਤਕ ਅੰਗਰੇਜ਼ੀ ਸਿਖਿਆ ਦੇ ਦਰਵਾਜੇ ਦਲਿਤਾਂ ਤੇ ਪਿਛੜੇ ਸਮਾਜਾਂ ਲਈ ਨਹੀਂ ਖੁੱਲਦੇ ਦਲਿਤ ਮੌਕਿਆਂ ਦਾ ਲਾਭ ਨਹੀਂ ਉਠਾ ਸਕਣਗੇ। ਬਜ਼ਾਰੂ ਅਰਥਚਾਰੇ ਦੀ ਇਹ ਲਾਜ਼ਮੀ ਸ਼ਰਤ ਹੈ ਕਿ ਬੰਦਾ ਆਪਣੇ ਸਮਾਜਕ ਹੰਕਾਰ ਨੂੰ ਗਟਰ 'ਚ ਦਫਨ ਕਰੇ। ਭਾਰਤ 'ਚ ਕੰਮ ਕਰਦੇ ਵਿਦੇਸ਼ੀ ਬੈਂਕਾਂ ਦੇ ਕਰਮਚਾਰੀ ਜੋ

ਅਕਸਰ ਕੁਲੀਨ ਜਮਾਤ ਤੋਂ ਆਉਂਦੇ ਹਨ ਤੇ ਫਰਾਟੇਦਾਰ ਅੰਗਰੇਜ਼ੀ ਬੋਲਦੇ ਹਨ। ਆਪਣੇ ਡੇਬਿਟ ਜਾਂ ਏ ਟੀ ਐਮ ਕਾਰਡ ਦੀ ਮੈਂਬਰਸ਼ਿਪ ਵਧਾਉਣ ਲਈ ਸ਼ਾਪਿੰਗ ਕਮਪਲੈਕਸ ਦੇ ਪਾਨ ਵਾਲੇ ਦੇ ਨਾਲ ਖੜ੍ਹੇ ਹੁੰਦੇ ਹਨ, ਉਥੇ ਗੁਬਾਰੇ ਵੇਚਣ ਵਾਲਾ ਵੀ ਖੜ੍ਹਾ ਹੁੰਦਾ ਹੈ। ਦੋਨੋ ਇਕ ਹੀ ਮਾਚਿਸ ਨਾਲ ਬੀੜੀ-ਸਿਗਰਟ ਜਲਾਉਂਦੇ ਹਨ। ਇਹ ਆਮ ਜਿਹੀ ਗੱਲ ਹੈ ਪਰ ਕੀ ਦਲਿਤ ਗੁਬਾਰੇ ਵੇਚਣ ਵਾਲਾ ਹੀ ਰਹੇਗਾ ਜਾਂ ਅੰਗਰੇਜ਼ੀ ਪੜ੍ਹੇ ਗੈਰ ਦਲਿਤ ਏ ਟੀ ਐਮ ਕਾਰਡ ਜਾਂ ਹੋਰ ਵਸਤਾਂ ਵੇਚਣਗੇ? ਬਜ਼ਾਰੂ ਅਰਥਚਾਰੇ 'ਚ ਅਜਿਹਾ ਹੋ ਸਕਦਾ ਹੈ ਕਿ ਏ ਟੀ ਐਮ ਕਾਰਡ ਕੋਈ ਦਲਿਤ ਵੇਚੇ, ਗੁਬਾਰੇ ਵੇਚਣ ਵਾਲਾ ਇਕ ਬ੍ਰਾਹਮਣ ਵੀ ਹੋ ਸਕਦਾ ਹੈ ਕਨੇਡਾ ਦੇ ਸ਼ਹਿਰ ਵੈਨਕੂਵਰ 'ਚ ਇਹੀ ਕਿਸੇ ਨੇ ਵੇਖਿਆ। ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਭਾਰਤ ਵੀ ਇਕ ਫੈਸਲਾ ਕੁੰਨ ਮੋੜ 'ਤੇ ਖੜ੍ਹਾ ਹੈ ਇਥੇ ਵਿਕਾਸ ਦੀ ਗੱਲ ਹੁੰਦੀ ਹੈ ਪਰ ਜਾਤੀ ਤੇ ਜਮਾਤੀ ਬਰਾਬਰੀ ਦੀ ਨਹੀਂ। ਜਾਤੀ ਬਰਾਬਰੀ ਤੋਂ ਬਿਨਾਂ ਬਜ਼ਾਰੂ ਵਿਵਸਥਾ ਵਲੋਂ ਪੈਦਾ ਸਮਾਜਕ ਤਣਾਅ ਵਧੇਗਾ। ਰੁਜ਼ਗਾਰ ਦਫਤਰਾਂ 'ਚ 63 ਲੱਖ ਬੇਰੁਜ਼ਗਾਰ ਦਲਿਤਾਂ ਦੇ ਨਾਂ ਦਰਜ ਹਨ। ਜਦ ਕਿ ਉਚ ਸ਼੍ਰੇਣੀਆਂ ਸੁੱਖ ਭੋਗ ਰਹੀਆਂ ਹਨ। ਨਿਜੀਕਰਨ ਪਿੱਛੋਂ ਬੇਰੁਜ਼ਗਾਰਾਂ ਦਲਿਤਾਂ ਤੇ ਪਿਛੜਿਆਂ ਦੀ ਗਿਣਤੀ ਹੋਰਾਂ ਦੀ ਤਰ੍ਹਾਂ ਵਧੇਗੀ। ਦਲਿਤ ਦੇ ਖੁਸ਼ਹਾਲ ਤਬਕੇ ਨੂੰ ਵੀ ਹੁਣ ਭਵਿੱਖ ਬਾਰੇ ਸੋਚਣਾ ਪਵੇਗਾ। ਨਿਜੀਕਰਨ ਦੇ ਦੌਰ 'ਚ ਨੌਕਰੀਆਂ ਤੋਂ ਲਾਂਭੇ ਵਪਾਰਕ ਜਗਤ 'ਚ ਵੀ ਉਹਨਾਂ ਦੀ ਥਾਂ ਬਣਦੀ ਹੈ। ਉਹ ਇਹ ਵੀ ਸੋਚੇ। ਜੇ ਜਗ੍ਹਾ ਬਣਨ ਦੀਆਂ ਸੰਭਾਵਨਾਵਾਂ ਹਨ ਤਾਂ ਮਿਸ਼ਨ ਕੀ ਹੋਵੇ? ਸੰਭਾਵਨਾਵਾਂ ਦੀ ਤਲਾਸ? ਨਿਜੀਕਰਨ ਵੀ ਇਕ ਸਚਾਈ ਹੈ? ਦਲਿਤ ਜੇ ਨਿਜੀਕਰਨ ਦੇ ਵਿਰੁੱਧ ਰਾਹ ਨਹੀਂ ਲਭਣਗੇ ਤਾਂ ਇਸ ਤੋਂ ਬਾਅਦ ਦੀ ਦੁਨੀਆਂ ਦਲਿਤ ਸਮਾਜ ਲਈ ਇਕ ਭਿਅੰਕਰ ਸਥਿਤੀ ਵਾਲੀ ਹੋਵੇਗੀ।

# ਸ਼ਤਰਪਤੀ ਸ਼ਾਹੂ ਜੀ ਮਹਾਰਾਜ
# ਬਰਾਬਰੀ ਤੇ ਸਿਖਿਆ ਕ੍ਰਾਂਤੀ ਦੇ ਸੂਤਰਪਾਤ

ਸਾਲਾਂ ਤੋਂ ਮਾਨਸਿਕ ਗੁਲਾਮੀ ਦੇ ਬੰਧਨ 'ਚ ਬੰਨ੍ਹੇ ਪਿਛੜਿਆਂ ਲਈ ਸ਼ਾਹੂ ਜੀ ਨੇ ਸਿੱਖਿਆ ਦੀ ਮਸ਼ਾਲ ਨੂੰ ਜਲਾਇਆ। ਉਹਨਾਂ ਨੇ ਅਨੇਕਾਂ ਥਾਵਾਂ 'ਤੇ ਕੁਲ ਮਿਲਾ ਕੇ 122 ਪੇਂਡੂ ਸਕੂਲਾਂ ਦੀ ਸਥਾਪਨਾ ਕੀਤੀ। ਸ਼ਾਹੂ ਜੀ ਨੇ ਮੁਫਤ ਸਿਖਿਆ ਪ੍ਰਣਾਲੀ ਜਾਰੀ ਕੀਤੀ ਸੀ ਅਤੇ ਹਰੇਕ ਪਿੰਡ 'ਚ ਸਕੂਲ ਖੋਲ੍ਹਣ ਦਾ ਐਲਾਨ ਕਰਕੇ ਸੰਨ 1913 'ਚ ਇਕ ਲੱਖ ਰੁਪਏ ਦੀ ਗਰਾਂਟ ਮੰਜੂਰ ਕੀਤੀ ਸੀ। ਸ਼ਾਹੂ ਜੀ ਨੇ ਉੱਚ ਸਿੱਖਿਆ ਲਈ 1915 'ਚ ਫਾਰਗੁਸ਼ਨ ਕਾਲਜ ਦੀ ਸਥਾਪਨਾ ਕੀਤੀ ਸੀ। ਅਛੂਤ ਤੇ ਪਿਛੜੇ ਵਰਗ ਲਈ ਸਿੱਖਿਆ ਤੇ ਹੋਸਟਲ ਉਸਾਰੇ। ਉਸ ਸਮੇਂ ਸਿੱਖਿਆ 'ਤੇ ਸਿਰਫ ਬ੍ਰਾਹਮਣਾਂ ਦਾ ਹੀ ਅਧਿਕਾਰ ਸੀ। ਇਸ ਨੂੰ ਤੋੜਨ ਲਈ ਸ਼ਾਹੂ ਜੀ ਨੇ 1917-18 'ਚ ਮੁਫਤ ਤੇ ਲਾਜ਼ਮੀ ਮੁਢਲੀ ਸਿਖਿਆ ਲਾਗੂ ਕਰਵਾਈ। ਸਰਕਾਰੀ ਸਿੱਖਿਆ ਕੇਂਦਰਾਂ ਤੇ ਹੋਸਟਲਾਂ 'ਚ ਸਿਰਫ ਸਵਰਨਾ ਨੂੰ ਹੀ ਦਾਖਲਾ ਮਿਲਦਾ ਸੀ ਇਸ ਲਈ ਉਹਨਾਂ ਨੇ ਵੱਖ-ਵੱਖ ਫਿਰਕਿਆਂ ਲਈ ਵੱਖ-ਵੱਖ ਹੋਸਟਲ ਬਣਵਾਏ। ਅਛੂਤ ਤੇ ਪਿਛੜੇ ਵਰਗ ਲਈ ਵੱਖ ਹੋਸਟਲ ਦੀ ਵਿਵਸਥਾ ਇਸ ਲਈ ਕੀਤੀ ਗਈ ਸੀ ਕਿਉਂਕਿ ਪਹਿਲਾਂ ਸਥਾਪਤ ਹੋਸਟਲ 'ਚ ਬ੍ਰਾਹਮਣ ਸਮਾਜ ਦੇ ਵਿਦਿਆਰਥੀ ਅਛੂਤ ਵਿਦਿਆਰਥੀਆਂ ਨਾਲ ਭੇਦਭਾਵ ਰੱਖਦੇ ਸਨ। ਇਸ ਹੋਸਟਲ 'ਚ ਕੋਲੀ, ਮਾਲੀ ਤੇ ਮੁਸਲਮਾਨ ਵਿਦਿਆਰਥੀਆਂ ਨੂੰ ਠਹਿਰਾਉਣ ਤੇ ਭੋਜਨ ਕਰਨ ਦੀ ਪੂਰਨ ਮਾਨਤਾ ਦਿੱਤੀ ਗਈ ਸੀ। ਸ਼ਾਹੂ ਜੀ ਮਹਾਰਾਜ ਸਿੱਖਿਆ ਨੂੰ ਮਨੁੱਖੀ ਵਸੀਲੇ ਵਜੋਂ ਮੰਨਦੇ ਸਨ। ਉਹਨਾਂ ਦਾ ਕਹਿਣਾ ਸੀ ਕਿ ਲੋਕਾਂ 'ਚ ਸਿੱਖਿਆ ਦੀ ਘਾਟ ਕਰਕੇ ਵਪਾਰ, ਵਣਜ, ਉਦਯੋਗ, ਕਲਾ ਤੇ ਪ੍ਰਤਿਭਾ ਨੂੰ ਖੋਰਾ ਲੱਗ ਗਿਆ ਅਤੇ ਲੋਕਾਂ ਦੀ ਹਾਲਤ ਤਰਸਯੋਗ ਹੋ ਗਈ। ਸ਼ਾਹੂ ਜੀ ਆਮ ਸਿੱਖਿਆ ਦੇ ਨਾਲ-ਨਾਲ ਵਿਹਾਰਕ ਸਿੱਖਿਆ ਤੇ ਤਕਨੀਕੀ ਸਿੱਖਿਆ ਦੇ ਵੀ ਹਮਾਇਤੀ ਸਨ। ਮਹਾਰਾਜ ਦੀਆਂ ਲਗਾਤਾਰ ਕੋਸ਼ਿਸ਼ਾਂ ਤੇ ਸੰਘਰਸ਼ ਕਾਰਨ ਹੀ ਸਿੱਖਿਆ ਦੇ ਖੇਤਰ 'ਚ ਤਬਦੀਲੀ ਆ ਸਕੀ। 1894 'ਚ ਬ੍ਰਾਹਮਣ ਤੇ ਗੈਰ ਬ੍ਰਾਹਮਣ ਵਿਦਿਆਰਥੀਆਂ ਦਾ ਅਨੁਪਾਤ ਜਿਥੇ 90:10 ਸੀ ਉਹੀ 1922 'ਚ ਬਦਲ ਕੇ 48:80 ਹੋ ਗਿਆ। 1894 'ਚ ਵਰਗਵਾਰ ਵਿਦਿਆਰਥੀਆਂ ਦੀ ਗਿਣਤੀ ਬ੍ਰਾਹਮਣ 25-22 ਪਿਛੜੀ ਜਾਤੀ, 21027 ਤੇ ਅਛੂਤ 2126 ਹੋ ਗਏ। ਇਸ ਪ੍ਰਕਾਰ ਸ਼ਾਹੂ ਜੀ ਨੇ ਪਿਛੜੇ ਵਰਗਾਂ ਤੇ ਅਛੂਤਾਂ 'ਚ ਸਿੱਖਿਆ ਦੀ ਮਿਸ਼ਾਲ ਜਗਾ ਕੇ ਸਮਾਜਕ ਤੇ ਆਰਥਕ ਖੇਤਰਾਂ 'ਚ ਬ੍ਰਾਹਮਣ ਦੇ ਦਾਬੇ ਨੂੰ ਢਹਿ ਢੇਰੀ ਕੀਤਾ ਤੇ ਵੰਚਿਤ ਵਰਗਾਂ ਦੇ ਆਰਥਕ, ਸਮਾਜਕ ਉਠਾਣ ਦਾ ਰਾਹ ਸਾਫ ਕੀਤਾ। ਮਹਾਰਾਜ ਨੇ ਕਈ ਪ੍ਰਤਿਭਾਵਾਨ ਵਿਦਿਆਰਥੀਆਂ ਨੂੰ ਵਿਦੇਸ਼ਾਂ 'ਚ ਉੱਚ ਸਿੱਖਿਆ ਲਈ ਮੁਫਤ ਸਿੱਖਿਆ ਤੇ ਹੋਸਟਲ ਦੀ ਵਿਵਸਥਾ ਕੀਤੀ। ਉਹਨਾਂ ਨੇ ਹੁਕਮ ਜਾਰੀ ਕੀਤਾ ਕਿ ਆਮ ਸਕੂਲਾਂ 'ਚ ਅਛੂਤਾਂ ਨੂੰ ਨਾਲ ਹੀ ਬੈਠਣ ਦਿੱਤਾ ਜਾਵੇ ਤੇ ਇਕ ਦੂਜੇ ਨਾਲ ਗੱਲ ਬਾਤ 'ਚ ਕੋਈ ਮਨਾਹੀ ਨਹੀਂ ਹੈ। ਉਸ ਸਮੇਂ ਬ੍ਰਾਹਮਣਾਂ 'ਚ ਅਛੂਤ ਤਾਂ ਚੋਟੀ 'ਤੇ ਸੀ। ਜਾਤ-ਪਾਤ, ਊਚ ਨੀਚ, ਛੂਆ-ਛੂਤ, ਮਨੁੱਖੀ ਅਧਿਕਾਰਾਂ ਦੀ ਨਾਬਰਾਬਰੀ, ਕਿਸਾਨਾਂ ਤੇ ਮਜ਼ਦੂਰਾਂ ਦੀ ਦੀਨਹੀਨਤਾ, ਬ੍ਰਾਹਮਣਾਂ ਦੀ ਪਖੰਡਪੂਰਨ

ਧਰਮ ਪ੍ਰਵਿਰਤੀ, ਵਰਨ ਵਿਵਸਥਾ ਆਦਿ ਨਾਲ ਗ੍ਰਸਿਤ ਹੋ ਕੇ ਪੂਰਾ ਸਮਾਜ ਛਟਪਟਾ ਰਿਹਾ ਸੀ। ਅਛੂਤਾਂ ਨੂੰ ਜਨਤਕ ਥਾਵਾਂ 'ਤੇ ਜਾਣ ਤੇ ਉਹਨਾਂ ਦੀ ਵਰਤੋਂ ਕਰਨ ਦੀ ਸਖਤ ਮਨਾਹੀ ਸੀ। ਪਰ ਮਾਨਵਤਾ ਦੇ ਪੁਜਾਰੀ ਸ਼ਾਹੂ ਜੀ ਨੇ 8 ਅਕਤੂਬਰ 1919 ਨੂੰ ਸਰਕਾਰੀ ਹੁਕਮ ਜਾਰੀ ਕਰਕੇ ਅਛੂਤਾਂ ਨੂੰ ਸਾਰੀਆਂ ਜਨਤਕ ਥਾਵਾਂ ਖੂਹਾਂ, ਸਕੂਲਾਂ, ਨਦੀਆਂ ਤਲਾਬਾਂ ਸਰਕਾਰੀ ਸਰਾਵਾਂ ਆਦਿ ਥਾਵਾਂ 'ਤੇ ਛੂਆ-ਛਾਤ ਦਾ ਵਿਹਾਰ ਅਮਲ 'ਚ ਨਹੀਂ ਲਿਆਂਦਾ ਜਾਵੇਗਾ। ਅਛੂਤਾਂ ਨੂੰ ਸਭ ਥਾਵਾਂ 'ਤੇ ਜਾਣ ਦੀ ਛੋਟ ਦੇ ਦਿੱਤੀ ਸੀ। ਕ੍ਰਿਸ਼ਚੀਅਨ ਸਰਕਾਰੀ ਭਵਨਾ ਅਤੇ ਜਨਤਕ ਥਾਵਾਂ ਤੇ ਅਮਰੀਕਨ ਮਿਸ਼ਨ ਦੇ ਵਹੇਲ ਤੇ ਡਾ ਵਾਨਲੇਸ ਸਭ ਨੂੰ ਇਕ ਬਰਾਬਰ ਸਮਝਦੇ ਸਨ ਤੇ ਸਭ ਨਾਲ ਬਰਾਬਰ ਦਾ ਵਰਤਾਅ ਕਰਦੇ ਸਨ ਠੀਕ ਉਸ ਤਰ੍ਹਾਂ ਬਰਾਬਰੀ ਦਾ ਵਿਹਾਰ ਅਛੂਤਾਂ ਨਾਲ ਵੀ ਕਰਨ ਦੇ ਹੁਕਮ ਸ਼ਾਹੂ ਜੀ ਨੇ ਜਾਰੀ ਕੀਤੇ। ਛੂਤਛਾਤ ਦੀਆਂ ਘਟਨਾਵਾਂ ਰੋਕਣ ਦੀ ਜ਼ਿੰਮੇਵਾਰੀ ਪਿੰਡ ਦੇ ਅਧਿਕਾਰੀ ਦੀ ਲਾਈ ਗਈ ਤੇ ਉਲੰਘਣਾ ਹੋਣ 'ਤੇ ਉਹਨਾਂ ਦੀ ਜ਼ਿੰਮੇਵਾਰੀ ਹੋਵੇਗੀ ਤੇ ਉਹੀ ਜ਼ਿੰਮੇਵਾਰ ਹੋਣਗੇ।

ਸ਼ਾਹੂ ਜੀ ਦੇ ਯਤਨਾਂ ਨਾਲ ਕੁਝ ਅਛੂਤ ਨੌਕਰੀਆਂ 'ਚ ਆ ਚੁੱਕੇ ਸਨ। ਪਰ ਉਹ ਵਿਭਾਗ ਦੇ ਬ੍ਰਾਹਮਣਵਾਦੀ ਅਹੁਦੇਦਾਰਾਂ ਤੇ ਮੁਲਾਜਮਾਂ ਦੇ ਜਾਤੀ ਘ੍ਰਿਣਾ ਦੇ ਘੋਰ ਸ਼ਿਕਾਰ ਸਨ। ਇਹ ਸਭ ਦੇਖ ਕੇ ਮਹਾਰਾਜ ਨੇ ਰਾਜ ਦੇ ਵਿਭਾਗਾਂ ਤੇ ਪ੍ਰਸਾਸ਼ਨ 'ਚ ਵਿਆਪਕ ਛੂਆਛੂਤ ਨੂੰ ਰੋਕਣ ਲਈ 22 ਅਗਸਤ 1919 ਨੂੰ ਇਕ ਹੁਕਮ ਕੱਢਿਆ ਸੀ ਜੋ ਇਸ ਪ੍ਰਕਾਰ ਸੀ, "ਸਭ ਅਹੁਦੇਦਾਰਾਂ ਚਾਹੇ ਉਹ ਮਾਲ ਵਿਭਾਗ ਦੇ ਹੋਣ ਜਾਂ ਫਿਰ ਨਿਆਂ ਵਿਭਾਗ ਦੇ, ਉਹ ਰਾਜ ਦੀਆਂ ਨੌਕਰੀਆਂ 'ਚ ਹੁਣ ਤੋਂ ਅਛੂਤਾਂ ਤੇ ਪਿਛੜੇ ਵਰਗਾਂ ਦੇ ਲੋਕਾਂ ਨਾਲ ਭੇਦਭਾਵ ਨਹੀਂ ਉਹ ਉਹਨਾਂ ਨਾਲ ਬਰਾਬਰੀ ਦਾ ਵਰਤਾਅ ਕਰਨਗੇ। ਜੇ ਸਰਕਾਰੀ ਅਧਿਕਾਰੀ ਜਾਂ ਕਮਰਚਾਰੀ ਨੂੰ ਸਰਕਾਰ ਦੇ ਇਸ ਹੁਕਮ ਨਾਲ ਇਤਰਾਜ ਹੈ ਜਾਂ ਇਸ ਹੁਕਮ ਦੀ ਪਾਲਣਾ ਨਹੀਂ ਕਰ ਸਕਦਾ ਤਾਂ ਉਹ ਛੇ ਹਫਤਿਆਂ ਅੰਦਰ ਨੋਟਿਸ ਦੇ ਕੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਸਕਦਾ ਹੈ ਅਤੇ ਉਹ ਕਿਸੇ ਵੀ ਪੈਨਸ਼ਨ ਲੈਣ ਦਾ ਅਧਿਕਾਰੀ ਨਹੀਂ ਹੋਵੇਗਾ। ਪ੍ਰਛੂਤਾਂ ਦਾ ਵੀ ਨਹੀਂ" ਉਹਨਾਂ ਨੇ ਬ੍ਰਾਹਮਣ ਨੇਤਾਵਾਂ 'ਤੇ ਸਖਤ ਟਿਪਣੀ ਕਰਦਿਆਂ ਜਨਤਾ ਨੂੰ ਸੱਦਾ ਦਿੱਤਾ ਕਿ ਬਾਲ ਗੰਗਾਧਰ ਤਿਲਕ ਜਾਂ ਕੋਈ ਵੀ ਬ੍ਰਾਹਮਣ ਨੇਤਾ ਦਲਿਤਾਂ ਤੇ ਪਿਛੜਿਆਂ ਦੀ ਅਗਵਾਈ ਨਹੀਂ ਕਰ ਸਕਦਾ। ਉਹਨਾਂ ਦਾ ਅਸਲੀ ਭਲਾ ਉਹਨਾਂ ਦੇ ਵਿਚੋਂ ਹੀ ਕੋਈ ਕਰ ਸਕਦਾ ਹੈ। ਛੂਆਛੂਤ ਨੂੰ ਜੜੋਂ ਪੁੱਟਣ ਲਈ ਸ਼ਾਹੂ ਨੇ ਕਈ ਇਨਕਲਾਬੀ ਕਦਮ ਚੁੱਕੇ। 30 ਅਗਸਤ 1918 ਨੂੰ ਇਹ ਸਰਕੂਲਰ ਜਾਰੀ ਕਰਕੇ ਬ੍ਰਾਹਮਣਾਂ ਵਲੋਂ ਚਲਾਏ ਜਾਂਦੇ ਉਹਨਾਂ ਸਾਰੇ ਸਕੂਲਾਂ 'ਤੇ ਪਬੰਦੀ ਲਾ ਦਿੱਤੀ ਜਿਹਨਾਂ 'ਚ ਸਿਰਫ ਉਚ ਵਰਗੀ ਵਿਦਿਆਰਥੀਆਂ ਨੂੰ ਹੀ ਦਾਖਲਾ ਮਿਲਦਾ ਸੀ-ਗੈਰ ਬ੍ਰਾਹਮਣਾਂ ਲਈ ਇਹਨਾਂ ਸਾਰੇ ਸਕੂਲਾਂ ਦੇ ਦਰਵਾਜੇ ਸਦਾ ਲਈ ਬੰਦ ਸਨ। ਭਾਰਤ 'ਚ ਅਜਿਹੀ ਹਿੰਮਤ ਕਰਨ ਵਾਲੇ ਸ਼ਾਹੂ ਜੀ ਪਹਿਲੇ ਹਾਕਮ ਸਨ। 30 ਸਤੰਬਰ 1919 ਨੂੰ ਉਹਨਾਂ ਨੇ ਇਕ ਹੁਕਮ ਜਾਰੀ ਕਰਕੇ ਅਛੂਤਾਂ ਤੇ ਨਿਮਨ ਜਾਤੀਆਂ ਲਈ ਅਲੱਗ ਤੋਂ ਸੰਚਾਲਿਤ ਸਭ ਸਕੂਲਾਂ ਨੂੰ ਬੰਦ ਕਰਵਾ ਦਿੱਤਾ ਤੇ ਸਾਰੇ ਜਨਤਕ ਸਕੂਲਾਂ ਦੇ ਦਰਵਾਜੇ ਅਛੂਤਾਂ ਲਈ ਖੋਲ੍ਹ ਦਿੱਤੇ। ਛੂਆ ਛੂਤ ਦੇ ਹੱਲ ਲਈ ਤੇ ਅਛੂਤ ਵਿਦਿਆਰਥੀਆਂ ਨੂੰ ਸਵਰਨ ਵਿਦਿਆਰਥੀਆਂ ਦੇ ਬਰਾਬਰ ਦਰਜਾ ਦੇਣ ਲਈ ਉਠਾਇਆ ਗਿਆ ਇਹ ਇਨਕਲਾਬੀ ਕਦਮ ਸੀ।

6 ਨਵੰਬਰ 1919 ਨੂੰ ਸ਼ਾਹੂ ਨੇ ਸਭ ਨਗਰ ਨਿਗਮਾਂ ਨੂੰ ਹਦਾਇਤ ਜਾਰੀ ਕੀਤੀ ਕਿ "ਉਹ ਆਪਣੇ ਅਛੂਤ ਕਰਮਚਾਰੀਆਂ ਲਈ ਭਵਿੱਖ ਨਿਧੀ ਦੀ ਵਿਵਸਥਾ ਕਰਨ ਤਾਂ ਕਿ ਉਹਨਾਂ ਦਾ ਆਰਥਕ ਪੱਖ ਮਜ਼ਬੂਤ ਹੋ ਸਕੇ ਅਤੇ ਉਹ ਆਪਣਾ ਵਿਕਾਸ ਕਰ ਸਕਣ। ਉਹਨਾਂ ਨੇ ਸਹਾਇਤਾ ਦੇ ਕੇ ਸੰਗਾਰਾਮ ਕਾਮਬਲੇ ਨਾਂ ਦੇ ਇਕ ਅਛੂਤ ਤੋਂ ਜਨਤਕ ਹੋਟਲ ਖੁਲਵਾਇਆ ਸੀ। ਇਹ ਹੋਟਲ ਮੇਨ ਰੋਡ 'ਤੇ ਸੀ। ਇਸ ਹੋਟਲ ਵਿਚ ਮਹਾਰਾਜਾ ਹਮੇਸ਼ਾ ਚਾਹ ਪੀਣ ਜਾਂਦੇ ਸਨ। ਅਜਿਹਾ ਕਰਕੇ ਉਹ ਦੇਸ਼ ਨੂੰ ਇਹ ਸੁਨੇਹਾ ਦੇਣਾ ਚਾਹੁੰਦੇ ਸਨ ਕਿ ਛੂਆਛੂਤ ਬਹੁਤ ਬੁਰੀ ਚੀਜ਼ ਹੈ। ਛੂਆ-ਛੂਤ ਮਿਟਾਉਣ ਦੇ ਮਕਸਦ ਨਾਲ ਹੀ ਉਹਨਾਂ ਨੇ ਮਨਗਾਂਵ 'ਚ ਅਛੂਤਾਂ ਦੀ ਇਕ ਸਭਾ 'ਚ ਡਾ. ਅੰਬੇਦਕਰ ਨੂੰ ਬੁਲਾਇਆ ਸੀ ਤੇ ਉਹਨਾਂ ਨੂੰ ਹੀ ਪ੍ਰਧਾਨ ਬਣਾਇਆ ਸੀ। ਸ਼ਾਹੂ ਜੀ ਦੇ ਇਨਕਲਾਬੀ ਯਤਨਾਂ ਕਰਕੇ ਹੀ ਭਾਸਕਰ ਵਿਚੋਂ ਜੀ ਜਾਘਵ ਨਾਂ ਦੇ ਇਕ ਅਛੂਤ ਬੱਚੇ ਨੇ ਮੈਟ੍ਰਿਕ ਦਾ ਇਮਤਿਹਾਨ ਪਹਿਲੀ ਸ਼੍ਰੇਣੀ 'ਚ ਪਾਸ ਕੀਤਾ ਅਤੇ ਅੱਗੇ ਚੱਲ ਕੇ ਉਸ ਨੂੰ ਸਰਕਾਰੀ ਸੇਵਾ 'ਚ ਪ੍ਰੋਬੇਸ਼ਨਰੀ ਸਹਾਇਕ ਦੇ ਅਹੁਦੇ 'ਤੇ ਨਿਯੁਕਤੀ ਦਿੱਤੀ ਗਈ।

ਅਜਿਹਾ ਬਰਾਬਰੀ ਵਾਲਾ ਕੰਮ ਕਰਕੇ ਅਤੇ ਵਿਵਸਥਾ ਲਾਗੂ ਕਰਕੇ ਸ਼ਾਹੂ ਜੀ ਮਹਾਰਾਜ ਅਸਲ 'ਚ ਜਨਤਾ ਦੇ ਨਹੀਂ ਉਹਨਾਂ ਦੇ ਦਿਲਾਂ ਦੇ ਹੀ ਮਹਾਰਾਜ ਬਣ ਗਏ ਸਨ। ਸ਼ਾਹੂ ਜੀ ਦੀਆਂ ਜਨਕਲਿਆਣ ਯੋਜਨਾਵਾਂ ਤੋਂ ਪ੍ਰਭਾਵਿਤ ਹੋ ਕੇ ਰਾਣੀ ਵਿਕਟੋਰੀਆ ਨੇ ਮਈ 1900 'ਚ ਆਪਣੇ ਜਨਮ ਦਿਨ ਮੌਕੇ 'ਤੇ ਆਯੋਜਿਤ ਸਮਾਰੋਹ 'ਚ ਉਹਨਾਂ ਨੂੰ ਮਹਾਰਾਜ ਦੀ ਉਪਾਧੀ ਨਾਲ ਸਨਮਾਨਿਆ ਸੀ।

# ਕੀ ਜਾਇਦਾਦ ਸਬੰਧੀ ਗਾਂਧੀ ਤੇ ਅੰਬੇਦਕਰ 'ਚ ਕੋਈ ਫਰਕ ਹੈ?

ਜਾਇਦਾਦ ਦੇ ਸੰਬੰਧਾਂ ਦੇ ਸੁਆਲ 'ਤੇ ਅੰਬੇਦਕਰ ਨੇ ਗਾਂਧੀ ਦੀ ਅਲੋਚਨਾ ਗੰਭੀਰਤਾ ਨਾਲ ਕੀਤੀ ਹੈ ਕਿ ਗਾਂਧੀ ਮਜ਼ਦੂਰਾਂ ਦੇ ਪੱਖ 'ਚ ਨਹੀਂ ਹੈ ਆਦਿ। ਪਰ ਜਾਇਦਾਦ ਦੇ ਸੁਆਲ ਸਬੰਧੀ ਗਾਂਧੀ ਤੇ ਅੰਬੇਦਕਰ ਦੇ ਵਿਚਾਰ ਆਪਸ 'ਚ ਮਿਲਦੇ ਹਨ। ਸਿਰਫ ਭਿੰਨਤਾ ਉਹਨਾਂ ਦੀ ਸ਼ਬਦਾਵਲੀ ਵਿਚ ਹੀ ਹੈ। ਤੱਤ ਰੂਪ 'ਚ ਦੋਨੋ ਇਕੋ ਹਨ।

ਗਾਂਧੀ ਜਿੰਮੀਦਾਰਾਂ ਤੇ ਬੇਜ਼ਮੀਨਿਆਂ ਮਾਲਕਾਂ ਤੇ ਮਜ਼ਦੂਰਾਂ ਵਿਚਕਾਰ ਸੰਘਰਸ਼ ਪਸੰਦ ਨਹੀਂ ਕਰਦੇ ਹਨ। ਇਹ ਗੱਲ ਅੰਬੇਦਕਰ ਸਬੰਧੀ ਵੀ ਸਹੀ ਹੈ। ਅੰਬੇਦਕਰ ਵੀ ਮਿਹਨਤਕਸ਼ ਵਰਗ ਨੂੰ ਕੋਈ ਰਾਹ ਨਹੀਂ ਦਸਦੇ। ਉਤਰ ਪ੍ਰਦੇਸ਼ 'ਚ 1921 'ਚ ਕਿਸਾਨ ਅੰਦੋਲਨ ਸਮੇਂ ਬੇਜਮੀਨਿਆਂ ਨੇ ਭੋਇੰ ਮਾਲਕਾਂ ਨੂੰ ਮਾਲੀਆ (ਟੈਕਸ) ਦੇਣਾ ਬੰਦ ਕਰ ਦਿੱਤਾ। ਉਹਨਾਂ ਨੇ ਭੋਇੰ ਮਾਲਕਾਂ ਲਈ ਪਾਣੀ ਲਿਆਉਣਾ ਬੰਦ ਕਰ ਦਿੱਤਾ। ਉਹਨਾਂ ਨੇ ਵਾਲ ਕੱਟਣ ਵਰਗੀ ਚਾਕਰੀ ਵੀ ਬੰਦ ਕਰ ਦਿੱਤੀ। ਇਸ ਵਿਦਰੋਹ ਨੇ ਗਾਂਧੀ ਨੂੰ ਬੇਚੈਨ ਕਰ ਦਿੱਤਾ ਤੇ ਵਿਦਰੋਹ ਦੀਆਂ ਇਹਨਾਂ ਕਾਰਵਾਈਆਂ ਨੂੰ ਹਿੰਸਾ ਕਿਹਾ। ਉਹਨਾਂ ਕਿਹਾ ਕਿ ਕਿਸਾਨਾਂ ਨੂੰ ਹਿੰਸਾ ਦਾ ਆਸਰਾ ਨਹੀਂ ਲੈਣਾ ਚਾਹੀਦਾ, ਇਹ ਕਿ ਭੋਇੰ ਮਾਲਕਾਂ ਨੂੰ ਲਗਾਨ ਦੇਣਾ ਉਹਨਾਂ ਦਾ ਫ਼ਰਜ਼ ਹੈ ਅਤੇ ਇਹ ਕਿ ਉਹਨਾਂ ਨੂੰ ਜਿੰਮੀਦਾਰ ਨਾਲ ਦੋਸਤੀ ਸਾਹਿਤ ਗੱਲ ਕਰਨੀ ਚਾਹਦੀ ਹੈ। (ਖੰਡ 9 ਪੰਨਾ 282)।

ਇਸ ਘਟਨਾ 'ਤੇ ਗਾਂਧੀ ਤੋਂ ਵਖਰੇਵਾ ਦਰਸਾਉਂਦਿਆਂ ਅੰਬੇਦਕਰ ਦਾ ਕਹਿਣਾ ਸੀ, "ਗਾਂਧੀ ਜਾਇਦਾਦ ਦੇ ਮਾਲਕਾਂ ਨੂੰ ਸੱਟ ਮਾਰਨੀ ਨਹੀਂ ਚਾਹੁੰਦੇ, ਇਥੋਂ ਤਕ ਕਿ ਉਹਨਾਂ ਵਿਰੁੱਧ ਕਿਸੇ ਵੀ ਸੰਘਰਸ਼ ਦੇ ਖਿਲਾਫ ਹਨ ਇਹਨਾਂ ਨੂੰ ਆਰਥਕ ਬਰਾਬਰੀ ਨਾਲ ਕੋਈ ਲਗਾਅ ਨਹੀਂ ਹੈ। ਮਾਲਕਾਂ ਤੇ ਮਜ਼ਦੂਰਾਂ ਵਿਚਕਾਰ, ਅਮੀਰਾਂ ਤੇ ਗਰੀਬਾਂ ਵਿਚਕਾਰ, ਭੋਇੰ ਮਾਲਕਾਂ ਤੇ ਕਾਸ਼ਤਕਾਰਾਂ ਵਿਚਕਾਰ ਅਤੇ ਅਫਸਰ ਤੇ ਕਰਮਚਾਰੀਆਂ ਵਿਚਾਲੇ ਆਰਥਕ ਅੰਤਰ ਵਿਰੋਧ ਦਾ ਹੱਲ ਬਹੁਤ ਸੌਖਾ ਹੈ। ਮਾਲਕਾਂ ਨੂੰ ਆਪਣੀ ਜਾਇਦਾਦ ਤੋਂ ਵਾਂਝਿਆ ਹੋਣ ਦੀ ਲੋੜ ਨਹੀਂ। ਉਹਨਾਂ ਨੂੰ ਸਿਰਫ ਇਹ ਕਰਨ ਦੀ ਲੋੜ ਹੈ ਕਿ ਉਹ ਖੁਦ ਨੂੰ ਗਰੀਬਾਂ ਦਾ ਭਰੋਸੇਮੰਦ ਐਲਾਨਣ ਨਿਰਸੰਦੇਹ ਭਰੋਸਾ ਸਵੈ ਇੱਛਕ ਹੁੰਦਾ।" (ਖੰਡ 9 ਪੰਨਾ 282)।

ਗਾਂਧੀ ਦੇ ਸ਼ਬਦ ਭੋਰਾ ਵੀ ਹੈਰਾਨ ਨਹੀਂ ਕਰਦੇ। ਅਸਲ 'ਚ ਜੇ ਗਾਂਧੀ ਨੇ ਜਾਇਦਾਦ ਦੇ ਮਾਲਕ ਵਰਗ ਬਾਰੇ ਐਸੀ ਗੱਲ ਨਾ ਕਹੀ ਹੁੰਦੀ ਤਾਂ ਇਹ ਜ਼ਰੂਰ ਹੈਰਾਨਕੁੰਨ ਹੁੰਦਾ। ਖੈਰ ਫੇਰ ਉਸ ਜਮਾਤ ਬਾਰੇ ਅੰਬੇਦਕਰ ਦਾ ਕੀ ਕਹਿਣਾ ਸੀ? ਜਦ 1947 'ਚ ਗਾਂਧੀ 'ਚ ਦੋਸ਼ ਕੱਢਣ ਦੇ ਕਾਫੀ ਪਿੱਛੋਂ ਅਤੇ ਅਵਸਥਾ ਤੇ ਅਨੁਭਵ 'ਚ ਗੁਜ਼ਰਨ ਪਿੱਛੋਂ ਕਾਫੀ ਅਰਸੇ ਬਾਅਦ ਅੰਬੇਦਕਰ ਨੇ ਸੰਪਤੀ ਸ਼ਾਲੀ ਵਰਗ ਬਾਰੇ ਜੋ ਗੱਲ ਕਹੀ ਕਿ ਉਹ ਗਾਂਧੀ ਤੋਂ ਕੋਈ ਵੱਖਰੀ ਸੀ? ਗਾਂਧੀ ਦੀ ਇਸ ਸਲਾਹ 'ਚ ਕਿਸਾਨਾਂ ਨੂੰ ਜਿੰਮੀਦਾਰਾਂ ਨੂੰ ਲਗਾਨ ਦੇਣਾ ਚਾਹੀਦਾ ਹੈ ਅਤੇ ਅੰਬੇਦਕਰ ਦੇ ਪ੍ਰਸਤਾਵਾਂ ਵਿਚ ਕਿ ਕਿਸਾਨਾਂ ਨੂੰ ਕਰਜਾ ਪੱਤਰ ਧਾਰਕਾਂ (ਸਾਬਕਾ ਭੋਇੰ ਸਵਾਮੀ) ਨੂੰ ਵਿਆਜ ਦੇਣਾ ਚਾਹੀਦਾ ਹੈ। ਕੀ ਫਰਕ ਹੈ? ਅੰਬੇਦਕਰ ਦਾ ਕਹਿਣਾ ਕਿ ਗਾਂਧੀ ਦਾ ਹੱਲ ਇਸ ਨਜ਼ਰੀਏ ਤੋਂ

ਬੇਹੱਦ ਸੌਖਾ ਹੈ ਕਿ ਜਾਇਦਾਦ ਮਾਲਕਾਂ ਨੂੰ ਜਾਇਦਾਦ ਤੋਂ ਵਾਂਝਿਆਂ ਹੋਣ ਦੀ ਲੋੜ ਨਹੀਂ, ਫਿਰ ਤਾਂ ਠੀਕ ਹੈ ਪਰ ਅੰਬੇਦਕਰ ਦਾ ਪ੍ਰਸਤਾਵ ਕਿ ਕੀ ਏਨਾ ਕਠੋਰ ਹੈ ਕਿ ਜਾਇਦਾਦ ਮਾਲਕਾਂ ਨੂੰ ਆਪਣੀ ਜਾਇਦਾਦ ਦਾ ਤਿਆਗ ਕਰਨਾ ਪਵੇਗਾ। ਇਹ ਸਹੀ ਹੈ ਕਿ ਗਾਂਧੀ ਨੇ ਜੋ ਗੱਲ ਕਹੀ ਉਹ ਆਰਥਕ ਬਰਾਬਰੀ ਨਹੀਂ ਹੈ ਪਰ ਕੀ ਅੰਬੇਦਕਰ ਦਾ ਪ੍ਰਸਤਾਵ ਆਰਥਕ ਬਰਾਬਰੀ ਸਥਾਪਤ ਕਰਦਾ ਹੈ? ਇਹ ਵੀ ਸਹੀ ਹੈ ਕਿ ਗਾਂਧੀ ਸੰਪਤੀ ਸ਼ਾਲੀ ਜਾਇਦਾਦ ਨੂੰ ਸੱਟ ਨਹੀਂ ਮਾਰਨਾ ਚਾਹੁੰਦੇ ਸਨ। ਖੈਰ ਕੀ ਅੰਬੇਦਕਰ ਜਾਇਦਾਦ ਦਾ ਮੁਦਰਾ (ਕਰੰਸੀ) 'ਚ ਤਬਾਦਲਾ ਜਾਇਦਾਦ ਮਾਲਕਾਂ ਨੂੰ ਸੱਟ ਮਾਰਨ ਦੇ ਬਰਾਬਰ ਹੈ? ਅਸਲ 'ਚ ਗਾਂਧੀ ਨੇ ਮਜ਼ਦੂਰਾਂ 'ਚ ਐਬ ਕੱਢਿਆ ਇਹ ਗਾਂਧੀ ਦੇ ਹੀ ਸ਼ਬਦ ਹਨ।

"ਮਜ਼ਦੂਰਾਂ ਨੂੰ ਕੀ ਹਿੰਸਾ ਨਾਲ ਆਪਣੀ ਮਜ਼ਦੂਰੀ 'ਚ ਵਾਧਾ ਕਰਾਉਣਾ ਚਾਹੀਦਾ ਹੈ? ਜੇ ਅਜਿਹਾ ਸੰਭਵ ਹੋਵੇ ਤਾਂ ਵੀ ਉਹ ਹਿੰਸਾ ਵਰਗੀ ਚੀਜ਼ ਦਾ ਸਹਾਰਾ ਨਹੀਂ ਲੈ ਸਕਦੇ। ਚਾਹੇ ਇਹਨਾਂ ਦੇ ਦਾਅਵੇ ਕਿੰਨੇ ਵੀ ਤਰਕ ਸੰਗਤ ਕਿਉਂ ਨਾ ਹੋਣ। ਅਧਿਕਾਰ ਹਾਸਲ ਕਰਨ ਲਈ ਹਿੰਸਾ ਦਾ ਰਾਹ ਸੌਖਾ ਲੱਗ ਸਕਦਾ ਹੈ। ਪਰ ਅੱਗੇ ਚੱਲ ਕੇ ਇਹ ਕਸ਼ਟ ਪੂਰਨ ਹੋ ਜਾਂਦਾ ਹੈ। ਮਜ਼ਦੂਰ ਦੀ ਪੂੰਜੀਪਤੀ 'ਚ ਆਸਥਾ ਨਹੀਂ ਹੁੰਦੀ ਅਤੇ ਪੂੰਜੀਪਤੀ ਨੂੰ ਮਜ਼ਦੂਰਾਂ 'ਚ ਕੋਈ ਵਿਸ਼ਵਾਸ਼ ਨਹੀਂ ਹੁੰਦਾ ਪਰ ਜਦ ਮਜ਼ਦੂਰ ਆਪਣੀ ਤਾਕਤ ਦਾ ਅਹਿਸਾਸ ਪੂਰੀ ਤਰ੍ਹਾਂ ਕਰ ਲਵੇਗਾ ਤਾਂ ਮੇਰਾ ਇਹ ਮੰਨਣਾ ਹੈ ਕਿ ਪੂੰਜੀ ਦੇ ਮੁਕਾਬਲੇ ਵੱਧ ਜ਼ਾਲਮ ਬਣ ਸਕਦਾ ਹੈ" (ਖੰਡ 9 ਸਫਾ 279-80) ਚਾਹੇ ਕੋਈ ਵੀ ਬੰਦਾ ਹੋਵੇ ਜੇ ਉਹ ਗਾਂਧੀ ਦੀ ਅਲੋਚਨਾ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਕੀ ਕਰਨਾ ਚਾਹੀਦਾ ਹੈ? ਉਸ ਨੂੰ ਇਹ ਕਹਿਣਾ ਚਾਹੀਦਾ ਹੈ ਕਿ ਮਜ਼ਦੂਰੀ 'ਚ ਵਾਧੇ ਲਈ ਹੜਤਾਲ ਤੇ ਜਾਣਾ ਹਿੰਸਾ ਨਹੀਂ ਹੈ। ਉਸ ਨੂੰ ਇਹ ਵੀ ਕਹਿਣਾ ਚਾਹੀਦਾ ਹੈ ਕਿ 'ਮਜ਼ਦੂਰ ਤੇ ਪੂੰਜੀਪਤੀ ਇਕ ਦੂਜੇ 'ਤੇ ਇਸ ਲਈ ਵਿਸ਼ਵਾਸ਼ ਨਹੀਂ ਕਰਦੇ ਕਿਉਂਕਿ ਉਹ ਪੂਰੀ ਤਰ੍ਹਾਂ ਵਿਰੋਧੀ ਜਮਾਤਾਂ ਹਨ।' ਪਰ ਖੁਦ ਅੰਬੇਦਕਰ ਨੇ ਇਸ ਤਰ੍ਹਾਂ ਦੀ ਪ੍ਰਤੀਕ੍ਰਿਆ ਨਹੀਂ ਵਿਖਾਈ। ਉਲਟਾ ਇਹਨਾਂ ਨੇ ਮਜ਼ਦੂਰਾਂ ਦੇ ਖੁਦ ਮਾਲਕ ਬਣਨ ਦੀ ਅਸਮਰਥਾ ਦ ਕਾਰਨਾਂ ਦਾ ਜ਼ਿਕਰ ਕੀਤਾ ਹੈ।

"ਮਜ਼ਦੂਰ ਜੇ ਮਿੱਲ ਮਾਲਕਾਂ ਦੀ ਮੇਘਾ 'ਤੇ ਕਾਬੂ ਪਾ ਸਕਣ ਤਾਂ ਮਿੱਲ ਮਾਲਕਾਂ ਨੂੰ ਉਹਨਾਂ ਦੀਆਂ ਸ਼ਰਤਾਂ 'ਤੇ ਕਾਬੂ ਕਰਨਾ ਪਵੇਗਾ ਪਰ ਇਹ ਸਪਸ਼ਟ ਹੈ ਕਿ ਕਿਰਤ ਦੀ ਕਮੀ ਨੂੰ ਵੀ ਮੇਘਾ ਦੀ ਥਾਂ ਨਹੀਂ ਹਾਸਲ ਹੋ ਸਕਣੀ। ਜੇ ਅਜਿਹਾ ਹੋ ਜਾਵੇ ਤਾਂ ਮਜ਼ਦੂਰ ਨਹੀਂ ਰਹਿ ਜਾਵੇਗਾ, ਮਾਲਕ ਬਣ ਬੈਠੇਗਾ। ਪੂੰਜੀਪਤੀ ਸਿਰਫ ਪੈਸੇ ਦੇ ਦਮ 'ਤੇ ਨਹੀਂ ਲੜਦੇ ਹਨ ਉਹਨਾਂ ਕੋਲ ਬੁੱਧੀ ਤੇ ਵਿਹਾਰ ਕੁਸ਼ਲਤਾ ਵੀ ਹੁੰਦੀ ਹੈ।" (ਖੰਡ 9 ਸਫਾ 280)। ਪੂੰਜੀਵਾਦੀ ਬੁੱਧੀਜੀਵੀ ਤਾਂ ਹਮੇਸ਼ਾ ਹੀ ਇਹ ਰਾਗ ਅਲਾਪਦੇ ਰਹੇ ਹਨ ਕਿ ਪੂੰਜੀਪਤੀ ਆਪਣੇ ਉਦਯੋਗਾਂ ਨੂੰ ਕਿਰਤ ਦੀ ਲੁੱਟ ਨਾਲ ਨਹੀਂ ਬਲਕਿ ਬੁੱਧੀ ਤੇ ਕਾਰੋਬਾਰੀ ਨਿਪੁੰਨਤਾ ਨਾਲ ਚਲਾਉਂਦੇ ਹਨ ਜਿਸ ਨਾਲ ਕਿ ਉਹਨਾਂ ਨੂੰ ਮੁਨਾਫਾ ਹਾਸਲ ਹੁੰਦਾ ਹੈ। ਅੰਬੇਦਕਰ ਦੀ ਸਮਝਦਾਰੀ ਵਿਚ ਵੀ ਇਹੀ ਰਾਗ ਹੁੰਦਾ ਹੈ। ਉਹਨਾਂ ਦਾ ਕਹਿਣਾ ਹੈ ਕਿ ਜੇ ਮਜ਼ਦੂਰਾਂ ਕੋਲ, ਬੁੱਧੀ ਹੁੰਦੀ ਤਾਂ ਉਹ ਮਾਲਕ ਬਣ ਜਾਂਦੇ। ਕੀ ਇਹਨਾਂ ਮਾਲਕ ਬਣੇ ਮਜ਼ਦੂਰਾਂ ਨੂੰ ਆਪਣੇ ਕੰਮ ਕਰਾਉਣ ਲਈ ਮਜ਼ਦੂਰਾਂ ਦੀ ਲੋੜ ਪੈਣੀ? ਉਮੀਦ ਇਹ ਹੈ ਕਿ ਨਾ ਸਮਝ ਲੋਕ ਇਹਨਾਂ ਦੇ ਮਜ਼ਦੂਰ ਹੋ ਜਾਣਗੇ।

ਅੰਬੇਦਕਰ ਦੇ ਸ਼ਬਦ ਇਹ ਦੱਸਦੇ ਹਨ ਕਿ ਸਮੁੱਚੇ ਬੁਧੀਮਾਨ ਲੋਕ ਮਾਲਕ ਹੋ ਜਾਂਦੇ ਹਨ ਅਤੇ ਸਭ ਬੁੱਧੀਹੀਣ ਲੋਕ ਮਜ਼ਦੂਰ ਬਣੇ ਰਹਿੰਦੇ ਹਨ। ਪਰ ਮਾਲਕ ਬਣਨ ਲਈ ਬੁੱਧੀ ਦੇ ਵਿਹਾਰ ਕੌਸ਼ਲ ਦੀ ਲੋੜ ਨਹੀਂ ਹੁੰਦੀ ਇਸ ਲਈ ਲੁਟੇਰੇ ਸੰਪਤੀ ਅਧਿਕਾਰਾਂ ਦੀ ਲੋੜ ਹੁੰਦੀ ਹੈ। ਜਿਹਨਾਂ ਲੋਕਾਂ ਦਾ ਭੂਮੀ ਤੇ ਪੈਦਾਵਾਰ ਦੇ ਹੋਰਾਂ ਵਸੀਲਿਆਂ ਤੇ ਕਬਜਾ ਹੋਵੇਗਾ ਸਿਰਫ ਉਹੀ ਮਾਲਕ ਬਨਣਗੇ। ਇਹਨਾਂ ਅਧਿਕਾਰਾਂ ਨੂੰ ਬਣਾਈ ਰੱਖਣ ਲਈ ਬੁੱਧੀ ਨਹੀਂ ਬਲਕਿ ਹਥਿਆਰਾਂ ਦੀ ਵੀ ਲੋੜ ਪੈਂਦੀ ਹੈ। ਮਾਲਕਾਂ ਦੀ ਜਮਾਤ ਹਥਿਆਰਾਂ ਦੇ ਆਸਰੇ ਖੁਦ ਨੂੰ ਕਾਇਮ ਰੱਖਣ 'ਚ ਸਮਰਥ ਹੁੰਦੀ ਹੈ। ਅੰਬੇਦਕਰ ਲਈ ਬੁੱਧੀ ਦਾ ਮਾਲਕ ਹੋਣ ਦਾ ਮਤਲਬ ਮਾਲਕ ਹੋ ਜਾਣਾ ਹੁੰਦਾ ਹੈ। ਅੰਬੇਦਕਰ ਨੂੰ ਇਸ ਸਮਝ ਨਹੀਂ ਹੈ ਕਿ 'ਮਨੁੱਖੀ ਸਬੰਧਾਂ 'ਚ ਕੋਈ ਮਾਲਕੀ ਬਿਲਕੁਲ ਨਹੀਂ ਹੋਣੀ ਚਾਹੀਦੀ। ਮਾਲਕੀ ਦੀ ਮੌਜੂਦਗੀ ਦਾਸਤਾ ਦੀ ਮੌਜੂਦਗੀ ਦਾ ਸਬੂਤ ਦਿੰਦੀ ਹੈ। ਮਤਲਬ ਇਹ ਕਿ ਸਮਤਾ ਨਾਂ ਦੀ ਕੋਈ ਚੀਜ਼ ਮੌਜੂਦ ਨਹੀਂ ਬਲਕਿ ਅੰਬੇਦਕਰ ਦਾ ਇਸ ਨਾਲ ਕੋਈ ਸਾਰੋਕਾਰ ਨਹੀਂ। ਗਾਂਧੀ ਵਿਰੁੱਧ ਅੰਬੇਦਕਰ ਦਾ ਸੁਆਲ ਨਾਮਾ ਇਸ ਤਰ੍ਹਾਂ ਅੱਗੇ ਵਧਦਾ ਹੈ।

'ਕੀ ਆਰਥਕ ਸਮੱਸਿਆਵਾਂ 'ਚ ਗਾਂਧੀ ਵਿਸਲੇਸ਼ਣ 'ਚ ਕੋਈ ਨਵੀਂ ਗੱਲ ਹੈ। ਗਾਂਧੀਵਾਦੀ ਅਰਥਚਾਰਾ ਦੋਸ਼ ਰਹਿਤ ਹੈ? ਗਾਂਧੀਵਾਦੀ ਸਾਧਾਰਨ ਮਨੁੱਖਾਂ 'ਤੇ ਹੇਠਲੇ ਪੱਧਰ ਦੇ ਲੋਕਾਂ 'ਚ ਕਿਸ ਉਮੀਦ ਦਾ ਸੰਚਾਰ ਕਰਦਾ ਹੈ ਕੀ ਗਾਂਧੀਵਾਦ ਸਾਧਾਰਨ ਮਨੁੱਖ ਨੂੰ ਬੇਹਤਰ ਜੀਵਨ, ਸੁਖੀ ਜੀਵਨ ਤੇ ਸਭਿਆਚਾਰ ਤੇ ਸੁੰਤਤਰਤਾ ਦੇ ਜੀਵਨ-ਅਜਾਦ ਦਰਿਦਰਤਾ ਨਾਲ ਨਹੀਂ ਬਲਕਿ ਸਮਰਥਾ ਅਨੁਸਾਰ ਉਭਾਰ ਤੇ ਵਿਕਾਸ ਦਾ ਵਚਨ ਦਿੰਦਾ ਹੈ (ਖੰਡ 9 ਪੰਨਾ 282)।

ਕੀ ਇਹਨਾਂ 'ਚ ਇਕ-ਇਕ ਸੁਆਲ ਖੁਦ ਅੰਬੇਦਕਰ 'ਤੇ ਲਾਗੂ ਨਹੀਂ ਹੋਵੇਗਾ? ਇਹ ਸਹੀ ਹੈ ਕਿ ਗਾਂਧੀ ਦੇ ਵਿਸ਼ਲੇਸ਼ਣ 'ਚ ਕੁਝ ਵੀ ਨਵਾਂ ਨਹੀਂ ਪਰ ਅੰਬੇਦਕਰ ਦੇ ਵਿਸ਼ਲੇਸ਼ਣ ਕੀ ਕੁਝ ਵੀ ਨਵਾਂ ਹੈ? ਇਹ ਸਹੀ ਹੈ ਕਿ ਗਾਂਧੀ ਦਾ ਅਰਥ ਸ਼ਾਸਤਰ ਦੋਸ਼ ਰਹਿਤ ਨਹੀਂ ਹੈ? ਅੰਬੇਦਕਰ ਨੇ ਗਾਂਧੀ ਖਿਲਾਫ ਜਿੰਨੇ ਸੁਆਲ ਉਠਾਏ ਉਹਨਾਂ 'ਚੋਂ ਹਰ ਇਕ 'ਤੇ ਅਸੀਂ ਅੰਬੇਦਕਰ ਨੂੰ ਕਿਉਂ ਨਾ ਪਰਖੀਏ?

ਅੰਬੇਦਕਰ ਚਾਹੇ ਕਿੰਨੇ ਹੀ ਤਰੀਕਿਆਂ ਨਾਲ ਗਾਂਧੀ ਦੀ ਅਲੋਚਨਾ ਕਰਦੇ ਰਹੇ। ਜਾਇਦਾਦ ਦੇ ਸਬੰਧਾਂ ਤੋਂ ਦੋਨੋ ਇਕੋ ਹੀ ਹਨ। ਦੋਨੋ ਜਾਇਦਾਦ ਦੇ ਮਾਲਕਾਂ ਦੇ ਹਮਾਇਤੀ, ਦੋਹਾਂ ਦਾ ਅਰਥ ਸ਼ਾਸਤਰ ਇਕ ਹੈ। ਪਰ ਗਾਂਧੀ ਲੁੱਟ ਸ਼ਬਦ ਵਰਤੇ ਬਗੈਰ ਤੇ ਬਿਨਾਂ ਕਿਸੇ ਤਬਦੀਲੀ ਦੇ ਪੁਰਾਣੇ ਅਰਥਸ਼ਾਸਤਰ ਦੀ ਹਮਾਇਤ ਕਰਦੇ ਹਨ। ਗਾਂਧੀ ਨੂੰ ਸਮਝਣਾ ਸੌਖਾ ਹੈ। ਪਰ ਅੰਬੇਦਕਰ ਦੇ ਪ੍ਰਸਤਾਵ ਗੜਬੜ ਪੈਦਾ ਕਰ ਦਿੰਦੇ ਹਨ। ਇਹ ਗੜਬੜ ਝਾਲ ਵਿਚ ਇਕ ਕਿਨਾਰੇ 'ਤੇ ਲੁੱਟ ਸ਼ਬਦ ਹੈ ਤਾਂ ਦੂਜੇ ਕਿਨਾਰੇ 'ਤੇ ਉਸ ਦੀ ਹਮਾਇਤ। ਸਾਨੂੰ ਅਜੇ ਵੀ ਬਚਾਅ ਪ੍ਰਾਰੂਪ ਦੇ ਕੁਝ ਹੋਰ ਬਿੰਦੂਆਂ ਨੂੰ ਵੇਖਣਾ ਪਵੇਗਾ। ਇਸ ਦੇ ਪ੍ਰਸਤਾਵਾਂ ਦਾ ਉਦੇਸ਼ ਨਾ ਸਿਰਫ ਆਰਥਕ ਬਲਕਿ ਸਮਾਜਕ ਬੁਰਾਈਆਂ ਨੂੰ ਵੀ ਦੂਰ ਕਰਦਾ ਹੈ। ਭਾਵ ਜਾਤੀ-ਭੇਦ ਦੂਰ ਕਰਨਾ। ਇਸ ਦੇ ਪ੍ਰਸਤਾਵਾਂ ਦਾ ਬਿੰਦੂ ਇਹ ਦੱਸਦਾ ਹੈ ਕਿ ਇਹ ਕਿਸ ਤਰ੍ਹਾਂ ਜਾਤੀ ਜਾਂ ਧਰਮ ਦੇ ਭੇਦਭਾਵ ਦੇ ਬਗੈਰ ਤੇ ਇਸ ਢੰਗ ਨਾਲ ਜ਼ਮੀਨ ਪੇਂਡੂਆਂ ਨੂੰ ਦੇ ਦਿੱਤੀ ਜਾਵੇ ਕਿ ਕੋਈ ਭੋਇੰ ਮਾਲਕ ਨਾ ਹੋਵੇ। ਕੋਈ ਅਸਾਮੀ ਨਾ ਹੋਵੇ ਤੇ ਕੋਈ ਭੂਮੀਹੀਣ ਮਜ਼ਦੂਰ ਨਾ ਹੋਵੇ। ਜੇ ਅਜਿਹਾ

ਹੋਇਆ ਤਾਂ ਛੋਟੀ ਜਾਤੀ ਦੇ ਲੋਕ ਵੀ ਉੱਚ ਜਾਤੀਆਂ ਦੇ ਬਰਾਬਰ ਜ਼ਮੀਨ ਹਾਸਲ ਕਰ ਸਕਣਗੇ। ਸਿੱਟੇ ਵਜੋਂ ਉਹਨਾਂ ਦੀ ਆਰਥਕ ਦਸ਼ਾ ਸੁਧਰ ਜਾਵੇਗੀ। ਇਸ ਨਾਲ ਇਹਨਾਂ ਦੇ ਰਾਜਸੀ ਖੇਤਰ 'ਚ ਦਾਖਲ ਹੋਣ ਦਾ ਰਾਹ ਵੀ ਖੁੱਲ੍ਹ ਜਾਵੇਗਾ। ਇਸ ਨਾਲ ਸਭ ਤਰ੍ਹਾਂ ਦੀਆਂ ਬੁਰਾਈਆਂ ਖਤਮ ਹੋ ਜਾਣਗੀਆਂ। ਜਦ ਕਦੀ ਦੂਸਰੇ ਨੇ ਅਜਿਹੇ ਹੱਲ ਦਾ ਪ੍ਰਸਤਾਵ ਕੀਤਾ ਜਿਵੇਂ ਕਿ ਛੋਟੀਆਂ ਜਾਤੀਆਂ ਦੀਆਂ ਸਾਰੀ ਸਮੱਸਿਆਵਾਂ ਗਰੀਬੀ ਦੀਆਂ ਸਮੱਸਿਆਵਾਂ ਨਾਲ ਜੁੜੀਆਂ ਹੋਈਆਂ ਹਨ ਤੇ ਜਾਤੀ ਪ੍ਰਬੰਧ ਦੇ ਹੱਲ ਨੂੰ ਵੀ ਆਰਥਕ ਸਬੰਧਾਂ ਦੇ ਰਾਹ 'ਤੇ ਚਲਣਾ ਚਾਹੀਦਾ ਹੈ। ਤਾਂ ਉਹਨਾਂ ਨੇ ਇਸ ਦਾ ਦੱਬ ਕੇ ਵਿਰੋਧ ਕੀਤਾ ਪਰ ਹੁਣ ਉਸੇ ਹੱਲ ਦਾ ਸੁਝਾਅ ਦੇਣਾ ਇਸ ਲਈ ਲਾਜ਼ਮੀ ਹੋ ਗਿਆ। ਜਾਤੀ ਭੇਦ ਭਾਵ ਮਿਟਾਉਣੇ ਹੱਲ ਵਜੋਂ ਸਿਰਫ ਅੰਤਰਜਾਤੀ ਵਿਆਹ ਦਾ ਸੁਝਾਅ ਦੇ ਕੇ ਨਹੀਂ ਰੁਕੇ। ਇਹਨਾਂ ਨੇ ਜ਼ਮੀਨ ਤੇ ਸਨਅਤਾਂ ਨੂੰ ਵੀ ਲਪੇਟਨਾ ਸੀ ਭਾਵ ਉਤਪਾਦਕ ਦੇ ਸਬੰਧਾਂ ਤੇ ਉਤਪਾਦਨ ਦੇ ਸੁਆਲ ਨੂੰ। ਇਹ ਵੱਖਰਾ ਮੁੱਦਾ ਹੈ ਕਿ ਅੰਬੇਦਕਰ ਨੇ ਸਮੱਸਿਆ ਦਾ ਸਹੀ ਹੱਲ ਪੇਸ਼ ਕੀਤਾ ਜਾਂ ਗਲਤ। ਪਰ ਇਹਨਾਂ ਨੇ ਹੀ ਉਸੇ ਰਾਹ ਦਾ ਸੁਝਾਅ ਦੇਣਾ ਸੀ ਇਸ ਲਈ ਇਹ ਸਾਬਤ ਹੁੰਦਾ ਹੈ ਕਿ ਕਿਸੇ ਤਰ੍ਹਾਂ ਦੀ ਬੁਰਾਈ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਬਰਾਬਰੀ ਦੇ ਰਾਹ ਦੇ ਆਸਰੇ ਆਰਥਕ ਸਬੰਧਾਂ ਨੂੰ ਬਦਲਣਾ ਹੋਵੇਗਾ। ਪਰ ਇਹ ਬਿਨਾਂ ਸ਼ਕ ਸਪੱਸ਼ਟ ਹੋ ਜਾਂਦਾ ਹੈ ਕਿ ਅੰਬੇਦਕਰ ਦੀ ਯੋਜਨਾ, ਜੋ ਕਿ ਸ਼ਕਤੀਸ਼ਾਲੀ ਵਰਗ ਨੂੰ ਹੱਕ ਦਿੰਦੀ ਹੈ, ਉਹ ਆਰਥਕ ਬਰਾਬਰੀ ਨਹੀਂ ਪੈਦਾ ਕਰ ਸਕਦੀ। ਜੋ ਰਾਹ ਆਰਥਕ ਬਰਾਬਰੀ ਵੱਲ ਨਾ ਜਾਂਦਾ ਹੋਵੇ ਕੀ ਉਹ ਹੋਰ ਕਿਸਮ ਦੀ ਬਰਾਬਰੀ ਵੱਲ ਵੀ ਜਾਵੇਗਾ? ਮਤਲਬ ਇਹ ਕਿ ਅੰਬੇਦਕਰ ਦੀ ਯੋਜਨਾ ਸਭ ਬੁਰਾਈਆਂ ਨੂੰ ਜਿਵੇਂ ਤਿਵੇਂ ਸੁਰੱਖਿਅਤ ਰੱਖ ਰਹੀ ਹੈ। ਜੇ ਅਸੀਂ ਵਾਕਿਆ ਹੀ ਆਰਥਕ ਲੁੱਟ ਤੋਂ ਮੁਕਤੀ ਚਾਹੁੰਦੇ ਹਾਂ ਗਲਤ ਯੋਜਨਾ ਦੀ ਥਾਂ ਸਟੀਕ ਯੋਜਨਾ ਦੀ ਲੋੜ ਹੋਵੇਗੀ। ਸਾਨੂੰ ਐਸੀ ਯੋਜਨਾ ਦੀ ਲੋੜ ਹੋਵੇਗੀ ਜੋ ਹਰੇਕ ਬੰਦੇ ਨੂੰ ਕਿਰਤ ਕਰਨ ਲਈ ਮਜ਼ਬੂਰ ਕਰੇ। ਲੁਟੇਰੇ ਸੰਪਤੀ ਅਧਿਕਾਰਾਂ ਦਾ ਖਾਤਮਾ ਕਰੇ ਅਤੇ ਲੁਟੇਰੀ ਕਿਰਤ ਵੰਡ ਨੂੰ ਬਦਲੇ। ਦੂਜੇ ਸ਼ਬਦਾਂ 'ਚ ਸਾਨੂੰ ਅੰਬਦੇਕਰ ਦੀ ਯੋਜਨਾ ਦੀ ਥਾਂ 'ਤੇ ਮਾਰਕਸ ਦੀ ਯੋਜਨਾ ਦੀ ਲੋੜ ਹੈ।

ਮਾਰਕਸ ਦੀ ਯੋਜਨਾ ਛੋਟੀਆਂ ਜਾਤੀਆਂ ਦੀਆਂ ਆਰਥਕ ਦਸਾਵਾਂ ਨੂੰ ਸਥਾਈ ਤੌਰ 'ਤੇ ਸੁਧਾਰਦੀਆਂ ਹਨ। ਇਹ ਉਸ ਮੌਜੂਦਾ ਸਥਿਤੀ ਨੂੰ ਵੀ ਬਦਲਦੀਆਂ ਹਨ ਜਿਸ 'ਚ ਛੋਟੀਆਂ ਜਾਤੀਆਂ ਨੂੰ ਭੱਦਾ ਸਰੀਰਕ ਤੇ ਗੰਦੀ ਮਿਹਨਤ ਕਰਨੀ ਪੈਂਦੀ ਹੈ। ਅਜਿਹੀਆਂ ਤਬਦੀਲੀਆਂ ਅੰਤਰਜਾਤੀ ਵਿਆਹਾਂ ਨੂੰ ਸੌਖਾ ਕਰਨਗੀਆਂ। ਇਸ ਨਾਲ ਹੌਲੀ ਹੌਲੀ ਜਾਤੀ ਭੇਦ ਭਾਵ ਟੁੱਟਣਗੇ। ਇਹ ਸਭ ਪੂਰਾ ਕਰਨ ਲਈ ਸਾਨੂੰ ਕਿਰਤ ਦੀ ਲੁੱਟ ਦੇ ਖਿਲਾਫ ਜਮਾਤੀ ਲੜਾਈ ਦੀ ਲੋੜ ਹੈ। ਜਿਵੇਂ ਕਿ ਮਾਰਕਸ ਸੁਝਾਅ ਦਿੰਦੇ ਹਨ। ਨਾ ਕਿ ਵਿਧਾਨ ਸਭਾ 'ਚ ਲੜਨ ਦੀ ਲੋੜ ਹੈ ਜਿਵੇਂ ਕਿ ਅੰਬੇਦਕਰ ਸੁਝਾਅ ਦਿੰਦੇ ਹਨ। ਪਰ ਅੰਬੇਦਕਰ ਦਾ ਮਾਰਕਸਵਾਦ ਨਾਲ ਵਿਰੋਧ ਹੈ। ਅੰਬੇਦਕਰ ਸ਼ਕਤੀਸ਼ਾਲੀ ਜਮਾਤ ਦੇ ਨਾਲ ਮਾਰਕਸ ਵਾਂਗੂੰ ਰੁੱਖੇਪਣ ਨਾਲ ਵਰਤਾਅ ਨਹੀਂ ਕਰਨਾ ਚਾਹੁੰਦੇ। ਇਸ ਤਰ੍ਹਾਂ ਅੰਬੇਦਕਰ ਇਹ ਵੀ ਅੱਛੀ ਤਰ੍ਹਾਂ ਜਾਣਦੇ ਹਨ ਕਿ ਜੇ 'ਜਾਇਦਾਦ' ਦਾ ਬਚਾਅ ਸਿੱਧੇ ਤੌਰ 'ਤੇ ਕੀਤਾ ਜਾਵੇਗਾ ਜਿਵੇਂ ਗਾਂਧੀ ਕਰਦੇ ਹਨ ਤਾਂ ਮਿਹਨਤਕਸ਼ ਲੋਕ ਇਸ ਨੂੰ ਪਸੰਦ ਨਹੀਂ ਕਰਨਗੇ। ਇਸ ਲਈ ਨਵੇਂ ਰਾਹ ਦੀ ਤਲਾਸ਼ ਕੀਤੀ ਗਈ

'ਸੱਪ ਵੀ ਮਰ ਜਾਵੇ, ਲਾਠੀ ਵੀ ਨਾ ਟੁੱਟੇ! ਇਹ ਅਜਿਹਾ ਨਵ ਮਾਰਗ ਨੇ ਜਿਸ ਨੂੰ ਸਿਰਫ ਅੰਬੇਦਕਰ ਹੀ ਖੋਜ ਸਕਦੇ ਹਨ। ਇਹਨਾਂ ਦੀ ਤਲਾਸ਼ ਦਾ ਫਲ ਹੈ ਕਰੰਸੀ ਨਾਲ ਜਾਇਦਾਦ ਖਰੀਦਣਾ। ਇਹ ਲੁੱਟ ਵਿਰੁੱਧ ਕਰਜਾ ਪੱਤਰਾਂ ਰਾਹੀਂ ਸੰਘਰਸ਼ ਦਾ ਰਾਹ ਹੈ। ਅੰਬੇਦਕਰ ਦਾ ਵਿਸਵਾਸ਼ ਹੈ ਕਿ ਉਹ ਗਰੀਬਾਂ ਨੂੰ ਅਜੇ ਰਾਹ ਵਿਖਾਉਣ 'ਚ ਸਫਲ ਹੋ ਜਾਣਗੇ ਜੋ ਮਾਰਕਸਵਾਦ ਨਹੀਂ ਹੋਵੇਗਾ। ਪਰ ਅੰਬੇਦਕਰ ਦਾ ਰਾਹ ਇਨਕਲਾਬ ਮੁੱਖੀ ਹੋਣਾ ਤਾਂ ਦੂਰ 'ਮਾਮੂਲੀ ਜਿਹਾ ਸੁਧਾਰ' ਵੀ ਨਹੀਂ ਹੈ। ਇਹ ਤਾਂ ਸਿਰ ਜੈਸੇ ਥੇ ਹੈ ਦੂਜੇ ਸ਼ਬਦਾਂ 'ਚ ਅੰਬੇਦਕਰ ਦੇ ਸੁਰਖਿਆ ਉਪਾਅ ਗਰੀਬਾਂ ਦੀ ਸੁਰਖਿਆ ਲਈ ਨਹੀਂ ਸਨ ਬਲਕਿ ਲੁਟੇਰਿਆਂ ਦੀ ਮੁਖੀ ਲਈ ਸਨ। ਜੇ ਗਾਂਧੀ ਕੁਝ ਉਤਸ਼ਾਹ ਦੇ ਪਲਾਂ 'ਚ ਸੁਧਾਰਾਂ ਦੀ ਭਾਸ਼ਾ ਬੋਲਦੇ ਤਾਂ ਅੰਬੇਦਕਰ ਉਹਨਾਂ ਦਾ ਮਖੌਲ ਉਡਾਉਂਦੇ।

"ਸ਼੍ਰੀ ਗਾਂਧੀ ਕਦੀ-ਕਦੀ ਸਮਾਜਕ ਤੇ ਆਰਥਕ ਮਾਮਲਿਆਂ ਸਬੰਧੀ ਅਜਿਹਾ ਬੋਲਦੇ ਹਨ ਕਿ ਉਹ ਕੋਈ ਇਨਕਲਾਬੀ ਹੋਣ। ਜੋ ਲੋਕ ਗਾਂਧੀਵਾਦ ਪੜ੍ਹਨਗੇ ਉਹ ਲੋਕਤੰਤਰਵਾਦ ਦੇ ਪੱਖ 'ਚ ਤੇ ਪੂੰਜੀਵਾਦ ਵਿਰੁੱਧ ਗਾਂਧੀ ਦੇ ਧੋਖੇ ਨਾਲ ਭਰਮਾਏ ਨਹੀਂ ਜਾ ਸਕਣਗੇ ਕਿਉਂਕਿ ਗਾਂਧੀਵਾਦ ਕਿਸੇ ਵੀ ਅਰਥ 'ਚ 'ਇਨਕਲਾਬੀ ਸਿਧਾਂਤ' ਨਹੀਂ ਹੈ (ਖੰਡ 9 ਸਫਾ 290) ਅੰਬੇਦਕਰ ਕਹਿੰਦੇ ਤਾਇਉਂ ਹਨ ਜਿਵੇਂ ਉਹਨਾਂ ਦਾ ਵਾਦ ਇਨਕਲਾਬੀ ਹੋਵੇ ਉਹ ਵੀ ਕਦੀ-ਕਦੀ ਇਨਕਲਾਬੀ ਹੋਣਾ ਚਾਹੁੰਦੇ ਹਨ ਪਰ ਆਉਂਦੇ ਜੋਸ਼ ਨੂੰ ਤੁਰੰਤ ਦਬਾਅ ਦਿੰਦੇ ਹਨ ਅਤੇ ਰਾਜਕੀ ਸਮਾਜਵਾਦ ਨਾਲ ਖੁਦ ਨੂੰ ਸੰਤੁਸ਼ਟ ਕਰ ਲੈਂਦੇ ਹਨ। 'ਸਮਾਜਵਾਦ' ਇਹ ਸ਼ਬਦਾਵਲੀ ਆਪਣੇ ਆਪ 'ਚ ਇਨਕਲਾਬੀ ਸ਼ਕਤੀ ਹੈ। ਅੰਬੇਦਕਰ ਦਾ ਰਾਜਸੀ ਸਮਾਜਵਾਦ ਵੀ ਵਿਆਜ ਜਾਇਦਾਦ ਅਧਿਕਾਰ ਤੇ ਕਰਜਾ ਪੱਤਰਾਂ 'ਚ ਸਮਾਜਵਾਦ ਹੈ।

# ਜਨਗਣਨਾ 'ਚ ਓ ਬੀ ਸੀ ਦੀ ਗਿਣਤੀ ਕਿਉਂ ਨਹੀਂ ਹੁੰਦੀ

ਭਾਰਤ ਅੰਦਰ ਇਕ ਅਨੁਮਾਨ ਓ ਬੀ ਸੀ ਦੀ ਗਿਣਤੀ ਘੱਟੋ-ਘੱਟ 60 ਕਰੋੜ ਭਾਵ 52% ਹੈ। 62 ਸਾਲ ਬੀਤ ਗਏ ਹਨ ਪਰ ਅੱਜ ਤਕ ਦੇਸ਼ ਦੇ ਇਹਨਾਂ 60 ਕਰੋੜ ਲੋਕਾਂ ਦੀ ਗਿਣਤੀ ਨਹੀਂ ਹੋਈ। ਜਾਨਵਰਾਂ ਦੀ ਗਿਣਤੀ ਹੁੰਦੀ ਹੈ ਪਰ ਦੇਸ਼ ਦੇ ਇਹਨਾਂ 60 ਕਰੋੜ ਲੋਕਾਂ ਦੀ ਗਿਣਤੀ ਨਹੀਂ ਹੁੰਦੀ। ਓ ਬੀ ਸੀ ਲਈ ਜੋ ਲੜਾਈ ਅਸੀਂ ਲੜ ਰਹੇ ਹਾਂ। ਉਸ ਦੀ ਸ਼ੁਰੂਆਤ ਓ ਬੀ ਸੀ ਦੇ ਮਹਾਂਪੁਰਸ਼ ਜੋਤੀਰਾਓ ਫੂਲੇ ਨੇ ਕੀਤੀ ਸੀ ਅਸੀਂ ਇਹ ਵੀ ਜਾਣਦੇ ਹਾਂ ਕਿ ਇਹੋ ਲੜਾਈ ਓ ਬੀ ਸੀ ਦੇ ਛੱਤਰਪਤੀ ਸ਼ਾਹੂ ਜੀ ਮਹਾਰਾਜ ਨੇ ਮਹਾਰਸ਼ਟਰ ਤੋਂ ਸ਼ੁਰੂ ਕੀਤੀ, ਇਹੋ ਲੜਾਈ ਚੇਨਈ ਦੇ ਪੈਰੀਆਰ ਰਾਮਾਸਾਮੀ ਨਾਇਕਰ ਨੇ ਓ ਬੀ ਸੀ ਦੇ ਆਦਮੀ ਨੇ ਸ਼ੁਰੂ ਕੀਤੀ, ਇਹੋ ਲੜਾਈ ਤਿਲਬਾ ਪਿਛੜੀ ਜਾਤੀ (ਓ ਬੀ ਸੀ) ਦੇ ਕੇਰਲਾ ਦੇ ਨਰਾਇਣਾ ਗੁਰੂ ਨੇ ਸ਼ੁਰੂ ਕੀਤਾ। ਇਹਨਾਂ ਚਾਰਾਂ ਮਹਾਂਪੁਰਸ਼ਾਂ ਕਰਕੇ ਡਾ. ਅੰਬੇਦਕਰ ਨੇ ਇਸ ਦੇਸ਼ ਦੇ ਓ ਬੀ ਸੀ, ਦਲਿਤਾਂ ਤੇ ਆਦੀਵਾਸੀਆਂ ਨੂੰ ਉਠਾਇਆ। ਦਲਿਤਾਂ ਦੀ ਗਿਣਤੀ 1932 ਤੋਂ ਬਾਅਦ ਸ਼ੁਰੂ ਹੋਈ। ਅੱਜ ਦਲਿਤ 22 ਤੋਂ 33 ਫੀਸਦੀ ਤਕ ਪੁਜ ਗਏ ਹਨ? ਭਾਰਤ 'ਚ 12 ਤੋਂ 14 ਫੀਸਦੀ ਮੁਸਲਮਾਨ ਗਿਣੇ ਜਾਂਦੇ ਹਨ, ਸਿੱਖਾਂ, ਇਸਾਈਆਂ ਦੀ ਗਿਣਤੀ ਹੁੰਦੀ ਹੈ, ਜੈਨੀ ਤੇ ਬੌਧੀ ਵੀ ਗਿਣੇ ਜਾਂਦੇ ਹਨ, ਠਾਕਰਾਂ ਦੀ ਵੀ ਗਿਣਤੀ ਹੁੰਦੀ ਹੈ ਪਰ ਬਾਕੀ ਬਚੇ ਓ ਬੀ ਸੀ ਦੀ ਗਿਣਤੀ ਕਿਧਰੇ ਨਹੀਂ ਹੁੰਦੀ ਓ ਬੀ ਸੀ ਮੰਡਲ ਨਾਂ ਦੇ ਮਨੁੱਖ ਨੇ 1978 ਤੋਂ 1980 ਤਕ ਇਹਨਾਂ ਦੀ ਗਿਣਤੀ ਕੀਤੀ ਤੇ ਕਿਹਾ ਕਿ ਓ ਬੀ ਸੀ ਦੀਆਂ 3743 ਜਾਤੀਆਂ ਹਨ। 1931 ਤੋਂ ਪਿੱਛੋਂ ਇਹਨਾਂ ਦੀ ਗਿਣਤੀ ਨਹੀਂ ਸੀ ਹੋਈ ਪਰ ਹੁਣ ਇਹ ਲੋਕ 52 ਫੀਸਦੀ ਹਨ। ਮੰਡਲ 'ਚੰਡਾਲ' ਜਾਤੀ ਨਾਲ ਸਬੰਧਤ ਸੀ, ਉਸ ਨੇ ਕਿਹਾ ਕਿ ਜੇ ਦੇਸ਼ ਦੇ ਬਾਕੀ ਲੋਕ (ਬ੍ਰਾਹਮਣ, ਖੱਤਰੀ, ਠਾਕੁਰ, ਮੁਸਲਮਾਨ, ਸਿੱਖ, ਈਸਾਈ, ਬੋਧੀ ਤੇ ਜੈਨੀ) 47% ਬਣਦੇ ਹਨ ਤਾ ਜੋ ਬਾਕੀ ਬਚ ਗਏ ਉਹ ਸਾਰੇ ਦੇ ਸਾਰੇ ਓ ਬੀ ਸੀ ਹਨ। ਇਸ ਲਈ ਓ ਬੀ ਸੀ ਖਾਤਰ 52% ਬਜਟ ਰਾਖਵਾਂ ਬਣਦਾ ਹੈ। ਇਸ ਤਰ੍ਹਾਂ ਹੀ 16 ਕਰੋੜ ਮੁਸਲਮਾਨ ਹਨ ਪਰ ਸਿਰਫ਼ 3% ਮੁਸਲਮਾਨ ਹੀ ਨੌਕਰੀ ਕਰਦੇ ਹਨ। ਬ੍ਰਾਹਮਣਾਂ ਨੇ ਓ ਬੀ ਸੀ ਦੀ ਗਿਣਤੀ ਨਹੀਂ ਹੋਣ ਦਿੱਤੀ ਪਰ ਓ ਬੀ ਸੀ ਦੇ 8 ਮੁੱਖ ਮੰਤਰੀ ਹਨ ਉਹ ਕਿਉਂ ਨਹੀਂ ਮੰਗ ਕਰ ਰਹੇ ਕਿ ਓ ਬੀ ਸੀ ਦੀ ਵੀ ਗਿਣਤੀ ਹੋਵੇ। 1954 'ਚ ਜਵਾਹਰ ਲਾਲ ਨਹਿਰੂ ਨੂੰ ਓ ਬੀ ਸੀ ਤੇ ਲੋਕਾਂ ਦੀ ਪਹਿਚਾਣ ਕਰਨ ਵਾਲਾ ਕਮਿਸ਼ਨ ਗਠਿਤ ਕਰਨਾ ਪਿਆ ਪਿਛਲੇ ਲੋਕਾਂ ਨੂੰ ਸੰਵਿਧਾਨ ਦੀ ਧਾਰਾ 340 ਦੇ ਤਹਿਤ ਰਾਖਵੇਂਕਰਨ ਦਾ ਅਧਿਕਾਰ ਮਿਲਿਆ। ਪਰ ਓ ਬੀ ਸੀ ਕਮਿਸ਼ਨ ਗਠਿਤ ਕਰਦੇ ਸਮੇਂ ਨਹਿਰੂ ਨੇ ਇਕ ਚਲਾਕੀ ਕੀਤੀ ਇਸ ਦਾ ਚੇਅਰਮੈਨ ਇਕ ਪੂਣੇ ਦੇ ਬ੍ਰਾਹਮਣ ਕਾਕਾ ਸਾਹਿਬ ਕਾਲੇਲਕਰ ਨੂੰ ਬਣਾਇਆ ਉਹ ਅਮਲੀ ਤੌਰ 'ਤੇ ਗਾਂਧੀਵਾਦੀ ਸੀ। ਇਸ ਕਮਿਸ਼ਨ 'ਚ ਓ ਬੀ ਸੀ ਦੇ ਕੁਝ ਲੋਕਾਂ ਨੂੰ ਮੈਂਬਰ ਵਜੋਂ ਲਿਆ ਗਿਆ ਸੀ। ਇਸ ਕਮਿਸ਼ਨ 'ਚ ਓ ਬੀ ਸੀ ਦੇ ਕੁਝ ਲੋਕਾਂ ਨੂੰ ਮੈਂਬਰ ਵਜੋਂ ਲਿਆ ਗਿਆ ਜਿਹਨਾਂ ਦੇ ਦਬਾਅ ਕਾਰਨ ਕਾਲੇਲਕਰ ਨੇ 2218

ਜਾਤੀਆਂ ਦੀ ਓ ਬੀ ਸੀ ਵਜੋਂ ਪਹਿਚਾਣ ਕਰਵਾਈ। ਇਹ ਰਿਪੋਰਟ ਉਹਨਾਂ ਰਾਸ਼ਟਰਪਤੀ ਰਜੇਂਦਰ ਪ੍ਰਸ਼ਾਦ ਨੂੰ ਭੇਜ ਦਿੱਤੀ। ਇਹ ਕਮਿਸ਼ਨ ਸੰਵਿਧਾਨ ਦੀ ਧਾਰਾ 340 ਤਹਿਤ ਬਣਾਇਆ ਗਿਆ ਸੀ। ਰਾਸ਼ਟਰਪਤੀ ਦੇ ਕਹਿਣ 'ਤੇ ਨਹਿਰੂ ਨੇ ਕਾਲੇਲਕਰ ਤੋਂ 31 ਸਫ਼ਿਆਂ ਦਾ ਖਤ ਕਾਲੇਲਕਰ ਕਮਿਸ਼ਨ ਦੇ ਵਿਰੋਧ 'ਚ ਲਿਖਵਾ ਲਿਆ ਕਿ ਇਹ ਸਿਫਾਰਸ਼ਾਂ ਪਿਛੜੇ ਲੋਕਾਂ ਦੇ ਹੱਕ ਵਿਚ ਨਹੀਂ ਹਨ ਮੈਂ ਭਾਵੇਂ ਕਮਿਸ਼ਨ ਦੀ ਰਿਪੋਰਟ 'ਤੇ ਦਸਖਤ ਕੀਤੇ ਹਨ ਪਰ ਮੈਂ ਇਹਨਾਂ ਦੇ ਪੱਖ ਵਿਚ ਨਹੀਂ ਵਿਰੋਧ ਵਿਚ ਹਾਂ। ਇਹ ਖਤ ਮਿਲਦਿਆਂ ਨਹਿਰੂ ਨੇ ਪਾਰਲੀਮੈਂਟ 'ਚ ਐਲਾਨ ਕਰ ਦਿੱਤਾ ਕਿ ਜਿਸ ਕਮਿਸ਼ਨ ਦਾ ਚੇਅਰਮੈਨ ਆਪਣੀ ਹੀ ਲਿਖੀ ਰਿਪੋਰਟ ਦੇ ਪੱਖ 'ਚ ਨਹੀਂ, ਇਸ 'ਤੇ ਅਮਲ ਕਰਨਾ ਤਾਂ ਦੂਰ ਦੀ ਗੱਲ, ਇਸ 'ਤੇ ਚਰਚਾ ਕਰਨੀ ਵੀ ਫਜ਼ੂਲ ਹੈ। ਜਵਾਹਰ ਲਾਲ ਨਹਿਰੂ ਨੇ 52 ਫੀਸਦੀ ਲੋਕਾਂ ਦੇ ਅਧਿਕਾਰ ਸਬੰਧੀ ਸੰਸਦ 'ਚ ਬਹਿਸ ਤਕ ਨਹੀਂ ਹੋਣ ਦਿੱਤੀ, 52 ਫੀਸਦੀ ਲੋਕਾਂ ਦੀਆਂ ਮੁਸ਼ਕਲਾਂ 'ਤੇ ਚਰਚਾ ਹੀ ਨਹੀਂ ਹੋਣ ਦਿੱਤੀ। ਇਸ ਤਰ੍ਹਾਂ ਜਵਾਹਰ ਲਾਲ ਨਹਿਰੂ ਨੇ ਕਾਲੇਲਕਰ ਕਮਿਸ਼ਨ ਦੀ ਰਿਪੋਰਟ ਰੱਦੀ ਦੀ ਟੋਕਰੀ 'ਚ ਸੁੱਟ ਦਿੱਤੀ। ਉਸ ਪਿੱਛੋਂ 1977 ਆਇਆ। ਇੰਦਰਾ ਗਾਂਧੀ ਨੇ ਵਿਰੋਧੀਆਂ ਨੂੰ ਜੇਲ੍ਹਾਂ 'ਚ ਸੁੱਟ ਦਿੱਤਾ ਤੇ ਚੋਣਾਂ ਦਾ ਐਲਾਨ ਕੀਤਾ ਜਿਸ ਕਾਰਨ ਜਨਤਾ ਪਾਰਟੀ ਨੇ ਕਾਲੇਲਕਰ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦਾ ਵਾਅਦਾ ਆਪਣੇ ਚੋਣ ਏਜੰਡੇ 'ਚ ਪਾਇਆ। ਚੋਣ ਜਿੱਤੇ ਪ੍ਰਧਾਨ ਮੰਤਰੀ ਮੋਰਾਰਜੀ ਡੇਸਾਈ ਵੀ ਬ੍ਰਾਹਮਣ ਸਨ ਤੇ ਅਮਲੀ ਤੌਰ 'ਤੇ ਗਾਂਧੀਵਾਦੀ। ਜਦ ਓ ਬੀ ਸੀ ਦੇ ਇਕ ਵਫਦ ਨੇ ਪ੍ਰਧਾਨ ਮੰਤਰੀ ਨੂੰ ਮਿਲ ਕੇ ਉਹਨਾਂ ਦਾ ਚੋਣ ਵਾਅਦਾ ਯਾਦ ਕਰਵਾਇਆ ਤਾਂ ਉਹਨਾਂ ਨੇ ਜੁਆਬ ਦਿੱਤਾ ਕਿ ਕਾਲੇਲਕਰ ਕਮਿਸ਼ਨ 1953 ਦਾ ਹੈ ਤੇ ਹੁਣ 1977 ਆ ਗਿਆ ਹੈ। ਬਹੁਤ ਕੁਝ ਤਬਦੀਲ ਹੋ ਚੁੱਕਿਆ ਹੈ। ਇਸ ਲਈ ਉਸ ਨੇ ਕਿਹਾ ਕਿ ਨਵਾਂ ਕਮਿਸ਼ਨ ਗਠਿਤ ਕਰਨ ਦੀ ਲੋੜ ਹੈ। ਇਸ ਤਰ੍ਹਾਂ ਦੇਸਾਈ ਨੇ ਚਾਲ ਚੱਲੀ। 18 ਮਹੀਨਿਆਂ ਪਿੱਛੋਂ ਦੇਸਾਈ ਦੀ ਸਰਕਾਰ ਚਲੀ ਗਈ। ਦੇਸਾਈ ਨੇ ਜੋ ਕਮਿਸ਼ਨ ਗਠਿਤ ਕੀਤਾ ਸੀ ਉਸ ਦਾ ਚੇਅਰਮੈਨ ਬੀ ਪੀ ਮੰਡਲ ਨੂੰ ਬਣਾਇਆ ਸੀ ਤੇ ਇਸ ਲਈ ਉਸ ਦਾ ਨਾਂ ਮੰਡਲ ਕਮਿਸ਼ਨ ਪੈ ਗਿਆ ਸੀ।

1981 'ਚ ਮੰਡਲ ਕਮਿਸ਼ਨ ਨੇ ਆਪਣੀ ਰਿਪੋਰਟ ਇੰਦਰਾ ਗਾਂਧੀ ਨੂੰ ਸੌਂਪੀ। ਕਮਿਸ਼ਨ ਨੇ ਓ ਬੀ ਸੀ ਵਜੋਂ 3743 ਜਾਤੀਆਂ ਦੀ ਪਹਿਚਾਣ ਕੀਤੀ ਤੇ ਕਿਹਾ ਕਿ ਐਸ ਸੀ ਐਸ ਟੀ ਵਾਂਗੂੰ ਓ ਬੀ ਸੀ ਦੇ ਲੋਕਾਂ ਨੂੰ ਰਾਖਵਾਂਕਰਨ ਤੇ ਨੌਕਰੀਆਂ 'ਚ ਤਰੱਕੀ ਮਿਲਣੀ ਚਾਹੀਦੀ ਹੈ। ਜੋ ਲੋਕ ਲੜਕੇ ਸਿਖਿਆ 'ਚ ਮੈਰਿਟ 'ਚ ਆਉਂਦੇ ਹਨ ਉਹਨਾਂ ਨੂੰ ਰਾਖਵਾਂਕਰਨ ਨਹੀਂ ਮਿਲਣਾ ਚਾਹੀਦਾ। ਪਰ ਆਪਣੇ ਪਿਤਾ ਨਹਿਰੂ ਨੇ ਜਿਵੇਂ ਕਾਲੇਲਕਰ ਦੀ ਰਿਪੋਰਟ ਸੰਸਦ 'ਚ ਨਹੀਂ ਰੱਖਣ ਦਿੱਤੀ, ਇੰਦਰਾ ਗਾਂਧੀ ਨੇ ਵੀ ਮੰਡਲ ਕਮਿਸ਼ਨ ਦੀ ਰਿਪੋਰਟ ਪਾਰਲੀਮੈਂਟ ਦੀ ਮੇਜ਼ 'ਤੇ ਨਹੀਂ ਰੱਖਣ ਦਿੱਤੀ। ਇਸ ਸਬੰਧੀ ਇੰਦਰਾ ਗਾਂਧੀ ਦਾ ਆਰ ਐਸ ਐਸ ਨਾਲ ਗੁਪਤ ਸਮਝੌਤਾ ਹੋਇਆ ਕਿਉਂਕਿ ਹੁਣ ਓ ਬੀ ਸੀ ਦੇ 8 ਫੀਸਦੀ ਲੋਕ ਸੰਸਦ 'ਚ ਪੁਜ ਚੁੱਕੇ ਸਨ ਉਹ ਓ ਬੀ ਸੀ ਦੇ ਹੱਕ 'ਚ ਰੌਲਾ ਪਾ ਸਕਦੇ ਸਨ ਇਸ ਲਈ ਆਰ ਐਸ ਐਸ ਨਾਲ ਮਿਲ ਕੇ ਇੰਦਰਾ ਗਾਂਧੀ ਨੇ 1982 'ਚ ਰਾਖਵੇਂਕਰਨ ਵਿਰੋਧੀ ਰੌਲਾ ਪਵਾ ਦਿੱਤਾ ਉਸ ਸਮੇਂ ਮਾਧਵ ਰਾਓ ਸੋਲੰਕੀ ਗੁਜਰਾਤ ਦੇ ਮੁੱਖ ਮੰਤਰੀ ਸਨ ਇਹ ਰਿਜ਼ਰਵੇਸ਼ਨ ਵਿਰੋਧੀ ਅੰਦੋਲਨ

ਬਹੁਤ ਜਬਰਦਸਤ ਸੀ ਤੇ ਰਿਪੋਰਟ 'ਚ ਲਿਖਿਆ ਕਿ ਬੀ ਜੇ ਪੀ ਤੇ ਕਾਂਗਰਸ ਦੇ ਲੋਕਾਂ ਨੇ ਇਹ ਅੰਦੋਲਨ ਮਿਲ ਜੁਲ ਕੇ ਅਸ਼ੋਕ ਸਿੰਘਲ ਦੀ ਅਗਵਾਈ 'ਚ ਇਕ ਏਕਤਾ ਯਾਤਰਾ ਕੱਢੀ। ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦਿੱਲੀ ਪੁੱਜੀ ਇਸ ਯਾਤਰਾ ਦਾ ਤਹਿ ਦਿਲੋਂ ਸੁਆਗਤ ਕੀਤਾ। ਦੂਜੀ ਵਾਰੀ ਇਸ ਤਰ੍ਹਾਂ ਦੀ ਏਕਤਾ ਯਾਤਰਾ ਦਾ ਉਸ ਸਮੇਂ ਦੇ ਪ੍ਰਧਾਨ ਮੰਤਰੀ ਨਰ ਸਿਮਾਰਾਓ ਨੇ ਵੀ ਕੀਤਾ। ਇਹ ਯਾਤਰਾ ਵੀ ਅਸ਼ੋਕ ਸਿੰਗਲ ਦੀ ਅਗਵਾਈ 'ਚ ਸੀ।

ਇਹ ਯਾਤਰਾ ਵਿਸ਼ਵ ਹਿੰਦੂ ਪ੍ਰੀਸ਼ਦ, ਆਰ ਐਸ ਐਸ ਤੇ ਕਾਂਗਰਸ ਦੀ ਸਾਂਝੀ ਚਾਲ ਸੀ। 25 ਜੂਨ 1984 ਨੂੰ ਪੰਜਾਬ 'ਚ ਅਪ੍ਰੇਸ਼ਨ ਬਲਿਊ ਸਟਾਰ ਕਰਵਾ ਕੇ ਰਾਖਵੇਂਕਰਨ ਦੇ ਮੁੱਦੇ ਨੂੰ ਪਿੱਛੇ ਧੱਕ ਦਿੱਤਾ ਪਰ ਇਸ ਕਾਰਨ ਇੰਦਰਾ ਗਾਂਧੀ ਮਾਰੀ ਗਈ। ਜਦ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣੇ ਤੇ ਚੋਣਾਂ ਹੋਈਆਂ ਕਾਂਗਰਸ ਦੇ ਪਾਤ ਐਮ ਪੀ ਬਣੇ ਕਿਉਂਕਿ ਓ ਬੀ ਸੀ ਦੇ ਲੋਕਾਂ ਨੇ ਖੁੱਲ੍ਹ ਕੇ ਕਾਂਗਰਸ ਦੀ ਮੱਦਦ ਕੀਤੀ ਸੀ। ਉਸ ਸਮੇਂ ਹਿੰਦੁਸਤਾਨ ਬਨਾਮ ਖਾਲਿਸਤਾਨ' ਦਾ ਚੋਣ ਨਾਹਰਾ ਬੁਲੰਦ ਕੀਤਾ ਗਿਆ ਸੀ। ਮੰਡਲ ਕਮਿਸ਼ਨ ਤੋਂ ਧਿਆਨ ਲਾਂਭੇ ਕਰਨ ਲਈ ਰਾਜੀਵ ਗਾਂਧੀ ਨੇ ਸ੍ਰੀ ਲੰਕਾ 'ਚ ਸ਼ਾਂਤੀ ਸੇਨਾ ਭੇਜੀ। ਰਾਖਵੇਂਕਰਨ ਅੰਦੋਲਨ ਪਿੱਛੋਂ ਰਾਜੀਵ ਗਾਂਧੀ ਦੀ ਵੀ ਹੱਤਿਆ ਹੋ ਗਈ।

ਰਾਜੀਵ ਗਾਂਧੀ ਪਿੱਛੋਂ ਬੀ ਜੇ ਪੀ ਤੇ ਕਮਿਊਨਿਸਟਾਂ ਦੀ ਮਦਦ ਨਾਲ ਵੀ ਪੀ ਸਿੰਘ ਦੀ ਸਰਕਾਰ ਬਣੀ। ਦੇਵੀ ਲਾਲ, ਚੰਦਰ ਸ਼ੇਖਰ ਤੇ ਵੀ ਪੀ ਸਿੰਘ ਦਰਮਿਆਨ ਝਗੜੇ ਕਾਨ ਅਤੇ ਸ਼ਰਦ ਯਾਦਵ ਤੇ ਰਾਮਵਿਲਾਸ ਪਾਸਵਾਰਨ ਦੇ ਦਬਾ ਕਰਕੇ ਮੰਡਲ ਕਮਿਸ਼ਨ ਮਜ਼ਬੂਰੀ 'ਚ ਵੀ ਪੀ ਸਿੰਘ ਨੇ ਲਾਗੂ ਕੀਤਾ। ਨਾਰਾਜ਼ ਹੋ ਕੇ ਅਡਵਾਣੀ ਨੇ ਰਥ ਯਾਤਰਾ ਕੱਢੀ। ਬਿਹਾਰ ਦੇ ਮੁੱਖ ਮੰਤਰੀ ਲਾਲੂ ਪ੍ਰਸ਼ਾਦ ਨੇ ਅਡਵਾਨੀ ਨੂੰ ਗ੍ਰਿਫਤਾਰ ਕਰ ਲਿਆ ਜਿਸ ਕਾਰਨ ਵਾਜਪਾਈ ਨੇ ਵੀ ਪੀ ਸਿੰਘ ਤੋਂ ਹਮਾਇਤ ਵਾਪਸ ਲੈ ਕੇ ਸਰਕਾਰ ਡੇਗ ਦਿੱਤੀ। ਮੰਡਲ ਕਮਿਸ਼ਨ ਸਬੰਧੀ ਤਾਂ ਸੰਵਿਧਾਨਕ ਮਾਹਰ ਸੁਪਰੀਮ ਕੋਰਟ 'ਚ ਆਏ। ਵੀ ਪੀ ਸਿੰਘ ਨੇ ਚਲਾਕੀ ਕੀਤੀ ਨੌਕਰੀਆਂ 'ਚ ਤਾਂ ਰਾਖਵੇਂਕਰਨ ਦਾ ਕੋਈ ਮਤਲਬ ਨਹੀਂ। ਉਲਟਾ 52% ਲੋਕਾਂ ਨੂੰ ਸਿਰਫ 27 ਫੀਸਦੀ ਰਾਖਵਾਂਕਰਨ ਲਾਗੂ ਕੀਤਾ ਰਾਜੀਵ ਗਾਂਧੀ ਦੀ ਹੱਤਿਆ ਪਿੱਛੋਂ ਲੋਕਾਂ ਵਲੋਂ ਹਮਦਰਦੀ ਮਿਲੀ। ਨਰਸਿੰਮਾ ਰਾਓ ਪ੍ਰਧਾਨ ਮੰਤਰੀ ਬਣੇ ਜਿਹਨਾਂ ਨਵੀਂ ਆਰਥਕ ਨੀਤੀ ਲਿਆਂਦੀ ਤੇ ਕ੍ਰੀਮੀ ਲੇਅਰ ਦੀ ਸਾਜਿਸ਼ ਰਚੀ। 16 ਨਵੰਬਰ 1992 ਨੂੰ ਸੁਪਰੀਮ ਕੋਰਟ ਨੇ ਕ੍ਰੀਮੀ ਲੇਅਰ ਲਾਗੂ ਕਰਨ ਦਾ ਫੈਸਲਾ ਸੁਣਾਇਆ। ਮਤਲਬ ਜਿਸ ਦੀ ਆਮਦਨ ਇਕ ਲੱਖ ਰੁਪਏ ਸਲਾਨਾ ਤੋਂ ਘੱਟ ਹੋਵੇਗੀ ਉਸ ਨੂੰ ਹੀ ਰਾਖਵੇਂਕਰਨ ਦਾ ਲਾਭ ਹੋਵੇਗਾ ਇਸ ਦਾ ਦੂਜਾ ਮਤਲਬ ਹੈ ਕਿ ਜਿਸ ਪਾਸ ਪੈਸਾ ਹੋਊ ਉਹੀ ਬੱਚੇ ਪੜਾਊ ਪਰ ਰਾਖਵਾਂਕਰਨ ਦਾ ਫਾਇਦਾ ਨਹੀਂ ਉਠਾ ਸਕੂਗਾ। ਜੋ ਗਰੀਬ ਬੱਚੇ ਪੜ੍ਹਾ ਨਹੀਂ ਸਕੇਗਾ ਉਸ ਨੂੰ ਰਾਖਵੇਂਕਰਨ ਖੁੱਲ੍ਹਾ ਰੱਖਿਆ। ਇਹ ਇਕ ਗੰਭੀਰ ਚਾਲ ਚਲੀ ਗਈ ਨਿਆਂ ਪਾਲਿਕਾਂ ਵਲੋ। ਸੁਪਰੀਮ ਕੋਰਟ ਦੇ ਫੈਸਲੇ ਕੁਝ ਦਿਨਾਂ ਬਾਅਦ ਹੀ 6 ਦਸੰਬਰ 1992 ਨੂੰ ਬਾਬਰੀ ਮਸਜਿਦ ਢਾਹੀ ਗਈ ਤੇ ਕ੍ਰੀਮੀ ਲੇਅਰ ਦੀ ਸਾਜਿਸ਼ 'ਤੇ ਪਰਦਾ ਪੈ ਗਿਆ। ਓ ਬੀ ਸੀ ਦੇ ਲੋਕ ਮੰਦਰ ਨਿਰਮਾਣ ਦੇ ਅੰਦੋਲਨ 'ਚ ਜੁੱਟ ਗਏ। ਨਵੀਂ ਆਰਥਕ ਨੀਤੀ ਦੇ ਲਾਗੂ ਹੋਣ ਤੋਂ 9 ਸਾਲ ਪਿੱਛੋਂ 1999 'ਚ ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ ਕਿ ਰਾਖਵਾਂਕਰਨ

ਮੌਲਿਕ ਅਧਿਕਾਰ ਨਹੀਂ ਹੈ। ਓ ਬੀ ਸੀ ਨੂੰ ਰਾਖਵਾਂਕਰਨ ਦੇਣ ਤੋਂ ਇਨਕਾਰ ਕਰਨ ਲਈ ਨਵੀਆਂ ਆਰਥਕ ਨੀਤੀਆਂ ਲਾਗੂ ਕਰਕੇ ਨਿਜੀਕਰਨ ਦੀ ਹਨੇਰੀ ਚਲਾ ਦਿੱਤੀ ਹੈ। ਵੱਡੀ ਪੱਧਰ 'ਤੇ ਨੌਕਰੀਆਂ ਛਾਂਗੀਆਂ ਜਾ ਰਹੀਆਂ ਹਨ। ਆਰਥਕ ਸੁਧਾਰਾਂ ਨੂੰ ਮਾਨਵੀ ਚਿਹਰਾ ਦੇਣ ਦੀ ਗੱਲ ਚਲਾਈ ਜਾ ਰਹੀ ਹੈ। ਅਪਨਿਵੇਸ਼ ਕਰਕੇ ਜਨਤਕ ਅਦਾਰੇ ਭੰਗ ਕੀਤੇ ਜਾ ਰਹੇ ਹਨ।

ਨਿਜੀ ਕਰਨ 'ਚ ਰਾਖਵੇਂਕਰਨ ਦੀ ਮੰਗ ਜੇ ਕੀਤੀ ਜਾਂਦੀ ਹੈ ਤਾਂ ਫਾਇਦਾ ਬਹੁਤਾ ਨਹੀਂ ਹੋਣਾ ਇਸ ਨਾਲ ਰਾਖਵੇਂਕਰਨ ਦੀ ਬੁਨਿਆਦੀ ਮੰਗ ਵੀ ਪਿੱਛੇ ਪੈ ਸਕਦੀ ਹੈ। ਮਰਦਮਸ਼ੁਮਾਰੀ 'ਚ ਓ ਬੀ ਸੀ ਦੀ ਗਿਣਤੀ ਵੀ ਇਸ ਕਰਕੇ ਨਹੀਂ ਕੀਤੀ ਜਾ ਰਹੀ ਕਿ ਓ ਬੀ ਸੀ ਨੂੰ ਇਹ ਪਤਾ ਨਾ ਲੱਗ ਜਾਵੇ ਕਿ ਬ੍ਰਾਹਮਣ ਤੇ ਸਵਰਨ ਜਾਤੀਆਂ ਘੱਟ ਗਿਣਤੀ 'ਚ ਹੁੰਦਿਆਂ ਵੀ ਸਾਡੇ 'ਤੇ ਰਾਜ ਕਰ ਰਹੀਆਂ ਹਨ। ਨਾਲ ਹੀ ਨਿਜੀਕਰਨ ਨੂੰ ਲਾਗੂ ਹੋਣ ਤੋਂ ਰੋਕਣ ਲਈ ਓ ਬੀ ਸੀ ਜਾਗਰਤ ਹੋ ਕੇ ਰਾਖਵੇਂਕਰਨ ਦੀ ਮੰਗ ਦੁਆਲੇ ਲਾਮਬੰਦ ਹੋ ਸਕਦੇ ਹਨ। ਇਸੇ ਕਰਕੇ ਓ ਬੀ ਸੀ ਦੀ ਗਿਣਤੀ ਨਹੀਂ ਕਰਵਾਈ ਜਾ ਰਹੀ ਹੈ। ਓ ਬੀ ਸੀ ਸਮਾਜ ਬਹੁਤੇ ਪਿੱਛੇ ਖੜ੍ਹਾ ਹੈ। ਉਸ ਨੂੰ ਅਜ਼ਾਦ ਤੌਰ 'ਤੇ ਜਥੇਬੰਦ ਹੋਣ ਦੀ ਲੋੜ ਹੈ।

# ਕੀ ਸਨ ਛਤਰਪਤੀ ਸ਼ਾਹੂ ਜੀ ਦੇ ਸਮਾਜਕ ਸੁਧਾਰ?

ਛਤਰਪਤੀ ਸ਼ਾਹੂ ਜੀ ਸਭ ਜਾਤੀਆਂ ਦੇ ਵਿਕਾਸ ਤੇ ਖੁਸ਼ਹਾਲੀ 'ਚ ਵਿਸਵਾਸ਼ ਰੱਖਦੇ ਸਨ। ਉਸ ਸਮੇਂ ਸਵਰਣਾਂ 'ਚ ਵਿਧਵਾ ਵਿਆਹ 'ਤੇ ਪਾਬੰਦੀ ਸੀ। ਵਿਧਵਾਵਾਂ ਨੂੰ ਬਾਲ ਮੁਨਾ ਕੇ ਚਿੱਟੇ ਕੱਪੜੇ ਧਾਰਨ ਕਰਕੇ ਜ਼ਮੀਨ 'ਤੇ ਸੌਣਾ ਪੈਂਦਾ ਸੀ। ਉਹਨਾਂ ਦਾ ਸਮਾਜਕ ਬਾਈਕਾਟ ਵੀ ਕੀਤਾ ਜਾਂਦਾ ਸੀ ਕਿਉਂਕਿ ਉਹਨਾ ਦਾ ਮੂੰਹ ਵੇਖਣਾ। ਅਸ਼ੁਭ ਮੰਨਿਆ ਜਾਂਦਾ ਸੀ ਪਰ ਸ਼ਾਹੂ ਜੀ ਨੇ 1917 ਵਿਚ ਵਿਧਵਾ ਔਰਤਾਂ ਲਈ ਪੁਨਰ ਵਿਆਹ ਰਜਿਸ਼ਟਰੇਸ਼ਨ ਐਕਟ ਲਾਗੂ ਕੀਤਾ। ਇਸ ਨਾਲ ਵਿਧਵਾਵਾਂ ਦੇ ਜੀਵਨ 'ਚ ਦੁਬਾਰਾ ਖੁਸ਼ੀਆਂ ਵਾਪਸ ਆ ਗਈਆਂ। ਜਾਤੀ ਮਿਟਾ ਕੇ ਸਮਾਜਕ ਸਮਰਪਤਾ ਪੈਦਾ ਕਰਨ ਹਿਤ ਉਹਨਾਂ ਨੇ 1918 'ਚ ਅੰਤਰਜਾਤੀ ਵਿਆਹ ਕਨੂੰਨ ਬਣਾ ਕੇ ਜਾਤੀ ਰਹਿਤ ਸਮਾਜ ਦੀ ਜਾਣ ਪਹਿਚਾਣ ਕਰਵਾਈ। ਇਹ ਇਕ ਤਰ੍ਹਾਂ ਨਾਲ ਬ੍ਰਾਹਮਣਾਂ ਦੀ ਬਣਾ ਜਾਤੀ ਪ੍ਰਥਾ ਤੇ ਜਾਤੀ ਦੇ ਗਧੀ ਗੇੜ ਨੂੰ ਮਿਟਾਉਣ ਦੀ ਕੋਸ਼ਿਸ਼ ਸੀ ਇਸ ਕਨੂੰਨ ਦੇ ਅਮਲ 'ਚ ਆਉਣ 'ਤੇ ਕੋਈ ਵੀ ਬੰਦਾ ਆਪਣੀ ਜਾਤੀ ਦੀ ਸੀਮਾ ਤੋੜ ਕੇ ਵਿਆਹ ਨੂੰ ਰਜਿਸ਼ਟਰ ਕਰਵਾ ਸਕਦਾ ਸੀ। 17 ਜਨਵਰੀ 1919 ਨੂੰ ਉਹਨਾਂ ਨੇ ਦੇਵਦਾਸੀ ਪ੍ਰਤੀਰੋਧਕ ਕਨੂੰਨ ਲਾਗੂ ਕਰਕੇ ਧਰਮ ਦੇ ਨਾਂ 'ਤੇ ਬ੍ਰਾਹਮਣਾਂ ਵਲੋਂ ਦਲਿਤਾਂ-ਪਿਛੜਿਆਂ ਦੀਆਂ ਔਰਤ ਦੇ ਸੋਸ਼ਣ 'ਤੇ ਪਾਬੰਦੀ ਲਈ ਸ਼ਾਹੂ ਜੀ ਨੇ 1920 'ਚ ਹਿੰਦੂ ਕੋਡ ਆਫ ਕੰਡਕਟ ਬਣਾ ਕੇ ਰਾਜ ' ਲਾਗੂ ਕੀਤਾ ਸੀ। ਉਹਨਾਂ ਦਾ ਮੰਨਣਾ ਸੀ ਕਿ ਜਾਤੀ ਕਿਰਤ ਧਰਮ ਦਾ ਅਧਾਰ ਵੇਦ ਤੇ ਸਮਿਰਤੀਆਂ ਹਨ ਜੋ ਕਿ ਅਨਿਆ ਤੇ ਗੈਰ ਬਰਾਬਰੀ ਪੈਦਾ ਕਰਦੀਆਂ ਹਨ। ਇਸ ਨੂੰ ਦੂਰ ਕਰਨ ਲਈ ਉਹਨਾਂ ਨੇ ਹਿੰਦ ਕੋਡ ਦੀ ਉਸਾਰੀ ਕੀਤੀ। ਉਸੇ ਹਿੰਦੂ ਕੋਡ ਦੇ ਅਧਾਰ 'ਤੇ ਅੰਬੇਦਕਰ ਨੇ ਹਿੰਦ ਕੋਡ ਬਿਲ ਦੀ ਰਚਨਾ ਕੀਤੀ ਸੀ। ਨਿਆਂ ਵਿਭਾਗ 'ਚ ਬ੍ਰਾਹਮਣਾਂ ਦੇ ਦਾਬੇ ਨੂੰ ਘੱਟ ਕਰਨ ਲਈ ਤੇ ਸਾਰੇ ਵਰਗਾਂ 'ਤੇ ਇਕੋ ਜਿਹੀ ਨਿਆਂ ਪ੍ਰਣਾਲੀ ਲਾਗੂ ਕਰਨ ਲਈ ਸ਼ਾਹੂ ਜੀ ਮਹਾਰਾਜ ਨੇ ਆਪਣੀ ਰਿਆਸਤ 'ਚ ਸੰਨ 1898 ਦੇ ਸਜ਼ਾ ਪ੍ਰਣਾਲੀ ਕੋਡ ਨੂੰ 1909 ਵਿਚ ਤੇ 1908 ਦੀ ਸਿਵਲ ਪ੍ਰਣਾਲੀ ਕੋਡ ਨੂੰ 1912 'ਚ ਆਪਣੀ ਰਿਆਸਤ ਕੋਹਲਾਪੁਰ 'ਚ ਲਾਗੂ ਕੀਤਾ। ਉਸ ਸਮੇਂ ਕੋਹਲਾਪੁਰ 'ਚ ਬਹੁਤੇ ਜੱਜ ਬ੍ਰਾਹਮਣ ਹੀ ਸਨ ਜੋ ਨਿਆਂ ਪ੍ਰਣਾਲੀ 'ਚ ਮਨਮਾਨੀ ਕਰਦੇ ਸਨ ਪਰ ਇਸ ਨੂੰ ਰੋਕਣ ਲਈ ਸ਼ਾਹੂ ਜੀ ਮਹਾਰਾਜ ਨੇ ਇਕ ਕੋਡ ਆਫ ਕੰਡਕਟ ਬਣਵਾਇਆ। ਜੇ ਜੱਜ ਕਿਸੇ ਕੰਮ 'ਚ ਲਾਹਪ੍ਰਵਾਹੀ ਜਾਂ ਅਣਦੇਖੀ ਕਰਦੇ ਸਨ ਤਾਂ ਇਸ ਲਈ ਉਹਨਾਂ ਦੇ ਕੰਮ ਦੀ ਜਾਂਚ ਕੀਤੀ ਜਾ ਸਕਦੀ ਸੀ। ਇਕ ਘਟਨਾ ਹੈ ਕੋਹਲਾਪੁਰ 'ਚ ਇਕ ਬ੍ਰਾਹਮਣ ਜੱਜ ਦੀ ਅਦਾਲਤ 'ਚ ਇਕ ਪਿਛੜੀ ਜਾਤੀ ਦੇ ਕਲਰਕ ਦੀ ਨਿਯੁਕਤੀ ਹੋਈ। ਉਹ ਜੱਜ ਉਸ ਕਲਰਕ ਨੂੰ ਜਾਤੀ ਪੱਖੋਂ ਘ੍ਰਿਣਾ ਕਰਦਾ ਸੀ ਇਸ ਕਾਰਨ ਉਹ ਹਰ ਦੂਜੇ ਤੀਜੇ ਦਿਨ ਸ਼ਾਹੂ ਜੀ ਪਾਸ ਸ਼ਿਕਾਇਤ ਭੇਜਦਾ ਹੁੰਦਾ ਸੀ ਕਿ ਉਹ ਅਸਮਰਥ ਹੈ। ਇਸ ਨੂੰ ਕੰਮ ਨਹੀਂ ਆਉਂਦਾ ਹੈ। ਸ਼ਿਕਾਇਤਾਂ ਦਾ ਸਿਲਸਿਲਾ ਕੁਝ ਦਿਨਾਂ ਤਕ ਚਲਦਾ ਰਿਹਾ। ਅੰਤ 'ਚ ਸ਼ਾਹੂ ਜੀ ਮਹਾਰਾਜ ਨੇ ਖੁਫੀਆ ਤਾਣੇ ਬਾਣੇ ਤੋਂ ਘਟਨਾ ਦੀ ਅਸਲੀਅਤ ਦੀ ਜਾਂਚ ਕਰਵਾਈ। ਜਾਂਚ 'ਚ ਪਤਾ ਲੱਗਿਆ ਕਿ ਬ੍ਰਾਹਮਣ ਜੱਜ ਨੇ ਉਸ ਕਲਰਕ ਨੂੰ ਕੋਈ ਕੰਮ ਹੀ ਨਹੀਂ ਦਿੱਤਾ ਸੀ ਅਤੇ ਉਸ ਨੂੰ ਜਾਤੀ ਦੇ ਨਾਂ 'ਤੇ ਅਪਮਾਨਿਤ

ਕਰਦਾ ਰਹਿੰਦਾ ਸੀ ਇਸ ਦੌਰਾਨ ਜੱਜ ਨੇ ਸ਼ਾਹੂ ਜੀ ਮਹਾਰਾਜ ਨੂੰ ਸਿਫਾਰਸ਼ ਕੀਤੀ ਕਿ ਉਹ ਕਲਰਕ ਕੁਝ ਵੀ ਕੰਮ ਨਹੀਂ ਕਰਦਾ ਹੈ, ਬੈਠਾ ਰਹਿੰਦਾ ਹੈ। ਉਸ ਦੀ ਇਕ ਮਹੀਨੇ ਦੀ ਤਨਖਾਹ ਕੱਟ ਲਈ ਜਵੇ। ਜਦ ਉਹ ਕੰਮ ਕਰਨਾ ਸਿੱਖ ਲਵੇਗਾ ਤਾਂ ਉਸ ਨੂੰ ਤਨਖਾਹ ਦਿੱਤੀ ਜਾਵੇਗੀ। ਇਸ 'ਤੇ ਸ਼ਾਹੂ ਜੀ ਮਹਾਰਾਜ ਨੇ ਜੱਜ ਨੂੰ ਜੁਆਬ ਦਿੰਦਿਆਂ ਕਿਹਾ ਕਿ "ਮੈਂ ਤੁਹਾਡੀ ਤਿੰਨ ਮਹੀਨੇ ਦੀ ਤਨਖਾਹ ਰੋਕ ਰਿਹਾ ਹਾਂ ਜੇ ਤੁਸੀਂ ਤਿੰਨ ਮਹੀਨਿਆਂ 'ਚ ਉਸ ਅਸਮਰਥ ਨੂੰ ਸਮਰਥ ਨਹੀਂ ਬਣਾ ਸਕੇ ਤਾਂ ਤੁਹਾਡੀ ਤਨਖਾਹ ਰੋਕ ਲਈ ਜਾਵੇਗੀ।" ਇਸ ਤੋਂ ਕੁਝ ਦਿਨਾਂ ਪਿੱਛੋਂ ਉਹ ਕਲਰਕ ਵਿਰੁੱਧ ਸ਼ਿਕਾਇਤ ਆਉਣੀ ਬੰਦ ਹੋ ਗਈ ਤੇ ਜੱਜ ਨੇ ਕਿਹਾ ਕਿ ਹੁਣ ਉਹ ਅੱਛਾ ਕੰਮ ਕਰ ਰਿਹਾ ਹੈ। ਸ਼ਾਹੂ ਜੀ ਦੇ ਬਰਾਬਰਤਾ ਵਾਦੀ ਤੇ ਵਿਕਾਸ ਵਾਦੀ ਯਤਨਾ ਦਾ ਬਾਲ ਗੰਗਾਧਰ ਤਿਲਕ ਤੇ ਉਸ ਦੇ ਸਾਥੀ ਬ੍ਰਾਹਮਣਾਂ ਨੇ ਭਾਰੀ ਵਿਰੋਧ ਕੀਤਾ। ਇਸ ਲਈ ਸ਼ਾਹੂ ਜੀ ਨੇ ਤਿਲਕ ਦੀ ਸਵਰਾਜ ਦੀ ਮੰਗ ਨੂੰ ਕਦੀ ਮਾਨਤਾ ਨਹੀਂ ਦਿੱਤੀ। ਉਹਨਾਂ ਕਿਹਾ ਕਿ ਮੈਂ ਸਵਰਾਜ ਦਾ ਵਿਰੋਧ ਤਾਂ ਨਹੀਂ ਕਰਦਾ ਪਰ ਜਦ ਤਕ ਦਲਿਤ ਲੁੱਟੇ ਜਾਂਦੇ, ਪੀੜਤ ਤੇ ਪਿਛੜੇ ਵਰਗ ਦੇ ਲੋਕ ਸਮਾਜਕ, ਆਰਥਕ, ਸਿਖਿਅਕ ਤੇ ਰਾਜਸੀ ਪੱਧਰ 'ਤੇ ਸਮੁੱਚੇ ਅਤੇ ਜਾਗਰੂਕ ਨਹੀਂ ਹੁੰਦੇ, ਤਦ ਤਕ ਸਵਰਾਜ ਦਾ ਕੋਈ ਅਰਥ ਨਹੀਂ ਹੈ। ਉਹਨਾਂ ਦਾ ਕਹਿਣਾ ਸੀ ਸਵਰਾਜ ਨਾਲ ਸਿਰਫ ਸਵਰਨਾਂ ਦਾ ਹਿੱਤ ਹੀ ਪੂਰਿਆ ਜਾਵੇਗਾ। ਉਹਨਾਂ ਨੇ ਕਿਹਾ "ਭਾਰਤ ਦੀ ਉੱਨਤੀ, ਚਾਹੇ ਅਤੀ ਜਲਦੀ ਹੋਵੇ ਜਾਂ ਲੇਟ ਇਹ ਜਾਤੀ ਭੇਦ ਖਤਮ ਹੋਣ 'ਤੇ ਨਿਰਭਰ ਕਰਦਾ ਹੈ।"

ਕ੍ਰਿਮੀਨਲ ਐਕਟ ਦਾ ਖਾਤਮਾ :- ਇਹ ਸਰਭ ਪ੍ਰਮਾਣਿਤ ਤੱਥ ਹੈ ਕਿ ਭਾਰਤ ਦੇ ਮੂਲ ਨਿਵਾਸੀ ਬਹੁਜਨ ਸਮਾਜ ਦੇ ਲੋਕ ਪਿੱਛੇ 3500 ਸਾਲਾਂ ਤੋਂ ਵਿਦੇਸ਼ੀ ਆਰੀਆ ਬ੍ਰਾਹਮਣਾਂ ਦੀ ਹਕੂਮਤ ਤੇ ਲੁੱਟ ਦਾ ਸ਼ਿਕਾਰ ਰਹੇ ਹਨ। ਇਸ ਤੋਂ ਪਹਿਲਾਂ ਇਥੇ ਇਥੋਂ ਦੇ ਮੂਲ ਨਿਵਾਸੀਆਂ ਦੀ ਅਜ਼ਾਦ ਸਭਿਅਤਾ ਸੀ ਜਿਸ ਨੂੰ ਸਿੰਧੂ ਘਾਟੀ ਦੀ ਸਭਿਅਤਾ (ਹੜੱਪਾ ਅਸੁਰ ਸਭਿਅਤਾ) ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਸਾਹਿਤਕ ਪੁਰਾਤਤਵਾ ਵੇਦਿਕ ਗ੍ਰੰਥਾਂ ਅਤੇ ਵਿਗਿਆਨਕ ਖੋਜਾਂ ਦੇ ਅਧਾਰ 'ਤੇ ਇਹ ਪ੍ਰਮਾਣਿਤ ਕੀਤਾ ਜਾ ਚੁੱਕਿਆ ਹੈ ਕਿ ਆਰੀਆ ਬ੍ਰਾਹਮਣ ਸਾਡੇ ਦੇਸ਼ ਵਿਚ ਈਸਾ ਪੂਰਵ 1500 ਇਰਾਕ ਤੇ ਇਰਾਨ ਤੋਂ ਹਿੰਦੂਕਸ਼ ਪਰਬਤ ਦੇ ਦਰਿਆ ਤੋਂ ਹੋ ਕੇ ਸਭ ਤੋਂ ਪਹਿਲਾਂ ਪੰਜਾਬ (ਹੜੱਪਾ ਨਗਰ) ਆਏ ਅਤੇ ਉਥੋਂ ਪੂਰੇ ਭਾਰਤ 'ਚ ਫੈਲ ਗਏ। ਇਹਨਾਂ ਦੀ ਮੂਲਵਾਸ ਜਗ੍ਹਾ ਰੂਸ ਦੀ ਵੋਲਗਾ ਨਦੀ ਦਾ ਤਟੀ ਇਲਾਕਾ ਸੀ। ਇਹ ਭਾਰਤ 'ਚ ਹਮਲਾਵਰਾਂ ਵਜੋਂ ਆਏ ਸਨ। ਜਿਹਨਾਂ ਨੇ ਇਸ ਦੇਸ਼ ਦੀ ਮੂਲ ਸਭਿਅਤਾ, ਸਭਿਆਚਾਰ ਤੇ ਧਰਮ ਦੀ ਸਥਾਪਨਾ ਕੀਤੀ ਜਿਸ ਨੂੰ ਅੱਜ ਹਿੰਦੂ ਜਾਂ ਬ੍ਰਾਹਮਣ ਸੰਸਕ੍ਰਿਤੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਭਾਰਤ ਦੇ ਮੂਲ ਨਿਵਾਸੀ ਸਿਰਫ ਪਿਛੜਿਆ ਵਰਗ, ਐਸ ਸੀ ਤੇ ਐਸ ਟੀ ਵਰਗ ਤੇ ਧਰਮ ਪ੍ਰਵਰਤਿਤ ਸਮੁਦਾਇ ਹੀ ਹਨ। ਵਿਦੇਸ਼ੀ ਆਰੀਆ ਬ੍ਰਾਹਮਣਾ ਤੇ ਇਥੋਂ ਦੇ ਮੂਲ ਨਿਵਾਸੀਆਂ ਭਾਵ ਅਨਿਆਈਆਂ ਦੇ ਨਾਲ ਲੰਮੇ ਸਮੇਂ ਤੱਕ ਭਿਅੰਕਰ ਜੰਗ ਹੋਈ। ਇਸ ਸੰਘਰਸ਼ ਨੂੰ ਹੀ ਹਿੰਦੂ ਸ਼ਾਸ਼ਤਰ 'ਚ ਦੇਵਾਸੁਰ ਸੰਗਰਾਮ ਵਜੋਂ ਮਹਿਮਾ ਮੰਡਿਪਤ ਕੀਤਾ ਗਿਆ ਹੈ। ਇਸ ਸੰਘਰਸ਼ 'ਚ ਵਿਦੇਸ਼ੀ ਆਰੀਆ ਬ੍ਰਾਹਮਣ ਛਲਪੂਰਵਕ ਅਨਆਰੀਆ 'ਤੇ ਜਿੱਤ ਹਾਸਲ ਕਰ ਗਏ। ਇਸ ਦੌਰਾਨ ਕੁਲ ਮੂਲ ਨਿਵਾਸੀ ਬਚ ਕੇ ਯੁੱਧ ਦੀ ਰਣਨੀਤੀ ਤਹਿ ਕਰਨ ਤੇ ਸ਼ਕਤੀ ਹਾਸਲ ਕਰਨ ਲਈ ਲੰਮੇ ਸਮੇਂ ਤਕ

ਜੰਗਲਾਂ ਵਿਚ ਹੀ ਰਹੇ, ਇਸ ਕਾਰਨ ਇਹਨਾਂ ਦੇ ਵਿਕਾਸ 'ਚ ਅੜਿਕਾ ਲੱਗ ਗਿਆ। ਜਦ ਭਾਰਤ 'ਅਜ਼ਾਦ' ਹੋਇਆ ਤਾਂ ਅੰਬੇਦਕਰ ਨੇ ਇਹਨਾਂ ਨੂੰ ਸਹੂਲਤ ਮੁਹਈਆ ਕਰਨ ਦੇ ਨਜ਼ਰੀਏ ਤੋਂ ਅਨਸੂਚਿਤ ਜਾਤੀਆਂ ਦੀ ਸੂਚੀ 'ਚ ਰੱਖਿਆ। ਆਰੀਆ ਗੈਰ ਆਰੀਆਂ ਸੰਘਰਸ਼ ਦੌਰਾਨ ਕੁਝ ਲੋਕ ਗੁਲਾਮ ਬਣਾ ਲਏ ਗਏ ਤੇ ਉਹਨਾਂ ਤੋਂ ਵੱਖ ਵੱਖ ਕਿਸਮ ਦੇ ਘਰੇਲੂ ਕੰਮ ਕਰਵਾਏ ਜਾਣ ਲੱਗੇ। ਮਹਿਲ ਅੰਦਰ ਕੰਮ ਕਰਦੇ ਸਮੇਂ ਇਹਨਾਂ ਨਾਲ ਛੂਆ-ਛਾਤ ਨਹੀਂ ਕੀਤਾ ਜਾਂਦਾ ਸੀ। ਇਹੀ 1947 ਪਿੱਛੋਂ ਓ ਬੀ ਸੀ ਦੇ ਨਾਂ ਨਾਲ ਜਾਣੇ ਗਏ।

ਇਕ ਪਾਰਟੀ ਇਨਕਲਾਬੀ ਸੀ ਜੋ ਅਜ਼ਾਦੀ ਲਈ ਲਗਾਤਾਰ ਜੰਗ ਕਰਦਾ ਰਹੀ ਜਿਸ ਕਾਰਨ ਆਰੀਆ ਬ੍ਰਾਹਮਣਾਂ ਨੇ ਉਹਨਾਂ 'ਤੇ ਅਨੇਕਾਂ ਗੈਰ ਮਨੁੱਖੀ ਗੋਹਾ ਕੂੜਾ ਲੱਦ ਦਿੱਤਾ ਅਤੇ ਇਹਨਾਂ ਨਾਲ ਛੂਆ ਛਾਤ ਕਰਨ ਲੱਗੇ। ਇਹੀ ਲੋਕ ਅੱਜ ਸੈਡੂਲਡ ਕਾਸਟਸ (ਅਨਸੂਚਿਤ ਜਾਤੀ) ਕਹੇ ਜਾਂਦੇ ਹਨ। ਇਸ ਵਰਗ 'ਚ ਕੁਝ ਅਜਿਹੇ ਵੀ ਸਨ ਜਿਹਨਾਂ ਅੰਤ ਤਕ ਲੜਾਈ ਜਾਰੀ ਰੱਖੀ। ਉਹ ਅਨੇਕਾਂ ਕਸ਼ਟਾਂ ਨੂੰ ਝਲਦੇ ਹੋਇਆਂ ਅਜ਼ਾਦੀ ਲਈ ਲੜਾਈ ਲੜਦੇ ਰਹੇ। ਇਹ ਵਰਗ ਆਰੀਆ ਬ੍ਰਾਹਮਣਾਂ ਦੇ ਵੱਸ ਵਿਚ ਨਹੀਂ ਸੀ ਇਸ ਲਈ ਅਜਿਹੇ ਲੋਕਾਂ ਨੂੰ (ਦੁਸਾਧੇ) ਨਾ ਸੁਧਰਨ ਯੁੱਗ ਕਿਹਾ ਗਿਆ ਜੋ ਅੱਗੇ ਚੱਲ ਕੇ ਦੁਸਾਧ ਜਾਤੀ ਨਾਲ ਜਾਣੇ ਜਾਣ ਲੱਗੇ। ਜਦ ਭਾਰਤ 'ਚ ਇਸਲਾਮਿਕ ਹਕੂਮਤ ਆਈ ਤਾਂ ਵੀਰ ਤੇ ਵਫਾਦਾਰ ਹੋਣ ਕਰਕੇ ਦੁਸਾਧਿਆਂ ਨੂੰ ਮੁਸਲਮਾਨ ਬਾਦਸ਼ਾਹਾਂ ਨੇ ਅੰਗ ਰੱਖਿਅਕਾਂ ਵਜੋਂ ਵਰਤਿਆ। ਅਰਬੀ 'ਚ ਅੰਗ ਰੱਖਿਅਕ ਨੂੰ ਪਾਸਵਾਂ ਕਿਹਾ ਜਾਂਦਾ ਹੈ। ਇਹੀ ਪਾਸਵਾਂ ਅੱਜ ਪਾਸਵਾਨ ਦੇ ਨਾਂ ਨਾਲ ਜਾਣੇ ਜਾਂਦੇ ਹਨ। ਅੰਗਰੇਜ਼ੀ ਰਾਜ 'ਚ ਇਹ ਚੌਕੀਦਾਰ ਬਣ ਗਏ। ਅੰਗਰੇਜ਼ਾਂ ਨੂੰ ਦੁਸਾਹਾਂ (ਪਾਸਵਾਂ) ਸਮੇਤ ਖਾੜਕੂ ਜਾਤੀਆਂ ਤੋਂ ਹਮੇਸ਼ਾ ਭੈਅ ਬਣਿਆ ਰਹਿੰਦਾ ਸੀ ਕਿ ਕਿਤੇ ਉਹ ਉਹਨਾਂ ਵਿਰੁੱਧ ਖੁੱਲ੍ਹੀ ਬਗਾਵਤ ਨਾ ਕਰ ਦੇਣ। ਇਸ ਕਾਰਨ ਦੁਸਾਹਾਂ (ਪਾਸਵਾਂ) ਸਮੇਤ ਸੈਂਕੜੇ ਜਾਤੀਆਂ ਖਿਲਾਫ ਅੰਗਰੇਜ਼ੀ ਸਰਕਾਰ ਨੇ ਕ੍ਰਿਮੀਨਲ ਐਕਟ ਬਣਾਏ। ਸਜ਼ਾ ਦੇਣ ਲਈ ਕ੍ਰਿਮੀਨਲ ਐਕਟ 1793 ਲਾਗੂ ਹੁੰਦਾ ਸੀ। ਜਿਸ ਨੂੰ 1857 ਪਿੱਛੋਂ ਆਈ ਪੀ ਸੀ (1860-1861) 'ਚ ਬਦਲ ਦਿੱਤਾ ਗਿਆ। ਇਸ ਨਾਲ ਸਬੰਧਤ ਵੱਖ ਵੱਖ ਤਰ੍ਹਾਂ ਦੇ ਐਕਟ ਹਨ-1793 ਆਈ ਪੀ ਸੀ (1860-1861) 1871, 1867-1902, 1902, 1903, 1914, 1920, 1923, 1924, 1946। ਇਸ ਐਕਟ ਦੇ ਅਧੀਨ ਆਉਣ ਵਾਲੀਆਂ ਜਾਤੀਆਂ 'ਚ ਦੁਸਾਧ, ਗੁਰਜਰ, ਪਾਸੀ, ਮਹਾਰ, ਮਾਂਗ, ਕੋਲੀ, ਖਟੀਕ, ਭੀਲ, ਬੰਜਾਰਾ, ਧਾਰੀ, ਕੰਜਰ, ਪਿੰਡਾਰੀ, ਸਾਂਸੀ ਆਦਿ ਜਾਤੀਆਂ ਸਨ। ਇਹਨਾਂ ਸਾਰਿਆਂ 'ਚ ਦੁਸਾਧ ਪਹਿਲੇ ਨੰਬਰ 'ਤੇ ਸਨ। ਅੰਗਰੇਜ਼ਾਂ ਨੇ ਇਹਨਾਂ ਜਾਤੀਆਂ ਨੂੰ ਐਕਸ ਕ੍ਰੀਮੀਨਲ ਟ੍ਰਾਈਬਸ ਵਿਮੁਕਤ ਜਾਤੀਆਂ ਦਾ ਨਾਂ ਦਿੱਤਾ। ਇਹਨਾਂ ਨੂੰ ਪਿੰਡ ਪ੍ਰਧਾਨ ਤੋਂ ਇਲਾਵਾ ਠਾਣੇ 'ਚ ਜਾ ਕੇ ਰੋਜ਼ਾਨਾ ਹਾਜ਼ਰੀ ਦੇਣੀ ਪੈਂਦੀ ਸੀ। ਇਸ ਨਾਲ ਉਹਨਾਂ ਦੀ ਖੂਬ ਲੁੱਟ ਹੁੰਦੀ ਸੀ। ਥਾਣੇਦਾਰ ਤੇ ਪਿੰਡ ਪ੍ਰਧਾਨ ਇਹਨਾਂ ਨਾਲ ਘੋਰ ਅਨਿਆ, ਅਤਿਆਚਾਰ ਤੇ ਮਨਮਾਨੀ ਕਰਦੇ ਸਨ। ਛਤਰਪਤੀ ਸ਼ਾਹੂ ਜੀ ਮਹਾਰਾਜ ਪਹਿਲੇ ਹਾਕਮ ਸਨ ਜਿਹਨਾਂ ਨੇ ਇਸ ਹਾਜ਼ਰੀ ਪ੍ਰਥਾ ਨੂੰ ਖਤਮ ਕਰਨ ਦੀ ਹਿੰਮਤ ਕੀਤੀ। ਉਹਨਾਂ ਨੇ ਕੋਹਲਾਪੁਰ ਜ਼ਿਲ੍ਹੇ ਦੇ ਮਨਗਾਂਵ 'ਚ 1920 ਨੂੰ ਦਲਿਤਾਂ ਦੀ ਇਕ ਸਭਾ 'ਚ ਕਿਹਾ ਕਿ "ਹਾਜ਼ਰੀ ਪ੍ਰਥਾ ਦੇ ਮਾਧਿਅਮ ਨਾਲ ਪਿੰਡ ਪ੍ਰਧਾਨ

(ਸਰਪੰਚ ਆਦਿ) ਦਲਿਤਾਂ ਦੀ ਲੁੱਟ ਕਰਦੇ ਹਨ" ਉਹ ਦਲਿਤਾਂ ਤੋਂ ਜਬਰੀ ਬੇਗਾਰ (ਮੁਫ਼ਤ ਕੰਮ ਕਰਵਾਉਣਾ) ਕਰਵਾਉਂਦੇ ਹਨ ਜਾਂ ਬਹੁਤ ਘੱਟ ਮਜ਼ਦੂਰੀ 'ਤੇ ਕੰਮ ਕਰਵਾਉਂਦੇ ਸਨ। ਇਹ ਗੁਲਾਮ ਪ੍ਰਥਾ ਤੋਂ ਵੀ ਵੱਧ ਮਾੜਾ ਕੰਮ ਹੈ ਜਿਸ ਨੂੰ ਅਸੀਂ ਵੀਹਵੀਂ ਸਦੀ ਤੋਂ ਜਾਰੀ ਰੱਖ ਰਹੇ ਹਾਂ।" 1923 ਤਕ ਵਿਮੁਕਤ ਜਾਤੀਆਂ ਦੀ ਗਿਣਤੀ 193 ਸੀ ਪਰ ਸੰਨ 1924 'ਚ ਕੁਝ ਜਾਤੀਆਂ ਨੂੰ ਅੰਗਰੇਜ਼ਾਂ ਦੇ ਜ਼ੁਲਮਾਂ ਤੋਂ ਜਲਦੀ ਹੀ ਰਾਹਤ ਮਿਲ ਗਈ। ਦੱਖਣੀ ਭਾਰਤ 'ਚ ਮਹਾਤਮਾ ਜੋਤਿਬਾ ਫੁਲੇ, ਸ਼ਾਹੂ ਜੀ ਮਹਾਰਾਜ ਤੇ ਅੰਬਦੇਕਰ ਦੇ ਸੰਘਰਸ਼ਾਂ ਨਾਲ ਫਾਇਦਾ ਹੋਇਆ। ਉੱਤਰ ਪ੍ਰਦੇਸ਼, ਪੰਜਾਬ, ਹਰਿਆਣਾ, ਮੱਧ ਪ੍ਰਦੇਸ਼ ਤੇ ਬਿਹਾਰ ਆਦਿ 'ਚ ਤਾਂ 1947 ਤੋਂ ਬਾਅਦ ਵੀ ਕ੍ਰਿਮੀਨਲ ਐਕਟ ਅਮਲ 'ਚ ਲਾਗੂ ਰਿਹਾ। ਇਹ 30 ਅਗਸਤ 1952 ਨੂੰ ਹੀ ਹਟਾਇਆ ਗਿਆ।

ਅੰਬੇਦਕਰ ਸ਼ਾਹੂ ਜੀ ਮਹਾਰਾਜ ਦੀ ਨੈਤਿਕ ਆਰਥਕ ਤੇ ਮਾਨਸਿਕ ਸਹਾਇਤਾ ਲੈ ਕੇ ਹੀ ਬਹੁਜਨਾ ਦੀ ਭਲਾਈ ਤੇ ਉੱਨਤੀ ਦੇ ਰਾਹ 'ਤੇ ਅੱਗੇ ਵਧ ਸਕੇ। ਅੰਬੇਦਕਰ ਤੇ ਸ਼ਾਹੂ ਜੀ ਦੀ ਮੁਲਾਕਾਤ ਉਹਨਾਂ ਦੇ ਇਕ ਪਰਮ ਸਹਿਯੋਗੀ ਦਤੋਬਾ ਪੰਵਾਰ ਰਾਹੀਂ ਹੋਈ। ਦੋਨੋਂ ਹਸਤੀਆਂ 'ਚ 1917-20 ਵਿਚਕਾਰ ਕਈ ਮੁਲਾਕਾਤਾਂ ਹੋਈਆਂ ਤੇ ਪੱਤਰ ਵਿਹਾਰ ਹੋਇਆ। ਉਹਨਾਂ ਦੀ ਪਹਿਲੀ ਮੁਲਾਕਾਤ ਫੋਰਥਕਮਿੰਗ ਮੋਟੇਗਿਊ ਰਿਫੋਰਮਸ 'ਤੇ ਵਿਸ਼ੇ ਸਬੰਧੀ ਹੋਈ। ਇਸ ਮੀਟਿੰਗ ਸਮੇਂ ਅੰਬੇਦਕਰ ਨੇ ਸ਼ਾਹੂ ਜੀ ਸਾਹਮਣੇ ਇਕ ਅਖਬਾਰ ਸ਼ੁਰੂ ਕਰਨ ਦੀ ਯੋਜਨਾ ਰੱਖੀ ਤਾਂ ਕਿ ਭਾਰਤ ਦੇ ਮੂਲ ਨਿਵਾਸੀ ਬਹੁਜਨ ਸਮਾਜ ਦੀਆਂ ਸਮੱਸਿਆਵਾਂ ਤੇ ਉਹਨਾਂ ਦੀਆਂ ਮੰਗਾਂ ਦਾ ਜਨਤਕ ਤੌਰ 'ਤੇ ਪ੍ਰਚਾਰ ਪਸਾਰ ਕੀਤਾ ਜਾ ਸਕੇ। ਇਸ ਕੰਮ ਲਈ ਅੰਬੇਦਕਰ ਨੂੰ ਸ਼ਾਹੂ ਜੀ ਮਹਾਰਾਜ ਨੇ 2500 ਰੁਪਏ ਆਰਥਕ ਮਦਦ ਵਜੋਂ ਦਿੱਤੇ। ਅੰਬੇਦਕਰ ਤੋਂ ਪਹਿਲਾਂ ਸ਼ਾਹੂ ਜੀ ਮਹਾਰਾਜ ਹੀ ਦਲਿਤ ਵਰਗ ਦੇ ਨੁਮਾਇੰਦੇ ਸਬੰਧੀ ਮੌਂਟਗਿਊ ਚੇਮਸਫੋਰਡ ਕਮਿਸ਼ਨ ਦੇ ਸਾਹਮਣੇ ਪੇਸ਼ ਹੋਏ। ਸ਼ਾਹੂ ਜੀ ਨੇ ਇਸ ਕੰਮ ਲਈ ਰਾਇ ਬਹਾਦਰ ਡੋਗਰੇ ਨੂੰ ਲਾਇਆ ਸੀ-ਖੁਦ ਮੌਂਟਗਿਊ ਨੇ ਡੋਗਰੇ ਸਬੰਧੀ ਲਿਖਿਆ ਹੈ ਕਿ ਇਹ ਦਲਿਤ ਜਮਾਤ ਬਾਰੇ ਅੱਛੀ ਤੇ ਸਕਾਰਾਤਮਕ ਸੋਚ ਰੱਖਣ ਵਾਲਾ ਬੰਦਾ ਹੈ। ਜੋ ਮੀਟਿੰਗ 'ਚ ਮਹਿਸੂਸ ਹੋਇਆ। ਡੋਗਰੇ ਮੌਂਟੇਗਿਊ ਨੂੰ ਮਿਲਣ ਵੇਲੇ ਦੋ ਅਛੂਤਾਂ ਨੂੰ ਵੀ ਨਾਲ ਲੈ ਗਏ ਸਨ। ਸ਼ਾਹੂ ਜੀ ਨੇ ਡੋਗਰੇ ਨੂੰ ਅਛੂਤਾਂ ਲਈ ਫਿਰਕੂ ਨੁਮਾਇੰਦਗੀ ਦੀ ਮੰਗ ਰੱਖਣ ਲਈ ਮੋਂਟੇਗਿਊ ਪਾਸ ਭੇਜਿਆ ਸ। ਅਛੂਤਾਂ ਦੇ ਵਿਕਾਸ ਲਈ ਸ਼ਾਹੂ ਜੀ ਅਜਿਹੇ ਜ਼ਰੂਰੀ ਸਮਝਦੇ ਸਨ। ਪਿੱਛੋਂ ਸ਼ਾਹੂ ਜੀ ਨੇ ਅੰਬੇਦਕਰ ਨੂੰ ਅਛੂਤਾਂ ਦੇ ਨੇਤਾ ਵਜੋਂ ਹੱਲਾ ਸ਼ੇਰੀ ਦਿੱਤੀ। ਸ਼ਾਹੂ ਜੀ ਦੇ ਸੁਆਲ 'ਤੇ ਹੀ ਅੰਬੇਦਕਰ ਨੇ ਸਾਊਥਵਰੋ ਕਮਿਸ਼ਨ ਦੇ ਸਾਹਮਣੇ ਅਛੂਤਾਂ ਦੇ ਸਾਰੇ ਹੱਕਾਂ ਨੂੰ ਖੋਹ ਲਿਆ ਗਿਆ ਹੈ। ਇਹਨਾਂ ਦੀ ਰਾਖੀ ਤੇ ਮੂਲ ਅਧਿਕਾਰਾਂ ਲਈ ਇਹਨਾਂ ਦੀ ਜਾਤੀ ਨੁਮਾਇੰਦਗੀ ਜ਼ਰੂਰੀ ਹੈ। ਅਛੂਤਾਂ ਦਾ ਦਰਦ ਤਾਂ ਸਿਰਫ ਅਛੂਤਾਂ ਦਾ ਨੁਮਾਇੰਦਾ ਹੀ ਸਮਝ ਸਕਦਾ ਹੈ। ਉਸ ਸਮੇਂ ਬੰਬਈ ਦੀ ਅਬਾਦੀ 8 ਫੀਸਦੀ ਸੀ ਉਸ ਦੇ ਹਿਸਾਬ ਨਾਲ ਉਹਨਾਂ ਨੇ ਸੀਟਾਂ ਕਮਿਸ਼ਨ ਤੋਂ ਮੰਗੀਆਂ। ਸ਼ਾਹੂ ਜੀ ਮਹਾਰਾਜ ਨੇ 28 ਮਾਰਚ 1920 ਨੂੰ ਮਹਾਂਰਾਸ਼ਟਰ ਦੇ ਮਨਗਾਂਵ 'ਚ ਅੰਬੇਦਕਰ ਨਾਲ ਸਾਂਝੀ ਮੀਟਿੰਗ ਕੀਤੀ। ਅੰਬੇਦਕਰ ਨੂੰ ਉਹਨਾਂ ਨੇ ਭਵਿੱਖ ਦਾ ਨੇਤਾ ਕਿਹਾ। ਇਸ ਤਰ੍ਹਾਂ ਸ਼ਾਹੂ ਜੀ ਦਾ ਮਾਨਵਵਾਦੀ ਦਿਲੋਂ ਅੰਬੇਦਕਰ ਨੂੰ ਮਜ਼ਬੂਤੀ ਦਿੰਦਾ ਰਿਹਾ ਤੇ ਪ੍ਰੇਰਿਤ ਕਰਦਾ ਰਿਹਾ।

# ਦਲਿਤਾਂ ’ਚ ਅਣਪੜ੍ਹਤਾ ਕਿੰਨੀ ਕੁ ਜਾਇਜ਼?

ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ‘ਸਾਂਸਦੀ ਸਥਾਨਕ ਖੇਤਰ ਵਿਕਾਸ ਯੋਜਨਾ’ ਦੀ ਰਾਸ਼ੀ ਹਰ ਸਾਲ ਇਕ ਕਰੋੜ ਤੋਂ ਹੋਰ ਵਧਾ ਦਿੱਤੀ। ਇਸ ਯੋਜਨਾ ਦਾ ਪਹਿਲਾ ਐਲਾਨ ਉਸ ਵੇਲੇ ਦੇ ਪ੍ਰਧਾਨ ਮੰਤਰੀ ਨਰ ਸਿਮਹਾ ਰਾਓ ਨੇ 23 ਸਤੰਬਰ 1993 ਨੂੰ ਕੀਤਾ ਸੀ। ਉਦੋਂ ਇਹ ਰਾਸ਼ੀ ਪ੍ਰਤੀ ਸਾਂਸਦ ਇਕ ਕਰੋੜ ਰੁਪਿਆ ਸੀ। ਜਿਸ ਨੂੰ 1998 ’ਚ ਵਧਾ ਕੇ ਦੋ ਕਰੋੜ ਰੁਪਏ ਪ੍ਰਤੀ ਐਮ. ਪੀ. ਕਰ ਦਿੱਤਾ ਗਿਆ। ਹੁਣ ਇਹ ਰਾਸ਼ੀ ਤਿੰਨ ਕਰੋੜ ਰੁਪਏ ਹੋ ਗਈ। ਲੋਕ ਸਭਾ ਤੇ ਰਾਜ ਸਭਾ ਦੇ ਕੁਲ ਐਮ. ਪੀ ਦੀ ਗਿਣਤੀ 795 ਹੈ। ਯਾਨੀ ਇਸ ਯੋਜਨਾ ਤਹਿਤ ਇਹਨਾਂ ਸਾਂਸਦਾਂ ਦੇ ਅਧਿਕਾਰ ਖੇਤਰ ’ਚ 2385 ਕਰੋੜ ਰੁਪਏ ਸਾਲਾਨਾ ਹੋ ਜਾਣਗੇ। ਕੇਂਦਰ ਸਰਕਾਰ ਇਹ ਰਾਸ਼ੀ ਸਿੱਧੀ ਡਿਪਟੀ ਕਮਿਸ਼ਨਰਾਂ ਨੂੰ ਭੇਜਦੀ ਹੈ, ਜਿੱਥੇ ਸਥਾਨਕ ਐਮ. ਪੀ. ਦੇ ਹੁਕਮ ਤਹਿਤ ਉਸ ਦੇ ਖੇਤਰ ਦੇ ਵਿਕਾਸ ਦੀਆਂ ਯੋਜਨਾਵਾਂ ’ਚ ਇਹ ਰਾਸ਼ੀ ਖਰਚ ਕਰਾ ਦਿੱਤੀ ਜਾਂਦੀ ਹੈ। ਪਾਣੀ ਵਾਂਗੂੰ ਵਹਿਣ ਵਾਲੇ ਇਸ ਰੁਪਏ ’ਤੇ ਹਰ ਸਾਲ 1993 ਤੋਂ ਹੀ ਉਂਗਲੀਆਂ ਉਠਾਈਆ ਜਾਂਦੀਆਂ ਰਹੀਆਂ ਹਨ ਪਰ ਇਹਨਾਂ ਪੈਸਿਆਂ ਦੀ ਜੇ ਜ਼ਰੂਰਤ ਹੈ, ਸਾਂਸਦ ਜੇ ਅਜਿਹਾ ਚਾਹੁੰਦੇ ਹਨ ਤੇ ਕੇਂਦਰ ਸਰਕਾਰ ਪਾਸ ਪਿਆ ਧਨ ਸੜ ਰਿਹਾ ਹੈ ਤਾਂ ਉਸ ਨੂੰ ਵੰਡਣ ’ਚ ਕੋਈ ਹਰਜ ਨਹੀਂ ਹੈ। ਭਾਰਤ ਭਿਆਨਕ ਭੁੱਖ ਦੀ ਮਾਰ ਝੱਲ ਰਿਹਾ ਹੈ। ਦੇਸ਼ ਦੇ ਚੌਦਾਂ ਸੂਬੇ ਇਸ ਦੀ ਲਪੇਟ ਵਿਚ ਹਨ। ਪ੍ਰਧਾਨ ਮੰਤਰੀ ਬੀਤੇ 18 ਦਸੰਬਰ ਨੂੰ ਸੰਸਦ ਦੇ ਦੋਨਾਂ ਸਦਨਾਂ ’ਚ ਰਾਹਤ ਪੈਕੇਜ ਦਾ ਐਲਾਨ ਕੀਤਾ। ਇਸ ਪੈਕੇਜ ਅਨੁਸਾਰ ਮੌਜੂਦਾ ਖਰੀਦ ਫਸਲ ਲਈ ਕਿਸਾਨਾਂ ਵਲੋਂ ਬੈਂਕਾਂ ਤੋਂ ਲਏ ਕਰਜੇ ਉੱਪਰ ਵਿਆਜ ਮੁਆਫ ਕਰ ਦਿੱਤਾ। ਕੇਂਦਰ ਸਰਕਾਰ ਦੀ ਉਚ ਕੋਟੀ ਦਾ ਸੰਸਥਾ ‘ਖੇਤੀ ਲਾਗਤ ਤੇ ਮੁੱਲ ਕਮਿਸ਼ਨ’ ਅਨੁਸਾਰ ਇਸ ਫੈਸਲੇ ਨਾਲ ਕੇਂਦਰ ਸਰਕਾਰ ’ਤੇ 2000 ਕਰੋੜ ਰੁਪਏ ਦਾ ਵਾਧੂ ਖਰਚ ਆਵੇਗਾ। ਸੋਕੇ ਦੌਰਾਨ ਹੀ, ਪ੍ਰਧਾਨ ਮੰਤਰੀ ਦੇ ਲਘੂ ਦੇ ਦਰਮਿਆਨੇ ਕਿਸਾਨ ਦੇ ਕਰਜੇ ਤੋਂ ਵਿਆਜ ਮੁਆਫ ਕਰ ਦਿੱਤਾ ਗਿਆ ਸੀ। ਇਸ ਦੇ ਚਲਦਿਆਂ ਕੇਂਦਰ ਸਰਕਾਰ ਨੂੰ ਇਕ ਹਜ਼ਾਰ 490 ਕਰੋੜ ਰੁਪਏ ਦਾ ਵਾਧੂ ਖਰਚ ਸਹਿਣ ਕਰਨਾ ਪਿਆ ਹੈ। ਆਪਣੇ 18 ਦਸੰਬਰ ਦੇ ਐਲਾਨ ਵਿਚ ਪ੍ਰਧਾਨ ਮੰਤਰੀ ਨੇ ਇਹ ਸਹੂਲਤ ਮੱਧ ਤੇ ਵੱਡੇ ਕਿਸਾਨਾਂ ਨੂੰ ਵੀ ਮੁਹਈਆ ਕਰਵਾ ਦਿੱਤਾ। ਇਸ ਕਾਰਨ ਕੇਂਦਰ ਸਰਕਾਰ ਨੂੰ ਵਾਧੂ 595 ਕਰੋੜ ਰੁਪਏ ਖਰਚ ਕਰਨੇ ਹੋਣਗੇ। ਸੋਕਾ ਪ੍ਰਭਾਵਿਤ ਰਾਜਾਂ ਵਿਚ ਲੋਕ ਭੁਖਮਰੀ ਦੇ ਸ਼ਿਕਾਰ ਨਾ ਹੋਣ, ਇਸ ਲਈ ਸਰਕਾਰ ਨੇ 4000 ਕਰੋੜ ਰੁਪਏ ਦੀ ਵਾਧੂ ਵਿਵਸਥਾ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਸੋਕਾ ਪ੍ਰਭਾਵਿਤ ਰਾਜਾਂ ’ਚ ਪਾਣੀ ਆਦਿ ਦੀ ਵਿਵਸਥਾ ਲਈ ਕੇਂਦਰ ਸਰਕਾਰ ਨੇ 900 ਕਰੋੜ ਰੁਪੈ ਦੀ ਗਰਾਂਟ ਦੇ ਰੱਖੀ ਹੈ। ਸੋਕੇ ਦੀ ਮਾਰ ਝੱਲ ਰਹੇ ਪਸ਼ੂਆਂ ਨੂੰ ਬਚਾਉਣ ਲਈ ਵੀ ਕੇਂਦਰ ਸਰਕਾਰ ਨੇ 25 ਕਰੋੜ ਰੁਪਏ ਦੀ ਵਿਵਸਥਾ ਕਰ ਦਿੱਤੀ ਹੈ। ਦੇਸ਼ ਦੇ 14 ਰਾਜਾਂ ’ਚ ਸੋਕੇ ਦੀ ਆਈ ਅਣ ਐਲਾਨੀ ਸਮਸਿਆ ਨਾਲ ਨਿਪਟਣ ਲਈ ਪ੍ਰਧਾਨ ਮੰਤਰੀ ਨੇ ਇਕੋ ਵੇਲੇ 8765 ਕਰੋੜ ਰੁਪਏ ਦੀ ਵਿਵਸਥਾ ਇਕ ਹੀ ਵਿਤੀ ਸਾਲ ’ਚ ਕਰ ਦਿੱਤੀ। ਜੇ ਇਸ ਰਕਮ ’ਚ ਸਾਂਸਦ ਸਥਾਨਕ ਖੇਤਰ ਵਿਕਾਸ ਯੋਜਨਾ ’ਚ ਇਕ ਕਰੋੜ ਰੁਪਏ ਪ੍ਰਤੀ ਸਾਂਸਦ ਦਾ ਹੋਰ ਵਾਧਾ ਵੀ ਜੋੜ ਦਿੱਤਾ ਜਾਵੇ ਕੁਝ

ਹੀ ਮਹੀਨੇ ਅੰਦਰ ਕੇਂਦਰ ਸਰਕਾਰ ਨੇ 9565 ਰੁਪਏ ਦੀ ਅਲਾਟਮੈਂਟ ਕਰ ਦਿੱਤੀ। ਇਸ ਤਰ੍ਹਾਂ ਜਦ ਗੁਜਰਾਤ 'ਚ ਭੂਚਾਲ ਨਾਲ ਤਬਾਹੀ ਆਈ ਸੀ ਤਾਂ ਕੇਂਦਰ ਸਰਕਾਰ ਨੇ ਜਲਦਬਾਜ਼ੀ 'ਚ ਸੈਂਕੜੇ ਕਰੋੜਾਂ ਰੁਪਏ ਦੀ ਵਿਵਸਥਾ ਕਰ ਦਿੱਤੀ ਸੀ ਤੇ ਅਜਿਹੀ ਹੀ ਵਿਵਸਥਾ ਉੜੀਸਾ 'ਚ ਸਮੁੰਦਰੀ ਤੂਫਾਨ ਤੋਂ ਆਈ ਤਬਾਹੀ ਨਾਲ ਨਿਪਟਣ ਲਈ ਵੀ ਕੀਤਾ ਗਿਆ ਸੀ। ਸੋਕਾ, ਭੂਚਾਲ, ਹੜ, ਸਮੁੰਦਰੀ ਤੂਫਾਨ ਜਾਂ ਕਿਸੇ ਵੀ ਤਰ੍ਹਾਂ ਦੀ ਕੁਦਰਤੀ ਆਫਤ ਦੇ ਖਰਚੇ ਲਈ ਕੀਤਾ ਗਿਆ। ਹਰ ਪੈਸਾ ਜਾਇਜ਼ ਤੇ ਸਵਾਗਤ ਯੋਗ ਹੈ। ਕੇਂਦਰ ਸਰਕਾਰ ਆਰਥਕ ਤੌਰ 'ਤੇ ਸਮਰਥ ਹੈ। ਉਪਰੋਕਿਤ ਉਦਾਹਰਣਾਂ ਤੋਂ ਇਹ ਸਿੱਧ ਹੋ ਚੁੱਕਿਆ ਹੈ, ਸੁਆਲ ਹੁਣ ਇਹ ਹੈ ਕਿ ਕੀ ਅਛੂਤ ਤੇ ਆਦਿ ਵਾਸੀ ਸਮਾਜ ਦੀ ਸਮੱਸਿਆ ਇਕ ਕੌਮੀ ਸਮਸਿਆ ਹੈ ਜਾਂ ਨਹੀ?

ਅਛੂਤ ਸਮਾਜ ਨੂੰ ਹਜ਼ਾਰਾਂ ਸਾਲਾਂ ਤੋਂ ਸਮਾਜਕ ਕੈਦੀਆਂ ਵਾਂਗੂੰ ਰੱਖਿਆ ਗਿਆ ਹੈ। ਇਹਨਾਂ ਦੀ ਮਿਹਨਤ ਨੂੰ ਮੁਖ ਧਾਰਾ ਦੇ ਸਮਾਜ ਨੇ ਵਰਤੋਂ ਕੀਤੀ ਹੈ। ਆਦਿਵਾਸੀ ਸਮਾਜ ਤੋਂ ਉਹਨਾਂ ਦੀ ਜੰਗਲ, ਜ਼ਮੀਨ, ਪਾਣੀ ਤੇ ਵਣ ਜੀਵ ਖੋਹ ਲਏ ਗਏ ਹਨ। ਅੱਜ ਉਹ ਆਪਣੇ ਹੀ ਘਰ 'ਚ ਬੈਗਾਨੇ ਹਨ। ਆਦਿਵਾਸੀਆਂ ਨੂੰ ਆਪਣੀ ਹੀ ਜ਼ਮੀਨ ਦੇ ਖਣਿਜ ਪਦਾਰਥਾਂ 'ਤੇ ਕੋਈ ਅਧਿਕਾਰ ਨਹੀਂ। ਭੋਜਨ ਬਣਾਉਣ ਲਈ ਲੱਕੜ ਕੱਟਣਾ ਵੀ ਗੁਨਾਹ ਹੈ। ਭਾਰਤੀ ਗਣਤੰਤਰ ਦੇ ਜਨਮ ਤੋਂ ਪਹਿਲਾਂ ਸੰਵਿਧਾਨ ਸਭਾ ਨੇ ਇਹਨਾਂ ਸੁਆਲਾਂ 'ਤੇ ਗੰਭੀਰ ਵਿਚਾਰ ਵਟਾਂਦਰਾ ਕੀਤਾ ਸੀ। ਭਾਵੀ ਭਾਰਤ ਦਾ ਸਮਾਜ ਕਿਹੋ ਜਿਹਾ ਹੋਵੇ, ਇਸ ਦੀ ਦਿਸ਼ਾ ਵੀ ਤਹਿ ਕਰ ਦਿੱਤੀਆਂ ਗਈਆਂ ਸਨ। ਅਛੂਤ ਆਦਿਵਾਸੀ ਸਮਾਜ ਦੀ ਮੁਕਤੀ ਦੀਆਂ ਵਿਵਸਥਾਵਾਂ ਵੀ ਕਰ ਦਿੱਤੀਆਂ ਗਈਆਂ ਸਨ। ਸੰਵਿਧਾਨ 'ਚ ਨਿਆਂ ਪਸੰਦ ਸਮਾਜ ਦਾ ਏਜੰਡਾ ਵੀ ਤਹਿ ਕਰ ਦਿੱਤਾ ਗਿਆ ਸੀ। ਅਛੂਤ ਆਦਿਵਾਸੀ ਸਮਾਜ ਦੀ ਮੁਕਤੀ ਦਾ ਏਜੰਡਾ ਵੀ ਤਹਿ ਕੀਤਾ ਗਿਆ ਸੀ। ਸਿਖਿਆ ਦੇ ਵਿਕਾਸ ਲਈ ਸੰਵਿਧਾਨ 'ਚ ਵਿਸ਼ੇਸ਼ ਜ਼ੋਰ ਦਿੱਤਾ ਗਿਆ ਸੀ। ਸੰਵਿਧਾਨ ਲਾਗੂ ਹੋਇਆ 60 ਸਾਲ ਹੋ ਗਏ ਹਨ ਪਰ ਮੁਹਈਆ ਸੂਚਨਾ ਦੇ ਅਨੁਸਾਰ ਅਨਸੂਚਿਤ ਜਾਤੀ 'ਚ ਸਿਰਫ 37.41 ਫੀਸਦੀ ਤੇ ਜਨਜਾਤੀ 'ਚ ਸਿਰਫ 29.60 ਫੀਸਦੀ ਹੀ ਪੜ੍ਹੇ ਲਿਖੇ ਹਨ। ਜਾਹਿਰ ਹੈ ਕਿ ਭਾਰਤੀ ਗਣਤੰਤਰ ਦੇ ਚਾਲਕਾਂ ਨੇ ਸੰਵਿਧਾਨ ਦੀ ਭਾਵਨਾ ਦਾ ਅਪਮਾਨ ਕੀਤਾ ਹੈ। ਅਪਮਾਨ ਦਾ ਇਹ ਅਮਲ ਅਜੇ ਜਾਰੀ ਹੈ। ਜਿਸ ਨੂੰ ਦਲਿਤਾਂ ਆਦਿਵਾਸੀ ਨੇ ਸਫਲਤਾ ਦਾ ਸੁਆਦ ਵੇਖਿਆ, ਉਸ ਦੀ ਕੁੰਜੀ ਸਿਖਿਆ ਹੈ। ਇਹ ਗੱਲ ਦਲਿਤ ਵੀ ਜਾਣਦੇ ਹਨ ਤੇ ਗਣਤੰਤਰ ਦੇ ਕਰਤਾ ਧਰਤਾ ਵੀ। ਇਸ ਸੱਚ ਨੂੰ ਜਾਣਦੇ ਹੋਈਏ ਵੀ ਇਸ ਨੂੰ ਝੁਠਲਾਉਣ ਦੀ ਕੋਸ਼ਿਸ਼ ਨਹੀਂ ਕੀਤੀ ਜਾ ਸਕਦੀ। ਸੱਚ ਨੂੰ ਝੁਠਲਾਉਣ ਦੀ ਕੋਸ਼ਿਸ਼ 'ਚ ਦਲਿਤ ਆਦਿਵਾਸੀ ਲੀਡਰਸ਼ਿਪ ਵੀ ਪਿੱਛੇ ਨਹੀਂ ਹੈ। ਦਲਿਤ ਆਦਿਵਾਸੀ ਸਿਖਿਆ ਦੀ ਸਥਿਤੀ ਕਿੰਨਾ ਭਿਆਨਕ ਹੈ। ਇਹ ਨਿਮਨ ਅੰਕੜਿਆਂ ਤੋਂ ਸਾਬਤ ਹੋ ਜਾਂਦੀ ਹੈ। ਮੁਹਈਆ ਘੱਟ ਘੱਟ ਸਰਕਾਰੀ ਅੰਕੜਿਆਂ ਅਨੁਸਾਰ ਅਨੁਸੂਚਿਤ ਜਾਤੀ 'ਚ 6-11 ਸਾਲ ਦੀ ਉਮਰ ਦੇ ਬੱਚਿਆਂ ਦੀ ਗਿਣਤੀ ਦੋ ਕਰੋੜ 22 ਲੱਖ ਹੈ। ਜਿਹਨਾਂ ਨੂੰ ਪ੍ਰਾਇਮਰੀ ਸਕੂਲਾਂ 'ਚ ਪੜ੍ਹਨਾ ਚਾਹੀਦਾ ਹੈ। ਪਰ ਇਹਨਾਂ 'ਚੋਂ ਸਿਰਫ ਇਕ ਕਰੋੜ 95 ਲੱਖ ਬੱਚੇ ਹੀ ਸਕੂਲ ਜਾਂਦੇ ਹਨ। ਯਾਨੀ ਸਕੂਲ ਜਾਣਯੋਗ ਅਨੁਸੂਚਿਤ ਜਾਤੀ ਦੇ ਕੁਲ ਬੱਚਿਆਂ ਵਿੱਚੋਂ 87.33 ਫੀਸਦੀ ਹੀ ਸਕੂਲਾਂ 'ਚ ਦਾਖਲ ਕੀਤੇ ਗਏ ਹਨ। ਇਹ ਅਹਿਮ ਅੰਕੜਿਆਂ

ਨਾਲ ਤਿੰਨ ਅਜਿਹੇ ਗੂੜੇ ਸੁਆਲ ਹੱਲ ਹੋ ਜਾਂਦੇ ਹਨ ਜਿਹਨਾਂ ਨੂੰ ਦਲਿਤ ਆਦਿਵਾਸੀ ਸਮਾਜ 'ਚ ਸਿਖਿਆ ਦੇ ਪ੍ਰਚਾਰ 'ਚ ਅਹਿਮ ਮੰਨਿਆ ਜਾਂਦਾ ਹੈ।(1) ਦਲਿਤ-ਆਦਿਵਾਸੀ ਸਮਾਜ ਸਿਖਿਆ ਪ੍ਰਤੀ ਜਾਗਰਤ ਹੈ ਤੇ ਲਗਭਗ 90 ਫੀਸਦੀ ਬੱਚੇ ਸਕੂਲਾਂ 'ਚ ਦਾਖਲ ਹੋ ਚੁੱਕੇ ਹਨ। (2) ਪੜ੍ਹਨ ਲਈ ਸਕੂਲ ਮੁਹਈਆ ਹਨ ਅਤੇ (3) ਦਲਿਤ ਆਦਿਵਾਸੀ ਬੱਚਿਆਂ ਨੂੰ ਸਕੂਲ 'ਚ ਦਾਖਲੇ ਤੋਂ ਮਨ੍ਹਾ ਨਹੀਂ ਕੀਤਾ ਜਾਂਦਾ ਹੈ। ਅਰਥ ਇਹ ਹੈ ਕਿ ਦਲਿਤ ਆਦਿਵਾਸੀ ਬੱਚਿਆਂ ਨੂੰ ਸਕੂਲ 'ਚ ਦਾਖਲੇ ਤੋਂ ਮਨ੍ਹਾ ਨਹੀਂ ਕੀਤਾ ਜਾਂਦਾ ਹੈ। ਅਰਥ ਇਹ ਹੈ ਕ ਦਲਿਤ ਆਦਿਵਾਸ ਸਮਜ 'ਚ ਸਿਖਿਆ ਦੇ ਪ੍ਰਚਾਰ ਦੀ ਜ਼ਮੀਨ ਤਿਆਰ ਹੈ। ਪਰ ਅਸਲੀਅਤ 'ਚ ਹੋਕੀ ਰਿਹਾ ਹੈ? ਜਿਵੇਂ ਉਪਰ ਦੱਸਿਆ ਗਿਆ ਹੈ, ਜਮਾਤ ਇਕ ਤੋਂ ਪੰਜਵੀਂ ਤਕ ਕੁਲ ਦੋ ਕਰੋੜ 88 ਲੱਖ ਦਲਿਤ ਆਦਿਵਾਸੀ ਬੱਚੇ ਪੜ੍ਹਦੇ ਹਨ। ਪਰ ਇਸੇ ਸਾਲ ਹਾਈ ਸਕੂਲ 'ਚ ਇਹਨਾਂ ਦੀ ਗਿਣਤੀ ਸਿਰਫ 35 ਲੱਖ ਹੈ। ਯਾਨੀ ਪ੍ਰਾਇਮਰੀ ਤੇ ਹਾਈ ਸਕੂਲ ਵਿਚਕਾਰ ਦੋ ਕਰੋੜ 53 ਲੱਖ ਦਾ ਫਰਕ ਹੈ। ਸਿਖਿਆ ਸਾਸ਼ਤਰੀ ਇਸ ਫਰਕ ਨੂੰ 'ਡਰਾਪ ਆਊਟ' ਕਹਿੰਦੇ ਹਨ। ਜਿਸ ਦਾ ਅਰਥ ਹੈ ਕਿ ਪ੍ਰਾਇਮਰੀ ਪੱਧਰ ਦੇ ਦਾਖਲਾ ਲੈਣ ਪਿੱਛੋਂ ਪੜ੍ਹਾਈ ਵਿਚਾਲੇ ਅਧੂਰੀ ਛੱਡ ਦੇਣਾ, ਇਹ 'ਡਰਾਪ ਆਊਟ' ਦੀ ਸ਼ੁਰੂਆਤ ਜਮਾਤ ਛੇਵੀਂ 'ਚ ਦਾਖਲੇ ਦੇ ਪੱਧਰ 'ਤੇ ਹੁੰਦੀ ਹੈ। ਧਿਆਨ ਰਹੇ ਕਿ ਜਮਾਤ ਛੇ 'ਚ ਦਾਖਲੇ ਸਮੇਂ ਬੱਚੇ ਦੀ ਔਸਤ ਉਮਰ 12 ਸਾਲ ਹੁੰਦੀ ਹੈ ਅਤੇ ਇਹੀ ਇਹ ਵਿਵਸਥਾ ਹੁੰਦੀ ਹੈ ਕਿ ਜਦ ਬੱਚੇ ਮਜ਼ਦੂਰੀ ਕਰਨ ਲਾਇਕ ਹੋ ਜਾਂਦੇ। ਤੇ ਜਾਂ ਘਰ 'ਚ ਹੀ ਬਕਰੀ ਜਾਂ ਹੋਰ ਜਾਨਵਰਾਂ ਦੀ ਦੇਖ ਭਾਲ ਕਰਦਾ ਹੈ। 49.06 ਫੀਸਦੀ ਦਲਿਤ ਤੇ 32.62 ਫੀਸਦੀ ਆਦਿਵਾਸੀ ਭੂਮੀਹੀਣ ਖੇਤ ਮਜ਼ਦੂਰ ਹਨ। ਜ਼ਾਹਿਰ ਹੈ ਜਿਨ੍ਹਾਂ ਨੂੰ ਦੋ ਡੰਗ ਦੀ ਰੋਟੀ ਨਹੀਂ ਮਿਲਦੀ ਉਹ ਮਹਿੰਗਾਈ ਦੇ ਇਸ ਦੌਰ 'ਚ ਆਪਣੇ ਬੱਚਿਆਂ ਦੀ ਸਿਖਿਆ ਦਾ ਭਾਰ ਸਹਿਣ ਨਹੀਂ ਕਰ ਸਕਦੇ। ਦਲਿਤ-ਆਦਿਵਾਸੀ ਬੱਚਿਆਂ ਦੇ 'ਡ੍ਰਾਪ ਆਊਟ' 'ਤੇ ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਨੇ ਕਈ ਅਧਿਐਨ ਕਰਵਾਏ ਹਨ ਤੇ ਵੱਖ ਵੱਖ ਰਾਜ ਸਰਕਾਰਾਂ ਨੇ ਕਈ ਕੋਸ਼ਿਸ਼ਾਂ ਕੀਤੀਆਂ ਹਨ। ਪਰ ਸਭ ਅਸਫਲ ਰਹੀਆਂ ਹਨ। ਸਰਕਾਰਾਂ ਆਪਣੀਆਂ ਅਸਫਲਤਾਵਾਂ ਤੋਂ ਸਬਕ ਲੈਣ ਨੂੰ ਤਿਆਰ ਨਹੀਂ ਤੇ ਸਿਖਿਆ ਮਾਹਰ ਜ਼ਮੀਨੀ ਹਕੀਕਤ ਨੂੰ ਸਮਝਣ ਲਈ ਤਿਆਰ ਨਹੀਂ ਹਨ। ਅਧਿਐਨਾਂ ਤੋਂ ਇਹ ਸਿੱਧ ਹੋ ਚੁੱਕਿਆ ਹੈ ਕਿ 'ਡ੍ਰਾਪ ਆਊਟ' ਕਰਨ ਵਾਲੇ ਬੱਚਿਆਂ ਦੀ ਬਹੁਤੀ ਗਿਣਤੀ ਭੂਮੀਹੀਣ ਖੇਤ ਮਜ਼ਦੂਰਾਂ ਦੀ ਹੈ ਜਾਂ ਗਰੀਬੀ ਰੇਖਾ ਤੋਂ ਹੇਠਾਂ ਜਿਉਣ ਵਾਲੇ ਦਲਿਤ-ਆਦਿਵਾਸੀ ਪ੍ਰੀਵਾਰਾਂ ਦੀ ਹੈ। ਸਰਕਾਰਾਂ ਬੇਜ਼ਮੀਨੀ ਖੇਤ ਮਜ਼ਦੂਰਾਂ ਨੂੰ ਭੂਮੀ ਦੇਣ ਲਈ ਤਿਆਰ ਨਹੀਂ ਹਨ ਤੇ ਦਲਿਤ ਆਦਿਵਾਸੀ ਸਮਾਜ 'ਚ ਵਿਆਪਕ ਘੋਰ ਗਰੀਬੀ ਨੂੰ ਖਤਮ ਕਰਨ ਲਈ ਤਿਆਰ ਨਹੀਂ ਹਨ। ਐਸੀ ਹਾਲਤ 'ਚ ਇਕ ਹੀ ਉਪਾਅ ਬਚਦਾ ਹੈ ਕਿ ਸਮੁੱਚੇ ਦਲਿਤ ਆਦਿਵਾਸੀਅ ਬੇਜ਼ਮੀਨੇ ਖੇਤ ਮਜ਼ਦੂਰਾਂ ਤੇ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਗਰੀਬ ਆਦਿਵਾਸੀਆਂ ਦੇ ਬੱਚਿਆਂ ਦੇ ਮਾਪਿਆਂ ਨੂੰ ਮੁਆਵਜ਼ਾ ਦਿੱਤਾ ਜਾਵੇ ਤਾਂ ਕਿ ਉਹ ਆਪਣੇ ਬੱਚਿਆਂ ਨੂੰ ਸਕੂਲ ਭੇਜ ਸਕਣ। ਸਿਖਿਆ ਸ਼ੈਸ਼ਨ ਦਸ ਮਹੀਨਿਆਂ ਦਾ ਹੁੰਦਾ ਹੈ ਤੇ ਇਹਨਾਂ 'ਚੋਂ ਤਿੰਨ ਮਹੀਨੇ ਅਜਿਹੇ ਹੁੰਦੇ ਹਨ ਜਦ ਫਸਲਾਂ ਦੀ ਬਿਜਾਈ ਜਾਂ ਕਟਾਈ ਹੁੰਦੀ ਹੈ। ਆਮ ਮਹੀਨਿਆਂ 'ਚ ਪੰਜ ਰੁਪਏ ਪ੍ਰਤੀ ਵਿਦਿ. ਰੋਜ਼ਾਨਾ ਤੇ ਫਸਲ ਦੇ ਮੌਸਮ 'ਚ ਦਸ ਰੁਪਏ ਪ੍ਰਤੀ ਵਿਦਿ. ਰੋਜ਼ਾਨਾ ਦੇ ਕੇ ਦਲਿਤ-ਆਦਿਵਾਸੀ ਸਮਾਜ 'ਚ ਸਿਖਿਆ ਦਾ ਪਸਾਰ

ਯਕੀਨੀ ਬਣਾਇਆ ਜਾ ਸਕਦਾ ਹੈ। ਇਹ ਮੁਆਵਜ਼ਾ ਜਮਾਤ ਛੇਵੀਂ ਤੋਂ ਦਸਵੀਂ ਤੱਕ ਦੇ ਦਲਿਤ ਆਦਿਵਸੀ ਵਿਦਿਆਰਥੀਆਂ ਦੇ ਮਾਪਿਆਂ ਨੂੰ ਦੇਣਾ ਹੋਵੇਗਾ। ਪਰ ਕੀ ਸੂਬੇ ਏਨੀ ਵੱਡੀ ਰਾਸ਼ੀ ਖਰਚ ਕਰਨ ਦੇ ਯੋਗ ਹੋ ਸਕਦੇ ਹਨ? ਸਾਲ 1967 'ਚ ਅਮਰੀਕਾ ਦੇ ਸਾਰੇ ਸ਼ਹਿਰਾਂ 'ਚ ਕਾਲਿਆਂ ਤੇ ਗੋਰਿਆਂ 'ਚ ਭਿਅੰਕਰ ਹਿੰਸਕ ਦੰਗੇ ਹੋਏ ਸਨ। ਤਤਕਾਲੀਨ ਅਮਰੀਕੀ ਰਾਸ਼ਟਰਪਤੀ ਜਾਨਸਨ ਨੇ ਇਸ ਦੀ ਜਾਂਚ ਲਈ ਕਰਨਰ ਦੀ ਪ੍ਰਧਾਨਗੀ 'ਚ ਇਕ ਕਮਿਸ਼ਨ ਬਣਾਇਆ ਜਿਸ ਨੇ ਕੁਝ ਹੀ ਮਹੀਨਿਆਂ 'ਚ ਜਾਂਚ ਰਿਪੋਰਟ ਸਰਕਾਰ ਨੂੰ ਦਿੱਤੀ। ਦੰਗਿਆਂ ਦਾ ਕਾਰਨ ਨਸਲਵਾਦ ਦੱਸਿਆ ਗਿਆ ਅਤੇ ਕਾਲਿਆਂ ਦੇ ਉਠਾਨ ਲਈ ਉਪਾਅ ਸੁਝਾਏ ਗਏ ਜਿਸ ਦਾ ਕੇਂਦਰ ਸਿਖਿਆ ਸੀ। ਆਪਣੀ ਸਿਫਾਰਸ਼ ਦੇ ਸ਼ੁਰੂ 'ਚ ਕਰਨਰ ਲਿਖਦੇ ਹਨ 'ਅਮਰੀਕਾ ਤੋਂ ਨਸਲਭੇਦ ਖਤਮ ਕਰਨ ਲਈ ਯੋਜਨਾਵਾਂ ਉਨੀਆਂ ਹੀ ਵਿਆਪਕ ਹੋਣੀਆਂ ਚਾਹੀਦੀਆਂ ਹਨ ਜਿੰਨੀ ਸਮੱਸਿਆ ਵਿਆਪਕ ਹੈ।' ਭਾਰਤ ਲਈ ਇਹ ਗੱਲ ਲਾਗੂ ਹੁੰਦੀ ਹੈ। ਅਛੂਤਾਂ ਤੋਂ ਵੱਡੀ ਗੰਭੀਰ ਸਮਾਜਕ ਸਮੱਸਿਆ ਪੂਰੀ ਦੁਨੀਆਂ 'ਚ ਕਦੀ ਨਹੀਂ ਹੋਵੇਗੀ ਪਰ ਇਸ ਨਾਲ ਨਿਪਟਣ ਲਈ ਯੋਜਨਾਵਾਂ ਏਨੀਆਂ ਛੋਟੀਆਂ ਰਹੀਆਂ ਹਨ ਜਿਸ ਕਾਰਨ ਅਸਰ ਨਾਮਾਤਰ ਆ ਰਿਹਾ ਹੈ। ਕਿਉਂਕਿ ਅਛੂਤ ਸਮਾਜ ਨੇ ਖੁਦ ਦੁਖਾਂ ਤੇ ਘਾਟਾਂ 'ਚ ਰਹਿਕੇ ਦੂਜਿਆਂ ਦੇ ਸੁੱਖ ਤੇ ਖੁਸ਼ਹਾਲੀ ਲਈ ਹਜ਼ਾਰਾਂ ਸਾਲ ਕੰਮ ਕੀਤਾ ਹੈ। ਹੁਣ ਸਮਾਂ ਆ ਗਿਆ ਹੈ ਕਿ 'ਸਭਿਆ ਸਮਾਜ' ਇਹਨਾਂ ਦੇ ਨਾਲ ਸਭਿਅਕ ਪੇਸ਼ ਆਵੇ ਅਤੇ ਅਛੂਤ ਆਦਿਵਾਸੀ ਸਮਾਜ ਨੂੰ ਸਿਖਿਆ ਦਾ ਅਧਿਕਾਰ ਦੇਵੇ। ਇਹ ਮੁਆਵਜ਼ੇ ਰਾਹੀਂ ਹੀ ਸੰਭਵ ਹੈ।

ਪੂਰੇ ਭਾਰਤ 'ਚ ਅਨਸੂਚਿਤ ਜਾਤੀ ਜਨਜਾਤੀ ਦੇ ਜਮਾਤ ਛੇ ਤੋਂ ਦਸ ਤਕ ਪੜ੍ਹਨ ਵਾਲੇ ਵਿਦਿਆਰਥੀ ਦੀ ਕੁਲ ਗਿਣਤੀ ਇਕ ਕਰੋੜ 42 ਲੱਖ ਹੈ। ਜੇ ਇਹ ਮੰਨ ਲਿਆ ਜਾਵੇ ਕਿ ਅੱਧੇ ਵਿਦਿਆਰਥੀ ਉਨ੍ਹਾਂ ਪ੍ਰੀਵਾਰਾਂ ਵਿਚੋਂ ਹਨ ਜੋ ਭੂਮੀਹੀਣ ਖੇਤ ਮਜ਼ਦੂਰ ਹਨ ਜਾਂ ਗਰਬੀ ਰੇਖਾਂ ਤੋਂ ਹੇਠਾਂ ਤਦ ਸਾਨੂੰ ਸਿਰਫ 61 ਲੱਖ ਬੱਚਿਆਂ ਦੇ ਮਾਪਿਆਂ ਨੂੰ ਮੁਆਵਜ਼ਾ ਦੇਣਾ ਪਵੇਗਾ। ਜੇ ਉਹਨਾਂ ਨੂੰ ਪੰਜ ਰੁਪਏ ਰੋਜ਼ਾਨਾ ਪ੍ਰਤੀ ਵਿਦਿਆਰਥੀ ਦੇ ਹਿਸਾਬ ਮੁਆਵਜ਼ਾ ਦਿੱਤਾ ਜਾਵੇ ਤਾਂ ਰੋਜ਼ਾਨਾ ਖਰਚ ਆਵੇਗਾ ਸਿਰਫ 3 ਕਰੋੜ 50 ਲੱਖ ਰੁਪਏ ਤੇ ਮਾਸਕ ਸਿਰਫ 91 ਕਰੋੜ 5 ਲੱਖ ਰੁਪਏ। ਮਹੀਨਿਆਂ ਤਕ ਮੁਆਵਜ਼ਾ ਦੇਣ ਦਾ ਕੁਲ ਖਰਚ ਆਉਂਦਾ ਹੈ ਸਿਰਫ 640 ਕਰੋੜ ਰੁਪਏ। ਬਾਕੀ ਤਿੰਨ ਮਹੀਨੇ ਦਾ ਬਿਜਾਈ ਜਾਂ ਕਟਾਈ ਦਾ ਸੀਜ਼ਨ ਹੁੰਦਾ ਹੈ। ਮੁਆਵਜ਼ੇ ਦੀ ਦਰ ਰੋਜ਼ਾਨਾ ਪ੍ਰਤੀ ਵਿਦਿਆਰਥੀ 10 ਰੁਪਏ ਚਾਹੀਦੀ ਹੈ ਤਾਂ ਕਿ ਬੱਚਿਆਂ ਦੀ ਮਜ਼ਦੂਰੀ ਕਰਨ ਨੂੰ ਨਿਰਉਤਸ਼ਾਹਿਤ ਕੀਤਾ ਜਾ ਸਕੇ।

ਇਨ੍ਹਾਂ ਤਿੰਨ ਮਹੀਨਿਆਂ 'ਚ ਦਸ ਰੁਪਏ ਪ੍ਰਤੀਦਿਨ ਦੀ ਦਰ ਨਾਲ ਖਰਚ ਆਉਂਦਾ ਹੈ ਸਿਰਫ ਪੰਜ ਸੌ ਉਨੰਜਾ ਕਰੋੜ ਰੁਪਏ। ਦਸ ਮਹੀਨਿਆਂ ਦਾ ਕੁਲ ਖਰਚ ਆਉਂਦਾ ਹੈ ਸਿਰਫ 1179 ਕਰੋੜ 50 ਲੱਖ ਰੁਪਏ। ਜੇ ਇਹ ਮੰਨ ਲਿਆ ਜਾਵੇ ਕਿ ਇਸ ਯੋਜਨਾ ਨੂੰ ਲਾਗੂ ਕਰਨ ਲਈ ਕੇਂਦਰ ਸਰਕਾਰ ਤੋਂ 300 ਤੋਂ 400 ਕਰੋੜ ਰੁਪਏ ਪ੍ਰਸ਼ਾਸ਼ਨਿਕ ਖਰਚਿਆਂ ਤੇ ਲਾਉਣੇ ਪੈਣ ਤਾਂ ਵੀ ਕੁਲ ਖਰਚ ਸਿਰਫ 1500 ਕਰੋੜ ਦੇ ਆਸਪਾਸ ਆਉਂਦਾ ਹੈ। ਜੇ ਇਸ ਯੋਜਨਾ ਨੂੰ ਸਨਾਤਕ ਪੱਧਰ ਤਕ ਵਧਾ ਦਿੱਤਾ ਜਾਵੇ ਤਾਂ ਇਹ ਰਾਸ਼ੀ 'ਸਾਂਸਦ ਸਥਾਨਕ ਖੇਤਰ ਵਿਕਾਸ ਯੋਜਨਾ' 'ਤੇ ਖਰਚ ਆਉਣ

ਵਾਲੀ ਦੋ ਹਜ਼ਾਰ 385 ਕਰੋੜ ਰੁਪਏ ਤੋਂ ਘੱਟ ਹੀ ਹੋਵੇਗੀ। ਜੇ ਭਾਰਤ ਦੇ ਪ੍ਰਧਾਨ ਮੰਤਰੀ ਇਕ ਵਿਤੀ ਸਾਲ 'ਚ ਲਗਭਗ 10 ਹਜ਼ਾਰ ਕਰੋੜ ਰੁਪਏ ਦੀ ਵਿਵਸਥਾ ਕਰ ਸਕਦੇ ਹਨ ਤਾਂ ਇਸ ਦਾ ਸਿਰਫ ਪੰਜਵਾ ਹਿੱਸਾ ਦਲਿਤ/ਆਦਿਵਾਸੀ ਸਿੱਖਿਆ ਦੇ ਪਸਾਰ ਲਈ ਕਿਉਂ ਨਹੀਂ ਹੋ ਸਕਦਾ ਹੈ? ਦੁੱਖ ਦੀ ਗੱਲ ਤਾਂ ਇਹ ਹੈ ਕਿ ਪੜ੍ਹੇ ਲਿਖੇ ਦਲਿਤ ਖੁਦ ਇਸ ਸੁਆਲ ਬਾਰੇ ਖਾਮੋਸ਼ ਹਨ ਗਰੀਬੀ ਦੀ ਮਾਰ ਝੱਲ ਰਹੇ ਆਮ ਦਤਿਲ ਆਦਿਵਾਸੀਆਂ ਦੀ ਹੀ ਤਾਂ ਇਹ ਸਮੱਸਿਆ ਹੈ।

# ਛੂਤਛਾਤ ਦੇ ਹਿੰਦੂ-ਸੁਧਾਰਕਾਂ ਨੇ ਕੀਤਾ ਕੀ?

ਗਾਂਧੀ – ਗਾਂਧੀ, ਜਾਤੀ ਵਿਵਸਥਾ ਦਾ ਪੂਰੀ ਤਰ੍ਹਾਂ ਬਚਾਅ ਕਰਦਿਆਂ ਸਿਰਫ ਛੂਤਛਾਤ ਦਾ ਵਿਰੋਧ ਕਰਦੇ ਹਨ। ਉਹਨਾਂ ਦਾ ਸੁਧਾਰ ਪ੍ਰੋਗ੍ਰਾਮ ਇਹ ਅੰਗਿਤ ਕਰਦਾ ਹੈ ਕਿ "ਜਾਤੀ ਪ੍ਰਣਾਲੀ ਪਹਿਲਾਂ ਵਾਂਗੂੰ ਬਰਕਰਾਰ ਰਹਿਣੀ ਚਾਹੀਦੀ ਹੈ ਪਰ ਛੂਤਛਾਤ ਛੱਡਣਾ ਪਵੇਗਾ।"

"ਉਹਨਾਂ ਦਾ ਕਹਿਣਾ ਸੀ ਕਿ ਇਹ ਭਾਵੇਂ ਛੂਤ–ਛਾਤ ਵਿਰੁੱਧ ਹੈ ਪਰ ਇਹ ਜਾਤੀ ਪ੍ਰਣਾਲੀ ਦੇ ਵਿਰੁੱਧ ਨਹੀਂ ਹੈ। ਹਰ ਸਾਲ, ਉਹ ਇਸ ਦੇ ਇਹ ਪੱਖ ਵਿਚ ਸਨ ਅਤੇ ਇਸ ਲਈ ਛੂਤਛਾਤ ਹਟਾਉਣ ਤੋਂ ਅੱਗੇ ਕੋਈ ਹੋਰ ਸਮਾਜਕ ਸੁਧਾਰ (ਅੰਦੋਲਨ) ਨਹੀਂ ਚਲਾਉਣਗੇ (ਅੰਬੇਦਕਰ ਖੰਡ 9, ਪੰਨਾ 113) ਦਰਅਸਲ 'ਮਹਾਤਮਾ' ਛੂਤਛਾਤ ਦੇ ਵੀ ਵਿਰੁੱਧ ਨਹੀਂ ਸਨ। ਪਰ ਕਿਉਂਕਿ ਅੰਬੇਦਕਰ ਅਛੂਤਾਂ ਦੇ ਨੇਤਾ ਸਨ ਅਤੇ ਰਾਜਸੀ ਖੇਤਰ 'ਚ ਉਹਨਾਂ ਦਾ ਮੁਕਾਬਲਾ ਕਰਨ ਲਈ ਯਾਨੀ ਕਿ ਅਛੂਤਾਂ ਤੋਂ ਅੰਬੇਦਕਰ ਦੀ ਬਜਾਏ ਆਪਣੀ ਪੂਜਾ ਕਰਾਉਣ ਲਈ ਗਾਂਧੀ ਲਈ ਛੂਤਛਾਤ ਦਾ ਵਿਰੋਧ ਕਰਨਾ ਲਾਜ਼ਮੀ ਸੀ ਪਰ ਇਸ ਕਾਰਨ ਗਾਂਧੀ ਨੇ ਛੂਤਛਾਤ ਵਿਰੁੱਧ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ, ਨਹੀਂ ਤਾਂ ਇਹ ਛੂਤਛਾਤ ਦੇ ਵੀ ਵਿਰੋਧੀ ਨਹੀਂ ਸਨ। ਜੇ ਅਸੀਂ ਥੋੜ੍ਹੀ ਦੇਰ ਲਈ ਇਸ ਗੱਲ ਨੂੰ ਗਾਂਧੀ ਦੇ ਦਾਅਵੇ ਨਾਲ ਵੇਖੀਏ ਤਾਂ ਇਹ ਪਾਵਾਂਗੇ ਕਿ ਇਹ ਜਾਤੀ ਪ੍ਰਣਾਲੀ ਦੇ ਪੱਖ ਵਿਚ ਸਨ। ਇਸ ਤੋਂ ਵੀ ਅੱਗੇ ਉਹਨਾਂ ਨੇ ਇਹ ਦਲੀਲ ਦਿੱਤੀ ਕਿ ਹਰ ਬੰਦੇ ਨੂੰ ਹਮੇਸ਼ਾ ਲਈ ਆਪਣਾ–ਆਪਣਾ ਜਾਤੀਗਤ ਕਿੱਤਾ ਅਪਣਾਉਣਾ ਚਾਹੀਦਾ ਹੈ। ਗਾਂਧੀ ਦੇ ਉਹਨਾਂ ਸ਼ਬਦਾਂ ਦਾ ਜਾਇਜ਼ਾ ਲਓ ਜੋ ਅੰਬੇਦਕਰ ਨੇ ਜਾਹਰ ਕੀਤੇ :

ਇਹ ਇਕ ਰਵਾਇਤ ਹੈ ਜਿਸ ਬਾਰੇ ਮੈਨੂੰ ਜਾਣਕਾਰੀ ਨਹੀਂ ਹੈ ਅਤੇ ਆਪਣੀ ਬੌਧਿਕ ਭੁੱਖ ਦੀ ਤ੍ਰਿਪਤੀ ਲਈ ਮੈਨੂੰ ਜਾਨਣ ਦੀ ਲੋੜ ਨਹੀਂ। ਪਰ ਮੈਂ ਇਹ ਜਾਣਦਾ ਹਾਂ ਕਿ ਇਹ ਬੁੱਧੀ ਤੇ ਰਾਸ਼ਟਰ ਦੋਹਾਂ ਦੀ ਪ੍ਰਾਪਤੀ ਲਈ ਨੁਕਸਾਨਦੇਹ ਹੈ। ਵਰਣ ਤੇ ਆਸ਼ਰਮ ਅਜਿਹੀਆਂ ਸੰਸਥਾਵਾਂ ਹਨ ਜਿਹਨਾਂ ਦਾ ਜਾਤੀਆਂ ਨਾਲ ਕੋਈ ਵਾਹਵਾਸਤਾ ਨਹੀਂ ਹੈ। ਵਰਣ ਦਾ ਨਿਯਮ ਸਾਨੂੰ ਇਹ ਵਿਖਾਉਂਦਾ ਹੈ ਕਿ ਹਰ ਕਿਸੇ ਨੂੰ ਸਾਡੇ 'ਚੋਂ ਆਪਣੇ ਪੁਸ਼ਤੈਨੀ ਪੇਸ਼ ਰਾਹੀਂ ਆਪਣੀ ਰੋਟੀ ਰੋਜ਼ੀ ਕਮਾਉਣੀ ਹੈ। ਇਹ ਸਾਡੇ ਅਧਿਕਾਰਾਂ ਨੂੰ ਨਹੀਂ ਬਲਕਿ ਫਰਜ਼ਾਂ ਨੂੰ ਨਿਰਧਾਰਿਤ ਕਰਦੀ ਹੈ। ਇਸ ਵਿਚ ਜ਼ਰੂਰੀ ਤੌਰ 'ਤੇ ਅਜਿਹੇ ਪੇਸ਼ੇ ਦਾ ਪ੍ਰਸੰਗ ਮਿਲਦਾ ਹੈ ਜੋ ਹੋਰ ਕਿਸੇ ਚੀਜ਼ ਲਈ ਨਹੀਂ ਬਲਕਿ ਮਾਨਵਤਾ ਦੇ ਕਲਿਆਣ 'ਚ ਸਹਾਇਕ ਹੁੰਦੇ ਹਨ। ਇਸ ਨਾਲ ਇਹ ਸਿੱਟਾ ਨਿਕਲਦਾ ਹੈ ਕਿ ਕੋਈ ਵੀ ਪੇਸ਼ਾ ਬਹੁਤ ਛੋਟਾ ਨਹੀਂ ਹੈ ਅਤੇ ਕੋਈ ਕੋਈ ਵੀ ਬਹੁਤ ਵੱਡਾ ਨਹੀਂ ਹੈ। ਸਭ (ਪੇਸ਼ੇ) ਉੱਤਮ ਹਨ, ਸਹੀ ਹਨ ਅਤੇ ਮਹੱਤਵ 'ਚ ਬਿਲਕੁਲ ਬਰਾਬਰ ਹਨ। ਕਿਸੇ ਬ੍ਰਾਹਮਣ ਅਧਿਆਤਮਕ ਗੁਰੂ ਅਤੇ ਕਿਸੇ ਭੰਗੀ ਦੇ ਪੇਸ਼ੇ ਬਰਾਬਰ ਹਨ–ਦੋਨਾਂ ਨੂੰ ਹੋਰ ਕੁਝ ਨਹੀਂ ਤਾਂ ਆਪਣੀ ਰੋਟੀ ਕਮਾਉਣ ਦਾ ਹੱਕ ਹੈ। ਅਸਲ 'ਚ ਪਿੰਡਾਂ 'ਚ ਇਸ ਪ੍ਰਣਾਲੀ ਦੀ ਸਹੀ ਪਾਲਣਾ ਦੀਆਂ ਧੁੰਦਲੀਆਂ ਲਕੀਰਾਂ ਦੀ ਰਹਿੰਦ ਖੂੰਹਦ ਹੁਣ ਵੀ ਮਿਲਦੀ ਹੈ। ਮੈਨੂੰ ਪਤਾ ਹੈ ਕਿ ਇਹਨੀਂ ਦਿਨ ਵੀ ਅਸਲੀ ਬ੍ਰਾਹਮਣ ਮਿਲਦੇ ਹਨ ਜੋ ਕਿ ਸਾਫ ਸੁਥਰ ਰਹਿ ਕੇ ਸਿਰਫ ਸਿਖਿਆ 'ਤੇ ਜੀਵਨ ਬਿਤਾਉਂਦੇ ਹਨ ਅਤੇ ਉਹਨਾਂ

ਕੋਲ ਜੋ ਅਧਿਆਤਮਕ ਗਿਆਨ ਹੈ ਉਹ ਸਵੈ ਇੱਛਾ ਨਾਲ ਮੁਹਈਆ ਕਰ ਰਹੇ ਹਨ।" (ਖੰਡ1, ਪੰਨਾ 83) ਏਨੇ ਥੋੜੇ ਜਿਹੇ ਸ਼ਬਦਾਂ ਵਿਚ ਅਣਗਿਣਤ ਮਾੜੇ ਵਿਚਾਰ ਮੌਜੂਦ ਹਨ। ਇਕ ਪਾਸੇ ਤਾਂ ਉਹਨਾਂ ਦਾ ਇਹ ਕਹਿਣਾ ਹੈ ਕਿ ਜਾਤੀ ਪ੍ਰਣਾਲੀ 'ਬੁੱਧੀ ਤੇ ਦੇਸ਼ ਦੋਨਾਂ ਦੀ ਉਨਤੀ ਲਈ ਨੁਕਸਾਨਦੇਹ' ਹੈ, ਤਦ ਉਸ ਨੂੰ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ ਜਾਂ ਬਚਾਅ ਕਰਨਾ ਚਾਹੀਦਾ ਹੈ?

ਗਾਂਧੀ ਲਈ ਕਿਸੇ ਨੁਕਸਾਨਦੇਹ ਚੀਜ਼ ਦਾ ਬਚਾਅ ਕਰਨਾ ਨਿਆਂ ਹੈ। ਗਾਂਧੀ ਅਨੁਸਾਰ 'ਵਰਣ-ਪ੍ਰਣਾਲੀ, ਅਧਿਕਾਰਾਂ ਨੂੰ ਨਹੀਂ ਬਲਕਿ ਫਰਜ਼ਾਂ ਨੂੰ ਨਿਰਧਾਰਿਤ ਕਰਦੀ ਹੈ। ਜੇ ਇਹ ਸਾਡੇ ਅਧਿਕਾਰਾਂ ਦੇ ਮੁੱਦੇ ਨੂੰ ਛੂਹੇ ਬਗੈਰ ਸਿਰਫ ਸਾਡੇ ਫਰਜ਼ਾਂ ਨੂੰ ਨਿਰਧਾਰਿਤ ਕਰਦੀ ਹੈ ਤਾਂ ਅਸੀਂ ਇਸ ਨੂੰ ਮਹੱਤਵ ਕਿਉਂ ਦੇਈਏ? ਗਾਂਧੀ ਲਈ ਇਹ ਵੀ ਇਨਸਾਫ ਹੈ। ਦੂਜੇ ਪਾਸੇ ਗਾਂਧੀ ਉਸ ਬ੍ਰਾਹਮਣ ਨੂੰ ਅਸਲੀ ਬ੍ਰਾਹਮਣ ਦਸ ਰਹੇ ਹਨ ਜੋ ਘੋਰ ਗਰੀਬੀ ਕਾਰਨ ਸਿਖਿਆ 'ਤੇ ਜੀਵਨ ਬਿਤਾਉਂਦਾ ਹੈ। ਇਹ ਸਭ ਪੇਸ਼ਿਆਂ ਨੂੰ ਬਰਾਬਰ ਸਮਝਦਿਆਂ ਸੁਝਾਅ ਦਿੰਦੇ ਹਨ ਕਿ ਲੋਕਾਂ ਨੂੰ ਆਪਣੇ ਆਪਣੇ ਜਾਤੀਗਤ ਕਾਰੋਬਾਰਾਂ 'ਚ ਲੱਗੇ ਰਹਿਣਾ ਚਾਹੀਦਾ ਹੈ। ਜੇ ਗਾਂਧੀ ਤੇ ਬ੍ਰਾਹਮਣ ਤੇ ਭੰਗੀ ਦੇ ਕੰਮ ਬਰਾਬਰ ਹਨ ਅਤੇ ਜੇ ਦੋਨੋ ਇਕ ਹੀ ਹਨ ਤਾਂ ਫਿਰ ਬ੍ਰਾਹਮਣ ਨੂੰ ਭੰਗੀ ਦਾ ਕੰਮ ਕਿਉਂ ਨਹੀਂ ਕਰਨਾ ਚਾਹੀਦਾ? ਕਿਸੇ ਛੋਟੀ ਜਾਤੀ ਦੇ ਬੰਦੇ ਨੂੰ ਜ਼ਿੰਦਗੀ ਭਰ ਭੰਗੀ ਦਾ ਕੰਮ ਕਿਉਂ ਕਰਨਾ ਚਾਹੀਦਾ ਹੈ? ਇਹ ਕਿਉਂ ਨਹੀਂ ਸਿਖਾਉਂਦੇ ਕਿ ਲੋਕਾਂ ਨੂੰ ਨਿਯਮਤ ਸਮੇਂ 'ਤੇ ਆਪਣੇ ਕਿਤੇ ਬਦਲਦੇ ਰਹਿਣੇ ਚਾਹੀਦੇ ਹਨ ਅਤੇ ਇਹ ਕਿ ਸਭ ਲੋਕਾਂ ਨੂੰ ਵਾਰੀ-ਵਾਰੀ ਨਾਲ 'ਗੰਦਾ' ਕੰਮ ਕਰਨਾ ਚਾਹੀਦਾ ਹੈ? ਇਹ ਕੈਸਾ ਇਨਸਾਫ ਹੈ ਕਿ ਕੋਈ ਬੰਦਾ ਆਪਣੀ ਪੂਰੀ ਜ਼ਿੰਦਗੀ ਭੰਗੀ ਦਾ ਕੰਮ ਕਰਦਾ ਰਹੇ? ਅਸਲ 'ਚ ਅੰਬੇਦਕਰ ਨੇ ਖੁਦ ਗਾਂਧੀ ਦੀ ਇਸ ਸਿਖਿਆ ਵਿਰੁੱਧ ਬਹੁਤ ਮਾਕੂਲ ਸੁਆਲ ਬੁਠਾਇਆ ਹੈ ਕਿ 'ਲੋਕਾਂ ਨੂੰ ਆਪਣੇ ਜਾਤੀਗਤ ਪੇਸ਼ਿਆਂ 'ਤੇ ਜੀਵਨ ਰਹਿਣਾ ਚਾਹੀਦਾ ਹੈ' ਉਹਨਾਂ ਦਾ ਤਰਕ ਇਸ ਪ੍ਰਕਾਰ ਹੈ-'ਆਪ ਤਾਂ ਜਨਮ ਤੋਂ ਵੈਸ਼ਅ ਹੈ, ਫਿਰ ਆਪ ਕਿਉਂ ਨਹੀਂ ਵਪਾਰ 'ਚ ਲੱਗੇ ਜੋ ਕਿ ਆਪ ਦਾ ਪੈਤ੍ਰਿਕ ਪੈਸਾ ਹੈ? ਆਪ ਰਾਜਨੀਤੀ 'ਚ ਕਿਉਂ ਘੁਸ ਗਏ? (ਖੰਡ1, ਪੰਨਾ 90) ਕੀ ਕਿਸੇ ਦੂਜੇ ਨੂੰ ਇਹ ਸੁਆਲ ਪੁੱਛਣਾ ਪਊ? ਕੀ ਗਾਂਧੀ ਆਪਣੇ ਆਪ ਤੋਂ ਇਹ ਨਹੀਂ ਪੁੱਛ ਸਕਦੇ ਸਨ? ਅਸੀਂ ਅੱਗੇ ਆਉਣ ਵਾਲੇ ਅਤੇ ਪ੍ਰਸੰਗਾਂ ਵਿਚ ਵੀ 'ਜਾਤੀ ਪ੍ਰਣਾਲੀ' 'ਤੇ 'ਛੂਤਛਾਤ' 'ਤੇ ਮਹਾਤਮਾ ਦੇ ਵਿਚਾਰਾਂ ਦੀ ਜਾਂਚ ਕਰਾਂਗੇ।

# ਕੀ ਹੈ ਹਿਸਾਬ ਕਿਤਾਬ ਰਾਖਵੇਂਕਰਨ ਦਾ?

ਜੇ ਇਹ ਸਾਬਤ ਹੋ ਜਾਵੇ ਕਿ ਰਾਖਵੇਂਕਰਨ ਰਾਹੀਂ ਨੌਕਰੀ ਲੈਣ ਵਾਲੇ ਦਲਿਤ ਪ੍ਰਾਈਵੇਟ ਸੈਕਟਰ ਤੋਂ ਹਰ ਸਾਲ ਤਿੰਨ ਸੌ ਅਰਬ ਰੁਪਏ ਦੇ ਮੁੱਖ ਦੀਆਂ ਚੀਜ਼ਾਂ ਜਾਂ ਸੇਵਾਵਾਂ ਖਰੀਦਦੇ ਹਨ। ਤਾਂ ਇਹ ਮੰਨ ਲੈਣਾ ਚਾਹੀਦਾ ਹੈ ਕਿ ਰਿਜ਼ਰਵੇਸ਼ਨ ਪ੍ਰਾਈਵੇਟ ਸੈਕਟਰ ਲਈ ਵਰਦਾਨ ਹੈ। ਰਾਖਵੇਂਕਰਨ ਕਰਕੇ ਦੇਸ਼ ਭਰ 'ਚ ਕਰੀਬ 35 ਲੱਖ ਦਲਿਤ ਸਰਕਾਰੀ ਮੁਲਾਜ਼ਮ ਹਨ। ਕਰੀਬ 33 ਲੱਖ ਦਲਿਤ ਵਪਾਰ ਕਰਦੇ ਹਨ। ਜਿਹਨਾਂ 'ਚੋਂ ਘੱਟੋ-ਘੱਟ ਰਾਖਵੇਂਕਰਨ ਕਰਕੇ ਇਸ ਹੈਸੀਅਤ 'ਚ ਪਹੁੰਚੇ ਹਨ। ਕਿਉਂਕਿ ਦਲਿਤ ਮੁਲਾਜ਼ਮ ਆਪਣੇ ਬੇਰੁਜ਼ਗਾਰ ਬੱਚਿਆਂ ਨੂੰ ਛੋਟੇ-ਮੋਟੇ ਕਾਰੋਬਾਰ ਜਾਂ ਉਦਯੋਗ ਸਥਾਪਤ ਕਰਨ 'ਚ ਮਦਦ ਕਰਦੇ ਹਨ। ਇਸ ਤਰ੍ਹਾਂ ਕਰੀਬ 50 ਲੱਖ ਦਲਿਤ ਰਾਖਵੇਂਕਰਨ ਕਰਕੇ ਫਾਇਦੇਮੰਦ ਹੋਏ ਹਨ। ਜੋ ਆਮ ਅਮਲ ਰਾਹੀਂ ਨਾਂ ਤਾਂ ਸਰਕਾਰੀ ਨੌਕਰੀ 'ਚ ਆ ਸਕਦੇ ਸੀ ਤੇ ਨਾ ਹੀ ਕਾਰੋਬਾਰ ਵਿਚ। ਭਾਰਤ ਜਾਤੀਆਂ 'ਚ ਬੱਝਿਆ ਸਮਾਜ ਹੈ। ਜਨਮ, ਵਿਆਹ, ਮੌਤ, ਸੰਸਕਾਰਾਂ ਤੇ ਜਾਤੀ ਪਹਿਚਾਣ ਫੈਸਲਾਕੁੰਨ ਭੂਮਿਕਾ ਅਦਾ ਕਰਦੀ ਹੈ। ਚੋਣਾਂ 'ਚ ਟਿਕਟ ਵੰਡਣ ਤੋਂ ਲੈ ਕੇ ਕੈਬਨਿਟ ਦੇ ਗਠਨ ਤਕ 'ਚ ਜਾਤ ਦਾ ਧਿਆਨ ਰੱਖਿਆ ਜਾਂਦਾ ਹੈ। ਇਸ ਸਮਾਜਕ ਕੌੜੇ ਸੱਚ ਨੂੰ ਵੇਖਦੇ ਹੋਏ ਜ਼ਰੂਰੀ ਸੀ ਕਿ ਭਾਰਤੀ ਅਰਥਚਾਰੇ 'ਚ ਜਾਤੀਆਂ ਦੀ ਭੂਮਿਕਾ ਦਾ ਅਧਿਐਨ ਹੋਇਆ ਹੁੰਦਾ। ਅਰਥ ਜਗਤ ਵਿਚ ਵੱਖ-ਵੱਖ ਜਾਤੀ ਸਮੂਹਾਂ ਦੇ ਮੈਂਬਰਾਂ ਦੇ ਵਰਤਾਅ ਦਾ ਵੀ ਅਧਿਐਨ ਹੋਣਾ ਚਾਹੀਦਾ ਸੀ। ਭਾਰਤੀ ਅਰਥਸ਼ਾਸ਼ਤਰੀ ਨੂੰ ਇਕ ਅੱਛਾ ਸਮਾਜ ਸਾਸ਼ਤਰੀ ਵੀ ਹੋਣਾ ਚਾਹੀਦਾ ਹੈ। ਅਜਿਹਾ ਨਾ ਹੋਣ ਕਰਕੇ ਭਾਰਤੀ ਅਰਥਚਾਰੇ ਦੇ ਕੁਝ ਪਹਿਲੂ ਅਜਿਹੇ ਹਨ ਜਿਹਨਾਂ ਦੀ ਜਾਣਕਾਰੀ ਜ਼ਿਆਦਾਤਰ ਲੋਕਾਂ ਨੂੰ ਨਹੀਂ ਹੈ, ਖਾਸ ਕਰਕੇ ਉਹਨਾਂ ਲੋਕਾਂ ਨੂੰ ਜੋ ਪਲੈਨਿੰਗ ਕਮਿਸ਼ਨ 'ਚ ਬੈਠਦੇ ਹਨ ਜਾਂ ਜੋ ਬਾਜ਼ਾਰ 'ਤੇ ਕੰਟਰੋਲ ਕਰਦੇ ਹਨ। ਪ੍ਰਾਈਵੇਟ ਸੈਕਟਰ 'ਚ ਦਲਿਤਾਂ ਦੇ ਰਾਖਵੇਂਕਰਨ 'ਤੇ ਬਹਿਸ ਚਲ ਰਹੀ ਹੈ। ਨਿਜੀ ਸਨਅਤਾਂ ਭੈਭੀਤ ਹਨ ਉਹਨਾਂ ਦੀ ਨਜ਼ਰ 'ਚ ਰਾਖਵੇਂਕਰਨ ਨਾਲ ਸਨਅਤ ਦਾ ਨੁਕਸਾਨ ਹੁੰਦਾ ਹੈ ਪਰ ਕੀ ਰਾਖਵੇਂਕਰਨ ਦੀ ਇਕਨਾਮਿਕਸ 'ਤੇ ਕੋਈ ਅਧਿਐਨ ਹੋਇਆ ਹੈ? ਇਹ ਕੈਸੀ ਵਿਡੰਬਨਾ ਹੈ ਕਿ ਰਾਖਵੇਂਕਰਨ ਵਰਗੇ ਅਹਿਮ ਸੁਆਲ 'ਤੇ ਭਾਰਤੀ ਅਰਥਸਾਸ਼ਤਰੀ ਉਦਾਸੀਨ ਬਣੇ ਹੋਏ ਹਨ ਅਤੇ ਬਹਿਸ ਦਾ ਕੋਈ ਪੱਧਰ ਹੀ ਨਹੀਂ। ਜਦ ਇਸ ਵਿਸ਼ੇ 'ਤੇ ਕੋਈ ਅਧਿਐਨ ਹੀ ਨਹੀਂ ਹੋਇਆ ਹੈ ਤਾਂ ਅਧਿਕਾਰ ਦੇ ਨਾਲ ਕੁਝ ਵੀ ਕਹਿਣਾ ਮੁਸ਼ਕਲ ਨਹੀਂ ਹੈ। ਇਸ ਹਾਲਤ 'ਚ ਅਨੁਭਵਾਂ ਦੇ ਅਧਾਰ 'ਤੇ ਕੁਝ ਕਲਪਨਾਵਾਂ ਕੀਤੀਆਂ ਜਾ ਸਕਦੀਆਂ ਹਨ। ਇਥੇ ਇਕ ਵਿਚਾਰ ਇਹ ਹੈ ਕਿ ਸਰਕਾਰੀ ਤੇ ਪ੍ਰਾਈਵੇਟ ਸੈਕਟਰ ਦੋਵਾਂ 'ਚ ਰਾਖਵਾਂਕਰਨ ਨਿਜੀ ਸੈਕਟਰ ਲਈ ਵਰਦਾਨ ਹੈ।''

ਸਨਅਤੀ ਵਿਕਾਸ ਜਾਂ ਆਰਥਕ ਉਨਤੀ ਦਾ ਇਕ ਸਰਭ ਵਿਆਪਕ ਨਿਯਮ ਹੈ। ਉਹ ਇਹ ਕਿ ਸਮਾਜ 'ਚ ਵਸਤੂਆਂ ਦੇ ਜਿੰਨੇ ਖਰੀਦਦਾਰ ਹੋਣਗੇ। ਉਸੇ ਅਨੁਪਾਤ 'ਚ ਸਨਅਤੀ ਵਿਕਾਸ ਹੋਵੇਗਾ। ਮਿਸਾਲ ਵਜੋਂ ਜੇ ਕੰਪਿਊਟਰ ਦੇ ਖਰੀਦਦਾਰਾਂ ਦੀ ਗਿਣਤੀ ਇਕ ਕਰੋੜ ਦੀ ਥਾਂ ਦਸ ਕਰੋੜ ਹੋ ਜਾਵੇ ਤਾਂ ਕੰਪਿਊਟਰ ਉਦਯੋਗ 'ਚ ਇਨਕਲਾਬ ਆ ਜਾਵੇਗਾ। ਅਰਥਸ਼ਾਸਤਰ ਦੀ ਇਸ ਬੁਨਿਆਦੀ ਕਸੌਟੀ 'ਤੇ ਵੇਖਣਾ

ਇਹ ਹੈ ਕਿ ਪਿਛਲੇ 50 ਸਾਲਾਂ 'ਚ ਰਾਖਵੇਂਕਰਨ ਨੇ ਦਲਿਤਾਂ ਲਈ ਰਾਖਵੇਂਕਰਨ ਨੇ ਕਿਸ ਹੱਦ ਤਕ ਨਿਜੀ ਖੇਤਰ ਨੂੰ ਹੱਲਾਸ਼ੇਰੀ ਦਿੱਤੀ ਹੈ। ਪਿਛਲੇ 50 ਸਾਲਾਂ 'ਚ ਰਾਖਵੇਂਕਰਨ ਨੇ 50 ਲੱਖ ਦਲਿਤਾਂ ਯਾਨੀ ਢਾਈ ਕਰੋੜ ਦਲਿਤ ਵਿਅਕਤੀਆਂ (ਇਕ ਦਲਿਤ ਦਾ ਔਸਤ ਪ੍ਰੀਵਾਰ 5 ਮੈਂਬਰਾਂ ਦਾ ਹੁੰਦਾ ਹੈ) ਨੂੰ ਭਾਰਤ ਦੇ ਮੱਧ ਜਾਂ ਨਿਮਨ ਮੱਧਵਰਗ ਦੀ ਸ਼੍ਰੇਣੀ 'ਚ ਲਿਆ ਖੜ੍ਹਾ ਕੀਤਾ ਹੈ। ਜੇ ਇਹ ਸੱਚ ਹੈ ਕਿ ਸ਼ਹਿਰਾਂ ਕਸਬਿਆਂ 'ਚ ਰਹਿਣ ਵਾਲੇ ਸਰਕਾਰੀ ਮੁਲਾਜ਼ਮ ਤੇ ਛੋਟੇ ਟੁੱਥਬਰੱਸ਼ ਦੀ ਵਰਤੋਂ ਕਰਦੇ ਹਨ ਤਾਂ ਦਲਿਤ ਵੀ ਉਵੇਂ ਕਰਦੇ ਹੋਣਗੇ। ਯਾਨੀ ਢਾਈ ਕਰੋੜ ਦਲਿਤਾਂ ਦਾ ਜੀਵਨ ਪੱਧਰ ਸੁਧਰਨ ਨਾਲ ਚੀਜ਼ਾਂ ਤੇ ਸੇਵਾਵਾਂ ਦੀ ਮੰਗ 'ਚ ਭਾਰੀ ਵਾਧਾ ਹੋਇਆ ਹੈ। ਇਸ ਦਾ ਸਿੱਧਾ ਫਾਇਦਾ ਉਦਯੋਗਾਂ ਨੂੰ ਮਿਲਿਆ ਹੈ। ਸਿਰਫ ਟੂਥਪੇਸਟ ਤੇ ਟੂਥ ਪਾਊਡਰ ਉਦਯੋਗ ਵਿਚ ਹੀ ਦਲਿਤਾਂ ਦਾ ਸਲਾਨਾ ਯੋਗਦਾਨ ਛੇ ਸੌ ਕਰੋੜ ਰੁਪਏ ਹੈ।

ਰਾਖਵੇਂਕਰਨ ਦੇ ਜ਼ੋਰ 'ਤੇ ਨੌਕਰੀ ਪਾਉਣ ਵਾਲੇ ਦਲਿਤ ਆਮ ਤੌਰ 'ਤੇ ਪਹਿਲੀ ਜਾਂ ਦੂਸਰੀ ਪੀੜੀ ਦੇ ਸਿਖਿਅਤ ਨੌਜਵਾਨ ਹੁੰਦੇ ਹਨ। ਜਦ ਇਕ ਦਲਿਤ ਨੌਕਰੀ ਜੁਆਇਨ ਕਰਨ ਜਾਂਦਾ ਹੈ ਤਾਂ ਉਸ ਦੇ ਹੱਥ 'ਚ ਕੁਝ ਨਹੀਂ ਹੁੰਦਾ ਇਕ ਹੋਰ ਦਲਿਤ ਜ਼ਰੂਰਤ ਦੀਆਂ ਸਾਰੀਆਂ ਚੀਜ਼ਾਂ ਲਗਭਗ ਆਪਣੇ ਨਾਲ ਲੈ ਕੇ ਜਾਂਦਾ ਹੈ। ਅਗਲੇ ਦਸ ਸਾਲਾਂ ਤਕ ਦਲਿਤ ਮੁਲਾਜ਼ਮ ਆਪਣੀ ਸਾਰੀ ਕਮਾਈ ਖਰਚ ਕਰ ਦਿੰਦੇ ਹਨ ਤਦ ਜਾਂ ਕੇ ਉਹਨਾਂ ਦਾ ਇਕ ਮੱਧ ਨਿਮਨ ਵਰਗੀ ਸੰਸਾਰ ਬਣਦਾ ਹੈ। ਅਸਲ 'ਚ ਹਰ ਦਲਿਤ ਮੁਲਾਜਮ ਇਕ ਵੇਲੇ ਦੋ ਘਰ ਵਸਾਉਂਦਾ ਹੈ। ਇਕ ਤਾਂ ਜਿਥੇ ਉਹ ਨੌਕਰੀ ਕਰਦਾ ਹੈ ਤੇ ਦੂਜਾ ਉਸ ਦੇ ਪਿੰਡ ਦਾ ਜੱਦੀ ਘਰ। ਅਕਸਰ ਦਲਿਤ ਮੁਲਾਜਮ ਦੋ ਸਾਲਾਂ 'ਚ ਦੋ ਸਾਈਕਲਾਂ ਖਰੀਦਦਾ ਹੈ। ਇਕ ਖੁਦ ਲਈ ਤੇ ਦੂਜਾ ਆਪਣੇ ਪਿੰਡ ਦੇ ਘਰ ਲਈ। ਇਕ ਦਲਿਤ ਜਦ ਨੌਕਰੀ ਹਾਸਲ ਕਰਦਾ ਹੈ ਤਾਂ ਮੁਮਕਿਨ ਹੈ ਕਿ ਉਸ ਦੇ ਕਈ ਰਿਸ਼ਤੇਦਾਰਾਂ ਦੇ ਬੱਚੇ ਵੀ ਉਸ ਆਸਰੇ ਪੜ੍ਹ ਲਿਖ ਲੈਣ। ਜਦ ਉਹ ਛੁੱਟੀ 'ਤੇ ਘਰ ਜਾਂਦਾ ਹੈ ਤਾਂ ਕਈ ਚੀਜ਼ਾਂ ਖਰੀਦ ਕੇ ਲੈ ਜਾਂਦਾ ਹੈ। ਇਹ ਸਥਿਤੀ ਗੈਰ ਦਲਤਾਂ ਨਾਲ ਨਹੀਂ ਹੁੰਦੀ ਕਿਉਂਕਿ ਉਹਨਾਂ ਦੇ ਘਰਦਿਆਂ ਪਾਸ ਇਹ ਚੀਜ਼ਾਂ ਪਹਿਲਾ ਹੀ ਹੁੰਦੀਆਂ ਹਨ। ਜੇ ਸਰਕਾਰੀ ਕਰਮਚਾਰੀਆਂ ਦੀ ਔਸਤਨ ਆਮਦਨੀ ਦਸ ਹਜ਼ਾਰ ਰੁਪਏ ਮਹੀਨਾ ਮੰਨ ਲਈ ਜਾਵੇ ਤੇ ਇਹ ਮੰਨ ਲਿਆ ਜਾਵੇ ਕਿ ਉਸ ਦਾ ਪੰਜਾਹ ਫੀਸਦੀ ਉਹ ਬਾਜ਼ਾਰ 'ਚ ਖਰਚ ਕਰ ਦਿੰਦਾ ਹੈ ਤਾਂ ਇਹ ਵੀ ਮੰਨ ਲਿਆ ਜਾਵੇ ਕਿ 50 ਲੱਖ ਦਲਿਤ ਸਾਲ ਭਰ 'ਚ ਤਿੰਨ ਸੌ ਅਰਬ ਰੁਪਏ ਖਰਚ ਕਰਦੇ ਹਨ। ਇਹ ਰਾਸ਼ੀ ਟਾਟਾ, ਰਿਲਾਇੰਸ, ਬਿਰਲਾ ਤੇ ਵਿਪ੍ਰੋ ਦੀ ਨੈਟ ਆਮਦਨ ਤੋਂ ਵੱਧ ਹੈ। ਯਾਨੀ ਇਕ ਦਹਾਕੇ 'ਚ ਰਾਖਵੇਂਕਰਨ 'ਤੇ ਇਕੇ ਦਲਿਤ ਪ੍ਰਾਈਵੇਟ ਸੈਕਟਰ ਤੋਂ ਤਿੰਨ ਚਾਰ ਅਰਬ ਰੁਪਏ ਦੀਆਂ ਚੀਜ਼ਾਂ ਖਰੀਦਦੇ ਹਨ। ਦਲਿਤ ਲਗਭਗ ਆਪਣੀ ਪੂਰੀ ਕਮਾਈ ਪ੍ਰਾਈਵੇਟ ਸੈਕਟਰ ਨੂੰ ਸੌਂਪ ਦਿੰਦੇ ਹਨ। ਬਦਲੇ 'ਚ ਉਹਨਾਂ ਨੂੰ ਅੱਛਾ ਜੀਵਨ ਮਿਲਦਾ ਹੈ। ਉਦਯੋਗ ਤੇ ਧੰਦੇ ਇਕ ਸਮਾਜਕ ਮਹੌਲ 'ਚ ਕੰਮ ਕਰਦੇ ਹਨ ਜੇ ਸਮਾਜਕ ਮਹੌਲ ਪਿਛੜਿਆ ਹੈ ਤਾਂ ਸਨਅਤਾਂ ਤੇ ਧੰਦੇ ਕਦੀ ਵੀ ਅਡਵਾਂਸ ਨਹੀਂ ਹੋ ਸਕਦੇ। ਭਾਰਤ ਦਾ ਸਮਾਜਕ ਮਹੌਲ ਇਤਿਹਾਸ ਦੀ ਦੇਣ ਹੈ ਜਿਸ 'ਚ ਦਲਿਤ ਆਦਿਵਾਸੀ ਅਜਿਹੇ ਸਮਾਜਕ ਨਿਯਮਾਂ 'ਚ ਬੱਝੇ ਹਨ ਕਿ ਸੁਭਾਵਿਕ ਅਮਲ ਨਾਲ ਉਹ ਬਾਜ਼ਾਰ ਦਾ ਹਿੱਸਾ ਨਹੀਂ ਬਣ ਸਕਦੇ। ਇਹ ਲਈ ਜ਼ਰੂਰੀ ਹੈ ਕਿ ਮਾਨਵ ਨਿਰਮਤ ਸਮਾਜਕ

ਬੰਧਨਾਂ ਨੂੰ ਮਨੁੱਖ ਦੀਆਂ ਬਣਾਈਆਂ ਸਮਾਜਕ ਨੀਤੀਆਂ ਰਾਹੀਂ ਖਤਮ ਕੀਤਾ ਜਾਵੇ। ਇਹ ਜਿੰਨਾ ਜ਼ਰੂਰੀ ਦਲਿਤਾਂ ਲਈ ਹੈ ਉਹਨਾਂ ਜ਼ਰੂਰੀ ਨਿੱਜੀ ਖੇਤਰ ਲਈ ਵੀ ਹੈ। ਰਾਖਵੇਂਕਰਨ ਦਾ ਸਿਧਾਂਤ ਭਲੇ ਹੀ ਇਕ ਸਮਾਜ ਪਾਲਸੀ ਪੈਕੇਜ ਵਜੋਂ ਖੜ੍ਹਾ ਕੀਤਾ ਗਿਆ ਹੋਵੇ ਪਰ ਅੱਜ ਇਕ ਆਰਥਕ ਸਿਧਾਂਤ ਵਜੋਂ ਵਿਕਸ਼ਤ ਹੋ ਚੁੱਕਿਆ ਹੈ। ਦਲਿਤ ਸਮਾਜ ਅਰਥਸਾਸ਼ਤਰ ਦੇ ਉਹਨਾਂ ਬੁਨਿਆਦੀ ਸਿਧਾਂਤਾਂ ਨੂੰ ਪਹਿਲ ਦਿੰਦਾ ਹੈ ਜਿਨਾਂ ਦੇ ਜ਼ੋਰ 'ਤੇ ਯੂਰਪ ਜਾਂ ਅਮਰੀਕੀ ਅਰਥਚਾਰੇ ਖੜ੍ਹੇ ਹੋਏ ਹਨ ਤੇ ਜਿਹਨਾਂ ਦੀ ਰਾਹ 'ਤੇ ਹੁਣ ਏਸ਼ੀਆਈ ਦੇਸ਼ ਚਲ ਰਹੇ ਹਨ। ਸਿਧਾਂਤ ਇਹ ਹੈ ਕਿ ਪੈਸਾ ਹਮੇਸ਼ਾ ਕਰੰਸੀ ਦੇ ਰੂਪ 'ਚ ਹੋਵੇ ਕੋਈ ਵੀ ਅਜ਼ਾਦ ਅਧਿਐਨ ਇਹ ਸਾਬਤ ਕਰ ਦਿੰਦਾ ਹੈ ਕਿ ਦਲਿਤ ਅਕਸਰ ਚਲਦੀ ਫਿਰਦੀ ਜਾਇਦਾਦ ਖੜ੍ਹੀ ਕਰਦੇ ਹਨ। ਯਾਨੀ ਉਹਨਾਂ ਦਾ ਪੈਸਾ ਬਾਜ਼ਾਰ 'ਚ ਆਜਾਦ ਵਿਚਰਦਾ ਹੈ। ਦੂਜੇ ਪਾਸੇ ਗੈਰ ਦਲਿਤਾਂ ਦਾ ਪੈਸਾ ਸਥਿਰ ਜਾਇਦਾਦ ਦੀ ਉਸਾਰੀ ਕਰਦਾ ਹੈ। ਯਾਨੀ ਉਹਨਾਂ ਦਾ ਧਨ ਰਿਅਲ ਅਸਟੇਟ ਜਾਂ ਬੈਂਕ ਲਾਕਰਾਂ ਚਾਹੁੰਦਾ ਹੈ ਇਹ ਵੀ ਪ੍ਰਾਈਵੇਟ ਸੈਕਟਰ ਦੇ ਹਿੱਤ 'ਚ ਹੈ ਕਿ ਇਥੇ ਰਾਖਵਾ ਕਰਨ ਲਾਗੂ ਹੋਵੇ। ਨਿਜੀ ਖੇਤਰ ਵੀ ਅਗਲੇ ਦਸ ਸਾਲਾਂ 'ਚ 50 ਲੱਖ ਦਲਿਤਾਂ ਨੂੰ ਨੌਕਰੀ, ਕਾਰੋਬਾਰ, ਉਦਯੋਗ ਆਦਿ 'ਚ ਸ਼ਾਮਲ ਕਰ ਲਵੇ। 50 ਲੱਖ ਦਲਿਤਾਂ ਦਾ ਮਤਲਬ, ਢਾਈ ਕਰੋੜ ਅਬਾਦੀ ਨਵਾਂ ਬਜ਼ਾਰ ਨਿਜੀ ਖੇਤਰ ਦੇ ਹਿੱਤ 'ਚ ਹੈ। ਦਲਿਤ ਖਪਤਕਾਰ ਨਵੇਂ ਹਨ। ਉਹ ਜੋ ਕਮਾਏਗਾ ਉਸ ਨੂੰ ਵਾਪਸ ਕਰ ਦੇਵੇਗਾ। ਮੈਰਿਟ ਦੀ ਜਿਦ ਨੂੰ ਅਮਰੀਕਾ ਦਾ ਕਾਲਾ ਸਮਾਜ ਤਿਨ ਦਹਾਕੇ ਪਹਿਲਾਂ ਹੀ ਛੱਡ ਚੁੱਕਿਆ ਹੈ। ਸਾਡੇ ਵੀ ਇਹੀ ਹੋਣਾ ਹੈ।

# ਉੱਚ ਸਿੱਖਿਆ ਅਤੇ ਦਲਿਤ ਦੀ ਦਸ਼ਾ

ਮਨੁੱਖੀ ਵਸੀਲਿਆਂ ਮੰਤਰਾਲੇ ਵਲੀ ਜਾਰੀ ਚੋਣਵੇਂ ਸਿੱਖਿਆ ਅੰਕੜੇ (2002) ਦਲਿਤਾਂ ਦੀ ਉਚ ਸਿੱਖਿਆ ’ਚ ਗੈਰ ਮੌਜੂਦਗੀ ਦੀ ਖੌਫ਼ਨਾਕ ਤਸਵੀਰ ਪੇਸ਼ ਕਰਦੇ ਹਨ। ਰਿਪੋਰਟ ਅਨੁਸਾਰ ਦੇਸ਼ ’ਚ ਸਨਾਤਕੋਰ ਜਮਾਤਾਂ ’ਚ ਪੜ੍ਹਾਈ ਕਰਦੇ ਅਨਸੂਚਿਤ ਜਾਤੀ ਤੇ ਜਨਜਾਤੀ ਦੇ ਵਿਦਿਆਰਥੀਆਂ ਦੀ ਗਿਣਤੀ ਸਿਰਫ 77 ਹਜ਼ਾਰ ਹੈ। ਰਿਪੋਰਟ ਇਸ ਤੋਂ ਵੀ ਦੋ ਸਾਲ ਪਹਿਲਾਂ ਦੀ ਹੈ ਅਤੇ ਇਸ ’ਚ ਲਗਭਗ ਸਾਰੇ ਵਿਸ਼ੇ ਸ਼ਾਮਲ ਹਨ ਇਹ ਮੰਨ ਲਈਏ ਕਿ ਬੀਤੇ ਦੋ ਸਾਲਾਂ ’ਚ ਵਿਦਿਆਰਥੀਆਂ ਦੀ ਗਿਣਤੀ ਵਧੀ ਹੋਵੇਗੀ ਤੇ ਇਕ ਲੱਖ ਤਕ ਪਹੁੰਚ ਗਈ ਹੋਵੇਗੀ ਤਾਂ ਇਸ ਦਾ ਅਰਥ ਇਹ ਹੈ ਕਿ ਹਰ ਪੰਜ ਸੌ ਦਲਿਤ ਪ੍ਰੀਵਾਰ ’ਚੋਂ ਸਿਰਫ ਇਕ ਦਲਿਤ ਵਿਦਿਆਰਥੀ ਵਿਦਿ. ਉਚ ਜਮਾਤਾਂ ’ਚ ਪੜ੍ਹਦਾ/ਪੜ੍ਹਦੀ ਸੀ ਜਾਂ ਹੈ ਕਿਉਂਕਿ ਮੌਜੂਦਾ ਦਲਿਤ ਅਬਾਦੀ ਇਕ ਲੱਖ ਸਨਾਤਕੋਰ ਪੱਧਰ ਦੀ ਸਿਖਿਆ ਲੈ ਰਹੇ ਹਨ। ਰਿਪੋਰਟ ਅਨੁਸਾਰ ਦੇਸ਼ ਭਰ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ’ਚ ਪੀ ਐਚ ਡੀ ਕਰ ਰਹੇ ਦਲਿਤ ਰਿਸਰਚ ਸਕਾਲਰਾਂ ਦੀ ਕੁਲ ਗਿਣਤੀ ਸਿਰਫ 2619 ਸੀ। ਯਾਨੀ ਹਰੇਕ ਉਨੀ ਹਜ਼ਾਰ ਅਠ ਨਵੇਂ ਦਲਿਤ ਪ੍ਰੀਵਾਰਾਂ ’ਚੋਂ ਸਿਰਫ ਇਕ ਦਲਿਤ ਹੀ ਰਿਸਰਚ ਸਕਾਲਰ ਹੈ। ਭਾਰਤ ਦੇ ਰਵਾਇਤੀ ਵਰਣ ਸਮਾਜ ’ਚ ਦਲਿਤ ਗੈਰ ਨਾਗਰਿਕ ਸਨ ਤੇ ਇਹਨਾਂ ਦੇ ਸਿੱਖਿਆ ਹਾਸਲ ਕਰਨ ਦੇ ਅਧਿਕਾਰ ਤੇ ਲੱਗੀ ਪਾਬੰਦੀ ਸਭ ਤੋਂ ਕਠੋਰ ਤੇ ਕਾਰਗਰ ਸੀ। ਮਨੁੱਖ ਲਈ ਜਿਸ ਖੇਤਰ ਜਾਂ ਸਰਗਰਮੀ ’ਚ ਜਿੰਨੀ ਵੱਧ ਪਬੰਦੀ ਲਗਦੀ ਹੈ, ਉਹ ਉਸ ਵੱਲ ਉਸ ਅਨੁਪਾਤ ’ਚ ਖਿਚਿਆ ਜਾਂਦਾ ਹੈ। ਇਹ ਇਕ ਮਨੁੱਖੀ ਰੁਝਾਣ ਹੈ। ਇਸ ਸੰਸਾਰਕ ਸੱਚ ਨੂੰ ਜੇ ਪੈਮਾਨਾ ਮੰਨ ਲਿਆ ਜਾਵੇ ਤਾਂ ਉਚ ਸਿਖਿਆ ’ਚ ਦਲਿਤਾਂ ਦੀ ਬਹੁਗਿਣਤੀ ਹੋਣੀ ਚਾਹੀਦੀ ਹੈ। ਪਰ ਮੁਹਈਆ ਅੰਕੜੇ ਇਸ ਯੂਨੀਵਰਸਲ ਸਚਾਈ ਦੀ ਨਿਖੇਧੀ ਕਰ ਦਿੰਦੇ ਹਨ ਤੇ ਉਚ ਸਿੱਖਿਆ ’ਚ ਦਲਿਤਾਂ ਦੀ ਗੈਰ ਮੌਜੂਦਗੀ ਦੀ ਇਕ ਭਿਅੰਕਰ ਤਸ਼ਵੀਰ ਪੇਸ਼ ਕਰਦੇ ਹਨ। ਦਲਿੱਤਾਂ ’ਤੇ ਸਿਖਿਆ ਜਗਤ ’ਚ ਲੱਗੀਆਂ ਪਬੰਦੀਆਂ ਨੂੰ ਬ੍ਰਿਟਿਸ਼ ਸਰਕਾਰ ਨੇ ਸੰਨ 1857 ’ਚ ਕਨੂੰਨੀ ਤੌਰ ’ਤੇ ਤਾਂ 227 ਲਿਆ ਸੀ। ਵੀਹਵੀਂ ਸਦੀ ਦੇ ਮੱਧ ਤਕ ਸਮਾਜਕ ਪੱਖੋਂ ਵੀ ਦਲਿਤ ਆਜ਼ਾਦ ਹੋ ਗਏ ਸੀ ਪਰ ਸਥਿਤੀ ਫਿਰ ਵੀ ਏਨੀ ਤਰਸਯੋਗ ਹੈ ਤਾਂ ਇਸ ਪਿੱਛੇ ਕਈ ਮੌਲਿਕ ਕਾਰਨ ਹੋਣਗੇ, ਜਿਹਨਾਂ ਦੀ ਜਾਂਚ ਪੜਤਾਲ ਜ਼ਰੂਰੀ ਹੋ ਜਾਂਦੀ ਹੈ। ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਦੀ ਇਸ ਰਿਪੋਰਟ ਅਨੁਸਾਰ ਦੇਸ਼ ਭਰ ’ਚ ਬਾਹਰਵੀਂ ’ਚ ਪੜ੍ਹਦੇ ਦਲਿਤ ਵਿਦਿਆਰਥੀਆਂ ਦੀ ਕੁਲ ਗਿਣਤੀ 14 ਲੱਖ 41 ਹਜ਼ਾਰ ਸੀ ਤੇ ਸਨਾਤਕ ਪੱਧਰ ’ਤੇ (ਸਾਰੇ ਵਿਸ਼ੇ) ਇਹ ਗਿਣਤੀ 7 ਲੱਖ 70 ਹਜ਼ਾਰ ਸੀ। ਯਾਨੀ ਸਨਾਤਕ ਤੇ ਬਾਹਰਵੀਂ ਜਮਾਤਾਂ ਵਿਚਕਾਰ 6 ਲੱਖ 71 ਹਜ਼ਾਰ ਦਾ ਫਰਕ ਹੈ। ਕੀ ਇਹਨਾਂ ਲਗਭਗ 7 ਲੱਖ ਦਲਿਤ ਵਿਦਿਆਰਥੀਆਂ ਨੂੰ ਬਾਹਰਵੀਂ ਦੀ ਸਿਖਿਆ ਤੋਂ ਬਾਅਦ ਨੌਕਰੀ ਮਿਲ ਗਈ ਜਾਂ ਇਹਨਾਂ ਨੇ ਆਪਣਾ ਉਦਯੋਗ ਧੰਦਾ ਲਾ ਲਿਆ ਜਾਂ ਕਿਸੇ ਹੋਰ ਕਾਰਨਾਂ ਕਰਕੇ ਸਿੱਖਿਆ ਜਗਤ ਤੋਂ ਵਿਦਾ ਲੈ ਕੇ ਬੇਰੁਜ਼ਗਾਰਾਂ ਦੀ ਫੌਜ ’ਚ ਸ਼ਾਮਲ ਹੋ ਗਏ। ਸਨਾਤਕ ਤੇ ਸਨਾਤਕੋਤਰ ਜਮਾਤਾਂ ’ਚ ਪੜਦੇ ਦਲਿਤ ਵਿਦਿਆਰਥੀਆਂ ਦੀ ਗਿਣਤੀ ਵਿਚ ਵੀ ਲਗਭਗ 7 ਲੱਖ ਦਾ ਫਰਕ ਹੈ। ਕੀ ਸਨਾਤਕ ਪਿੱਛੋਂ ਏਨੀ ਵੱਡੀ ਗਿਣਤੀ ’ਚ ਇਹਨਾਂ ਦਲਿਤ ਵਿਦਿਆਰਥੀਆਂ

ਨੂੰ ਨੌਕਰੀ ਮਿਲ ਗਈ ਜਾਂ ਕੋਈ ਧੰਦਾ ਕਰਨ ਲੱਗੇ। ਜਾਂ ਕਿਹੜੇ ਕਾਰਨਾਂ ਕਰਕੇ ਸਿਖਿਆ ਜਗਤ ਤੋਂ ਦੂਰ ਹੋ ਗਏ। ਇਸ ਬਾਰੇ ਕਿਸੇ ਕੋਲ ਕੋਈ ਵਿਸਵਾਸ਼ਯੋਗ ਜੁਆਬ ਨਹੀਂ ਹੈ। ਅਖੀਰ ਨੂੰ ਆਪਣੀ ਦਲੀਲ 'ਤੇ ਹੀ ਨਿਰਭਰ ਹੋਣਾ ਪਵੇਗਾ। ਦਰਅਸਲ ਕੁਝ ਹਜ਼ਾਰ ਵਿਦਿਆਰਥੀ ਫੇਲ੍ਹ ਹੋ ਜਾਂਦੇ ਹਨ ਕੁਝ ਹਜ਼ਾਰ ਨੌਕਰੀ ਲੈ ਲੈਂਦੇ ਹਨ ਜਾਂ ਹਜ਼ਾਰਾਂ ਨੌਜਵਾਨ ਸ਼ਹਿਰਾਂ ਵੱਲ ਚਲੇ ਜਾਂਦੇ ਹਨ। ਉਹ ਸ਼ਹਿਰਾਂ 'ਚ ਜਾ ਕੇ ਕਿਸੇ ਸਲੱਮ 'ਚ ਸ਼ਰਣ ਲੈਂਦੇ ਹਨ, ਛੋਟੇ-ਛੋਟੇ ਕਾਰਖਾਨਿਆਂ 'ਚ ਮਜ਼ਦੂਰ ਬਣ ਜਾਂਦੇ ਹਨ, ਕੁਝ ਰਿਕਸ਼ਾ ਚਲਾਉਂਦੇ ਅਤੇ ਕੁਝ ਰੇੜ੍ਹੀ ਖਿਚਦੇ ਹਨ, ਕੁਝ ਮੂੰਗਫਲੀ ਜਾਂ ਪਾਨ-ਬੀੜੀ ਦੀਆਂ ਦੁਕਾਨਾਂ ਚਲਾਉਂਦੇ ਹਨ। ਲੱਖਾਂ ਦੀ ਗਿਣਤੀ 'ਚ ਇਸ ਤਰ੍ਹਾਂ ਸਿੱਖਿਆ ਦਲਿਤ ਰੁਜ਼ਗਾਰ ਦਫਤਰਾਂ, ਅਫਸਰਾਂ ਤੇ ਨੇਤਾਵਾਂ ਦੇ ਚੱਕਰ ਲਾਉਂਦੇ ਹਨ, ਆਪਣੀ ਸਾਰੀ ਜਵਾਨੀ ਇਸ ਤਰ੍ਹਾਂ ਹੀ ਨਸ਼ਟ ਕਰ ਲੈਂਦੇ ਹਨ।

ਇਸ ਤਰ੍ਹਾਂ ਦੇ ਲੱਖ ਦਲਿਤ ਤੇ ਪਿਛੜੇ ਨਾ ਤਾਂ ਉਚ ਸਿੱਖਿਆ ਦੀ ਦੁਨੀਆਂ ਦੇਖ ਸਕਦੇ ਹਨ ਤੇ ਨਾ ਹੀ ਸਨਮਾਨ ਜਨਕ ਰੁਜ਼ਗਾਰ ਪਾ ਸਕਦੇ ਹਨ। ਇਹ ਹਮੇਸ਼ਾ ਕਸ਼ਟਦਾਇਕ ਜ਼ਿੰਦਗੀ ਬਸਰ ਕਰਦੇ ਹਨ। ਇਹਨਾਂ ਨੂੰ ਨਾ ਤਾਂ ਸਮਾਜ ਤੋਂ ਸਤਿਕਾਰ ਮਿਲਦਾ ਹੈ ਜਾਂ ਰਾਜ ਤੋਂ ਕੁਝ ਮਿਲਦਾ ਹੈ। ਇਹ ਭਿਅੰਕਰ ਹਾਲਤ ਹੈ ਕਿਉਂ? ਦਲਿਤ ਅੰਦੋਲਨਾਂ 'ਚ ਮਿਕਦਾਰੀ ਵਾਧਾ ਤਾਂ ਹੋਇਆ ਪਰ ਗੁਣਵੰਣਤਾ ਦੀ ਘਾਟ ਹੈ। ਸਮਾਜ 'ਚ ਆਮ ਧਾਰਨਾ ਹੈ ਕਿ ਦਲਿਤ ਅਫਸਰਾਂ ਦੇ ਬੱਚਿਆਂ ਨੂੰ ਵੀ ਵਜ਼ੀਫ਼ਾ ਮਿਲਦਾ ਹੈ। ਕੀ ਆਈ ਏ ਐਸ ਦਲਿਤਾਂ ਦੇ ਬੱਚਿਆਂ ਨੂੰ ਵਜੀਫਾ ਮਿਲਣਾ ਸਹੀ ਹੈ? ਇਸ ਭਰਮ ਨੂੰ ਦਲਿਤ ਲੀਡਰਸ਼ਿਪ ਤੋੜ ਨਹੀਂ ਸਕੀ। ਲੇਖਕ ਇਸ ਭਰਮ ਨੂੰ ਦਲੀਲਾਂ ਦੇ ਕੇ ਤੋੜ ਸਕਦੇ ਸਨ। ਦਲਿਤ ਅਫਸਰਾਂ ਦੇ ਬੱਚੇ ਜਦ ਅੱਛੇ ਕੱਪੜੇ ਪਹਿਨ ਕੇ ਯੂਨੀਵਰਸਿਟੀ ਜਾਂਦੇ ਹਨ ਤਾਂ ਉਹਨਾਂ ਦੇ ਸਹਿਪਾਠੀਆਂ ਨੂੰ ਭਰਮ ਹੋ ਜਾਂਦਾ ਹੈ ਕਿ ਬੰਦਾ ਸਰਕਾਰੀ ਪੈਸੇ ਨਾਲ ਫੈਸ਼ਨ ਕਰ ਰਿਹਾ ਹੈ। ਦਲਿਤ ਲੀਡਰਸ਼ਿਪ ਇਸ ਭਰਮ ਨੂੰ ਤੋੜ ਨਹੀਂ ਸਕੀ ਕਿ ਮੁਫਤ ਸਿਖਿਆ ਦੇ ਨਾਂ ਹੇਠ ਮਿਲਣ ਵਾਲੀ ਵਜੀਫੇ ਦੀ ਰਾਸ਼ੀ ਕੀ ਕਾਫੀ ਹੈ। ਮਸਲਨ ਉਚ ਸਿਖਿਆ (ਜਿਸ 'ਚ ਮੈਡੀਕਲ ਤੇ ਇੰਜਨੀਅਰਿੰਗ ਸਿਖਿਆ ਵੀ ਸ਼ਾਮਲ ਹੈ) ਵਿਦਿਆਰਥੀਆਂ ਨੂੰ ਸਿਰਫ 190 ਰੁਪਏ ਮਿਲਦੇ ਹਨ। ਜੋ ਵਿਦਿਆਰਥੀ ਹੋਸਟਲਾਂ 'ਚ ਰਹਿੰਦੇ ਹਨ ਉਹਨਾਂ ਨੂੰ 425 ਰੁਪਏ ਮਹੀਨਾ ਮਿਲਦਾ ਹੈ। ਕੀ ਕਿਸੇ ਹੋਸਟਲ 'ਚ 500 ਰੁਪਏ ਮਹੀਨੇ ਤੋਂ ਘੱਟ ਭੋਜਨ ਮੁਹਈਆ ਹੈ? ਕੱਪੜੇ, ਕਾਪੀਆਂ-ਕਿਤਾਬਾਂ ਤੇ ਰੋਜ਼ਾਨਾ ਜੇਬ ਖਰਚ ਦੀ ਰਾਸ਼ੀ ਕਿਥੋਂ ਆਉਂਦੀ ਹੈ? 12ਵੀਂ ਦੇ ਪੱਧਰ 'ਤੇ ਪੜ੍ਹਦੇ ਦਲਿਤ ਵਿਦਿਆਰਥੀਆਂ ਦੀ ਹਾਲਤ ਤਾਂ ਹੋਰ ਵੀ ਤਰਸਯੋਗ ਹੈ। ਵਜੀਫਾ ਸਿਰਫ 90 ਰੁਪਏ ਮਹੀਨਾ ਹੈ। ਹੋਸਟਲਾਂ 'ਚ ਰਹਿਣ ਵਾਲਿਆਂ ਲਈ 150 ਰੁਪਏ ਹੈ। ਕੀ ਇਸ ਏਨੀ ਘੱਟ ਰਾਸ਼ੀ ਨਾਲ ਕਿਸੇ ਦੀ ਸਿਖਿਆ ਮੁਫਤ ਹੋ ਜਾਂਦੀ ਹੈ? ਦਲਿਤ ਲੀਡਰਸ਼ਿਪ ਨੇ ਇਕ ਹੋਰ ਕੋਤਾਹੀ ਕੀਤੀ ਹੈ। 1957 'ਚ ਸਲਾਨਾ ਹਰ ਦਲਿਤ ਵਿਦਿ. ਨੂੰ ਔਸਤ ਖਰਚ 548 ਰੁਪਏ ਸੀ (ਵਜੀਫਾ ਫੀਸਾ ਆਦਿ ਮਿਲਾ ਕੇ) ਇਹ 1992 'ਚ ਵਧ ਕੇ 1290 ਰੁਪਏ ਮਾਸਕ ਹੋ ਗਈ। ਇਹ ਅੰਕੜੇ ਮੌਜੂਦਾ ਮੁਲ ਅਧਾਰਿਤ ਸਨ। ਪਰ ਕੀ ਅਧਿਆਪਕ ਨੂੰ ਜੋ ਤਨਖਾਹ 1957 'ਚ ਮਿਲਦੀ ਸੀ, ਅੱਜ ਵੀ ਉਹ ਮਿਲਦਾ ਹੈ? ਜਾਹਿਰ ਹੀ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹ ਮਹਿੰਗਾਈ ਸੂਚਕਾਂਕ 'ਚ ਵਾਧੇ ਅਨੁਸਾਰ ਤਹਿ ਹੁੰਦੀਆਂ ਰਹਿੰਦੀਆਂ ਹਨ। 1951 'ਚ ਜਿਸਨੂੰ 50 ਰੁਪਏ ਮਿਲੇ ਸੀ

ਅੱਜ 50 ਹਜ਼ਾਰ ਮਹੀਨਾ ਮਿਲਦੇ ਹਨ। ਜੇ ਇਹ ਪੈਮਾਨਾ ਸਿਖਿਆ ਤੇ ਲਾਗੂ ਕੀਤਾ ਗਿਆ ਹੁੰਦਾ ਤਾਂ 1992 'ਚ ਵਜੀਫਾ ਰਾਸ਼ੀ ਸਲਾਨਾ 6745 ਰੁਪਏ ਹੁੰਦੀ ਯਾਨੀ 562 ਰੁਪਏ ਮਾਸਕ ਪ੍ਰਤੀ ਦਲਿਤ ਵਿਦਿ.। ਜੇ ਅਜਿਹਾ ਹੁੰਦਾ ਤਾਂ 1992 'ਚ ਕੇਂਦਰ ਸਰਕਾਰ ਨੂੰ ਕੁਲ 1900 ਕਰੋੜ ਖਰਚ ਕਰਨੇ ਪੈਂਦੇ। ਕੀ ਏਨੀ ਵੱਡੀ ਰਾਸ਼ੀ ਸਰਕਾਰ ਦਲਿਤ ਸਿਖਿਆ ਲਈ ਕੱਢ ਸਕੀ? 1997 ਦੇ ਕੇਂਦਰੀ ਬਜਟ 'ਚ 9190 ਕਰੋੜ ਦੀ ਸਬਸਿਡੀ ਸਿਰਫ ਊਰਜਾ 'ਤੇ ਦਿੱਤੀ ਗਈ। 12 ਤੋਂ ਉਪਰ ਦੀ ਸਿਖਿਆ 'ਤੇ 1951 ਤੋਂ ਲੈ ਕੇ 1995 ਤਕ ਕੁਲ 2004 ਕਰੋੜ ਰੁਪਏ ਖਰਚ ਕੀਤੇ ਗਏ। ਹੈ ਨਾ ਇਹ ਦਲਿਤਾਂ ਦੀ ਸਿਖਿਆ ਨਾਲ ਮਖੌਲ। ਜ਼ਾਹਿਰ ਹੈ ਕਿ ਜਿਸ ਸਮਾਜ ਨੇ ਪਿੰਡ ਦੀ ਫਿਰਨੀ ਤੇ ਹੀ ਰੱਖਿਆ, ਗੋਹਾ ਕੂੜਾ ਕਰਵਾਇਆ ਜਾਂ ਫਿਰ ਆਦਿਵਾਸੀ ਬਣ ਕੇ ਜੰਗਲਾਂ 'ਚ ਰਹਿਣਾ ਪਿਆ, ਕੀ ਉਸ ਸਮਾਜ ਤੋਂ ਕੋਈ ਮੁਕਤੀ ਦੀ ਉਮੀਦ ਕੀਤੀ ਜਾਵੇ? ਲਖਨਊ ਯੂਨੀਵਰਸਿਟੀ 'ਚ ਵਕਾਲਤ ਦੀ ਪੜਾਈ ਲਈ ਹਰ ਦਲਿਤ ਵਿਦਿ. ਨੂੰ 560 ਰੁਪਏ ਹਰ ਵਿਦਿ. ਦੇਣੇ ਪੈਂਦੇ ਹਨ ਛੇ ਸਮੇਸਟਰਾਂ 'ਚ ਵਕਾਲਤ ਦੀ ਪੜ੍ਹਾਈ ਪੂਰੀ ਹੁੰਦੀ ਹੈ। ਜਾਹਿਰ ਹੈ ਕਿ ਬੇਜ਼ਮੀਨਿਆਂ ਦੀ ਔਲਾਦ ਵਕੀਲ ਤੇ ਪ੍ਰੋਫੈਸਰ ਨਹੀਂ ਬਣ ਸਕਦੀ। ਪ੍ਰਾਇਮਰੀ ਅਧਿਆਪਕ ਜਾਂ ਪੋਸਟਮੈਨ ਵੀ ਨਹੀਂ। ਦਲਿਤ ਲੀਡਰਸ਼ਿਪ ਨੂੰ ਫਿਕਰ ਨਹੀਂ, ਉਹਨਾਂ ਦਾ ਕੰਮ ਚਲਦਾ ਹੈ ਉਹ ਖੁਸ਼ਹਾਲ ਹਨ। ਉਹ ਅੰਬੇਦਕਰਵਾਦੀ ਵੀ ਅਖਵਾਉਂਦੇ ਹਨ।

# ਨਿਜ਼ਾਮਾ ਬਦਲੇ ਬਿਨਾ ਕੀ ਦਲਿਤ ਸਿਖਿਆ ਦਾ ਹੈ ਕੋਈ ਮਤਲਬ?

ਦਲਿਤਾਂ ਦੇ ਬੱਚੇ ਪ੍ਰਾਇਮਰੀ ਸਕੂਲਾਂ 'ਚ ਦਾਖਲਾ ਲੈ ਸਕਦੇ ਹਨ, ਉਨ੍ਹਾਂ 'ਚੋਂ 80 ਫੀਸਦੀ ਹਾਈ ਸਕੂਲ ਤਕ ਦੀ ਪੜ੍ਹਾਈ ਪੂਰੀ ਕਰਨ ਤੋਂ ਪਹਿਲਾਂ ਹੀ ਪ੍ਰੀਵਾਰਾਂ ਦੇ ਆਰਥਕ ਸੰਕਟਾਂ ਕਰਕੇ ਪੜ੍ਹਾਈ ਵਿਚਾਲੇ ਛੱਡਣ ਲਈ ਮਜ਼ਬੂਰ ਹੋ ਜਾਂਦੇ ਹਨ। ਸਨਾਤਕੋਤਰ ਤਕ ਦਾਖਲਾ ਲੈਣ ਵਾਲੇ ਅਨਸੂਚਿਤ ਤੇ ਜਨਜਾਤੀ ਦੇ ਬੱਚਿਆਂ 'ਚ 84.11 ਫੀਸਦੀ ਗੈਰ-ਵਿਗਿਆਨ ਤੇ ਗੈਰ-ਤਕਨੀਕੀ ਵਿਸ਼ੇ ਪੜ੍ਹਦੇ ਹਨ। ਜਦ ਕਿ ਸਨਾਤਕੋਤਰ ਪੱਥਰ ਤਕ ਇਹ ਫੀਸਦੀ 88.31 ਹੋ ਜਾਂਦੀ ਹੈ। ਸੋਧ ਕਰਤਾ ਦੇ ਪੱਧਰ 'ਤੇ ਤਾਂ ਦਲਿਤ ਵਿਦਿਆਰਥੀਆਂ ਦੀ ਗਿਣਤੀ ਸਿਫਰ ਹੋ ਜਾਂਦੀ ਹੈ। ਫਿਰ ਵੀ ਜੋ ਦਲਿਤ ਵਿਦਿਆਰਥੀ ਜਿਵੇਂ ਜਿਵੇਂ ਪੜ੍ਹਾਈ ਜਾਰੀ ਰੱਖਦੇ ਹਨ ਉਹ ਨਾ ਤਾਂ ਆਪਣੀ ਪਸੰਦ ਦੇ ਵਿਸ਼ੇ ਪੜ੍ਹ ਸਕਦੇ ਹਨ ਅਤੇ ਨਾ ਹੀ ਕਿਸੇ ਸਟੈਂਡਰਡ ਦੇ ਸਕੂਲ 'ਚ ਦਾਖਲਾ ਲੈ ਸਕਦੇ ਹਨ। ਪਬਲਿਕ ਸਕੂਲ ਤੇ ਕਾਨਵੈਂਟ ਸਕੂਲ ਜੋ ਅਧੁਨਿਕ ਗਿਆਨ ਵਿਗਿਆਨ ਦੀ ਸਿੱਖਿਆ ਦੇ ਕੇਂਦਰ ਬਣ ਗਏ ਹਨ, ਦੇ ਦਰਵਾਜ਼ੇ ਦਲਿਤ ਬੱਚਿਆਂ ਲਈ ਬਿਲਕੁਲ ਬੰਦ ਹਨ ਕਿਉਂਕਿ ਇਥੇ ਦਲਿਤ ਵਿਦਿਆਰਥੀ ਨੂੰ ਤਾਂ ਫੀਸ ਮੁਆਫੀ ਤੇ ਨਾ ਵਜੀਫਾ। ਇਹਨਾਂ ਸਕੂਲਾਂ ਦੀ ਸਿਖਿਆ ਏਨੀ ਮਹਿੰਗੀ ਹੈ ਕਿ ਦਲਿਤ ਦੇ ਅਫਸਰ ਵਰਗ ਵੀ ਇਹਨਾਂ ਸਕੂਲਾਂ 'ਚ ਆਪਣੇ ਬੱਚੇ ਦਾਖਲ ਨਹੀਂ ਕਰਵਾ ਸਕਦੇ। 49.6 ਫੀਸਦੀ ਅਨਸੂਚਿਤ ਜਾਤੀ ਤੇ 32.69 ਫੀਸਦੀ ਜਨਜਾਤੀ ਅਬਾਦੀ ਖੇਤ ਮਜ਼ਦੂਰਾਂ ਦੀ ਅਬਾਦੀ ਹੈ। ਇਸ ਤਰ੍ਹਾਂ ਲਗਭਗ ਅੱਧੀ ਦਲਿਤ ਅਬਾਦੀ ਕਿਸੇ ਵੀ ਸੂਰਤ 'ਚ ਆਪਣੇ ਬੱਚੇ ਨੂੰ ਲਾਜ਼ਮੀ ਸਿਖਿਆ ਦਿਵਾਉਣ ਦੀ ਸਥਿਤੀ ਵਿਚ ਨਹੀਂ ਹਨ। ਕੁਲ ਦਲਿਤ ਅਬਾਦੀ 'ਚ 25.44 ਫੀਸਦੀ ਅਨਸੂਚਿਤ ਜਾਤੀ ਤੇ 54.50 ਫੀਸਦੀ ਜਨਜਾਤੀ ਖੇਤ ਮਜ਼ਦੂਰਾਂ ਦੀ ਸ਼੍ਰੇਣੀ ਵਿਚ ਹੈ ਜਦਕਿ 85.60 ਫੀਸਦੀ ਅਨਸੂਚਿਤ ਜਾਤੀ 64.80 ਫੀਸਦੀ ਜਨਜਾਤੀ ਜਾਤਾਂ ਸੀਮਾ ਤੇ ਲਘੂ ਸ਼੍ਰੇਣੀ ਵਿਚ ਹਨ। ਇਸ ਤਰ੍ਹਾਂ ਬਹੁਗਿਣਤੀ ਦਲਿਤ ਖੇਤ ਮਜ਼ਦੂਰ ਵੀ ਆਪਣੇ ਬੱਚਿਆਂ ਨੂੰ ਸਿੱਖਿਆ ਦਿਵਾਉਣ 'ਚ ਬੁਰੀ ਤਰ੍ਹਾਂ ਅਸਮਰਥ ਹਨ। ਰਾਜ ਸਰਕਾਰਾਂ ਵਲੋਂ ਦਲਿਤਾਂ ਦੀ ਸਿਖਿਅਕ ਉਨਤੀ ਲਈ ਮੁੱਖ ਤੌਰ 'ਤੇ ਦੋ ਤਰ੍ਹਾਂ ਦੀਆਂ ਸਹੂਲਤਾਂ ਮੁਹਈਆ ਕਰਵਾਈਆਂ ਜਾਂਦੀਆਂ ਹਨ। (1) ਪੜ੍ਹਾਈ 'ਚ ਫੀਸ ਮੁਆਫੀ (2) ਪੜ੍ਹਾਈ ਦੌਰਾਨ ਵਜੀਫੇ ਜਮਾਤ ਪਹਿਲੀ ਤੋਂ ਦਸਵੀਂ ਤਕ। ਫੀਸ ਮੁਆਫੀ ਤੇ ਵਜੀਫੇ ਦੀ ਜ਼ਿੰਮੇਵਾਰੀ ਰਾਜ ਸਰਕਾਰਾਂ ਦੀ ਹੁੰਦੀ ਹੈ। ਦਲਿਤ ਅੰਕੜਾ ਬੈਂਕਾਂ ਦੇ ਖੋਜ ਸਿੱਟਿਆਂ ਅਨੁਸਾਰ ਸਰਕਾਰਾਂ ਸਾਰੇ ਬੱਚਿਆਂ ਨੂੰ ਫੀਸ ਮੁਆਫ ਤਾਂ ਕਰਦੀ ਹੈ ਪਰ ਵਜੀਫਾ ਸਿਰਫ 1/3 ਦਲਿਤ ਵਿਦਿਆਰਥੀਆਂ ਨੂੰ ਹੀ ਮਿਲ ਸਕਦਾ ਹੈ ਜੋ ਮਿਲਦਾ ਹੈ ਉਸ ਵਜੀਫੇ ਦੀ ਦਰ ਕਿੰਨੀ ਥੋੜੀ ਹੁੰਦੀ ਹੈ। ਇਸ ਦਾ ਅੰਦਾਜ਼ਾ ਉਤਰ ਪ੍ਰਦੇਸ਼ ਤੇ ਬਿਹਾਰ ਦੀਆਂ ਮਿਸਾਲਾਂ ਤੋਂ ਲਾਇਆ ਜਾ ਸਕਦਾ ਹੈ। ਪ੍ਰਾਇਮਰੀ ਪੱਧਰ 'ਤੇ ਜਿਥੇ ਉਤਰ ਪ੍ਰਦੇਸ਼ 'ਚ ਪ੍ਰਤੀ ਦਲਿਤ ਵਿਦਿਆਰਥੀ ਨੂੰ ਸਿਰਫ ਚਾਲੀ ਨਵੇਂ ਪੈਸੇ ਰੋਜ਼ਾਨਾ ਵਜੀਫਾ ਮਿਲਦਾ ਹੈ ਉਥੇ ਬਿਹਾਰ 'ਚ ਇਹ ਦਰ 30 ਪੈਸੇ ਰੋਜ਼ਾਨਾ ਹੈ। ਹਾਈ ਸਕੂਲ ਤੋਂ ਕਾਲਜ ਪੱਧਰ ਤੱਕ ਫੀਸ ਮੁਆਫੀ ਤੇ ਵਜੀਫਾ ਰਾਜਾਂ ਨੂੰ ਕੇਂਦਰ ਸਰਕਾਰ ਤੋਂ ਆਉਂਦਾ

ਹੈ। ਇਸ ਸਹਾਇਤਾ ’ਚ ਰਾਜ ਸਰਕਾਰਾਂ ਨੂੰ ਆਪਣਾ ਥੋੜ੍ਹਾ ਹਿੱਸਾ ਮਿਲ ਕੇ ਵਿਦਿਆਰਥੀਆਂ ਨੂੰ ਵੰਡਦੀਆਂ ਹਨ। ਇਸ ਮਦ ’ਚ ਕੇਂਦਰ ਸਰਕਾਰ ਨੇ ਪਿਛਲੇ 50 ਸਾਲਾਂ ਯਾਨੀ 1944-45 ਤੋਂ 1994-95 ਦੇ ਅਰਸੇ ’ਚ ਸਿਰਫ ਦੋ ਹਜ਼ਾਰ ਕਰੋੜ 46 ਲੱਖ ਰੁਪਏ ਦਲਿਤ ਸਿਖਿਆ ’ਤੇ ਖਰਚੇ ਹਨ ਜਦ ਕਿ ਦੇਵਗੌੜਾ ਸਰਕਾਰ ਨੇ ਕਿਸਾਨਾਂ ਦੇ ਨਾਂ ’ਤੇ ਵੱਡੇ ਜ਼ਿਮੀਦਾਰਾਂ ਲਈ ਲਗਗ 9000 ਕਰੋੜ ਰੁਪਏ ਦੀ ਖਾਦ ਗਰਾਂਟ ਸੰਨ 1996-97 ਲਈ ਨਿਸ਼ਚਤ ਕੀਤੀ। ਇਸ ਤੋਂ ਇਲਾਵਾ ਹਜ਼ਾਰਾਂ ਕਰੋੜ ਰੁਪਏ ਦੀ ਗਰਾਂਟ ਵੱਡੇ ਕਿਸਾਨਾਂ ਨੂੰ ਖੇਤੀ ਵਸਤਾਂ ਦੇ ਸਹਾਇਕ ਮੁੱਲ ਦੇਣ ਲਈ ਐਲਾਨੀ ਹੈ। ਦਰਅਸਲ ਦਲਿਤ ਅਨਪੜ੍ਹਤਾ ਭਾਰਤੀ ਸਮਾਜਕ ਪ੍ਰਬੰਧਕ ਦਾ ਲਾਜ਼ਮੀ ਅੰਗ ਬਣ ਚੁੱਕੀ ਹੈ। ਇਸ ਲਈ ਸਾਨੂੰ ਇਹ ਨਿਜ਼ਾਮ ਬਦਲ ਦੇਣੀ ਚਾਹੀਦੀ ਹੈ ਜਿਸ ’ਚ ਦਲਿਤ ਸਮਾਜ ਖੇਤ ਮਜ਼ਦੂਰ ਬਣਨ ਨੂੰ ਬੇਵਸ ਹੈ। 1991 ਦੀ ਮਰਦਮਸ਼ੁਆਮੀ ਅਨੁਸਾਰ ਭਾਰਤ ’ਚ ਖੇਤ ਮਜ਼ਦੂਰਾਂ ਦੀ ਕੁਲ ਗਿਣਤੀ 7 ਕਰੋੜ 46 ਲੱਖ ਸੀ। ਇਸ ਦਾ ਅਰਥ ਇਹ ਹੋਇਆ ਕਿ ਭਾਰਤੀ ਖੇਤੀ ਵਿਵਸਥਾ ’ਚ ਵੱਡੀ ਗਿਣਤੀ ’ਚ ਖੇਤ ਮਜ਼ਦੂਰਾਂ ਦੀ ਲੋੜ ਬਣੀ ਹੋਈ ਹੈ। ਕੁਲ ਖੇਤ ਮਜ਼ਦੂਰਾਂ ਦਾ ਲਗਭਗ ਅੱਧਾ ਹਿੱਸਾ (45.28%) ਦਲਿਤ ਹਨ

ਜਦ ਕਿ ਦਲਿਤਾਂ ਦੀ ਅਬਾਦੀ ਦੇਸ਼ ਦੀ ਅਬਾਦੀ ਦਾ ਇਕ ਚੌਥਾਈ ਹੀ ਹੈ। ਇਸ ਤਰ੍ਹਾਂ ਜੇ ਸਮੁੱਚੀ ਦਲਿਤ ਅਬਾਦੀ ਨੂੰ ਪੜ੍ਹਾ ਲਿਖਾ ਦਿੱਤਾ ਜਾਵੇ ਤਾਂ ਭਾਰਤੀ ਖੇਤੀ ਨਾਲ ਜੁੜਿਆ ਅਰਥਚਾਰਾ ਤਬਾਹ ਹੋ ਜਾਵੇਗਾ। ਅਜਿਹੀ ਸਥਿਤੀ ’ਚ ਭੂਮੀ ਦੀ ਲੋੜ ਅਨੁਸਾਰ ਨਿਆਂ ਭਰਪੂਰ ਪੁਨਰ ਵੰਡ ਕੀਤੀ ਜਾਣੀ ਚਾਹੀਦੀ ਹੈ। ਕਿਉਂ ਦਲਿਤ ਸਮਾਜ ਦੇਸ਼ ਦੀ ਸਾਰੀ ਖੇਤੀ ਪ੍ਰਣਾਲੀ ਨੂੰ ਭੁੱਖੇ ਰਹਿ ਕੇ ਆਪਣੇ ਮੋਢਿਆਂ ’ਤੇ ਢੋਹਦਾ ਰਹੇਗਾ? ਪਰ ਇਸ ਕੰਮ ਲਈ ਕੋਈ ਵੀ ਰਾਜਸੀ ਪਾਰਟੀ ਤਿਆਰ ਨਹੀਂ ਹੈ ਕਿਉਂਕਿ ਸਾਡੇ ਦੇਸ਼ ਦੀ ਜ਼ਿਆਦਾਤਰ ਜ਼ਮੀਨ ਉਹਨਾਂ ਲੋਕਾਂ ਦੀ ਮਾਲਕੀ ਹੈ ਜੋ ਖੁਦ ਆਪਣੇ ਖੇਤਾਂ ’ਚ ਹੱਥੀ ਕੰਮ ਨਹੀਂ ਕਰਦੇ। ਉਹਨਾਂ ਨੂੰ ਦਲਿਤ ਮਜ਼ਦੂਰਾਂ ਦੀ ਲੋੜ ਪੈਂਦੀ ਹੈ। ਡੀ. ਐਸ. ਏ. ਖੋਜ ਦੇ ਸਿੱਟਿਆਂ ਦੇ ਅਧਾਰ ’ਤੇ ਲਗਦਾ ਹੈ ਕਿ ਹੁਣ ਭਾਰਤੀ ਹਾਕਮ ਜਮਾਤ ਦਲਿਤ ਬੱਚਿਆਂ ਨੂੰ ਸਿਰਫ ਪ੍ਰਾਇਮਰੀ ਸਿਖਿਆ ਦੇਣ ਜਾਂ ਅੱਖਰ ਗਿਆਨ ਤਕ ਪੜ੍ਹਾਉਣਾ ਚਾਹੁੰਦੀ ਹੈ ਕਿਉਂਕਿ ਅਣਪੜ੍ਹ ਬੰਧੂਆਂ ਜਾਂ ਘਰੇਲੂ ਨੌਕਰ ਹੀ ਫਾਇਦੇਮੰਦ ਸਾਬਿਤ ਹੋ ਰਹੇ ਹਨ ਤਾਂ ਕਿ ਇਸ ਨੀਵੇਂ ਪੱਧਰ ਦੀ ਸਿੱਖਿਆ ਹਾਸਲ ਪਿੱਛੋਂ ਬਹੁਗਿਣਤੀ ਦਲਿਤ ਸਮਾਜ ਖੇਤ ਮਜ਼ਦੂਰ ਵੀ ਬਣੇ ਰਹਿਣ ਤੇ ਦੁਨੀਆਂ ਦੀਆਂ ਨਜ਼ਰਾਂ ’ਚ ਸਾਖਰ ਤੇ ਸਿਖਿਅਤ ਵੀ। ਸਿੱਖਿਆ ਬਿਨਾਂ ਦੂਰਗਾਮੀ ਸਹਿਤ ਪੈਦਾ ਨਹੀਂ ਹੋ ਸਕਦਾ। ਸਿਖਿਆ ਇਕ ਕੇਂਦਰੀ ਵਿਸ਼ਾ ਵਸਤੂ ਹੈ। ਜੇ ਦਲਿਤ ਸਮਾਜ, ਚੰਗੀ ਤਰ੍ਹਾਂ ਨਹੀਂ ਪੜ੍ਹ ਸਕੇਗਾ ਤਾਂ ਦਲਿਤ ਸਾਹਿਤ ਵੀ ਆਪਣਾ ਤੇਜ਼ ਵਿਕਾਸ ਨਹੀਂ ਕਰ ਸਕੇਗਾ। ਸਿਖਿਆਹੀਣ ਸਮਾਜ ’ਚ ਕੁਝ ਦਲਿਤ ਲੇਖਕ ਅੱਛਾ ਲਿਖਣ ਪਰ ਉਹਨਾਂ ਦੀ ਲਿਖਤ ਨੂੰ ਪੜ੍ਹਨ ਵਾਲਾ ਪਾਠਕ ਵਰਗ ਤਾਂ ਸੀਮਤ ਹੀ ਹੋਵੇਗਾ। ਇਸ ਦੀ ਘਾਟ ਕਾਰਨ ਉਹਨਾਂ ਦਾ ਸਾਹਿਤ ਉਹਨਾਂ ਹੀ ਗੈਰ ਦਲਿਤਾਂ ਦੇ ਹੱਥਾਂ ’ਚ ਜਾਂਦਾ ਹੈ ਜੋ ਇਸ ਦੀ ਮੂਲ ਭਾਵਨਾ ਨੂੰ ਹੀ ਨਹੀਂ ਸਮਝਦੇ। ਦਲਿਤ ਸਿਖਿਆ ਦਾ ਆਧਾਰ ਵਿਗਿਆਨਕ ਪ੍ਰਣਾਲੀ ਹੋਣਾ ਚਾਹੀਦਾ ਹੈ ਕਿਉਂਕਿ ਪ੍ਰਾਚੀਨ ਕਾਲ ਤੋਂ ਹੀ ਦਲਿਤ ਚਿੰਤਕ ਪ੍ਰੀਕ੍ਰਿਆ ਹਮੇਸ਼ਾ ‘ਕਿਵੇਂ’ ਦਾ ਜੁਆਬ ਲਭਦੀ ਹੈ ਨਾ ਕਿ ‘ਕਿਉਂ’ ਦਾ ਉਤਰ

ਲਭਦੀ ਹੈ। ਮਿਸਾਲ ਵਜੋਂ ਰਿਗਵੇਦ ਦੇ 'ਪੁਰਸ-ਸੂਕਤ' 'ਚ ਕਿਹਾ ਜਾਂਦਾ ਹੈ ਕਿ ਬ੍ਰਾਹਮਣ ਖਤਰੀ, ਸ਼ੂਦਰ, ਹਵਾ, ਸੂਰਜ ਆਦਿ ਸਭ ਚੀਜ਼ਾਂ ਬ੍ਰਹਮਾ ਤੋਂ ਹੀ ਪੈਦਾ ਹੁੰਦੀਆਂ ਹਨ। ਆਖਰਕਾਰ ਇਹ ਬ੍ਰਹਮਾ ਤੋਂ ਕਿਵੇਂ ਪੈਦਾ ਹੋ ਸਕਦੀਆਂ ਹਨ। ਵੈਦਿਕ, ਸਭਿਅਤਾ 'ਚ ਵਿਸ਼ਵਾਸ਼ ਰੱਖਣ ਵਾਲਿਆਂ ਨੇ ਇਸ ਦਾ ਜੁਆਬ ਅਜੇ ਤਕ ਨਹੀਂ ਦਿੱਤਾ ਹੈ ਕਿਉਂਕਿ ਉਹਨਾਂ ਦਾ ਮੰਨਣਾ ਹੈ ਕਿ ਇਹ ਸਭ ਬ੍ਰਹਮਾ ਦੀ ਇੱਛਾ ਨਾਲ ਹੋਇਆ ਜਾਂ ਅਜਿਹੀ ਰੱਬ ਦੀ ਇੱਛਾ ਸੀ। ਪਰ ਕਿਉਂਕਿ ਦਲਿਤ ਸਮਾਜ ਮੁੱਖ ਤੌਰ 'ਤੇ ਵਿਗਿਆਨਕ ਵਿਧੀ ਤੇ ਤਰਕ ਦੀ ਕਸੌਟੀ 'ਤੇ ਯਕੀਨ ਕਰਦਾ ਰਿਹਾ ਹੈ ਇਸ ਲਈ ਦਲਿਤ ਸਮਾਜ ਤੇ ਪੂਰੇ ਭਾਰਤੀ ਬ੍ਰਾਹਮਣੀ ਸਮਾਜ ਨੂੰ ਇਕ ਨਵੀਂ ਸਿਹਤਮੰਦ ਮਾਨਵੀ ਦੁਨੀਆਂ ਦੇਣ ਲਈ ਵਿਕਲਪਿਕ ਸਿੱਖਿਆ ਦਾ ਕੇਂਦਰ ਬਿੰਦੂ ਵਿਗਿਆਨਕ ਵਿਧੀ ਹੀ ਹੋ ਸਕਦੀ ਹੈ।

# ਛਤਰਪਤੀ ਸ਼ਾਹੂ ਜੀ ਮਹਾਰਾਜ ਦੇ ਵਿਚਾਰਾਂ ਅਨੁਸਾਰ ਸਤਾ 'ਚ ਭਾਗੀਦਾਰੀ ਲਈ ਵਕਾਲਤ

ਸ਼ਾਹੂ ਜੀ ਮਹਾਰਾਜ ਦਲਿਤਾਂ ਤੇ ਪਿਛੜਿਆਂ ਦੀ ਨਾ ਸਿਰਫ ਸਮਾਜ ਤੇ ਆਰਥਕ ਉੱਨਤੀ ਚਾਹੁੰਦੇ ਸਨ ਬਲਕਿ ਉਹਨਾਂ ਨੂੰ ਸੱਤਾ ਤੇ ਹਕੂਮਤ 'ਚ ਵੀ ਭਾਗੀਦਾਰੀ ਦਿਵਾਉਣਾ ਚਾਹੁੰਦੇ ਸਨ। ਪਿਛੜੀ ਜਾਤੀ ਨੂੰ ਵਿਧੀ ਮੰਡਲਾਂ 'ਚ ਨੁਮਾਇੰਦਗੀ ਦਿਵਾਉਣ ਲਈ ਉਹਨਾਂ ਨੂੰ ਸਾਊਥਬੋਰ ਕਮਿਸ਼ਨ ਦੇ ਸਾਹਮਣੇ ਆਪਣਾ ਪੱਖ ਰੱਖਿਆ। ਜੋ ਇਕ ਮਿਸਾਲ ਹੈ ਕੁਲ ਹਿੰਦ ਕਾਂਗਰਸ ਪਾਰਟੀ ਦੇ ਪ੍ਰਸਿੱਧ ਤੇ ਵਿਦਵਾਨ ਨੇਤਾ ਬਾਲ ਗੰਗਾਧਰ ਤਿਲਕ ਨੇ ਬ੍ਰਿਟਿਸ਼ ਹਕੂਮਤ ਤੋਂ ਜ਼ਿੰਮੇਵਾਰ ਤੇ ਪ੍ਰਸਿੱਧ ਸਰਕਾਰ 'ਚ ਹਿੱਸੇਦਾਰੀ ਦੀ ਮੰਗ ਉਠਾਈ ਸੀ। ਅੰਗਰੇਜ਼ਾਂ ਨੇ ਤਿਲਕ ਦੀ ਇਸ ਮੰਗ 'ਤੇ ਧਿਆਨ ਦਿੰਦੇ ਹੋਇਆ ਭਾਰਤੀਆਂ ਦੀ ਸੱਤਾ 'ਚ ਭਾਗੀਦਾਰੀ ਲਈ ਇਕ ਵਿਧੀ ਮੰਡਲ ਗਠਨ ਕਰਨ ਦਾ ਫੈਸਲਾ ਲਿਆ। ਇਸ 'ਚ ਸਭ ਵਰਗਾਂ ਦੀ ਨੁਮਾਇੰਦਗੀ ਯਕੀਨੀ ਬਣਾਈ ਜਾਣੀ ਸੀ ਤਾਂ ਕਿ 'ਆਜ਼ਾਦੀ' ਤੋਂ ਪਿੱਛੋਂ ਸੱਤਾ 'ਚ ਸਭਨਾ ਵਰਗਾਂ ਨੂੰ ਨੁਮਾਇੰਦਗੀ ਮਿਲ ਸਕੇ। ਇਸ ਕੰਮ ਲਈ ਬ੍ਰਿਟਿਸ਼ ਹਕੂਮਤ ਨੇ ਸਾਊਥਬਰੋ ਕਮਿਸ਼ਨ ਨੂੰ ਭਾਰਤ ਭੇਜਿਆ। ਛਤਰਪਤੀ ਸ਼ਾਹੂ ਜੀ ਮਹਾਰਾਜ ਨੇ ਆਪਣੇ ਇਕ ਸਹਿਯੋਗੀ ਅਤੇ ਸਤਿਆਸੋਧਕ ਸਮਾਜ ਦੇ ਮਿਸ਼ਨਰੀ ਕਾਰਕੁੰਨ ਭਾਸਕਰ ਰਾਓ ਜਾਘਵ ਨੂੰ ਸਾਊਥਬਰੋ ਕਮਿਸ਼ਨ ਦੇ ਸਾਹਮਣੇ ਭੇਜ ਕੇ ਪਿਛੜੀ ਜਾਤੀ ਦੇ ਲੋਕਾਂ ਲਈ ਵਿਧੀ ਮੰਡਲ 'ਚ ਨੁਮਾਇੰਦਗੀ ਦੀ ਮੰਗ ਕੀਤੀ। ਉਧਰ ਅੰਬੇਦਕਰ ਨੇ ਵੀ ਸ਼ਾਹੂ ਜੀ ਤੋਂ ਪ੍ਰੇਰਨਾ ਲੈ ਕੇ ਕਮਿਸ਼ਨ ਤੋਂ ਅਛੂਤਾਂ ਲਈ ਨੁਮਾਇੰਦਗੀ ਦੀ ਮੰਗ ਕੀਤੀ ਤਾਂ ਕਿ ਉਹ ਆਪਣੇ ਹੱਕ ਤੇ ਅਜ਼ਾਦੀ ਲਈ ਆਵਾਜ਼ ਉਠਾ ਸਕਣ। ਪਰ ਬਾਲ ਗੰਗਾਧਰ ਤਿਲਕ ਖੁਦ ਤਾਂ ਭਾਰਤ ਦੀ ਅੰਗਰੇਜ਼ੀ ਸੱਤਾ 'ਚ ਹਿੱਸੇਦਾਰ ਬਣਨਾ ਚਾਹੁੰਦੇ ਸਨ ਪਰ ਦਲਿਤਾਂ ਪਿਛੜਿਆਂ ਨੂੰ ਬ੍ਰਾਹਮਣਾਂ ਦਾ ਹੀ ਗੁਲਾਮ ਬਣਾ ਕੇ ਰੱਖਣਾ ਚਾਹੁੰਦੇ ਸਨ। ਇਸ ਲਈ ਉਸ ਨੇ ਸ਼ਾਹੂ ਜੀ ਦੇ ਇਸ ਯਤਨ ਦੇ ਜ਼ੋਰਦਾਰ ਵਿਰੋਧ ਕੀਤਾ। ਤਿਲਕ ਕੋਹਲਾਪੁਰ ਨਾਲ ਲਗਦੇ ਅਥਨੀ ਨਾਂ ਦੇ ਪਿੰਡ 'ਚ 11 ਨਵੰਬਰ 1917 ਨੂੰ ਇਕ ਸੰਮੇਲਨ ਕੀਤਾ ਇਸ ਸੰਮੇਲਨ 'ਚ ਉਹਨਾਂ ਕਿਹਾ, "ਤੇਲੀ, ਤਮੋਲੀ ਤੇ ਕੁਣਭ (ਕੁਰਮੀ) ਨੇ ਸੰਸਦ 'ਚ ਜਾ ਕੇ ਹੀ ਹਲ ਚਲਾਉਣਾ ਹੈ? ਕੀ ਸੰਸਦ ਖੇਤ ਹੈ ਜਿਥੇ ਹੱਲ ਚਲਾਇਆ ਜਾਵੇਗਾ? ਕੌਂਸਿਲ 'ਚ ਜਾ ਕੇ ਕੀ ਦਰਜ਼ੀ ਸਿਲਾਈ ਮਸ਼ੀਨ ਚਲਾਵੇਗਾ? ਤੇ ਬਾਣੀਆਂ ਨਾਪ-ਤੋਲ ਦਾ ਕੰਮ ਕਰੇਗਾ?"

ਦੂਜੇ ਸ਼ਬਦਾਂ 'ਚ ਤਿਲਕ ਅਨੁਸਾਰ ਦਲਿਤ ਪਿਛੜੀਆਂ ਜਾਤੀਆਂ ਨੂੰ ਖਾਨਦਾਨੀ ਪੇਸ਼ਾ ਹੀ ਕਰਨਾ ਚਾਹੀਦਾ ਹੈ, ਸੰਸਦ 'ਚ ਨੁਮਇੰਦਗੀ ਨਹੀਂ। ਤਿਲਕ ਦੇ ਇਸ ਭਾਸ਼ਣ ਦੀ ਸ਼ਾਹੂ ਜੀ ਨੇ 15 ਅਪ੍ਰੈਲ 1920 ਨੂੰ ਨਾਸਿਕ 'ਚ ਅਲੋਚਨਾ ਕਰਦਿਆਂ ਕਿਹਾ ਕਿ ਉਹਨਾਂ ਨੂੰ ਅਜਿਹੇ ਬਿਆਨ 'ਤੇ ਸ਼ਰਮ ਆਉਣੀ ਚਾਹੀਦੀ ਹੈ। ਇਸ ਪ੍ਰਕਾਰ ਅਨੇਕਾਂ ਅੜਕਿਆਂ ਦੇ ਬਾਵਜੂਦ ਸ਼ਾਹੂ ਜੀ ਨੇ ਦਲਿਤੀ-ਪਿਛੜਿਆਂ ਦੀ ਆਜ਼ਾਦੀ ਦੀ ਮੁਹਿੰਮ ਨੂੰ ਜਾਰੀ ਰੱਖਿਆ।

# ਕੀ ਅੰਬੇਦਕਰ ਦਾ ਪ੍ਰੋਗ੍ਰਾਮ ਕਿਰਤੀਆਂ ਲਈ ਸੇਧ ਦਿੰਦਾ ਹੈ?

ਮਾਰਕਸ ਬਨਾਮ ਅੰਬੇਦਕਰ ਦੀ ਚਰਚਾ ਕਰਦੇ ਸਮੇਂ ਇਹ ਸਾਨੂੰ ਤਹਿ ਕਰਨਾ ਚਾਹੀਦਾ ਹੈ ਕਿ ਕੀ ਅੰਬੇਦਕਰ ਪਾਸ ਕੋਈ ਆਰਥਕ ਪ੍ਰੋਗ੍ਰਾਮ ਹੈ? ਜਾਂ ਨਹੀਂ। ਮਾਰਕਸ ਦੇ ਪ੍ਰੋਗ੍ਰਾਮ 'ਚ ਹੇਠ ਲਿਖੀਆਂ ਗੱਲਾਂ ਹਨ। ਜਾਇਦਾਦਾਂ 'ਤੇ ਸਭ ਤਰ੍ਹਾਂ ਦੇ ਜਮਾਂਦਰੂ ਅਧਿਕਾਰ ਖਤਮ ਹੋਣੇ ਚਾਹੀਦੇ ਹਨ। ਸਭ ਸ਼ਹਿਰੀਆਂ ਨੂੰ ਕਿਰਤ ਕਰਨੀ ਪਵੇਗੀ।" ਮਾਰਕਸ ਦੇ ਪ੍ਰੋਗ੍ਰਾਮ ਦਾ ਸਾਰ ਹੈ ਕਿਰਤ ਦੀ ਲੁੱਟ ਦਾ ਖਾਤਮਾ। ਸਮਾਜ 'ਚ ਇਕ ਅਜਿਹਾ ਵਰਗ ਹੈ ਜੋ ਸੈਂਕੜੇ ਹਜ਼ਾਰਾਂ ਸਾਲਾਂ ਤੋਂ ਬਿਨਾਂ ਕੋਈ ਕਿਰਤ ਕੀਤੇ ਲੁੱਟ ਦੇ ਜ਼ਰੀਏ ਜੀਵਨ-ਨਿਰਬਾਹ ਕਰਦਾ ਆ ਰਿਹਾ ਹੈ। ਇਸ ਨੇ ਭੂਮੀ, ਮੁਦਰਾ ਤੇ ਪੂੰਜੀ ਨੂੰ ਆਪਣੀ, ਨਿਜੀ ਜਾਇਦਾਦ ਬਣਾਇਆ ਹੋਇਆ ਹੈ। ਇਹ ਭੂਮੀ ਅਧਿਕਾਰ ਦੇ ਨਾਂ ਹੇਠ ਕਿਰਾਇਆ ਵਸੂਲਦਾ ਆ ਰਿਹਾ ਹੈ। ਮੁਦਰਾ ਦੇ ਅਧਿਕਾਰ ਦੇ ਨਾਂ ਹੇਠ ਵਿਆਜ ਲੈਂਦਾ ਆ ਰਿਹਾ ਹੈ ਨਿਚੋੜਦਾ ਆ ਰਿਹਾ ਹੈ। ਇਹ ਸਾਰੀ ਆਮਦਨ ਅਸਲ 'ਚ ਉਸ ਕਿਰਤ ਦਾ ਹਿੱਸਾ ਹੁੰਦੀ ਹੈ ਜੋ ਮਿਹਨਤਕਸ਼ ਵਰਗ ਪੈਦਾ ਕਰਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਜੋ ਵਰਗ ਕੋਈ ਕਿਰਤ ਨਹੀਂ ਕਰਦਾ ਉਹ ਉਸ ਗਰੀਬ ਵਰਗ ਦੀ ਲੁੱਟ ਕਰਕੇ ਜਿਉਂਦਾ ਰਹਿੰਦਾ ਹੈ। ਜੋ ਕਿਰਤ ਕਰਦਾ ਹੈ। ਸੰਸਾਰ ਦੇ ਸਾਰੇ ਦੇਸ਼ਾਂ 'ਚ ਗੁਲਾਮੀ ਦੇ ਦਿਨਾਂ ਤੋਂ ਅਜਿਹਾ ਹੁੰਦਾ ਆ ਰਿਹਾ ਹੈ। ਮਿਹਨਤਕਸ਼ ਵਰਗ ਨੂੰ ਮਾਲਕਾਂ ਦੇ ਵਰਗ ਵਿਰੁੱਧ ਸੰਘਰਸ਼ ਛੇੜ ਦੇ ਖੁਦ ਨੂੰ ਆਜ਼ਾਦ ਕਰਨਾ ਹੋਵੇਗਾ। ਇਸ ਨੂੰ ਮਾਲਕਾਂ ਦੀ ਸਾਰੀ ਜਾਇਦਾਦ ਨੂੰ ਬਿਨਾਂ ਕੋਈ ਮੁਆਵਜ਼ਾ ਦਿੱਤਿਆਂ ਸਮੂਹਕ ਮਾਲਕੀ ਅਧੀਨ ਲਿਆਉਣਾ ਹੋਵੇਗਾ। ਮਿਹਨਤਕਸ਼ ਵਰਗ ਨੂੰ ਹਾਲਤਾਂ ਪ੍ਰਣਾਲੀਆਂ 'ਚ ਅਜਿਹੀ ਤਬਦੀਲੀ ਕਰਨੀ ਹੋਵੇਗੀ। ਜਿਸ ਨਾਲ ਹਾਕਮ ਜਮਾਤ ਨੂੰ ਵੀ ਕਿਰਤ ਕਰਨੀ ਪਵੇ। ਹਰੇਕ ਬੰਦੇ ਨੂੰ ਆਪਣੀ ਕਿਰਤ ਕਰਕੇ ਜੀਵਨ ਨਿਰਬਾਹ ਕਰਨਾ ਚਾਹੀਦਾ ਹੈ ਬਜਾਏ ਇਸ ਦੇ ਕਿ ਉਹ ਦੂਜਿਆਂ ਦੀ ਮਿਹਨਤ 'ਤੇ ਜਿੰਦਾ ਰਹੇ।

ਦੂਜੇ ਪਾਸੇ ਅੰਬੇਦਕਰ ਦੇ ਆਰਥਕ ਏਜੰਡੇ ਜਾਂ ਪ੍ਰੋਗ੍ਰਾਮ 'ਚ ਹੇਠ ਲਿਖੀਆਂ ਗੱਲਾਂ ਸ਼ਾਮਲ ਹਨ :- ਸਰਕਾਰ ਨੂੰ ਭੂਇੰ ਮਾਲਕਾਂ ਦੀ ਜ਼ਮੀਨ ਤੇ ਸਨਅਤਕਾਰਾਂ ਦੇ ਉਦਯੋਗ ਮੁਆਵਜ਼ੇ ਦਾ ਭੁਗਤਾਨ ਕਰਕੇ ਖਰੀਦਣੇ ਚਾਹੀਦੇ ਹਨ। ਸਰਕਾਰ ਦੀ ਜਾਇਦਾਦ ਦੇ ਮਾਲਕਾਂ ਨੂੰ ਕਰਜ਼ਾ ਪੱਤਰ ਦੇਣਾ ਚਾਹੀਦਾ ਹੈ ਅਤੇ ਵਿਆਜ ਦਾ ਸਲਾਨਾ ਭੁਗਤਾਨ ਕਰਨਾ ਚਾਹੀਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹਨਾਂ ਉਦਯੋਗਾਂ ਤੇ ਭੂਮੀ ਦਾ ਕੰਟਰੋਲ ਉਹ ਖੁਦ ਕਰੇ - ਇਹ ਅੰਬੇਦਕਰ ਦਾ ਆਰਥਕ ਏਜੰਡਾ ਇਥੇ ਕੋਈ ਅਜਿਹੀ ਸ਼ਰਤ ਨਹੀਂ ਰੱਖੀ ਗਈ ਕਿ ਸਾਰੇ ਬੰਦਿਆਂ ਨੂੰ ਹੈ। ਕਿਰਤ ਕਰਨੀ ਪੈਣੀ ਹੈ। ਜਾਇਦਾਦ ਮਾਲਕ ਪਹਿਲਾਂ ਵਾਂਗੂ ਹੀ ਬਿਨਾਂ ਕੋਈ ਮਿਹਨਤ ਕੀਤਿਆਂ ਵਿਆਜ 'ਤੇ ਐਸ਼ ਕਰਦੇ ਰਹਿਣਗੇ। ਜਾਇਦਾਦ ਮਾਲਕਾਂ ਦੀ ਸਾਰੀ ਸੰਪਤੀ ਹੁਣ 'ਮੁਦਰਾ' ਹੋ ਜਾਵੇਗੀ। ਉਸ ਮੁਦਰਾ 'ਤੇ ਸਰਕਾਰ ਤੋਂ ਵਿਆਜ ਮਿਲਦਾ ਰਹੇਗਾ। ਭੂਇੰ ਮਾਲਕਾਂ ਨੂੰ ਜੋ ਆਮਦਨ ਪਹਿਲਾਂ ਕਿਰਾਇਆ ਦੇ ਨਾਂ 'ਤੇ ਮਿਲਦੀ ਸੀ ਹੁਣ ਵਿਆਜ ਦੇ ਨਾਂ ਹੇਠ ਮਿਲੇਗੀ। ਦੋਨੋਂ ਗੱਲਾਂ ਬਰਾਬਰ ਹਨ। ਜਾਇਦਾਦ ਅਧਿਕਾਰਾਂ ਦਾ ਰੂਪ ਬਦਲਿਆ ਹੈ। ਸਰੋਤ ਕੀ ਹੈ। ਜਿਥੋਂ ਸਰਕਾਰ ਜਾਇਦਾਦ ਮਾਲਕਾਂ ਨੂੰ ਵਿਆਜ ਦਾ ਭੁਗਤਾਨ

ਕਰੇਗੀ? ਇਹ ਕਿਥੋਂ ਆਵੇਗਾ ਮਿਹਨਤਕਸ਼ਾਂ ਦੀ ਜਮਾਤ ਤੋਂ ਭੁਗਤਾਨ ਕਰਨ ਦਾ ਤਰੀਕਾ ਇਹ ਹੋਵੇਗਾ। ਸਰਕਾਰ ਨੇ ਜੋ ਜ਼ਮੀਨ ਖਰੀਦੀ, ਉਸ ਨੂੰ ਕਿਰਾਏ ਤੇ ਦੇਵੇਗੀ ਤਾਂ ਕਿ ਉਹਨਾਂ ਦੇ ਕਰਜਾ ਪੱਤਰ ਧਾਰਕਾਂ ਨੂੰ ਵਿਆਜ ਦੇਣ ਲਈ ਕਾਫੀ ਹੋਵੇ। ਭਾਵ ਇਹ ਕਿ ਅੰਬੇਦਕਰ ਦੇ ਪ੍ਰੋਗ੍ਰਾਮ ਰਾਹੀਂ ਵੀ ਇਹ ਜਾਇਦਾਦ ਦੇ ਮਾਲਕ ਮਿਹਨਤਕਸ਼ ਦੀ ਕਿਰਤ ’ਤੇ ਜਿਉਂਦਾ ਰਹਿਣਗੇ ਤੇ ਪਹਿਲਾਂ ਵਾਂਗੂ ਹੀ ਕਿਰਤ ਨਹੀਂ ਕਰਨਗੇ। ਇਹ ਇਕ ਅਸਥਾਈ ਵਿਵਸਥਾ ਹੈ ਪਰ ਨਾ ਹੀ ਅੰਬੇਦਕਰ ਨੇ ਇਹ ਕਿਹਾ ਹੈ ਕਿ ਜਾਇਦਾਦ ਦੇ ਅਧਿਕਾਰਾਂ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਇਹ ਸੰਪਤੀ ਅਧਿਕਾਰ ਪੁਸ਼ਤ ਦਰ ਪੁਸ਼ਤ ਚਲਦੇ ਰਹਿਣਗੇ। ਪੀੜੀ ਦਰ ਪੀੜੀ। ਇਹ ਕਰਜਾ ਪੱਤਰ ਧਾਰਕਾ ਦੇ ਪ੍ਰੀਵਾਰ ਪੀੜ੍ਹੀਆਂ ਤਕ ਵਿਆਜ ਲੈਂਦੇ ਰਹਿਣਗੇ। ਇਹੀ ਹੀ ਪ੍ਰੋਗ੍ਰਾਮ ਹੈ ਜੋ ਅੰਬੇਦਕਰ ਕੇ ਮਾਨਵ ਜਾਤੀ ਸਾਹਮਣੇ ਪੇਸ਼ ਕੀਤਾ। ਉਹਨਾਂ ਇਹ ਵੀ ਕਿਹਾ ਕਿ ‘ਇਹ ਕਿੰਨਾ ਉਤਮ ਏਜੰਡਾ ਹੈ’ ਮਾਰਕਸ ਤੇ ਅੰਬੇਦਕਰ ਦੋਨਾਂ ਦੇ ਪ੍ਰੋਗ੍ਰਾਮ ਪੇਸ਼ ਕਰਨ ਪਿੱਛੋਂ ਇਹ ਕਿਹਾ ਜਾ ਸਕਦਾ ਹੈ ਮਾਰਕਸ ਨੇ ਕਿਰਤ ਦੀ ਲੁੱਟ ਨੂੰ ਖਤਮ ਕਰਨ ਦਾ ਸੁਝਾਅ ਦਿੱਤਾ ਜਦ ਕਿ ਅੰਬੇਦਕਰ ਨੇ ਸੰਪਤੀ ਅਧਿਕਾਰਾਂ ਦੇ ਉਤਰਾਧਿਕਾਰੀ ਦਾ ਸੁਝਾਅ ਦਿੱਤਾ ਤਾਂ ਕਿ ਲੁੱਟ ਕਰਕੇ ਜੀਵਨ ਬਿਤਾਇਆ ਜਾ ਸਕੇ।

ਦੋ ਵੱਖ ਰਸਤਿਆਂ ਦੀ ਕੀ ਲੋੜ ਪਈ? ਜਦ ਅੰਬੇਦਕਰ ਤੋਂ ਪਹਿਲਾਂ ਹੀ ਇਕ ਰਸਤਾ ਮਾਰਕਸ ਨੇ ਦਰਸਾਇਆ ਹੋਇਆ ਸੀ ਤਾਂ ਦੂਜੇ ਰਸਤੇ ਦੀ ਲੋੜ ਕਿਉਂ ਪਈ? ਅੰਬੇਦਕਰ ਨੂੰ ਪਹਿਲੇ ਵਿਅਕਤੀ (ਮਾਰਕਸ) ਦੇ ਰਸਤੇ ਦੀ ਹੀ ਹਮਾਇਤ ਕਰਨੀ ਚਾਹੀਦੀ ਸੀ। ਜੋ ਲੋਕ ਕਿਰਤ ਦੀ ਲੁੱਟ ਸਮਝਣਾ ਪਸੰਦ ਨਹੀਂ ਕਰਦੇ ਤੇ ਜਿਹਨਾਂ ਨੂੰ ਇਸ ’ਤੇ ਬੁਖਲਾਹਟ ਨਹੀਂ ਹੁੰਦੀ ਉਹਨਾਂ ਨੂੰ ਅਜਿਹਾ ਬੰਦਾ ਜ਼ਰੂਰ ਮਿਲ ਜਾਵੇਗਾ ਜੋ ਵਿਆਜ ਤੇ ਲੁਟੇਰੇ ਅਧਿਕਾਰਾਂ ਦਾ ਬਚਾਅ ਕਰਦਾ ਹੋਵੇ। ਅੰਬੇਦਕਰ ਨੇ ਨਿਜੀ ਜਾਇਦਾਦ ਦੇ ਅਧਿਕਾਰਾਂ ਦੀ ਹਮਾਇਤ ਕੀਤੀ ਹੈ। ਜੋ ਕਿਰਤ ਦੀ ਲੁੱਟ ਧਾਰਨਾ ਨੂੰ ਨਹੀਂ ਸਮਝਦੇ ਅਜਿਹੇ ਲੋਕ ਜਾਇਦਾਦ ਦੇ ਅਧਿਕਾਰ ਦੀ ਹਮਾਇਤ ਹੀ ਕਰਨਗੇ ਤੇ ਹਾਕਮ ਜਮਾਤ ਦੀ ਹਿੱਤ ਪੂਰਤੀ ਕਰਦੇ ਰਹਿੰਦੇ ਹਨ। ਅੰਬੇਦਕਰ ਨੇ ਵੀ ਇਕ ਮੌਕੇ ਬੁੱਧ ਤੇ ਮਾਰਕਸ ਦੀ ਤੁਲਨਾ ਕੀਤੀ ਹੈ। ਕੁਝ ਲੋਕਾਂ ਦਾ ਕਹਿਣਾ ਹੈ ਕਿ ਬੁੱਧ ਸਿਧਾਂਤ ਨਿਰਾਸ਼ਾਵਾਦੀ ਹੈ। ਇਹ ਸੁਆਲ ਮਾਰਕਸ ਦੇ ਸਿਧਾਂਤ ਬਾਰੇ ਕਿਉਂ ਨਹੀਂ ਕੀਤਾ ਜਾਂਦਾ?” ਠੀਕ ਮਾਰਕਸ ਦਾ ਜੋ ਕਹਿਣਾ ਹੈ, ਉਹ ਅੰਬੇਦਕਰ ਦੇ ਕਹਿਣ ਵਰਗਾ ਨਹੀਂ ਹੈ। ਇਹ ਇਕ ਦੂਜੇ ਦੇ ਆਪਸੀ ਵਿਰੋਧੀ ਹਨ। ਜਦੋਂ ਕੋਈ ਅੰਬੇਦਕਰ ’ਤੇ ਕੀਤੀ ਦੂਜਿਆਂ ਦੀ ਅਲੋਚਨਾ ਦੇ ਅਸਲੀ ਅਧਾਰ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦਾ ਤੇ ਉਹ ਦਲੀਲ ਦਿੰਦਾ ਹੈ ਕਿ ‘ਅੰਬੇਦਕਰ ਦੀ ਅਲੋਚਨਾ ਇਸ ਲਈ ਕੀਤੀ ਜਾ ਰਹੀ ਹੈ ਕਿ ਉਹ ਦਲਿਤ ਹੈ, ਪਰ ਕਈ ਗੈਰ ਦਲਿਤ ਵੀ ਅੰਬੇਦਕਰ ਦੀ ਤਾਰੀਫ ਕਰਦੇ ਹਨ ਪਰ ਇਹ ਉਦੋਂ ਜਦੋਂ ਉਹ ਸਮਝ ਗਏ ਕਿ ਅੰਬੇਦਕਰ ‘ਕਿਰਤ ਦੀ ਲੁੱਟ’ ਦੇ ਸਿਧਾਂਤ ਦੇ ਵਿਰੋਧੀ ਅਤੇ ਲੁਟੇਰੀ ਜਮਾਤ ਦੇ ਹਾਮੀ ਹਨ। ਜਿਨਾਂ ਨੂੰ ਪਤਾ ਲਗ ਗਿਆ ਕਿ ਲੁਟੇਰਾ ਕੀ ਹੁੰਦਾ ਹੈ ਤਾਂ ਕੀ ਉਹ ਲੁੱਟ ਦੇ ਸਮਰਥਕ ਦੀ ਹਮਾਇਤ ਕਰਨਗੇ? ਤੇ ਉਸ ਨੂੰ ਮਹਾਨ ਮੰਨਣਗੇ? ਅੰਬੇਦਕਰ ਦੀ ਅਲੋਚਨਾ ਇਸ ਲਈ ਨਹੀਂ ਕਿ ਉਹ ਅਛੂਤ ਹਨ ਬਲਕਿ ਇਸ ਲਈ ਕਿ ਉਹ ਲੁਟੇਰੀ ਜਮਾਤ ਦੇ ਹਮਾਇਤੀ ਹਨ ਕਿਉਂਕਿ ਉਹ ਮਾਰਕਸਵਾਦ ਦੇ ਵਿਰੋਧੀ ਹਨ। ਇਸ ਲਈ ਉਹਨਾਂ ਦੀ ਅਲੋਚਨਾ ਕੀਤੀ ਜਾਣੀ ਚਾਹੀਦੀ ਹੈ। ਅੰਬੇਦਕਰ

ਨੇ ਇਕ ਵਾਰ ਆਰਥਕ ਏਜੰਡਾ ਸੰਵਿਧਾਨ ਸਭਾ ’ਚ ਪੇਸ਼ ਕਰਨ ਲਈ ਤਿਆਰ ਕੀਤਾ ਸੀ ਇਹ ਐਸਾ ਪ੍ਰੋਗ੍ਰਾਮ ਸੀ ਜੋ ਲੁੱਟ ਦੀ ਹਮਾਇਤ ਕਰਦਾ ਹੈ। ਖੁਦ ਅੰਬੇਦਕਰ ਨੇ ਆਪਣੇ ਆਰਥਕ ਏਜੰਡੇ ਦਾ ਦੁਬਾਰਾ ਕਦੀ ਜ਼ਿਕਰ ਹੀ ਨਹੀਂ ਕੀਤਾ। ਉਹਨਾਂ ਨੇ ਆਪਣਾ ਆਰਥਕ ਪ੍ਰੋਗ੍ਰਾਮ ਦੇਣਾ 1947 ’ਚ ਬੰਦ ਕਰ ਦਿੱਤਾ ਅਤੇ ਬੁੱਧ ਦੇ ਅਸ਼ਟਾਗ ਮਾਰਗ ਦਾ ਉਪਦੇਸ਼ ਦੇਣਾ ਸ਼ੁਰੂ ਕਰ ਦਿੱਤਾ। ਦੋਨੋਂ ਹੀ ਲੁੱਟ ਦੇ ਪੱਖ ’ਚ ਹਨ। ਇਸ ਲਈ ਅੰਬੇਦਕਰ ਨੂੰ ਆਪਣੇ ਲੁੱਟਦੇ ਆਰਥਕ ਪ੍ਰੋਗ੍ਰਾਮ ਦੇ ਮੁਕਾਬਲੇ ਅਸ਼ਟਾਂਗ ਮਾਰਗ ਵੱਧ ਆਕਰਸ਼ਿਕਾ ਲੱਗਿਆ। ਕਿਉਂਕਿ ਅੰਬੇਦਕਰ ਕਿਰਤ ਲੁੱਟ ਦੇ ਪੱਖੀ ਸਨ। ਇਸ ਲਈ ਉਸ ਨੇ ‘ਮਾਰਕਸਵਦ’ ਤੋਂ ਮੂੰਹ ਫੇਰ ਲਿਆ। ਉਹਨਾਂ ਦੇ ਸਾਰੇ ਚੇਲਿਆਂ ਨੇ ਵੀ ਇਹ ਰਾਹ ਅਪਣਾਇਆ। ਇਹ ਏਨਾ ਅੰਨਾ ਰਸਤਾ ਹੈ ਜੋ ਉਹਨਾਂ ਨੂੰ ਇਹ ਸਮਝਣ ਦੇ ਅਸਮਰਥ ਬਣਾ ਦਿੰਦਾ ਹੈ ਕਿ ਇਸ ਨਾਲ ਉਹਨਾਂ ਦਾ ਹਿੱਤ ਹੋ ਰਿਹਾ ਹੈ ਜਾਂ ਅਹਿਤ।

# ਸਮਾਜਕ ਨਾ ਬਰਾਬਰੀ ਬਨਾਮ ਸਾਮਰਾਜਵਾਦ-II

ਭਾਰਤ ਦੇਸ਼ ਲਈ ਸਮਾਜਕ ਨਾ ਬਰਾਬਰੀ ਕੋਈ ਨਵੀਂ ਗੱਲ ਨਹੀਂ ਹੈ। ਪਰ ਪੂੰਜੀਵਾਦ (ਸਾਮਰਾਜ) ਇਸ ਭੇਦਭਾਵ ਨੂੰ ਜਿਸ ਤੇਜ਼ੀ ਨਾਲ ਫੈਲਾਅ ਰਿਹਾ ਹੈ, ਇਹ ਬਹੁਤ ਚਿੰਤਾਜਨਕ ਹੈ। ਇਤਿਹਾਸ ਦੇ ਹਰ ਦੌਰ 'ਚ ਸਾਮਰਾਜਵਾਦ ਹਰ ਨਵੇਂ ਰੂਪ 'ਚ ਸਾਹਮਣੇ ਆਉਂਦਾ ਰਿਹਾ ਹੈ। ਕਦੀ ਰਾਜਸੀ ਅਜ਼ਾਰੇਦਾਰੀ ਵਜੋਂ, ਕਦੇ ਆਰਥਕ ਜਬਰ ਦਾ ਰੂਪ ਧਾਰਨ ਕਰਕੇ ਅਤੇ ਕਦੀ ਮਾਨਸਿਕ ਸ਼ਕਤੀ ਦਾ ਰੂਪ ਧਾਰਨ ਕਰਕੇ। ਸਾਮਰਾਜ ਉਦਾਰਤਾਵਾਦ ਚਾਹੁੰਦਾ ਹੈ ਕਿ ਵਪਾਰ ਨੂੰ ਸਾਰੇ ਜਨਤਕ (ਸਰਕਾਰੀ) ਬੰਧਨਾਂ ਤੋਂ ਆਜ਼ਾਦ ਕਰ ਦਿੱਤਾ ਜਾਵੇ। ਸਮਾਜ ਨਫ਼ੇ-ਨੁਕਸਾਨ ਨੂੰ ਲਾਂਭੇ ਰੱਖ ਕੇ ਵਪਾਰ ਦਾ ਬਾਜ਼ਾਰ ਪੂਰੀ ਤਰ੍ਹਾਂ ਆਜ਼ਾਦ ਹੋਵੇ। ਕੌਮਾਂਤਰੀ ਵਪਾਰ ਲਈ ਜ਼ਿਆਦਾ ਖੁੱਲ੍ਹਾਪਨ ਹੋਵੇ। ਆਰਥਕ ਅਦਾਰਿਆਂ ਤੇ ਪੂੰਜੀ ਦਾ ਅਜ਼ਾਦ ਰੂਪ 'ਚ ਵਾਧਾ ਤੇ ਫੈਲਾਅ ਹੋਵੇ। ਚੀਜਾਂ ਦੀਆਂ ਕੀਮਤਾਂ 'ਤੇ ਕੋਈ ਕੰਟਰੋਲ ਨਾ ਹੋਵੇ। ਕਰਮਚਾਰੀ ਯੂਨੀਅਨਾਂ ਦੀ ਕਮਰ ਤੋੜਨਾ ਤੇ ਮੁਆਵਜ਼ੇ ਦੇ ਸਖਤ ਅਸੂਲ ਇਸ ਸਾਮਰਾਜੀ ਵਿਚਾਰਧਾਰਾ ਦੀ ਵਿਸ਼ੇਸ਼ਤਾ ਹੈ। ਸਰਕਾਰ ਦੇ ਅਜਿਹੇ ਸਾਰੇ ਕਨੂੰਨਾਂ ਦਾ ਖਾਤਮਾ ਜੋ ਵਪਾਰ 'ਚ ਲਾਭ 'ਤੇ ਅਸਰਅੰਦਾਜ਼ ਹੋ ਸਕਦੇ ਹਨ ਭਾਵ ਡੀਰੇਗੂਲੇਸ਼ਨ। ਲੋਕਾਂ 'ਤੇ ਹੋਣ ਵਾਲੇ ਖਰਚਿਆਂ 'ਚ ਕਮੀ 'ਬੁਨਿਆਦੀ ਸਮਾਜੀ ਲੋੜਾਂ ਦੇ ਵਿਭਾਗ 'ਚ ਸਰਕਾਰ ਦੀ ਭੂਮਿਕਾ' ਨੂੰ ਘੱਟ ਕਰਨ ਲਈ ਖਰਚਿਆਂ 'ਚ ਕਟੌਤੀ। ਸਰਕਾਰੀ ਸੰਸਥਾਵਾਂ, ਸਰਕਾਰੀ ਜਾਇਦਾਦਾਂ ਤੇ ਸੇਵਾਵਾਂ ਨੂੰ ਵੇਚ ਕੇ ਉਹਨਾਂ ਦਾ ਨਿਜੀਕਰਨ ਕਰ ਦਿੱਤਾ ਜਾਵੇ। ਸਰਕਾਰੀ ਵਿਭਾਗ ਦੀ ਕਾਰਜ ਸਮਰਥਾ ਵਧਾਉਣ ਦੇ ਬਹਾਨੇ ਸਰਕਾਰੀ ਸੰਸਥਾਵਾਂ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ। ਇਹਨਾਂ ਪੂੰਜੀਵਾਦੀ ਰੁਝਾਨਾਂ ਨੂੰ ਕੌਮਾਂਤਰੀ ਆਰਥਕ ਸੰਸਥਾਵਾਂ ਦੀ ਸਹਾਇਤਾ ਨਾਲ ਵਿਕਾਸਸ਼ੀਲ ਦੇਸ਼ਾਂ 'ਤੇ ਠੋਸਿਆ ਜਾਂਦਾ ਹੈ ਜਿਸ ਦਾ ਸ਼ਿਕਾਰ ਸਾਡਾ ਦੇਸ਼ ਵੀ। ਇਸ ਪੂੰਜੀਵਾਦੀ ਧਾਰਨਾ ਤੋਂ ਲਾਭ ਉਠਾਉਣ ਵਾਲਿਆਂ ਦੀ ਗਿਣਤੀ ਆਟੇ 'ਚ ਨਮਕ ਤੇ ਬਰਾਬਰ ਹੁੰਦੀ ਹੈ ਅਤੇ ਲੋਕਾਂ ਦੀ ਇਕ ਵੱਡੀ ਗਿਣਤੀ ਇਸ ਬੇਚੈਨੀ ਨੂੰ ਝੱਲ ਰਹੀ ਹੈ। ਇਸ ਸਖਤ ਮੁਨਾਫ਼ਾਖੋਰ ਰੁਝਾਣ ਕਾਰਨ ਉਹਨਾਂ ਦੇ ਹਿੱਸੇ ਲੁੱਟ ਤੇ ਮੁਸੀਬਤਾਂ ਦੇ ਢੇਰ ਬਦਲੇ ਮਾਮੂਲੀ ਮੁਨਾਫਾ ਦਿੱਤਾ ਜਾਂਦਾ ਹੈ। ਸਮਾਜਕ ਭੇਦਭਾਵ ਦੇ ਵੀ ਅਨੇਕਾਂ ਤਰੀਕੇ ਹਨ। ਸਮਾਜ ਦੇ ਵੱਖ-ਵੱਖ ਵਰਗਾਂ 'ਚ ਸਾਧਨਾਂ, ਅਧਿਕਾਰਾਂ ਛੋਟ ਤੇ ਗਰਾਂਟਾਂ ਦੀ ਅਨਿਆਪੂਰਨ ਤੇ ਅਸੰਤੁਲਿਤ ਵੰਡ ਦੀ ਵਜ੍ਹਾ ਕਰਕੇ ਪੈਦਾ ਹੋਣ ਵਾਲੀ ਨਾਬਰਾਬਰੀ ਹੀ ਅਸਲ 'ਚ 'ਸਮਾਜਕ ਭੇਦਭਾਵ' ਅਖਵਾਉਂਦੀ ਹੈ। ਮਿਹਨਤ ਤੇ ਯੋਗਤਾ ਦੀ ਬੁਨਿਆਦ 'ਤੇ ਸੰਸਥਾਨਾਂ ਤੇ ਅਧਿਕਾਰਾਂ 'ਚ ਕਮੀ ਜਾਂ ਜ਼ਿਆਦਤੀ, ਸਭਿਅਕ ਤੇ ਪੜ੍ਹੇ ਲਿਖੇ ਸਮਾਜ 'ਚ ਵੀ ਇਕ ਸੁਭਾਵਿਕ ਗੱਲ ਹੈ। ਪਰ ਜੇ ਇਸ ਦਾ ਕਾਰਨ ਅਧਿਕਾਰਾਂ ਦੀ ਉਲੰਘਣਾ, ਲੁੱਟ-ਘਸੁੱਟ ਤੇ ਨਾਇਨਸਾਫੀ ਹੋਵੇ ਤਾਂ ਇਹ ਬੇਹਤਰੀਨ ਬੇਚੈਨੀ ਅਤੇ ਅਨੇਕ ਸਮਾਜੀ ਸਮੱਸਿਆਵਾਂ ਦਾ ਕਾਰਨ ਬਣਦੀ ਹੈ। ਪੂੰਜੀਵਾਦੀ ਸਾਮਰਾਜ ਇਸ ਭੇਦਭਾਵ ਨੂੰ ਫੈਲਾਉਂਦਾ ਹੈ। ਸਮਾਜ ਸਾਸ਼ਤਰੀਆਂ ਅਨੁਸਰ ਸਮਾਜਕ ਭੇਦਭਾਵ ਨੂੰ ਮਾਪਿਆ ਵੀ ਜਾ ਸਕਦਾ ਹੈ। ਸਮਾਜੀ ਭੇਦਭਾਵ ਦਾ Socio Economic Scale (SES) ਰਾਹੀਂ ਹਿਸਾਬ ਲਾਇਆ ਜਾ ਸਕਦਾ ਹੈ ਇਸ ਦੇ ਜ਼ਰੀਏ ਇਸ ਗੱਲ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਵਿਅਕਤੀ ਜਾਂ ਸਮੂਹ ਉਸ ਸਮਾਜ ਦੇ ਦੂਜੇ ਵਿਅਕਤੀਆਂ ਜਾਂ

ਗਰੁੱਪਾਂ ਦੇ ਮੁਕਾਬਲੇ ਕਿਸ ਥਾਂ 'ਤੇ ਖੜ੍ਹਾ ਹੈ। ਇਸ ਪੈਮਾਇਸ ਨਾਲ ਤਿੰਨ ਗੱਲਾਂ ਪਤਾ ਕੀਤੀਆਂ ਜਾ ਸਕਦੀਆਂ ਹਨ। (1) ਆਰਥਕ ਸਥਿਤੀ (2) ਸਿੱਖਿਆ ਦੀ ਹਾਲਤ (3) ਕਾਰੋਬਾਰੀ ਪੱਧਰ।

ਸ਼ਤਾਬਦੀਆਂ ਤੋਂ ਚਲੀਆਂ ਆ ਰਹੀਆਂ ਸਮਾਜੀ ਧਾਰਨਾਵਾਂ ਕਾਰਨ ਭਾਰਤ ਦੇ ਉਚ ਵਰਗ ਦੇ ਮੁਕਾਬਲੇ ਪਿਛੜੇ ਵਰਗ ਦਾ ਔਸਤਨ SES ਸਕੋਰ ਬਹੁਤ ਹੀ ਕਮਜ਼ੋਰ ਹੈ। ਹੁਣ ਨਵਪੂੰਜੀਵਾਦੀ ਸਾਮਰਾਜ ਦੀ ਧਾਰਨਾ ਕਾਰਨ SES ਸਕੋਰ ਦਾ ਇਹ ਫਰਕ ਹੋਰ ਵੱਧ ਡੂੰਘਾ ਹੁੰਦਾ ਜਾ ਰਿਹਾ ਹੈ। SES ਦੀ ਬੁਨਿਆਦ 'ਤੇ ਸਮਾਜ ਸਾਸ਼ਤਰੀਆਂ ਨੇ ਸਮਾਜ ਨੂੰ ਇਓਂ ਵੰਡਿਆ ਹੈ।

(1) ਉੱਚ ਵਰਗ :- ਉਚ ਐਗਜੀਕਿਊਟਿਵ ਅਫਸਰ, ਸਨਮਾਨਿਤ ਤੇ ਖੁਸ਼ਹਾਲ ਉਚ ਰਾਜਸੀ ਨੇਤਾ ਤੇ ਪੂੰਜੀਵਾਦੀ

(2) ਉਚ ਮੱਧ ਵਰਗ :- ਉਚ ਸਿਖਿਅਤ ਪ੍ਰੋਫੈਸ਼ਨਲ, ਸਰਕਾਰੀ ਅਧਿਕਾਰੀ ਤੇ ਵੱਡੇ ਵਪਾਰੀ ਆਦਿ।

(3) ਨਿਮਨ ਮੱਧ ਵਰਗ :- ਮਿਹਨਤਕਸ਼ ਸਿਖਿਅਤ ਮਜ਼ਦੂਰ ਵਰਗ।

(4) ਸਾਧਾਰਨ ਮਜ਼ਦੂਰ ਜਮਾਤ ਜਾਂ ਬਹੁਤ ਹੀ ਘੱਟ ਆਮਦਨੀ ਵਾਲੇ ਮਿਹਨਤਕਸ਼।

ਪੱਛਮੀ ਸਮਾਜ ਦੀ ਅਗਵਾਈ 'ਚ ਕੀਤੇ ਜਾਣ ਵਾਲੇ ਖੋਜ ਭਾਰਤੀ ਸਮਾਜ ਨੂੰ ਪੂਰਨ ਤੌਰ 'ਤੇ ਪ੍ਰਤੀਬਿੰਬਤ ਨਹੀਂ ਕਰਦੇ। ਸਾਡੇ ਦੇਸ਼ 'ਚ ਇਸ ਭੇਦਭਾਵ 'ਚ ਜਾਤੀ ਭੇਦਭਾਵ ਵੀ ਇਕ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਇਸ ਤੋਂ ਵੀ ਵੱਧ ਇਹ ਕਿ ਸਾਡੇ ਭੇਦਭਾਵ ਦੀਆਂ ਡੂੰਘਾਈਆਂ ਇਕ ਪਾਸੇ ਵਰਗ ਦਾ ਵਾਧਾ ਕਰਦੀਆਂ ਹਨ ਜਿਸ ਨੂੰ ਅਸੀਂ ਗਰੀਬੀ ਰੇਖਾ ਤੋਂ ਹੇਠਾਂ (ਬੀ ਪੀ ਐਲ) ਦਾ ਗਰੁੱਪ ਕਹਿੰਦੇ ਹਾਂ। ਭਾਰਤ 'ਚ ਆਬਾਦ ਇਕ ਵੱਡੀ ਦਾ ਸਬੰਧ ਇਸੇ ਬੀ ਪੀ ਐਲ (ਗਰੀਬੀ ਰੇਖਾ ਤੋਂ ਹੇਠਾਂ) ਨਾਲ ਹੈ। ਇਹ ਉਹ ਲੋਕ ਹਨ ਜਿਹਨਾਂ ਦੀ ਆਮਦਨ ਦਾ ਲਗਭਗ 70 ਫੀਸਦੀ ਭਾਗ ਸਿਰਫ ਖਾਣ ਪੀਣ ਦੀਆਂ ਬੁਨਿਆਦੀ ਲੋੜਾਂ ਨੂੰ ਹਾਸਲ ਕਰਨ 'ਤੇ ਖਰਚ ਹੁੰਦਾ ਹੈ। ਬਦਕਿਸਮਤੀ ਇਹ ਹੈ ਕਿ ਉਹ ਆਪਣੀ ਖਾਣ ਪੀਣ ਦੀਆਂ ਬੁਨਿਆਦੀ ਲੋੜਾਂ ਨੂੰ ਵੀ ਪੂਰੀਆਂ ਨਹੀਂ ਕਰ ਸਕਦੇ। ਯੋਜਨਾ ਕਮਿਸ਼ਨ ਦੇ ਅਨੁਸਾਰ ਇਕ ਸਾਧਾਰਨ ਭਾਰਤੀ ਨਾਗਰਿਕ ਦੇ ਖਾਣ ਪੀਣ ਦੀ ਲੋੜ 2100 ਕੈਲਰੀ ਨੂੰ ਪੂਰਾ ਕਰਨ ਲਈ 650 ਗ੍ਰਾਮ ਅਨਾਜ ਦੀ ਲੋੜ ਹੁੰਦੀ ਹੈ। ਇਸ ਦੇ ਮਾਸਕ ਮੁੱਲ ਦੇ ਆਧਾਰ 'ਤੇ ਗਰੀਬੀ ਰੇਖਾ ਤਹਿਤ ਕੀਤੀ ਜਾਂਦੀ ਹੈ। ਭਾਵ ਅਬਾਦੀ ਦੀ ਇਕ ਵੱਡੀ ਗਿਣਤੀ 650 ਗ੍ਰਾਮ ਅਨਾਜ ਦੀ ਥੋੜੀ ਜਿਹੀ ਮਾਤਰਾ ਤੋਂ ਵੀ ਵੰਚਿਤ ਹੁੰਦੀ ਹੈ। ਇਹ ਹਾਲਾਤ ਸਾਡੇ ਸਮਾਜ ਦੀ ਇਕ ਸੰਗੀਨ ਸੂਰਤੇ ਹਾਲ ਨੂੰ ਸਾਹਮਣੇ ਰੱਖਦੇ ਹਨ ਸਮਾਜਕ ਭੇਦਭਾਵ ਦੀ ਵਜ੍ਹਾ ਕਰਕੇ ਦੋ ਆਪਸੀ ਵਿਰੋਧੀ ਸਮਾਜ ਇਕ ਹੀ ਦੇਸ਼ 'ਚ ਪੈਦਾ ਹੋ ਰਹੇ ਹਨ। ਜੋ ਇਕ ਦੂਜੇ ਲਈ ਬਿਲਕੁਲ ਹੀ ਅਜਨਬੀ ਬਣਦੇ ਜਾ ਰਹੇ ਹਨ। ਪਸੰਦ, ਤਰਜੀਹਾਂ, ਜ਼ਰੂਰਤਾਂ, ਕਲਚਰ, ਸਮਾਜਕ ਤੇ ਆਰਥਕ ਪੱਧਰ ਇਥੋਂ ਤਕ ਕਿ ਹਰ ਮਾਮਲੇ 'ਚ ਇਕ ਖੁਲਾ ਫਰਕ ਨਜ਼ਰ ਆਉਂਦਾ ਹੈ। ਡਰ ਇਹ ਹੈ ਕਿ ਭੇਦ ਦੇ ਫਰਕ ਦੀ ਇਸ ਖਾਈ ਨੂੰ ਜੇ ਸਮੇਂ ਸਿਰ ਸਮਝਿਆ ਨਾ ਗਿਆ ਤਾਂ ਇਸ ਨੂੰ ਪੂਰਨਾ ਤੇ ਇਸ ਦੇ ਰਾਹੀਂ ਫੈਲ ਰਹੀ ਸਮਾਜਕ ਬੇਚੈਨੀ ਨੂੰ ਦੂਰ ਕਰਨਾ ਸੰਭਵ ਨਹੀਂ ਹੋਣਾ।

ਸਮਾਜਕ ਨਾਬਰਾਬਰੀ ਦੇ ਕਾਰਨ ਕੀ ਹੋ ਸਕਦੇ ਹਨ?

ਸਰਕਾਰੀ ਨੀਤੀਆਂ – ਉਹਨਾਂ ਲੋਕਾਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ, ਜਿਹਨਾਂ ਦੇ ਹੱਥਾਂ 'ਚ ਸੱਤਾ ਦੀ ਵਾਗਡੋਰ ਹੈ ਕਿ ਉਹ ਆਮ ਲੋਕਾਂ ਲਈ ਬਰਾਬਰ ਦੇ ਮੌਕੇ ਦੇਣ ਨੂੰ ਯਕੀਨੀ ਬਣਾਉਣਗੇ ਪਰ ਪੂੰਜੀਵਾਦੀ, ਅਰਥਚਾਰੇ ਤੇ ਕੌਮਾਂਤਰੀ ਸਾਮਰਾਜੀ ਦਬਾਅ ਦੇ ਸਿੱਟੇ ਵਜੋਂ ਆਮ ਤੌਰ 'ਤੇ ਸਾਡੇ ਦੇਸ਼ ਦੀਆਂ ਪਾਲਸੀ ਘੜਨ ਵਾਲੀਆਂ ਸੰਸਥਾਵਾਂ ਦਾ ਰੁਝਾਣ ਗਰੀਬ ਵਿਰੋਧੀ ਤੇ ਪੂੰਜੀਪਤੀਆਂ ਦਾ ਸਮਰਥਕ ਰਿਹਾ ਹੈ। ਸਰਕਾਰੀ ਸੰਸਥਾਵਾਂ ਨੇ ਆਮ ਲੋਕਾਂ ਨੂੰ ਕਹਿਣ ਨੂੰ ਤਾਂ ਰਾਜਸੀ ਅਧਿਕਾਰ ਦੇ ਰੱਖੇ ਹਨ ਪਰ ਆਰਥਕ ਅਧਿਕਾਰਾਂ ਤੋਂ ਵੰਚਿਤ ਰੱਖਿਆ ਹੋਇਆ ਹੈ। ਦੇਸ਼ ਦੇ ਆਮ ਲੋਕਾਂ ਦੀ ਬਦਤਰੀਨ ਗਰੀਬੀ ਤੇ ਉਹਨਾਂ ਨੂੰ ਅਧਿਕਾਰਾਂ ਤੋਂ ਵਾਂਝੇ ਰੱਖਿਆ ਜਾਣਾ। ਰਾਜਸੀ ਆਗੂਆਂ ਦੀ ਨਾਕਾਮੀਆਂ ਨੂੰ ਦਰਸਾਉਂਦਾ ਹੈ। ਇਸ ਰਵੱਈਏ ਨੂੰ ਕਦੀ ਮੁਆਫ ਨਹੀਂ ਕੀਤਾ ਜਾ ਸਕਦਾ। ਤਰੱਕੀ ਸਿਰਫ ਉਚੀ ਵਿਕਾਸ ਦਰ ਦਾ ਨਾਂ ਹੀ ਨਹੀਂ ਹੈ ਬਲਕਿ ਵਿਕਾਸ ਤੇ ਉਸ ਦੇ ਅਸਰਾਂ ਦੀ ਨਿਆਂਪੂਰਨ ਵੰਡ ਦਾ ਨਾਂ ਹੈ। ਜਿਸ 'ਚ ਕਿਸੇ, ਪੱਖਪਾਤ ਅਤੇ ਭੇਦ ਭਾਵ ਦਾ ਕੋਈ ਦਖਲ ਨਾ ਹੋਵੇ ਪੈਦਾਵਾਰ ਨੂੰ ਵਧਾ ਦੇਣਾ ਗਰੀਬੀ ਦੇ ਖਾਤਰੇ ਲਈ ਕੋਈ ਲਾਜ਼ਮੀ ਸ਼ਰਤ ਨਹੀਂ ਹੈ। ਅਤੇ ਨਾ ਹੀ ਵਿਕਾਸ ਅਜਿਹਾ ਕੋਈ ਅਮਲ ਹੈ ਜਿਸ ਦਾ ਸਮਾਜ ਨਾਲ ਕੋਈ ਸੰਬੰਧ ਨਾ ਹੋਵੇ। ਪੂੰਜੀਵਾਦੀ ਸਾਮਰਾਜ ਸਮਰਥਕ ਪਾਲਸੀਆਂ ਤੇ ਵਿਕਾਸ ਦਾ ਹੀ ਸਿੱਟਾ ਹੈ ਕਿ ਦੁਨੀਆਂ ਦੀ 80% ਅਬਾਦੀ (ਭਾਰਤ ਵੀ ਇਸ 'ਚ ਸ਼ਾਮਲ ਹੈ) ਤੇਜ਼ੀ ਨਾਲ ਵਧਦੀ ਸਮਾਜਕ ਨਾ ਬਰਾਬਰੀ ਤੇ ਭੇਦਭਾਵ ਦੀ ਪੀੜਾ ਦਾ ਸ਼ਿਕਾਰ ਹੈ। ਅਮਰੀਕੀ ਸਮਾਜ ਤੇਜ਼ੀ ਨਾਲ ਵਧਦਾ ਅਤੇ ਇਸ ਸਮੇਂ ਪੱਛਮੀ ਸਮਾਜ ਦੁਨੀਆਂ ਦਾ ਸਭ ਤੋਂ ਜ਼ਿਆਦਾ ਨਾਬਰਾਬਰੀ ਦਾ ਸ਼ਿਕਾਰ ਸਮਾਜ ਬਣ ਗਿਆ ਹੈ। ਇਹ ਉਹ ਸਮਾਜ ਹੈ ਜੋ ਪੂੰਜੀਵਾਦੀ ਪਾਲਸੀਆਂ ਜਦ ਅਮਰੀਕੀ ਸਮਾਜ ਦਾ ਏਨਾ Polarized ਕਰ ਦਿੰਦੀਆਂ ਹਨ ਤਾਂ ਅਸੀਂ ਬਹੁਤ ਅੱਛੀ ਤਰ੍ਹਾਂ ਸਮਝ ਸਕਦੇ ਹਾਂ ਕਿ ਜੇ ਅੱਖਾਂ ਬੰਦ ਕਰਕੇ ਸਾਡਾ ਦੇਸ਼ ਵੀ ਇਸ ਰਾਹ ਤੇ ਚਲ ਪਵੇਗਾ ਤਾਂ ਆਉਣ ਵਾਲੇ ਦਿਨਾਂ 'ਚ ਇਹ ਨਾਬਰਾਬਰੀ ਤੇ ਭੇਦਭਾਵ ਸਾਡੇ ਸਮਾਜ 'ਚ ਕੀ ਕੁਝ ਕਹਿਰ ਢਾਹ ਸਕਦੇ ਹਨ। ਕੌਮਾਂਤਰੀ ਬਹੁਕੌਮੀ ਕੰਪਨੀਆਂ ਤੇ ਵਪਾਰਕ ਸੰਸਥਾਵਾਂ ਆਪਣੀਆਂ ਹਮਲਾਵਰ ਵਪਾਰਕ ਨੀਤੀਆਂ ਤੇ ਕਾਰਜ ਪ੍ਰਣਾਲੀ ਰਾਹੀਂ ਇਨਸਾਨੀ ਸਮਾਜ ਨੂੰ ਵੰਡ ਕੇ ਸਮਾਜਕ ਨਾਬਰਾਬਰੀ ਤੇ ਭੇਦਭਾਵ ਪੈਦਾ ਕਰਨ 'ਚ ਮਹੱਤਵਪੂਰਨ ਰੋਲ ਅਦਾ ਕਰਦੀਆਂ ਹਨ। ਅਫਰੀਕਾ ਤੇ ਲਾਤੀਨੀ ਅਮਰੀਕਾ 'ਚ ਇਹਨਾਂ ਕੰਪਨੀਆਂ ਨੇ ਸਮਾਜਕ ਨਾਬਰਾਬਰੀ ਤੇ ਭੇਦਭਾਵ ਦਾ ਜੋ ਕਹਿਰ ਢਾਹਿਆ ਹੈ ਉਹ ਮਨੁੱਖੀ ਇਤਿਹਾਸ ਦਾ ਇਕ ਅਟੁੱਟ ਅੰਗ ਹੈ। ਹੁਣ ਇਹਨਾਂ ਕੰਪਨੀਆਂ ਦੀ ਅੱਖ ਭਾਰਤ ਤੇ ਦੂਜੇ ਵਿਕਾਸਸ਼ੀਲ ਦੇਸ਼ਾਂ ਅਤੇ ਉਥੋਂ ਦੇ ਅਰਥਚਾਰੇ ਉਪਰ ਹੈ। ਇਹ ਕਾਰਨ ਹੈ ਕਿ ਭਾਰਤ ਵਧਦੀ ਹੋਈ ਸਮਾਜਕ ਨਾਬਰਾਬਰੀ ਅਤੇ ਭੇਦਭਾਵ ਦੇ ਪ੍ਰਸੰਗ 'ਚ ਹੁਣ ਕੌਮਾਂਤਰੀ ਪੱਧਰ 'ਤੇ ਇਕ ਮੁੱਖ ਸਥਾਨ ਹਾਸਲ ਕਰ ਚੁੱਕੀਆਂ ਹਨ। ਕੌਮਾਂਤਰੀ ਕੰਪਨੀਆਂ ਇਸ ਨਾਬਰਾਬਰੀ ਤੇ ਭੇਦਭਾਵ ਦਾ ਇਕ ਮਹੱਤਵਪੂਰਨ ਕਾਰਨ ਹੈ। ਪਰ ਪੂੰਜੀਵਾਦੀ ਸਾਮਰਾਜ ਇਸ ਸਾਧਨ ਦੀ ਕਿਵੇਂ ਵਰਤੋਂ ਕਰਦਾ ਹੈ, ਅੱਗੇ ਚੱਲ ਕੇ ਆਪਾਂ ਇਸੇ ਉਪਰ ਰੋਸ਼ਨੀ ਪਾਵਾਂਗੇ।

ਉਪਭੋਗਤਾਵਾਦ ਅਮਰੀਕੀ ਵਿਦਵਾਨ ਲੁਈਸ ਬਰਨਜ ਨੇ ਆਪਣੇ ਵਿਚਾਰਾਂ ਨੂੰ ਅਮਰੀਕੀ ਕੰਪਨੀਆਂ ਸਾਹਮਣੇ ਇਉਂ ਪੇਸ਼ ਕੀਤਾ ਕਿ ਆਮ ਲੋਕਾਂ ਦੇ ਰੁਝਾਣ ਤੇ ਵਿਚਾਰਾਂ ਨੂੰ ਕਿਵੇਂ ਅਸਰਅੰਦਾਜ਼ ਕੀਤਾ ਜਾਵੇ ਕਿ ਲੋਕ ਉਹਨਾਂ ਚੀਜ਼ਾਂ ਦੀ ਤਲਬ

ਤੇ ਚਾਹਤ ਮਹਿਸੂਸ ਕਰਨ ਲੱਗ ਜਾਣ ਜਿਹਨਾਂ ਦੀ ਉਹਨਾਂ ਨੂੰ ਕੋਈ ਲੋੜ ਨਾ ਹੋਵੇ। ਬਰੇਨੇਜ਼ ਨੂੰ ਨਵੀਨ ਖਪਤਵਾਦ ਦਾ ਆਰਕੀਟੈਕਟ ਵੀ ਕਿਹਾ ਜਾਂਦਾ ਹੈ। ਇਸ ਖਪਤਕਾਰੀ (ਉਪਭੋਗਤਾਵਾਦੀ) ਵਿਚਾਰਧਾਰਾ ਨੇ ਵਿਕਸ਼ਤ ਹੋ ਕੇ ਮੌਜੂਦਾ ਉਪਭੋਗਤਾਵਾਦੀ ਕਲਚਰ ਨੂੰ ਜਨਮ ਦਿੱਤਾ। ਕੰਜ਼ਿਊਮਰਿਜ਼ਮ ਇਨਸਾਨੀ ਸਮਾਜ 'ਚ ਇਹ ਫੈਲਾਉਂਦਾ ਹੈ ਕਿ ਸਮਾਜਕ ਦਾ ਆਰਥਕ ਵਿਕਾਸ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਚੀਜ਼ਾਂ ਦੀ ਵੱਧ ਤੋਂ ਵੱਧ ਖਰੀਦਦਾਰੀ ਕੀਤੀ ਜਾਵੇ ਤੇ ਇਸ ਦੇ ਲਈ ਬੇਪਨਾਹ ਖਰਚ ਕੀਤਾ ਜਾਵੇ। ਉਪਭੋਗਤਾਵਾਦੀ ਸੋਚ ਦੇ ਅਧੀਨ ਪ੍ਰਵਾਨ ਚੜ੍ਹਨ ਵਾਲੇ ਦੇਸ਼ਾਂ ਦੇ ਸਮਾਜ 'ਚ ਵੀ ਆਮ ਤੌਰ 'ਤੇ ਲੋਕਾਂ ਦੇ ਸੋਚਣ ਦਾ ਅੰਦਾਜ਼ ਇਹੀ ਹੁੰਦਾ ਹੈ। ਉਹ ਆਪਣੀਆਂ ਗੱਡੀਆਂ ਦੇ ਬ੍ਰਾਂਡਸ ਤੇ ਅਲਮਾਰੀਆਂ 'ਚ ਤਹਿ ਕਰਕੇ ਰੱਖੇ ਕੱਪੜਿਆਂ ਦੇ ਢੇਰ ਜਮ੍ਹਾਂ ਕਰਕੇ ਦਿਲੀ ਸਕੂਨ ਹਾਸਲ ਕਰਦੇ ਹਨ। ਪਾਰਟੀਆਂ 'ਚ ਪੇਸ਼ ਕੀਤੀਆਂ ਜਾਣ ਵਾਲੀਆਂ ਇਕ ਤੋਂ ਬਾਅਦ ਇਕ ਡਿਸ਼ਾਂ ਦੀ ਗਿਣਤੀ ਉਹਨਾਂ ਦਾ 'ਸਮਾਜੀ ਦਰਜਾ' ਤਹਿ ਕਰਦੀ ਹੈ। ਸੋਚਣ ਦਾ ਇਹ ਉਹ ਅੰਦਾਜ਼ ਹੈ ਜੋ ਪੂੰਜੀਵਾਦੀ ਸੋਚ ਦਾ ਲਾਜ਼ਮੀ ਸਿੱਟਾ ਹੈ। ਪੂੰਜੀਵਾਦੀ ਸਮਾਜ ਅੱਜ ਭੌਤਿਕਵਾਦ ਦੇ ਅਜ਼ਾਬ ਨੂੰ ਝੱਲ ਰਿਹਾ ਹੈ। ਆਮ ਲੋਕਾਂ ਦੀ ਉਪਭੋਗਤਾਵਾਦੀ ਸੋਚ ਹਰ ਸਾਲ ਕਰੋੜਾਂ ਟਨ ਕਚਰੇ ਦਾ ਕਾਰਨ ਬਣਦੀ ਹੈ। ਜਿਸ ਨੂੰ ਠਿਕਾਣੇ ਲਾਉਣ ਦਾ ਕੋਈ ਰਾਹ ਵੀ ਨਜ਼ਰ ਨਹੀਂ ਆਉਂਦਾ ਹੈ। ਭੌਤਿਕਤਾਪੂਰਨ ਪੂੰਜੀਵਾਦੀ ਸਭਿਆਚਾਰ ਦੇ ਨੇੜਲੇ ਖਪਤਕਾਰ ਦੀ ਪਸੰਦ ਤੇ ਨਾਪਸੰਦ ਹੀ ਆਰਥਕ ਢਾਂਚੇ ਦੀ ਬੁਨਿਆਦ ਹੈ। ਇਹੀ ਕਾਰਨ ਹੈ ਕਿ ਕੰਪਨੀਆਂ ਆਪਣੀਆਂ ਵਸਤਾਂ ਨੂੰ ਖਰੀਦਦਾਰ ਦੀ ਪਹਿਲੀ ਪਸੰਦ ਬਣਾਉਣ ਲਈ ਹਰ ਪ੍ਰਕਾਰ ਦੇ ਹੱਥਕੰਡੇ ਅਪਣਾਉਂਦੀਆਂ ਹਨ ਇਹਨਾਂ ਹੱਥ ਕੰਡਿਆਂ 'ਚ ਮਹਿੰਗੇ-ਮਹਿੰਗੇ ਇਸ਼ਤਿਹਾਰਾਂ ਤੋਂ ਲੈ ਕੇ ਬ੍ਰਾਂਡ ਅਮਬੈਸਡਰ ਦੀਆਂ ਸੇਵਾਵਾਂ ਅਤੇ ਅਨੈਤਿਕ ਤਰੀਕੇ ਵੀ ਸ਼ਾਮਲ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਬਹੁਤ ਸਾਰੀਆਂ ਜ਼ਰੂਰੀ ਚੀਜ਼ਾਂ ਮਾਰਕਿਟ 'ਚ ਆਉਣ ਤੇ ਲੋਕਾਂ ਦੀ ਪਸੰਦ ਦੀ ਲਿਸਟ 'ਚ ਸ਼ਾਮਲ ਹੋਣ ਤੋਂ ਰਹਿ ਜਾਂਦੀਆਂ ਹਨ ਅਤੇ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਂਦੀਆਂ ਹਨ। ਇਸ ਉਪਭੋਗਤਾਵਾਦੀ ਸੋਚ ਕਾਰਨ ਦੁਨੀਆਂ ਦੀ 20 ਫੀਸਦੀ ਖੁਸ਼ਹਾਲ ਅਬਾਦੀ ਕੁਲ ਸਾਧਨਾਂ ਦਾ 82 ਫੀਸਦੀ ਵਰਤਦੀ ਹੈ। ਜਦ ਕਿ 20 ਫੀਸਦੀ ਬੇਹਦ ਗਰੀਬ ਅਬਾਦੀ ਸਿਰਫ 5 ਫੀਸਦੀ ਸਾਧਨਾਂ ਨੂੰ ਹਾਸਲ ਕਰ ਸਕਦੀ ਹੈ।

ਮੁੰਬਈ 'ਚ 24 ਮਨੋਰੰਜਨ ਪਾਰਕ ਹਨ ਜਿਥੇ ਰੋਜ਼ਾਨਾ 50 ਬਿਲੀਅਨ ਲਿਟਰ ਪਾਣੀ ਵਰਤਿਆ ਜਾਂਦਾ ਹੈ। ਇਸੇ ਸ਼ਹਿਰ ਮੁੰਬਈ 'ਚ ਕਈ ਪਿਛੜੀਆਂ ਬਸਤੀਆਂ ਪਾਣੀ ਦੀ ਕਮੀ ਦਾ ਸ਼ਿਕਾਰ ਹਨ ਜਿਥੇ ਇਕ ਬੰਦੇ ਨੂੰ ਮੁਸ਼ਕਿਲ ਨਾਲ 40 ਲਿਟਰ ਪਾਣੀ ਹਾਸਲ ਹੁੰਦਾ ਹੈ। ਜੈਪੁਰ 'ਚ ਕਈ ਗੋਲਫ ਕੋਰਸਿਜ਼ ਵਿਚਾਰ ਅਧੀਨ ਹਨ। ਇਕ ਗੋਲਫ ਕੋਰਸ਼ਿਜ਼ ਲਈ 18 ਤੋਂ 23 ਲੱਖ ਲਿਟਰ ਪਾਣੀ ਦੀ ਰੋਜ਼ਾਨਾ ਲੋੜ ਪੈਂਦੀ ਹੈ। ਉਥੇ ਦੂਜੇ ਪਾਸੇ ਰਾਜਸਥਾਨ ਦੇ ਪੇਂਡੂ ਇਲਾਕੇ ਪਾਣੀ ਦੀ ਕਮੀ ਦਾ ਸ਼ਿਕਾਰ ਹਨ। ਜੇ ਗੋਲਫ ਕੋਰਸਿਜ਼ 'ਚ ਵਰਤੇ ਜਾਣ ਵਾਲੇ ਪਾਣੀ ਨੂੰ ਪੇਂਡੂ ਇਲਾਕਿਆਂ 'ਚ ਸਪਲਾਈ ਕਰ ਦਿੱਤਾ ਜਾਵੇ ਤਾਂ ਲਗਭਗ ਇਕ ਲੱਖ ਪੇਂਡੂਆਂ ਦੀਆਂ ਲੋੜਾਂ ਲਈ ਕਾਫੀ ਹੋਵੇਗਾ। ਉਪਭੋਗੀ ਵਸਤੂਆਂ ਨਾਲ ਕੁਝ ਦਿਨ ਦਿਲ ਪ੍ਰਚਾਅ ਕੇ ਉਹਨਾਂ ਨੂੰ ਕਚਰੇ ਦੇ ਢੇਰ ਵਿਚ ਸੁੱਟਣਾ ਅਤੇ ਥੋੜੀ ਦੇਰ ਦੇ ਇਸ ਤਮਾਸ਼ੇ ਲਈ ਆਪਣੀ ਸਾਰੀ ਸ਼ਕਤੀ ਅਤੇ

ਊਰਜਾ ਨੂੰ ਨਿਚੋੜ ਕੇ ਪੂੰਜੀਵਾਦੀ ਸਾਮਰਾਜ ਨੂੰ ਸੌਂਪ ਦੇਣਾ ਭਲਾਂ ਕਿਹੜੀ ਅਕਲਮੰਦੀ ਹੈ? ਬੇਅਕਲੀ ਦੀ ਇਸ ਸਮੂਹਕ ਕੈਫੀਅਤ ਨੂੰ ਸਮਾਜ ਸਾਸ਼ਤਰੀ ਸਮਾਜ ਆਤਮ ਹੱਤਿਆ ਦਾ ਨਾਂ ਦਿੰਦੇ ਹਨ। ਬਦਕਿਸਮਤੀ ਨਾਲ ਸਾਡੇ ਸਮਾਜ ਦਾ ਅੱਛਾ ਖਾਸਾ ਹਿੱਸਾ ਇਸ ਰਾਹ ਵੱਲ ਵਧ ਰਿਹਾ ਹੈ। ਹੋ ਸਕਦਾ ਹੈ ਕਿ ਸਮਾਜ 'ਚ ਅਮੀਰ-ਗਰੀਬ ਦੀ ਸੋਚ, ਦਿਲਚਸਪੀ ਤੇ ਤਰਜੀਹਾਂ 'ਚ ਨਾਬਰਾਬਰੀ ਪੂੰਜੀਪਤੀਆਂ ਲਈ ਕੋਈ ਮਹੱਤਵ ਨਾ ਰੱਖਦੀ ਹੋਵੇ ਪਰ ਇਥੋਂ ਦਾ ਸੋਚਣ-ਸਮਝਣ ਵਾਲੀ ਜਮਾਤ ਵੀ ਸ਼ੁਤਰਮੁਗਰ ਦੀ ਚਾਲ ਚਲੇ ਤਾਂ ਇਹ ਸਥਿਤੀ ਪੂਰੇ ਸਮਾਜ ਲਈ ਹਾਨੀਕਾਰਕ ਹੋ ਸਕਦੀ ਹੈ।

ਫਿਰਕਾ ਪ੍ਰਸਤੀ ਤੇ ਸੰਪਰਦਾਇਕਤਾ - ਪ੍ਰਾਚੀਨ ਰੋਮਨ ਸਭਿਆਚਾਰ ਦੇ ਇਤਿਹਾਸ 'ਚ ਗੁਲਾਮਾਂ ਦੀਆਂ ਖ਼ੂੰਰੇਜ਼ ਲੜਾਈਆਂ ਤੋਂ ਅਨੰਦ ਲੈਣ ਵਰਗੀਆਂ ਗੈਰ ਮਨੁੱਖੀ ਘਟਨਾਵਾਂ ਮਿਲਦੀਆਂ ਹਨ ਜਿਥੇ ਸੋਕੇ ਤੇ ਕੁਦਰਤੀ ਆਫ਼ਤਾਂ ਨਾਲ ਵਿਲਕ ਦੇ ਲੋਕਾਂ ਨੂੰ ਕਤਲ ਤੇ ਖ਼ੂਨ ਦੀ ਖੇਡ ਵਿਚ ਇਸ ਤਰ੍ਹਾਂ ਮਗਨ ਕਰ ਦਿੱਤਾ ਜਾਂਦਾ ਸੀ ਕਿ ਉਹ ਭੁੱਖ ਦੀ ਤਕਲੀਫ਼ ਤੋਂ ਵੀ ਬੇਪ੍ਰਵਾਹ ਹੋ ਜਾਂਦੇ ਹਨ। ਅੱਜਕਲ ਪੂੰਜੀਵਾਦੀ ਮਾਨਸਿਕਤਾ ਵੀ ਠੀਕ ਉਹਨਾਂ ਹੀ ਹੱਥ ਕੰਡਿਆਂ ਨੂੰ ਅਪਣਾਉਣ ਤੋਂ ਟਾਲਾ ਵੱਟ ਰਹੀ ਹੈ। ਸਾਡੇ ਦੇਸ਼ 'ਚ ਵੀ ਇਕ ਮਜ਼ਬੂਤ ਪੂੰਜੀਵਾਦੀ ਲਾਬੀ ਵਿਸ਼ਵੀ ਸਾਮਰਾਜ ਦੀ ਸਮਰਥਕ ਤੇ ਉਸ ਦੇ ਲਾਭਾਂ ਦੀ ਰੱਖਿਅਕ ਦਿਖਾਈ ਦਿੰਦੀ ਹੈ। ਸਾਮਰਾਜ ਦੇ ਦੇਸੀ ਦਲਾਲ ਨੁਮਇੰਦੇ ਵੀ ਕੌਮੀ ਪ੍ਰਸੰਗ 'ਚ ਉਹੀ ਹੱਥ ਕੰਡੇ ਅਪਣਾਉਂਦੇ ਹਨ ਜੋ ਕੌਮਾਂਤਰੀ ਸਾਮਰਾਜ ਦੀ ਪਹਿਚਾਣ ਹੈ। ਉਹਨਾਂ ਵਿਚੋਂ ਹੀ ਇਕ ਹਥਿਆਰ ਫਿਰਕਾਪ੍ਰਸਤੀ ਹੈ। ਇਕ ਅਧਿਐਨ ਅਨੁਸਾਰ ਗੁਜਰਾਤ ਕਤਲੇਆਮ (2002 ਈ:) ਦੇ ਜ਼ਿਆਦਾਤਰ ਦੰਗਈ ਤੇ ਫਸਾਦੀ ਉਹ ਮਜ਼ਦੂਰ ਸਨ ਜੋ ਰੁਜ਼ਗਾਰ ਤੋਂ ਹੱਥ ਧੋ ਚੁੱਕੇ ਸਨ ਅਤੇ ਉਹਨਾਂ ਦੀ ਮਾਨਸਿਕ ਨਿਰਾਸ਼ਾ ਨੂੰ ਕਤਲਾਂ ਦੇ ਫਸਾਦਾਂ ਵੱਲ ਮੋੜ ਦਿੱਤਾ ਗਿਆ। ਬੇਰੁਜ਼ਗਾਰ ਨੌਜਵਾਨਾਂ ਨੂੰ ਰੱਥ ਯਾਤਰਾਵਾਂ 'ਚ ਉਲਝਾ ਕੇ ਉਹਨਾਂ ਨੂੰ ਨੌਜਵਾਨ ਸਮਾਜ ਦੇ ਅਸਲ ਮੁੱਦਿਆਂ ਤੋਂ ਲਾਂਭੇ ਕਰਨਾ, ਉਹਨਾਂ ਦੀ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਰਾਜਸੀ ਤੇ ਆਰਥਕ ਲਾਭ ਹਾਸਲ ਕਰਨਾ ਤੇ ਵਰਗੀ ਭੇਦਭਾਵ ਤੇ ਕਸ਼ਮਕਸ਼ ਤੇ ਫਿਰਕਾਪ੍ਰਸਤੀ ਦੇ ਸਹਾਰੇ ਆਮ ਲੋਕਾਂ ਨੂੰ ਇਕ ਦੂਜੇ ਖਿਲਾਫ ਉਕਸਾ ਕੇ ਪੂੰਜੀਵਾਦੀ ਹਿੱਤਾਂ ਦੀ ਰਾਖੀ ਕਰਨਾ ਦੇਸ਼ ਦੀ ਦਲਾਲ ਨੌਕਰਸ਼ਾਹ ਸਰਮਾਏਦਾਰ ਸ਼ਕਤੀਆਂ ਦੀ ਕਾਮਯਾਬ ਰਣਨੀਤੀ ਰਹੀ ਹੈ। ਜਿਸ ਰਾਹੀਂ ਉਹ ਸਮਾਜ 'ਚ ਫੁੱਟ ਪੈਦਾ ਕਰਕੇ ਪੂੰਜੀਵਾਦੀ ਵਰਗਾਂ ਦੇ ਰਾਜਸੀ ਤੇ ਆਰਥਕ ਹਿੱਤਾਂ ਦੀ ਰਾਖੀ ਕਰਨਾ ਹੈ। ਜੇ ਦੇਸ਼ ਦੇ ਤਿੰਨ ਵੱਡੇ ਪੂੰਜੀਪਤੀਆਂ ਵਲੋਂ ਇਕ ਖੂੰਖਾਰ ਰਾਜਸੀ ਆਗੂ ਨੂੰ ਪ੍ਰਧਾਨ ਮੰਤਰੀ ਬਣਾਏ ਜਾਣ ਦਾ ਪ੍ਰਸਤਾਵ ਬੇਲਾਗ ਤੌਰ 'ਤੇ ਆਉਂਦਾ ਹੈ ਤਾਂ ਇਸ 'ਚ ਹੈਰਾਨੀ ਦੀ ਕੋਈ ਗੱਲ ਨਹੀਂ ਹੈ।

# ਸਮਾਜਕ ਨਾਬਰਾਬਰੀ ਬਨਾਮ ਸਾਮਰਾਜਵਾਦ-III

ਸਾਹਿਤ ਤੇ ਫਿਲਮਾਂ – ਸਾਹਿਤ ਪੂੰਜੀਗਤ ਭੇਦਭਾਵ ਇਕ ਹੋਰ ਮਹੱਤਵਪੂਰਨ ਜ਼ਰੀਆ ਹੈ। ਇਹ ਸਮਝਿਆ ਜਾਂਦਾ ਹੈ ਕਿ ਡਿਜੀਟਲ ਦੌਰ 'ਚ ਸਾਹਿਤ ਹੁਣ ਏਨਾ ਪ੍ਰਭਾਵਿਤ ਕਰਨ ਵਾਲਾ ਤੇ ਖਿੱਚ ਪਾਊ ਨਹੀਂ ਰਿਹਾ ਹੈ ਪਰ ਅਸਲੀਅਤ ਇਸ ਕਲਪਿਤ ਵਿਚਾਰ ਦਾ ਖੰਡਣ ਕਰਦੀ ਹੈ। ਅੱਜ ਜਿੰਨੀਆਂ ਕਿਤਾਬਾਂ ਲਿਖੀਆਂ ਜਾ ਰਹੀਆਂ ਹਨ ਸ਼ਾਇਦ ਉਨੀਆਂ ਕਦੀ ਨਾ ਲਿਖੀਆਂ ਗਈਆਂ ਹੋਣ ਅਤੇ ਪੜ੍ਹੀਆਂ ਜਾ ਰਹੀਆਂ ਹਨ। ''ਹੈਰੀ-ਪਾਟਰ' ਕਿਤਾਬ ਨੇ ਖਾਸ ਤੌਰ 'ਤੇ ਬੱਚਿਆਂ ਦੇ ਮਨਾਂ ਨੂੰ ਗੰਦਾ ਕੀਤਾ ਹੈ, ਜਿਸ ਪੈਮਾਨੇ 'ਤੇ ਵਪਾਰ ਕੀਤਾ ਅਤੇ ਜਿਸ ਪੱਧਰ 'ਤੇ ਲੋਕਾਂ ਨੂੰ ਦੀਵਾਨਾ ਬਣਾਈ ਰੱਖਿਆ, ਇਸ ਦੀ ਮਿਸਾਲ ਕਿਧਰੇ ਨਹੀਂ ਮਿਲੀ। ਹਰ ਦੇਸ਼ 'ਚ ਪੱਛਮੀ ਦੂਤਾਵਾਸ ਆਪਣੀਆਂ ਸਾਨਦਾਰ ਲਾਇਬਰੇਰੀ ਨੂੰ ਕਾਇਮ ਕਰਕੇ ਤੇ ਰਸਾਲੇ ਜਾਰੀ ਕਰਕੇ ਆਪਣੇ ਸਭਿਆਚਾਰ ਨੂੰ ਅਸਲੀ ਰੂਪ ਦੇਣ ਦੀਆਂ ਕੋਸ਼ਿਸ਼ 'ਚ ਜੁੱਟੇ ਨਜ਼ਰ ਆਉਂਦੇ ਹਨ। ਭਾਰਤ 'ਚ ਅਮਰੀਕੀ ਤੇ ਬ੍ਰਿਟਿਸ਼ ਲਾਇਬੇਰੀਆਂ, ਸਪੇਨ, ਮੈਗਜ਼ੀਨ ਤੇ ਇਸਦੇ ਲੇਖ ਹੁਣ ਕਈ ਸ਼ਹਿਰਾਂ 'ਚ ਮੁਹਈਆ ਹਨ। ਇਸ ਲਿਸਟ 'ਚ ਫਿਲਮ ਵੀ ਇਕ ਮਹੱਤਵਪੂਰਨ ਜ਼ਰੀਆ ਹੈ। ਹਾਲੀਵੁੱਡ ਫਿਲਮਾਂ 'ਚ ਸਾਮਰਾਜ ਦਾ ਸਭ ਤੋਂ ਪ੍ਰਭਾਵਸ਼ਾਲੀ ਹਥਿਆਰ ਰਹੀਆਂ ਹਨ। ਅੱਜ ਕਲ ਸਭਿਆਚਰਕ ਉਦਯੋਗ। ਖਾਸ ਕਰਕੇ ਸਿਨੇਮਾ ਸੈਕਟਰ 'ਤੇ ਅਮਰੀਕਾ ਦਾ 80 ਫੀਸਦੀ ਕਬਜ਼ਾ ਹੈ। ਦੁਨੀਆਂ ਦੇ ਸਾਰੇ ਇਲਾਕਿਆਂ 'ਚ ਹਾਲੀਵੁੱਡ ਫਿਲਮਾਂ ਦਾ ਜਾਦੂ ਛਾਇਆ ਹੋਇਆ ਹੈ। ਵਪਾਰਕ ਸਇੰਸੀ ਫਿਕਸ਼ਨ, ਏਨੀਮੇਸ਼ਨ, ਐਕਸ਼ਨ, ਚਾਇਲਡ ਮੂਵੀ, ਕਮੇਡੀ ਆਰਟ, ਡਾਕੂਮੈਂਟਰੀ ਤੇ ਦੂਜੀਆਂ ਕਈ ਤਰ੍ਹਾਂ ਦੀਆਂ ਫਿਲਮਾਂ ਨਾਲ ਹਾਲੀਵੁੱਡ ਇੰਡਸਟ੍ਰੀਜ਼ ਪੂਰੀ ਤਰ੍ਹਾਂ ਦੁਨੀਆਂ 'ਚ ਬਣੀ ਹੋਈ ਹੈ। ਦੁਨੀਆਂ ਦੇ 88 ਦੇਸ਼ਾਂ 'ਚ ਕੋਈ ਫਿਲਮ ਉਦਯੋਗ ਨਹੀਂ ਹੈ, ਇਹ ਉਹ ਦੇਸ਼ ਹਨ ਜਿਥੇ ਕੋਈ ਡਾਕੂਮੈਂਟਰੀ ਵੀ ਨਹੀਂ ਬਣਾਈ ਜਾਂਦੀ। ਇਸ ਤੋਂ ਇਲਾਵਾ 100 ਤੋਂ ਵੱਧ ਦੂਸਰੇ ਦੇਸ਼ ਅਜਿਹੇ ਹਨ ਜੋ ਇਸ ਮੈਦਾਨ 'ਚ ਅਮਰੀਕੀ ਫਿਲਮਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਉਦਾਹਰਨ ਵਜੋਂ ਇਟੇਲੀਅਨ ਬਾਕਸ ਆਫਿਸ ਦੀ ਰਿਪੋਰਟ ਅਨੁਸਾਰ ਟਾਪ, ਟੇਨ ਫਿਲਮਾਂ 'ਚ 9 ਅਮਰੀਕੀ ਫਿਲਮਾਂ ਹੁੰਦੀਆਂ ਹਨ ਤੇ ਹਾਲੀਵੁੱਡ ਫਿਲਮਾਂ ਸਥਾਨਕ ਫਿਲਮਾਂ ਦੇ ਮੁਕਾਬਲੇ 38 ਫੀਸਦੀ ਮੂਹਰੇ ਨਿਕਲ ਜਾਂਦੀਆਂ ਹਨ। ਦੁਨੀਆਂ ਦੀਆਂ 5 ਵੱਡੀਆਂ ਫਿਲਮ ਨਿਰਮਾਤਵਾਂ ਕੰਪਨੀਆਂ ਵੀ ਅਮਰੀਕੀ ਹਨ। ਅਮਰੀਕੀ ਮਿਊਜ਼ਕ ਇੰਡਸਟ੍ਰੀਜ਼ ਦਾ ਸਲਾਨਾ ਕਾਰੋਬਾਰ 20 ਬਿਲੀਅਨ ਡਾਲਰ ਹੈ ਜਿਸ ਦਾ 70 ਫੀਸਦੀ ਕਾਰੋਬਾਰ ਅਮਰੀਕਾ ਦੇ ਬਾਹਰ ਦੇ ਦੇਸ਼ਾਂ 'ਚ ਚਲਦਾ ਹੈ।

ਬੋਲੀ (ਭਾਸ਼ਾ) ਦਾ ਰੋਲ – ਵਿਸ਼ੇਸ਼ ਤੌਰ 'ਤੇ ਅਮਰੀਕੀ ਸ਼ੈਲੀ ਦੀ ਅੰਗਰੇਜ਼ੀ ਪੂੰਜੀਵਾਦੀ ਸਾਮਰਾਜ ਦਾ ਇਕ ਹੋਰ ਮਹੱਤਵਪੂਰਨ ਅੰਗ ਤੇ ਪ੍ਰਭਾਵੀ ਹਥਿਆਰ ਹੈ। ਪਿਛਲੇ ਦਿਨੀ ਪਹਿਲੇ ਬੀ ਪੀ ਓ ਤੋਂ ਕੱਢੇ ਗਏ ਇਕ ਮੁਲਾਜਮ ਦੀ ਕਹਾਣੀ ਅਖਬਾਰਾਂ 'ਚ ਛਾਈ ਰਹੀ ਜੋ ਅੰਗਰੇਜ਼ੀ 'ਚ ਪੂਰੀ ਮੁਹਾਰਤ ਰੱਖਣ ਦੇ ਬਾਵਜੂਦ ਸਿਰਫ ਇਸ ਕਾਰਨ ਕੰਪਨੀ ਤੋਂ ਕੱਢ ਦਿੱਤਾ ਗਿਆ ਕਿ ਉਹਨਾਂ ਦੀ ਅੰਗਰੇਜ਼ੀ ਅਮਰੀਕੀ ਸ਼ੈਲੀ ਦੀ ਨਹੀਂ ਸੀ। ਪਰ ਕਨੂੰਨੀ ਲੜਾਈ ਰਾਹੀਂ ਉਸ ਨੂੰ ਫਿਰ ਕੰਪਨੀ 'ਚ ਰੱਖ ਲਿਆ ਗਿਆ। ਇਹਨਾਂ ਘਟਨਾਵਾਂ ਤੋਂ ਅਮਰੀਕਨ ਅੰਗਰੇਜ਼ੀ ਦੇ ਬਣਾਉਣ ਦਾਬੇ ਦੇ ਆਸਰੇ

ਦੂਜੀਆਂ ਜ਼ੁਬਾਨਾਂ ਨੂੰ ਉਖਾੜ ਸੁੱਟਣ ਤੇ ਇਕ ਖਾਸ ਤਹਿਜੀਬ ਤੇ ਸਭਿਆਚਾਰ ਨੂੰ ਪ੍ਰਭਾਵੀ ਤੇ ਭਾਰੂ ਕਰਨ ਦੀਆਂ ਕੋਸ਼ਿਸ਼ਾਂ ਸਾਫ ਮਹਿਸੂਸ ਹੁੰਦੀਆਂ ਹਨ। ਇਸ ਸਮੇਂ ਦੁਨੀਆਂ 'ਚ 600 ਭਾਸ਼ਾਵਾਂ ਹਨ। ਇਹਨਾਂ 'ਚ 50 ਫੀਸਦੀ ਖਤਮ ਹੋਣ ਦੇ ਕੰਢੇ ਹਨ ਅਤੇ ਜਲਦੀ ਹੀ ਖਤਮ ਹੋ ਜਾਣਗੀਆਂ। 90 ਫੀਸਦੀ ਜ਼ੁਬਾਨਾਂ ਇੰਟਰਨੈਟ 'ਤੇ ਮੌਜੂਦ ਹੀ ਨਹੀਂ ਹਨ। ਇਹਨਾਂ ਦੇ ਮੁਕਾਬਲੇ ਅਮਰੀਕੀ, ਅੰਗਰੇਜ਼ੀ ਇੰਟਰਨੈਟ 'ਤੇ ਛਾਈ ਹੋਈ ਹੈ। ਜਾਪਾਨ, ਜਰਮਨੀ, ਚੀਨ ਤੇ ਕਈ ਯੂਰਪੀ ਦੇਸ਼ ਜਿਹਨਾਂ ਨੇ ਆਪਣੀ ਬੋਲੀ ਦੇ ਆਸਰੇ ਤਰੱਕੀ ਦੀਆਂ ਮਿਸਾਲਾਂ ਕਾਇਕ ਕੀਤੀਆਂ ਸਨ, ਉਹ ਵੀ ਸਭਿਅਤਾ ਦੇ ਇਸ ਹਮਲੇ ਕਾਰਨ ਅੰਗਰੇਜ਼ੀ ਸਿੱਖਣ ਲਈ ਮਜ਼ਬੂਰ ਹਨ। ਇਹ ਉਹ ਹਥਿਆਰ ਹੈ ਜੋ ਪੂਰੀ ਦੁਨੀਆਂ 'ਚ ਦੋ ਧਰੁਵੀ ਸਮਾਜ ਨੂੰ ਬਣਾਉਣ 'ਚ ਬੜਾ ਹੀ ਮਹੱਤਵਪੂਰਨ ਰੋਲ ਅਦਾ ਕਰ ਰਿਹਾ ਹੈ।

ਪੂੰਜੀਵਾਦੀ ਤਾਨਾਸ਼ਾਹੀ ਤੇ ਡਿਪਲੋਮੇਸ਼ੀ - ਗਰੀਬ ਦੇਸ਼ 'ਚ ਆਪਣੇ ਸਮਰਥਕਾਂ ਦੀ ਤਾਨਾਸ਼ਾਹੀ ਨੂੰ ਕਾਇਮ ਰੱਖਣਾ, ਉਹਨਾਂ ਨੂੰ ਹੱਲਾਸ਼ੇਰੀ ਦੇਣੀ ਤੇ ਉਹਨਾਂ ਦੀ ਸਹਾਇਤਾ ਰਾਹੀਂ ਸੂਦਖੋਰੀ ਦੇ ਕਾਰੋਬਾਰ ਦਾ ਜਾਲ ਵਿਛਾਉਣਾ ਪੂੰਜੀਵਾਦੀ ਸਾਮਰਾਜ ਦੀ ਸਫਲ ਕਾਰਜ ਪ੍ਰਣਾਲੀ ਰਹੀ ਹੈ ਕੁਦਰਤੀ ਵਸੀਲਿਆਂ ਨਾਲ ਮਾਲੋਮਾਲ ਕਈ ਦੇਸ਼ਾਂ ਦੀ ਰਾਜਨੀਤੀ ਇਸ ਕਾਰਜਪ੍ਰਣਾਲੀ ਦਾ ਸਪੱਸ਼ਟ ਸਿੱਟਾ ਹੈ। ਸਾਮਰਾਜੀ ਤਾਕਤਾਂ ਉਹਨਾਂ ਲੋਕਾਂ ਦੇ ਨਾਲ ਆਪਸੀ ਸਹਿਮਤੀ ਦਾ ਰਵਈਆ ਅਪਣਾਉਂਦੀਆਂ ਹਨ ਜਿਹਨਾਂ ਦੇ ਹੱਥਾਂ 'ਚ ਸੱਤਾ ਦੀ ਵਾਗਡੋਰ ਹੁੰਦੀ ਹੈ ਤਾਂ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾ ਸਕੇ ਕਿ ਉਹਨਾਂ ਦੇਸ਼ ਦੇ ਅਦਾਰਿਆਂ ਰਾਹੀਂ ਹਾਸਲ ਹੋਣ ਵਾਲਾ ਪੈਸਾ ਨਵੀਨੀਕਰਣ ਤੇ ਵਿਕਾਸ ਦੇ ਬਹਾਨੇ ਬਹੁਕੌਮੀ ਕਾਰਪੋਰੇਸ਼ਨਾਂ ਰਾਹੀਂ ਮਲਟੀਨੈਸ਼ਨਲ ਬੈਂਕਾਂ 'ਚ ਲਗਾ ਰਿਹਾ ਹੈ। ਇਸ ਤਰ੍ਹਾਂ ਇਹਨਾਂ ਅਦਾਰਿਆਂ ਦਾ ਬਹੁਤ ਹੀ ਘੱਟ ਲਾਭ ਲੋਕ ਅਬਾਦੀ ਨੂੰ ਪਹੁੰਚਦਾ ਹੈ। ਸਾਮਰਾਜੀ ਤਾਕਤਾਂ ਇਸ ਗੱਲ ਨੂੰ ਨਿਸ਼ਚਤ ਕਰਦੀਆਂ ਹਨ ਕਿ ਇਸ ਆਪਸੀ ਸਹਿਮਤੀ ਦੀ ਪਬੰਦੀ ਕਰਨ ਵਾਲੀਆਂ ਹਕੂਮਤਾਂ ਸੱਤਾ 'ਤੇ ਬਣੀਆਂ ਰਹਿਣ। ਚਾਹੇ ਉਹਨਾਂ ਨੂੰ ਆਮ ਲੋਕਾਂ ਦੀ ਹਮਾਇਤ ਭਾਵੇਂ ਨਾ ਵੀ ਹਾਸਲ ਹੋਵੇ। ਮੱਧ ਏਸ਼ੀਆ ਦੇ ਦੇਸ਼ ਇਸ ਸਾਮਰਾਜੀ ਮਾਡਲ ਦੀ ਖੁੱਲੀਆਂ ਮਿਸਾਲਾਂ ਹਨ। ਪਿਛਲੀ ਸਦੀ ਦੇ 70 ਦੇ ਦਹਾਕੇ 'ਚ IIT ਨੇ ਅਮਰੀਕਾ ਦੀ ਖੁਫੀਆ ਏਜੰਸੀ ਸੀ ਆਈ ਏ ਨੂੰ ਮਿਲੀਅਨ ਡਾਲਰ ਦੀ ਆਫਰ ਉਸੇ ਮਕਸਦ ਨਾਲ ਦਿੱਤੀ ਗਈ ਸੀ ਕਿ ਉਹ ਚਿਲੀ ਦੀ ਕੌਮੀ ਚੋਣ ਵਿਚ ਸਿਲਵਾਡੋਰ ਲੈਂਡ ਦੀ ਹਾਰ ਨੂੰ ਯਕੀਨੀ ਬਣਾਵੇ ਕਿਉਂਕਿ ਉਹਨਾਂ ਦੀ ਜਿੱਤ ਸਰਮਾਏਦਾਰਾਂ ਦੇ ਹਿੱਤ 'ਚ ਨਹੀਂ ਸੀ। ਏਮਨਸਟੀ ਇੰਟਰਨੈਸ਼ਨਲ ਦੀ ਰਿਪੋਰਟ (1994) ਅਨੁਸਾਰ Shell ਨੇ ਨਜ਼ੀਰੀਆ 'ਚ ਵਿਰੋਧੀਆਂ ਦੇ ਕਤਲ ਲਈ ਮੋਟੀਆਂ ਰਕਮਾਂ ਬਦਲੇ ਫੌਜੀ ਕਮਾਡਰਾਂ ਦੀਆਂ ਸੇਵਾਵਾਂ ਹਾਸਲ ਕਰਦੀ ਸੀ। ਉਹ ਦੇਸ਼ ਜਿਥੇ ਸਿੱਧੇ ਤੌਰ 'ਤੇ ਤਾਨਾਸ਼ਾਹੀ ਦੀਆਂ ਸੰਭਾਵਨਾਵਾਂ ਨਹੀਂ ਹੁੰਦੀਆਂ ਉਥੇ ਆਪਸੀ ਸਹਿਮਤੀ ਦੀ ਡਿਪਲੋਮੇਸੀ ਦਾ ਹਥਿਆਰ ਵਰਤਿਆ ਜਾਂਦਾ ਹੈ। ਜਿਸ ਅਨੁਸਾਰ ਸਥਾਨਕ ਪੱਧਰ ਦੇ ਹੁਕਮਰਾਨਾ ਨੂੰ ਲਾਲਚ ਤੇ ਧਮਕੀਆਂ ਰਾਹੀਂ ਆਪਣੀਆਂ ਸ਼ਰਤਾਂ ਮਨਾਉਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਰਾਜਸੀ ਉਥਲ ਪੁਥਲ ਦੇ ਸ਼ਿਕਾਰ ਗਰੀਬੀ ਦੇਸ਼ਾਂ 'ਚ ਸੰਯੁਕਤ ਰਾਸ਼ਟਰ ਸੰਘ ਵਰਗੀ ਕੌਮਾਂਤਰੀ ਸੰਸਥਾ ਨੂੰ ਵੀ ਇਸ ਡਿਪਲੋਮੇਸ਼ੀ ਲਈ ਵਰਤਿਆ ਮੱਧ ਅਫਰੀਕਾ ਦਾ ਇਕ ਦੇਸ਼ ਕਾਂਗੋ ਰਿਪਬਲਿਕ ਇਸ ਕਨੂੰਨੀ ਡਿਪਲੋਮੇਸੀ

ਦੀ ਦਰਦਨਾਕ ਮਿਸਾਲ ਹੈ। ਜਿਥੇ ਧਰਤੀ ਕੋਲਟਾਨ ਉਗਲਦੀ ਹੈ। ਇਲੈਕਟ੍ਰਾਨਿਕ ਚਿਪਸ ਦੇ ਇਕ ਲਾਜ਼ਮੀ ਅੰਸ਼ ਦੀ ਹੈਸੀਅਤ ਨਾਲ ਉਸ ਨੂੰ ਜਾਦੂਮਈ ਧੂੜ ਦਾ ਨਾਂ ਵੀ ਦਿੱਤਾ ਜਾਂਦਾ ਹੈ। ਧਰਤੀ ਦੇ ਇਸ ਕੀਮਤੀ ਅੰਸ਼ ਤੇ ਕਬਜ਼ਾ ਕਮਾਉਣ ਲਈ ਮੋਬਾਇਲ ਫੋਨ ਤੇ ਕੰਪਿਊਟਰ ਚਿਪਸ ਨਾਲ ਜੁੜੀਆਂ ਕੰਪਨੀਆਂ ਨੇ ਸਾਮਰਾਜੀ ਤਾਕਤਾਂ 'ਚ ਤਾਂਡਵ ਰਚਾਇਆ ਹੈ। ਲੱਖਾਂ ਇਨਸਾਨਾਂ ਦੇ ਕਤਲ ਤੇ ਖ਼ੂਨ ਪਿੱਛੋਂ UNO ਆੜ 'ਚ ਜਦ ਉਹਨਾਂ ਲਈ ਕਲਾਟਨ ਦੀ ਲੁੱਟ ਵੀ ਸੰਭਵ ਹੈ ਤੇ ਕੌਡੀਆਂ ਦੇ ਭਾਅ ਮੋਬਾਇਲਸ ਦੀ ਤਿਆਰੀ ਵੀ ਤੇ ਇਸ ਦੇ ਬਦਲੇ ਅਰਬਾਂ ਡਾਲਰ ਦਾ ਲਾਭ ਵੀ।

ਦੁਨੀਆਂ ਲਈ ਕੋਲਟਾਨ ਜਾਦੂਈ ਧੂਲ ਹੋਵੇ ਤਾਂ ਹੋਵੇ, ਪਰ ਇਸ ਗਰੀਬ ਦੇਸ਼ ਦੀਆਂ ਜਨਤਾ ਲਈ ਇਹ ਸਿਰਫ 'ਜਾਦੂਮਈ ਆਫਤ' ਹੀ ਸਿੱਧ ਹੋਈ ਹੈ। ਜਿਸ ਨੇ ਉਹਨਾਂ ਨੂੰ ਹੋਰ ਵੱਧ ਗਰੀਬ ਤੇ ਮਹਿਰੂਮ ਕਰ ਦਿੱਤਾ। ਗਰੀਬ ਦੇਸ਼ਾਂ ਦੀ ਜਨਤਾ 'ਤੇ ਸਾਮਰਾਜ ਦੀ ਧੌਂਸ ਤੇ ਧਾਂਦਲੀ ਦੀ ਕਹਾਣੀ ਬਹੁਤ ਲੰਬੀ ਹੈ। ਰਾਜਸੀ ਧੌਂਸ ਤਾਂ ਨਜ਼ਰ ਆਉਂਦੀ ਹੈ ਪਰ ਧੌਂਸ ਤੇ ਜਬਰਦਸਤੀ ਦੀ ਇਹ ਕਿਸਮ ਜਿਸ ਨੂੰ ਜਲਦੀ ਨਾਲ ਸਮਝਿਆ ਨਹੀਂ ਜਾ ਸਕਦਾ, ਸੋਸ਼ਣ ਕਿਹਾ ਜਾਂਦਾ ਹੈ। ਵੱਧ ਤੋਂ ਵੱਧ ਲਾਭ ਰਾਹੀਂ ਰਾਜਸੀ ਧੌਂਸ, ਜਬਰਦਸਤੀ ਤੇ ਲੁੱਟ ਨਵ-ਪੂੰਜੀਵਾਦੀ ਸਾਮਰਾਜ ਦਾ ਹੁਣ ਤੱਕ ਦਾ ਫਾਰਮੂਲਾ ਰਿਹਾ ਹੈ।

# ਕੀ ਹਨ ਸਭਿਆਚਾਰਕ ਭੇਦ-ਭਾਵ ਦੇ ਬੁਰੇ ਅਸਰ?

ਨਵ-ਪੂੰਜੀਵਾਦੀ ਸਾਮਰਾਜ ਨੇ ਸਮਾਜ 'ਚ ਜੋ ਭੇਦ ਭਾਵ ਤੇ ਨਾਬਰਾਬਰੀ ਪੈਦਾ ਕੀਤੀ ਹੈ, ਉਹ ਸਿਰਫ ਆਰਥਕ ਤੇ ਸਮਾਜਕ ਪੱਧਰ ਹੀ ਤਕ ਸੀਮਤ ਨਹੀਂ ਹੈ ਬਲਕਿ ਸਭਿਆਚਾਰਕ ਪੱਧਰ 'ਤੇ ਵੀ ਇਕ ਬਨਾਉਟੀ ਖਾਈ ਦੀ ਸ਼ਕਲ 'ਚ ਸਪਸ਼ਟ ਨਜ਼ਰ ਆਉਂਦੀ ਹੈ। ਸਭਿਆਚਾਰਕ ਹਮਲੇ ਦੇ ਸਿੱਟੇ ਵਜੋਂ ਸਮਾਜ 'ਚ ਵੰਡ ਗਏ ਅੰਸ਼ ਨਾ ਸਿਰਫ ਇਕ ਦੂਜੇ ਤੋਂ ਦੂਰ ਹੋ ਜਾਂਦੇ ਹਨ ਬਲਕਿ ਸਭਿਆਚਾਰਕ ਓਪਰਾਧਨ ਤੇ ਬੇਗਾਨਗੀ ਦੀ ਸਥਿਤੀ ਵੀ ਪ੍ਰਵਾਨ ਚੜ੍ਹ ਰਹੀ ਹੈ। ਵੱਖ-ਵੱਖ ਦੇਸ਼ਾਂ ਦੇ ਵਿਦਵਾਨਾਂ, ਪੱਤਰਕਾਰਾਂ, ਵਿਦਿਆਰਥੀਆਂ ਤੇ ਪਾਰਲੀਮੈਂਟ ਦੇ ਮੈਂਬਰਾਂ ਆਦਿ ਨੂੰ ਬੁਲਾ ਕੇ ਉਹਨਾਂ ਉੱਪਰ ਆਪਣੇ ਸਭਿਆਚਾਰਕ ਦਾ ਸਿੱਕਾ ਜਮਾਇਆ ਜਾਂਦਾ ਹੈ ਤਾਂ ਕਿ ਉਹ ਸਭਿਅਤਾ ਤੇ ਸਭਿਆਚਾਰ ਦੀ ਉਸ ਚਕਾਚੌਂਧ ਤੋਂ ਬੇਹੱਦ ਆਕਰਸ਼ਕ ਹੋ ਕੇ ਦੇਸ਼ ਪਰਤੇ ਅਤੇ ਫਿਰ ਉਸ ਦੀ ਨੁਮਾਇੰਦਗੀ ਕਰਨ ਤੇ ਉਸ ਸਭਿਆਚਾਰ ਦੇ ਕੁਸ਼ਲ ਬੁਲਾਰੇ ਬਣ ਕੇ ਉਸ ਦਾ ਪ੍ਰਚਾਰ ਤੇ ਪਸਾਰ ਕਰਨ। ਇਹ ਇਕ ਬੇਹੱਦ ਪ੍ਰਭਾਵੀ ਹੱਥ ਕੰਡਾ ਹੈ ਜਿਸ ਦੀ ਵਰਤੋਂ ਸਾਮਰਾਜੀ ਤਾਕਤਾਂ ਖੂਬ ਕਰਦੀਆਂ ਹਨ। ਭਾਰਤ ਸਮੇਤ ਵੱਖ-ਵੱਖ ਦੇਸ਼ਾਂ ਦੀਆਂ ਪਾਰਟੀਆਂ ਅਮਰੀਕਾ ਦੇ ਸੈਰ ਸਪਾਟੇ ਲਈ ਲਗਭਗ ਰੋਜ਼ਾਨਾ ਜਾਂਦੇ ਹਨ। ਸਰਕਾਰੀ ਮਹਿਮਾਨ ਨਵਾਜੀਆਂ ਤੇ ਮੇਜ਼ਬਾਨੀ ਦੀਆਂ ਮਿਹਰਬਾਨੀਆਂ ਤੋਂ ਆਖਰ 'ਚ ਏਨੇ ਦਬ ਜਾਂਦੇ ਹਨ ਕਿ ਉਹਨਾਂ ਲਈ ਸਚਾਈ ਨੂੰ ਜਾਹਰ ਕਰਨਾ ਇਕ ਮੁਸ਼ਕਿਲ ਕੰਮ ਬਣ ਜਾਂਦਾ ਹੈ। ਅਜਕਲ ਉਹਨਾਂ ਪਾਰਟੀਆਂ 'ਚ ਸ਼ਾਮਲ ਕਰਨ ਲਈ ਜਿਥੇ ਵਿਦਿਆਰਥੀ ਤੇ ਮੁਸਲਮਾਨ ਲੇਖਕਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਉਥੇ ਮੁਸਲਮਾਨ ਉਲਮਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਆਕਰਸ਼ਿਤ ਕੀਤਾ ਜਾ ਰਿਹਾ ਹੈ। ਦਿਲ ਤੇ ਨਜ਼ਰ ਨੂੰ ਹੈਰਤ 'ਚ ਪਾ ਦੇਣ ਵਾਲੇ ਬਹੁਤ ਸਾਰੇ ਪ੍ਰੋਗ੍ਰਾਮ ਜਿਵੇਂ ਯੂਥ ਐਕਸਚੇਂਜ ਐਂਡ ਸਟੱਡੀ ਪ੍ਰੋਗ੍ਰਾਮ, ਇੰਟਰਨੈਸ਼ਨਲ ਵਿਜ਼ਟਰਜ ਲੀਡਰਸ਼ਿਪ ਪ੍ਰੋਗ੍ਰਾਮ, ਐਜੂਕੇਸ਼ਨ ਸੈਕਟਰ ਰਿਫਾਰਮ ਪ੍ਰੋਗ੍ਰਾਮ ਆਦਿ ਵਿਕਾਸ ਸ਼ੀਲ ਦੇਸ਼ਾਂ ਲਈ ਹੀ ਵਿਸ਼ੇਸ਼ ਤੌਰ 'ਤੇ ਲਾਂਚ ਕੀਤੇ ਗਏ ਹਨ ਜਿਸ ਦੇ ਲਈ ਬੰਦਿਆਂ ਦੀ ਚੋਣ ਵੀ ਵਿਦੇਸ਼ ਮੰਤਰਾਲੇ ਵਲੋਂ ਕੀਤੀ ਜਾਂਦੀ ਹੈ। ਸਭਿਆਚਾਰ ਦੇ ਇਸ ਵਟਾਂਦਰੇ ਦੇ ਅਭਿਆਸ ਰਾਹੀਂ ਇਕ ਖਾਸ ਕਲਚਰ ਨੂੰ ਪ੍ਰਵਾਨ ਚੜ੍ਹਾਇਆ ਜਾਂਦੈ ਜੋ ਦੇਸ਼ ਦੇ ਸਮਾਜ ਨੂੰ ਵੱਧ ਤੋਂ ਵੱਧ ਵੰਡਣ 'ਚ ਸਹਾਇਕ ਸਿੱਧ ਹੁੰਦਾ ਹੈ। ਕੌਮਾਂਤਰੀ ਸੰਸਥਾਵਾਂ ਖਾਸ ਕਰਕੇ ਯੂਨੇਸਕੋ 'ਤੇ ਕੰਟਰੋਲ ਰਾਹੀਂ ਵਿਸ਼ੇਸ਼ ਪੱਛਮੀ ਸਭਿਅਤਾ ਨੂੰ ਹੱਲਾਸ਼ੇਰੀ ਦੇਣਾ ਵੀ ਇਸ ਸਿਲਸਿਲੇ ਦੀ ਇਕ ਮਹੱਤਵਪੂਰਨ ਤੇ ਕਾਮਯਾਬ ਕੋਸ਼ਿਸ਼ ਰਹੀ ਹੈ। ਜਦ 2005 'ਚ International Convertion On Cultural Diversity ਮੌਕੇ ਯੂਨੇਸਕੋ 'ਚ ਕਲਚਰਲ ਪ੍ਰੋਡਕਟਸ (ਫਿਲਮਾਂ, ਸੰਗੀਤ ਤੇ ਆਰਟ ਆਦਿ) ਨੂੰ ਵਪਾਰਕ ਵਸਤੂਆਂ ਤੋਂ ਵੱਖਰਾ ਕਰਕੇ ਉਸ ਦੇ ਵਪਾਰਕ ਅਧਿਕਾਰ ਨਾਲ ਸਬੰਧਤ ਦੇਸ਼ਾਂ ਨੂੰ ਦਿੱਤੇ ਜਾਣ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਸੀ ਤਾਂ ਅਮਰੀਕਾ ਤੇ ਇਜ਼ਰਾਇਲ ਨੇ ਇਸ ਦਾ ਸਖਤ ਵਿਰੋਧ ਕੀਤਾ ਤੇ ਇਸ ਨੂੰ ਨਾਕਾਮ ਬਣਾ ਦਿੱਤਾ। ਉਸ ਨੂੰ ਡਰ ਇਹ ਸੀ ਕਿ ਇਸ ਪ੍ਰਸਤਾਵ ਦੇ ਪਾਸ ਹੋ ਜਾਣ ਦੇ ਸਿੱਟੇ ਵਜੋਂ ਹਾਲੀਵੁੱਡ ਫਿਲਮਾਂ, ਸੰਗੀਤ ਨਾਲ ਸਬੰਧਤ ਵਸਤੂਆਂ ਤੇ ਦੂਜੇ ਸਭਿਆਚਾਰਕ, ਮਾਧਿਅਮਾਂ ਤੇ ਵੱਖ ਵੱਖ ਦੇਸ਼ ਪਾਬੰਦੀਆਂ ਜਾਂ ਭਾਰੀ ਟੈਕਸ ਨਾ ਲਾ ਦੇਣ। ਮਾਮਲੇ ਨੂੰ ਆਪਣੇ ਪੱਖ

’ਚ ਕਰਨ ਲਈ ਕੌਂਡਾਲੀਜ਼ਾ ਰਾਈਸ (ਉਸ ਵੇਲੇ ਦੇ ਵਿਦੇਸ਼ ਮੰਤਰੀ) ਨੇ ਇਸ ਵਿਸ਼ੇ ਸਬੰਧੀ ਯੂਨੇਸਕੋ ਦੇ ਬਾਈਕਾਟ ਦੀ ਧਮਕੀ ਦਿੱਤੀ ਸੀ।

ਪੂਰਬੀ ਸਮਾਜਾਂ ’ਚ ਸਭਿਆਚਾਰਕ ਹਮਲੇ ਰਾਹੀਂ ਵਰ੍ਹਾਇਆ ਗਿਆ ਸਭਿਆਚਾਰਕ ਭੇਦਭਾਵ ਸਪਸ਼ਟ ਨਜ਼ਰ ਆਉਂਦਾ ਹੈ। ਸਾਡੇ ਦੇਸ਼ ਦੇ ਕੁਝ ਪ੍ਰਭਾਵਿਤ ਖੇਤਰਾਂ ’ਚ ਇਹ ਭੇਦਭਾਵ ਆਮ ਤੌਰ ’ਤੇ ਵੇਖਣ ’ਚ ਆਉਂਦਾ ਹੈ। ਲੰਬੀਆਂ ਜ਼ੁਲਫਾਂ, ਗੁਭਾਰਿਆਂ ਵਾਂਗ ਉਭਰੇ ਪੱਠਿਆਂ ਤੇ ਨਿਤ ਨਵੇਂ ਰੰਗਾਂ ਨਾਲ ਸਜੀ ਤੇ ਬਹੁਤ ਘੱਟ ਕਪੜਿਆਂ ਨਾਲ ਬਣੀ ਟੀ-ਸ਼ਰਟ ’ਚ ਫਸਿਆ ਜੇ ਕੋਈ ਨੌਜਵਾਨ ਵਿਖਾਈ ਦੇਵੇ ਤਾਂ ਤੁਸੀਂ ਅੰਦਾਜ਼ਾ ਲਾ ਲਓ ਕਿ ਇਸ ਵਿਚਾਰੇ ਨੂੰ ਕੀ ਟਾਮ-ਕਰੂਜ ਆਰਨਲਡ ਜਾਂ ਮਾਈਕਲ ਜੈਕਸਨ ਦੀਆਂ ਮਹਾਨਤਾਵਾਂ ਨੇ ਕਿੰਨਾ ਜਖਮੀ ਕਰ ਰੱਖਿਆ ਹੈ। ਪਰਫਿਊਮ ਦੀ ਮਹਿਕ ਹੋਵੇ ਜਾਂ ਬਾਈਕ ਦੇ ਇੰਜਣ ਦੀ ਪਾਵਰ, ਹਰ ਚੀਜ਼ ਦੀ ਟਰੇਨਿੰਗ ਲਈ ਸਾਡੇ ਨੌਜਵਾਨ ਪੱਛਮੀ ਟ੍ਰੇਂਡਸ (ਰੁਝਾਣ) ਦਾ ਡੂੰਘਾ ਅਧਿਐਨ ਅਤੇ ਆਪਸ ’ਚ ਬਹੁਤ ਬਹਿਸ ਕਰਦੇ ਨਜ਼ਰ ਆਉਣਗੇ। ਕੱਲ੍ਹ ਤੱਕ ਮਾਮੂਲੀ ਤੋਂ ਮਾਮੂਲੀ ਈਮਾਨ ਰੱਖਣ ਵਾਲੇ ਮੁਸਲਮਾਨ ਵੀ ਬੇਤੁਲਾ (ਕਾਬਾ) ਦੀ ਇਕ ਝਲਕ ਪਾਉਣ ਦੀ ਤਮੰਨਾ ਲਈ ਬੇਚੈਨ ਰਹਿੰਦਾ ਸੀ ਪਰ ਅੱਜ ਅੱਛੇ ਭਲੇ, ਅੱਛੀ ਸੂਝ ਬੂਝ ਰੱਖਣ ਵਾਲੇ ਅਤੇ ਅੱਛੇ ਪੜ੍ਹੇ ਲਿਖੇ ਨੌਜਵਾਨਾਂ (ਜਿਹਨਾਂ ਦੀ ਦੋ ਮਹੀਨਿਆਂ ਦੀ ਤਨਖਾਹ ਵੀ ਕਦੀ ਕਦੀ ਇਸ ਤਮੰਨਾ ਨੂੰ ਪੂਰਾ ਕਰਨ ਲਈ ਕਾਫੀ ਹੋ ਸਕਦੀ ਹੈ) ਦਾ ਅੱਛਾ ਖਾਸਾ ਬੈਂਕ ਬੈਲੇਂਸ ਵੀ ਉਹਨਾਂ ਅੰਦਰ ਉਹ ਤੜਪ ਪੈਦਾ ਨਹੀਂ ਕਰ ਸਕਦਾ। ਹਾਂ, ਆਨ ਸਾਈਟ ਦੇ ਸੁਹਾਵਨੇ ਸੁਪਨੇ ਉਹਨਾਂ ਦੀ ਨੀਂਦ ਹਰਾਮ ਕਰਨ ਲਈ ਕਾਫੀ ਹੁੰਦੇ ਹਨ। ਇਹ ਅਤੇ ਇਸ ਤਰ੍ਹਾਂ ਦੇ ਹੋਰ ਕਈ ਦ੍ਰਿਸ਼ ਏਨੇ ਸਪਸ਼ਟ ਹਨ ਕਿ ਘਟਨਾਵਾਂ ਨੂੰ ਗਿਣਨ ਦੀ ਕੋਈ ਜ਼ਰੂਰਤ ਨਹੀਂ ਰਹਿੰਦੀ। ਸਭਿਆਚਾਰਕ ਯਲਗਾਰ ਰਾਹੀਂ ਸਾਮਰਾਜੀ ਤਾਕਤਾਂ ਨੇ ਸਾਡੇ ਸਮਾਜ ’ਚ ਦਰਾੜ ਪਾ ਕੇ ਪੂਰੇ ਵਰਗ ਨੂੰ ਆਪਣੇ ਰੰਗ ’ਚ ਰੰਗ ਲਿਆ ਹੈ। ਇਹ ਵਰਗ ਉਹ ਹੈ ਜਿਸ ਨੂੰ ਆਪਣੇ ਹੀ ਸਮਾਜ ਦੀ ਬਹੁਗਿਣਤੀ ਨਾਲ ਕੋਈ ਵਿਸ਼ੇਸ਼ ਸਬੰਧ ਨਹੀਂ ਹੈ। ਹਾਂ ਇਹ ਜ਼ਿਆਦਾਤਰ ਮਾਮਲਿਆਂ ’ਚ ਸਾਮਰਾਜੀ ਸੱਚ ਦਾ ਹਮਾਇਤੀ ਜ਼ਰੂਰ ਨਜ਼ਰ ਆਉਂਦਾ ਹੈ। ਭਾਰਤੀ ਸਮਾਜ ’ਚ ਵਧ ਫੁੱਲ ਰਹੇ ਇਸ ਅਜਨਬੀ ਵਰਗ ਦੀਆਂ ਵਿਸ਼ੇਸ਼ਤਾਵਾਂ ਸੰਖੇਪ ਰੂਪ ’ਚ ਇਸ ਤਰ੍ਹਾਂ ਬਿਆਨ ਕੀਤੀਆਂ ਜਾ ਸਕਦੀਆਂ ਹਨ :- ਸਮਾਜ ਹਿੱਤਾਂ ਉਪਰ ਨਿਜੀਹਿੱਤਾਂ ਨੂੰ ਭਾਰੀ ਰੱਖਣਾ, ਸੰਜੀਦਗੀ ਦੀ ਘਾਟ, ਵਿਚਾਰਕ ਉਥਲਾਪਣ, ਉਪਭੋਗਤਾਵਾਦ, ਰਿਸ਼ਤਿਆਂ ਨਾਤਿਆਂ ਤੇ ਸਬੰਧਾਂ ’ਚ ਬੇਰੁਖੀ, ਆਪਸੀ ਭਾਈਚਾਰਾ ਤੇ ਮੁਹਬਤ ’ਚ ਕਮੀ, ਬਹੁਤ ਜਲਦੀ ਨਤੀਜਾ ਹਾਸਲ ਕਰਨ ਵਾਲੀ ਸੋਚ ਫਾਸਟ ਫੂਡ ਕਲਚਰ, ਮੋਟਾਪਾ, ਬਜ਼ੁਰਗਾਂ ਦੀ ਸੇਵਾ ਕਰਨ ਤੋਂ ਟਾਲਮਟੋਲ ਅਧਿਆਤਮਕ ਮੁੱਲਾਂ ਤੇ ਧਰਮ ਤੋਂ ਦੂਰੀ, ਮਾਯੂਸੀ, ਅਸ਼ਲੀਲਤਾਦਾ ਪ੍ਰਭਾਵ, ਸਿਰਫ ਦੌਲਤ ਹਾਸਲ ਕਰਨ ਲਈ ਸਿਖਿਆ ਹਾਸਲ ਕਰਨੀ ਆਦਿ।

# ਕੀ ਹਨ ਸਮਾਜੀ ਭੇਦਭਾਵ ਦੇ ਮਾੜੇ ਅਸਰ?

ਸਮਾਜਕ ਭੇਦਭਾਵ ਦਾ ਇਕ ਲਾਜ਼ਮੀ ਸਿੱਟਾ ਭੁੱਖਮਰੀ ਤੇ ਗਰੀਬੀ ਵੀ ਹੈ। ਆਮ ਤੌਰ 'ਤੇ ਬੁਨਿਆਦੀ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਨਾਹਰਿਆਂ ਦੇ ਨਾਲ ਰਾਜਸੀ ਪਾਰਟੀਆਂ ਮੈਦਾਨ 'ਚ ਉਤਰਦੀਆਂ ਹਨ। ਪਰ ਸਹੀ ਗੱਲ ਤਾਂ ਇਹ ਹੈ ਕਿ ਖਾਣ ਪੀਣ ਦੀਆਂ ਚੀਜ਼ਾਂ ਦੀ ਘਾਟ ਉਹਨਾਂ ਲਈ ਕੋਈ ਕੌਮੀ ਜਾਂ ਸਮਾਜਕ ਵਿਸ਼ਾ ਨਹੀਂ ਹੈ ਕਿਉਂਕਿ ਭਾਰਤ ਆਪਣੀਆਂ ਲੋੜਾਂ ਨੂੰ ਵੱਧ ਅਨਾਜ ਪੈਦਾ ਕਰਦਾ ਹੈ ਅਤੇ ਇਸ ਤਰ੍ਹਾਂ ਗੋਦਾਮਾਂ 'ਚ ਵੱਡੀ ਪੱਧਰ 'ਤੇ ਅਨਾਜ ਦਾ ਸਟਾਕ ਹੁੰਦਾ ਹੈ। ਇਹ ਸਟਾਕ ਇਸ ਲਈ ਨਹੀਂ ਹੁੰਦਾ ਕਿ ਆਮ ਲੋਕਾਂ ਨੂੰ ਖਾਣ ਵਾਲੀਆਂ ਵਸਤਾਂ ਦੀ ਲੋੜ ਰਹੀ ਨਹੀਂ। ਬਲਕਿ ਇਸ ਲਈ ਕਿ ਜਿਹਨਾਂ ਨੂੰ ਜ਼ਰੂਰਤ ਹੈ ਉਹਨਾਂ ਅੰਦਰ ਸਮਾਜਕ ਭੇਦਭਾਵ ਦੇ ਕਾਰਨ ਖਰੀਦਣ ਦੀ ਤਾਕਤ (ਪ੍ਰਚੇਜ਼ਿੰਗ ਪਾਵਰ) ਨਹੀਂ ਹੈ। ਇਹ ਇਕ ਬਨਾਉਟੀ ਗਰੀਬੀ ਅਤੇ ਮਹਿਰੂਮੀ ਹੈ ਜੋ ਪੂੰਜੀਵਾਦੀ ਸਾਮਰਾਜ ਦੀ ਦੌਲਤ ਨੂੰ ਇਕੱਠਾ ਕਰਕੇ ਰੱਖਣ ਦਾ ਕੌਮਾਂਤਰੀ ਪੱਧਰ ਦਾ ਹਥਿਆਰ ਹੈ। ਦੇਸ਼ 'ਚ ਖਾਦ ਪਦਾਰਥਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਮੁਕਾਬਲੇ ਬਰਾਮਦ ਮੁੱਖ ਨੀਤੀਆਂ ਨੇ ਸਾਡੀਆਂ ਅਨਾਜ ਸੰਬੰਧੀ ਲੋੜਾਂ 'ਤੇ ਬੁਰਾ ਅਸਰ ਪਾਇਆ ਹੈ ਕੁਝ ਹੀ ਦਿਨ ਪਹਿਲਾਂ ਖਾਸ ਕਰਕੇ ਖਾਣ ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਜਿਸ ਹੋਸ਼ ਉਡਾ ਦੇਣ ਵਾਲੇ ਅੰਦਾਜ਼ 'ਚ ਵਧੀਆ ਹਨ, ਇਸ ਨਾਲ ਦੇਸ਼ ਦਾ ਹਰ ਸ਼ਹਿਰੀ ਬੇਚੈਨ ਤੇ ਹੈਰਾਨ, ਪ੍ਰੇਸ਼ਾਨ ਹੈ। ਹਰ ਆਦਮੀ ਇਹ ਮੰਨਦਾ ਹੈ ਕਿ ਇਹ ਇਕ ਬਣਾਉਟੀ ਵਾਧਾ ਹੈ। ਵਧੀਆਂ ਕੀਮਤਾਂ ਗਰੀਬਾਂ ਦੀ ਜੇਬ ਕੱਟ ਕੇ ਵਸੂਲ ਕੀਤੀਆਂ ਜਾ ਰਹੀਆਂ  ਹਨ ਪਰ ਇਸ ਵਧਦੀ ਮਹਿੰਗਾਈ ਦਾ ਕੋਈ ਫਾਇਦਾ ਕਿਸਾਨਾਂ ਨੂੰ ਨਹੀਂ ਪਹੁੰਚਦਾ। ਦੁੱਧ ਤੇ ਦਾਲ ਵਰਗੀਆਂ ਬੁਨਿਆਦੀ ਚੀਜ਼ਾਂ 'ਚ ਵੀ ਆਮ ਲੋਕ ਕਟੌਤੀ ਕਰਨ ਲਈ ਮਜ਼ਬੂਰ ਹਨ। ਯੂਨੀ ਸੈਫ ਦੀ ਰਿਪੋਰਟ ਅਨੁਸਾਰ ਬੇਹੱਦ ਗਰੀਬੀ ਤੇ ਅਨਾਜ ਦੀ ਘਾਟ ਕਾਰਨ ਰੋਜ਼ਾਨਾ ਮਰਨ ਵਾਲੇ ਬੱਚਿਆਂ ਦੀ ਗਿਣਤੀ 25000 ਹੁੰਦੀ ਹੈ ਅਤੇ ਇਹ ਮੌਤਾਂ ਉਹਨਾਂ ਬੇਹੱਦ ਪਿਛੜੇ ਹੋਏ ਪਿੰਡਾਂ 'ਚ ਹੁੰਦੀਆਂ ਹਨ ਜਿਥੇ ਸਰਮਾਏਦਾਰਾਂ ਦੀ ਚਕਾਚੌਂਧ ਦੁਨੀਆਂ ਉਹਨਾਂ ਦੇ ਦਿਲਾਂ ਨੂੰ ਨਹੀਂ ਝੰਜੋੜ ਸਕਦੀ। ਐਕਸ਼ਨ ਏਡ (2009) ਅਨੁਸਾਰ ਭਾਰਤ 'ਚ ਭੁੱਖੇ ਲੋਕਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। 1990 ਤੋਂ ਹੁਣ ਤੱਕ ਇਹ ਵਾਧਾ ਤਿੰਨ ਕਰੋੜ ਦਰਜ ਕੀਤਾ ਗਿਆ ਹੈ। ਰਿਪੋਰਟ ਅਨੁਸਾਰ ਇਹ ਸਮੱਸਿਆਵਾਂ ਖੁਰਾਕ ਦੀ ਕਮੀ ਦੀ ਨਹੀਂ ਬਲਕਿ ਖੁਰਾਕ ਤਕ ਪਹੁੰਚ ਦੀ ਹੈ। ਸਪਸ਼ਟ ਹੈ ਕਿ ਸਮਾਜਕ ਨਾਬਰਾਬਰੀ ਤੇ ਭੇਦਭਾਵ ਕਾਰਨ ਹੀ ਉਹਨਾਂ ਦੀ ਪਹੁੰਚ ਉਥੋਂ ਤਕ ਨਹੀਂ ਹੋ ਸਕੀ ਬੇਹੱਦ ਗਰੀਬੀ ਤੇ ਵਿਆਜ ਦੀ ਵਜ੍ਹਾ ਕਰਕੇ ਪਿਛਲੇ ਕੁਝ ਸਾਲਾਂ 'ਚ ਕਿਸਾਨਾਂ ਦੀਆਂ ਲਗਾਤਾਰ ਆਤਮ ਹੱਤਿਆਵਾਂ ਪੂਰੀ ਦੁਨੀਆਂ ਦੀ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਹਨ। ਭਾਰਤ 'ਚ ਪਿਛਲੇ 10 ਸਾਲਾਂ ਦੇ ਰਿਕਾਰਡ ਅਨੁਸਾਰ ਹਰ 32 ਮਿੰਟ 'ਚ ਇਕ ਕਿਸਾਨ ਦੀ ਆਤਮ ਹੱਤਿਆ ਦਰਜ ਕੀਤੀ ਗਈ ਹੈ। ਆਤਮ ਹੱਤਿਆ ਦੀਆਂ ਦੋ ਤਿਹਾਈ ਘਟਨਾਵਾਂ, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਕਰਨਾਟਕਾ, ਕੇਰਲਾ ਤੇ ਮੱਧ ਪ੍ਰਦੇਸ਼ 'ਚ ਦਰਜ ਕੀਤੀਆਂ ਗਈਆਂ। ਪਹਿਲੇ ਤਿੰਨ ਸੂਬੇ ਤਾਂ ਉਹ ਹਨ ਜੋ ਸਾਡੇ ਦੇਸ਼ 'ਚ ਪੂੰਜੀਵਾਦ ਦੀਆਂ ਲਬਾਟਰੀਆਂ ਰਹੀਆਂ ਹਨ।

ਮਹਾਂਰਾਸ਼ਟਰ ਪੂੰਜੀ ਨਿਵੇਸ਼ ਸਬੰਧੀ ਹਮੇਸ਼ਾ ਪਹਿਲੇ ਨੰਬਰ ’ਤੇ ਰਿਹਾ ਹੈ। ਇਸ ਦੇ ਨਾਲ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੇ ਕੇਸਾਂ ’ਚ ਵੀ ਉਹ ਹਮੇਸ਼ਾ ਪਹਿਲੇ ਨੰਬਰ ’ਤੇ ਰਿਹਾ ਹੈ। ਖਾਸ ਕਰਕੇ ਪਿਛਲੇ 10 ਸਾਲਾਂ ਵਿਚ ਜਦ ਪੂੰਜੀਵਾਦੀ ਸਾਮਰਾਜਵਾਦ ਨੇ ਦੇਸ਼ ’ਚ ਮਜ਼ਬੂਤ ਕਰਦਮ ਜਮਾਏ ਤਾਂ ਮਹਾਂਰਾਸ਼ਟਰ ਦੇ ਕਿਸਾਨਾਂ ਦੇ ਹੌਸਲੇ ਵੀ ਉਸੇ ਅਨੁਪਾਤ ’ਚ ਟੁੱਟਦੇ ਚਲੇ ਗਏ ਅਤੇ ਇਸ ਅਫਸੋਸਜਨਕ ਘਟਨਾਵਾਂ ਦੀ ਦਰ ’ਚ ਵੀ ਤਿੰਨ ਗੁਣਾ ਵਾਧਾ ਹੋਇਆ। ਕੀ ਕਾਰਨ ਹੈ ਕਿ ਇਹ ਸੂਬੇ ਜਿਹਨਾਂ ਦੀ ਘਰੇਲੂ ਕੁਲ ਪੈਦਾਵਾਰ (GDP) ਤੇ (Per Capita Income) ਦੀ ਦਰ ਹਰ ਦੇਸ਼ ਦੀ ਔਸਤ ਤੋਂ ਉਪਰ ਮੰਨੀ ਜਾਂਦੀ ਹੈ ਅਤੇ ਜਿਹਨਾਂ ਦੀ ਤਰੱਕੀ ਦੀ ਚਰਚਾ ਪੂਰੇ ਦੇਸ਼ ’ਚ ਹੁੰਦੀ ਹੈ, ਉਹਨਾਂ ਹੀ ਰਾਜਾਂ ’ਚ ਕਿਸਾਨ ਆਤਮ ਹੱਤਿਆਵਾਂ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ? ਕਾਰਨ ਸਪਸ਼ਟ ਹੈ। ਪੂੰਜੀਵਾਦੀ ਸਾਮਰਾਜ ਨੇ ਜਿਥੇ ਜੜ੍ਹਾਂ ਜਮਾਈਆਂ। ਉਸੇ ਸਮਾਜ ਨੂੰ ਭੇਦਭਾਵ ਦਾ ਸ਼ਿਕਾਰ ਬਣਾ ਕੇ ਖੋਖਲਾ ਕਰ ਦਿੱਤਾ ਅਤੇ ਇਹੀ ਮਹਿਰੂਮੀਆਂ ਆਖਰਕਾਰ ਗਰੀਬਾਂ ਨੂੰ ਆਪਣੀ ਜ਼ਿੰਦਗੀ ਦਾ ਆਖਰੀ ਕਦਮ ਉਠਾਉਣ ਲਈ ਉਕਸਾਉਂਦੀਆਂ ਹਨ। ਇਹ ਸਿਰਫ ਮਹਾਂਰਾਸ਼ਟਰ ਨਾਲ ਸਬੰਧਤ ਸਚਾਈਆਂ ਨਹੀਂ ਹਨ ਬਲਕਿ ਇਹ ਇਕ ਕੌਮਾਂਤਰੀ ਸਥਿਤੀ ਹੈ। ਪੂੰਜੀਵਾਦੀ ਅਰਥਚਾਰੇ ਦੇ ਘਰ ਅਮਰੀਕਾ ’ਚ ਵੀ ਕਿਸਾਨਾਂ ’ਚ ਆਤਮ ਹੱਤਿਆਵਾਂ ਦੀ ਦਰ ਪਿਛਲੀਆਂ ਆਮ ਦਰਾਂ ਦੇ ਮੁਕਾਬਲੇ ’ਚ ਦੋ ਗੁਣਾ ਹਨ। ਬ੍ਰਿਟੇਨ ’ਚ ਇਹ ਦਰ ਇਕ ਹਫਤੇ ’ਚ ਇਕ ਹੈ। ਸਮਾਜ ਮਹਿਰੂਮੀ ਦੀ ਇਸ ਸਥਿਤੀ ਨੂੰ ਇਹ ਲੋਕ ਜਿਹਨਾਂ ਦੇ ਹੱਥਾਂ ’ਚ ਸਾਡੇ ਦੇਸ਼ ਦੀ ਵਾਂਗਡੋਰ ਹੁੰਦੀ ਹੈ, ਖੂਬ ਸਮਝਦੇ ਹਨ। ਪਰ ਇਸ ਸਥਿਤੀ ਨੂੰ ਖਤਮ ਕਰਨ ਲਈ ਕੋਈ ਸਮਾਜਕ ਕਦਮ ਉਠਾਉਣ ਲਈ ਉਹ ਪੂੰਜੀਵਾਦੀ ਸਾਮਰਾਜ ਦੇ ਸਾਹਮਣੇ ਆਪਣੇ ਆਪ ਨੂੰ ਮਜ਼ਬੂਰ ਤੇ ਬੇਵਸ ਪਾਉਂਦਾ ਹੈ। ਪ੍ਰਧਾਨ ਮੰਤਰੀ ਵੀ ਮੰਨਦੇ ਹਨ ਕਿ ਖੇਤੀ ਦੇ ਵਿਕਾਸ ਦੀ ਦਰ ਬਹੁਤ ਪ੍ਰਭਾਵਿਤ ਹੋਈ ਹੈ ਜੋ ਕਿਸਾਨਾਂ ਦੇ ਮਾਨਸਿਕ ਤਣਾਅ ਦਾ ਕਾਰਨ ਹੈ ਅਤੇ ਹੁਣ ਖੇਤੀ ਇਕ ਅਜਿਹਾ ਧੰਦਾ ਬਣਦੀ ਜਾ ਰਹੀ ਹੈ ਜਿਸ ਦਾ ਕੋਈ ਹਾਸਲ ਨਹੀਂ। ਪੂੰਜੀਵਾਦੀ ਸੁਧਾਰ ਨੇ ਕਿਸਾਨਾਂ ਨੂੰ ਬੇਹੱਦ ਮਹਿੰਗੇ ਬੀਜ ਦਿੱਤੇ ਤੇ ਇਕ ਅਜਿਹੀ ਤਕਨੀਕ ਦਿੱਤੀ ਜਿਸ ਨੂੰ ਕਿਸਾਨ ਅਸਾਨੀ ਨਾਲ ਹਾਸਲ ਨਹੀਂ ਕਰ ਸਕਦੇ। ਇਸ ਦੇ ਨਾਲ-ਨਾਲ ਉਸ ਦੇ ਲੋਕਾਂ ’ਚ ਇਕ ਦੂਜੇ ਤੋਂ ਅੱਗੇ ਵਧ ਜਾਣ ਦੀ ਦੌੜ ਪੈਦਾ ਕਰ ਦਿੱਤੀ ਹੈ। ਨਾਲ ਹੀ ਟੈਕਨੋਲੋਜੀ ਦੀ ਵਰਤੋਂ ਲਈ ਜਿਸ ਯੋਗਤਾ ਤੇ ਸੂਝ ਬੂਝ ਦੀ ਲੋੜ ਹੁੰਦੀ ਹੈ। ਉਸ ਤੋਂ ਮਹਿਰੂਮੀ ਅਤੇ ਮਹਿੰਗੇ ਸੂਦੀ ਕਰਜੇ ਕਿਸਾਨਾਂ ਦੇ ਭਾਗ ਰਹੇ। ਬਹੁਤ ਜਲਦੀ ਫਾਇਦੇ ਦੀ ਤਮੰਨਾ ’ਚ ਮਹਿੰਗੇ ਕੀਟ ਨਾਸ਼ਕਾਂ ਦੀ ਖਰੀਦਦਾਰੀ ਦਾ ਰੁਝਾਣ ਸਾਹਮਣੇ ਆਇਆ ਤੇ ਜਦ ਉਹਨਾਂ ਕੀਟਨਾਸ਼ਕਾਂ ਦੇ ਲੋੜੀਂਦੇ ਸਿੱਟੇ ਸਾਹਮਣੇ ਨਹੀਂ ਆ ਸਕੇ ਤਾਂ ਉਸੇ ਦਵਾ (ਕੀਟਨਾਸ਼ਕ) ਨਾਲ ਆਪਣੇ ਆਪ ਨੂੰ ਖਤਮ ਕਰ ਲੈਣ ਦਾ ਰੁਝਾਣ ਵੀ ਪਾਇਆ ਜਾਂਦਾ ਹੈ। ਉਹਨਾਂ ਦੀਆਂ ਮਹਿਰੂਮੀਆਂ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ 60 ਫੀਸਦੀ ਖੁਦਕੁਸ਼ੀਆਂ ਦਾ ਕਾਰਨ ਕਰਜੇ ਦੀ ਰਕਮ (20-25 ਹਜ਼ਾਰ) ਹੁੰਦੀ ਹੈ।

# ਗਰੀਬੀ ਦੇ ਸਮੁੰਦਰ ’ਚ ਅਮੀਰੀ ਦੇ ਟਾਪੂ

ਭਾਰਤ ’ਚ ਵਧਦੀ ਗਰੀਬੀ ਦੀ ਸਚਾਈ ਦੱਸਣ ਲਈ ਸ਼ਾਇਦ ਹੀ ਅੰਕੜਿਆਂ ਤੇ ਰੀਪੋਟਾਂ ਦੀ ਲੋੜ ਪਵੇ। ਦੇਸ਼ ਦੇ ਸਾਰੇ ਨਗਰਾਂ-ਮਹਾਂਨਗਰਾਂ ’ਚ ਕਰੋੜਾਂ ਦੀ ਗਿਣਤੀ ’ਚ ਪਿੰਡਾਂ ਤੋਂ ਉੱਜੜ ਕੇ ਆਈ ਗਰੀਬ ਅਬਾਦੀ ਨੂੰ ਰਾਹ ਚਲਦਿਆਂ ਵੇਖਿਆ ਜਾ ਸਕਦਾ ਹੈ। ਪਰ ਫਿਰ ਵੀ ਹਾਕਮ ਜਮਾਤ ਸੂਚਨਾ ਤਾਣੇ ਬਾਣੇ ਰਾਹੀਂ ‘ਵਿਕਾਸ’ ਦੇ ਅੰਕੜੇ (ਜਿਵੇਂ ਜੀ ਡੀ ਪੀ, ਸੰਸੈਕਸ ਦਾ ਉਛਾਲ) ਦਿਖਾ ਕੇ ਅਬਾਦੀ ’ਚ ਭਰਮ ਜਾਲ ਫੈਲਾਉਣ ਦੀ ਕੋਸ਼ਿਸ਼ ਕਰਦੀ। ਜਾਹਰ ਤੌਰ ’ਤੇ ਝੂਠ ਦੇ ਇਸ ਭਰਮ ਜਾਲ ਨਾਲ ਆਮ ਅਬਾਦੀ ਵੀ ਪ੍ਰਭਾਵਿਤ ਹੁੰਦੀ ਹੈ ਅਤੇ ਇਕ ਕਲਪਨਿਕ ਵਿਕਾਸ ਦੇ ਸੁਪਨੇ ਦੇਖਦੀ ਹੈ। ਜਦਕਿ ਹਕੀਕਤਨ ਮੁੱਠੀ ਭਰ ਲੋਕਾਂ ਦੇ ਵਿਕਾਸ ਦੀ ਕੀਮਤ ਆਮ ਲੋਕਾਂ ਨੂੰ ਚਕਾਉਣੀ ਪੈਂਦੀ ਹੈ। ਇਸ ਦੀ ਤਾਜਾ ਉਦਾਹਰਣ ਹਾਲਦੀਆਂ ਦੋ ਰਿਪੋਟਾਂ ਹਨ। ਪਹਿਲੀ ਰਿਪੋਟ ਯੂ ਐਨ ਡੀ ਪੀ ਦੀ ਹੈ ਜੋ ਦਸਦੀ ਹੈ ਕਿ ਦੇਸ਼ ਦੇ ਅੱਠ ਸੂਬਿਆਂ ਦੇ 42 ਕਰੋੜ ਲੋਕ ਬੇਹੱਦ ਗਰੀਬ ਹਨ ਅਤੇ ਦੂਜੀ ਰੀਪੋਟ ਕਹਿੰਦੀ ਹੈ ਕਿ ਦੇਸ਼ ’ਚ ਕਰੀਬ ਸਵਾ ਲੱਖ ਲੋਕਾਂ ਕੋਲ ਦੇਸ਼ ਦੀ ਕੁਲ ਆਮਦਨ ਦਾ ਇਕ ਤਿਹਾਈ ਹੈ। ਦੋਨੋ ਰੀਪੋਟਾਂ ਮਿਲਾ ਕੇ ਸਾਫ ਕਰ ਦਿੰਦੀਆਂ ਹਨ ਕਿ ਭਾਰਤ ’ਚ ਅਮੀਰ-ਗਰੀਬ ਵਿਚ ਕਾਰਲੀਖਾਈ ਲਗਾਤਾਰ ਵਧ ਰਹੀ ਹੈ। ਅਜਿਹੇ ’ਚ ਜੇ ਦੇਸ਼ ਵਿਚ ਸਿਰਫ ਅਮੀਰਾਂ ਦੀ ਹਾਲਤ ਨੂੰ ਸੁਰਖੀਆਂ ’ਚ ਰੱਖਿਆ ਜਾਵੇ ਤਾਂ ਵਿਕਾਸ ਦੀ ਇਕ ਭਲੇਖਾ ਪਾਊ ਤਸਵੀਰ ਖਿਚੀ ਜਾ ਸਕਦੀ ਹੈ। ਕਿਉਂਕਿ ਇਸ ਰੀਪੋਟ ਅਨੁਸਾਰ 2018 ਵਿੱਚ ਅਮੀਰਾਂ ਦੀ ਗਿਣਤੀ 2008 ਦੇ ਮੁਕਾਬਲੇ ਤਿੰਨ ਗੁਣਾਂ ਵੱਧ ਜਾਵੇਗੀ। ਭਾਰਤ ’ਚ ਅਮੀਰਾਂ ਦੀ ਗਿਣਤੀ ’ਚ ਇਹ ਇਜਾਫਾ ਦੁਨੀਆਂ ’ਚ ਵਿਅਤਨਾਮ ਤੋਂ ਪਿਛੋਂ ਦੂਜੀ ਥਾਂ ’ਤੇ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਹ ਸਵਾ ਲੱਖ ਅਮੀਰਾਂ ਦੀ ਅਬਾਦੀ ਦੇਸ਼ ਦੀ ਅਬਾਦੀ ਦਾ ਸਿਰਫ 0.01 ਫੀਸਦੀ ਹੈ। ਇਹਨਾਂ ਅੰਕੜਿਆਂ ਨੂੰ ਵੇਖ ਕੇ ਕੋਈ ਇਹ ਕਹਿ ਸਕਦਾ ਹੈ ਕਿ ਚਲੋ ਹੌਲੀ-ਹੌਲੀ 99.99 ਫੀਸਦੀ ਅਬਾਦੀ ਵੀ ਸਵਾ ਲੱਖ ਅਮੀਰਾਂ ਤਕ ਪਹੁੰਚ ਜਾਵੇਗੀ। ਪਰ ਅਜਿਹਾ ਸੋਚਣਾ ਨਾਦਾਨੀ ਹੋਵੇਗੀ। ਜੇ ਨੈਸ਼ਨਲ ਸੈਂਪਲ ਸਰਵੇ ਦੇ 2007-08 ਦੇ ਫੀਸਦੀ ਵਿਅਕਤੀ ਮਾਸਕ ਖਰਚੇ ਨੂੰ ਅਧਾਰ ਬਣਾ ਕੇ ਗਰੀਬਾਂ ਨੂੰ ਅਮੀਰਾਂ ਤਕ ਪਹੁੰਚਣ ਦਾ ਹਿਸਾਬ ਲਾਇਆ ਜਾਵੇ ਤਾਂ ਸ਼ਹਿਰੀ ਆਮ ਅਬਾਦੀ ਨੂੰ ਇਸ ਪੱਧਰ ’ਤੇ ਪਹੁੰਚਣ ਵਿੱਚ 2238 ਸਾਲ ਲੱਗ ਜਾਣਗੇ ਅਤੇ ਇਕ ਔਸਤ ਪੇਂਡੂ ਨੂੰ 3814 ਸਾਲ। ਹੁਣ ਤਸਵੀਰ ਦੇ ਦੂਜੇ ਪਹਿਲੂ ਦੀ ਗੱਲ ਕਰਦੇ ਹਾਂ। ਭਾਰਤ ਦੇ 8 ਸੂਬੇ ਅਫਰੀਕਾ ਦੇ ਸਭ ਤੋਂ ਗਰੀਬ 26 ਦੇਸ਼ਾਂ ਦੇ ਸਭ ਤੋਂ ਵੀ ਵੱਧ ਗਰੀਬ ਹਨ। ਇਹ ਸੂਬੇ ਹਨ ਬਿਹਾਰ, ਉਤਰ ਪ੍ਰਦੇਸ, ਛਤੀਸਗੜ, ਮੱਧ ਪ੍ਰਦੇਸ, ਝਾਰਖੰਡ, ਉਡੀਸਾ, ਰਾਜਸਥਾਨ ਤੇ ਪੱਛਮੀ ਬੰਗਾਲ। ਇਹ ਅੰਕੜੇ ਯੂ. ਐਨ. ਡੀ. ਪੀ. ਦੇ ਸਹਿਯੋਗ ਨਾਲ ਔਕਸਫੋਰਟ ਪਾਵਰਟੀ ਤੇ ਮਨੁੱਖੀ ਵਿਕਾਸ ਪਹਿਲੂ ਦੀ ਤਰਫੋਂ ਬਣਾਏ ਗਏ ਬਹੁਪੱਖੀ ਗਰੀਬੀ ਸੂਚਕਾਕ ਦੇ ਅਧਾਰ ’ਤੇ ਹੈ। ਇਹ ਦਸਦੇ ਹਨ ਕਿ ਭਾਰਤ ਦੇ ਸਿਰਫ 8 ਸੂਬਿਆਂ ’ਚ ਗਰੀਬਾਂ ਦੀ ਗਿਣਤੀ 42 ਕਰੋੜ ਤੋਂ ਵੱਧ ਹੈ। ਜੋ ਕਿ ਅਫਰੀਕਾ ਦੇ ਸਭ ਤੋਂ ਗਰੀਬ 26 ਦੇਸ਼ਾਂ ਦੀ ਅਬਾਦੀ 41 ਕਰੋੜ ਤੋਂ ਕਿਤੇ ਵੱਧ ਹੈ। ਇਸ ਸੂਚਕਾਂਕ ਦਾ ਅਧਾਰ ਸਿਰਫ ਊਰਜਾ ਕੈਲਰੀ ਨੂੰ ਨਹੀਂ ਬਣਾਇਆ ਗਿਆ

ਹੈ ਬਲਕਿ ਸਿੱਖਿਆ ਸਿਹਤ ਵਰਗੇ ਮੁੱਦਿਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ ਜੋ ਜੀਵਨ ਨੂੰ ਮਾਨਵੀ ਬਣਾਉਂਦੇ ਹਨ ਅਤੇ ਜੋ ਮਾਨਵ ਹੋਣ ਦੀ ਸੁਰਤ ਨੂੰ ਪੂਰਾ ਕਰਦੇ ਹਨ।

ਅੱਗੇ ਭਾਰਤ ਦੇ ਪ੍ਰਸੰਗ 'ਚ ਰੀਪੋਟ ਕਹਿੰਦੀ ਹੈ ਕਿ ਭਾਰਤ 'ਚ 55 ਫੀਸਦੀ ਅਬਾਦੀ ਗਰੀਬ ਹੈ। ਇਸ ਹਿਸਾਬ ਨਾਲ ਕਰੀਬ 64.5 ਕਰੋੜ ਲੋਕ ਗਰੀਬੀ ਰੇਖਾ ਦੇ ਹੇਠਾਂ ਆਉਂਦੇ ਹਨ। ਜੋ ਕਿ ਯੋਜਨਾ ਕਮਿਸ਼ਨ ਦੇ ਅੰਕੜਿਆਂ ਤੋਂ ਦੋ ਗੁਣਾਂ ਵੱਧ ਹੈ। ਅੱਠ ਰਾਜਾਂ ਤੋਂ ਇਲਾਵਾ ਹਰਿਆਣਾ, ਗੁਜਰਾਤ ਕਰਨਾਟਕ ਵਰਗੇ ਖੁਸ਼ਹਾਲ ਸੂਬਿਆਂ ਵਿਚ ਗਰੀਬਾਂ ਦੀ ਗਿਣਤੀ ਚਾਲੀ ਫੀਸਦੀ ਦੇ ਲੱਗਭਗ ਹੈ। ਐਮ. ਪੀ. ਆਈ. 'ਚ ਅਫਰੀਕਾ ਦੇ ਭੁੱਖਮਰੀ ਤੇ ਅਕਾਲ ਨਾਲ ਜੂਝ ਰਹੇ ਕਾਗੋਂ ਅਤੇ ਮੱਧ ਪ੍ਰਦੇਸ਼ ਦੀ ਤੁਲਨਾ ਕੀਤੀ ਗਈ ਹੈ। ਕਿਉਂਕਿ ਦੋਨਾਂ ਦੀ ਅਬਾਦੀ ਸੱਤ ਕਰੋੜ ਹੈ, ਦੋਨਾਂ ਦਾ ਐਮ. ਪੀ. ਆਈ. ਵੀ ਕਰੀਬ ਇਕੋ ਜਿਹਾ ਹੈ। ਸੂਬਿਆਂ ਅਨੁਸਾਰ ਦਿੱਤੇ ਗਏ ਅੰਕੜਿਆਂ ਨਾਲ ਮੁੱਖ ਚੋਣਾਵੀ ਪਾਰਟੀਆਂ ਦੀ ਅਸਲੀਅਤ ਵੀ ਉਜਾਗਰ ਹੋ ਜਾਂਦੀ ਹੈ। ਅਜਾਦੀ ਪਿਛੋਂ ਕਈ ਦਹਾਕਿਆਂ ਤੋਂ ਬੇਸ਼ਕ ਇਹਨਾਂ ਦੇ ਚੋਣਾਵੀ ਏਜੰਡੇ ਵਿੱਚ ਅਨਪੜ੍ਹਤਾ, ਭੁੱਖਮਰੀ, ਬੇਰੁਜ਼ਗਾਰੀ ਤੇ ਗਰੀਬੀ ਮਿਟਾਉਣ ਦੀ ਗੱਲ ਹੋਵੇ ਪਰ ਸਭ ਪਾਰਟੀਆਂ ਦੇ ਏਜੰਡੇ ਇਕ ਹਨ- ਗਰੀਬਾਂ ਦੀ ਲੁੱਟ ਕਰਨੀ ਅਤੇ ਅਮੀਰਾਂ ਦੀ ਪੂੰਜੀ ਆਬਾਦ ਕਰਨੀ। ਵੈਸੇ ਵੀ ਇਸ ਰੀਪੋਟ ਨੇ ਇਕ ਵਾਰੀ ਫਿਰ ਸਾਬਤ ਕਰ ਦਿੱਤਾ ਹੈ ਕਿ ਜਿਸ ਚਮਕਦੇ ਉਭਰਦੇ ਭਾਰਤ ਦੀ ਤਸਵੀਰ ਵਿਸ਼ਵੀ ਮੰਚ 'ਤੇ ਪੇਸ਼ ਕੀਤੀ ਜਾਦੀ ਹੈ। ਉਹ ਗਰੀਬ ਅਫਰੀਕੀ ਦੇਸ਼ਾਂ ਦੇ ਸਾਹਮਣੇ ਵੀ ਨਹੀਂ ਟਿਕਦੀ। ਤਾਂ ਹੀ ਸੱਤਾ ਬਦਲੀ (1947) ਦੇ ਛੇ ਦਹਾਕਿਆਂ 'ਚ ਸਭ ਤੋਂ ਅਮੀਰ ਤੇ ਸਭ ਤੋਂ ਗਰੀਬ ਵਿਚਕਾਰ ਚੋਣਾਂ ਲੱਖ ਗੁਣਾਂ ਦਾ ਫਰਕ ਹੈ। ਇਸ ਹਾਲਾਤ ਨੂੰ ਵੇਖ ਕੇ ਪੰਦਰਾਂ ਸਾਲ ਪੁਰਾਣੀ ਇਕ ਘਟਨਾ ਯਾਦ ਆਉਂਦੀ ਹੈ। ਜਦ 1995 'ਚ 'ਆਰਥਕ ਸੁਧਾਰਾਂ' ਦੇ ਕੱਟੜ ਪੈਰੋਕਾਰ ਵਿਤ ਮੰਤਰੀ ਪੀ. ਚਿੰਦਾਂਬਰਮ ਨੇ 'ਦ ਵੀਕ' 'ਚ ਕਿਹਾ ਸੀ ਕਿ 'ਭਾਰਤ 'ਚ 90 ਕਰੋੜ ਦੀ ਅਬਾਦੀ ਵਿਚੋਂ 30 ਕਰੋੜ ਨੂੰ ਵਧੀਆ ਕੰਮ, ਵਧੀਆ ਸਕੂਲ ਤੇ ਸੁਖ-ਸੰਤੋਖ ਭਰੀ ਜਿੰਦਗੀ ਹਾਸਿਲ ਹੈ। ਦੂਜੇ 30 ਕਰੋੜ ਨੇ ਅਨੇਕਾਂ ਉਮੀਦਾਂ ਲਾ ਰੱਖੀਆਂ ਹਨ ਪਰ ਉਹਨਾਂ ਨੂੰ ਘਟੀਆ ਕੰਮ, ਘਟੀਆ ਸਕੂਲ ਹੀ ਹਾਸਲ ਹੈ। ਬਾਕੀ 30 ਕਰੋੜ ਨੂੰ ਤਾਂ ਨਾ ਕੋਈ ਕੰਮ ਹਾਸਲ ਹੈ, ਨਾ ਸਕੂਲ। ਇਹਨਾਂ ਨੂੰ ਇਸ ਪ੍ਰਬੰਧ ਤੋਂ ਕੋਈ ਉਮੀਦ ਨਹੀਂ ਹੈ। ਆਰਥਕ ਸੁਧਾਰਾਂ ਨਾਲ ਇਹਨਾਂ ਨੂੰ ਕੋਈ ਫਾਇਦਾ ਨਹੀਂ ਹੋਣ ਵਾਲਾ ਹੈ।" ਇਸ ਬਿਆਨ ਤੋਂ ਸਾਫ ਹੈ ਕਿ ਇਸ ਪ੍ਰਬੰਧ 'ਚ ਆਮ ਆਦਮੀ ਦੇ ਸੁਪਨੇ, ਉਮੀਦਾਂ ਪੂਰੀਆਂ ਨਹੀਂ ਹੋ ਸਕਦੀਆਂ। ਇਸ ਲਈ ਸਾਨੂੰ ਵਿਵਸਥਾ ਤਬਦੀਲੀ ਦੇ ਸੰਘਰਸ਼ 'ਚ ਜੀ ਜਾਨ ਨਾਲ ਕਰਾਣਾ ਹੋਵੇਗਾ। ਤਾਂ ਹੀ ਸਾਡੀ ਸਭ ਦੀ ਅਤੇ ਸਾਡੀ ਆਉਣ ਵਾਲੀ ਪੀੜੀ ਦੀ ਜਿੰਦਗੀ ਦੀ ਮੁਕਤੀ ਯਕੀਨੀ ਹੋ ਸਕਦੀ ਹੈ। ਇਹ ਰੀਪੋਟ 'ਵਿਕਾਸ ਪੁਰਸ' ਮਨਮੋਹਨ ਸਿੰਘ-ਚਿੰਦਾਂਬਰਮ-ਮੋਨਟੇਕ ਸਿੰਘ ਦੇ 'ਟ੍ਰਿਕਲ ਡਾਊਨ ਥਿਊਰੀ' ਦੇ ਦਾਅਵੇ ਦੀ ਵੀ ਪੋਲ ਖੋਹਲਦੀ ਹੈ। ਜਿਸ 'ਚ ਕਿਹਾ ਕਿਆ ਸੀ ਕਿ ਜਦ ਸਮਾਜ ਦੇ ਸਿਖਰ ਤੇ ਖੁਸ਼ਹਾਲੀ ਆਵੇਗੀ ਤਾਂ ਇਹ ਖਿਸਕ-ਖਿਸਕ ਕੇ ਹੇਠਾਂ ਤਕ ਪਹੁੰਚ ਜਾਵੇਗੀ। ਪਰ ਹਕੀਕਤ ਇਹਨਾਂ ਦਾਅਵਿਆਂ ਦੇ ਬਿਲਕੁਲ ਉਲਟ ਦਿਸਦੀ ਹੈ। ਅੰਕੜੇ ਬੋਲ ਰਹੇ ਹਨ, ਸੀਸ਼ਾ ਵਿਖਾ ਰਹੇ ਹਨ ਫਿਰ ਵੀ 'ਵਿਕਾਸ' ਦੀ ਰਟ ਲਾਈ ਜਾ ਰਹੀ ਹੈ। ਬਿਨਾਂ ਵਜਾਹ

ਵਧਦੀ ਗਰੀਬੀ ਦਾ ਕਾਰਨ ਆਬਾਦੀ ਵਿਸਫੋਟ ਦਸਿਆ ਜਾਂਦਾ ਹੈ। ਉਹ ਕਹਿੰਦੇ ਹਨ ਵਧਦੀ ਗਰੀਬੀ ਦਾ ਕਾਰਨ ਆਬਾਦੀ ਸਾਧਨਾ ਦੀ ਕਮੀ ਹੋ ਗਈ ਹੈ। ਪਰ ਹਕੀਕਤ ਇਹ ਹੈ ਕਿ ਦੇਸ਼ 'ਚ ਜ਼ਮੀਨ, ਪਾਣੀ ਤੇ ਹੋਰ ਕੁਦਰਤੀ ਖਜਾਨਿਆਂ ਦਾ ਕੋਈ ਕਮੀ ਨਹੀਂ ਹੈ। ਪਰ ਕਾਣੀ ਵੰਡ ਹੈ। ਅਜਿਹੀ ਵੰਡ ਪ੍ਰਣਾਲੀ ਦੀ ਲੋੜ ਹੈ ਜੋ ਬਰਾਬਰ ਵੰਡ ਕਰੇ।

✪✪✪